ਗੁਰਮਤਿ ਵਿਚਾਰਧਾਰਾ

ਭਗਤ ਸਿੰਘ ਹੀਰਾ

DONATION
DONATION
ਨੈਸ਼ਨਲ

ਨੈਸ਼ਨਲ ਬੁਕ ਸ਼ਾਪ, ਦਿਲੀ

DONATION

पुस्तकालय
47
पुस्तकालय
गुरुकुल कांगड़ी विश्वविद्यालय

ਗੁਰਮੱਤ ਵਿਚਾਰਧਾਰਾ

ੴ ਸਤਿਗੁਰ ਪ੍ਰਸਾਦਿ ॥

पुस्तकालय
पुस्तकालय
गुरुकुल कांगड़ी विश्वविद्यालय

ਗੁਰਮੱਤ ਵਿਚਾਰਧਾਰਾ

DONATION
7779
DONATION

ਭਗਤ ਸਿੰਘ ਹੀਰਾ

Forwarded with compliments from
the Department of Education,
Govt. of India

ਨੈਸ਼ਨਲ

ਨੈਸ਼ਨਲ ਬੁਕ ਸ਼ਾਪ
32-ਬੀ, ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-11000
ਮੁਲ 150 ਰੁਪਏ

Gurmat Vichardhara
By Bhagat Singh Hira

Published by :
NATIONAL BOOK SHOP
32-B, Pleasure Garden Market,
Chandni Chowk, Delhi-110006 Tele 3278392

1991

ISBN 81—7116-089-1

ਨੇਸ਼ਨਲ ਬੁਕ ਸ਼ਾਪ ਦਿੱਲੀ ਨੇ ਏਵਨ ਆਫਸੇਟ ਪ੍ਰਿੰਟਰਸ, ਗਲੀ ਗਾਜਾਨ, ਕੂਚਾ
ਚੇਲਾਨ, ਦਰਿਆ ਗੰਜ ਨਵੀਂ ਦਿੱਲੀ-110002 ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤੀ।

पुस्तकालय
गुरुकुल कांगड़ी विश्वविद्यालय

ਸਮਰਪਣ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪੰਜ ਸੌਵੇਂ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਆਪਣੇ ਪ੍ਰਮ ਮਿਤਰ ਗਿ: ਸੰਤ ਸਿੰਘ ਮਸਕੀਨ ਜੀ ਨੂੰ, ਜਿਨ੍ਹਾਂ ਦੇ ਅਤਿ ਸਨੇਹੀ ਸੁਭਾ ਨੇ ਮੈਨੂੰ ਗੁਰਬਾਣੀ-ਵਿਚਾਰ ਵਲ ਆਕਰਖਤ ਕੀਤਾ ਤੇ ਪ੍ਰੇਰਕ ਬਣ ਕੇ ਕਲਮ ਚੁਕਣ ਦੀ ਉਤੇਜਨਾ ਦਿਤੀ।

DONATION

ਲੇਖ ਸੂਚੀ

ਗੁਰਮੱਤ ਦਾ ਪਿਛੋਕੜ ੧੧
ਨਯਾਇ ਅਤੇ ਵਸ਼ੇਸ਼ਕ ਦਰਸ਼ਨ ਤੇ ਗੁਰਮਤ ੨੧
ਸਾਂਖ ਦਰਸ਼ਨ ਤੇ ਗੁਰਮੱਤ ੩੪
ਯੋਗ ਦਰਸ਼ਨ ਤੇ ਗੁਰਮੱਤ ੪੨
ਪੂਰਵ ਮਿਮਾਨਸਾ ਦਰਸ਼ਨ ਤੇ ਗੁਰਮੱਤ ੫੨
ਵੇਦਾਂਤ ਸ਼ਾਸਤ੍ਰ ੫੮
ਗੁਰਮੱਤ ਅਨੁਸਾਰ ਬ੍ਰਹਮ ੮੨
ਗੁਰਮੱਤ ਅਨੁਸਾਰ ਜੀਵ ਆਤਮਾ ੧੦੪

ਭਾਗ ਦੂਜਾ

ਜੈਨ ਮੱਤ ਤੇ ਗੁਰਮੱਤ ੧੨੧
ਬੁਧ ਮੱਤ ਤੇ ਗੁਰਮੱਤ ੧੩੬

ਭਾਗ ਤੀਜਾ

ਗੀਤਾ ਮੱਤ ਤੇ ਗੁਰਮੱਤ ੧੬੧
ਵੈਸ਼ਨੋ ਮੱਤ ਤੇ ਗੁਰਮੱਤ ੧੮੧
ਸੈਵਯ ਮੱਤ ਤੇ ਗੁਰਮੱਤ ੨੦੯
ਗੋਰਖ ਮੱਤ ਤੇ ਗੁਰਮੱਤ ੨੧੪

ਭਾਗ ਚੌਥਾ

ਜ਼ਰਤੁਸ਼ੀ ਮੱਤ ਤੇ ਗੁਰਮੱਤ ੨੩੯
ਯਹੂਦੀ ਮੱਤ ਤੇ ਗੁਰਮੱਤ ੨੪੪
ਈਸਾਈ ਮੱਤ ਤੇ ਗੁਰਮੱਤ ੨੫੩

ਇਸਲਾਮ ਤੇ ਗੁਰਮੱਤ ੨੮੭
ਇਸਲਾਮ ਦੇ ਅਸੂਲ ਤੇ ਸਿਧਾਂਤ ੩੧੨
ਸੂਫੀ ਮੱਤ ਤੇ ਗੁਰਮੱਤ ੩੪੩

ਭਾਗ ਪੰਜਵਾਂ

ਰਾਧਾ ਸੁਆਮੀ ਮਤ ੩੮੯
ਬ੍ਰਹਮੂ ਸਮਾਜ ੪੨੮
ਆਰੀਆ ਸਮਾਜ ੪੩੪
ਰਾਮਾ ਕ੍ਰਿਸ਼ਨਾ ਮਿਸ਼ਨ ੪੪੦
ਦੇਵ ਸਮਾਜ ੪੫੦

ਭਾਗ ਛੇਵਾਂ

ਨਾਮ ੪੫੫
ਹੁਕਮ ੪੭੯
ਹਉਮੈ ੪੯੧
ਕਰਮ ੫੦੩

ਕੁਝ ਆਪਣੇ ਵਲੋਂ

ਮਾਤਾ ਪਿਤਾ ਦਾ ਗੁਰਮਤ ਵਲ ਝੁਕਾ ਤੇ ਪਿਤਾ ਜੀ ਦਾ ਖੋਜੀ ਸੁਭਾ ਸਭ ਤੋਂ ਵਡਾ ਪ੍ਰੇਰਕ ਸੀ ਮੈਨੂੰ ਬਚਪਨ ਵਿਚ ਹੀ ਗੁਰਮਤ ਸਾਹਿਤ ਨੂੰ ਪੜਨ ਵਲ ਲਾਣ ਦਾ। ਬਾਲ ਵਰੇਸ ਵਿਚ ਪਿਤਾ ਜੀ ਨੂੰ ਕਈ ਵਿਦਵਾਨਾਂ ਨਾਲ ਜਦ ਮੈਂ ਵਿਚਾਰ ਵਟਾਂਦਰਾ ਕਰਦਿਆਂ ਸੁਣਦਾ ਸਾਂ, ਤਾਂ ਕਈ ਗਲਾਂ ਅਚੇਤ ਹੀ ਮਨ ਵਿਚ ਅਜਿਹੀਆਂ ਉਲੀਕੀਆਂ ਜਾਂਦੀਆਂ ਸਨ ਜੋ ਸ਼ਾਇਦ ਕਿਤਾਬਾਂ ਪੜ੍ਹਨ ਤੇ ਵੀ ਨਾ ਸਮਝੇ ਪੈਂਦੀਆਂ। ਦਸਵੀਂ ਪਾਸ ਕਰਨ ਤੋਂ ਪਹਿਲਾਂ ਹੀ ਮੈਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਰਚਿਆ ਉਸ ਸਮੇਂ ਤਕ ਦਾ ਸਾਰਾ ਗੁਰਮਤ ਸਾਹਿਤ ਪੜ੍ਹ ਲਿਆ ਸੀ।

੧੯੧੯ ਵਿਚ ਜਦ ਅਜੇ ਸਤਵੀਂ ਵਿਚ ਹੀ ਪੜ੍ਹਦਾ ਸਾਂ, ਮੈਂ ਆਪਣੀ ਪਹਿਲੀ ਕਵਿਤਾ ਲਿਖੀ ਤੇ ਫੇਰ ਆਹਿਸਤਾ ਆਹਿਸਤਾ ਸਟੇਜ ਤੇ ਵੀ ਆਵਣ ਲਗ ਪਿਆ। ੧੯੩੫ ਤਕ ਮੈਂ ਆਪਣੇ ਇਲਾਕੇ ਵਿਚ ਚੰਗੇ ਕਵੀਆਂ ਵਿਚ ਗਿਣਿਆ ਜਾਣ ਲਗ ਪਿਆ। ਹੁਣ ਮੈਂ ਲਿਖਾਰੀਆਂ ਵਿਚ ਵੀ ਪੈਰ ਧਰਨੇ ਸ਼ੁਰੂ ਕਰ ਦਿਤੇ। ਕਦੇ ਕਦੇ ਸਟੇਜ ਤੇ ਵੀ ਆਵਣ ਲਗ ਪਿਆ ਤੇ ਫੇਰ ਇਕ ਪ੍ਰਚਾਰਕ ਵੀ ਬਣ ਬੈਠਾ। ਕੋਈ ਉਰਦੂ, ਕੋਈ ਫਾਰਸੀ ਦਾ ਸ਼ਿਅਰ ਯਾਦ ਕਰਕੇ ਆਪਣੇ ਲੈਕਚਰਾਂ ਨੂੰ ਸ਼ਿੰਗਾਰਨ ਦਾ ਵਲ, ਮੈਂ ਸਮੇਂ ਦੇ ਪ੍ਰਚਾਰਕਾਂ ਪਾਸੋਂ ਛੇਤੀ ਹੀ ਸਿਖ ਲਿਆ ਤੇ ਥੋੜੇ ਚਿਰ ਵਿਚ ਹੀ ਇਕ ਚੰਗਾ ਬੁਲਾਰਾ ਗਿਣਿਆ ਜਾਣ ਲਗ ਪਿਆ। ੧੯੩੯ ਵਿਚ ਮੈਂ ਫੌਜ ਦੇ ਸਪਲਾਈ ਦੇ ਮਹਿਕਮੇ ਵਿਚ ਭਰਤੀ ਹੋ ਗਿਆ ਤੇ ਫੇਰ ਲੰਕਾ ਭੇਜ ਦਿਤਾ ਗਿਆ, ਜਿਥੇ ਮੈਂ ਪੰਜ ਛੇ ਵਰ੍ਹੇ ਕਟੇ। ਗੁਰਪੁਰਬਾਂ ਸਮੇਂ ਮੈਨੂੰ ਫੌਜੀ ਸੰਗਤਾਂ ਵਿਚ ਬੋਲਣ ਦਾ ਐਸਰ ਮਿਲ ਜਾਂਦਾ ਸੀ। ਬੋਲਣ ਦਾ ਢੰਗ ਤਾਂ ਹੈ ਹੀ ਸ਼ੀ ਇਸ ਲਈ ਫੌਜੀ ਵਡੇ ਤੋਂ ਵਡਾ ਅਫਸਰ ਵੀ ਮੇਰਾ ਸਤਿਕਾਰ ਕਰਨ ਲਗ ਪਿਆ। ਤੇ ਆਖਰ ਇਸ ਬੋਲਣ ਦੇ ਸ਼ੌਕ ਨੇ ਹੀ ਮੈਨੂੰ ਫੌਜੀ ਨੌਕਰੀ ਤੋਂ ਮੁਤਨਫਰ ਕਰ ਦਿਤਾ ਤੇ ੧੦ ਜੂਨ ੧੯੫੧ ਨੂੰ ਮੈਂ

ਆਪਣਾ ਅਸਰ ਰਸੂਖ ਵਰਤਕੇ ਇਸ ਤੋਂ ਛੁਟਕਾਰਾ ਪਾ ਲਿਆ।

੧੯੫੧ ਤੋਂ ੧੯੫੭ ਤਕ ਮੈਂ ਕਾਫੀ ਸਮਾਂ ਗੁਰਮਤ ਦੀ ਖੋਜ ਵਲ ਦਿਤਾ। ਤੇ ੧੯੫੭ ਵਿਚ ਫਿਰ ਪ੍ਰਚਾਰ ਦੌਰੇ ਅਰੰਭ ਦਿਤੇ। ਹਲਦਵਾਨੀ ਮੈਨੂੰ ਗਿਆਨੀ ਸੰਤ ਸਿੰਘ ਮਸਕੀਨ ਜੀ ਮਿਲੇ। ਉਨ੍ਹਾਂ ਮੇਰੇ ਕੁਝ ਲੈਕਚਰ ਸੁਣੇ, ਪ੍ਰਸੰਸਾ ਵੀ ਕੀਤੀ, ਪਰ ਨਾਲ ਹੀ ਪ੍ਰੇਰਨਾ ਵੀ ਕੀਤੀ ਕਿ ਮੈਂ ਆਪਣੇ ਲੈਕਚਰਾਂ ਨੂੰ ਗੁਰਬਾਣੀ ਦੇ ਸਿਧਾਤਾਂ ਅਨੁਸਾਰ ਢਾਲਾਂ।

ਇਸ ਪ੍ਰੇਰਨਾ ਨੇ ਮੈਨੂੰ ਗੁਰਬਾਣੀ ਕੰਠ ਕਰਨ ਦੀ ਚੇਟਕ ਲਾ ਦਿਤੀ। ਮੈਂ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦੀ ਗੁਰਮਤ ਨਿਰਣੈ ਪੜ੍ਹੀ। ਪੜ੍ਹਨ ਮਗਰੋਂ ਮੈਨੂੰ ਇਵੇਂ ਭਾਸਿਆ ਕਿ ਜੋ ਕੁਝ ਮੈਂ ਜਾਣਦਾ ਹਾਂ ਜਾਂ ਜੋ ਕੁਝ ਮੈਂ ਆਪਣੇ ਲੈਕਚਰਾਂ ਵਿਚ ਬਿਆਨਦਾ ਹਾਂ, ੯੦ ਪ੍ਰਤੀਸ਼ਤ ਗੁਰਮਤ ਦੇ ਅਨਕੂਲ ਨਹੀਂ। ਹੁਣ ਮੈਨੂੰ ਸੋਝੀ ਹੋਈ ਜੋ ਗੁਰਮਤ ਪ੍ਰਚਾਰਨ ਲਈ ਕੇਵਲ ਬਲਾਰਾ ਹੋਣਾ ਹੀ ਕਾਫੀ ਨਹੀਂ ਗੁਰਮਤ ਦੀ ਖੋਜ ਵੀ ਜ਼ਰੂਰੀ ਹੈ।

ਇਸ ਤੋਂ ਬਾਹਦ ਮੈਂ ਗੁਰਮਤ ਵਿਚਾਰਧਾਰਾ ਅਨੁਸਾਰ ਆਪਣੇ ਲੈਕਚਰ ਘੜਨੇ ਸ਼ੁਰੂ ਕੀਤੇ। ਗੁਰਮਤ ਉਤੇ ਲਿਖੀਆਂ ਨਵੀਆਂ ਪੁਰਾਣੀਆਂ ਕਈ ਸੈਂਕੜੇ ਪੁਸਤਕਾਂ ਦਾ ਮੁਤਾਲਿਆ ਵੀ ਕੀਤਾ। ਦੂਜੇ ਮਤਾਂ ਦੀ ਸਿਧਾਂਤਕ ਵਿਚਾਰ ਵੀ ਕੀਤੀ। ਸੰਗਤਾਂ ਨੇ ਹੁਣ ਜਦੋਂ ਮੇਰੀ ਇਸ ਤਬਦੀਲੀ ਨੂੰ ਸਲਾਹਿਆ ਤਾਂ ਮੇਰਾ ਉਤਸ਼ਾਹ ਹੋਰ ਵੀ ਵਧਿਆ। ਮੈਂ ਵੇਖਿਆ ਇਸ ਲੋਕ ਪ੍ਰਸੰਸਾਂ ਨੇ ਮੇਰੇ ਸੁਭਾ ਨੂੰ ਕਾਫੀ ਪਲਟਾ ਦੇ ਦਿਤਾ ਹੈ। ਗੁਰਬਾਣੀ ਦਾ ਪਿਆਰ ਤੇ ਸਤਿਕਾਰ ਦਿਨੋ ਦਿਨ ਵਧਦਾ ਗਿਆ ਤੇ ਇਸ ਪਿਆਰ ਨੇ ਮੇਰੇ ਜੀਵਨ ਵਿਚ ਵੀ ਕਾਫੀ ਤਬਦੀਲੀ ਲੈ ਆਂਦੀ।

ਜਿਉਂ ਜਿਉਂ ਵਿਚਾਰਾਂ ਵਿਚ ਸੁਧਾਰ ਹੁੰਦਾ ਗਿਆ, ਤਿਉਂ ਤਿਉਂ ਹੀ ਮੇਰੇ ਲੈਕਚਰਾਂ ਵਿਚ ਗੁਰਮਤ ਦਾ ਨਿਖ਼ਾਰ ਹੁੰਦਾ ਗਿਆ ਤੇ ਆਖਰ ਗੁਰਮਤ ਪਿਆਰਿਆਂ ਨੇ ਮੈਨੂੰ ਇਨ੍ਹਾਂ ਵਿਚਾਰਾਂ ਨੂੰ ਕਲਮ-ਬੰਦ ਕਰਨ ਲਈ ਪ੍ਰੇਰਿਆ ਤੇ ਉਹੀਉ ਪ੍ਰੇਰਨਾ ਸਾਕਾਰ ਹੋ ਕੇ ਅਜ ਇਸ ਪੁਸਤਕ ਦਾ ਰੂਪ ਧਾਰਨ ਕਰ ਚੁਕੀ ਹੈ।

ਗੁਰਮਤ ਦਾ ਵਿਸ਼ਾ ਤਾਂ ਅਥਾਹ ਹੈ ਇਸ ਨੂੰ ਇਸ ਕਿਤਾਬ ਤਕ ਸੀਮਤ ਨਹੀਂ ਕੀਤਾ ਜਾ ਸਕਦਾ। ਮੇਰੇ ਅਨੁਭਵ ਨੇ ਮੈਨੂੰ ਜਿਥੇ ਤਕ ਅਪੜਾਇਆ ਹੈ ਉਸਦਾ ਕੁਝ ਕੁ ਹਿਸਾ ਹੀ ਮੈਂ ਇਸ ਵਿਚ ਬਿਆਨ ਕਰ ਸਕਿਆ ਹਾਂ। ਮੈਂ ਇਹ ਵੀ ਅਨੁਭਵ ਕਰਦਾ ਹਾਂ ਕਿ ਮੇਰਾ ਇਹ ਉਦਮ ਅਜੇ ਗੁਰਮਤ ਨੂੰ ਵਿਸ਼ਥਾਰਨ ਵਿਚ ਬਹੁਤ ਊਣਾ ਹੈ। ਮੈਂ ਇਸ ਕਿਤਾਬ ਦੇ ਅੰਤ ਵਿਚ ਕੋਈ ਬਿਬਲੋਗ੍ਰਾਫੀ ਨਹੀਂ ਦਿਤੀ ਕਿਉਂਕਿ ਮੈਨੂੰ ਯਾਦ ਹੀ ਨਹੀਂ ਕਿ ਕਿਹੜੀ ਕਿਹੜੀ ਕਿਤਾਬ ਮੈਂ ਪੜ੍ਹੀ ਹੈ ਤੇ ਉਸ ਵਿਚੋਂ ਮੈਂ ਕਿਹੜਾ ਕਿਹੜਾ ਅਸਰ ਕਬੂਲਿਆ ਹੈ। ਬਚਪਨ ਤੋਂ ਲੈ ਕੇ

ਹੁਣ ਸਠ ਬਾਹਠ ਸਾਲ ਦੀ ਉਮਰ ਤਕ, ਜੋ ਕੁਝ ਮੈਂ ਸੁਣਿਆ, ਪੜ੍ਹਿਆ ਜਾਂ ਵਿਚਾਰਿਆ ਸੰਸਕਾਰ ਬਣਕੇ ਮੇਰੇ ਮਨ ਦੇ ਅਚੇਤ ਭਾਗ ਵਿਚ ਬੈਠਦੇ ਰਹੇ ਤੇ ਕਲਮ ਜਿੰਨੇ ਕੁਝ ਇਸ ਪੁਸਤਕ ਵਿਚ ਉਘਾੜ ਸਕੀ ਉਘੜ ਪਏ। ਇਸ ਲਈ ਮੈਂ ਉਨ੍ਹਾਂ ਸਾਰਿਆਂ ਹੀ ਵਿਚਾਰਵਾਨਾਂ ਦਾ ਹਾਰਦਿਕ ਧੰਨਵਾਦਿ ਕਰਦਾ ਹਾਂ ਜਿਨ੍ਹਾਂ ਦਾ ਲਿਖਿਆ ਬੋਲਿਆ ਮੇਰੇ ਮਨ ਤੇ ਆਪਣਾ ਪ੍ਰਭਾਵ ਉਲੀਕ ਗਿਆ।

ਇਸ ਕਿਤਾਬ ਦੇ ਲਿਖਣ ਦੀ ਬਹੁਤੀ ਪ੍ਰੇਰਨਾ ਮੈਨੂੰ ਪ੍ਰਿੰਸੀਪਲ ਸਤਬੀਰ ਸਿੰਘ ਜੀ ਤੋਂ ਮਿਲਦੀ ਰਹੀ ਹੈ, ਜੋ ਸਦਾ ਮੈਨੂੰ ਕੁਝ ਨ ਕੁਝ ਲਿਖਣ ਲਈ ਟੁੰਬਦੇ ਰਹੇ ਹਨ। ਮੈਨੂੰ ਇਸ ਗਲ ਦਾ ਵੀ ਮਾਣ ਹੈ ਕਿ ਉਨ੍ਹਾਂ ਇਸ ਕਿਤਾਬ ਦੀ ਭੂਮਕਾ ਵੀ ਲਿਖਣ ਦੀ ਕ੍ਰਿਪਾ ਕੀਤੀ ਹੈ। ਪ੍ਰਿੰਸੀਪਲ ਸਾਹਿਬ ਦਾ ਮੈਂ ਦਿਲੋਂ ਧੰਨਵਾਦਿ ਕਰਦਾ ਹਾਂ, ਪਰ ਮੈਂ ਸਮਝਦਾ ਹਾਂ ਕਿ ਦਿਲ ਵਿਚੋਂ ਨਿਕਲਿਆ ਧੰਨਵਾਦਿ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ।

ਸ੍ਰ: ਪਿਆਰਾ ਸਿੰਘ ਜੀ ਦਾਤਾ ਮੇਰੇ ਬਚਪਨ ਦੇ ਸਾਥੀ ਹਨ। ਮੈਨੂੰ ਇਹ ਵੀ ਖੁਸ਼ੀ ਹੈ ਕਿ ਇਹ ਪੁਸਤਕ ਉਨ੍ਹਾਂ ਦੇ ਪ੍ਰੈਸ ਵਿਚ ਛਪੀ ਹੈ ਤੇ ਉਨ੍ਹਾਂ ਇਸ ਦੀ ਵਿਸ਼ੇਸ਼ ਨਿਗਰਾਨੀ ਕੀਤੀ ਹੈ। ਮੈਂ ਆਪਦਾ, ਇਸ ਦਿਲਚਸਪੀ ਲਈ ਬੜਾ ਕ੍ਰਿਤੱਗਯ ਹਾਂ।

ਮੈਂ ਇਸ ਪੁਸਤਕ ਦੀ ਪਰੂਫ ਰੀਡਿੰਗ ਆਪ ਨਹੀਂ ਕਰ ਸਕਿਆ, ਇਸ ਵਿਚ ਕਈ ਇਕ ਅਸ਼ੁਧੀਆਂ ਵੀ ਰਹਿ ਗਈਆਂ ਹਨ। ਜਿਸ ਲਈ ਮੈਂ ਆਪਣੇ ਪਿਆਰੇ ਪਾਠਕਾਂ ਪਾਸੋਂ ਖਿਮਾਂ ਦਾ ਯਾਚਕ ਹਾਂ। ਅਗਲੀ ਐਡੀਸ਼ਨ ਵਿਚ ਸੁਧਾਈ ਦਾ ਖਾਸ ਖਿਆਲ ਰਖਿਆ ਜਾਵੇਗਾ।

ਦਾਸ–
ਭਗਤ ਸਿੰਘ ਹੀਰਾ

੨੨/੨੧-ਬੀ, ਤਿਲਕ ਨਗਰ,
ਨਵੀਂ ਦਿਲੀ–੧੮

ਚਾਰ ਸ਼ਬਦ

ਗੁਰਮਤ ਨੂੰ ਜਾਨਣ ਦੀ ਇੱਛਾ ਉਸੇ ਸਮੇਂ ਤੋਂ ਹੀ ਪਰਬਲ ਹੋ ਗਈ ਜਦ ਗੁਰੂ ਨਾਨਕ ਦੇਵ ਜੀ ਦੇ ਦੋਹੀ ਚਾਰੇ ਪਾਸੇ ਉਹਨਾਂ ਦੇ ਜੀਵਨ ਕਾਲ ਵਿਚ ਹੀ ਫਿਰ ਗਈ। ਸਿਧਾਂ ਨੇ ਤਾਂ ਪਹਿਲਾਂ ਸਵਾਲ ਹੀ ਇਹ ਕੀਤਾ ਸੀ 'ਕੌਨ ਤੁਮੇ, ਕਿਆ ਨਾਮ ਤੁਮਾਰਾ ਕੌਨ ਮਾਰਗ ਕੌਨ ਸੁਆਉ।' ਗੁਰੂ ਨਾਨਕ ਦੇਵ ਜੀ ਨੇ ਆਪਣੇ ਗੁਰਮਤ ਵਿਚਾਰ-ਧਾਰਾ ਦੀ ਵਿਆਖਿਆ ਕਰਦੇ ਕਿਹਾ ਸੀ।

'ਸਾਚ ਕਹਉ ਅਰਦਾਸ ਹਮਾਰੀ ਹਉ ਸੰਤ ਜਨ ਬਲ ਜਾਉ।' ਉਹਨਾਂ ਦਾ ਕਹਿਣਾ ਸੀ ਕਿ ਮੇਰਾ ਕੋਈ ਨਾਂ ਨਹੀਂ, ਨਾਂ ਹੀ ਹਉ ਨੂੰ ਪ੍ਰਚਾਰਨਾ ਹੈ। ਸਚ ਦਾ ਹੋਕਾ ਮੈਂ ਦੇ ਕੇ ਨਿਮ੍ਰਤਾ ਦਾ ਮਾਰਗ ਬਣਾਇਆ ਹੈ। 'ਸ਼ੁਭ ਕਰਮਨ ਤੇ ਕਬਹੁ ਨ ਟਰੋਂ'' ਅਤੇ ਸੰਤ ਜਨਾਂ ਤੋਂ ਕੁਰਬਾਨ ਹੋ ਜਾਣਾ ਹੀ ਮੇਰਾ ਮੁਖ ਮੰਤਵ ਹੈ। ਇਸੇ ਵਿਚਾਰ-ਧਾਰਾ ਦੀ ਵਿਆਖਿਆ ਦਸੇ ਗੁਰੂ ਸਾਹਿਬ ਕਰਦੇ ਰਹੇ। ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਜਦ ਕਿਸੇ ਨੇ ਪੁਛਿਆ ਕਿ ਸਿਖੀ ਦਾ ਮੂਲ ਕੀ ਹੈ? ਟਹਣੀਆਂ ਕੀ ਹਨ? ਫੁਲ ਕੀ ਹੈ? ਫਲ ਕੀ ਪੈਂਦਾ ਹੈ। ਤਾਂ ਮਹਾਰਾਜ ਨੇ ਉਤਰ ਵਜੋਂ ਫੁਰਮਾਇਆ ਸਿਖੀ ਦਾ ਮੂਲ ਨਿਮਰਤਾ ਹੈ, ਟਹਿਣੀਆਂ ਟਹਿਲ ਸੇਵਾ, ਫੁਲ ਸ਼ਬਦ ਦੀ ਵਿਚਾਰ ਅਤੇ ਫਲ ਪੈਂਦੇ ਹਨ, ਸਰੀਰ ਦਾ ਖਿਆਲ ਹਟ ਜਾਂਦਾ ਹੈ। ਉਂਝ ਇਕ ਇਹ ਵੀ ਵਿਚਾਰ ਦਿਤੀ ਜਾਂਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਉਹਨਾਂ ਸਭ ਪੱਖਾਂ ਨੂੰ ਛੁਹਿਆ ਜਿਨ੍ਹਾਂ ਬਾਰੇ ਦਰਸ਼ਨ ਕੁਝ ਨਾ ਕੁਝ ਕਹਿਣ ਬਾਰੇ ਉਤਾਵਲਾ ਹੈ। ਆਪ ਜੀ ਨੇ ਜਦ ੧ ਓ ਲਿਖਿਆ ਤੇ ਇਤਿਆਤ ਵਜੋਂ ਹਿੰਦਸੇ ਵਾਲਾ ੧ ਪਾਇਆ ਤਾਂ ਉਹਨਾਂ ਦਾ ਖਿਆਲ ਸੀ ਕਿ ਉਹ ਐਸਾ 'ਇਕ' ਹੈ ਜਿਸ ਨੂੰ ਨਾ ਕੋਈ ਤਕਸੀਮ ਕਰੇ ਨਾ ਕੋਈ ਤਫਰੀਕ ਕਰ ਸਕੇ ਨਾ ਕੋਈ ਤੋੜ ਅਤੇ ਨਾ ਕੋਈ ਫੋੜ ਸਕੇ। ਸਾਰੀਆਂ ਵਿਦਿਆ ਤੇ ਫਿਲਾਸਫੀਆਂ ਦਾ ਉਹ ਹੀ ਕੇਂਦਰ ਹੈ। ਫਿਰ ਸਤਿਨਾਮ ਲਿਖ ਕੇ ਉਹਨਾਂ ਨੇ ਗੁਰਮਤ ਵੀਚਾਰ-ਧਾਰਾ ਦੀ ਦੂਜੀ ਪੌੜੀ ਨੂੰ ਦਰਸਾ ਦਿਤਾ। ਜਦ ਉਹਨਾਂ ਨੇ ਕਰਤਾ ਪੁਰਖ ਲਿਖਿਆ ਤਾਂ ਉਹ ਸ੍ਰਿਸ਼ਟੀ ਦੀ ਸਾਜਨਾ ਬਾਰੇ ਆਪਣਾ ਮੂਲ ਸਿਧਾਂਤ ਦੇ ਰਹੇ ਸਨ ਕਿ ਵਾਹਿਗੁਰੂ ਢਾਹੂ ਪੁਰਖ ਨਹੀਂ ਕਰਤਾ ਹੈ। ਗੁਰਮਤ ਵੀ ਉਸਾਰੂ ਹੈ ਢਾਹੂ ਨਹੀਂ। ਫਿਰ ਜਦ ਉਹਨਾਂ ਨੇ ਨਿਰਭਉ ਨਿਰਵੈਰ ਲਿਖਿਆ ਤਾਂ ਉਹਨਾਂ

ਦਾ ਵਿਚਾਰ ਸੀ ਐਸਾ ਸਮਾਜ ਹੋਵੇ, ਜਿਸ ਵਿਚ ਨਾ ਕੋਈ ਡਰੇ ਤੇ ਨਾ ਕੋਈ ਡਰਾਏ। ਫਿਰ ਜਦ ਅਕਾਲ ਮੂਰਤ ਪਾਇਆ ਤਾਂ ਉਹ ਖੂਬਸੂਰਤੀ ਦਾ ਨਕਸ਼ਾ ਖਿਚ ਰਹੇ ਸਨ। ਖੂਬਸੂਰਤੀ ਸ਼ਰੀਰ ਵਿਚ ਨਹੀਂ ਆਤਮਾ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੀ ਗੁਰਮਤ ਵਿਚਾਰ-ਧਾਰਾ ਦੀ ਵਿਆਖਿਆ ਹੈ। ਸਰਬ ਕਾਲ ਸਰਬ ਠਉਰ ਇਕ ਹੀ ਲਗਤ ਹੈ। ਫਿਰ ਜਦ ਉਹਨਾਂ ਨੇ ਅਜੂੰਨੀ ਸੈਭੰ। ਲਿਖਿਆ ਤਾਂ ਇਸ ਦਾ ਭਾਵ ਸੀ ਹਰ ਪਖੋਂ ਸੁੰਤਤਰਤਾ ਚਾਹੀਦੀ ਹੈ। ਅਤੇ ਜਦ ਗੁਰ ਪ੍ਰਸਾਦਿ ਲਿਖਿਆ ਤਾਂ ਉਹ ਚਾਹੁੰਦੇ ਸਨ ਗੁਰਮਤ ਦੇ ਹਰ ਕਰਮ ਵਿਚ ਪ੍ਰਸਾਦਿ ਲਿਖਿਆ, ਦੇਣਾ ਹੋਵੇ ਲੈਣਾ ਨਹੀਂ। ਗੁਰਮਤ ਵਿਚਾਰ-ਧਾਰਾ ਨੂੰ ਸਮਝਣ ਦੀ ਸਖ਼ਤ ਲੋੜ ਭਾਸਦੀ ਰਹੀ। ਗੁਰਮਤ ਵਿਚਾਰ-ਧਾਰਾ ਤੇ ਕੋਈ ਵੀ ਨਿਰਨਾ ਜਨਕ ਪੁਸਤਕ ਅਜ ਤਕ ਸਾਡੇ ਸਾਹਮਣੇ ਨਹੀਂ ਆਈ।

ਪਹਿਲਾ ਉਦਮ ਡਾਕਟਰ ਸ਼ੇਰ ਸਿੰਘ ਨੇ ਕੀਤਾ ਪਰ ਉਹਨਾਂ ਦਾ ਬਹੁਤ ਝੁਕਾਉ ਨਵੀਂ ਪੱਛਮੀ ਵਿਦਿਆ ਵਲ ਸੀ। ਇਸ ਕਰਕੇ ਪੁਰਾਤਨਤਾ ਦੀਆਂ ਜੜ੍ਹਾਂ ਮਜ਼ਬੂਤ ਨਾ ਹੋਣ ਕਰਕੇ ਵਿਚਾਰ-ਧਾਰਾ ਸਮੇਂ ਦਾ ਥਪੇੜ ਸਹਾਰ ਨ ਸਕੀ। ਫਿਰ ਸਫਲ ਯਤਨ ਭਾਈ ਜੋਧ ਸਿੰਘ ਨੇ ਗੁਰਮਤ ਨਿਰਨਯ ਲਿਖ ਕੇ ਕੀਤਾ। ਇਹ ਪੁਸਤਕ ਆਪਣੇ ਆਪ ਵਿਚ ਸੰਪੂਰਨ ਪੁਸਤਕ ਸੀ ਪਰ ਲੋੜ ਸੀ ਕਿ ਆਪ ਸਮਝ ਦੇ ਲੋਕਾਂ ਲਈ ਫਿਲਾਸਫੀ ਨੂੰ ਲਿਖਿਆ ਜਾਏ। ਇਸ ਤਰ੍ਹਾਂ ਮੈਂ ਆਪੂੰ ਯਤਨ ਕਰਵਾ ਕੇ ਸਿਖ ਵਿਚਾਰ-ਧਾਰਾ ਨਾਂ ਦੀ ਇਕ ਪੁਸਤਕ ਆਪਣੇ ਇਕ ਮਿਤਰ ਸਾਥੀ ਪ੍ਰੀਤਮ ਸਿੰਘ ਕੋਲੋਂ ਲਿਖਾਈ। ਉਹਨਾਂ ਵੀ ਜ਼ਿਆਦਾ ਜ਼ੋਰ ਪੱਛਮੀ ਵਿਦਿਆ ਤੇ ਹੀ ਦਿਤਾ। ਅਜ ਮੈਨੂੰ ਇਹ ਕਹਿਣ ਵਿਚ ਖੁਸ਼ੀ ਹੁੰਦੀ ਹੈ ਕਿ ਗਿਆਨੀ ਭਗਤ ਸਿੰਘ ਜੀ ਹੋਰਾ ਨੇ ਜੋ ਪੁਸਤਕ ਲਿਖੀ ਹੈ। ਉਸ ਵਿਚ ਪੁਰਾਤਨਤਾ ਤੇ ਨਵੀਂਨਤਾ ਦਾ ਸੰਗਮ ਬਣਾ ਦਿਤਾ ਹੈ। ਪਹਿਲਾਂ ਪੁਸਤਕ ਦੇ ਅਰੰਭ ਵਿਚ ਫਿਰ ਉਹਨਾਂ ਪਿਛੋਕੜ ਦੇ ਕੇ ਸਾਰੇ ਮੂਲ ਸਿਧਾਂਤਾਂ ਸੰਸਾਰ, ਮੁਕਤੀ, ਗਿਆਨ, ਈਸ਼ਵਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਫਿਰ ਹਰ ਵਿਸ਼ੇ ਦਾ ਤੁਲਨ-ਆਤਮਕ ਅਧਿਐਨ ਕਰਕੇ ਗੁਰਮਤ ਦੀ ਵਿਸ਼ੇਸ਼ਤਾ ਦ੍ਰਿੜਾਈ ਚਲੇ ਜਾਂਦੇ ਹਨ। ਉਹ ਵੇਦਾਂਤ ਬਾਰੇ ਲਿਖਦੇ ਹਨ ਕਿ ਜਦ ਵੇਦਾਂਤੀ ਸ਼ਿਖਰ ਨੂੰ ਛੂੰਹਦਾ ਹੈ ਤਾਂ ਆਖਦਾ ਹੈ ਆਹੂੰ, ਬਰਹਸਮੀ, ਤਤਵਹਸਮੀ, ਸੋ ਹੂੰ, ਉਸ ਵਿਚ ਹੰਕਾਰ ਦੀ ਬੂ ਆਉਂਦੀ ਹੈ। ਸਿਖ ਜਦ ਸ਼ਿਖਰ ਨੂੰ ਛੂੰਹਦਾ ਹੈ ਤਾਂ ਉਹ ਸ਼ੁਕਰ ਗਰੀਬੀ ਤੇ ਨਿਮਰਤਾ ਨੂੰ ਹੀ ਆਪਣਾ ਮੁਖ ਅੰਗ ਗਿਣਦਾ ਹੈ। ਮੂਲ ਮੰਤਰ ਦੀ ਵਿਆਖਿਆ ਵੀ ਉਨ੍ਹਾਂ ਨੇ ਬੜੇ ਸੁੰਦਰ ਢੰਗ ਨਾਲ ਕਰਕੇ ਸਿਖੀ ਦੀ ਅੰਤਰ ਆਤਮਾ ਨੂੰ ਸਮਝਾਇਆ ਹੈ। ਗੁਰਮਤ ਦੇ ਮੂਲ, ਸਿਧਾਂਤ ਪ੍ਰਗਟਾਉਣ ਉਪਰੰਤ ਦੂਜੇ ਭਾਗ ਵਿਚ ਆਪ ਜੀ ਨੇ

ਭੁਗਤੀ ਮਤਾਂ ਜੈਨ, ਬੁਧ ਦੀ ਵਿਆਖਿਆ ਕੀਤੀ। ਬੁਧ ਤੇ ਗੁਰਮਤ ਦਾ ਸਬੰਧ ਉਹਨਾਂ ਨੇ ਖੂਬ ਨਿਖੇੜ ਕੇ ਦਸਿਆ। ਇਹ ਸਚ ਹੈ ਜਦ ਗੁਰੂ ਨਾਨਕ ਦੇਵ ਜੀ ਆਏ ਤਾਂ ਬੁਧ ਧਰਮ ਹਿੰਦੁਸਤਾਨ ਵਿਚੋਂ ਅਲੋਪ ਹੋ ਚੁਕਿਆ ਸੀ। ਪਰ ਫਿਰ ਵੀ ਕੁਝ ਨਿਸ਼ਾਨ ਮਿਲਦੇ ਸਨ। ਗਿਆਨੀ ਭਗਤ ਸਿੰਘ ਜੀ ਹੀਰਾ ਨੇ ਦੋਨਾਂ ਦਾ ਸਬੰਧ ਸਿਖ ਤੇ ਸਿੰਘ ਦੇ ਸਿਰਲੇਖ ਹੇਠਾਂ ਖੂਬ ਖੋਲ੍ਹ ਕੇ ਦਸਿਆ। ਉਹਨਾਂ ਨੇ ਇਸ ਗਲ ਦਾ ਨਿਰਨਾ ਬੜੇ ਸੁੰਦਰ ਢੰਗ ਨਾਲ ਕੀਤਾ ਹੈ ਕਿ ਸਿਖ ਦੇ ਅਰਥ ਵਿਦਿਆਰਥੀ ਨਹੀਂ ਸਗੋਂ ਸਤ ਮਾਰਗ ਦੇ ਢੂੰਡਾਊ ਹੀ ਜਚਦਾ ਹੈ। ਉਹਨਾਂ ਨੇ ਬੁਧ ਜੀ ਤੇ ਵਛਾਗਤ ਦੇ ਵਾਰਤਾਲਾਪ ਰਾਹੀਂ ਸਮਝਾਇਆ ਹੈ। ਵਾਰਤਾਲਾਪ ਪੜ੍ਹਨ ਨਾਲ ਸਬੰਧ ਰਖਦਾ ਹੈ।

ਬੁਧ ਜੀ-ਸ਼ੇਰ ਆਪਣੇ ਘੁਰਨੇ ਵਿਚੋਂ ਨਿਕਲ ਕੇ ਸਭ ਤੋਂ ਪਹਿਲਾਂ ਕੀ ਕਰਦਾ ਹੈ?

ਵਛਾਗਤ-ਅੰਗੜਾਈ ਲੈ ਕੇ ਆਪਣੇ ਸਰੀਰ ਨੂੰ ਛੰਡਦਾ ਹੈ।

ਬੁਧ ਜੀ-ਤੇ ਫੇਰ ਕੀ ਕਰਦਾ ਹੈ?

ਵਛਾਗਤ-ਆਪਣੇ ਇਰਦ ਗਿਰਦ ਕੁਝ ਵੇਖਦਾ ਹੈ। ਤੇ ਕੰਨ ਖੜੇ ਕਰਕੇ ਸੁਣਦਾ ਹੈ।

ਬੁਧ ਜੀ-ਤੇ ਇਸ ਤੋਂ ਮਗਰੋਂ ਉਹ ਕੀ ਕਰਦਾ ਹੈ?

ਵਛਾਗਤ-ਦਹਾੜਦਾ ਹੈ (ਗਰਜਦਾ ਹੈ)।

ਬੁਧ ਜੀ-ਤੇ ਫੇਰ ?

ਵਛਾਗਤ-ਸ਼ਿਕਾਰ ਲਭਣ ਲਈ ਚਲਾ ਜਾਂਦਾ ਹੈ।

ਬੁਧ ਜੀ—ਤਾਂ ਫੇਰ ਇਸੇ ਤਰ੍ਹਾਂ ਸਿੱਖ ਜਦ ਨਿਰਵਾਨ ਪ੍ਰਾਪਤ ਕਰਕੇ ਆਪਣੇ ਸਰੀਰਕ ਘੁਰਨੇ ਤੋਂ ਉਚਾ ਹੁੰਦਾ ਹੈ ਤਾਂ ਸਰੀਰ ਨੂੰ ਛਡਕੇ ਤ੍ਰਿਸ਼ਨਾ ਨੂੰ ਪਛਾੜਦਾ ਹੈ। ਤੇ ਕਰਮਾਂ ਦੀ ਨੀਂਦ ਤਿਆਗ ਆਪਣੇ ਇਰਦੇ ਗਿਰਦੇ ਦੇ ਦੁਖੀਆਂ ਦੀਆਂ ਅਵਾਜ਼ਾਂ ਸੁਣਦਾ ਹੈ। ਤੇ ਸਿੰਘ ਨਾਦ ਵਜਾ ਕੇ ਆਪਣੀ ਹੋਣ ਦੀ ਖਬਰ ਦਿੰਦਾ ਹੈ ਤੇ ਦੂਜਿਆਂ ਨੂੰ ਸਤ ਮਾਰਗ ਤੇ ਪ੍ਰਚਾਰਨ ਲਈ ਦੇਸ਼ ਪ੍ਰਦੇਸ਼ ਦਾ ਰਟਨ ਕਰਦਾ ਹੈ। ਉਹ ਤਥਾ ਗਤ ਹੈ। ਉਹ ਬੱਧ ਹੈ। ਉਹ ਸਿੰਘ ਹੈ।

ਸਿੰਘ ਦੇ ਅਰਥ ਜਚਦੇ ਦੀ ਇਹ ਹੀ ਹਨ। ਜੋ ਇਸ ਵਿਆਖਿਆ ਵਿਚ ਹੀਰਾ ਜੀ ਨੇ ਦਰਜ ਕੀਤੇ ਹਨ। ਇਸ ਤਰ੍ਹਾਂ ਤੀਜੇ ਭਾਗ ਵਿਚ ਉਹਨਾਂ ਨੇ ਉਹਨਾਂ ਤਮਾਮ ਧਾਰਮਕ ਗਰੰਥਾਂ ਦਾ ਸਾਰ ਦਿਤਾ ਹੈ। ਜੋ ਕਿਸੇ ਨਾ ਕਿਸੇ ਸ਼ਕਲ ਵਿਚ ਲੋਕਾਂ ਤੇ ਗੁਰੂ ਸਮੇਂ ਪ੍ਰਭਾਵ ਪਾ ਰਹੇ ਸਨ। ਚੌਥੇ ਭਾਗ ਵਿਚ ਉਹਨਾਂ ਨੇ ਯਹੂਦੀ, ਇਸਾਈ, ਇਸਲਾਮੀ ਤੇ ਸੂਫ਼ੀ ਮੱਤਾਂ ਦਾ ਸਾਰ ਅੰਸ਼ ਦੇ ਕੇ ਗੁਰਮਤ ਦੇ ਕਈ ਗੁਝੇ ਭਾਵਾਂ ਨੂੰ ਨਵੀਨ ਢੰਗ ਨਾਲ ਖੋਲਿਆ ਅਤੇ

ਫਿਰ ਆਖਰੀ ਭਾਗ ਵਿਚ ਗੁਰਮਤ ਤੋਂ ਬਾਦ ਜੋ ਵਿਚਾਰਾਂ ਉਗਮਦੀਆਂ ਰਹੀਆਂ ਉਹਨਾਂ ਦਾ ਵਰਨਣ ਕਰਕੇ ਗੁਰਮਤ ਦੀ ਉਚਤਾ ਦਰਸਾਈ । ਇਕ ਪੁਸਤਕ ਵਿਚ ਇੰਨਾਂ ਕੁਝ ਹੋਣਾ ਲੰਬੀ ਅਰਾਧਨਾ ਤੇ ਸਾਧਨਾ ਦਾ ਸਿੱਟਾ ਹੈ ।

ਮੈਂ ਹੀਰਾ ਜੀ ਨੂੰ ਲੈਕਚਰ ਦਿੰਦੇ ਹੀ ਸੁਣਿਆ ਸੀ ਪਰ ਅਜ ਉਹਨਾਂ ਦੀ ਲਿਖਤ ਪੜ੍ਹ ਕੇ ਮੈਨੂੰ ਤਾਂ ਕੀ ਹਰ ਕਿਸੇ ਨੂੰ ਖੁਸ਼ੀ ਹੋਵੇਗੀ । ਪਿਛਲੇ ਚੰਦ ਸਾਲਾ ਤੋਂ ਉਹ ਧਰਮ ਪ੍ਰਚਾਰ ਵਿਚ ਜੁਟੇ ਹੋਏ ਹਨ । ਗੁਜਰਖਾਨ, ਸਰਦਾਰ ਸਰਧਾ ਸਿੰਘ ਜੀ ਜੋ ਸਿੰਘ ਸਭਾ ਦੇ ਮੋਢੀਆਂ ਵਿਚੋਂ ਸਨ ਦੇ ਘਰ ਜਨਮ ਲੈ ਕੇ ਮੁਢਲੀ ਵਿਦਿਆ ਆਪ ਜੀ ਨੇ ਖਾਲਸਾ ਹਾਈ ਸਕੂਲ ਤੇ ਫਿਰ ਗਾਰਡਨ ਕਾਲਜ ਵਿਚ ਪੂਰੀ ਕੀਤੀ । ਧਾਰਮਕ ਲਗਨ ਤੇ ਸ਼ਰਧਾ ਉਹਨਾਂ ਨੂੰ ਵਿਰਸੇ ਵਿਚ ਹੀ ਮਿਲੀ ਸੀ । ਕੁਝ ਚਿਰ ਫੌਜ ਵਿਚ ਵੀ ਰਹਿ ਕੇ ਕਿਰਤ ਕਰਦੇ ਰਹੇ । ਪਰ ਇਨ੍ਹਾਂ ਦੀ ਜ਼ਿੰਦਗੀ 'ਚ ਸਿਪਾਹੀ ਨਾਲੋਂ ਸੰਤ ਹੋਣਾ ਜ਼ਿਆਦਾ ਲਿਖਿਆ ਸੀ । ਇਸ ਲਈ ਪ੍ਰਚਾਰ ਵਿਚ ਜੀਵਨ ਲਗਾ ਦਿਤਾ । ਦੇਸ਼ ਵਿਚ ਉਹਨਾਂ ਪ੍ਰਚਾਰ ਕੀਤਾ । ਦੇਸ਼ ਤੋਂ ਬਾਹਰ ਮਲਾਇਆ, ਥਾਈਲੈਂਡ ਸਿੰਘਾਪੁਰ ਵਿਚ ਸਿਖੀ ਪ੍ਰਚਾਰ ਨੂੰ ਉਜਾਗਰ ਕਰਦੇ ਰਹੇ । ਇਹ ਇਹਨਾਂ ਦੀ ਪਹਿਲੀ ਪੁਸਤਕ ਨਹੀਂ । ਇਸ ਤੋਂ ਪਹਿਲਾਂ ਵਾਹਿਗੁਰੂ ਚਮਤਕਾਰ, ਗੁਰਧਾਮ ਦਰਸ਼ਨ ਅਤੇ ਹੀਰਿਆਂ ਦੇ ਹਾਰ ਕਵਿਤਾ ਦੀ ਪੁਸਤਕ ਵੀ ਲਿਖ ਚੁਕੇ ਹਨ । ਮੋਟੇ ਛੋਟੇ ਲੇਖਾਂ ਦੀ ਤਾਂ ਸ਼ਾਇਦ ਗਿਣਤੀ ਹੀ ਨਾ ਹੋਵੇ । ਇਸ ਹਥਲੀ ਪੁਸਤਕ ਵਿਚ ਸਾਰੀ ਜ਼ਿੰਦਗੀ ਦਾ ਤਤ ਸਾਨੂੰ ਦਿਤਾ ਹੈ । ਮੈਨੂੰ ਵਿਸ਼ਵਾਸ਼ ਹੈ ਕਿ ਜੋ ਇਕ ਵਾਰੀ ਇਸ ਪੁਸਤਕ ਨੂੰ ਪੜ੍ਹ ਲਵੇਗਾ । ਗੁਰਮਤ ਦੇ ਗੁਝੇ ਭਾਵ ਅਰਥ ਸਮਝਣ ਵਿਚ ਉਸਨੂੰ ਅਸਾਨੀ ਹੋਵੇਗੀ । ਮੈਨੂੰ ਸਭ ਤੋਂ ਵਡੀ ਖੁਸ਼ੀ ਹੈ ਕਿ ਪੁਸਤਕ ਉਸ ਸਾਲ ਛਪਕੇ ਆ ਰਹੀ ਹੈ ਜਿਸ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਉਤਸਵ ਹੈ । ਗੁਰੂ ਨਾਨਕ ਦੇਵ ਜੀ ਨੇ ਵੀ ਸਾਰਿਆਂ ਸਿਧਾਂਤਾਂ ਨੂੰ ਘੋਖ ਕੇ ਗੁਰਮਤ ਦੀ ਉਚਤਾ ਦਰਸਾਈ ਅਤੇ ਕਿਸੇ ਨੂੰ ਮਾੜਾ ਨਾ ਕਹਿ ਕੇ ਐਸੀ ਇਕ ਸੁਰਤਾ ਪੈਦਾ ਕੀਤੀ ਸੀ ਕਿ ਹਰ ਕੋਈ ਆਪਣੀ ਸੁਰ ਕਢੇ ਪਿਆ, ਦੂਜੇ ਦਾ ਰਾਗ ਬੇ ਸੁਰ ਨਾ ਕਰੇ । ਇਸ ਪੁਸਤਕ ਵਿਚ ਇਸ ਤਰ੍ਹਾਂ ਦਾ ਝੋਲਾ ਪਿਆ । ਬੜੀ ਦਿਆਨਤਦਾਰੀ ਨਾਲ ਉਹਨਾਂ ਹਰ ਧਰਮ ਦਾ ਅਧਿਐਨ ਕੀਤਾ ਹੈ । ਮੇਰੀ ਗੁਰੂ ਨਾਨਕ ਪਾਤਸ਼ਾਹ ਅਗੇ ਅਰਦਾਸ ਹੈ ਕਿ ਉਹ ਸਦਾ ਹੀ ਹੀਰਾ ਜੀ ਨੂੰ ਉਦਮ ਤੇ ਬਲ ਬਖਸ਼ਦਾ ਰਹੇ ।

ਸਤਿਬੀਰ ਸਿੰਘ ਪ੍ਰਿੰਸੀਪਲ
ਸ੍ਰੀ ਗੁਰੂ ਨਾਨਕ ਖਾਲਸਾ ਕਾਲਜ
ਯਮਨਾ ਨਗਰ (ਅੰਬਾਲਾ

* *

ਗੁਰਮੱਤ ਦਾ ਪਿਛੋਕੜ

ਆਦਿ ਕਾਲ ਤੋਂ ਮਨੁਖੀ ਵਿਚਾਰ ਪਰਾਮਨੁਖੀ ਤੇ ਪਰਾ ਭੌਤਕ ਸੱਤਾ ਨੂੰ ਭਾਲਣ ਤੇ ਪ੍ਰਤੱਖ ਕਰਨ ਵਲ ਝੁਕੇ ਰਹੇ ਹਨ। ਜਿਉਂ ਜਿਉਂ ਮਨੁਖ ਇਸਦੀ ਅਦਿਭੁਤਾ ਨੂੰ ਸਮਝਣ ਦਾ ਯਤਨ ਕਰਦਾ ਰਿਹਾ ਹੈ ਤਿਉਂ ਤਿਉਂ ਹੀ ਇਸ ਦੀ ਅਸਚਰਜਤਾ ਵਧਦੀ ਹੀ ਗਈ ਹੈ ਤੇ ਅੰਤ ਨੂੰ ਵਿਸਮਾਦਿ ਵਿਚ ਆਇਆ ਮਨ ਨੇਤਿ ਨੇਤਿ ਤੋਂ ਵਧ ਹੋਰ ਕੁਝ ਕਹਿ ਹੀ ਨਹੀਂ ਸਕਿਆ।

ਵੈਦ-ਕਾਲ

ਵੇਦ ਭਾਰਤੀ ਮਤਾਂ ਦੀ ਬੁਨਿਆਦ ਹਨ। ਵੇਦ ਗਿਆਨ ਨੂੰ ਅਸੀਂ ਭਾਰਤੀ ਮੱਤਾਂ ਦੀ ਦੀਨੀਆਤ ਕਹਿ ਸਕਦੇ ਹਾਂ। ਦੀਨੀਆਤ ਰੱਬ, ਬ੍ਰਹਿਮੰਡ ਅਤੇ ਅਗਮ ਅਗਾਧ ਪਰਾਭੌਤਿਕ ਸੱਤਾ ਦੇ ਗਿਆਨ ਨੂੰ ਕਿਹਾ ਜਾਂਦਾ ਹੈ। ਵੇਦਾਂ ਅਨੁਸਾਰ ਪ੍ਰਚਾਰੀ ਗਈ ਦੀਨੀਆਤ ਨੂੰ ਹੀ ਵੇਦਕ ਧਰਮ ਕਹਿੰਦੇ ਹਨ।

ਵੇਦਾਂ ਦੇ ਰਚਨਾਂ ਕਾਲ ਸਬੰਧੀ ਵਿਦਵਾਨਾਂ ਨੇ ਅਡੋ-ਅਡਰੇ ਅਨਮਾਨ ਲਗਾਏ ਹਨ। ਪਰੰਪਰਾ ਵਿਚ ਨਿਸਚਾ ਰਖਣ ਵਾਲੇ ਸਜਣਾਂ ਦਾ ਖਿਆਲ ਹੈ ਜੋ ਇਹ ਗਿਆਨ ਅਨਾਦੀ ਹੈ, ਜੋ ਨਿਰੰਕਾਰ ਨੇ ਸੰਸਾਰ ਦੇ ਅਰੰਭ ਵਿਚ ਰਿਸ਼ੀਆਂ ਰਾਹੀਂ ਪ੍ਰਗਟ ਕੀਤਾ ਹੈ। ਸਭ ਤੋਂ ਪਹਿਲਾਂ ਇਨ੍ਹਾਂ ਦੇ ਰਚਨਾਂ ਕਾਲ ਨੀਅਤ ਕਰਨ ਦਾ ਯਤਨ ਇਕ ਪਛਮੀ ਵਿਦਵਾਨ ਨੇ ਕੀਤਾ ਸੀ ਤੇ ਇਸ ਅਨੁਸਾਰ ਇਹ ੧੨੦੦ ਤੋਂ ੬੦੦ ਵਰ੍ਹੇ ਪੂ: ਈ: ਦੇ ਸਮੇਂ ਵਿਚ ਰਚੇ ਗਏ ਸਨ। ਪਰ ਆਮ ਵਿਦਵਾਨ ਇਸਨੂੰ ਕਿਸੇ ਠੋਸ ਪ੍ਰਮਾਣ ਤੇ ਅਧਾਰਿਤ ਨ ਹੋਣ ਦੇ ਕਾਰਣ ਕੇਵਲ ਅਟਕਲ-ਪਚੂ ਹੀ ਮੰਨਦੇ ਹਨ। ਬਾਲ ਗੰਗਾ ਧਰ ਤਿਲਕ ਵੇਦ ਮੰਤ੍ਰਾਂ ਵਿਚ ਬਿਆਨ ਕੀਤੇ ਗਏ ਨਿਛੱਤਰਾਂ ਅਨੁਸਾਰ ੪੫੦੦-੨੫੦੦ ਪੂ: ਈ: ਮਿਥਦੇ ਹਨ, ਪਰ ਨਾਲ ਹੀ ਉਨ੍ਹਾਂ ਦਾ ਖਿਆਲ ਹੈ ਕਿ ਜੇਕਰ ਅਸੀਂ ਇਸ ਕਾਲ ਨੂੰ ੬੦੦੦ ਵਰ੍ਹੇ ਪੂ: ਈ: ਤਕ ਵੀ ਲੈ ਜਾਈਏ, ਤਾਂ ਲਿਜਾਇਆ ਜਾ ਸਕਦਾ ਹੈ। ਉਨ੍ਹਾਂ ਇਹ ਜ਼ਿਕਰ ਆਪਣੀ ਲਿਖੀ ਪੁਸਤਕ 'ਓ ਰਾਇਨ' ਵਿਚ ਕੀਤਾ ਹੈ। ਜਰਮਨ ਵਿਦਵਾਨ ਜੈਕੋਬੀ ਤਿਲਕ ਜੀ ਦੇ ਪਹਿਲੇ ਅਨੁਮਾਨ ਨਾਲ ਸਹਿਮਤ ਹਨ।

ਵੇਦ ਗਿਣਤੀ ਵਿਚ ਚਾਰ ਹਨ—

੧. ਰਿਗ ੨. ਸਾਮ ੩. ਯਜੁਰ ੪. ਅਥਰਵਣ

ਵੇਦ ਕਾਲ

ਰਿਗ ਵੇਦ—ਇਸ ਦੀਆਂ ਰਿਚਾਵਾਂ ਉਪਾਸ਼ਨਾ ਅਰਥਾਤ ਪ੍ਰਾਰਥਨਾਂ ਦੇ ਤੌਰ ਤੇ ਪੜ੍ਹੀਆਂ ਜਾਂਦੀਆਂ ਹਨ।

ਸ਼ਾਮ—ਇਸ ਵੇਦ ਦੇ ਮੰਤਰ ਯਗਾਂ ਸਮੇਂ ਗਾਏ ਜਾਂਦੇ ਹਨ।

ਯਜੁਰ—ਇਸ ਵੇਦ ਵਿਚ ਯਗਾਂ ਸਬੰਧੀ ਹਦਾਇਤਾਂ ਹਨ ਤੇ ਇਹ ਹਦਾਇਤਾਂ ਗਦ ਵਿਚ ਹਨ।

ਅਥਰਵਣ—ਯਗਾਂ ਸਬੰਧੀ ਹਦਾਇਤਾਂ ਤੋਂ ਛੁਟ ਇਸ ਵਿਚ ਜਾਦੂਆਂ ਤੇ ਟੂਣਿਆਂ ਦੇ ਵੋਟਕੇ ਵੀ ਹਨ।

ਵੇਦਾਂ ਦੇ ਕਰਤ੍ਰਿਤ੍ਵ ਸਬੰਧੀ ਵੀ ਵੇਦਾਂ ਵਿਚ ਇਖਤਲਾਫ ਹੈ। ਕਈਆਂ ਵਿਦਵਾਨਾਂ ਦਾ ਨਿਸਚਾ ਹੈ, ਜੋ ਇਨ੍ਹਾਂ ਦੇ ਰਚਨਹਾਰ ਸ੍ਰੀ ਬ੍ਰਹਮਾਂ ਜੀ ਹਨ। ਬ੍ਰਹਮਾਂ ਜੀ ਦੇ ਚਾਰ ਮੁਖ ਹਨ ਤੇ ਚਾਰੇ ਵੇਦ ਉਨ੍ਹਾਂ ਦੇ ਚੋਹਾਂ ਮੁਖਾਂ ਰਾਹੀਂ ਉਚਾਰੇ ਗਏ ਹਨ। ਕਈ ਵਿਦਵਾਨ ਬ੍ਰਹਮਾਂ ਜੀ ਨੂੰ ਇਕ ਕਲਪਿਤ ਹਸਤੀ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਜੋ ਇਹ ਆਦੰਤ੍ਰਾ, ਅੰਗ੍ਰਹਿ, ਅਗਨੀ ਤੇ ਵਾਯੂ ਆਦਿ ਮਹਾਨ ਰਿਸ਼ੀਆਂ ਦੇ ਅਨੁਭੱਵੀ ਵਿਚਾਰ ਹਨ। ਸਾਨੂੰ ਇਨ੍ਹਾਂ ਦੇ ਕਰਤ੍ਰਿਤ੍ਵ ਬਾਰੇ ਬਹੁਤਾ ਸੋਚਣ ਦੀ ਲੋੜ ਨਹੀਂ। ਸਾਡੇ ਖਿਆਲ ਵਿਚ ਰਚਿਤਾ ਭਾਵੇਂ ਕੋਈ ਵੀ ਹੋਵੇ, ਇਸ ਗਲੋਂ ਇਨਕਾਰ ਨਹੀਂ ਜਾ ਸਕਦਾ ਜੋ ਇਹ ਮਹਾਨ ਗ੍ਰੰਥ ਭਾਰਤੀ ਦੀਨੀਆਤ ਦਾ ਅਵੰਭ ਤੇ ਮਨੁਖ ਦੇ ਈਸ਼੍ਵਰੀ ਅਨੁਭਵ ਦੇ ਪ੍ਰਕਾਸ਼ ਮਈ ਝਲਕਾਰੇ ਹਨ।

ਵੇਦਾਂ ਵਿਚ ਆਏ ਵਿਚਾਰਾਂ ਦੇ ਵਿਕਾਸ਼ ਨੂੰ ਹੇਠ ਲਿਖੇ ਤਿੰਨਾਂ ਭਾਗਾਂ ਵਿਚ ਵੰਡਿਆ ਗਿਆ ਹੈ:

(੧) ਸੰਘਿਤਾ ਜਾਂ ਮੰਤਰ ਭਾਗ।
(੨) ਧਾਰਮਕ ਸਿਖਿਆ ਜਾਂ ਬ੍ਰਾਹਮਣ ਭਾਗ।
(੩) ਵੇਦ ਫਿਲਾਸਫੀ ਜਾਂ ਉਪਨਿਸ਼ਦ ਭਾਗ।

ਸੰਘਿਤਾ ਜਾਂ ਮੰਤਰ ਭਾਗ

ਪਹਿਲੇ ਵੇਦ ਮੰਤਰਾਂ ਤੋਂ ਪ੍ਰਤੀਤ ਹੁੰਦਾ ਹੈ, ਜੋ ਉਸ ਵੇਲੇ ਦੇਵਤਿਆਂ ਦੀ ਪੂਜਾ ਪ੍ਰਧਾਨ ਸੀ। ਇੰਦਰ, ਵਰਣ, ਸਵਿਤਰ, ਪੁਸ਼ਨ, ਵਿਸ਼ਨੂ ਆਦਿ ਦੇਵਤੇ ਸਰਵ ਸ੍ਰੇਸ਼ਟ ਮਿਥੇ ਗਏ ਸਨ। ਇਨ੍ਹਾਂ ਦੀ ਪੂਜਾ ਲਈ ਮੰਤਰ ਪੜ੍ਹੇ ਜਾਂਦੇ ਸਨ। ਨਮਸਕਾਰਾਂ ਤੇ ਅਹੂਤੀਆਂ ਰਾਹੀਂ ਪੂਜਾ ਕੀਤੀ ਜਾਂਦੀ ਸੀ।

ਨਿਸਚਾ ਸੀ ਜੋ ਅਗਨੀ ਸਭ ਦੇਵਤਿਆਂ ਦਾ ਮੁਖ ਹੈ। ਇਸ ਵਿਚ ਹੋਮ ਕੀਤੀਆਂ ਗਈਆਂ ਚੀਜ਼ਾਂ ਦੇਵਤਿਆਂ ਤਕ ਅਪੜ ਜਾਂਦੀਆਂ ਹਨ। ਯਗ ਦੇ ਅਰੰਭ ਵਿਚ ਕੁਝ ਰੀਤਾਂ ਰਸਮਾਂ ਰਾਹੀਂ ਅਗਨੀ ਪ੍ਰਚੰਡ ਕੀਤੀ ਜਾਂਦੀ ਸੀ। ਫਿਰ ਉਸ ਵਿਚ ਖਾਣ ਪੀਣ ਵਾਲੀਆਂ ਵਸਤਾਂ ਅਰਥਾਤ ਦੁੱਧ, ਮਾਖਿਓਂ, ਘਿਉ, ਅੰਨ ਤੇ ਇਨ੍ਹਾਂ ਤੋਂ ਬਣੀਆਂ ਚੀਜ਼ਾਂ, ਮਾਸ ਤੇ ਇਕ ਨਸ਼ਾਵਰ ਵਸਤੂ ਸੋਮ-ਰਸ ਆਦਿ ਹੋਮ ਕੀਤੀਆਂ ਜਾਂਦੀਆਂ ਸਨ। ਪ੍ਰਯੋਜਨ ਦੇਵਤਿਆਂ ਦੀ ਪ੍ਰਸੰਨਤਾ ਸੀ, ਕਿਉਂਕਿ ਇਹ ਖਿਆਲ ਪਰਪੱਕ ਹੋ ਚੁਕਾ ਸੀ ਕਿ ਇਨ੍ਹਾਂ ਦੀ ਖੁਸ਼ੀ ਹਾਸਲ ਕਰਨ ਵਿਚ ਹੀ ਧਨ, ਮਾਲ ਆਦਿ ਦੀ ਪ੍ਰਾਪਤੀ ਹੋ ਸਕਦੀ ਹੈ। ਇਹ ਖਿਆਲ ਵੀ ਦ੍ਰਿੜ ਹੋ ਚੁਕਾ ਸੀ ਜੋ ਵੈਰੀਆਂ ਦਾ ਸੰਘਾਰ, ਦੋਖੀਆਂ ਦਾ ਪ੍ਰਹਾਰ ਤੇ ਮਰਨ ਮਗਰੋਂ ਕਿਸੇ ਚੰਗੇ ਅਸਥਾਨ ਤੇ ਵਾਸਾ ਵੀ ਦੇਵਤਿਆਂ ਦੀ ਪ੍ਰਸੰਨਤਾ ਦਾ ਹੀ ਨਤੀਜਾ ਹੈ।

ਇਹ ਵੀ ਸੋਚਿਆ ਜਾਂਦਾ ਸੀ, ਜੋ ਇਨ੍ਹਾਂ ਦੇਵਤਿਆਂ ਦੇ ਰਾਹੀਂ ਹੀ ਪ੍ਰਿਥ੍ਵੀ ਤੇ ਅਕਾਸ਼ ਹੋਂਦ ਵਿਚ ਆਏ ਹਨ ਅਤੇ ਇਨ੍ਹਾਂ ਨੇ ਹੀ ਵਡੇ ਵਡੇ ਦਰਿਆਵਾਂ ਦੇ ਵਹਾ ਪੁਟੇ ਹਨ। ਇਹ ਦੇਵਤੇ ਹੀ ਖੁਸ਼ਕਸਾਲੀ ਤੇ ਹਨੇਰੇ ਆਦਿ ਦੇ ਦੈਤਾਂ ਨਾਲ ਲੜਕੇ ਉਨ੍ਹਾਂ ਨੂੰ ਕਾਬੂ ਵਿਚ ਰਖਦੇ ਹਨ ਤੇ ਸੰਸਾਰ ਦੀ ਰਿਤ (ਬ੍ਰਹਮੰਡ ਦੀ ਨਿਯਤ ਚਾਲ) ਨੂੰ ਕਾਇਮ ਰਖਕੇ ਸੰਸਾਰ ਦਾ ਪ੍ਰਬੰਧ ਚੰਗੀ ਤਰ੍ਹਾਂ ਚਲਾਂਦੇ ਹਨ ਅਤੇ ਇਸ ਵਿਚ ਕਿਸੇ ਕਿਸਮ ਦਾ ਕੋਈ ਵਿਘਨ ਨਹੀਂ ਪੈਣ ਦੇਂਦੇ।

ਪਹਿਲਾਂ ਤਾਂ ਯੱਗ ਕੇਵਲ ਦੇਵਤਿਆਂ ਦੀ ਪ੍ਰਸੰਤਾ ਲਈ ਹੀ ਕੀਤੇ ਜਾਂਦੇ ਸਨ, ਪਰ ਹੌਲੀ-ਹੌਲੀ ਇਹ ਯੱਗ ਹੀ ਫਲ ਪਰਦਾਤੇ ਮੰਨੇ ਜਾਣ ਲਗ ਪਏ ਤੇ ਫੇਰ ਮੰਤ੍ਰਾਂ ਨੂੰ ਹੀ ਫਲਾਂ ਦੇ ਦਾਤੇ ਸਮਝਿਆ ਜਾਣ ਲਗ ਪਿਆ। ਜ਼ੋਰ ਦੇਵਤਿਆਂ ਦੀ ਉਸਤੱਤ ਕਰਨ ਤੇ ਦਿਤਾ ਜਾਂਦਾ ਸੀ ਤੇ ਪ੍ਰਯੋਜਨ ਤਪਸਿਆ ਰਾਹੀਂ ਉਨ੍ਹਾਂ ਦੀ ਪ੍ਰਸੰਤਾ ਹਾਸਲ ਕਰਨਾ ਸੀ। ਵੇਦਾਂ ਵਿਚ ਨਾ ਤਾਂ ਮੰਦਰਾਂ ਦਾ ਹੀ ਵਰਨਣ ਹੈ ਤੇ ਨਾ ਮੂਰਤੀਆਂ ਦਾ ਹੀ ਜ਼ਿਕਰ ਆਇਆ ਹੈ।

ਦੇਵਤਿਆਂ ਨੂੰ ਪ੍ਰੇਮ ਸਹਿਤ ਪਿਤਾ, ਮਾਤਾ, ਸਖਾ, ਸਾਥੀ, ਸਬੰਧੀ ਆਦਿ ਨਾਂਵਾਂ ਨਾਲ ਸਬੰਧਿਤ ਕੀਤਾ ਜਾਣ ਲਗ ਪਿਆ। ਅਸਲ ਵਿਚ ਇਹ ਪਿਆਰ ਭਰੀ ਉਪਾਸ਼ਨਾਂ ਹੀ ਆਹਿਸਤਾ ਆਹਿਸਤਾ ਪ੍ਰੇਮਾਂ ਭਗਤੀ ਦੇ ਰੂਪ ਵਿਚ ਬਦਲ ਗਈ।

ਸੰਘਿਤਾ ਜਾਂ ਮੰਤ੍ਰ ਭਾਗ ਸਬੰਧੀ ਸਰ ਰਾਧਾ ਕ੍ਰਿਸ਼ਨਨ ਜੀ ਆਪਣੀ ਪੁਸਤਕ 'ਇੰਡੀਅਨ ਫਿਲਾਸਫੀ' ਵਿਚ ਲਿਖਦੇ ਹਨ :

“ਪੁਰਾਣੇ ਵੈਦਿਕ ਮੰਤ੍ਰ ਲਿਖਾਰੀ ਰਿਸ਼ੀ ਆਪਣੇ ਸਾਦਾ ਤੇ ਭੋਲੇ ਮਨ ਨਾਲ ਕੁਦਰਤ ਦੇ ਜਲਵੇ ਤਕ ਤਕ ਕੇ ਪ੍ਰਸੰਨ ਹੁੰਦੇ ਸਨ। ਉਹ ਵਾਸਤਵ ਵਿਚ

ਸ਼ਾਇਰਾਨਾ ਮਿਜ਼ਾਜ ਰਖਦੇ ਸਨ ਤੇ ਕੁਦਰਤੀ ਦ੍ਰਿਸ਼ਾਂ ਤੇ ਬ੍ਰਹਿਮੰਡ ਦੀਆਂ ਚੀਜ਼ਾਂ ਤੋਂ ਇਸ ਕਦਰ ਖੇੜੇ ਵਿਚ ਆਉਂਦੇ ਸਨ ਕਿ ਉਨ੍ਹਾਂ ਦੇ ਜਜ਼ਬਾਤ ਨੂੰ ਬਹੁਤ ਭਾਰੀ ਹਲੂਣਾ ਵਜਦਾ ਸੀ ਤੇ ਉਨ੍ਹਾਂ ਦੀ ਕਲਪਨਾ ਸ਼ਕਤੀ ਪੂਰੇ ਜੋਬਨ ਵਿਚ ਆਕੇ ਕੰਮ ਅਰੰਭਦੀ ਸੀ। ਇਨ੍ਹਾਂ ਡੂੰਘੇ ਜਜ਼ਬਾਤ ਤੇ ਜ਼ੋਰਾਵਰ ਕਲਪ੍ਨਾਵਾਂ ਨੇ ਪੁਰਾਣੇ ਰਿਸ਼ੀਆਂ ਨੂੰ ਹਰ ਇਕ ਚੀਜ਼ ਨੂੰ ਆਤਮ-ਤੱਤੀ ਤੇ ਜੀਵਨ ਸਰੂਪ ਦਿਖਾਇਆ। ਚੰਦ, ਤਾਰੇ, ਸਮੁੰਦਰ, ਅਸਮਾਨ, ਊਸ਼ਾ ਤੇ ਸੰਧਿਆ ਸਾਰੇ ਦੇਵਤੇ ਹੋ ਕੇ ਉਨ੍ਹਾਂ ਦੀਆਂ ਅੱਖਾਂ ਅਗੇ ਆ ਖਲੋਤੇ। ਵੇਦਿਕ ਸਮੇਂ ਦੀ ਸਭ ਤੋਂ ਪਹਿਲੀ ਪੂਜਾ ਪ੍ਰਤਿਸ਼ਠਾ ਇਨ੍ਹਾਂ ਦੇਵਤਿਆਂ ਦਾ ਪੂਜਨ ਸੀ।"* (ਪੰਨਾ ੬੯)

ਸਰ ਰਾਧਾ ਕ੍ਰਿਸ਼ਨਨ ਜੀ ਇਹ ਵੀ ਕਹਿੰਦੇ ਹਨ ਜੋ ਪੁਰਾਣੇ ਮੰਤਰਾਂ ਵਿਚ ਵਹਿਮ ਤੇ ਵਿਚਾਰ ਦਾ ਟାਕਰਾ ਹੈ, ਤੇ ਉਹ ਵਿਚਾਰ ਇਕ ਹਨੇਰੇ ਵਿਚ ਟੋਹਾ ਟਾਹੀ ਕਰਨ ਵਾਲੀ ਗਲ ਹੈ।

ਰਿਤ (ਬ੍ਰਹਿਮੰਡ ਦੀ ਨਿਯਤ ਚਾਲ) ਦਾ ਖਿਆਲ ਝੱਬਦੇ ਹੀ ਧਾਰਮਿਕ ਤੇ ਸਦਾਚਾਰਿਕ ਖੇਤਰਾਂ ਵਿਚ ਤਕਵੀਅਤ (ਪਕਿਆਈ) ਪਕੜਦਾ ਗਿਆ ਤੇ ਇਨ੍ਹਾਂ ਦੇ ਵੀ ਅੱਚਲ ਤੇ ਅਟੱਲ ਨਿਯਮ ਥਾਪ ਦਿਤੇ ਗਏ।

ਨਾਲ ਹੀ ਨਾਲ ਕੁਝ ਇਜਿਹੇ ਰਿਸ਼ੀ ਵੀ ਸਨ ਜੋ ਦੇਵਤਿਆਂ ਦੀ ਹੋਂਦ ਵਿਚ ਵਿਸ਼ਵਾਸ਼ ਨਹੀਂ ਸਨ ਰਖਦੇ ਸਗੋਂ ਨਿਰੀ ਪੁਰੀ ਮਨੁਖੀ ਕਲਪੁਨਾ ਹੀ ਤਸੱਵਰ ਕਰਦੇ ਸਨ। ਹੌਲੀ ਹੌਲੀ ਹੁਣ ਇਹ ਖਿਆਲ ਵੀ ਦ੍ਰਿੜਤਾ ਪਕੜਦਾ ਗਿਆ ਕਿ ਸਾਰੇ ਦੇਵਤਿਆਂ ਤੋਂ ਕੋਈ ਅਫਜ਼ਲ ਦੇਵਤਾ ਵੀ ਹੈ। ਉਸ ਇਕ ਦੀ ਸ਼ਕਤੀ ਹੀ ਸਾਰੇ ਦੇਵਤਿਆਂ ਵਿਚ ਕੰਮ ਕਰਦੀ ਹੈ ਤੇ ਰਿਸ਼ੀ ਉਸ ਇਕ ਅਸਲੀਅਤ ਨੂੰ ਹੀ ਭਿੰਨ ਭਿੰਨ ਢੰਗਾਂ ਨਾਲ ਬਿਆਨਦੇ ਹਨ।

ਪੁੰਨ ਕਰਮਾਂ ਅਤੇ ਪਾਪ ਕਰਮਾਂ ਦਾ ਵੀ ਨਿਖੇੜਾ ਕੀਤਾ ਗਿਆ :

ਬੁਰੀ ਨੀਅਤ, ਸਹੁੰ ਖਾਣੀ, ਨਿੰਦਾ, ਚੁਗਲੀ, ਬੇਇਮਾਨੀ, ਜਾਦੂ, ਜੂਆ, ਪਰ ਇਸਤ੍ਰੀ ਗਮਨ, ਚੋਰੀ, ਹਿੰਸਾ ਆਦਿ ਕੁਕਰਮ ਅਥਵਾ ਪਾਪ ਮਿਥੇ ਗਏ।

ਈਮਾਨਦਾਰੀ ਸਾਫ ਦਿਲ, ਸਹਾਨ ਭੂਤੀ (ਸਹਿਨ ਸੀਲਤਾ), ਅਹਿੰਸਾ, ਸਚਾਈ, ਸੁੰਦਰ ਬੋਲ, ਜਤ ਤੇ ਬ੍ਰਹਮਚਰਜ, ਸ਼ਰਧਾ ਤੇ ਤਪ ਆਦਿ ਸੁਕਰਮ ਭਾਵ ਪੁੰਨੀ ਕਰਮ ਸਮਝੇ ਗਏ ਤੇ ਇਨ੍ਹਾਂ ਦੀ ਬਹੁਤ ਸ਼ਲਾਘਾ ਕੀਤੀ ਗਈ।

ਗ੍ਰਹਿਸਤੀ ਜੀਵਨ ਲਈ ਪਰਸਪਰ ਪਿਆਰ, ਆਦਰ ਤੇ ਇਤਫਾਕ, ਮਾਪਿਆਂ ਦੀ ਆਗਿਆਕਾਰੀ, ਸੁੰਦਰ ਸੁਖਾਵਣੇ ਬੋਲ, ਇਸਤ੍ਰੀ ਭਰਤੇ ਦਾ ਪ੍ਰਸਪਰ ਪਿਆਰ ਅਤੇ ਫਰਜ਼, ਨਿਤ ਦੀ ਵਰਤੋਂ ਵਿਚ ਆਉਣ ਵਾਲੀਆਂ ਚੰਗਿਆਈਆਂ ਗਿਣੀਆਂ

---

* ਧੰਨਵਾਂਦ ਸਹਿਤ ਪ੍ਰੋ: ਸ਼ੇਰ ਸਿੰਘ ਜੀ ਰਚਿਤ ਗੁਰਮਤ ਦਰਸ਼ਨ ਵਿਚੋਂ।

ਜਾਂਦੀਆਂ ਸਨ । ਇਸਤ੍ਰੀ ਨੂੰ ਆਪਣਾ ਪਤੀ ਆਪ ਚੁਣਨ ਦਾ ਵੀ ਹੱਕ ਸੀ ਪਰ ਪੁਨਰ ਵਿਵਾਹ ਵੀ ਹੁੰਦੇ ਸਨ । ਪੁਰਸ਼ ਇਕ ਤੋਂ ਵਧੀਕ ਵਿਆਹ ਵੀ ਕਰਦੇ ਸਨ ਪਰ ਇਸਤ੍ਰੀ ਲਈ ਇਕ ਤੋਂ ਵਧ ਵਿਆਹ ਕਰਨ ਦੀ ਮਨਾਹੀ ਸੀ ।

ਭਾਈਚਾਰਕ ਗੁਣਾਂ ਤੇ ਵੀ ਜ਼ੋਰ ਦਿਤਾ ਜਾਂਦਾ ਸੀ । ਹਰ ਇਕ ਮਨੁਖ ਰਿਸ਼ੀਆਂ, ਪਿਤਰਾਂ, ਦੇਵਤਿਆਂ, ਮਨੁਖਾਂ ਤੇ ਹੋਰ ਜੀਵਾਂ ਦਾ ਰਿਣੀ ਤਸੱਵਰ ਕੀਤਾ ਜਾਂਦਾ ਸੀ ਤੇ ਇਹ ਰਿਣ ਚੁਕਾਣਾ ਉਸਦਾ ਇਖ਼ਲਾਕੀ ਤੇ ਧਾਰਮਕ ਫ਼ਰਜ਼ ਸਮਝਿਆ ਜਾਂਦਾ ਸੀ । ਇਹ ਕਰਜ਼ ਉਹ ਵੇਦ ਪਠਨ, ਯੱਗ, ਸੰਤਾਨ ਉਤਪਤੀ, ਅਤਿਥੀ ਸੇਵਨ ਅਤੇ ਭੇਟ ਦੁਆਰਾ ਚੁਕਾ ਸਕਦਾ ਸੀ ।

7779

ਭਾਈਚਾਰੇ ਵਿਚ ਚਾਰ ਵਰਣਾਂ (ਬ੍ਰਾਹਮਣ, ਕੁਸ਼ੱਤਰੀ, ਵੈਸ਼ ਅਤੇ ਸ਼ੂਦਰ) ਅਤੇ ਚੋਹਾਂ ਆਸ਼ਰਮਾਂ (ਬ੍ਰਹਮ ਚਰਜ, ਗ੍ਰਹਿਸਥ, ਬਾਨ ਪ੍ਰਸਥ ਸਨਿਆਸ) ਦਾ ਰਿਵਾਜ ਵੀ ਵੇਦਕ ਕਾਲ ਤੋਂ ਹੀ ਤੁਰ ਪਿਆ ਸੀ ।

ਵੇਦਿਕ ਰਿਸ਼ੀ ਇਸ ਸੰਸਾਰ ਨੂੰ ਮਿਥਿਆ ਨਹੀਂ ਸਨ ਮੰਨਦੇ । ਉਹ ਦੇਵਤਿਆਂ ਪਾਸੋਂ ਇਕ ਸੌ ਵਰ੍ਹੇ ਦੀ ਅਰੋਗ ਉਮਰ ਮੰਗਦੇ ਸਨ । ਤਨ ਦਾ ਸ੍ਵਾਸਥ, ਚੰਗੀ ਗ੍ਰਹਿਣੀ, ਪੁਤਰ ਧੀਆਂ, ਮਾਲ ਦੌਲਤ ਸਭ ਲਈ ਪ੍ਰਾਰਥਨਾ ਕਰਦੇ ਸਨ । ਉਨ੍ਹਾਂ ਦਾ ਇਹ ਵੀ ਖਿਆਲ ਸੀ ਕਿ ਸਰੀਰ ਦੇ ਨਾਸ ਹੋ ਜਾਣ ਨਾਲ ਸ਼ਖਸੀਅਤ ਖ਼ਤਮ ਨਹੀਂ ਹੁੰਦੀ ਸਗੋਂ ਮਨੁਖ ਰੂਹਾਂ ਸਵੱਰਗ ਜਾਂ ਨਰਕ ਆਦਿ ਥਾਂਵਾਂ ਤੇ ਲਿਜਾਈਆਂ ਜਾਂਦੀਆਂ ਹਨ । ਸਵੱਰਗ ਵਿਚ ਸਦੀਵੀ ਚਾਨਣ ਤੇ ਸਮੂਹ ਕਾਮਨਾਵਾਂ ਦੀ ਪੂਰਤੀ ਹੁੰਦੀ ਦਸੀ ਜਾਂਦੀ ਸੀ ਤੇ ਇਸ ਦੇ ਐਨ ਉਲਟ ਨਰਕ ਵਿਚ ਘੁਪ ਹਨੇਰਾ ਤੇ ਹੋਰ ਕਈ ਪ੍ਰਕਾਰ ਦੇ ਦੁਖ ਦਸੇ ਜਾਂਦੇ ਸਨ । ਇਸ ਲਈ ਦੇਵਤਿਆਂ ਦੀ ਪ੍ਰਸੰਤਾ ਹਾਸ਼ਲ ਕਰਕੇ ਸਵੱਰਗ ਹਾਸਲ ਕਰਨ ਦੀ ਚਾਹ ਉਨ੍ਹਾਂ ਵਿਚ ਸਦਾ ਤੀਬਰ ਰਹਿੰਦੀ ਸੀ ।

(੨) ਧਾਰਮਕ ਸਿਖਿਆ ਜਾਂ ਬ੍ਰਾਹਮਣ ਭਾਗ

ਯੱਗ, ਹੋਮ, ਤੱਪ, ਬਲੀਦਾਨ ਆਦਿ ਕਰਮ ਬ੍ਰਾਹਮਣ ਭਾਗ ਨਾਲ ਤਅਲਕ ਰਖਦੇ ਹਨ । ਕਰਮ ਕਾਂਡ ਰਾਹੀਂ ਆਤਮਕ ਸ਼ਾਂਤੀ ਹਾਸਲ ਕਰਨਾ ਸਫਲ ਸਾਬਤ ਨਾ ਹੋ ਸਕਿਆ ਜਿਸਦਾ ਫਲ ਸਰੂਪ ਉਪਨਿਸ਼ਦ ਭਾਗ ਨੇ ਜਨਮ ਲਿਆ ।

(੩) ਉਪਨਿਸ਼ਦ ਭਾਗ

ਉਪਨਿਸ਼ਦ ਭਾਗ ਨੂੰ ਅਗੋਂ ਦੋ ਹਿਸਿਆਂ ਵਿਚ ਵੰਡਿਆ ਹੈ :

(੧) ਸੁਰਤੀ ਭਾਗ
(੨) ਉਪਨਿਸ਼ਦ ਭਾਗ

ਬ੍ਰਾਹਮਣ ਭਾਗ ਦਾ ਸੁਝਾ ਤਾਂ ਸਿਮ੍ਰਤੀਆਂ (ਸੁਣ ਕੇ ਪ੍ਰਾਪਤ ਕੀਤਾ ਗਿਆ ਗਿਆਨ) ਨੇ ਦਿਤਾ ਪਰ ਗਿਆਨ ਅੰਕ ਨੂੰ ਉਪਨਿਸ਼ਦਾਂ ਨੇ ਦਰਸਾਇਆ। ਜਾਂ ਇਵੇਂ ਸਮਝ ਲਵੋ ਜੋ ਸ੍ਰੋਤ ਤੋਂ ਉਪਜੇ ਹੋਏ ਗਿਆਨ ਨੂੰ ਉਪਨਿਸ਼ਦਾਂ ਰਾਹੀਂ ਪ੍ਰਤਖ ਕੀਤਾ ਗਿਆ.

ਉਪਨਿਸ਼ਦ

ਉਪਨਿਸ਼ਦਾਂ, ਕਿਉਂਕਿ ਬਹੁਗਿਣਤੀ ਵਿਚ ਵੇਦਾਂ ਦਾ ਅੰਤਲਾ ਭਾਗ ਹਨ ਇਸ ਲਈ ਇਨ੍ਹਾਂ ਨੂੰ ਵੇਦਾਂਤ ਵੀ ਕਿਹਾ ਜਾਂਦਾ ਹੈ। ਇਹ ਭਾਰਤੀ ਚਿੰਤਨ ਤਥਾ ਸੰਸਕ੍ਰਿਤੀ ਦਾ ਸੋਮਾ ਹਨ ਜਿਨ੍ਹਾਂ ਵਿਚੋਂ ਕੇਵਲ ਛੇ ਦਰਜਨਾਂ ਨੇ ਹੀ ਮਸਾਲਾ ਨਹੀਂ ਲਿਆ ਸਗੋਂ ਵੇਦ ਵਿਰੁਧ ਬੁਧ ਮੱਤ ਨੇ ਵੀ ਕਈ ਖਿਆਲ ਅਪਨਾਏ ਹਨ। ਵੈਦਿਕ ਖਿਆਲਾਂ ਦਾ ਜੋ ਨਿਸ਼ਾਨਾ ਸੀ ਉਸ ਨੂੰ ਵਾਸਤਵ ਵਿਚ ਉਪਨਿਸ਼ਦਾਂ ਨੇ ਦਰਸਾਉਣ ਦਾ ਯਤਨ ਕੀਤਾ ਹੈ। ਉਪਨਿਸ਼ਦਿਕ ਗੂੜ੍ਹ ਗਿਆਨ ਕੇਵਲ ਯੋਗ ਅਧਿਕਾਰੀਆਂ ਨੂੰ ਹੀ ਦਿਤਾ ਜਾਂਦਾ ਸੀ।

ਏਸ ਵੇਲੇ ਦੋ ਸੌ ਤੋਂ ਵਧੀਕ ਉਪਨਿਸ਼ਦਾਂ ਪ੍ਰਾਪਤ ਹਨ। ਮੁਕ੍ਤਿਕਾ ਉਪਨਿਸ਼ਦ ਵਿਚ ੧੦੮ ਉਪਨਿਸ਼ਦਾਂ ਦੇ ਨਾਮ ਦਸੇ ਗਏ ਹਨ ਪਰ ਪਰਸਿਧਤਾ ਕੇਵਲ ਹੇਠ ਲਿਖੀਆਂ ੧੩ ਨੂੰ ਹੀ ਹਾਸਲ ਹੈ:

(੧) ਈਸ਼ਵਾਸਯ, (੨) ਕੇਨ, (੩) ਕਠ, (੪) ਪ੍ਰਸ਼ਨ, (੫) ਮੂੰਤਕ, (੬) ਛਾਂਦੋਗਯ, (੭) ਬ੍ਰਿਹਾਦਾਰਣਕ, (੮) ਮਾਂਡੂਕਯ, (੯) ਕਊਸਿਟਕਿ, (੧੦) ਮਈਤ੍ਰਾਯਣਿਹ (੧੧) ਤਈਤਿਰਯ, (੧੨) ਅਈਤਰੇਯ, (੧੩) ਸ੍ਵੇਤਾਸ੍ਵਤਰ।

ਬ੍ਰਿਹਾਦਾਰਣਯਕ ਅਤੇ ਛਾਂਦੋਗਯ ਤਾਂ ਬਹੁਤ ਹੀ ਮਹੱਤ੍ਵ-ਪੂਰਣ ਸਮਝੀਆਂ ਜਾਂਦੀਆਂ ਹਨ।

ਉਪਨਿਸ਼ਦਾ ਦਾ ਬ੍ਰਾਹਮਣਾਂ ਦੇ ਯਗਾਂ ਆਦਿ ਲਈ ਅਪਨਾਇਆ ਗਿਆ ਰਵਈਆ ਧਿਆਨ ਦੇਣ ਯੋਗ ਹੈ। ਇਸ ਰਵਈਏ ਤੋਂ ਹੀ ਅਸੀਂ ਇਨ੍ਹਾਂ ਦੀ ਸਿਖਿਆ ਬਾਰੇ ਸਹੀ ਅਨੁਮਾਨ ਲਗਾ ਸਕਦੇ ਹਾਂ। ਕਈ ਇਕ ਤਾਂ ਇਨ੍ਹਾਂ ਯਗਾਂ ਦੀ ਕਰੜੀ ਨਿਖੇਧੀ ਕਰਦੀਆਂ ਹਨ। ਮਿਸਾਲ ਵਜੋਂ ਬ੍ਰਿਹਾਦਾਰਣਯਕ ਉਪਨਿਸ਼ਦ ਹੀ ਤਕੋ। ਇਸ ਵਿਚ ਲਿਖਿਆ ਹੈ, ਜੋ ਆਤਮਾ ਬਿਨਾਂ ਕਿਸੇ ਅਨ ਦੇਵਤਾ ਨੂੰ ਪੂਜਦਾ ਹੈ ਓਹ ਦੇਵਤਿਆਂ ਦਾ ਪਾਲਤੂ ਪਸ਼ੂ ਹੈ। ਇਸੇ ਤਰ੍ਹਾਂ ਛਾਂਦੋਗਯ ਉਪਨਿਸ਼ਦ ਤਨਜ਼ਨ ਯਗਾਂ ਵਿਚ ਪ੍ਰੋਹਤਾਂ ਦੇ ਜਲੂਸ ਨੂੰ ਕੁਤਿਆਂ ਦਾ ਜਲੂਸ ਕਹਿ ਕੇ ਤ੍ਰਿਸਕਾਰਦੀ ਹੈ ਜੋ ਗਾ ਰਹੇ ਹਨ ਓਮ ਆਓ ਖਾਈਏ, ਓਮ ਆਓ

ਪੀਵਏ। ਮੁੰਡਿਕ ਉਪਨਿਸ਼ਦ ਯਗ ਆਦਿ ਕਰਮਾ ਨੂੰ ਜਰਜਰੀਆਂ ਬੜੀਆਂ ਨਾਲ ਮੁਸ਼ਾਹਬਤ ਦੇਂਦੀ ਹੈ ਤੇ ਜਿਹੜੇ ਇਨ੍ਹਾਂ ਕਰਮਾਂ ਦਾ ਕੁਝ ਮੁਲ ਸਮਝਦੇ ਹਨ ਉਨ੍ਹਾਂ ਨੂੰ ਮੂਰਖ ਤੇ ਆਵਾਗਉਣ ਦੇ ਅਧਿਕਾਰੀ ਕਹਿ ਕੇ ਨਿੰਦਦੀ ਹੈ। ਭਾਵੇਂ ਕਈ ਉਪਨਿਸ਼ਦਾਂ ਇਤਨਾ ਜ਼ੋਰਦਾਰ ਖੰਡਨ ਤਾਂ ਨਹੀਂ ਕਰਦੀਆਂ ਪਰ ਫੇਰ ਭੀ ਯਗ ਆਦਿ ਕਰਮਾਂ ਨੂੰ ਕਿਸੇ ਹੋਰ ਗੱਲ ਦਾ ਪ੍ਰਤੀਕ ਦਸਦੀਆਂ ਹਨ ਤੇ ਕਈ ਇਨ੍ਹਾਂ ਕਰਮਾਂ ਦੇ ਕਰਨ ਵਾਲਿਆਂ ਨੂੰ ਪਿਤ੍ਰੀ ਲੋਕ ਵਿਚ ਜਾਣ ਵਾਲੇ ਆਖਿਆ ਹੈ। ਉਹਨਾਂ ਦੇ ਵਿਚਾਰ ਵਿਚ ਉਹ ਮੁੜ ਇਸ ਪ੍ਰਿਥਵੀ ਤੇ ਜਨਮ ਲੈਣਗੇ ਤੇ ਇਸੇ ਤਰ੍ਹਾਂ ਗਰਭ ਗੇੜ ਦੀ ਫਾਹੀ ਵਿਚ ਫਸੇ ਰਹਿਨਗੇ। ਇਸ ਤਰ੍ਹਾਂ ਇਨ੍ਹਾਂ ਵਿਚ ਵੀ ਉਪਰੋਕਤ ਕਰਮਾਂ ਨੂੰ ਹੀਣਾ ਹੀ ਸਾਬਤ ਕੀਤਾ ਗਿਆ ਹੈ।

ਉਪਨਿਸ਼ਦਾਂ ਦਾ ਗੂੜ੍ਹ ਗਿਆਨ ਕੇਵਲ ਅਧਿਕਾਰੀਆਂ ਨੂੰ ਦੇਣ ਬਾਬਤ ਰਸ਼ੀਆਂ ਦਾ ਕਹਿਣਾ ਸਾਡੇ ਖਿਆਲ ਵਿਚ ਬ੍ਰਾਹਮਣਾ ਦੇ ਵਿਰੋਧ ਨੂੰ ਘਟ ਕਰਨ ਦਾ ਇਕ ਬਹਾਨਾ ਹੀ ਸੀ। ਅਸਲ ਗੱਲ ਤਾਂ ਇਹ ਹੈ ਜੋ ਉਚੇਰਾ ਰਾਹ ਦਿਸ ਪੈਣ ਤੇ ਵੀ ਸਾਰੇ ਲੋਕ ਪੁਰਾਣੇ ਖਿਆਲ ਛਡ ਨਹੀਂ ਦੇਂਦੇ। ਸਾਡੇ ਦੇਸ ਵਿਚ ਤਾਂ ਇਹ ਗੱਲ ਆਮ ਵੇਖਣ ਵਿਚ ਆਉਂਦੀ ਹੈ। ਇਸੇ ਕਰ ਕੇ ਆਤਮ-ਚੰਨਣ ਦੇ ਲਕਸ਼ ਦੇ ਬਾਵਜੂਦ ਵੀ ਆਮ ਜੰਤਾ ਵਿਚ ਦੇਵਤਿਆ, ਪਸ਼ੂਆਂ, ਸੱਪਾਂ, ਰੁਖਾਂ ਦੀ ਪੂਜਾ ਤੁਰੀ ਰਹੀ ਹੈ ਅਤੇ ਹੁਣ ਵੀ ਤੁਰੀ ਆ ਰਹੀ ਹੈ। ਇਸ ਕਮਜ਼ੋਰੀ ਨੂੰ ਲੁਕਾਣ ਲਈ ਕਿਹਾ ਗਿਆ ਜੋ ਬ੍ਰਹਮ ਸਰਬ-ਵਿਆਪੀ ਹੈ ਤੇ ਹਰ ਦਿਸਦੀ ਸ਼ੈ ਉਸ ਦਾ ਰੂਪ ਹੈ। ਇਸ ਲਈ ਕੋਈ ਕਿਸੇ ਰੂਪ ਵਿਚ ਵੀ ਉਸ ਦੀ ਪੂਜਾ ਕਰੇ ਉਹ ਬ੍ਰਹਮ ਦੀ ਪੂਜਾ ਹੀ ਕਹੀ ਜਾ ਸਕਦੀ ਹੈ। ਇਸ ਗੱਲ ਵਲੋਂ ਜਾਣ-ਬੁਝ ਕੇ ਅੱਖਾਂ ਮੀਟੀਆਂ ਗਈਆਂ ਕਿ ਹਰ ਪੂਜਕ ਆਪਣੇ ਪੂਜਯ ਨੂੰ ਬ੍ਰਹਮ ਸਮਝ ਕੇ ਨਹੀਂ ਪੂਜਦਾ ਸਗੋਂ ਉਸੇ ਪਸ਼ੂ, ਸੱਪ, ਰੁਖ ਆਦਿ ਨੂੰ ਦੇਵਤਾ ਸਮਝ ਕੇ ਪੂਜਦਾ ਹੈ ਤੇ ਉਸ ਤੋਂ ਵਰ ਪ੍ਰਾਪਤ ਕਰਨ ਦਾ ਇਛਕ ਹੈ।

ਉਪਨਿਸ਼ਦਾਂ ਦੇਵਤਿਆਂ ਨੂੰ ਸੁਤੰਤਰ ਸ਼ਕਤੀਆਂ ਮੰਨਣ ਤੋਂ ਇਨਕਾਰੀ ਹਨ। ਇਨ੍ਹਾਂ ਅਨੁਸਾਰ ਬ੍ਰਹਮ ਹੀ ਕੇਵਲ ਇਕ ਅਦੁਤੀ ਹੋਂਦ ਹੈ। ਬਾਕੀ ਦੇ ਸਾਰੇ ਦੇਵਤੇ ਇਸ ਅਦੁਤੀ ਸ਼ਕਤੀ ਦਾ ਹੀ ਜ਼ਹੂਰ ਹਨ।

ਮਈਤ੍ਰਾਯਣਯ ਉਪਨਿਸ਼ਦ ਅਨੁਸਾਰ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਆਦਿ ਸਮੂੰਹ ਦੇਵਤੇ ਪਰਮ, ਅਮਰ ਤੇ ਨਿਰਾਕਾਰ ਬ੍ਰਹਮ ਦਾ ਵਿਸ਼ੇਸ਼ ਸਰੂਪ ਹਨ।

ਉਪਨਿਸ਼ਦਾਂ ਅਨੁਸਾਰ ਗਿਆਨ ਦੇ ਪ੍ਰਕਾਰ ਦਾ ਹੈ :

(੧) ਪਰਾ, (੨) ਅਪਰਾ।

ਪਰਾ ਗਿਆਨ ਉਚੇਰਾ ਗਿਆਨ ਹੈ ਜਿਸ ਨੂੰ ਅਸੀਂ ਅਕਸਰ ਬ੍ਰਹਮ ਦਾ ਗਿਆਨ ਕਹਿ ਸਕਦੇ ਹਾਂ।

ਅਪਰਾ ਗਿਆਨ ਵਿਚ ਖੋਜ ਤੇ ਤਜਰਬੇ ਦੇ ਅਧਾਰ ਤੇ ਉਸਰੇ ਸਾਇੰਸ ਤੇ ਕਲਾ ਵੀ ਸ਼ਾਮਲ ਹਨ। ਨਾਸ਼ਵਾਨ ਪਦਾਰਥਾਂ ਅਤੇ ਸੁਖਾਂ ਨਾਲ ਸੰਬੰਧਿਤ ਗਿਆਨ ਵੀ ਅਪਰਾ ਹੈ। ਸਗੋਂ ਇਹ ਦਿਲਚਸ਼ਪੀ ਤੋਂ ਖਾਲੀ ਨਹੀਂ ਕਿ ਵੇਦਾਂ ਨੂੰ ਇਸੇ ਨੀਵੇਂ ਦਰਜੇ ਦੇ ਗਿਆਨ ਵਿਚ ਗਿਣਿਆ ਗਿਆ ਹੈ।

ਉਪਨਿਸ਼ਦਾਂ ਵਿਚ ਸਾਰੇ ਦਿਸਦੇ ਸੰਸਾਰ ਦੀ ਨੀਂਹ ਜਿਸ ਨੂੰ ਪਰਮ ਤੱਤ ਕਿਹਾ ਜਾਂਦਾ ਹੈ, ਨੂੰ ਖੋਜਣ ਦਾ ਯਤਨ ਕੀਤਾ ਗਿਆ ਹੈ। ਮਨੁੱਖੀ ਰੂਹ ਲਈ ਸ਼ਬਦ ਆਤਮਾ ਵਰਤਿਆ ਗਿਆ ਹੈ। ਇਸ ਪਰਮ ਤੱਤ ਨੂੰ ਹੀ ਬ੍ਰਹਮ ਵੀ ਆਖਿਆ ਗਿਆ ਹੈ। ਅੰਤਮ ਨਿਰਣਾ ਇਹ ਕੀਤਾ ਗਿਆ ਹੈ ਜੋ ਬ੍ਰਹਮ ਤੇ ਆਤਮਾ ਦੋ ਅਡ-ਅਡ ਹਸਤੀਆਂ ਨਹੀਂ ਇਕੋ ਹਨ। ਬ੍ਰਹਮ ਜਗਤ ਦਾ ਨਮਿਤ ਕਾਰਣ ਵੀ ਹੈ ਤੇ ਉਪਾਦਾਨ ਕਾਰਣ ਵੀ। ਉਹ ਸਰਵ-ਵਿਆਪੀ ਵੀ ਹੈ। ਬਹੁ-ਭਾਂਤੀ ਜਗਤ ਪੈਦਾ ਕਰ ਕੇ ਵੀ ਉਸ ਵਿਚ ਕੋਈ ਘਾਟ ਪੈਦਾ ਨਹੀਂ ਹੁੰਦੀ। ਉਹ ਆਪ ਵੀ ਪੂਰਨ ਹੈ ਤੇ ਉਸ ਦੀ ਰਚਨਾ (ਜਗਤ) ਵੀ ਪੂਰਣ। ਉਸ ਵਿਚੋਂ ਨਿਕਲ ਕੇ ਵੀ ਉਸ ਵਿਚ ਕੋਈ ਘਾਟ ਨਹੀਂ ਆਉਣ ਦੇਂਦਾ। ਸਗੋਂ ਉਹ ਉਸੇ ਤਰ੍ਹਾਂ ਹੀ ਪੂਰਨ ਰਹਿੰਦਾ ਹੈ।

ਵਿਅਕਤੀਗਤ ਆਤਮਾ ਹੀ ਜੀਵ ਹੈ। ਇਕ ਰੁਖ ਤੇ ਬੈਠੇ ਇਹ ਦੋ ਪੰਛੀ ਹਨ। ਇਕ ਉਸ ਰੁਖ ਦਾ ਫਲ ਖਾਂਦਾ ਹੈ ਤੇ ਦੂਜਾ ਨਿਰਾ ਸਾਖੀ ਰੂਪ ਹੈ ਖਾਂਦਾ ਕੁਝ ਨਹੀਂ। ਫਲ ਖਾਣ ਵਾਲਾ ਸੰਸਾਰਕ ਦੁਖਾਂ-ਸੁਖਾਂ ਦਾ ਭੋਗਤਾ ਹੈ ਤੇ ਆਪਣੇ ਆਪ ਨੂੰ ਨਿਰਬਲ ਅਨੁਭਵ ਕਰਦਾ ਹੈ। ਪਰ ਦੂਜੇ ਦੀ ਪ੍ਰਭਤਾ ਪੂਜਾ ਤੇ ਵਡਿਆਈ ਹੁੰਦੀ ਵੇਖ ਇਹ ਵੀ ਉਸ ਵਲ ਵੇਖਦਾ ਹੈ ਤੇ ਉਸੇ ਵਰਗਾ ਹੋ ਜਾਂਦਾ ਹੈ। ਜੀਵ ਸ਼ਰੀਰ, ਮਨ ਤੇ ਬੁਧੀ ਦੀ ਵਲਗਣ ਵਿਚ ਹੈ ਤੇ ਇਹ ਵਲੇਵਾਂ ਹੀ ਇਸ ਨੂੰ ਬ੍ਰਹਮ ਤੋਂ ਵਖ ਕਰਦਾ ਹੈ।

ਤਈਤਿਰਯ ਉਪਨਿਸ਼ਦ ਵਿਚ ਹੇਠ ਲਿਖੇ ਪੰਜ ਕੋਸ਼ਾਂ ਦਾ ਜ਼ਿਕਰ ਹੈ:

(੧) ਅਨੋਰਸਮਯੀ, (੨) ਪ੍ਰਾਣਮਯੀ, (੩) ਮਨੋਮਯ,
(੪) ਮਿਗਯਾਨਮਯ (੫) ਆਨੰਦਮਈ।

ਇਹ ਪੰਜੇ ਕੋਸ਼ ਰਲ ਕੇ ਜੀਵ ਆਤਮਾ ਦਾ ਭੋਗ ਘਰ ਬਣਾਂਦੇ ਹਨ। ਅਸਲੀਅਤ ਦਾ ਗਿਆਨ ਪ੍ਰਾਪਤ ਕਰਨ ਮਗਰੋਂ ਅੰਤ ਨੂੰ ਇਹ ਮੁਕਤ ਹੋ ਜਾਂਦੀ ਹੈ।

ਸ਼ਰੀਰਕ ਜਾਮਾ ਧਾਰਨ ਕਰ ਕੇ ਵੀ ਉਪਨਿਸ਼ਦਾਂ ਅਨੁਸਾਰ ਜੀਵ

ਆਤਮਾ ਜਮਣ-ਮਰਣ ਵਿਚ ਨਹੀਂ ਆਉਂਦੀ। ਇਹ ਅਜਨਮੀ, ਸਦੀਵੀ ਤੇ ਆਦਿ ਤੋਂ ਹੈ। ਇਕ ਸਰੀਰ ਦੇ ਨਾਲ ਹੋਣ ਤੇ ਇਹ ਦੂਜਾ ਸ਼ਰੀਰ ਧਾਰ ਲੈਂਦੀ ਹੈ। ਇਹ ਜਨਮ-ਮਰਨ ਦਾ ਗੇੜ ਤੇ ਨਿਤ ਨਵੇਂ ਸ਼ਰੀਰਾਂ ਦਾ ਸਹੇੜ ਓਦੋਂ ਤਕ ਲਗਾ ਰਹਿੰਦਾ ਹੈ ਜਦ ਤਕ ਇਹ ਅਸ਼ਲੀਅਤ ਦਾ ਗਿਆਨ ਪ੍ਰਾਪਤ ਕਰ ਕੇ ਮੁਕਤ ਨਹੀਂ ਹੋ ਜਾਂਦੀ। ਅਸਲ ਵਿਚ ਜਨਮ-ਮਰਨ ਤੋਂ ਛੁਟਕਾਰਾ ਪਾਣਾ ਹੀ ਮੁਕਤੀ ਹੈ। ਕਈਆਂ ਦਾ ਖਿਆਲ ਹੈ ਕਿ ਮੁਕਤੀ ਇਸ ਜੀਵਨ ਵਿਚ ਵੀ ਪ੍ਰਾਪਤ ਹੋ ਸਕਦੀ ਹੈ।

ਉਪਨਿਸ਼ਦਾਂ ਦੀ ਸੋਚ ਉਡਾਰੀ ਦਾ ਨਿਚੋੜ ਅਸੀਂ ਇਸ ਤਰ੍ਹਾਂ ਬਿਆਨਦੇ ਹਾਂ। ਜੀਵ ਆਤਮਾਂ ਨੂੰ ਬੰਧ ਵਿਚ ਪਾਣ ਦਾ ਮੂਲ ਕਾਰਨ ਆਪਣੇ ਅਸਲੇ ਨੂੰ ਭੁਲ ਕੇ ਆਪਣੇ ਆਪ ਨੂੰ ਹਉਮੈ, ਮਨ ਅਤੇ ਸ਼ਰੀਰ ਨਾਲ ਇਕ ਕਰਨਾ ਹੈ। ਇਸ ਆਵਾ-ਗਉਨ ਦੇ ਬੰਧਨ ਤੋਂ ਛੁਟਨ ਲਈ ਪ੍ਰਿਥਮੇ ਵੈਰਾਗ ਦੀ ਲੋੜ ਹੈ। ਫਿਰ ਗੁਰੂ ਪਾਸੋਂ ਗ੍ਰੰਥਾਂ ਵਿਚ ਦਸੇ ਰਾਹ ਦੇ ਸਮਝਣ ਤੇ ਮੰਨਣ ਤੇ ਨਿਧਿਆਸਨ ਦੁਆਰਾ ਅਸਲੀਅਤ ਨੂੰ ਸਾਖਿਆਤ ਕਰਨ ਦੀ ਆਵਸ਼ਕਤਾ ਹੈ। ਅਸਲੀਅਤ ਤੇ ਸਾਖਿਆਤ ਹੋਣ ਤੇ ਜੀਵ ਆਤਮਾ ਮੁਕਤ ਹੋ ਜਾਂਦੀ ਹੈ।

ਖਟ ਦਰਸ਼ਨ

ਉਪਨਿਸ਼ਦਾਂ, ਆਤਮਕ ਵਿਚਾਰ ਤੱਥਾ ਫਿਲਾਸਫੀ ਦੇ ਗ੍ਰੰਥ ਹਨ। ਇਨ੍ਹਾਂ ਵਿਚ ਆਏ ਮੰਤਕ ਨੇ ਦਾਰਸ਼ਨਿਕ ਵਿਚਾਰ-ਧਾਰਾਂ ਉਪਜਾਈਆਂ ਜਿਸ ਨੇ ਦਰਸ਼ਨ ਕਾਲ ਨੂੰ ਜਨਮ ਦਿਤਾ।

ਰਿਸ਼ੀ ਦੇ ਅਰਥ ਹਨ ਵੇਖਣ ਵਾਲਾ ਤੇ ਜੋ ਕੁਝ ਵੇਖਿਆ ਗਿਆ ਉਸ ਨੂੰ ਦਰਸ਼ਨ ਦਾ ਨਾਂ ਦਿਤਾ ਗਿਆ। ਜਿਨ੍ਹਾਂ ਮਹਾਨ ਵਿਅਕਤੀਆਂ ਨੂੰ ਅੰਤਰ ਆਤਮੇ ਪਰਾ ਭੌਤਕ ਈਸ਼ਵਰੀ ਜਲਵੇ ਦਾ ਜ਼ਹੂਰ ਹੋਇਆ। ਉਹ ਰਿਸ਼ੀ ਅਖਵਾਏ ਤੇ ਏਸ ਡਿਠੇ ਨੂੰ ਬਿਆਨਣ ਲਈ ਜੋ ਕੁਝ ਉਨ੍ਹਾਂ ਲਿਖਿਆ ਉਸਨੂੰ ਸ਼ਾਸਤ੍ਰ ਆਖਿਆ ਗਿਆ। ਕਿਉਂਕਿ ਉਪਨਿਸ਼ਦਾਂ ਦੇ ਅਧਾਰ ਤੇ ਇਹ ਕੀਤੇ ਗਏ ਅਨੁਭਵੀ ਤਜਰਬੇ ਸ਼ਾਸ਼ਤਰਾਂ ਵਿਚ ਬਿਆਨੇ ਗਏ ਸਨ, ਜਾਂ ਇਵੇਂ ਸਮਝ ਲਵੋ ਜੋ ਇਹ ਉਪਨਿਸ਼ਦਾਂ ਤੇ ਆਧਾਰਿਤ ਪ੍ਰਤੱਖ ਗਿਆਨ ਸੀ, ਇਸ ਲਈ ਇਨ੍ਹਾਂ ਨੂੰ ਦਰਸ਼ਨ ਵੀ ਆਖਿਆ ਗਿਆ। ਇਨ੍ਹਾਂ ਦਰਸ਼ਨਾਂ ਵਿਚ ਰਿਸ਼ੀਆਂ ਦੀਆਂ ਦੀਨੀਆਤ ਸੰਬੰਧੀ ਵਿਚਾਰਾਂ ਸੂਤ੍ਰ-ਬੰਦ ਰਖੀਆਂ ਗਈਆਂ ਸਨ।

ਦੀਨੀਆਤ ਬੁਧੀ ਦਾ ਵਿਸ਼ਾ ਨਹੀਂ ਇਸ ਦਾ ਸਬੰਧ ਅਨੁਭਵ ਨਾਲ ਹੈ। ਅਗੱਮ ਤੇ ਅਗਾਧ ਵਿਸ਼ਾ ਹੋਨ ਕਰ ਕੇ ਅਨਭਵਤਾ ਵਿਚ ਫਰਕ ਪੈ ਜਾਣਾ ਵੀ ਕੁਦਰਤੀ ਹੀ ਹੈ। ਇਸ ਤਰ੍ਹਾਂ ਸ਼ਾਸਤ੍ਰਾਂ ਦੇ ਦੀਨੀਆਤ ਸਬੰਧੀ ਦਿਤੇ ਖਿਆਲਾਂ

ਵਿਚ ਵੀ ਅੰਤਰ ਹੈ। ਇਨ੍ਹਾਂ ਖਿਆਲਾਂ ਦੀ ਵਿਖੇਪਤਾ ਕਰ ਕੇ ਇਨ੍ਹਾਂ ਦੀ ਗਿਣਤੀ ਵੀ ਕਾਫੀ ਹੈ ਪਰ ਪਰਸਿਧਤਾ ਕੇਵਲ ੬ ਵਿਚਾਰ-ਧਾਰਾਂ ਨੇ ਹੀ ਲਈ ਹੈ। ਇਹ ਖਟ ਦਰਸ਼ਨ ਕਰ ਕੇ ਪਰਸਿਧ ਹਨ। ਇਨ੍ਹਾਂ ਦਾ ਵਰਨਣ ਗੁਰਬਾਣੀ ਵਿਚ ਵੀ ਇਸ ਪ੍ਰਕਾਰ ਆਇਆ ਹੈ :

> ਛਿਅ ਘਰ ਛਿਅ ਗੁਰ ਛਿਅ ਉਪਦੇਸ਼ ॥
> ਗੁਰੁ ਗੁਰੁ ਏਕੋ ਵੇਸ ਅਨੇਕ ॥ [ਆਸਾ ਮ: ੧]

ਦਾਰਸ਼ਨਿਕ ਕਾਲ ੬੦੦ ਤੋਂ ੨੦੦ ਸਾਲ ਪੂ: ਈ: ਤਕ ਨਿਸਚਤ ਕੀਤਾ ਜਾ ਸਕਦਾ ਹੈ। ਗੁਰਮੱਤ ਦੀ ਵਿਚਾਰ-ਧਾਰਾ ਦਾ ਆਰੰਭ ਪੰਦਰਵੀਂ ਸ਼ਤਾਬਦੀ ਤੋਂ ਹੋਇਆ ਹੈ। ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਤਕ ਹਿੰਦੂ ਧਰਮ ਵਿਚ ਦਾਰਸ਼ਨਕ ਵਿਚਾਰ-ਧਾਰਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਤ ਸਨ। ਇਸ ਲਈ ਗੁਰਮਤ ਵਿਚ ਇਨ੍ਹਾਂ ਦਾ ਅਸਰ ਕਿਸੇ ਹਦ ਤਕ ਆਉਣਾ ਵੀ ਸੁਭਾਵਕ ਹੀ ਸੀ। ਸੋ ਗੁਰਮਤ ਨੂੰ ਸਮਝਣ ਲਈ ਸਾਨੂੰ ਇਸ ਦੇ ਪਿਛੋਕੜ ਨੂੰ ਵਿਚਾਰਨਾ ਵੀ ਜ਼ਰੂਰੀ ਹੈ।

ਅਗਲੇ ਪੰਨਿਆਂ ਤੇ ਅਸੀਂ ਭਿੰਨ-ਭਿੰਨ ਸ਼ਾਸਤਰਾਂ ਦੇ ਮੁਖ ਵਿਚਾਰ ਤੇ ਉਨ੍ਹਾਂ ਦਾ ਗੁਰਮਤ ਤੇ ਪਿਆ ਸਿਧਾ ਜਾਂ ਉਲਟਾ ਅਸਰ ਵਿਸਥਾਰ ਸਹਿਤ ਦਸਣ ਦਾ ਯਤਨ ਕਰਾਂਗੇ।

ਨਯਾਇ ਅਤੇ ਵਸ਼ੇਸ਼ਕ ਦਰਸ਼ਨ ਤੇ ਗੁਰਮੱਤ

ਨਯਾਇ ਅਤੇ ਵਸ਼ੇਸ਼ਕ ਦੋਵੇਂ ਦਰਸ਼ਨ ਸਮਕਾਲੀ ਕਹੇ ਜਾਂਦੇ ਹਨ । ਇਨ੍ਹਾਂ ਦਾ ਰਚਨਾ ਕਾਲ ਲਗ ਭਗ ੩੦੦ ਸਾਲ ਪੂ: ਈ: ਤੋਂ ਪਹਿਲਾਂ ਦਾ ਮਿਥਿਆ ਜਾ ਸਕਦਾ ਹੈ । ਸ਼ਾਸਤਰਕਾਰਾਂ ਨੇ ਆਪਣੇ ਵਿਚਾਰਾਂ ਨੂੰ ਵਿਸ਼ੇਸ਼ ਕਰਕੇ ਵੇਦਾਂ ਦੇ ਆਧਾਰ ਤੇ ਹੀ ਰੌਂ ਸਿਰ ਕੀਤਾ ਹੈ ਇਸ ਲਈ ਇਨ੍ਹਾਂ ਵਿਚ ਆਏ ਸਿਧਾਂਤ ਵੇਦਾਂ ਵਾਂਗ ਹੀ ਪੁਰਾਣੇ ਕਹੇ ਜਾ ਸਕਦੇ ਹਨ ।

ਨਯਾਇ ਦਾ ਕਰਤਾ ਗੌਤਮ ਤੇ ਵਸ਼ੇਸ਼ਕ ਦਾ ਰਚਤਾ ਕਣਾਦ ਹੈ । ਇਨ੍ਹਾਂ ਦੋਹਾਂ ਦੇ ਵਿਚਾਰਾਂ ਵਿਚ ਬੁਨਿਆਦੀ ਮੇਲ ਹੈ । ਦੋਹਾਂ ਮਹਾਂ ਪੁਰਖਾਂ ਨੇ ੯ ਦ੍ਰਵ ਮਨੇ ਹਨ ਤੇ ਉਹ ਹੇਠਾਂ ਦਸੇ ਜਾਂਦੇ ਹਨ :

(੧) ਪ੍ਰਿਥ੍ਵੀ
(੨) ਜਲ
(੩) ਵਾਯੂ
(੪) ਅਗਨ
} ਪ੍ਰਮਾਣੂ ਸਦੀਵੀ ਹਨ ਪਰ ਗੁਣਾ ਕਰਕੇ ਵਖਰੇ ਹਨ ।

(੫) ਅਕਾਸ਼ :—ਸਰਬ ਵਿਆਪੀ ਹੈ । ਸ਼ਦੀਵੀ ਇਕ ਭੌਤਕ ਦ੍ਰਵ ਹੈ । ਦਿਸਦਾ ਨਹੀਂ ਪਰ ਆਪਣੇ ਗੁਣ ਸ਼ਬਦ ਤੋਂ ਅਨਮਾਨਿਆ ਜਾਂਦਾ ਹੈ ।

(੬) ਦਿਸ਼
(੭) ਕਾਲ
} —ਸਦੀਵੀ ਹਨ, ਆਦਿਸ ਹਨ । ਸਰਵ ਵਿਆਪਕ ਹਨ ।

(੮) ਆਤਮਾ :—ਅਮਰ ਹੈ, ਸਰਵ ਵਿਆਪਕ ਹੈ । ਸਰੀਰ, ਗਿਆਨ ਅਤੇ ਚੇਤੰਨਾ ਦੇ ਵਹਾਓ ਤੋਂ ਅਡਰੀ ਤੇ ਵਖਰੀ ਹੈ ।

ਨੋਟ :—ਗੌਤਮ ਤੇ ਕਣਾਦ ਦੋਵੇਂ ਮੰਨਦੇ ਹਨ ਜੋ ਅੰਤ੍ਰੀਵ (ਮਾਨਸਕ) ਸੂਝ ਦੁਆਰਾ ਆਤਮਾ ਦਾ ਸਿਧਾ ਅਨਭਵ ਵੀ ਹੋ ਸਕਦਾ ਹੈ । ਇਛਾ, ਤ੍ਰਿਸ਼ਨਾ, ਰਾਗ, ਦ੍ਵੈਖ ਆਦਿ ਆਤਮਕ ਗੁਣ ਕਿਸੇ ਭੌਤਕ ਦ੍ਰਵ ਵਿਚ ਹੋਣੇ ਸੰਭਵ ਨਹੀਂ, ਇਸ ਲਈ ਆਤਮਾ ਇਕ ਮਾਦੀ ਪਦਾਰਥ

ਨਹੀਂ ਹੋ ਸਕਦਾ। ਗਿਆਨ ਤੇ ਚੇਤਨਾ ਭਾਵੇਂ ਆਤਮਾ ਦਾ ਗੁਣ ਤਾਂ ਹੈ ਪਰ ਇਹ ਇਸਦੇ ਅਸਲੇ ਦਾ ਅਨਿਖੜਵਾਂ ਭਾਗ ਨਹੀਂ। ਸਤ ਦੇ ਗਿਆਨ ਰਾਹੀਂ ਜਦੋਂ ਆਤਮਾ ਮੁਕਤੀ ਹਾਸਲ ਕਰ ਲੈਂਦੀ ਹੈ ਤਾਂ ਸਰੀਰ ਨਾਲੋਂ ਆਪਣਾ ਸਬੰਧ ਤੋੜ ਲੈਂਦੀ ਹੈ, ਇਸ ਲਈ ਉਹ ਦੁਖ ਸੁਖ ਦੇ ਅਹਿਸਾਸ ਤੋਂ ਵੀ ਛੁਟਕਾਰਾ ਪਾ ਲੈਂਦੀ ਹੈ। ਫੇਰ ਉਸਨੂੰ ਕੋਈ ਚੇਤਨਾ ਵੀ ਨਹੀਂ ਰਹਿੰਦੀ।

(੯) ਮਨ :—ਇਹ ਵੀ ਇਕ ਅਣੂ ਤੇ ਅਦਿਖ ਦ੍ਰਵ ਹੈ। ਇਹ ਇਕ ਅੰਤ੍ਰੀਵ ਇੰਦ੍ਰੀ ਹੈ ਜੋ ਆਤਮਾ ਤੇ ਇਸਦੇ ਗੁਣ ਦੁਖ ਸੁਖ ਨੂੰ ਅਨਭਵ ਕਰਨ ਲਈ ਹੈ। ਭਾਵੇਂ ਸਾਡੀਆਂ ਗਿਆਨ ਇੰਦ੍ਰੀਆਂ ਨੂੰ ਇਕੋ ਸਮੇਂ ਤੇ ਕਈ ਵਸਤੂਆਂ ਦੀ ਛੋਹ ਪ੍ਰਾਪਤ ਹੋਵੇ ਤਦ ਵੀ ਇਕੋ ਸਮੇਂ ਤੇ ਅਸੀਂ ਉਨ੍ਹਾਂ ਸਾਰੀਆਂ ਵਸਤਾਂ ਦਾ ਗਿਆਨ ਪ੍ਰਾਪਤ ਨਹੀਂ ਕਰ ਸਕਦੇ। ਕੇਵਲ ਉਸੇ ਵਸਤੂ ਦਾ ਗਿਆਨ ਹਾਸਲ ਕਰ ਸਕਦੇ ਹਾਂ ਜੋ ਉਸ ਇੰਦ੍ਰੀ ਦਾ ਵਿਸ਼ਾ ਹੋਵੇ ਤੇ ਜਿਸ ਨਾਲ ਮਨ ਜੁੜਿਆ ਹੋਵੇ।

ਇਹ ਮਨ ਦੀ ਹੋਂਦ ਨੂੰ ਸਿਧ ਕਰਨ ਲਈ ਯੋਗ ਪ੍ਰਮਾਣ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਜੋ ਮਨ ਇਕ ਅਣੂ ਹੈ। ਇਹ ਇਕ ਅੰਤ੍ਰੀਵ ਇੰਦ੍ਰੀ ਹੈ ਜੋ ਇਕ ਸਮੇਂ ਤੇ ਕੇਵਲ ਇਕ ਹੀ ਬਾਹਰਲੀ ਇੰਦ੍ਰੀ ਨਾਲ ਜੁੜ ਸਕਦੀ ਹੈ।

ਇਸ ਤੋਂ ਇਲਾਵਾ ਇਨ੍ਹਾਂ ਦੋਹਾਂ ਨੇ ਕੁਝ ਕੁ ਹੇਠ ਲਿਖੀਆਂ ਗਲਾਂ ਹੋਰ ਵੀ ਮੰਨੀਆਂ ਹਨ :

(੧) ਸੰਸਾਰ ਦੇ ਸਭ ਸੀਮਤ ਭੌਤਕ ਪਦਾਰਥ ਪਰਮਾਣੂਆਂ ਤੋਂ ਬਣੇ ਹੋਏ ਹਨ। ਨਾਲ ਹੀ ਜੀਵ ਹਨ ਜਿਨ੍ਹਾਂ ਪਾਸ ਸਰੀਰ, ਗਿਆਨ, ਇੰਦਰੀਆਂ, ਮਨ, ਬੁਧੀ ਅਤੇ ਹੰਕਾਰ ਵੀ ਹੈ। ਇਹ ਸਾਰੇ ਕਾਲ, ਦਿਸ਼ ਅਤੇ ਅਕਾਸ਼ ਵਿਚ ਸਥਿਤ ਹਨ ਤੇ ਇਕ ਦੂਜੇ ਤੇ ਅਸਰ ਪਾਂਦੇ ਹਨ।

(੨) ਵਿਅਕਤੀਗਤ ਆਤਮਾਵਾਂ ਦਾ ਜੀਵਨ ਅਤੇ ਹੋਣੀ ਨਿਰਾ ਭੌਤਕ ਨੀਯਮਾਂ ਦੇ ਵਸ ਵਿਚ ਨਹੀਂ, ਸਗੋਂ ਕਰਮਾਂ ਦਾ ਇਖ਼ਲਾਕੀ ਨਜ਼ੀਮ ਵੀ ਇਨ੍ਹਾਂ ਤੇ ਲਾਗੂ ਹੁੰਦਾ ਹੈ।

(੩) ਵਿਅਕਤੀਗਤ ਜੀਵਾਂ ਦੇ ਇਹ ਅਦ੍ਰਿਸ਼ਟ ਕਰਮ ਹੀ ਸੰਸਾਰ ਦੀ ਉਤਪਤੀ ਦਾ ਕਾਰਨ ਹਨ ।

(੪) ਦੋਵੇਂ ਮੱਤ ਆਸ਼ਤਕ ਹਨ ਤੇ ਈਸ਼ਵਰ ਦੀ ਹਸਤੀ ਨੂੰ ਮੰਨਦੇ ਹਨ । ਦੋਹਾਂ ਅਨੁਸਾਰ ਈਸ਼ਵਰ—

(ੳ) ਅਦੁਤੀ, ਬੇਅੰਤ ਤੇ ਸਦੀਵੀ ਹੈ ।

(ਅ) ਉਤਪਤੀ, ਸਬਿਤੀ ਅਤੇ ਨਾਸ ਦਾ ਸਰਵਗਯ ਤੇ ਸਰਬ ਸ਼ਕਤੀਮਾਨ ਕਾਰਨ ਹੈ ।

(ੲ) ਸੰਸਾਰ ਦਾ ਪ੍ਰਥਮ ਨਮਿਤ ਕਾਰਨ ਹੈ ਪਰ ਉਪਾਦਾਨ ਕਾਰਨ ਨਹੀਂ ।

(ਸ) ਉਹ ਸੰਸਾਰ ਦਾ ਕਰਤਾ ਨਹੀਂ ਬਿਧਾਤਾ ਤੇ ਕਰਮ ਦਾ ਫਲ ਪ੍ਰਦਾਤਾ ਹੈ ।

ਸੰਖੇਪ ਵਿਚ ਅਸੀਂ ਹੇਠ ਲਿਖੇ ਸਿਟੇ ਤੇ ਅਪੜਦੇ ਹਾਂ—

(੧) ਈਸ਼ਵਰ ਜੀਵ ਤੇ ਪ੍ਰਕ੍ਰਿਤੀ ਤਿੰਨੇ ਅਨਾਦੀ ਹਨ ।

(੨) ਜੀਵ ਈਸ਼ਵਰ ਤੋਂ ਭਿੰਨ ਹੈ ਇਸ ਲਈ ਅਭੇਦਤਾ ਦਾ ਸਵਾਲ ਪੈਦਾ ਹੀ ਨਹੀਂ ਹੋ ਸਕਦਾ ।

(੩) ਸ੍ਰਿਸ਼ਟੀ ਰਚਨਾ ਪਰਮਾਣੂਆਂ ਦੇ ਮੇਲ ਤੋਂ ਹੋਈ ਹੈ । ਈਸ਼ਵਰ ਮੇਲਣ ਹਾਰ ਹੈ ਜੋ ਜੁਲਾਹੇ ਵਾਂਗ ਕਪੜਾ ਉਣਦਾ ਹੈ ਪਰ ਸੂਤ ਤੇ ਖੱਡੀ ਉਸ ਤੋਂ ਵਖਰੇ ਹਨ ਜਾਂ ਇਵੇਂ ਕਹਿ ਲਵੋ ਕੁਮਿਆਰ ਭਾਂਡੇ ਤਾਂ ਘੜਦਾ ਹੈ ਪਰ ਮਿਟੀ ਤੇ ਚੱਕ ਦੀ ਵੀ ਉਸ ਨੂੰ ਲੋੜ ਹੈ ਤੇ ਇਹ ਦੋਵੇਂ ਚੀਜ਼ਾਂ ਉਸ ਤੋਂ ਵਖਰੀਆਂ ਹਨ ।

(੪) ਪਰਮਾਣੂ ਸੱਤ ਹਨ ਪਰ ਉਨ੍ਹਾਂ ਤੋਂ ਬਣਿਆ ਜਗਤ ਅਸੱਤ ਹੈ । ਕਾਰਣ ਵਿਚ ਕਾਰਜ ਮੌਜੂਦ ਨਹੀਂ ਰਹਿੰਦਾ । ਪਰਮਾਣੂ ਕਾਰਣ ਪਹਿਲੇ ਮੌਜੂਦ ਸਨ ਪਰ ਜਗਤ (ਕਾਰਜ) ਪਹਿਲੇ ਹੋਂਦ ਵਿਚ ਨਹੀਂ ਸੀ । ਕਾਰਜ ਸਦਾ ਕਾਰਨ ਤੋਂ ਭਿੰਨ ਰਹਿੰਦਾ ਹੈ ।

ਹੁਣ ਅਸੀਂ ਗੁਰਮੱਤ ਨੂੰ ਇਨ੍ਹਾਂ ਮਨੌਤਾਂ ਅਨੁਸਾਰ ਵਿਚਾਰਨ ਦਾ ਯਤਨ ਕਰਦੇ ਹਾਂ ।

ਗੁਰਮੱਤ

ਇਕ ਅਕਾਲ ਹੀ ਅਨਾਦੀ ਹੈ ਹੋਰ ਕੁਝ ਵੀ ਅਨਾਦੀ ਨਹੀਂ । ਗੁਰਮੱਤ ਪਕੀ ਅਦ੍ਵੈਤਵਾਦੀ ਹੈ ਪਰ ਇਸ ਦਾ ਅਦ੍ਵੈਤਵਾਦ ਵੀ ਆਪਣੀ ਨਵੇਕਲੀ ਥਾਂ

ਰਖਦਾ ਹੈ। ਗੁਰਮਤ ਦਾ ਬ੍ਰਹਮ ਕੇਵਲ ਇਕ ਹੈ। ਨਿਰਆਕਾਰ ਹੈ। ਆਪਣੀ ਕਿਸਮ ਦਾ ਆਪ ਹੈ ਸਦੀਵੀ ਹਸਤੀ ਹੁੰਦਿਆਂ ਵੀ ਉਹ ਅਪੋਹੰਚ ਤੇ ਅਲੇਪ ਹੈ ਫਿਰ ਵੀ ਘਟ ਘਟ ਵਿਚ ਵਿਆਪਕ ਹੈ :

ਏਕਮ ਏਕੰਕਾਰ ਨਿਰਾਲਾ। ਅਮਰ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰ ਰੂਪ ਨਾ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥
(ਬਿਲਾਵਲ ਮ: ੧ ਥਿਤਿ)

ਆਪੇ ਪਟੀ ਕਲਮ ਆਪਿ ਉਪਰ ਲੇਖ ਭੀ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥

ਪਉੜੀ—ਤੂ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
ਤੁਧੁ ਬਿਨ ਦੂਜਾ ਕੋ ਨਹੀ ਤੂ ਰਿਹਾ ਸਮਾਈ ॥
ਤੇਰੀ ਗਤਿ ਮਿਤਿ ਤੂ ਹੈ ਜਾਣਦਾ ਤੁਧੁ ਕੀਮਤ ਪਾਈ ॥
ਤੂ ਅਲਖ ਅਗੋਚਰ ਅਗਮੁ ਹੈ ਗੁਰਮਤ ਦਿਖਾਈ ॥੨੮॥
(ਵਾਰ ਮਲਾਰ ਮ: ੧)

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪ ਕਾਇਆ ਤੇਰੀ ॥
ਤੂ ਆਪੇ ਰਸਨਾ ਆਪੇ ਬਸਨਾ ਅਵਰ ਨ ਦੂਜਾ ਕਹਉ ਮਾਈ ॥
ਸਾਹਿਬ ਮੇਰਾ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥੫॥
(ਆਸਾ ਮ: ੧)

੨. ਆਤਮਾ ਅਤੇ ਪਰਮਾਤਮਾ ਦਾ ਸਬੰਧ ਸੂਰਜ ਤੇ ਕਿਰਨ, ਬੂੰਦ ਤੇ ਸਾਗਰ ਦਾ ਹੈ ਇਸ ਲਈ ਅਭੇਦਤਾ ਜ਼ਰੂਰੀ ਹੈ :

ਸੂਰਜ ਕਿਰਣਿ ਮਿਲ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥੨॥
(ਬਿਲਾਵਲ ਮ: ੫ ਛੰਤ)

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥
(ਗਉੜੀ ਸੁਖਮਨੀ ਮ: ੫)

ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸੋਰਠ ਮ: ੯)

ਜਲ ਤਰੰਗ ਜਿਉ ਜਲਹਿ ਸਮਾਇਆ ॥
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
ਕਹੁ ਨਾਨਕ ਭ੍ਰਮ ਕਟੇ ਕਿਵਾੜਾ ॥
ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥

(ਮਾਝ ਮ: ੫)

੩. ਸ੍ਰਿਸ਼ਟੀ ਅਕਾਲ ਪੁਰਖ ਨੇ ਆਪਣੇ ਹੁਕਮ ਅੰਦਰ ਸ਼ਾਜੀ ਹੈ। ਉਹ ਹੀ ਇਕੋ ਇਕ ਕਰਨਹਾਰ ਹੈ। ਹੁਕਮ ਅੰਦਰ ਹੀ ਸਾਜਦਾ ਤੇ ਹੁਕਮ ਅੰਦਰ ਹੀ ਸਮੇਟ ਲੈਂਦਾ ਹੈ। ਸਾਜਣ ਵੇਲੇ ਉਹ ਕਿਸੇ ਦੀ ਸਲਾਹ ਨਹੀਂ ਲੈਂਦਾ, ਨਾ ਹੀ ਉਸ ਨੂੰ ਕਿਸੇ ਦੂਜੀ ਚੀਜ਼ ਦੀ ਲੋੜ ਪੈਂਦੀ ਹੈ। ਪੁਰਸ਼ ਤੇ ਪਰਕ੍ਰਿਤੀ ਉਸ ਦੀ ਆਪਣੀ ਰਚਨਾ ਹੈ। ਉਸ ਤੋਂ ਛੁਟ ਹੋਰ ਕੋਈ ਚੀਜ਼ ਅਨਾਦੀ ਨਹੀਂ। ਉਹ ਆਪਣੇ ਆਪ ਵਿਚ ਪੂਰਨ ਤੇ ਸਮਰਥ ਹੈ।

ਮੰਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥
ਕਰਨ ਹਾਰੁ ਨਾਨਕ ਇਕੁ ਜਾਨਿਆ ॥੩॥੨੨॥

(ਗਉੜੀ ਸੁਖਮਨੀ ਮ: ੫)

ਜਾ ਤਿਸੁ ਭਾਵੈ ਤਾ ਸ੍ਰਿਸ਼ਟਿ ਉਪਾਏ ॥
ਆਪਨੈ ਭਾਣੈ ਲਏ ਸਮਾਏ ॥
ਤੁਮ ਤੇ ਭਿੰਨ ਨਹੀ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤੁ ਪਰੋਇ ॥੧॥੨੨॥

(ਗਉੜੀ ਸੁਖਮਨੀ ਮ: ੫)

ਜਦਹੁ ਆਪੇ ਥਾਟ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ॥
ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾ ਅਵਰੁ ਨ ਦੂਜਾ ਕੀਆ ॥
ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨ ਸਭਨਾ ਕਉ ਦੀਆ ॥
ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅਮ੍ਰਿਤ ਪੀਆ ॥
ਆਪਿ ਨਿਰੰਕਾਰ ਅਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥

(ਵਾਰ ਵਡਹੰਸ ਮ: ੪)

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ
ਹੁਕਮ ਵਰਤਾਏ ॥ ੨੬ ॥

(ਰਾਮਕਲੀ ਅਨੰਦ ਮ: ੩)

ਇਕ ਸਮਾਂ ਅਜਿਹਾ ਵੀ ਸੀ, ਜਦੋਂ ਨਿਟੰਕਾਰ ਆਪਣੇ ਨਿਰਗੁਣ ਸਰੂਪ ਵਿਚ ਸੀ, ਉਦੋਂ ਸ਼ਿਵ ਤੇ ਸ਼ਕਤੀ (ਪੁਰਸ਼ ਤੇ ਪ੍ਰਕ੍ਰਿਤੀ) ਉਸ ਤੋਂ ਭਿੰਨ ਕਿਸੇ ਥਾਂ ਤੇ ਨਹੀਂ ਸਨ :

ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥
ਤਬ ਸਿਵ ਸ਼ਕਤਿ ਕਹਹੁ ਕਿਤੁ ਠਾਇ ॥ ੨ ॥ ੨੧ ॥
(ਗਉੜੀ ਸੁਖਮਨੀ ਮ: ੫)

੪. ਕਾਰਣ ਤੇ ਕਾਰਜ ਸਭੇ ਕਰਤੇ-ਅਧੀਨ ਹਨ ਤੇ ਕਰਤਾ ਆਪੁ ਨਿਰੰਕਾਰ ਹੈ:

ਕਰਣ ਕਾਰਣ ਸਮਰਥ ਹੈ ਕਹੁ ਨਾਨਕ ਬੀਚਾਰਿ ॥
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥
(ਸਲੋਕ ਸਹਸਕ੍ਰਿਤੀ ਮ: ੧)

ਕਰਣ ਕਾਰਣ ਪ੍ਰਭ ਏਕ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸ ਬਲਿਹਾਰਣੈ ਜਲਿ ਥਲਿ ਮਹੀਅਲ ਸੋਇ ॥
(ਗਉੜੀ ਸੁਖਮਨੀ ਮ: ੫)

੫. ਸਤਿ ਕਾਰਣ (ਬ੍ਰਹਮ) ਦਾ ਕਾਰਜ (ਜਗਤ) ਵੀ ਸੱਤ ਹੀ ਹੈ, ਮਿਥਿਆ ਨਹੀਂ:

ਆਪਿ ਸਤਿ ਕੀਆ ਸਭ ਸਤਿ ॥
ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ੫ ॥ ੨੩ ॥
(ਗਉੜੀ ਸੁਖਮਨੀ ਮ: ੫)

ਸਤਿ ਕਰਮੁ ਜਾਕੀ ਰਚਨਾ ਸਤਿ ॥
ਮੂਲੁ ਸਤਿ ਸਤਿ ਉਤਪਤਿ ॥ ੬ ॥ ੧੬ ॥
(ਗਉੜੀ ਸੁਖਮਨੀ ਮ: ੫)

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥
ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥
ਸਚੀ ਤੇਰੀ ਕੁਦਰਤਿ ਸਚੇ ਪਾਤਸ਼ਾਹ ॥ ੧ ॥ ੨ ॥

(ਵਾਰ ਆਸਾ ਮ: ੧)

ਉਪਰੋਕਤ ਵਿਚਾਰ ਤੋਂ ਅਸੀਂ ਸਹਿਜੇ ਹੀ ਇਸ ਸਿਟੇ ਤੇ ਪੁਜ ਜਾਂਦੇ ਹਾਂ, ਜੋ ਗੁਰਮਤ ਦਾ ਨਯਾਇ ਤੇ ਵਸ਼ੇਸ਼ਕ ਸ਼ਾਸ਼ਤ੍ਰ ਨਾਲ ਸਿਧਾਂਤਕ ਮਤ ਭੇਦ ਹੈ। ਇਹ ਦੋਵੇਂ ਸਾਸ਼ਤ੍ਰ ਭੇਦ ਵਾਦੀ ਹਨ, ਪਰ ਗੁਰਮੱਤ ਅਭੇਦ ਵਾਦ ਤੇ ਅਦਵੈਤ-ਵਾਦ ਵਿਚ ਵਿਸ਼ਵਾਸ਼ ਰਖਦੀ ਹੈ ਤੇ ਸਹੀ ਮਹਿਨਿਆਂ ਵਿਚ ਇਸ ਦੀ ਪਰਚਾਰਕ ਹੈ।

ਸਾਂਖ ਦਰਸ਼ਨ ਤੇ ਗੁਰਮੱਤ

ਸਾਂਖ ਸ਼ਬਦ ਦਾ ਅਰਥ ਸੰਖਿਆ ਜਾਂ ਗਿਣਤੀ ਮਿਣਤੀ ਹੈ । ਰਿਸ਼ੀਆਂ ਨੇ ਗਣਿਤ ਵਿਚ ਪੈ ਕੇ ੧ ਤੋਂ ਲੈ ਕੇ ੯ ਤਕ ਹਿੰਦਸੇ ਘੜੇ, ਪਰ ਦਸ (੧੦) ਸੰਪੂਰਨ ਕਰਨ ਲਈ ਉਨ੍ਹਾਂ ਨੂੰ ਮੁੜ ਸ਼ੂਨ (੦) ਦਾ ਆਸਰਾ ਲੈਣਾ ਪਿਆ । ਸ਼ੂਨ ਦੇ ਮਹਿਨੇ ਸਿਫਰ (*ZERO*) ਹੈ । ਕਪਲ ਮੁਨੀ ਜੀ ਜੋ ਸਾਂਖ ਦੇ ਰਚਤਾ ਹਨ, ਨੇ ਵੀ ਇਸ ਸ਼ੂਨ ਤੋਂ ਹੀ ਸ੍ਰਿਸ਼ਟੀ ਰਚਨਾ ਮੰਨੀ ਹੈ । ਉਨ੍ਹਾਂ ਦੇ ਖਿਆਲ ਵਿਚ ਸ੍ਰਿਸ਼ਟੀ ਸ਼ੂਨ ਤੋਂ ਉਤਪੰਨ ਹੋਈ ਹੈ ਤੇ ਅੰਤ ਸ਼ੂਨ ਵਿਚ ਹੀ ਲੀਨ ਹੋ ਜਾਵੇਗੀ। ਸਾਂਖ-ਮਤੀਏ ਪੁਰਸ਼ ਤੇ ਪ੍ਰਕਿਰਤੀ ਦੋ ਹਸਤੀਆਂ ਹੀ ਅਨਾਦੀ ਮੰਨਦੇ ਹਨ ।

ਹੁਣ ਅਸੀਂ ਇਸ ਦਰਸ਼ਨ ਅਨੁਸਾਰ ਪੁਰਸ਼ ਤੇ ਪ੍ਰਕ੍ਰਿਤੀ ਦੇ ਗੁਣ ਬਿਆਨ ਕਰਨ ਦਾ ਯਤਨ ਕਰਦੇ ਹਾਂ :

ਪੁਰਸ਼

(੧) ਪੁਰਸ਼ ਸਾਖੀ ਹੈ । ਪਰਧਾਨ (ਪ੍ਰਕਿਰਤੀ) ਤੋਂ ਬਿਲਕੁਲ ਵਖਰਾ ਹੈ । ਕੈਵਲਯ ਸਰੂਪ ਹੈ, ਇਸ ਲਈ ਨਿਰਗੁਣ ਹੈ । ਮਧਯਸਥ ਹੈ । ਕਿਸੇ ਨਾਲ ਇਸਦਾ ਲਗਾਓ ਨਹੀਂ ।

(੨) ਸਾਖੀ ਵੀ ਹੈ ਤੇ ਦ੍ਰਿਸ਼ਟਾ ਵੀ । ਭਾਵ, ਨਿਰਾ ਪੁਰਾ ਦੇਖਦਾ ਹੀ ਨਹੀਂ, ਸਗੋਂ ਬੁਝਦਾ ਵੀ ਹੈ ।

(੩) ਅਕ੍ਰਤ੍ਰੀ ਹੈ । ਨ ਉਤਪੰਨ ਹੋਇਆ ਹੈ, ਤੇ ਨ ਉਤਪੰਨ ਕਰਦਾ ਹੈ ।

(੪) ਸਰਬ ਵਿਆਪੀ ਹੈ ।

(੫) ਚੁੰਬਕ ਜਿਵੇਂ ਨੇੜ ਕਰਕੇ ਲੋਹੇ ਵਿਚ ਹਰਕਤ ਪੈਦਾ ਕਰਦਾ ਹੈ, ਤਿਵੇਂ ਹੀ ਇਹ ਵੀ ਨੇੜ ਕਰਕੇ ਪਰਕ੍ਰਿਤੀ ਵਿਚ ਹਰਕਤ ਪੈਦਾ ਕਰਦਾ ਹੈ ।

(੬) ਚੇਤਨਾ ਇਸਦਾ ਗੁਣ ਨਹੀਂ, ਅਸਲਾ ਹੈ, ਨਹੀਂ ਤਾਂ ਸੁਖੋਪਤੀ ਦੇ ਅਨੰਦ ਨੂੰ ਅਨੁਭਵ ਨਾ ਕਰ ਸਕਦਾ ।

(੭) ਕੈਵਲਯੋ ਇਸਦਾ ਸਦੀਵੀ ਸੁਭਾਵ ਹੈ, ਕਿਉਂਕਿ ਗਿਆਨ ਇੰਦ੍ਰੀਆਂ ਦੇ ਨਾਸ ਹੋਣ ਨਾਲ ਇਸਦਾ ਸਾਖੀ-ਪੁਣਾ ਤੇ ਉਦਾਸੀ-ਪੁਣਾ ਦੋਵੇਂ ਨਾਸ ਹੋ ਜਾਂਦੇ ਹਨ।

(੮) ਧਿਆਨ ਇਸਦਾ ਗੁਣ ਨਹੀਂ, ਯਤਨ ਹੈ । ਇਹ ਅਕ੍ਰਿਤ੍ਰੀ ਹੈ । ਇਹ ਆਨੰਦ ਸਰੂਪ ਵੀ ਨਹੀਂ ।

(੯) ਇਹ ਇਕ ਨਹੀਂ, ਅਣਗਿਣਤ ਹਨ ਤੇ ਸਭ ਮਨੁਖਾਂ ਦੇ ਵਖਰੇ ਵਖਰੇ ਸੁਭਾ ਇਸ ਸਚਾਈ ਨੂੰ ਸਿਧ ਕਰਦੇ ਹਨ ।

(੧੦) ਗੁਣਾਂ ਦਾ ਅਸਰ ਵੀ ਅਡਰਾ ਅਡਰਾ ਹੈ । ਕੋਈ ਬੰਧਨ ਵਿਚ ਹੈ, ਕੋਈ ਮੁਕਤ ਹੈ । ਇਹ ਪੁਰਸ਼ਾਂ ਦਾ ਵਖੇਵਾਂ ਸਾਬਤ ਕਰਦਾ ਹੈ ।

ਪਰਕ੍ਰਿਤੀ

(੧) ਸਦੀਵੀ ਹੋਂਦ ਹੈ । ਕਿਸੇ ਦੀ ਪੈਦਾ ਕੀਤੀ ਹੋਈ ਨਹੀਂ । ਸੰਸਾਰ ਦਾ ਸਾਰਾ ਪਸਾਰਾ ਇਸ ਤੋਂ ਹੈ ।

(੨) ਰਜੋ, ਸਤੋ ਤੇ ਤਮੋ, ਇਸਦੇ ਤਿੰਨ ਗੁਣ ਹਨ । ਇਨ੍ਹਾਂ ਤਿੰਨਾਂ ਗੁਣਾਂ ਦੇ ਸੰਤੁਲਨ ਦੀ ਅਵੱਸਥਾ ਹੀ ਪਰਕ੍ਰਿਤੀ ਹੈ । ਇਹ ਸਭ ਵਸਤਾਂ ਦਾ ਮੂਲ ਹੈ ।

(੩) ਪਰਕ੍ਰਿਤੀ ਤੋਂ ਬੁਧੀ ਜਾਂ ਮਹੱਤ । ਮਹੱਤ ਤੋਂ ਅਹੰਕਾਰ । ਅਹੰਕਾਰ ਤੋਂ ਸਤੋ ਗੁਣ ਦੇ ਪ੍ਰਭਾਵ ਨਾਲ ਮਨ । ਰਜੋ ਗੁਣ ਦੇ ਪ੍ਰਭਾਵ ਨਾਲ ਪੰਜ ਕਰਮ ਇੰਦਰੇ ਤੇ ਪੰਜ ਗਿਆਨ ਇੰਦਰੇ, ਅਤੇ ਤਮੋ ਗੁਣ ਦੇ ਪ੍ਰਭਾਵ ਨਾਲ ਪੰਜ ਤਨ ਮਾਤ੍ਰਾ (ਸ਼ਬਦ, ਸ਼ਪਰਸ਼, ਰੂਪ, ਰਸ, ਗੰਧ) ਅਤੇ ਇਨ੍ਹਾਂ ਪੰਜ ਤਨ ਮਾਤ੍ਰਾ ਤੋਂ ਆਕਾਸ਼, ਵਾਯੂ, ਅਗਨੀ ਜਲ ਤੇ ਪ੍ਰਿਥਵੀ (ਪੰਜ ਭੂਤ) ਉਪਜਦੇ ਹਨ । ਇਸ਼ਸਰਾਂ ਇਹ ਸਾਰੇ ਮਿਲ ਕੇ ੨੪ਗੁਣ ਪਰਕ੍ਰਿਤੀ ਦੇ ਹਨ ।

ਇਨ੍ਹਾਂ ਵਿਚ ਜੇ ਪੁਰਸ਼ ਨੂੰ ਮਿਲਾ ਲਈਏ ਤਾਂ ਕੁਲ ਗੁਣਾਂ ਦਾ ਜੋੜ ਪੰਝੀ ਬਣ ਜਾਂਦਾ ਹੈ ।

ਪੰਝੀ ਗੁਣਾਂ ਦਾ ਸੰਖੇਪ ਵਿਚ ਵੇਰਵਾ

ਪੁਰਸ਼	੧
ਪਰਕ੍ਰਿਤੀ	੨
ਮਹੱਤ ਜਾਂ ਬੁਧੀ	੩
ਅਹੰਕਾਰ	੪

ਪੰਜ ਤਨ ਮਾਤ੍ਰਾ	੫-੯ (ਸ਼ਬਦ, ਸਪਰਸ਼, ਰੂਪ, ਰਸ, ਗੰਧ,
ਮਨ	੧੦
ਗਿਆਨ ਇੰਦਰੇ (੫)	੧੧-੧੫(ਸ੍ਰੋਤ, ਤਵੱਚਾ, ਨੇਤ੍ਰ, ਰਸਨਾ, ਪ੍ਰਾਣ,
ਕਰਮ ਇੰਦਰੇ (੫)	੧੬-੨੦(ਹਥ, ਪੈਰ, ਵਾਕ ਇੰਦਰੇ, ਉਪਸਥ ਗੁਦਾ) [ਉਪਸਥ-ਲਿੰਗ=ਭਗ]
ਪੰਜ ਤੱਤ	੨੧-੨੫(ਅਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ)

ਕਾਰਣ ਕਾਰਜ ਦਾ ਸਿਧਾਂਤ

ਸਾਂਖ, ਕਾਰਣ ਤੇ ਕਾਰਜ (Action & Reaction) ਦੇ ਸਿਧਾਂਤ ਦਾ ਪੱਖੀ ਹੈ । ਇਸ ਅਨੁਸਾਰ ਨੇਸਤੀ ਤੋਂ ਕੋਈ ਚੀਜ਼ ਹਸਤੀ ਵਿਚ ਨਹੀਂ ਆਉਂਦੀ। ਕੋਈ ਕਾਰਜ ਵੀ ਕਰਨਾ ਹੋਵੇ, ਉਸ ਵਿਚ ਪਹਿਲੇ ਮਿਥੇ ਹੋਏ ਕਾਰਨ ਲਭਣੇ ਪੈਂਦੇ ਹਨ। ਕਾਰਣ ਕਾਰਜ ਵਿਚ ਪਹਿਲੇ ਹੀ ਮੌਜੂਦ ਹਨ। ਮਿਥੇ ਹੋਏ ਕਾਰਣਾਂ ਤੋਂ ਹੀ ਖ਼ਾਸ ਕਾਰਜ ਪਰਾਪਤ ਹੁੰਦੇ ਹਨ । ਮਿਟੀ ਤੋਂ ਕਪੜਾ ਬੁਣਨਾ ਸੰਭਵ ਨਹੀਂ, ਭਾਵੇਂ ਕੁਮਿਆਰ ਆਪਣਾ ਸਾਰਾ ਤ੍ਰਾਣ ਕਿਉਂ ਨਾ ਲਗਾ ਦੇਵੇ । ਤੇਲ ਤਿਲਾਂ ਵਿਚੋਂ ਹੀ ਨਿਕਲ ਸਕਦਾ ਹੈ, ਰੇਤ ਵਿਚੋਂ ਕਦਾਚਿਤ ਨਹੀਂ ।

ਆਤਮਾ ਦੀ ਹਸਤੀ ਹੈ। ਮਾਦੇ ਵਿਚ ਚਿੰਤਨ ਜਾਂ ਅਨਭਵ ਕਰਨ ਦੇ ਗੁਣ ਨਹੀਂ। ਅਸੀਂ ਇਹ ਦੋਵੇਂ ਗਲਾਂ ਕਰ ਸਕਦੇ ਹਾਂ, ਇਸ ਲਈ ਸਾਨੂੰ ਇਹ ਮੰਨਣਾ ਪਵੇਗਾ ਕਿ ਸਾਡੇ ਵਿਚ ਕੋਈ ਵਸਤੂ ਹੈ ਜੋ ਪ੍ਰਕ੍ਰਿਤੀ ਤੋਂ ਭਿੰਨ ਹੈ। ਬਸ ਉਹ ਭਿੰਨ ਹਸਤੀ ਹੀ ਆਤਮਾ ਹੈ।

ਲਿੰਗ ਸਰੀਰ

ਇਹ ਸੂਖਸ਼ਮ ਸਰੀਰ ਪੁਰਸ਼ ਲਈ ਹੀ ਬਣਾਇਆ ਗਿਆ ਹੈ । ਜਨਮ-ਮਰਨ ਇਸ ਲਿੰਗ ਸਰੀਰ ਨੂੰ ਹੀ ਹੈ । ਇਹ ਹੇਠ ਲਿਖੇ ਗੁਣਾਂ ਦਾ ਗੱਠ-ਜੋੜ ਹੈ:—

ਮਹੱਤ, ਮਨ, ਅਹੰਕਾਰ ਤੇ ਪੰਜ ਤਨ ਮਾਤ੍ਰਾ ।

ਇਹ ਸਥੂਲ ਸਰੀਰ ਧਾਰਨ ਕੀਤੇ ਬਿਨਾਂ ਰਹਿ ਨਹੀਂ ਸਕਦਾ, ਇਸ ਲਈ ਕਰਮਾਂ ਅਨੁਸਾਰ ਪ੍ਰਕ੍ਰਿਤੀ ਦੀ ਵਿਭੂਤੀ ਦੁਆਰਾ ਜੂਨਾਂ ਵਿਚ ਭਰਮਦਾ ਹੈ।

ਗਿਆਨ ਦੀ ਪ੍ਰਾਪਤੀ ਤੇ ਇਹ ਨਾਸ ਹੋ ਜਾਂਦਾ ਹੈ ਅਤੇ ਪੁਰਸ਼ ਕੈਵਲਯ ਅਵਸਥਾ ਨੂੰ ਪ੍ਰਾਪਤ ਕਰਦਾ ਹੈ ।

ਸੰਸਾਰ

ਸੰਸਾਰ ਦੀ ਉਤਪਤੀ ਦਾ ਪ੍ਰਯੋਜਨ ਇਹ ਹੈ ਕਿ ਪੁਰਸ਼ ਪ੍ਰਕਿਰਤੀ ਦਾ ਗਿਆਨ ਪ੍ਰਾਪਤ ਕਰਕੇ ਆਪਾ ਚੀਨ ਸਕੇ ਤੇ ਮੁਕਤ ਹੋ ਜਾਵੇ।

ਮੁਕਤੀ

ਸਦੀਵੀ ਹੈ। ਕੇਵਲ ਗਿਆਨ ਤੋਂ ਪ੍ਰਾਪਤ ਹੁੰਦੀ ਹੈ। ਕਈ ਪੁਰਸ਼ ਜੀਵਨ ਮੁਕਤ ਵੀ ਹੋ ਸਕਦੇ ਹਨ।

ਕਰਮ ਜਾਂ ਉਪਾਸ਼ਨਾ ਗਿਆਨ ਦੀ ਥਾਂ ਨਹੀਂ ਲੈ ਸਕਦੇ। ਉਪਾਸ਼ਨਾ ਰਾਹੀਂ ਪੁਰਸ਼ ਸਰਬ ਸ਼ਕਤੀਮਾਨ ਹੋ ਜਾਂਦਾ ਹੈ। ਇਸ ਵਿਚ ਧੇਯ ਦਾ ਸਰੂਪ ਅਗਿਆਨ ਰਾਹੀਂ ਕਲਪਿਆ ਜਾਂਦਾ ਹੈ। ਜਿਸਤਰ੍ਹਾਂ ਪਰਕ੍ਰਿਤੀ ਉਪਜਾਂਦੀ ਤੇ ਸੰਘਾਰ ਕਰਦੀ ਹੈ, ਉਹ ਵੀ ਸਤੋਗੁਣ ਵਿਚ ਸਥਿਤ ਬੁਧੀ ਦੁਆਰਾ ਪਰਕ੍ਰਿਤੀ ਨੂੰ ਪ੍ਰੇਰ ਕੇ ਉਪਜ ਤੇ ਸੰਘਾਰ ਕਰ ਸਕਦਾ ਹੈ।

ਗਿਆਨ

ਵੈਰਾਗਯ ਤੇ ਅਭਿਆਸ ਰਾਹੀਂ ਗਿਆਨ ਸਾਖਿਆਤ ਹੁੰਦਾ ਹੈ। ਜੀਵਨ ਮੁਕਤ ਦੀ ਸੰਗਤ ਤੋਂ ਵੀ ਗਿਆਨ ਹਾਸਲ ਹੋ ਸਕਦਾ ਹੈ।

ਬੰਧ

ਬੰਧ ਕਾਲ ਜਾਂ ਦੇਸ਼ ਦੇ ਸਬੰਧ ਨਾਲ ਨਹੀਂ ਹੁੰਦਾ, ਕਿਉਂਕਿ ਕਾਲ ਤੇ ਦੇਸ਼ ਤਾਂ ਮੁਕਤ ਪੁਰਸ਼ਾਂ ਲਈ ਵੀ ਰਹਿੰਦੇ ਹਨ। ਨਾ ਹੀ ਆਤਮਾ ਦਾ ਬੰਧ ਇਸਦੇ ਉਪਾਧੀ ਯੁਕਤ ਹੋਣ ਨਾਲ ਹੈ, ਕਿਉਂਕਿ ਉਪਾਧੀਆਂ ਦਾ ਸਬੰਧ ਸਰੀਰ ਨਾਲ ਹੈ। ਪੁਰਸ਼ ਅਸੰਗ ਹੈ। ਇਹ ਕਰਮ ਤੇ ਕਾਰਣ ਵੀ ਨਹੀਂ। ਕਰਮ ਬੁਧੀ ਦਾ ਧਰਮ ਹਨ। ਬੰਧ ਬੁਧੀ ਨੂੰ ਨਹੀਂ।

ਪਰਕ੍ਰਿਤੀ ਵੀ ਬੰਧ ਦਾ ਕਾਰਣ ਨਹੀਂ। ਜੇ ਇਹ ਹੋਵੇ ਤਾਂ ਮੁਕਤ ਕੋਈ ਵੀ ਨਾ ਹੋ ਸਕੇ। ਪਰਕ੍ਰਿਤੀ ਤਾਂ ਸਦੀਵੀ ਹੈ। ਬੰਧ ਪਰਕ੍ਰਿਤੀ ਨਾਲ ਜੁੜਨ ਤੋਂ ਹੈ, ਜਿਵੇਂ ਪਾਸ ਟਿਕੇ ਗੁਲਾਬ ਦੇ ਫੁਲ ਦਾ ਰੰਗ ਬਲੌਰ ਵਿਚ ਦਿਸਦਾ ਹੈ।

ਬੰਧ ਦਾ ਕਾਰਨ ਅਵਿਦਿਆ ਵੀ ਨਹੀਂ। ਖਿਆਲੀ ਰੱਸੇ ਕਿਸੇ ਨੂੰ ਬੰਨ ਨਹੀਂ ਸਕਦੇ।

ਈਸ਼ਵਰ

ਈਸ਼ਵਰ ਦੀ ਹੋਂਦ ਯੁਕਤੀ ਦਵਾਰਾ ਸਿਧ ਨਹੀਂ ਹੋ ਸਕਦੀ। ਜਿਸਤਰ੍ਹਾਂ

ਦੁਧ ਦਹੀਂ ਵਿਚ ਆਪੇ ਬਦਲ ਜਾਂਦਾ ਹੈ। ਇਸੇਤਰ੍ਹਾਂ ਜੜ੍ਹ ਪਰਕ੍ਰਿਤੀ ਸਿਰਜਨਾ ਕਰ ਸਕਦੀ ਹੈ।

ਉਪਰੋਕਤ ਵਿਚਾਰ ਤੋਂ ਅਸੀਂ ਹੇਠ ਲਿਖੇ ਸਿਟੇ ਕਢ ਸਕਦੇ ਹਾਂ:—

(੧) ਈਸ਼ਵਰ ਦੀ ਕੋਈ ਹਸਤੀ ਨਹੀਂ।

(੨) ਪੁਰਸ਼ ਤੇ ਪਰਕ੍ਰਿਤੀ ਅਨਾਦੀ ਹਨ। ਪਰਕ੍ਰਿਤੀ ਇਕ ਭੌਤਕ ਤੇ ਸ਼ਰੀਰਕ ਅਸੂਲ ਹੈ, ਜੋ ਸਰਬ-ਵਰਤੀ ਹੈ। ਪਰਕ੍ਰਿਤਕ ਵਿਕਾਸ, ਬੁਧੀ, ਅਹੰਕਾਰ, ਪੰਜ ਤਨ ਮਾਤ੍ਰਾ, ਪੰਜ ਗਿਆਨ ਤੇ ਪੰਜ ਕਰਮ ਇੰਦਰੇ, ਮਨ ਤੇ ਪੰਜ ਤੱਤ, ੨੪ ਤੱਤਾਂ ਨੂੰ ਉਤਪੰਨ ਕਰਦਾ ਹੈ।

(੩) ਪੁਰਸ਼ ਇਕ ਸਰਬ ਵਿਆਪੀ ਤੇ ਸਦੀਵੀ ਆਤਮਾ ਹੈ, ਜਿਸਦਾ ਮੇਲ ਪਰਕ੍ਰਿਤੀ ਵਿਚ ਚੇਤੰਨਤਾ ਪੈਦਾ ਕਰਦਾ ਹੈ ਤੇ ਇਨ੍ਹਾਂ ਦੋਹਾਂ ਦਾ ਮੇਲ ਹੀ ਸ੍ਰਿਸ਼ਟੀ ਰਚਨਾ ਦਾ ਕਾਰਨ ਹੈ।

(੪) ਸ੍ਰਿਸ਼ਟੀ ਆਪ ਮੁਹਾਰੀ ਬਣੀ ਹੈ ਤੇ ਪਰਵਾਹ ਰੂਪ ਹੈ।

(੫) ਸ੍ਰਿਸ਼ਟੀ ਦਾ ਕੋਈ ਕਰਤਾ ਨਹੀਂ, ਦੁਨੀਆਂ ਦੀ ਹਰ ਵਸਤੂ ਵਿਕਾਸ਼ਵਾਦੀ ਹੈ। ਜਾਨਦਾਰ ਤੇ ਨਿਰਜਿੰਦ ਵਿਚ ਕੋਈ ਅੰਤਰ ਨਹੀਂ। ਬਨਸਪਤੀ ਤੇ ਪਸ਼ੂ ਇਕ ਸਮਾਨ ਹਨ। ਹਰ ਚੀਜ਼ ਪੈਦਾ ਵੀ ਹੁੰਦੀ ਹੈ ਤੇ ਨਾਸ ਵੀ ਹੋ ਜਾਂਦੀ ਹੈ। ਇਹ ਸਭ ਕੁਝ ਆਪਣੇ ਆਪ ਹੀ ਕਿਸੇ ਸ਼ਖਸ਼ੀ ਸਿਰਜਣਹਾਰ ਤੋਂ ਬਿਨਾ ਹੀ ਹੁੰਦਾ ਹੈ।

(੬) ਪਰਕ੍ਰਿਤੀ ਅੰਨ੍ਹੀ ਹੈ ਤੇ ਜੀਵ ਲੰਗੜਾ ਹੈ। ਆਪਣੇ ਆਪ ਵਿਚ ਦੋਵੇਂ ਨਕਾਰੇ ਹਨ। ਦੋਵੇਂ ਮਿਲ ਕੇ ਹੀ ਜੀਵਨ ਦਾ ਵਲ ਖਾਂਦੇ ਹਨ।

(੭) ਦਸ ਇੰਦ੍ਰੀਆਂ ਤੇ ਲਿੰਗ ਸਰੀਰ ਦੇ ਜੋੜ ਦਾ ਨਾਮ ਮਨੁਖ ਹੈ।

(੮) ਆਤਮਾ ਭਿੰਨ ਭਿੰਨ ਹਨ, ਅਣਗਿਣਤ ਹਨ ਤੇ ਵਿਨਾਸ ਸਮੇਂ ਪਰਕ੍ਰਿਤੀ ਵਿਚ ਹੀ ਲੀਨ ਹੋ ਜਾਂਦੀਆਂ ਹਨ।

ਨੋਟ—ਪੁਰਖ, ਪ੍ਰਕ੍ਰਿਤੀ ਤੇ ਜੀਵ ਆਦਿ ਸ਼ਬਦ ਗੁਰਮੱਤ ਵਿਚ ਵੀ ਵਰਤੇ ਗਏ ਹਨ, ਪਰ ਸਾਂਖ ਦੇ ਅਰਥ ਭਾਵਾਂ ਤੋਂ ਵਖਰੇ ਹਨ। ਹੁਣ ਅਸੀਂ ਉਪਰੋਕਤ ਵਿਚਾਰਾਂ ਨੂੰ ਸਿਲਸਿਲੇ ਵਾਰ ਗੁਰਮਤ ਦੀ ਰੋਸ਼ਨੀ ਵਿਚ ਵਿਚਾਰਾਂਗੇ।

ਗੁਰਮਤ

(੧) ਜਦੋਂ ਸੁੰਨ ਸੀ, ਓਦੋਂ ਵੀ ਵਾਹਿਗੁਰੂ (ਬ੍ਰਹਮ) ਮੌਜੂਦ ਸੀ। ਵਾਹਿਗੁਰੂ ਹੀ ਇਕ ਅਨਾਦੀ ਹਸਤੀ ਹੈ:

(ੳ) ਪ੍ਰਸ਼ਨ–ਆਦਿ ਕਉ ਕਵਨੁ ਬੀਚਾਰੁ ਕਥੀਅਲੇ
ਸੁੰਨ ਕਹਾ ਘਰਿ ਵਾਸੋ ॥ ੨੧ ॥
ਉਤਰ–ਆਦਿ ਕਉ ਬਿਸਮਾਦਿ ਬੀਚਾਰ ਕਥੀਅਲੇ
ਸੁੰਨ ਨਿਰੰਤਰਿ ਵਾਸ ਲੀਆ ॥ ੨੩ ॥
[ਰਾਮਕਲੀ ਸਿਧ ਗੋਸ਼ਟ ਮ:੧]

(ਅ) ਸਿਧ ਕਹਿੰਦੇ ਹਨ:–
ਅੰਤਰ ਸੁਨੰ ਬਾਹਰ ਸੁਨੰ ਤ੍ਰਿਭਵਨ ਸੁਨ ਮਸੁਨੰ ॥
ਗੁਰ ਨਾਨਕ ਸਾਹਿਬ ਉਤਰ ਦੇਂਦੇ ਹਨ:—
ਚੌਥੇ ਸੁੰਨੈ ਜੋ ਨਰੁ ਚੀਨੈ ਨ ਤਿਸੁ ਪਾਪ ਨ ਪੁਨੰ ॥
[ਰਾਮਕਲੀ ਸਿਧ ਗੋਸ਼ਟ ਮ: ੧]

(ੲ) ਅਰਬਦ ਨਰਬਦ ਧੁੰਧੂਕਾਰਾ ॥ ਧਰਨਿ ਨ ਗਗਨਾ ਹੁਕਮ ਅਪਾਰਾ ॥
ਨ ਦਿਨੁ ਰੈਨਿ ਨ ਚੰਨ ਨ ਸੂਰਜ ਸੁੰਨ ਸਮਾਧਿ ਲਗਾਇਦਾ ॥ ੧ ॥
[ਮਾਰੂ ਅੰਜਲੀ ਮ: ੧]

(ਸ) ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥ ੧ ॥ ੨੧ ॥
[ਗਉੜੀ ਸੁਖਮਨੀ ਮ: ੫]

(੨) ਪੁਰਸ਼ ਤੇ ਪਰਕ੍ਰਿਤੀ ਅਨਾਦੀ ਨਹੀਂ, ਸਗੋਂ ਅਕਾਲ ਪੁਰਖ ਨੇ ਆਪ ਸਾਜੇ ਹਨ...

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ ॥ ੨੬ ॥
[ਰਾਮਕਲੀ ਅਨੰਦ ਮ: ੩]

(੩) ਸ੍ਰਿਸ਼ਟੀ ਆਪ ਮੁਹਾਰੀ ਨਹੀਂ ਬਣੀ । ਸ੍ਰਿਸ਼ਟੀ ਦਾ ਕਰਤਾ ਆਪ ਅਕਾਲ ਪੁਰਖ ਹੈ, ਜੋ ਆਪਣੇ ਭਾਣੇ ਅਨੁਸਾਰ ਰਚਨਾ ਰਚਦਾ ਹੈ:–

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹ ਵਧਾਇਦਾ ॥ ੧੪ ॥
[ਮਾਰੂ ਅੰਜਲੀ ਮ: ੧]

(੪) ਸ੍ਰਿਸ਼ਟੀ ਪਰਵਾਹ ਰੂਪ ਵੀ ਨਹੀਂ । ਇਕ ਸਮਾਂ ਸੀ, ਜਦੋਂ ਰਚਨਾ ਨਹੀਂ ਸੀ:—

(ੳ) ਆਪਣਾ ਆਪ ਉਪਾਇਓਨੁ ਤਦਹੁ ਹੋਰੁ ਨ ਕੋਈ ॥
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੋ ਹੋਈ ॥

ਤਦਹੁ ਆਕਾਸੁ ਨ ਪਾਤਾਲੁ ਹੈ ਨ ਤ੍ਰੈ ਲੋਈ ॥
ਤਦਹੁ ਆਪੇ ਆਪਿ ਨਿਰੰਕਾਰੁ ਹੈ ਨ ਓਪਤਿ ਹੋਈ ॥
ਜਿਉ ਤਿਸ ਭਾਵੈ ਤਿਵੈ ਕਰਿ ਤਿਤੁ ਬਿਨੁ ਅਵਰ ਨ ਕੋਈ ॥੧॥
[ਵਾਰ ਗੂਜਰੀ ਮ: ੩]

(ਅ) ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾ ਹਰਿ ॥
ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰ ਹਰਿ ॥
ਬੈਠਾ ਤਾੜੀ ਲਾਇ ਆਪਿ ਸਭਦੂ ਹੀ ਬਾਹਰਿ ॥ ੧੯ ॥
[ਵਾਰ ਬਿਹਾਗੜਾ ਮ: ੪]

(੫) ਜਗਤ ਰਚਨਾ ਤੋਂ ਬਾਹਦ ਵੀ ਉਹ ਨਵੇਕਲਾ ਨਹੀਂ ਬੈਠਾ, ਸਗੋਂ ਸ੍ਰਿਸ਼ਟੀ ਦੇ ਜ਼ਰੇ ਜ਼ਰੇ ਵਿਚ ਭਰਪੂਰ ਹੈ–

(ੳ) ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥
ਅੰਤਰ ਬਾਹਿਰ ਸੰਗ ਹੈ ਨਾਨਕ ਕਾਇ ਦੁਰਾਇ ॥ ੪੬ ॥
[ਗਉੜੀ ਬਾਵਨ ਅਖਰੀ ਮ: ੫]

(ਅ) ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨਿ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾਕਾ ਤਨਾ ॥ ੬ ॥ ੨੩ ॥
[ਗਉੜੀ ਸੁਖਮਨੀ ਮ: ੫]

(ੲ) ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥
[ਸ੍ਰੀ ਰਾਗ ਮ: ੩]

(੬) ਰਚਨਾ ਤੇ ਸਮੇਟਣਾ ਦੋਵੇਂ ਉਸਦੇ ਹਥ ਵਿਚ ਹਨ:–

(ੳ) ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥
ਤਿਸਕਾ ਮੰਤ੍ਰ ਨ ਜਾਨੈ ਹੋਰੁ ॥ ੨ ॥ ੧੬ ॥
[ਗਉੜੀ ਸੁਖਮਨੀ ਮ: ੫]

(ਅ) ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ ॥
ਘਟ ਘਟਿ ਅੰਤਰਿ ਰਵਿਆ ਸੋਈ ॥
ਓਪਤਿ ਪਰਲਉ ਖਿਨ ਮਹਿ ਕਰਤਾ ॥
ਆਪਿ ਅਲੇਪਾ ਨਿਰਗੁਨ ਰਹਤਾ ॥
ਕਰਨ ਕਰਾਵਨ ਅੰਤਰਜਾਮੀ ॥
ਅਨੰਦ ਕਰੈ ਨਾਨਕ ਕਾ ਸਵਾਮੀ ॥

(੭) ਪੰਜ ਤਤ ਵੀ ਉਸਦੇ ਆਪਣੇ ਹੀ ਰਚੇ ਹੋਏ ਹਨ ਤੇ ਚੇਤਨ ਮਨ ਵੀ ਉਸ ਦਾ ਆਪਣਾ ਹੀ ਪਾਇਆ ਹੋਇਆ ਹੈ–

ਆਪੇ ਪੰਚ ਤਤ ਬਿਸਥਾਰਾ,
ਵਿਚ ਧਾਤੂ ਪੰਚ ਆਪ ਪਾਵੈ ॥
(ਬੈਰਾੜੀ ਮ: ੫)

ਸ੍ਰੀ ਦਸ਼ਮੇਸ਼ ਇਸ਼ ਸਾਰੇ ਸਬੰਧ ਨੂੰ ਇਉਂ ਬਿਆਨਦੇ ਹਨ—

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ
ਨਯਾਰੇ ਨਯਾਰੇ ਹ੍ਵੈ ਕੈ ਫਿਰ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਕੋਟ ਉਪਜਤ ਹੈਂ
ਪਾਨਿ ਕੇ ਤਰੰਗ ਸਭੈ ਪਾਨਿ ਹੀ ਕਹਾਇੰਗੇ ॥
ਤੈਸੇ ਵਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹ੍ਵੈ
ਤਾਹੀ ਤੇ ਉਪਜ ਸਭੈ ਤਾਹੀ ਮੈ ਸਮਾਹਿੰਗੇ ॥
(ਪਾ: ੧੦)

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ—

(੧) ਸਾਂਖ ਮੱਤ ਨਾਸਤਕ ਤੇ ਭੇਦ-ਵਾਦੀ ਹੈ, ਪਰ ਗੁਰਮੱਤ ਆਸਤਕ ਵੀ ਹੈ ਤੇ ਅਭੇਦ-ਵਾਦੀ ਵੀ ਹੈ ।

(੨) ਜਿਥੇ ਸਾਂਖ ਅਨੇਕਾਂ ਜੀਵ ਆਤਮਾਵਾਂ ਨੂੰ ਅਨਾਦੀ ਤੇ ਪੁਰਸ਼ ਵਾਂਗ ਹੀ ਸਤ ਮੰਨਦਾ ਹੈ, ਉਥੇ ਗੁਰਮੱਤ ਕੇਵਲ ਅਕਾਲ ਪੁਰਖ ਨੂੰ ਹੀ ਅਨਾਦੀ ਮੰਨਦੀ ਹੈ ।

(੩) ਸਾਂਖ ਰਬ ਨੂੰ ਕਰਤਾ ਨਹੀਂ ਮੰਨਦਾ, ਸਗੋਂ ਕਰਮ ਤੇ ਆਵਾਗਉਣ ਦੇ ਨਿਯਮਾਂ ਨੂੰ ਹੀ ਸ੍ਰਿਸ਼ਟੀ ਰਚਨਾ ਦਾ ਸੰਚਾਲਕ ਮੰਨਦਾ ਹੈ, ਪਰ ਗੁਰਮਤ ਦਾ ਰੱਬ ਕਰਤਾ ਪੁਰਖ ਵੀ ਹੈ ਤੇ ਕਰਮਾਂ ਦਾ ਫਲ ਪਰਦਾਤਾ ਵੀ ।

●

ਯੋਗ ਦਰਸ਼ਨ ਤੇ ਗੁਰਮੱਤ

ਯੋਗ ਦਰਸ਼ਨ ਦੇ ਰਚਤਾ ਪਾਤੰਜਲ ਰਿਸ਼ੀ ਜੀ ਹਨ। ਪਾਤੰਜਲ ਜੀ ਨੇ ਆਪਣਾ ਲਕਸ਼ ਈਸ਼੍ਵਰ ਵਿਚ ਲੀਨ ਹੋਣਾ ਨਹੀਂ ਦਸਿਆ, ਸਗੋਂ ਆਤਮ-ਚੀਨਣ ਤੇ ਜ਼ੋਰ ਦਿਤਾ ਹੈ। ਆਤਮ-ਚੀਨਣ ਤੋਂ ਭਾਵ ਆਪਣੇ ਸਰੂਪ ਦਾ ਸਾਖਿਆਤ ਗਿਆਨ ਹੈ। ਇਹ ਗਿਆਨ ਆਪ ਜੀ ਦੇ ਵਿਚਾਰ ਅਨੁਸਾਰ ਸਰੀਰਕ ਇੰਦ੍ਰੀਆਂ ਨਾਲੋਂ ਸਬੰਧ ਤੋੜ ਕੇ ਉਦੇਰੇ ਉਠਣ ਨਾਲ ਹੀ ਪ੍ਰਾਪਤ ਹੁੰਦਾ ਹੈ। ਯੋਗ ਲਈ ਤਿਆਗ, ਤਪਸਿਆ ਤੇ ਅਲਿਪਅਹਾਰ ਦੇ ਅਸੂਲਾਂ ਨੂੰ ਅਪਨਾਣਾ ਆਵਸ਼ਯਕ ਹੈ। ਜਦ ਤਕ ਆਸ਼ਾ-ਤ੍ਰਿਸ਼ਨਾ ਦੇ ਡੇਰੇ ਮੌਜੂਦ ਹਨ, ਗਿਆਨ ਦੀ ਪ੍ਰਾਪਤੀ ਸੰਭਵ ਨਹੀਂ। ਇਸ ਲਈ ਇਨ੍ਹਾਂ ਮਨੁੱਖੀ ਖ੍ਵਾਹਿਸ਼ਾਂ ਨੂੰ ਮਾਰਨਾ ਹੀ ਉਚਿਤ ਹੈ।

ਪਾਤੰਜਲ ਜੀ ਦੇ ਯੋਗ ਦਰਸ਼ਨ ਵਿਚ ਅੰਕਿਤ ਕੀਤੇ ਗਏ ਸੂਤ੍ਰਾਂ ਵਿਚ ਜਿਸ ਯੋਗ ਸਾਧਨ ਨੂੰ ਬਿਆਨਿਆ ਗਿਆ ਹੈ ਉਸ ਨੂੰ 'ਰਾਜ ਯੋਗ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ।

ਉਪਨਿਸ਼ਦਾਂ ਵਿਚ ਵੀ ਮਨੁੱਖੀ ਜੀਵਨ ਦਾ ਉਤਮ ਲਕਸ਼ ਆਤਮ-ਚੀਨਣਾ ਹੀ ਦਸਿਆ ਗਿਆ ਹੈ। ਇਸਦੀ ਪ੍ਰਾਪਤੀ ਲਈ ਸ੍ਰਵਨ, ਮਨਨ ਤੇ ਨਿਧਿਆਸਨ ਤਿੰਨ ਮੁਖ ਸਾਧਨ ਹਨ। ਨਿਧਿਆਸਨ ਵਿਚ ਚਿਤ ਦੀ ਇਕਾਗਰਤਾ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਇਸ ਜ਼ੋਰ ਤੋਂ ਹੀ ਯੋਗ ਦਾ ਆਰੰਭ ਹੋਇਆ ਜਾਪਦਾ ਹੈ। ਪਰਮ ਤੱਤ ਨੂੰ ਸਾਖਿਆਤ ਕਰਨ ਦਾ ਅਮਲੀ ਸਾਧਨ ਕੇਵਲ ਉਪਨਿਸ਼ਦਾਂ ਨੇ ਹੀ ਨਹੀਂ, ਸਗੋਂ ਅਨ-ਵੇਦਕ ਜੈਨ ਤੇ ਬੁਧ ਧਰਮ ਦੇ ਗ੍ਰੰਥਾਂ ਵਿਚ ਵੀ ਯੋਗ ਹੀ ਦਸਿਆ ਗਿਆ ਹੈ। ਸ੍ਰੀ ਮਦ ਭਾਗਵਦ ਗੀਤਾ ਵਿਚ ਵੀ ਸਾਂਖ ਅਤੇ ਯੋਗ ਦੇ ਵਿਚਾਰਾਂ ਦਾ ਜ਼ਿਕਰ ਆਉਂਦਾ ਹੈ, ਜਿਸ ਤੋਂ ਯੋਗ ਵਿਚਾਰ ਧਾਰਾ ਦਾ ਗੀਤਾ ਦੇ ਉਚਾਰੇ ਜਾਣ ਤੋਂ ਪਹਿਲਾਂ ਵਜੂਦ ਵਿਚ ਹੋਣਾ ਸਿਧ ਹੁੰਦਾ ਹੈ।

ਪਾਤੰਜਲ ਜੀ ਦੇ ਮੱਤ ਨੂੰ ਸਹੇਸ੍ਵਰ ਸਾਂਖ ਵੀ ਕਹਿੰਦੇ ਹਣ। ਕਪਲ ਵਾਂਗ ਪਾਤੰਜਲ ਜੀ ਵੀ ਪੁਰਸ਼ ਤੇ ਪ੍ਰਕ੍ਰਿਤੀ ਨੂੰ ਹੀ ਅਨਾਦੀ ਮੰਨਦੇ ਹਨ, ਪਰ ਇਹ ਨਾਲ

ਹੀ ਈਸ਼੍ਵਰ ਨੂੰ ਵੀ ਇਕ ਸਦੀਵੀ ਹੋਂਦ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਈਸ਼੍ਵਰ, ਪੁਰਸ਼ ਤੇ ਪਰਕਿਰਤੀ ਤਿੰਨੇ ਅਨਾਦੀ ਹਨ। ਇਸ ਤਰ੍ਹਾਂ ਭਾਵੇਂ ਇਹ ਵੀ ਜਗਤ ਉਤਪਤੀ ਦੇ ਪਰਲੋ ਸਾਂਖ ਵਾਂਗ ਹੀ ਮੰਨਦੇ ਹਨ, ਪਰ ਇਨ੍ਹਾਂ ਨੇ ਪ੍ਰਕ੍ਰਿਤੀ, ਪੁਰਸ਼ ਦੇ ੨੫ ਗੁਣਾ ਨਾਲ ਈਸ਼੍ਵਰ ਨੂੰ ਰਲਾ ਕੇ ਗੁਣਾਂ ਦੀ ਗਿਣਤੀ ੨੬ ਮੰਨੀ ਹੈ।

ਈਸ਼ਵਰ

ਈਸ਼੍ਵਰ ਇਕ ਵਿਸ਼ੇਸ਼ ਪੁਰਸ਼ ਹੈ। ਕਲੇਸ਼, ਕਰਮ ਤੇ ਉਨ੍ਹਾਂ ਦੇ ਨਤੀਜਿਆਂ ਤਥਾ ਆਸ਼ਾ ਤੋਂ ਅਛੋਹ ਹੈ। ਅਮਿਤ ਸਰਵਗ਼ਜ਼ਤਾ ਦਾ ਮਾਲਕ ਹੈ। ਪੂਰਵ ਗੁਰੂਆਂ ਦਾ ਵੀ ਗੁਰੂ ਹੈ। ਅਕਾਲ ਹੈ। ਓਮ ਸ਼ਬਦ ਇਸਦਾ ਵਾਚਕ ਹੈ। 'ਓਮ' ਦਾ ਜਾਪ ਤੇ ਉਸਦੇ ਅਰਥ ਮਾਤ੍ਰ ਵਿਚ ਧਿਆਨ ਧਰਨਾ ਯੋਗ ਦਾ ਮਾਰਗ ਹੈ।

ਮੈਤ੍ਰੀ, ਕਰੁਣਾ, ਮੁਦਿਤਾ, ਉਪੇਕਸ਼ਾ ਆਦਿ ਗੁਣ ਧਾਰਨ ਨਾਲ ਸੁਖੈਨ ਹੀ ਇਸ ਮਾਰਗ ਵਿਚ ਸਿਧੀ ਪ੍ਰਾਪਤ ਹੋ ਜਾਂਦੀ ਹੈ।

ਹੁਣ ਅਸੀਂ ਯੋਗ ਸਾਧਨਾ ਦਾ ਸੰਖੇਪ ਵਿਚ ਵਰਨਣ ਕਰਨ ਦਾ ਯਤਨ ਕਰਦੇ ਹਾਂ—

ਪਾਤੰਜਲ ਜੀ ਦੂਜੇ ਸੂਤਰ ਵਿਚ ਦਸਦੇ ਹਨ, ਯੋਗ ਚਿਤ ਵਿਚ ਹਰ ਘੜੀ ਉਠਦੀਆਂ ਲਹਿਰਾਂ ਨੂੰ ਰੋਕਣ ਦਾ ਨਾਮ ਹੈ। ਸਾਡੇ ਚੌਗ੍ਰਿਦੇ ਵਿਚ ਵਸਦੇ ਪਦਾਰਥ ਜਦ ਸਾਡੀਆਂ ਗਿਆਨ ਇੰਦ੍ਰੀਆਂ ਨਾਲ ਛੋਹ ਪ੍ਰਾਪਤ ਕਰਦੇ ਹਨ, ਤਾਂ ਇਹ ਛੋਹ ਚਿਤ ਵਿਚ ਅਨੇਕ ਭਾਂਤ ਦੀਆਂ ਲਹਿਰਾਂ ਉਪਜਾਉਂਦੀ ਹੈ। ਇਨ੍ਹਾਂ ਨੂੰ ਰੋਕਣਾ ਹੀ ਯੋਗ ਹੈ। ਇਨ੍ਹਾਂ ਦਾ ਰੁਕ ਜਾਣਾ ਹੀ ਚਿਤ ਨੂੰ ਇਕਾਗਰ ਕਰ ਦੇਂਦਾ ਹੈ ਤੇ ਫੇਰ ਉਸ ਨਿਰਮਲ ਸਰੋਵਰ ਵਾਂਗ, ਜਿਸ ਵਿਚ ਪਉਣ ਰਾਹੀਂ ਲਹਿਰਾਂ ਦੇ ਉਠਣ ਨਾਲ ਤੱਲ ਦੀ ਦਿਸ ਮਾਰੀ ਗਈ ਹੋਵੇ, ਲਹਿਰਾਂ ਦੇ ਰੁਕ ਜਾਣ ਤੇ ਤੱਲ ਮੁੜ ਚੰਗੀ ਤਰ੍ਹਾਂ ਦਿਸਣ ਲਗ ਪੈਂਦੀ ਹੈ, ਇਕਾਗਰ ਹੋਇਆ ਚਿਤ ਵੀ ਆਤਮਾ ਦੇ ਸਹੀ ਸਰੂਪ ਨੂੰ ਵੇਖ ਲੈਂਦਾ ਹੈ। ਜਦੋਂ ਦ੍ਰਿਸ਼ਟਾ ਇਸ ਹੋਈ ਇਕਾਗਰਤਾ ਰਾਹੀਂ ਸ੍ਵੈ-ਸਰੂਪ ਨੂੰ ਲਖ ਕੇ ਉਸ ਵਿਚ ਸਥਿਤ ਹੋ ਜਾਂਦਾ ਹੈ, ਉਹ ਸਮਾਧੀ ਦੀ ਅਵਸਥਾ ਵਿਚ ਹੈ।

ਬੁਧ ਧਰਮ ਵਾਂਗ ਯੋਗ ਵੀ ਅਠ ਅੰਗੀ ਹੈ—

(੧) ਯਮ। (੨) ਨਿਯਮ। (੩) ਆਸਨ। (੪) ਪ੍ਰਾਣਾਯਾਮ।
(੫) ਪ੍ਰਤ੍ਯਾਹਾਰ। (੬) ਧਾਰਣਾ। (੭) ਧਿਆਨ। (੮) ਸਮਾਧੀ।

(੧) ਯਮ

ਯਮ ਪੰਜ ਹਨ—

(੧) ਅਹਿੰਸਾ। (੨) ਸੱਤ! (੩) ਅਸਤੇਯ। (੪) ਬ੍ਰਹਮਚਰਜ। (੫) ਅਪਰਿਗ੍ਰਹ।

ਇਨ੍ਹਾਂ ਦਾ ਜ਼ਿਕਰ ਜੈਨ ਮੁਨੀਆਂ ਨੇ ਵੀ ਕੀਤਾ ਹੈ। ਇਹ ਵਰਤ ਜਨ ਸਾਧਾਰਨ ਲਈ ਹਨ। ਜਾਤਿ, ਦੇਸ, ਕਾਲ ਆਦਿ ਦਾ ਭੇਦ ਇਨ੍ਹਾਂ ਦੀ ਵਰਤੋਂ ਵਿਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਬਣ ਸਕਦਾ। ਇਹ ਪੰਜ ਵਰਤ ਸਦਾਚਾਰਿਕ ਜੀਵਨ ਦੀ ਨੀਂਹ ਹਨ। ਜਿਨ੍ਹਾਂ ਨੂੰ ਧਾਰਨ ਕੀਤੇ ਬਿਨਾ ਕੋਈ ਸਜਨ ਯੋਗ ਮਾਰਗ ਵਿਚ ਪੈਰ ਨਹੀਂ ਧਰ ਸਕਦਾ।

(੨) ਨਿਯਮ

ਨਿਯਮ ਵੀ ਪੰਜ ਹਨ—

(ੳ) ਸ਼ਉਚ—ਸ਼ਰੀਰ ਤੇ ਮਨ ਦੀ ਸ਼ੁਧੀ। ਨਿਰਾ ਸਰੀਰ ਨੂੰ ਸਾਫ ਰਖਣ ਨਾਲ ਇਸ ਮਾਰਗ ਵਿਚ ਸਿਧੀ ਪ੍ਰਾਪਤ ਨਹੀਂ ਹੁੰਦੀ।

(ਅ) ਸੰਤੋਸ਼—ਆਪਣੀਆਂ ਖਵਾਹਿਸ਼ਾਂ ਨੂੰ ਡਕਣਾ ਤੇ ਅਗੇ ਵਧਣੋ ਟੋਕਣਾ।

(ੲ) ਤਪ—ਸ਼ਰੀਰ ਉਤੇ ਗਰਮੀ-ਸਰਦੀ ਝਲ ਕੇ ਆਪਣੇ ਲਕਸ਼ ਦੀ ਪ੍ਰਾਪਤੀ ਵਿਚ ਤਤਪਰ ਰਹਿਣਾ।

(ਸ) ਸ੍ਵਾਧਯਾਯ–ਧਰਮ ਪੁਸਤਕਾਂ ਦਾ ਪੜ੍ਹਨਾ ਤੇ ਉਨ੍ਹਾਂ ਦੇ ਭਾਵਾਂ ਨੂੰ ਮੰਨਣਾ ਤੇ ਗ੍ਰਹਿਣ ਕਰਨਾ।

(ਹ) ਈਸ਼੍ਵਰ ਪ੍ਰਣਿਧਾਨ–ਸਭ ਕੁਝ ਈਸ਼੍ਵਰ ਅਰਪਨ ਕਰਕੇ ਸਮਾਧੀ ਪ੍ਰਾਪਤ ਕਰਨਾ।

ਯਮ ਤੇ ਨਿਯਮ ਸਿਧ ਕਰ ਲੈਣ ਨਾਲ ਹੇਠ ਲਿਖੇ ਫਲਾਂ ਦੀ ਪ੍ਰਾਪਤੀ ਹੋਵੇਗੀ—

ਯਮ ਸਿਧੀ

(ੳ) ਜਦੋਂ ਮਨ, ਬਚ, ਕਰਮ ਕਰ ਕੇ ਅਹਿੰਸਾ ਆ ਗਈ, ਤਦੋਂ ਤੁੰਦਖੋਰ ਜਾਨਵਰ ਵੀ ਸ਼ਾਂਤ ਹੋ ਜਾਣਗੇ। ਬਕਰੀ ਤੇ ਸ਼ੀਂਹ ਯੋਗੀ ਦੇ ਸਾਹਮਣੇ ਆਪਸ ਵਿਚ ਖੇਡਣਗੇ।

(ਅ) ਸੱਤਯ ਵਿਚ ਪ੍ਰਵੇਸ਼ ਹੋਇਆ ਯੋਗੀ ਵਾਕ ਸਿਧੀ ਪ੍ਰਾਪਤ ਕਰ ਲਏਗਾ। ਉਹਦੇ ਮੂੰਹ ਤੋਂ ਨਿਕਲਿਆ ਬਚਨ ਤੱਤਕਾਲ ਪੂਰਾ ਹੋ ਜਾਏਗਾ। ਜੇ ਕਰ

ਉਹ ਕਿਸੇ ਅਸਾਧ ਰੋਗੀ ਨੂੰ ਕਹੇਗਾ, 'ਅਰੋਗ ਹੋ ਜਾ' ਤਾਂ ਉਹ ਨਿਸਚਿਤ ਹੀ ਅਰੋਗ ਹੋ ਜਾਵੇਗਾ।

(ੲ) ਅਸਤੇਯ ਪ੍ਰਪੱਕ ਹੋਣ ਨਾਲ ਮਾਇਆ ਮਗਰ ਲਗੀ ਫਿਰੇਗੀ।

(ਸ) ਬ੍ਰਹਮਚਰਜ ਪੂਰਣ ਹੋਣ ਪੁਰ ਸ਼ਕਤੀ (ਸ਼ਰੀਰਕ ਤੇ ਮਾਨਸਕ) ਵਿਚ ਵਾਧਾ ਹੋਵੇਗਾ।

(ਹ) ਅਪਰਿ ਗ੍ਰਹ ਵਿਚ ਸਿਧੀ ਹੋਣ ਤੇ ਯੋਗੀ ਨੂੰ ਆਪਨੇ ਪਿਛਲੇ ਜਨਮ ਦੀ ਸੋਝੀ ਹੋ ਜਾਵੇਗੀ।

ਨਿਯਮ ਸਿਧੀ

(ੳ) ਸਓਚ—ਆਪਣੇ ਸਰੀਰ ਨਾਲ ਪ੍ਰੇਮ ਮੁਕ ਜਾਏਗਾ ਤੇ ਦੂਜਿਆਂ ਤੋਂ ਵੀ ਅਸੰਗ ਰਹਿਣ ਵਲ ਰੁਚੀ ਵਧੇਗੀ। ਮਨ ਵਿਚ ਸਤੋ ਗੁਣ ਦਾ ਖੇੜਾ ਵਧੇਗਾ। ਇਕਾਗਰਤਾ ਵਿਚ ਵਾਧਾ ਹੋਵੇਗਾ। ਇੰਦ੍ਰੀਆਂ ਤੇ ਕਾਬੂ ਪੈ ਜਾਵੇਗਾ। ਆਤਮ ਦਰਸ਼ਨ ਲਈ ਯੋਗਤਾ ਪ੍ਰਾਪਤ ਹੋਵੇਗੀ।

(ਅ) ਸੰਤੋਖ—ਇਹ ਧਾਰਨ ਕਰਨ ਨਾਲ ਉਤਮ ਸੁਖ ਪ੍ਰਾਪਤ ਹੋਵੇਗਾ।

(ੲ) ਤਪ—ਇਸ ਨਾਲ ਸ਼ਰੀਰ ਅਤੇ ਇੰਦ੍ਰੀਆਂ ਵਿਚ ਬੱਲ ਆਵੇਗਾ ਤੇ ਇਨ੍ਹਾਂ ਦੀ ਅਪਵਿਤ੍ਰਤਾ ਨਾਸ਼ ਹੋ ਜਾਵੇਗੀ।

(ਸ) ਸ੍ਵਾਧਯਾਯ–ਇਸ ਰਾਹੀਂ ਦੇਵਤਾ ਸਾਖਿਆਤ ਹੋਵੇਗਾ।

(ਹ) ਈਸ਼੍ਵਰ ਪ੍ਰਣਿਧਾਨ–ਸਭ ਕੁਝ ਈਸ਼੍ਵਰ ਅਰਪਨ ਕਰਨ ਨਾਲ ਸਮਾਧੀ ਦੀ ਪ੍ਰਾਪਤੀ ਹੋਵੇਗੀ।

(੩) ਆਸਨ

ਆਸਨ ਗਿਣਤੀ ਵਿਚ ਚੌਰਾਸੀ ਹਨ ਜੋ ੮੪ ਲਖ ਜੀਵਾਂ ਦੀ ਬੈਠਕ ਵਿਚੋਂ ਯੋਗੀਆਂ ਨੇ ਚੁਣੇ ਹਨ। ਅਸਲ ਵਿਚ ਉਹੀ ਆਸਨ ਉਤਮ ਹੈ, ਜਿਸ ਵਿਚ ਸਥਿਰਤਾ ਹੋਵੇ ਤੇ ਜੋ ਤਨ ਨੂੰ ਸੁਖਾ ਜਾਵੇ। ਯਤਨ ਕਰਨ ਨਾਲ ਤੇ ਅਨੰਤ ਵਿਚ ਧਿਆਨ ਧਰਨ ਨਾਲ ਅਜਿਹੇ ਆਸਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਸਨ ਸਥਿਰ ਹੋਣ ਨਾਲ ਸਰਦੀ, ਗਰਮੀ, ਭਲੇ, ਬੁਰੇ ਆਦਿ ਦ੍ਵੰਦਾਂ ਦਾ ਵਿਖੇਪ ਮੁਕ ਜਾਂਦਾ ਹੈ। ਆਸਨ ਦੇ ਟਿਕਾਓ ਮਗਰੋਂ ਹੀ ਪ੍ਰਾਣਾਯਾਮ ਫਲੀ ਭੂਤ ਹੁੰਦਾ ਹੈ, ਆਮ ਤੌਰ ਤੇ ਯੋਗ ਅਭਿਆਸੀ ਸਿਧ ਤੇ ਪਦਮ ਆਸਨ ਹੀ ਸ਼੍ਰੋਮਣੀ ਮੰਨਦੇ ਹਨ। ਇਸ ਲਈ ਸੰਖੇਪ ਵਿਚ ਇਥੇ ਇਨ੍ਹਾਂ ਦੋਹਾਂ ਆਸਨਾਂ ਬਾਰੇ ਕੁਝ ਦਸ ਦੇਣਾ ਵੀ ਅਯੋਗ ਨਹੀਂ ਹੋਵੇਗਾ।

ਸਿਧ ਆਸਨ

ਗੁਦਾ ਅਰ ਲਿੰਗ ਦੇ ਵਿਚਕਾਰ ਵਾਲੀ ਨਾੜੀ ਨੂੰ ਖਬੇ ਪੈਰ ਦੀ ਅਡੀ ਨਾਲ ਦਬਾਉਣਾ ਤੇ ਸਜੇ ਪੈਰ ਦੀ ਅਡੀ ਪੇਡੂ ਤੇ ਰਖਣੀ। ਦੋਹਾਂ ਪੈਰਾਂ ਦੇ ਅੰਗੂਠੇ ਲਤਾਂ ਹੇਠਾਂ ਲੈਣਾ । ਛਾਤੀ ਤੋਂ ਚਾਰ ਉਂਗਲਾਂ ਦੀ ਵਿੱਥ ਛੱਡ ਕੇ ਠੋਡੀ ਨੂੰ ਟਿਕਾਣਾ । ਨਜ਼ਰ ਦੋਹਾਂ ਭਰਵੱਟਿਆਂ ਵਿਚਾਲੇ ਟਿਕਾਣੀ ਤੇ ਤਲੀਆਂ ਉਪਰਵੰਨੇ ਖੋਹਲ ਕੇ ਦੋਹਾਂ ਪਟਾਂ ਤੇ ਟਿਕਾਣੀਆਂ । ਇਹ ਸ਼ਿਧ ਆਸਨ ਹੈ ।

ਪਦਮ ਆਸਨ

ਖਬੇ ਪਟ ਉਤੋ ਸਜਾ ਪੈਰ ਤੇ ਸਜੇ ਉਤੇ ਖੱਬਾ ਪੈਰ ਟਿਕਾਣਾ । ਕਮਰ ਸਿਧੀ ਅਕੜਾ ਕੇ ਬੈਠਣਾ। ਦੋਵੇਂ ਹੱਥ ਗੋਡਿਆਂ ਤੇ ਰਖਣੇ । ਠੋਡੀ ਛਾਤੀ ਨਾਲ ਦਬਾ ਕੇ, ਨੇਤ੍ਰਾਂ ਦੀ ਨੀਝ ਨਕ ਦੀ ਨੋਕ ਤੇ ਟਿਕਾਣੀ। ਪਿਠ ਪਿਛੋਂ ਦੀ ਰਾਹ ਕੱਢ ਕੇ ਸਜੇ ਪੈਰ ਦੇ ਅੰਗੂਠੇ ਨੂੰ ਖਬੇ ਹੱਥ ਨਾਲ ਤੇ ਖਬੇ ਪੈਰ ਦੇ ਅੰਗੂਠੇ ਨੂੰ ਸਜੇ ਹਥ ਨਾਲ ਪਕੜਨਾ, ਇਹ ਪਦਮ ਆਸ਼ਨ ਹੈ।

੪. ਪ੍ਰਾਣਾਯਾਮ

ਪ੍ਰਾਣਾਂ ਦੀ ਚਾਲ ਨੂੰ ਰੋਕਣ ਦਾ ਨਾਮ ਪ੍ਰਾਣਾਯਾਮ ਹੈ । ਯੋਗੀਆਂ ਨੇ ਸਰੀਰ ਵਿਚ ੭੨੦੦੦ [ਬਹੱਤਰ ਹਜ਼ਾਰ] ਨਾੜੀਆਂ ਮੰਨੀਆਂ ਹਨ, ਇਨ੍ਹਾਂ ਵਿਚੋਂ ਹੇਠ ਲਿਖੀਆਂ ੧੦ [ਦਸ] ਨਾੜੀਆਂ ਪ੍ਰਾਣਾਯਾਮ ਦੀਆਂ ਸਹਾਇਕ ਹਨ:-

[i] ਇੜਾ	ਨਕ ਦੇ ਖਬੇ ਪਾਸੇ
[ii] ਪਿੰਗਲਾ	ਨਕ ਦੇ ਸਜੇ ਪਾਸੇ
[iii] ਸੁਖਮਨਾ	ਨਕ ਦੇ ਮਧ ਵਿਚ
[iv] ਗੰਧਾਰੀ	ਖਬੇ ਨੇਤ੍ਰ ਵਿਚ
[v] ਹਸਤਿ ਜਿਹਵਾ	ਸਜੇ ਨੇਤ੍ਰ ਵਿਚ
[vi] ਪੂਸ਼ਾ	ਸਜੇ ਕੰਨ ਵਿਚ
[vii] ਯਸ ਸ੍ਵਿਨੀ	ਖਬੇ ਕੰਨ ਵਿਚ
[viii] ਅਲੰਬੁਸ਼ਾ	ਮੁਖ ਵਿਚ
[ix] ਕੁਹੂ	ਲਿੰਗ ਵਿਚ
[x] ਸੰਖਨੀ	ਗੁਦਾ ਵਿਚ

ਸਵਾਸਾਂ ਨੂੰ ਅੰਦਰ ਖਿਚਣਾ [ਪੂਰਕ ਕਰਨਾ], ਫਿਰ ਅੰਦਰ ਰੋਕਣਾ [ਕੁੰਭਕ ਕਰਨਾ], ਫਿਰ ਬਾਹਰ ਕਢਣਾ [ਰੇਚਕ ਕਰਨਾ] ਫਿਰ ਬਾਹਰ ਰੋਕਣਾ, ਅੰਦਰ ਖਿਚਣਾ ਫਿਰ ਬਾਹਰ ਟੋਕਣਾ, ਪ੍ਰਾਣਾਯਾਮ ਦਾ ਢੰਗ ਹੈ। ਦੇਸ਼ ਤੇ ਕਾਲ

ਅਨੁਸਾਰ ਇਸਦੀ ਗਿਣਤੀ ਤੇ ਸਮਾਂ ਵਧ ਘਟ ਹੋ ਸਕਦਾ ਹੈ। ਪੂਰਕ, ਰੇਚਕ ਤੇ ਕੁੰਭਕ ਤੋਂ ਵਖਰਾ ਤਰੀਕਾ ਇਕ ਚੌਥਾ ਵੀ ਹੈ, ਤੇ ਉਹ ਹੈ ਕਿ ਪ੍ਰਾਣਾਂ ਨੂੰ ਰੋਕ ਕੇ ਕਿਸੇ ਬਾਹਰਲੀ ਜਾਂ ਅੰਤ੍ਰੀਵ ਵਸਤੂ ਵਲ ਘਲਣਾ। ਇਹ ਕਰਨ ਨਾਲ ਚਿੱਤ ਤੋਂ ਉਹ ਆਵਰਣ ਦੂਰ ਹੁੰਦਾ ਹੈ, ਜਿਸ ਨੇ ਇਸਦੇ ਪ੍ਰਕਾਸ਼ ਨੂੰ ਢੱਕਿਆ ਹੋਇਆ ਹੈ ਤੇ ਮਨ ਧਾਰਨਾ ਦੇ ਅਭਿਆਸ ਯੋਗ ਹੋ ਜਾਂਦਾ ਹੈ।

ਪ੍ਰਾਣਾਯਾਮ ਦੀਆਂ ਕਈ ਕਠਨ ਕਿਸਮਾਂ ਵੀ ਹਨ, ਪਰ ਦੋ ਮੁਖੀ ਹਨ, ਜਿਨ੍ਹਾਂ ਨੂੰ ਚੰਦ੍ਰਾਂਗ ਤੇ ਸੂਰਯਾਂਗ ਕਰਕੇ ਸਦਿਆ ਜਾਂਦਾ ਹੈ:—

੧. ਚੰਦ੍ਰਾਂਗ:—ਇੜਾ ਨਾੜੀ ਰਾਹੀਂ ੧੨ ਵਾਰ ਓਅੰ ਮੰਤ੍ਰ ਜਪ ਕੇ ਹੌਲੀ ਹੌਲੀ ਪੂਰਕ ਕਰਨਾ (ਸਵਾਸ ਨੂੰ ਅੰਦਰ ਖਿਚਣਾ) ੧੬ ਵਾਰ ਓਅੰ ਜਾਪ ਨਾਲ ਕੰਭਕ ਕਰਨਾ [ਸ੍ਵਾਸਾਂ ਨੂੰ ਠਹਿਰਾਣਾ]। ੧੦ ਵਾਰੀ ਓਅੰ ਜਪ ਨਾਲ ਰੇਚਕ ਕਰਨਾ [ਸ੍ਵਾਸ ਬਾਹਰ ਛਡਣੇ]।

੨. ਸੂਰਯਾਂਗ:—ਪਿੰਗਲਾ ਦੇ ਰਸਤੇ ਚੰਦ੍ਰਾਂਗ ਰੀਤੀ ਅਨੁਸਾਰ ਪੂਰਕ ਕਰਨਾ। ਹੌਲੀ ਹੌਲੀ ਵਧਦਿਆਂ ਵਧਦਿਆਂ ੩੬ ਵੇਰ ਓਅੰ ਜਪ ਨਾਲ ਪੂਰਕ, ੪੮ ਵਾਰ ਕੁੰਭਕ, ੩੦ ਵਾਰ ਨਾਲ ਰੇਚਕ ਕਰਨਾ।

ਪ੍ਰਾਣਾਯਾਮ ਦੇ ਬਲ ਨਾਲ ਭੁਜੰਗਮਾ [ਕੁੰਡਲਨੀ] ਨਾੜੀ, ਜਿਸਨੇ ਸੁਖਮਨਾ ਦਾ ਦਰਵਾਜ਼ਾ ਬੰਦ ਕੀਤਾ ਹੋਇਆ ਹੈ, ਖੁਲ੍ਹ ਜਾਂਦਾ ਹੈ ਤੇ ਪ੍ਰਾਣ ਦਸਮ ਦੁਆਰ ਵਿਚ ਦਾਖਲ ਹੋ ਜਾਂਦੇ ਹਨ।

ਇਨ੍ਹਾਂ ਔਖਿਆਂ ਪ੍ਰਾਣਾਯਾਮਾਂ ਤੋਂ ਛੁਟ ਇਕ ਹੰਸ ਪ੍ਰਾਣਾਯਾਮ ਹੈ। ਇਸ ਵਿਚ ਮਨ ਦੀ ਇਕਾਗਰਤਾ ਬਹੁਤ ਜ਼ਰੂਰੀ ਅੰਗ ਹੈ। ਇਕਾਗਰ ਚਿਤ ਹੋ ਕੇ ਸ੍ਵਾਸ਼ ਦੇ ਬਾਹਰ ਜਾਣ ਪਰ 'ਹ' ਅਰ ਅੰਦਰ ਆਉਣ ਤੇ 'ਸ' ਦਾ ਸਿਮਰਨ ਕਰਨਾ ਪੈਂਦਾ ਹੈ, ੬੦ ਘੜੀਆਂ ਵਿਚ ੨੧੬੦੦ ਵਾਰੀ ਜਪ ਹੋ ਜਾਂਦਾ ਹੈ। ਇਸ ਨੂੰ ਅਜਪਾ ਜਾਪ ਜਾਂ ਅਜਪਾ ਗਾਇਤ੍ਰੀ ਕਿਹਾ ਜਾਂਦਾ ਹੈ।

ਹੇਠ ਲਿਖੇ ਦਸ ਪ੍ਰਾਣ ਕਲਪੇ ਗਏ ਹਨ, ਪਰ ਆਮ ਤੌਰ ਤੇ ਯੋਗੀ ਜਨ ਪੰਜ ਪ੍ਰਾਣਾਂ ਵਾ ਅਭਿਆਸ ਹੀ ਕਰਦੇ ਹਨ—

ਪ੍ਰਾਣ, ਅਪਾਨ, ਸਮਾਨ, ਉਦਾਨ, ਵਯਾਨ, ਨਾਮ, ਕੂਰਮ' ਕਿਕਲ, ਦੇਵਦਤ, ਧਨੰਜਯ।

(੫) ਪ੍ਰਾਤਯਾਹਾਰ

ਇਸਦਾ ਭਾਵ ਇੰਦਰੀਆਂ ਨੂੰ ਉਨ੍ਹਾਂ ਦੇ ਬਾਹਰਲੇ ਵਿਸ਼ਿਆਂ ਤੋਂ ਰੋਕਣਾ ਹੈ ਅਤੇ ਚਿਤ ਦਾ ਸਰੂਪ ਦੇਣਾ ਹੈ। ਯੋਗ ਦਾ ਖਿਆਲ ਹੈ ਕਿ ਜਦੋਂ ਅਖਾਂ ਕਿਸੇ ਵਸਤੂ ਵਲ ਜਾਂਦੀਆ ਹਨ, ਤਾਂ ਉਸ ਨਾਲ ਆਪਣੇ ਆਪ ਨੂੰ ਇਕਮਯੀ

ਕਰ ਲੈਂਦੀਆਂ ਹਨ। ਫਿਰ ਸਾਡਾ ਅੰਦਰਲਾ ਉਸਦੀ ਸ਼ਕਲ ਘੜ ਕੇ ਉਸਨੂੰ ਵੇਖਦਾ ਹੈ। ਪ੍ਰਾਤਯਹਾਰ ਦੁਆਰਾ ਇੰਦਰੀਆਂ ਪੁਰ ਪੂਰਨ ਵਸੀਕਾਰ ਹੋ ਜਾਂਦਾ ਹੈ ਤੇ ਇੰਦਰੇ ਆਪਣੇ ਆਪਣੇ ਵਿਸ਼ਿਆਂ ਨੂੰ ਛੱਡ ਕੇ ਮੁੜ ਕੇ ਚਿੱਤ ਵਿਚ ਹੀ ਲੀਨ ਹੋ ਜਾਂਦੇ ਹਨ।

(੬) ਧਾਰਨਾ

ਚਿਤ ਨੂੰ ਕਿਸੇ ਖ਼ਾਸ ਦੇਸ, ਅਸਥਾਨ ਅਥਵਾ ਵਸਤੂ ਨਾਲ ਜੋੜਨਾ ਜਾਂ ਬੰਨ ਦੇਣਾ ਧਾਰਨਾ ਹੈ।

(੭) ਧਿਆਨ

ਧੇਯ ਨੂੰ ਛਡਕੇ ਕਿਸੇ ਹੋਰ ਵਲ ਚਿਤ ਦਾ ਨਾ ਜਾਣਾ ਜਾਂ ਇਕੋ ਖਿਆਲ ਦਾ ਪਰਵਾਹ ਚਲਦੇ ਰਹਿਣ ਦਾ ਨਾਮ ਧਿਆਨ ਹੈ।

(੮) ਸਮਾਧੀ

ਜਦੋਂ ਸਰੂਪ ਤੋਂ ਰਹਿਤ ਨਿਰਾ ਅਰਥ ਮਾਤ੍ਰ ਤੇ ਧਿਆਨ ਜੰਮ ਜਾਏ, ਓਹ ਸਮਾਧੀ ਹੈ। ਅਸਮਪ੍ਰਗਿਆਤ ਸਮਾਧੀ ਵਿਚ ਪੁਰਸ਼ ਆਪਣੇ ਸਰੂਪ ਵਿਚ ਇਸਥਿਤ ਹੋ ਜਾਂਦਾ ਹੈ ਅਤੇ ਪਰਕ੍ਰਿਤੀ ਦੀ ਖੇਡ ਉਹਦੇ ਲਈ ਮੁਕ ਜਾਂਦੀ ਹੈ।

ਧਾਰਨਾ, ਧਿਆਨ, ਸ਼ਮਾਧੀ ਨੂੰ ਇਕ ਥਾਂ ਲਗਾਣ ਦਾ ਨਾਮ ਸੰਯਮ ਹੈ। ਯੋਗ ਸ਼ਾਸਤ੍ਰ ਅਡ ਅਡ ਵਸਤਾਂ ਤੇ ਸੰਯਮ ਦਾ ਫਲ ਕਈ ਸਿਧੀਆਂ ਦਸਦਾ ਹੈ। ਇਹ ਸ਼ਕਤੀਆਂ ਕਈਆਂ ਨੂੰ ਜਨਮ ਤੋਂ ਹੀ ਪ੍ਰਾਪਤ ਹਨ। ਕਈ ਔਸ਼ਧੀਆਂ ਰਾਹੀਂ ਪ੍ਰਾਪਤ ਕਰਦੇ ਹਨ। ਤਪ, ਮੰਤਰ ਤੇ ਸਮਾਧੀ ਵੀ ਇਨ੍ਹਾਂ ਦੇ ਵਸੀਲੇ ਸਨ। ਸਮਾਧੀ ਵਿਚ ਪੁਰਸ਼ ਨੂੰ ਆਪਣਾ ਸਰੂਪ ਸਾਖਿਆਤ ਹੁੰਦਾ ਹੈ। ਜਦੋ ਪੁਰਸ਼ ਆਪਾ ਪਛਾਣ ਲੈਂਦਾ ਹੈ, ਤਾਂ ਉਸਦੇ ਸਾਰੇ ਦੁਖ ਹੋ ਦੂਰ ਜਾਂਦੇ ਹਨ ਅਤੇ ਉਹ ਕੈਵਲਯ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ। ਹੁਣ ਉਹ ਪ੍ਰਕ੍ਰਿਤੀ ਤੋਂ ਅਡਰਾ ਹੈ ਅਤੇ ਉਸ ਲਈ ਪ੍ਰਕ੍ਰਿਤੀ ਦੀ ਖੇਡ ਮੁਕ ਜਾਂਦੀ ਹੈ।

ਜਿਸਤਰ੍ਹਾਂ ਚਾਂਦੀ ਜਾਂ ਸੋਨਾ, ਜੋ ਪਹਿਲੇ ਪਹਿਲੇ ਮਿਟੀ ਵਿਚ ਛੁਪੇ ਹੁੰਦੇ ਹਨ, ਸ਼ੁਧ ਹੋਣ ਤੇ ਚਮਕਦੇ ਹਨ। ਉਸੇਤਰ੍ਹਾਂ ਹੀ ਮਨੁਖ ਆਤਮ ਤੱਤ ਨੂੰ ਵੇਖਕੇ ਕ੍ਰਿਤਾਰਥ ਹੁੰਦਾ ਹੈ ਤੇ ਸ਼ੋਕਹੀਨ ਹੋ ਜਾਂਦਾ ਹੈ।

ਸੰਖੇਪ ਵਿਚ ਯੋਗ ਦੀ ਦੀਨੀਆਤ ਸਬੰਧੀ ਨਿਚੋੜ ਇਸ ਪਰਕਾਰ ਹੈ:-

(੧) ਰੱਬ ਨਾ ਤਾਂ ਜਨਮ ਦਾਤਾ ਹੈ ਤੇ ਨਾ ਹੀ ਰਾਖਾ।

(੨) ਰੱਬ ਧਿਆਨ ਦਾ ਇਕ ਸਾਧਨ ਹੈ। ਜੇ ਕਰ ਆਤਮਾ ਨੂੰ ਸੀਰਰ ਨਾਲੋਂ ਵਖਰਾ ਕਰ ਲਿਆ ਜਾਏ ਤੇ ਇਸਨੂੰ ਪ੍ਰਕ੍ਰਿਤਕ ਰੁਕਾਵਟਾਂ ਨੂੰ ਅਬੂਰ (ਪਾਰ) ਕਰਕੇ ਉਚੇਰਾ ਲਿਜਾਇਆ ਜਾਵੇ ਤਾਂ ਰੱਬ ਤੇ ਟਿਕਾਇਆ ਜਾ ਸਕਦਾ ਹੈ। ਇਸ ਧਿਆਨ ਦੇ ਸਦਕੇ ਰਿਧੀਆਂ ਸਿਧੀਆਂ ਵੀ ਪ੍ਰਾਪਤ ਹੋ ਜਾਂਦੀਆਂ ਹਨ ਤੇ ਆਤਮਾ ਅਸਰੀਰਕ ਹੋ ਬ੍ਰਹਮ ਬਣ ਜਾਂਦੀ ਹੈ।

(੩) ਇੰਦ੍ਰੀਆਂ ਦੇ ਵਿਰੋਧ ਜਾਂ ਇਨ੍ਹਾਂ ਤੇ ਕਾਬੂ ਪਾ ਲੈਣ ਨਾਲ ਮਨ ਵਿਚ ਅਮਿਤ ਸ਼ਕਤੀ ਆ ਜਾਂਦੀ ਹੈ।

ਯੋਗ ਸ਼ਾਸਤਰ ਚੂੰਕਿ ਜਗਤ ਦੀ ਉਤਪਤੀ ਤੇ ਨਾਸ ਸਾਂਖ ਸ਼ਾਸਤਰ ਵਾਂਗ ਹੀ ਮੰਨਦਾ ਹੈ ਤੇ ਇਸ ਸਬੰਧੀ ਗੁਰਮੱਤ ਦੇ ਵਿਚਾਰ ਅਸੀਂ ਪਿਛੇ ਸਾਂਖ ਦਰਸ਼ਨ ਦੇ ਸਿਰਲੇਖ ਹੇਠਾਂ ਦੇ ਚੁਕੇਹਾਂ, ਇਸ ਲਈ ਇਥੇ ਹੁਣ ਅਸੀਂ ਕੇਵਲ ਉਪਰੋਕਤ ਤਿੰਨਾਂ ਅੰਗਾਂ ਤੇ ਹੀ ਵਿਚਾਰ ਕਰਾਂਗੇ।

ਗੁਰਮਤ

[੧] ਰਬ ਜਨਮ ਦਾਤਾ ਵੀ ਹੈ ਤੇ ਰਾਖਾ ਵੀ:—

ਆਪੀ ਨੈ ਆਪੁ ਸਾਜਿਓ ਆਪੀ ਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦ ਕਵਾਉ ॥
ਕਰਿ ਆਸਣੁ ਡਿਠੋ ਚਾਉ ॥ ੧ ॥

[ਵਾਰ ਆਸਾ ਮ: ੧]

ਨਿਰੰਕਾਰੀ ਆਕਾਰ ਉਪਾਇਆ ॥

[ਮਾਰੂ ਸੋਲਹੇ ਮ: ੧]

[੨] ਗੁਰਮੱਤ ਰੱਬ ਨੂੰ ਕੇਵਲ ਧਿਆਨ ਦਾ ਸਾਧਨ ਹੀ ਨਹੀਂ ਮੰਨਦੀ, ਸਗੋਂ ਆਪੇ ਦੀ ਪਛਾਣ ਮਗਰੋਂ ਗਿਆਨੀ ਨੇ ਉਸਨੂੰ ਬੁਝਣਾ ਹੈ ਤੇ ਦਰਗਾਹੇ ਪਰਵਾਣ ਹੋਣਾ ਹੈ—

(ੳ) ਪ੍ਰਣਵਤ ਨਾਨਕੁ ਗਿਆਨੀ ਕੈਸਾ ਹੋਇ ॥
ਆਪੁ ਪਛਾਣੈ ਬੂਝੈ ਸੋਇ ॥
ਗੁਰਪ੍ਰਸਾਦਿ ਕਰੇ ਬੀਚਾਰੁ ॥
ਸੋ ਗਿਆਨੀ ਦਰਗਹ ਪਰਵਾਣ ॥

[ਸ੍ਰੀ ਰਾਗ ਮ: ੧]

(ਅ) ਗੁਰਮੁਖਿ ਆਪੁ ਪਛਾਣੈ ਸੰਤਹੁ
ਰਾਮ ਨਾਮਿ ਲਿਵ ਲਾਈ ॥ ੯ ॥ ੨ ॥
[ਰਾਮਕਲੀ ਮ: ੩ ਅਸ਼ਟਪਦੀਆਂ]

(ੲ) ਬਾਘੁ ਮਰੈ ਮਨ ਮਾਰੀਐ ਜਿਸ ਸਤਿਗੁਰ ਦੀਖਿਆ ਹੋਇ ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਨਾ ਹੋਇ ॥
[ਸ਼ਲੋਕ ਵਾਰਾਂ ਤੋਂ ਵਧੀਕ ਮ: ੧]

[੩] ਮਨ ਨੂੰ ਅਸਲ ਰੋਗ ਤਾਂ ਹਉਮੈ ਦੀ ਮੈਲ ਹੈ । ਇਹ ਮੈਲ ਸਿਧਾਂ ਦੇ ਆਸਨ ਸਿਖਣ ਜਾਂ ਇੰਦ੍ਰੀਆਂ ਨੂੰ ਵਸ ਕਰਨ ਨਾਲ ਨਹੀਂ ਜਾਂਦੀ । ਲੋੜ ਤਾਂ ਅਸਲ ਵਿਚ ਹਉਮੈ ਨਾਸ ਕਰਨ ਦੀ ਹੈ, ਜੋ ਸ਼ਤਿਗੁਰੂ ਦਾ ਉਪਦੇਸ਼ ਕਮਾਣ ਨਾਲ ਹੀ ਜਾ ਸਕਦੀ ਹੈ :

(ੳ) ਸਿਧਾਂ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥ ੨ ॥
ਇਸੁ ਮਨੁ ਕਉ ਹੋਰ ਸੰਜਮੁ ਕੋ ਨਹੀ ਵਿਣੁ ਸਤਿਗੁਰ ਕੀ
ਸਰਣਾਇ ॥
ਸ਼ਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ
ਨ ਜਾਇ ॥ ੩ ॥ ੧ ॥
[ਵਡਹੰਸ ਮ: ੩]

(ਅ) ਜੋਗ ਸਿਧ ਆਸਣ ਚੌਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥੩॥
(ਸੋਰਠਮ ਮ: ੫ ਘਰ ੨ ਅਸਟਪਦੀਆ)

(ਸ) ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ਼ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀਂ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥ ੧ ॥ ੩ ॥
(ਗਉੜੀ ਸੁਖਮਨੀ ਮ: ੫)

[੪] ਇੰਦਰੇ ਵਸ ਕਰਕੇ ਮਨ ਦੀ ਕੀਤੀ ਗਈ ਅਮ੍ਰਿਤ ਸ਼ਕਤੀ ਰਾਹੀਂ

ਸਿਧੀਆਂ ਜਾਂ ਕਰਾਮਾਤਾਂ ਦਸਣ ਵਿਚ ਪੈਣਾ ਧ੍ਰਿਗ ਹ । ਇਹ ਗੁਰਮੁਖਾਂ ਦਾ ਸਵਾਦ ਨਹੀਂ ਅਸਲ ਪ੍ਰਾਪਤੀ ਤਾਂ ਨਾਮ ਦੀ ਕਰਨੀ ਹੈ—

(ੳ) ਬਿਨੁ ਨਾਵੈ ਪੈਨਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿਨਾਮ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥੨੦॥

(ਸਲੋਕ ਮ: ੩ ਵਾਰ ਸੋਰਠ ਮ: ੪)

(ਅ) ਆਪਿ ਨਾਥ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ ॥੨੯॥

(ਜਪੁ ਮ: ੧)

(ੲ) ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕਿ ਚਲਾਈ ॥
ਧਰਿ ਤਰਾਜੀ ਅੰਬਰ ਤੋਲੀ ਪਿਛੈ ਟੰਕ ਚੜ੍ਹਾਈ ॥
ਏਵਡ ਵਧਾ ਮਾਵਾ ਨਾਹੀ ਸਭਸੈ ਨਥ ਚਲਾਈ ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥
ਜੇਵਡੁ ਸਾਹਿਬੁ ਤੇਵਡੁ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥੧੯॥

(ਸਲੋਕ ਮ: ੩ ਵਾਰ ਮਾਝ ਮ: ੧)

(ਸ) ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਅਵੈ ਨਾਉ ॥੩॥੧॥

ਉਪ੍ਰੋਕਤ ਵਿਚਾਰ ਤੋਂ ਪਤਾ ਲਗਦਾ ਹੈ ਕਿ ਗੁਰਮੱਤ ਉਤੇ ਯੋਗ ਸ਼ਾਸ਼ਤ੍ਰ ਦਾ ਕੋਈ ਸਿਧਾ ਪਰਭਾਵ ਨਹੀਂ ਪਿਆ ।

ਪੂਰਵ ਮਿਮਾਨਸਾ ਦਰਸ਼ਨ ਤੇ ਗੁਰਮੱਤ

ਇਸ ਦਰਸ਼ਨ ਦਾ ਰਚਤਾ ਜੈਮਨੀ ਰਿਸ਼ੀ ਹੈ। ਇਹ ਵਿਦਵਾਨ ਵੇਦ ਦੇ ਪ੍ਰਥਮ ਭਾਗ ਅਰਥਾਤ ਕਰਮ ਕਾਂਡ ਦਾ ਪੱਖੀ ਹੈ ਤੇ ਉਸ ਅਧਾਰ ਤੇ ਧਰਮ ਦਾ ਸਰੂਪ ਢੂੰਡਦਾ ਹੈ। ਇਸ ਦੀ ਆਸਤਕਤਾ ਭਾਵੇਂ ਸੀਮਤ ਹੈ ਪਰ ਕਟੜ ਵੇਦ ਪੱਖੀ ਹੋਣ ਦੇ ਕਾਰਨ ਇਸ ਦਰਸ਼ਨ ਨੂੰ ਆਸਤਕ ਦਰਸ਼ਨ ਵੀ ਕਹਿੰਦੇ ਹਨ ਕਿਉਂਕਿ ਜੈਮਨੀ ਵੇਦਾਂ ਤੋਂ ਛੁਟ ਕਿਸੇ ਦੂਜੇ ਨੂੰ ਪਰਮਾਣ ਮੰਨਦਾ ਹੀ ਨਹੀਂ। ਇਸ ਦਰਸ਼ਨ ਦੇ ਸੂਤ੍ਰਾਂ ਦਾ ਰਚਨਾ ਕਾਲ ੪੦੦ ਵਰ੍ਹੇ ਪੂਰਵ ਈਸ੍ਵੀ ਮਿਥਿਆ ਗਿਆ ਹੈ।

ਜੈਮਨੀ ਜਗਤ ਨੂੰ ਸੱਤ ਮੰਨਦਾ ਹੈ। ਇਸ ਨੂੰ ਅਨਾਦੀ ਤੇ ਅਨੰਤ ਕਹਿੰਦਾ ਹੈ। ਇਹ ਸਦਾ ਤੋਂ ਸੀ ਜਿਹਾ ਹੁਣ ਹੈ ਤੇ ਅਗੋਂ ਵੀ ਇਸੇ ਭਾਂਤ ਦਾ ਹੋਵੇਗਾ। ਹਾਂ ਰਚਨਾ ਦਾ ਕੋਈ ਭਾਗ ਨਾਸ਼ ਹੋ ਸਕਦਾ ਹੈ। ਇਹ ਦਰਸ਼ਨ ਅਨੁਸਾਰ ਇਹ ਜਗਤ ਨਾ ਕਦੇ ਸਾਜਿਆ ਗਿਆ ਹੈ ਤੇ ਨਾ ਕਦੇ ਇਹ ਪੂਰੇ ਤੌਰ ਤੇ ਨਾਸ ਹੀ ਹੋਵੇਗਾ।

ਇਹ ਦਰਸ਼ਨ ਬੁਧ ਮੱਤ ਦੇ ਗਿਆਨ ਵਿਗਯਾਨ-ਵਾਦ ਜਾਂ ਸ਼ੂਨਯ ਵਾਦ ਦਾ ਵਿਰੋਧੀ ਹੈ।

ਇਸਨੇ ਹਸਤੀ ਦੀਆਂ ਹੇਠ ਲਿਖੀਆਂ ਚਾਰ ਵੰਡਾਂ ਕੀਤੀਆਂ ਹਨ—

(੧) ਦ੍ਰਵਯ। (੨) ਗੁਣ। (੩) ਕਰਮ। (੪) ਸਾਮਾਨਯ।

[੧] ਦ੍ਰਵਯ—ਇਸ਼ ਦਾ ਪਰਿਮਾਣ (Size) ਹੈ।

ਪ੍ਰਿਥ੍ਵੀ, ਜਲ, ਪ੍ਰਕਾਸ਼, ਹਨੇਰ, ਵਾਯੂ, ਆਕਾਸ਼, ਕਾਲ, ਦਿਸ਼ਾ,
ਆਤਮਾ, ਮਨ ਅਤੇ ਸ਼ਬਦ, ਇਹ ਸਭ ਦ੍ਰਵਯ ਹਨ।

ਪਰਮਾਣੂ ਅਦਿਖ ਨਹੀਂ। ਸੂਰਜ ਦੀ ਕਿਰਣ ਵਿਚ ਜੋ ਛੋਟੇ ਛੋਟੇ ਜ਼ਰੇ ਸਾਨੂੰ ਘੁਮਦੇ ਦਿਸਦੇ ਹਨ ਉਹ ਪਰਮਾਣੂ ਹਨ। ਕਾਰਜ ਦਾ ਉਸ ਦੇ ਉਪਾਦਾਨ ਕਾਰਨ ਨਾਲ ਸਬੰਧ ਸਮਵਾਯ ਦਾ ਨਹੀਂ। ਘੜਾ ਮਿਟੀ ਹੈ ਪਰ ਰੂਪ ਆਦਿ ਗੁਣਾ ਕਰ ਕੇ ਵਖਰਾ ਹੈ। ਇਸ ਦਾ ਨਾਮ ਮਿਮਾਨਸਕਾਂ ਨੇ ਸੱਤ-ਕਾਰਜ-ਵਾਦ ਰਖਿਆ ਹੈ। ਮਿਟੀ ਤੋਂ ਘੜਾ, ਮਟ, ਸੁਰਾਹੀ, ਪਿਆਲਾ

ਆਦਿ ਕਈ ਵਸਤਾਂ ਬਣਦੀਆਂ ਹਨ। ਇਹ ਉਸ ਮਿਟੀ ਦਾ ਪਰਿਣਾਮ ਹਨ ।

ਹੇਠ ਲਿਖੇ ਦ੍ਰਵ ਅਨਾਦੀ ਹਨ—

ਅਕਾਸ਼, ਕਾਲ, ਦਿਸ਼ਾ, ਆਤਮਾ, ਮਨ ਅਤੇ ਸ਼ਬਦ। ਮਨ ਦੇ ਬਿਨਾ ਸਾਰੇ ਦ੍ਰਵ ਬੁਝੇ ਜਾ ਸਕਦੇ ਹਨ (Percievable)

ਆਤਮਾਵਾਂ

ਵਿਅਕਤੀਗਤ ਆਤਮਾਵਾਂ ਅਨਗਿਣਤ ਹਨ। ਗਿਆਨ ਦਾ ਅਧਾਰ ਹਨ ਅਤੇ ਦੁਖ ਸੁਖ ਅਨਭਵ ਕਰਦੇ ਹਨ। ਇਹ ਨਾਮ-ਰੂਪ ਦੇਹੀ, ਗਿਆਨ ਇੰਦ੍ਰੀਆਂ ਅਤੇ ਗਿਆਨ ਤੋਂ ਵਖਰੇ ਹਨ । ਕੁਝ ਮਿਮਾਨਸਕ ਆਤਮਾ ਨੂੰ ਚੇਤਨਾ ਦਾ ਰੂਪ ਦੇਂਦੇ ਹਨ ਅਤੇ ਮਾਨਸਿਕ ਬੂਝ ਦਾ ਵਿਸ਼ਾ (ਮਾਨਸ-ਪ੍ਰਤਯਕਸ਼) ਮੰਨਦੇ ਹਨ। ਆਤਮਾ ਕਰਮ-ਕਰਤਾ ਅਤੇ ਉਨ੍ਹਾਂ ਦੇ ਫਲਾਂ ਦਾ ਭੋਗਤਾ ਹੈ।

ਮਨ

ਮਨ ਵੀ ਅਮਰ ਤੇ ਸਰਵ-ਵਿਆਪੀ ਹੈ।

ਗਿਆਨ

ਮਨ ਅਤੇ ਆਤਮਾ ਦੋਹਾਂ ਸਰਵ-ਪਿਆਪੀ ਦ੍ਰਵਾਂ ਦਾ ਸੰਜੋਗ ਗਿਆਨ ਦਾ ਕਾਰਣ ਹੈ, ਪਰ ਗਿਆਨ ਸਥੂਲ ਦੇਹੀ ਕਾਰਨ ਸੀਮਿਤ ਹੈ ।

ਈਸ਼੍ਵਰ

ਜੈਮਨੀ ਈਸ਼੍ਵਰ ਬਾਰੇ ਕੁਝ ਨਹੀਂ ਲਿਖਦਾ। ਉਸ ਦੇ ਖਿਆਲ ਵਿਚ ਈਸ਼੍ਵਰ ਨੂੰ ਕਰਮਾਂ ਦਾ ਫਲ ਪ੍ਰਦਾਤਾ ਕਹਿਣਾ ਉਚਿਤ ਨਹੀਂ । ਫਲ ਪ੍ਰਦਾਨ ਕਰਨ ਦਾ ਬਲ ਅਪੂਰਵ ਵਿਚ ਸੁਤੇ ਸਿਧ ਹੈ ਹੀ। ਉਸ ਅਨੁਸਾਰ ਕਰਮ ਸਰਵ ਸ਼ਕਤੀਮਾਨ ਹੈ ਅਤੇ ਈਸ਼੍ਵਰ ਵੀ, ਜੇ ਉਸ ਦੀ ਕੋਈ ਹੋਂਦ ਹੈ ਤਾਂ ਉਸ ਦੇ ਫਲੀ ਭੂਤ ਹੋਣ ਵਿਚ ਕੋਈ ਦਖਲ ਨਹੀਂ ਦੇ ਸਕਦਾ।

ਮਿਮਾਨਸਕ ਅਪੂਰਣ ਵਿਚ ਵਿਸ਼ਵਾਸ ਰਖਦੇ ਹਨ। ਉਹ ਇਸ ਹੋਂਦ ਨੂੰ ਹੀ ਫਲ ਪ੍ਰਦਾਤਾ ਮੰਨਦੇ ਹਨ। ਵੇਦਾਂ ਵਿਚ ਯੱਗ ਦਾ ਫਲ ਸ੍ਵਰਗ ਲਿਖਿਆ ਹੈ। ਭਾਵੇਂ ਇਹ ਫਲ ਯੱਗ ਸਮਾਪਤ ਹੋਣ ਤੇ ਤਤਕਾਲ ਨਹੀਂ ਮਿਲ ਜਾਂਦਾ, ਪਰ ਉਹ ਯੱਗ ਕਰਨ ਵਾਲੇ ਦੇ ਸਥਿਰ ਵਿਅਕਤੀਤਵ ਵਿਚ ਇਹ ਕਰਮ ਇਕ ਅਜੇਹੀ ਸ਼ਕਤੀ ਪੈਦਾ ਕਰ ਦੇਂਦੇ ਹਨ, ਜੋ ਸਮੇਂ ਸਿਰ ਉਸ ਲਈ ਨੀਅਤ ਫਲ ਮਿਲ ਜਾਣ ਦਾ ਕਾਰਨ ਬਣ ਜਾਂਦੀ ਹੈ।

ਮੁਕਤੀ

ਜੈਮਨੀ ਅਨੁਸਾਰ ਧਰਮ ਦਾ ਫਲ ਅਭਯਦਯ (Prosperity) ਹੈ, ਜਿਸ

ਦਾ ਭਾਵ ਸ੍ਵਰਗ ਹੈ। ਜੈਮਨੀ ਤੇ ਉਸ ਦੇ ਸੂਤ੍ਰਾਂ ਤੇ ਟੀਕਾਕਾਰ ਸਬਰ ਸ੍ਵਾਮਿਨ ਅਤੇ ਪਰਭਾਕਰ ਮੁਕਤੀ ਬਾਰੇ ਚੁਪ ਹਨ। ਪਰ ਮਗਰੋਂ ਹੋਏ ਕੁਮਾਰਿਲ ਭੱਟ ਅਤੇ ਸ਼ਾਲਿਕ ਨਾਥ ਇਸ ਵਿਸ਼ੇ ਪ੍ਰਣਾਲੀ ਨੂੰ ਸੰਪੂਰਨ ਕਰਨੋਂ ਨਜ਼ਰ ਅੰਦਾਜ਼ ਨਹੀਂ ਸਨ ਕਰ ਸਕਦੇ ਕਿਉਂਕਿ ਇਸ ਦੀ ਪੂਰਤੀ ਬਿਨਾ ਇਹ ਅਧੂਰੀ ਸੀ। ਇਸ ਲਈ ਉਨ੍ਹਾਂ ਇਸ ਦਾ ਜ਼ਿਕਰ ਕੀਤਾ ਹੈ।

ਕੁਮਾਰਿਲ ਭੱਟ ਲਿਖਦਾ ਹੈ, ਜੋ ਪੁਨਰ ਜਨਮ ਜੋ ਦੁਖ ਤੇ ਬਿਪਤਾ ਦਾ ਕਾਰਣ ਹੈ, ਤੋਂ ਖਲਾਸੀ ਪਾ ਲੈਣੀ ਹੀ ਮੁਕਤੀ ਹੈ। ਪਰ ਮੁਕਤੀ ਦੀ ਪ੍ਰਾਪਤੀ ਲਈ ਪਿਛਲੇ ਕੀਤੇ ਹੋਏ ਸਾਰੇ ਕਰਮਾਂ ਦਾ ਭੁਗਤਾਨ ਕਰਨਾ ਵੀ ਬਹੁਤ ਜ਼ਰੂਰੀ ਹੈ। ਜਦ ਤਕ ਸਾਰੇ ਦੇ ਸਾਰੇ ਬਿਨਾ ਕੋਈ ਬਾਕੀ ਛਡੇ ਮੁਕਾ ਨਹੀਂ ਲੀਤੇ ਜਾਂਦੇ, ਓਦੋਂ ਤਕ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਮੁਮਕਸ਼ੂ ਨੂੰ ਕੋਈ ਅਵਿਹਤ ਕਰਮ ਨਹੀਂ ਕਰਨੇ ਚਾਹੀਦੇ। ਉਸਨੂੰ ਕੋਈ ਕਰਮ, ਫਲ ਦੀ ਇਛਾ ਧਾਰ ਕੇ ਵੀ ਨਹੀਂ ਕਰਨੇ ਚਾਹੀਦੇ ਕਿਉਂਕਿ ਅਜਿਹੇ ਕਰਮ ਅਗੋਂ ਲਈ ਨਵੇਂ ਬੰਧਨ ਪੈਦਾ ਕਰ ਦੇਂਦੇ ਹਨ। ਪਰ ਕੁਮਾਵਿਲ ਨਿਤਯ ਤੇ ਨਮਿਤਿਕ ਕਰਮ ਕਰਨੇ ਜ਼ਰੂਰੀ ਸਮਝਦਾ ਹੈ। ਇਹ ਕਰਮ ਕਰਨ ਵਾਲਾ ਪਾਪ ਦਾ ਭਾਗੀ ਨਹੀਂ ਬਣਦਾ। ਉਸ ਨੇ ਨਿਸ਼ਕਾਮ ਕਰਮ ਕਰਨ ਤੇ ਜ਼ੋਰ ਦਿਤਾ ਹੈ। ਓਹੋ ਗਿਆਨ ਨੂੰ ਸਿਧਾ ਮੁਕਤੀ ਦਾ ਕਾਰਨ ਨਹੀਂ ਮੰਨਦਾ। ਉਪਾਸ਼ਨਾ ਅਤੇ ਧਿਆਨ ਦਾ ਰੂਪ ਧਾਰਨ ਬਿਨਾ ਨਿਰਾ ਗਿਆਨ ਮੁਕਤੀ ਦਾ ਕਾਰਨ ਨਹੀਂ ਬਣ ਸਕਦਾ। ਮੁਕਤ ਆਤਮਾ ਦੁਖਾਂ ਸੁਖਾਂ ਤੋਂ ਛੁਟਕਾਰਾ ਪਾ ਗਿਆਨ-ਸਕਤੀ ਪ੍ਰਾਪਤ ਕਰ ਲੈਂਦੀ ਹੈ, ਭਾਵ ਆਪਣੀ ਅਸਲੀ ਅਵਸਥਾ ਹਾਸਲ ਕਰ ਲੈਂਦੀ ਹੈ। ਕਿਉਂਕਿ ਹੁਣ ਉਹ ਅਸਰੀਰਕ ਤੇ ਇੰਦ੍ਰੀਆਂ ਤੋਂ ਉਚੇਰੀ ਹੋ ਜਾਂਦੀ ਹੈ ਤੇ ਕੋਈ ਕਰਮ ਨਹੀਂ ਕਰ ਸਕਦੀ। ਸ਼ਾਲਿਕ ਨਾਥ ਅਨੁਸਾਰ ਇਹ ਅਨੰਦ ਦੀ ਅਵਸਥਾ ਨਹੀਂ।

ਜਿਹਾ ਕਿ ਉਤੇ ਦਸਿਆ ਜਾ ਚੁਕਾ ਹੈ ਕਿ ਪੂਰਵ ਮਿਮਾਨਸਾ ਵੇਦਾਂ ਤੇ ਅਧਾਰਿਤ ਧਰਮ ਦਾ ਪਰਚਾਰਨੀ ਹੈ ਤੇ ਇਸੇ ਧਰਮ ਨੂੰ ਹੀ ਇਹ ਸ੍ਰੇਯ ਦਾ ਕਾਰਨ ਮੰਨਦਾ ਹੈ। ਆਪਣੇ ਪ੍ਰਤੀ, ਆਪਣੇ ਕਟੁੰਬ ਪ੍ਰਤੀ, ਸਬੰਧੀਆਂ ਪ੍ਰਤੀ, ਆਪਣੀ ਜ਼ਾਤੀ ਤੇ ਕੌਮ ਪ੍ਰਤੀ, ਜੋ ਰਿਣ ਇਸ ਦੇ ਸਿਰ ਤੇ ਚੜ੍ਹਿਆ ਹੋਇਆ ਹੈ, ਉਸ ਦੇ ਚੁਕਾਣ ਲਈ ਉਨ੍ਹਾਂ ਕਰਮਾਂ ਦੇ ਕਰਨ ਤੇ ਜ਼ੋਰ ਦੇਂਦਾ ਹੈ, ਜੋ ਧਰਮ ਗ੍ਰੰਥਾਂ ਵਿਚ ਦਸੇ ਗਏ ਹਨ।

ਵੈਸੇ ਤਾਂ ਪੂ: ਮੀਮਾਨਸਾ ਹਿੰਸਾ, ਜਿਸ ਰਾਹੀਂ ਕਿਸੇ ਦੀ ਮੌਤ ਹੋਵੇ, ਦਾ ਵਿਰੋਧੀ ਹੈ, ਪਰ ਯਗਾਂ ਵਿਚ ਪਸ਼ੂਆਂ ਦੀ ਬਲੀ ਨੂੰ ਜਾਇਜ਼ ਕਰਾਰ ਦੇਂਦਾ ਹੈ, ਕਿਉਂਕਿ ਇਹ ਵੇਦਾਂ ਦੇ ਅਨਕੂਲ ਹੈ ਅਤੇ ਪਾਪ ਨਹੀਂ। ਪਾਪ ਕੇਵਲ ਸ੍ਵਾਰਥ ਲਈ ਕੀਤੀ ਗਈ ਹਿੰਸਾ ਹੀ ਕਹੀ ਗਈ ਹੈ।

ਸੰਧਿਆ ਆਦਿ ਨਿਤ ਕਰਮ ਅਤੇ ਗ੍ਰਹਿਣ ਸਮੇ ਇਸ਼ਨਾਨ ਅਤੇ ਹੋਰ ਇਹੋ ਜਿਹੇ ਨਮਿਤਕ ਕਰਮ ਕਰਨੇ ਜ਼ਰੂਰੀ ਹਨ, ਜੇ ਨਾ ਕੀਤੇ ਜਾਣ ਤਾਂ ਪਾਪ ਹੈ। ਕਾਮਯ ਕਰਮ ਲਾਵ ਖਾਸ-ਖਾਸ ਮੰਤਵ ਲਈ ਮਿਥੇ ਗਏ ਹਨ। ਆਪਣੀ ਇਛਾ ਅਨੁਸਾਰ ਕਰੋ ਭਾਵੇਂ ਨਾ ਕਰੋ। ਹਾਂ ਜੇ ਵਿਤ ਜਾਂ ਸ਼ਕਤੀ ਹੋਵੇ ਤਾਂ ਜ਼ਰੂਰ ਕਰੋ।

ਉਪ੍ਰੋਕਤ ਵਿਚਾਰ ਤੋਂ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਪੁਜ ਜਾਂਦੇ ਹਾਂ—

(੧) ਵੇਦਾਂ ਵਿਚ ਦਰਸਾਇਆ ਗਿਆ ਧਰਮ ਹੀ ਸਹੀ ਧਰਮ ਹੈ, ਇਸ ਲਈ ਵੇਦਾਂ ਦੇ ਬ੍ਰਾਹਮਣ ਭਾਗ ਵਿਚ ਦਸੇ ਗਏ ਕਰਮ ਧਰਮ ਹੀ ਪਰਵਾਨਿਤ ਹਨ।

(੨) ਜਗਤ ਸਤਿ ਹੈ, ਅਨਾਦੀ ਵੀ ਹੈ ਤੇ ਅਨੰਤ ਵੀ, ਭਾਵੇਂ ਇਸ ਦਾ ਕੋਈ ਭਾਗ ਨਾਸ ਵੀ ਹੋ ਸਕਦਾ ਹੈ, ਫੇਰ ਭੀ ਇਹ ਸਮੁਚਾ ਕਦੇ ਨਾਸ਼ ਨਹੀਂ ਹੋਇਆ। ਨਾ ਹੀ ਹੋਵੇਗਾ ਸਦਾ ਪਰਵਾਹ ਰੂਪ ਹੋਵੇਗਾ।

(੩) ਆਤਮਾਵਾਂ ਅਨਗਿਣਤ ਹਨ, ਪਰ ਨਾਸ਼ਮਾਨ ਦੇਹੀ ਅਤੇ ਗਿਆਨ ਇੰਦ੍ਰਿਆਂ ਤੋਂ ਭਿੰਨ ਹਨ। ਕਰਮ ਕਰਤਾ ਤੇ ਉਨ੍ਹਾਂ ਦੇ ਫਲਾਂ ਦੀਆਂ ਭੋਗਤਾਂ ਹਨ। ਗਿਆਨ ਦਾ ਅਧਾਰ ਹਨ। ਗਿਆਨ ਮਨ, ਜੋ ਅਮਰ ਤੇ ਸਰਬ-ਵਿਆਪੀ ਹੈ, ਦੇ ਆਤਮਾ ਨਾਲ ਹੋਏ ਸੰਜੋਗ ਤੋਂ ਉਪਜਦਾ ਹੈ, ਪਰ ਦੇਹੀ ਦੇ ਸਥੂਲ ਹੋਣ ਕਰਕੇ ਸੀਮਤ ਰਹਿੰਦਾ ਹੈ।

(੪) ਈਸ਼ਵਰ ਦੀ ਹੋਂਦ ਤੇ ਕਿੰਤੂ ਕਰਦਿਆਂ ਮੀਮਾਨਸ਼ਾ ਕਹਿੰਦਾ ਹੈ ਕਿ ਜੇ ਕੋਈ ਈਸ਼ਵਰ ਹੈ, ਤਦ ਵੀ ਉਹ ਕਰਮਾਂ ਦਾ ਫਲ ਪ੍ਰਦਾਤਾ ਨਹੀਂ।

(੫) ਕਰਮ ਸਰਵ ਸ਼ਕਤੀਮਾਨ ਹੈ ਤੇ ਇਸ ਨੇ ਅਵੱਸ਼ਯ ਫਲੀ-ਭੂਤ ਹੋਣਾ ਹੈ।

(੬) ਮੁਕਤੀ ਵੀ ਸਾਰੇ ਦੇ ਸਾਰੇ ਕਰਮਾਂ ਦਾ ਭੁਗਤਾਨ ਕਰਨ ਤੇ ਹੀ ਪ੍ਰਾਪਤ ਹੋ ਸਕਦੀ ਹੈ। ਮੁਕਤੀ ਦਾ ਭਾਵ ਪੁਨਰ ਜਨਮ ਤੋਂ ਛੁਟਕਾਰਾ ਪਾਣਾ ਹੈ। ਇਹ ਅਨੰਦ ਦੀ ਅਵਸਥਾ ਨਹੀਂ।

ਗੁਰਮੱਤ

ਗੁਰਮੱਤ ਵੇਦਾਂ ਨੂੰ ਸਤਿਕਾਰ ਯੋਗ ਗ੍ਰੰਥ ਤਾਂ ਮੰਨਦੀ ਹੈ, ਪਰ ਵੇਦਾਂ ਤੇ ਅਧਾਰਿਤ ਨਹੀਂ ਤੇ ਨਾ ਹੀ ਬ੍ਰਾਹਮਣ ਭਾਗ ਵਿਚ ਦਸੇ ਕਰਮਾਂ ਧਰਮਾਂ ਨੂੰ ਮੁਕਤੀ ਦਾ ਸਾਧਨ ਮੰਨਦਾ ਹੈ। ਸਗੋਂ ਗੁਰਮੱਤ ਦਾ ਖਿਆਲ ਹੈ :

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
ਤ੍ਰੈ ਗੁਣ ਮਾਇਆ ਮੂਲ ਹੈ ਵਿਚਿ ਹਉਮੈ ਨਾਮ ਵਿਸਾਰਿ ॥੧॥੧੩॥
[ਸਲੋਕ ਮ: ੩ ਵਾਰ ਸੋਰਠ ਮ: ੪]

[੨] ਅਸੀਂ ਪਿਛੇ 'ਸਾਂਖ ਦਰਸ਼ਨ ਤੇ ਗੁਰਮੱਤ' ਦੇ ਸਿਰਲੇਖ ਹੇਠਾਂ ਦਸ ਆਏ ਹਾਂ ਕਿ ਸ੍ਰਿਸ਼ਟੀ ਪਰਵਾਹ ਰੂਪ ਨਹੀਂ । ਇਕ ਸਮਾਂ ਅਜਿਹਾ ਵੀ ਸੀ, ਜਦੋਂ ਨਿਰੰਕਾਰ ਤੋਂ ਛੁਟ ਹੋਰ ਕੁਝ ਵੀ ਨਹੀਂ ਸੀ। ਨਿਰੰਕਾਰ ਆਪਣੇ ਹੁਕਮ ਅਨੁਸਾਰ ਸ੍ਰਿਸ਼ਟੀ ਨੂੰ ਰਚਦਾ ਵੀ ਹੈ ਤੇ ਸਮੇਟ ਵੀ ਲੈਂਦਾ ਹੈ।

[੩] ਈਸ਼ਵਰ ਦੀ ਏਕਤਾ ਵਿਚ ਅਨੇਕਤਾ ਤੇ ਫਿਰ ਅਨੇਕਤਾ ਵਿਚ ਏਕਤਾ ਹੈ। ਆਤਮਾ ਅਨਾਦੀ ਨਹੀਂ, ਅਨਾਦੀ ਪ੍ਰਮਾਤਮਾ ਦਾ ਹੀ ਗੁਣ ਹੈ, ਜਿਸਦਾ ਈਸ਼ਵਰ ਨਾਲ ਸਬੰਧ ਸੂਰਜ ਤੇ ਕਿਰਣ ਵਾਲਾਹੈ, ਸਾਗਰ ਤੇ ਬੂੰਦ ਵਾਲਾ ਹੈ, ਅੱਗ ਤੇ ਚੰਗਾਰੀ ਵਾਲਾ ਹੈ। ਜੋ ਇਕ ਵਿਚੋਂ ਅਨੇਕ ਹੋ ਕੇ ਮੁੜ ਇਕ ਵਿਚ ਹੀ ਲੀਨ ਹੋ ਜਾਂਦੀਆਂ ਹਨ :

[ੳ] ਸੂਰਜ ਕਿਰਣਿ ਮਿਲੈ ਜਲ ਕਾ ਜਲ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥ ੪ ॥ ੨ ॥
[ਬਿਲਾਵਲ ਮ: ੫ ਛੰਤ]

[ਅ] ਸਾਧਿ ਮੂਰਤਿ ਗੁਰੁ ਭੇਟਿਓ ਨਾਨਕ,
ਮਿਲਿ ਸਾਗਰ ਬੂੰਦ ਨਹੀ ਅਨਹੇਰਾ ॥ ੨ ॥ ੧ ॥
[ਬਿਲਾਵਲ ਮ: ੫]

[ੲ] ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ
ਨਯਾਰੇ ਨਯਾਰੇ ਹ੍ਵੈ ਕੈ ਫਿਰ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨਿ ਕੇ ਤਰੰਗ ਸਭੈ ਪਾਨਿ ਹੀ ਕਹਾਇੰਗੇ ॥
ਤੈਸੇ ਵਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹ੍ਵੈ
ਤਾਹੀਂ ਤੇ ਉਪਜ ਸਭੈ ਤਾਹੀਂ ਮੈ ਸਮਾਹਿੰਗੇ ॥
[ਪਾਤਸ਼ਾਹੀ ੧੦]

ਇਹ ਭਿੰਨਤਾ ਹਉਮੈ ਕਰਕੇ ਆਪਣੀ ਵਖਰੀ **ਸ਼ਖਸੀਅਤ ਕਾਇਮ** ਕਰਨ ਨਾਲ ਹੈ :

ਜੈਸੇ ਕੁੰਭ ਉਦਕ ਪੂਰਾਨਿਓ ਤਬ ਓਹ ਭਿੰਨ ਦ੍ਰਿਸ਼ਟੋ ॥

ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭਿ ਮਿਲੇ ॥ ੪ ॥ ੩ ॥
[ਸਾਰੰਗ ਮ: ੫]

ਆਤਮਾ ਅਸਲੇ ਕਰਕੇ ਇਕ ਰਸ ਰਹਿਣ ਵਾਲੀ ਈਸ਼ਵਰੀ ਹੋਂਦ ਹੈ। ਨਾ ਤਾਂ ਆਪ ਕਰਤਾ ਹੈ ਨਾ ਭੋਗਤਾ :

ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪ ॥੧॥ਰਹਾਉ।
ਨਾ ਇਹੁ ਬੂਢਾ ਨ ਇਹੁ ਬਾਲਾ ॥ ਨਾ ਇਸ ਦੂਖ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ।੧।
ਨਾ ਇਸੁ ਉਸਨੁ ਨਹੀ ਇਸੁ ਸੀਤ ॥ ਨਾ ਇਸ ਦੁਸਮਨ ਨਾ ਇਸੁ ਮੀਤੁ ॥
ਨਾ ਇਸੁ ਹਰਖ ਨਹੀ ਇਸੁ ਸੋਗੁ ॥ ਸਭੁ ਕਿਛ ਇਸਕਾ ਇਹ ਕਰਨੈ ਜੋਗੁ ॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸ ਲੇਪ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥
੨ ॥ ੧੯ ॥ ੨੧ ॥ [ਗੋਂਡ ਮ: ੫]

ਅਸਲ ਵਿਚ ਹਉਮੈ ਹੀ ਮਨੁਖ ਨੂੰ ਜਨਮ-ਮਰਣ, ਦੇਣ-ਲੈਣ, ਦੁਖ-ਸੁਖ, ਪਾਪ-ਪੁੰਨ, ਮੁਕਤੀ-ਬੰਧ ਆਦਿ ਦੇ ਝਮੇਲਿਆਂ ਵਿਚ ਪਾਂਦੀ ਹੈ :

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਇ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
[ਆਸਾ ਦੀ ਵਾਰ ਸਲੋਕ ਮ: ੨]

ਅੰਕ ਚਾਰ, ਪੰਜ, ਛੇ ਦਾ ਗੁਰਮਤਿ ਨਾਲ ਬੁਨਿਆਦੀ ਇਖਤਲਾਫ਼ ਹੈ। ਗੁਰਮਤਿ ਅਨੁਸਾਰ ਕਰਮ ਸਰਵ ਸ਼ਕਤੀਮਾਨ ਨਹੀਂ। ਕਰਮਾਂ ਦਾ ਫਲ ਪ੍ਰਦਾਤਾ ਅਕਾਲਪੁਰਖ ਆਪ ਹੈ। ਵਾਹਿਗੁਰੂ ਦੇ ਹੁਕਮ ਨੂੰ ਬੁਝਣ ਨਾਲ ਜੀਵ ਦੀ ਹਉਮੈ ਨਾਸ ਹੋ ਜਾਂਦੀ ਹੈ ਤੇ ਮਨੁਖ ਜੀਵਨ ਮੁਕਤ ਹੋ ਜਾਂਦਾ ਹੈ। ਜੀਵਨ-ਮੁਕਤ ਸਜਣ ਦੇ ਸਾਰੇ ਕਰਮ ਈਸ਼ਵਰ ਪਰਾਇਣ ਹੁੰਦੇ ਹਨ, ਇਸ ਲਈ ਉਹ ਕਰਮ ਕਰਦਿਆਂ ਵੀ ਨਿਹ-ਕਰਮ ਰਹਿੰਦਾ ਹੈ। ਉਹ ਕੇਵਲ ਕਰਮਾਂ ਦੇ ਭੁਗਤਾਨ ਲਈ ਨਹੀਂ ਜੀਂਦਾ, ਸਗੋਂ ਪਰਉਪਕਾਰ ਲਈ ਜੀਵਨ ਬਤੀਤ ਕਰਦਾ ਹੈ।

ਵੇਦਾਂਤ ਸ਼ਾਸ਼ਤਰ ਤੇ ਗੁਰਮੱਤ

ਵੇਦਾਂਤ ਦੇ ਸ਼ਬਦਾਰਥ ਵੇਦਾਂ ਦਾ ਸਾਰ ਹੈ। ਸ਼ੁਕਲ ਯਜਰ ਵੇਦ ਦੇ ਅੰਤ ਵਿਚ ਤਤ੍ਵ-ਗ੍ਯਾਨ ਬੋਧਕ ਅਠਾਰਾਂ ਮੰਤ੍ਰ ਹਨ, ਜਿਨ੍ਹਾਂ ਦੀ ਵਿਸਥਾਰਕ ਵਿਆਖਿਆ ਅਨੇਕ ਵਿਦਵਾਨਾਂ ਨੇ ਕੀਤੀ ਹੈ। ਵੇਦ ਦਾ ਅੰਤ ਹੋਣ ਕਰਕੇ ਸਿਧਾਂਤ ਦਾ ਨਾਮ ਵੇਦਾਂਤ ਹੋ ਗਿਆ ਹੈ। ਰਿਸ਼ੀ ਵਿਆਸ ਜੀ ਦੇ ਰਚੇ ੫੫੫ ਬ੍ਰਹਮ ਸੂਤ੍ਰ ਇਸ ਸ਼ਾਸਤਰ ਦਾ ਮੂਲ ਹਨ।

ਬੁਧ ਧਰਮ ਦੇ ਪਰਚਾਰ ਨੇ ਪਹਿਲੇ ਤਾਂ ਇਸ ਮਤ ਨੂੰ ਹਦੋਂ ਵਧ ਹਾਨੀ ਪਹੁੰਚਾਈ ਸੀ, ਸਗੋਂ ਬਹੁਤ ਹੱਦ ਤਕ ਇਸ ਨੂੰ ਭਾਰਤ ਵਰਸ਼ ਵਿਚੋਂ ਕਢਣ ਤੇ ਮੇਟਣ ਵਿਚ ਸਫਲ ਵੀ ਹੋ ਗਿਆ ਸੀ, ਪਰ ਬਾਹਦ ਵਿਚ ਸਵਾਮੀ ਸ਼ੰਕਰਾਚਾਰਆ ਜੀ ਦੇ ਅਦਵੈਤ-ਵੇਦਾਂਤ ਨੇ ਮੁੜ ਸਿਕਾ ਜਮਾ ਲਿਆ। ਸਵਾਮੀ ਸ਼ੰਕਰਾਚਾਰੀਆ ਅਠਵੀਂ ਸ਼ਤਾਬਦੀ ਈਸਵੀ ਵਿਚ ਹੋਏ ਸਨ ਤੇ ਕੇਵਲ ੩੨ ਵਰ੍ਹਿਆਂ ਦੀ ਆਯੂ ਭੋਗ ਕੇ ਸਰੀਰਕ ਜਾਮਾ ਤਿਆਗ ਗਏ ਸਨ। ਆਪ ਜੀ ਦਾ ਰਚਿਆ 'ਸ਼ਾਰੀਰਕ' ਭਾਖ੍ਯ ਵੇਦਾਂਤ ਦਾ ਪ੍ਰਧਾਨ ਗ੍ਰੰਥ ਹੈ।

ਭਾਵੇਂ ਸ਼ੰਕਰ ਜੀ ਦੇ ਵੇਦਾਂਤ ਸਿਧਾਂਤ ਪੂਰੇ ਤੌਰ ਤੇ ਅਜ ਵਰਤੋਂ ਵਿਚ ਨਹੀਂ ਦਿਸਦੇ, ਪਰ ਇਸ ਗਲ ਦੇ ਮੰਨਣ ਤੋਂ ਸੰਕੋਚ ਨਹੀਂ ਕੀਤਾ ਜਾ ਸਕਦਾ, ਜੋ ਸ਼ੰਕਰ ਜੀ ਦੇ ਪਰਚਾਰ ਨੇ ਇਸਨੂੰ ਜਨ-ਸਾਧਾਰਨ ਦਾ ਆਧਾਰ ਬਣਾ ਦਿਤਾ ਸੀ ਤੇ ਹੁਣ ਤੀਕ ਵੀ ਇਸਦਾ ਕੁਝ ਨਾ ਕੁਝ ਅਸਰ ਇਸ ਤੋਂ ਮਗਰੋਂ ਪਰਚਲਤ ਹੋਏ ਸਮੂਹ ਭਾਰਤੀ ਮਤਾਂ ਤੇ ਪਰਤਖ ਦਿਸਦਾ ਹੈ।

ਗੁਰਮੱਤ ਨਾਲ ਤਾਂ ਇਸਦੀ ਸਿਧਾਂਤਕ ਸਾਂਝ ਇਨ੍ਹੀ ਦਿਸਦੀ ਹੈ ਕਿ ਕਈ ਵਿਚਾਰਵਾਨ ਤਾਂ ਹੁਣ ਤਕ ਇਹੀ ਪਰਚਾਰਦੇ ਆਏ ਹਨ ਕਿ ਗੁਰਮੱਤ ਤੇ ਵੇਦਾਂਤ ਸਿਧਾਂਤਿਕ ਰੂਪ ਵਿਚ ਇਕ ਹੀ ਹਨ। ਖ਼ਾਸ ਕਰਕੇ ਨਿਰਮਲੇ ਵਿਦਵਾਨ ਇਸ ਪੱਖ ਦੇ ਵਧੇਰੇ ਪਰਚਾਰਨੀ ਹਨ ਤੇ ਉਨ੍ਹਾਂ ਦਾ ਅਜਿਹਾ ਹੋਣਾ ਕੁਝ ਸੁਭਾਵਕ ਵੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਪਰਚਾਰ ਲਈ ਦੋ ਖ਼ਾਸ ਉਪਰਾਲੇ ਕੀਤੇ ਸਨ। ਇਕ ਤਾਂ ਭਾਈ ਮਨੀ ਸਿੰਘ ਜੀ ਦੀ ਸਪੁਰਦਗੀ ਵਿਚ ਉਨ੍ਹਾਂ ਗੁਰਬਾਣੀ ਦੇ ਟਕਸਾਲੀ ਅਰਥਾਂ ਲਈ ਸੰਪਰਦਾਈ ਗਿਆਨੀਆਂ ਦੀ ਪਰਣਾਲੀ

ਚਲਾਈ ਤੇ ਦੂਜੇ ਪੰਜਾਂ ਸਿੰਘਾਂ [ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਤੇ ਸੋਭਾ ਸਿੰਘ) ਨੂੰ ਬ੍ਰਹਮਚਾਰੀ ਦੇ ਭੇਸ ਵਿਚ ਸੰਸਕ੍ਰਿਤ ਤਥਾ ਦਾਰਸ਼ਨਿਕ ਵਿਦਿਆ ਹਾਸਲ ਕਰਨ ਲਈ ਕਾਂਸ਼ੀ [ਅਜ ਦੀ ਵਾਰਾਨਸੀ] ਘਲਿਆ, ਤਾਂ ਜੋ ਉਹ ਹਰ ਸੰਭਵ ਢੰਗ ਵਰਤ ਕੇ ਉਥੋਂ ਦੇ ਮਾਨਨੀਯ ਤੇ ਵਿਦਵਾਨ ਪੰਡਤਾਂ ਕੋਲੋਂ ਵੇਦਾਂ ਦੀ ਗੂਹੜ ਵਿਦਿਆ ਪ੍ਰਾਪਤ ਕਰਕੇ ਆਵਣ ਤੇ ਗੁਰਸਿਖਾਂ ਨੂੰ ਦਾਰਸ਼ਨਿਕ ਢੰਗ ਨਾਲ ਗੁਰਬਾਣੀ ਪ੍ਰਚਾਰਣ। ਇਸ ਮੰਤਵ ਪੂਰਤੀ ਲਈ ਸ੍ਰੀ ਦਸਮੇਸ਼ ਜੀ ਨੇ ਉਨ੍ਹਾਂ ਨੂੰ ਇਹ ਖੁਲ੍ਹ ਵੀ ਦੇ ਦਿਤੀ ਕਿ ਉਨ੍ਹਾਂ ਨੂੰ ਜੇਕਰ ਇਸ ਗੂੜ੍ਹ ਵਿਦਿਆ ਨੂੰ ਪੰਡਤਾਂ ਦੀ ਵਿਰਾਸਤ ਵਿਚੋਂ ਕਢਣ ਲਈ, ਉਨ੍ਹਾਂ ਦੇ ਸਾਰੇ ਰਸਮੋ-ਰਿਵਾਜ ਵੀ ਅਪਨਾਣੇ ਪੈਣ, ਤਾਂ ਇਸ ਤੋਂ ਸੰਕੋਚ ਨਾ ਕਰਨ। ਇਹ ਸਿੰਘ ਜਾਂ ਪੂਰਨ ਵਿਦਵਾਨ ਬਣ ਕੇ ਵਾਪਸ ਗੁਰੂ ਜੀ ਪਾਸ ਪੁਜੇ, ਤਾਂ ਸਤਿਗੁਰਾਂ ਨੇ ਪ੍ਰਸੰਨ ਹੋ ਕੇ ਇਨ੍ਹਾਂ ਨੂੰ ਨਿਰਮਲੇ (ਮਲ-ਰਹਿਤ) ਆਖ ਕੇ ਸਨਮਾਨਿਆ। ਇਸੇ ਦਿਨ ਤੋਂ ਇਹ ਸ਼ਬਦ ਪਰਚਲਤ ਹੋ ਗਿਆ ਤੇ ਇਨ੍ਹਾਂ ਵਿਦਵਾਨਾਂ ਦੀ ਚਲੀ ਸੰਪਰਦਾਇ ਨੂੰ ਹੁਣ ਤਕ ਇਸੇ ਹੀ ਲਕਬ ਨਾਲ ਸਨਮਾਨਿਆ ਜਾਂਦਾ ਹੈ।

ਪੁਰਾਣੀ ਦਾਰਸ਼ਨਿਕ ਵਿਚਾਰਧਾਰਾ ਨੇ ਇਨ੍ਹਾਂ ਦੇ ਦਿਲ ਤੇ ਦਿਮਾਗ਼ ਤੇ ਸੁਭਾਵਕ ਅਸਰ ਕੀਤਾ ਹੋਇਆ ਸੀ, ਇਸ ਲਈ ਸਿਧਾਂਤਕ ਪਖ ਤੋਂ ਨਿਰੋਲ ਅਦ੍ਵੈਤ-ਵੇਦਾਂਤੀ ਸਨ। ਇਨ੍ਹਾਂ ਨੇ ਵੀ ਸ਼ੰਕਰ ਜੀ ਵਾਂਗ ਦੇਸ਼ ਪ੍ਰਦੇਸ਼ ਦਾ ਰਟਨ ਕਰਕੇ ਵੇਦਾਂਤ ਦਾ ਹੀ ਪ੍ਰਚਾਰ ਕੀਤਾ ਤੇ ਹੁਣ ਤਕ ਕਰ ਰਹੇ ਹਨ। ਸਾਧਨ ਪੱਖ ਤੋਂ ਇਹ ਸਦਾ ਗੁਰਮਤ ਦੇ ਧਾਰਨੀ ਹੀ ਰਹੇ ਹਨ, ਇਸ ਲਈ ਮੂਰਤੀ ਪੂਜਾ ਤੇ ਜ਼ਾਤ ਪਾਤ ਦੇ ਬੰਧਨਾਂ ਨੂੰ ਇਨ੍ਹਾਂ ਨੇ ਨਹੀਂ ਕਬੂਲਿਆ। ਨਿਰੀ ਪੁਰੀ ਦਲੀਲੀ ਮਨੌਤ ਕੋਲੋਂ ਇਨ੍ਹਾਂ ਭਗਤੀ ਭਾਵਨਾ ਨੂੰ ਵਧੇਰੇ ਅਪਣਾਇਆ, ਪਰ ਫੇਰ ਵੀ ਸਾਨੂੰ ਇਹ ਗਲ ਕਹਿਣੋਂ ਸੰਕੋਚ ਨਹੀਂ ਕਿ ਨਿਰਮਲੇ ਸਾਧਾਂ ਦਾ ਪਰਚਾਰ ਸ਼ੁਧ ਗੁਰਮਤ ਦਾ ਪਰਚਾਰ ਨਹੀਂ ਕਿਹਾ ਜਾ ਸਕਦਾ। ਗੁਰਬਾਣੀ ਦੇ ਸਿਧਾਂਤਾਂ ਨੂੰ ਇਨ੍ਹਾਂ ਵਿਸ਼ੇਸ਼ ਕਰਕੇ ਵੇਦਾਂਤੀ ਦ੍ਰਿਸ਼ਟੀਕੋਨ ਤੋਂ ਹੀ ਨਿਰਖਿਆ, ਪਰਖਿਆ ਤੇ ਪਰਚਾਰਿਆ ਹੈ।

ਇਸ ਸੰਪ੍ਰਦਾਇ ਦੇ ਪ੍ਰਚਾਰ ਦਾ ਪਰਭਾਵ ਟਕਸਾਲੀ ਵਿਦਵਾਨਾਂ ਤੇ ਵੀ ਪੈਣੋਂ ਨਾ ਰਹਿ ਸਕਿਆ। ਉਨ੍ਹਾਂ ਨੇ ਆਪਣੀਆਂ ਟਕਸਾਲਾਂ ਵਿਚ ਵੀ ਅਜਿਹੀ ਸੰਥਿਆ ਦੇਣੀ ਅਰੰਭ ਦਿਤੀ, ਜਿਸਦੇ ਸਿਟੇ ਵਜੋਂ ਗੁਰਮਤ ਦੇ ਵਿਦਵਾਨ ਲੋੜਿਆਂ ਵੀ ਲਭਣੇ ਮੁਸ਼ਕਲ ਹੋ ਗਏ ਹਨ। ਵਿਦਵਾਨ ਕਿਹਾ ਹੀ ਉਸ ਨੂੰ ਜਾਣ ਲਗ ਪਿਆ ਹੈ, ਜੋ ਆਪਣੇ ਵਿਚ ਨਿਰਾ ਵੇਦਾਂਤ ਸਿਧਾਂਤ ਨੂੰ ਹੀ ਦ੍ਰਿੜਾਏ।

ਇਹ ਸਿੰਘ ਪੜ੍ਹਾਏ ਤਾਂ ਇਸ ਲਈ ਗਏ ਸਨ ਕਿ ਉਹ ਗੁਰਬਾਣੀ ਦੀ ਰੋਸ਼ਨੀ ਵਿਚ, ਸ੍ਰੁਤੀਆਂ, ਉਪਨਿਸ਼ਦਾਂ ਤੇ ਸ਼ਾਸਤਰਾਂ ਨੂੰ ਪੜਚੋਲਨ ਤੇ

ਇਸਤਰ੍ਹਾਂ ਗੁਰਬਾਣੀ ਦੇ ਸਿਧਾਂਤਾਂ ਨੂੰ ਦਾਰਸ਼ਨਿਕ ਢੰਗ ਨਾਲ ਪਰਚਾਰਣ, ਪਰ ਕੀਤਾ ਇਨ੍ਹਾਂ ਇਸਦੇ ਉਲਟ। ਵੇਦਾਂਤ ਦੀ ਰੋਸ਼ਨੀ ਵਿਚ ਸਗੋਂ ਗੁਰਬਾਣੀ ਨੂੰ ਪੜਚੋਲਿਆ ਗਿਆ।

ਚੰਗੀ ਗਲ ਹੈ ਕਿ ਕੁਝ ਚਿਰ ਤੋਂ ਗੁਰਬਾਣੀ ਦੀ ਉਤਮਤਾਈ ਨੂੰ ਵਿਦਵਾਨ ਅਨੁਭਵ ਕਰਨ ਲਗ ਪਏ ਹਨ, ਜਿਸ ਕਰਕੇ ਨਿਰੋਲ ਗੁਰਮੱਤ ਸਿਧਾਂਤ ਮੁੜ ਪਰਚਾਰ ਤੇ ਸਿਧਾਂਤ ਦਾ ਵਿਸ਼ਾ ਬਣ ਗਿਆ ਹੈ।

ਗੁਰਮੱਤ ਤੇ ਵਿਚਾਰ ਕਰਨ ਤੋਂ ਪਹਿਲਾਂ ਅਸੀਂ ਸ਼ੰਕਰ ਜੀ ਦੇ ਅਦਵੈਤ ਵੇਦਾਂਤ ਦਾ ਸੰਖੇਪ ਵਰਨਣ ਕਰਨਾ ਉਚਿਤ ਸਮਝਦੇ ਹਾਂ।

ਅਦਵੈਤ ਵੇਦਾਂਤ

ਇਸ ਫਲਸਫੇ ਦਾ ਅਧਾਰ ਉਪਨਿਸ਼ਦ, ਭਗਵਦ ਗੀਤਾ ਤੇ ਬ੍ਰਹਮ ਸੂਤ੍ਰ ਹਨ। ਸੰਖੇਪ ਸਾਰ ਇਸ ਪਰਕਾਰ ਹੈ:

(੧) ਬ੍ਰਹਮ ਹੀ ਕੇਵਲ ਮੂਲਯ ਸੱਤ ਹੈ।

(੨) ਸੰਸਾਰ ਵਾਸਤਵਿਕ ਸੱਤ ਨਹੀਂ। ਇਸਦਾ ਮੂਲ ਕਾਰਨ ਮਾਇਆ ਹੈ। ਮਾਇਆ ਇਕ ਸਦੀਵੀ ਹੋਂਦ ਹੈ ਪਰ 'ਅਨਿਰਵਚਨੀਯ' ਹੈ। ਬੋਲੀ ਰਾਹੀਂ ਬਿਆਨੀ ਨਹੀਂ ਜਾ ਸਕਦੀ। ਇਹ ਨ ਸੱਤ ਹੈ ਨ ਅਸੱਤ ਤੇ ਨ ਸੱਤ-ਅਸੱਤ। ਦ੍ਰਿਸ਼ਟਾਂਤ ਵਜੋਂ ਆਪ ਕਹਿੰਦੇ ਹਨ ਰਸੀ ਵਿਚ ਸੱਪ ਦਾ ਭੁਲੇਖਾ ਪੈਂਦਾ ਹੈ। ਸੱਪ ਭਾਵੇਂ ਦਿਸਦਾ ਤੇ ਹੈ, ਪਰ ਅਸਲੋਂ ਸੱਤ ਨਹੀਂ। ਅਸੀਂ ਫਿਰ ਭੀ ਉਸਨੂੰ ਅਸੱਤ ਨਹੀਂ ਕਹਿ ਸਕਦੇ, ਕਿਉਂਕਿ ਜਦ ਤਕ ਅਸਲੀਅਤ ਉਘੜਦੀ ਨਹੀਂ ਓਦੋਂ ਤਕ ਓਹ ਸਤ ਹੀ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ ਸੰਸਾਰ ਨੂੰ ਨਾ ਅਸੀਂ ਸੱਤ ਹੀ ਆਖ ਸਕਦੇ ਹਾਂ, ਨਾ ਅਸੱਤ ਤੇ ਨਾ ਸੱਤ-ਅਸੱਤ। ਇਹ ਮਾਇਆ ਵਾਂਗ ਅਨਿਰਵਚਨੀਯ ਹੈ। ਮਿਥਿਆ ਵੀ ਹੈ ਤੇ ਸਦੀਵੀ ਵੀ।

ਸੱਪ ਦੀ ਹੋਂਦ ਰਸੀ ਦੀ ਹੋਂਦ ਕਰਕੇ ਹੈ, ਪਰ ਰਸੀ ਦੀ ਹੋਂਦ ਸਪ ਦੇ ਭਾਸ਼ਣ ਤੇ ਆਧਾਰਿਤ ਨਹੀਂ, ਇਸੇ ਤਰ੍ਹਾਂ ਸੰਸਾਰ ਦੀ ਹੋਂਦ ਬ੍ਰਹਮ ਦੀ ਹੋਂਦ ਤੇ ਅਧਾਰਿਤ ਹੈ, ਪਰ ਬ੍ਰਹਮ ਦੀ ਹੋਂਦ ਸੰਸਾਰ ਦੇ ਭਾਸਣ ਤੇ ਆਸ਼੍ਰਿਤ ਨਹੀਂ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਬ੍ਰਹਮ ਦੇ ਅਸਤਿਤਵ ਤੇ ਸੰਸਾਰ ਦੀ ਹੋਂਦ ਅਧਾਰਿਤ ਹੈ, ਪਰ ਸੰਸਾਰ ਦੀ ਹੋਂਦ ਤੇ ਬ੍ਰਹਮ ਦਾ ਅਸਤੀਤਵ ਨਿਰਭਰ ਨਹੀਂ ਕਰਦਾ। ਸੰਸਾਰਕ ਪਦਾਰਥਾਂ ਵਿਚ ਪਰਿਣਾਮ ਹੈ ਪਰ ਬ੍ਰਹਮ ਪਰਿਣਾਮ ਰਹਿਤ ਹੈ। ਸੰਸਾਰਕ ਪਦਾਰਥਾਂ ਦਾ ਅਸਥਾਨ ਸੱਤ ਬ੍ਰਹਮ ਤੇ ਸ਼ੂਨਯ ਦੇ ਵਿਚਾਲੇ ਹੈ। ਸ਼ੂਨਯ ਪੂਰਨ ਅਭਾਵ (Complete nothingness) ਦੀ ਅਵਸਥਾ ਦਾ ਨਾਮ ਹੈ। ਜਿਸਦੀ ਹਸਤੀ ਹੀ ਕੋਈ ਨਹੀਂ, ਉਸਦਾ ਗਿਆਨ

ਵੀ ਨਹੀਂ ਹੋ ਸਕਦਾ।

ਸੰਸਾਰ ਨਿਰਾ ਪੁਰਾ ਸੁਪਨਾ ਵੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਸੁਪਨੇ ਵਿਚ ਵੇਖੇ ਗਏ ਪਦਾਰਥ ਇਕਸਾਰ ਤੇ ਲੜੀ ਬੱਧ ਨਹੀਂ ਹੁੰਦੇ, ਸਾਰੇ ਦੇ ਸਾਰੇ ਅਸਬੰਧਿਤ ਹੁੰਦੇ ਹਨ। ਇਸਦੇ ਉਲਟ ਸੰਸਾਰਕ ਘਟਨਾਵਾਂ ਵਿਚ ਅਟੁਟਵਾਂ ਸਬੰਧ ਹੁੰਦਾ ਹੈ ਤੇ ਸਾਰੀਆਂ ਘਟਨਾਵਾਂ ਲੜੀ ਬਧ ਹੁੰਦੀਆਂ ਹਨ। ਇਸਤੋਂ ਛੁਟ ਸੁਪਨੇ ਵਿਚ ਵੇਖੀਆਂ ਵਸਤਾਂ ਸੁਪਨੇ ਤਕ ਹੀ ਸੀਮਤ ਹਨ। ਸੁਪਨਾ ਮੁਕਣ ਨਾਲ ਹੀ ਮੁਕ ਜਾਂਦੀਆਂ ਹਨ, ਪਰ ਜਾਗ੍ਰਤ ਵਿਚ ਵੇਖੀਆਂ ਵਸਤਾਂ ਆਪਣੀ ਹੋਂਦ ਰਖਦੀਆਂ ਹਨ, ਸੁਪਨੇ ਵਾਂਗ ਸੁਪਨਾ ਖਤਮ ਹੋ ਜਾਣ ਤੇ ਖਤਮ ਨਹੀਂ ਹੋ ਜਾਂਦੀਆਂ। ਇਸ ਲਈ ਸਾਡਾ ਸਾਰਾ ਗਿਆਨ ਵਸਤੂ-ਤੰਤ੍ਰ ਹੈ ਤੇ ਸੁਪਨ ਗਿਆਨ ਤੋਂ ਬਿਲਕੁਲ ਅਡਰਾ ਹੈ।

ਇਸ ਬਹੁ ਭਾਂਤੀ ਸੰਸਾਰ ਨੂੰ ਮਾਇਆ ਕਿਹਾ ਹੀ ਇਸ ਲਈ ਗਿਆ ਹੈ ਕਿਉਂਕਿ ਇਸਦਾ ਅਭੇਦ ਬ੍ਰਹਮ ਤੋਂ ਪਰਗਟ ਹੋਣਾ ਬਿਆਨ ਕਰਨਾ ਕਹਿਣ ਸ਼ਕਤੀ ਤੋਂ ਬਾਹਰ ਹੈ। ਕੋਈ ਨਹੀਂ ਦਸ ਸਕਦਾ ਕਿ ਇਹ ਸੰਸਾਰ ਇਕ ਅਭੇਦ ਬ੍ਰਹਮ ਤੋਂ ਕੀਕੂੰ ਪਰਗਟ ਹੋਇਆ ਹੈ। ਈਹੋ ਕਹਿਣਾ ਪੈਂਦਾ ਹੈ ਜੋ ਸੰਸਾਰ ਦੀ ਹੋਂਦ ਤਾਂ ਬ੍ਰਹਮ ਨਿਰਭਰ ਹੈ, ਪਰ ਬ੍ਰਹਮ ਸੰਸਾਰ ਤੋਂ ਅਲੇਪ ਹੈ।

(੩) ਬ੍ਰਹਮ ਅਕ੍ਰਤਰੀ ਹੈ। ਜਿਨ੍ਹਾਂ ਪਦਾਰਥਾਂ ਦੀ ਪਰਤੀਤੀ ਗਿਆਨ ਇੰਦ੍ਰੀਆਂ ਰਾਹੀਂ ਹੋ ਸਕਦੀ ਹੋਵੇ, ਕਾਰਣ-ਕਾਰਜ ਦਾ ਸਿਧਾਂਤ ਉਨ੍ਹਾਂ ਵਸਤੂਆਂ ਤੇ ਹੀ ਲਾਗੂ ਹੋ ਸ਼ਕਦਾ ਹੈ। ਕਿਉਂਕਿ ਬ੍ਰਹਮ ਇੰਦ੍ਰੀਆਂ ਦਾ ਵਿਸ਼ਾ ਨਹੀਂ, ਇਸ ਲਈ ਬ੍ਰਹਮ ਨੂੰ ਸੰਸਾਰ ਦਾ ਕਾਰਣ ਕਹਿਣਾ ਦਲੀਲ ਦੀ ਕਸਵਟੀ ਤੇ ਸਹੀ ਨਹੀਂ ਉਤਰਦਾ। ਸ਼ੰਕਰ ਦੇ ਵਿਚਾਰ ਵਿਚ ਗੇਯ ਗਿਆਨ ਤੋਂ ਅੱਡਰਾ ਹੈ। ਓਹ ਵਿਗਿਆਨਵਾਦ ਤੇ ਤਰਕ ਕਰਦਾ ਹੈ। ਉਸਦੇ ਖਿਆਲ ਵਿਚ ਬਾਹਰਲੇ ਪਦਾਰਥਾਂ ਦੀ ਹੋਂਦ ਸਾਡੀ ਚੇਤੰਨਤਾ ਵਿਚ ਹੈ ਤੇ ਕੇਵਲ ਚੇਤਨਤਾ ਹੀ ਸੱਤ ਹੈ। ਵਸਤੂ ਪਰਿਕਲਪਿਤ ਹੈ। ਆਤਮਾ ਨੂੰ ਮੂਲਿਕ ਸੱਤ ਕਹਿਣ ਦਾ ਭਾਵ ਇਹ ਨਹੀਂ ਕਿ ਸਾਡਾ ਗਿਆਨ ਗੇਯ ਵਸਤੂ ਨੂੰ ਘੜਦਾ ਹੈ।

(੪) ਸ਼ੰਕਰ ਕਹਿੰਦਾ ਹੈ ਜੀਵ ਅਤਮਾ ਤੇ ਅਨਆਤਮਾ ਦਾ ਮਿਸਰਤ ਹੈ। ਇਸ ਨਾਲ ਅੰਤਹ ਕਰਣ ਆਦਿ ਉਪਾਧੀਆਂ ਮਿਲਕੇ ਇਸਨੂੰ ਭੋਗਤਾ ਬਣਾਂਦੀਆਂ ਹਨ ਅਸਲੋਂ ਜੀਵ ਜਨਮ-ਮਰਣ, ਵਧਣ-ਘਟਣ ਵਿਚ ਨਹੀਂ ਆਉਂਦਾ। ਇਸਦੀਆਂ ਉਪਾਧੀਆਂ ਹੀ ਜਮਦੀਆਂ ਜਾਂ ਪਰਫੁਲਤ ਹੋਂਦੀਆਂ ਹਨ। ਜਦ ਅਸੀਂ ਕਹਿੰਦੇ ਹਾਂ ਜੀਵ ਜ਼ੰਮਿਆਂ ਜਾਂ ਪਰਫੁਲਤ ਹੋਇਆ ਹੈ ਤਾਂ ਇਸਤੋਂ ਭਾਵ ਉਸਦੀਆਂ ਉਪਾਧੀਆਂ ਦਾ ਜ਼ੰਮਣਾ ਜਾਂ ਵਧਣਾ ਹੈ

ਉਪਾਧੀ ਰਹਿਤ ਜੀਵ ਰੂਪ ਸਾਖੀ। ਹੈ। ਇਹ ਚੇਤੰਨ ਸਰੂਪ ਹੈ। ਸਾਰੇ

ਪਰਿਣਾਮ ਚੇਤਨਾ ਵਿਚ ਹਨ, ਪਰ ਚੇਤਨਾ ਆਪ ਪਰਿਣਾਮ ਰਹਿਤ ਹੈ। ਸਾਖੀ ਸਦਾ ਕਾਇਮ ਰਹਿੰਦਾ ਹੈ, ਪਰਿਣਾਮ ਜੋ ਇਹ ਵੇਖਦਾ ਹੈ। ਆਂਦੇ ਜਾਂਦੇ ਰਹਿੰਦੇ ਹਨ। ਕੋਈ ਹਸਤੀ ਇਕ ਸਮੇਂ ਤੇ ਗਿਆਤਾ ਤੇ ਉਸੇ ਸਮੇਂ ਤੇ ਗੇਯ ਨਹੀਂ ਹੋ ਸਕਦੀ। ਸਾਖੀ ਇੰਦ੍ਰੀਆਂ ਦੇ ਗਿਆਨ ਦਾ ਸੋਮਾਂ ਨਹੀਂ ਬਣ ਸਕਦਾ। ਜਿਸਤਰ੍ਹਾਂ ਅੱਖ ਦੂਜੀਆਂ ਵਸਤੂਆਂ ਨੂੰ ਤਾਂ ਦੇਖ ਸਕਦੀ ਹੈ ਪਰ ਆਪਣੇ ਆਪ ਨੂੰ ਵੇਖਣੋਂ ਅਸਮਰਥ ਹੈ, ਤਿਵੇਂ ਹੀ ਅਸਲੀ ਆਤਮਾ ਇਕ ਗੇਯ ਦੇ ਤੌਰ ਤੇ ਜਾਣੀ ਨਹੀਂ ਜਾ ਸਕਦੀ ਹਾਂ,ਸਾਖੀ ਹੋਣ ਕਰਕੇ ਇਹ 'ਸੁਤ' ਪ੍ਰਕਾਸ਼ ਹੈ।

(੫) ਮੁਕਤੀ

ਮੁਕਤੀ ਦਾ ਸਾਧਨ ਗਿਆਨ ਹੈ ਜੋ ਧਿਆਨ ਅਤੇ ਵਿਚਾਰ ਰਾਹੀਂ ਪ੍ਰਾਪਤ ਹੁੰਦਾ ਹੈ। ਜਦੋਂ ਜੀਵ ਆਤਮਾ ਨੂੰ ਇਹ ਪ੍ਰਤੱਖ ਗਿਆਨ ਹੋ ਜਾਂਦਾ ਹੈ ਕਿ ਮੈਂ ਬ੍ਰਹਮ ਹਾਂ, ਤਾਂ ਓਹ ਜਨਮ ਮਰਨ ਤੋਂ ਛੁਟਕਾਰਾ ਪਾ ਲੈਂਦਾ ਹੈ। ਈਹੋ ਮੁਕਤੀ ਹੈ।

ਜੀਵਾਂ ਦੀ ਅਵਿਦਿਆ ਅਨਾਦੀ ਹੈ। ਸਾਰਾ ਜਗਤ ਮਾਇਆ ਦੀ ਖੇਡ ਹੈ। ਹਰ ਇਕ ਵਿਅਕਤੀ ਦੀਆਂ ਉਪਾਧੀਆਂ ਉਸਦੀ ਨਿਜੀ ਆਤਮਾ ਦੀ ਅਵਿਦਿਆ ਤੋਂ ਉਪਜਦੀਆਂ ਹਨ। ਉਪਾਧੀ ਰਹਿਤ ਆਤਮਾ ਦੂਜੀਆਂ ਆਤਮਾਵਾਂ ਨਾਲ ਇਕ ਮਿਕ ਹੋ ਜਾਂਦੀ ਹੈ। ਤਤ੍ਮਸਿ ਤੋਂ ਭਾਵ ਇਹ ਨਹੀਂ ਕਿ ਮੌਜੂਦਾ ਹਾਲਤ ਵਿਚ ਜੀਵ ਬ੍ਰਹਮ ਹੈ, ਸਗੋਂ ਇਸਦਾ ਭਾਵ ਇਹ ਹੈ ਜੋ ਇਹ ਬ੍ਰਹਮ ਹੋ ਸਕਦਾ ਹੈ।

ਸ਼ੰਕਰ ਜੀ ਦੇ ਮਗਰੋਂ ਇਸਨੇ ਕੁਝ ਹੋਰ ਰੂਪ ਵੀ ਵਟਾਏ ਹਨ। ਭਾਵੇ ਇਨ੍ਹਾਂ ਵਿਚ ਪ੍ਰਤੱਖ ਤੌਰ ਤੇ ਕੁਝ ਨ ਕੁਝ ਅੰਤਰ ਹਨ, ਪਰ ਸਿਧਾਂਤਕ ਰੂਪ ਵਿਚ ਸਾਂਝ ਸਪਸ਼ਟ ਹੈ। ਲੇਖ ਦੇ ਲੰਬੇ ਹੋ ਜਾਣ ਦੇ ਡਰ ਕਾਰਨ ਅਸੀਂ ਇਥੇ ਇਸ ਵਿਸਥਾਰ ਵਿਚ ਪੈਣਾ ਉਚਿਤ ਨਹੀਂ ਸਮਝਦੇ।*

ਸਮੁਚੇ ਵਿਚਾਰ ਵੇਦਾਂਤ ਮਗਰੋਂ ਸਿਧਾਂਤ ਦੀਆਂ ਮੁਖ ਮਨੌਤਾਂ ਇਸ ਪਰਕਾਰ ਉਲੀਕੀਆਂ ਜਾ ਸਕਦੀਆਂ ਹਨ :-

(੧) ਬ੍ਰਹਮ ਹੀ ਕੇਵਲ ਮੂਲ ਸੱਤ ਹੈ।

(੨) ਜਗਤ ਦਾ ਮੂਲ ਕਾਰਨ ਮਾਇਆ ਹੈ। ਮਾਇਆ ਅਨਿਰਵਚਨੀਯ ਹੈ। ਇਸੇ ਤਰਾਂ ਸੰਸਾਰ ਵੀ ਨਾ ਸੱਤ ਹੈ ਨਾ ਅਸੱਤ ਤੇ ਨਾ ਸੱਤ ਅਸੱਤ।

---

*ਇਨ੍ਹਾਂ ਰੂਪਾਂ ਦਾ ਵਰਨਣ ਅਸੀਂ ਕਿਸੇ ਹੋਰ ਥਾਂ ਅਗਲੇ ਪੰਨਿਆਂ ਤੇ ਕਰਾਂਗੇ।

ਮਿਥਿਆ ਵੀ ਹੈ ਤੇ ਅਨਾਦੀ ਵੀ। ਮੂਲਿਕ ਸੱਤ ਨਾ ਹੋਣ ਕਾਰਨ ਪਰਿਣਾਮ ਰਹਿਤ ਨਹੀਂ, ਇਸ ਲਈ ਭਰਮ ਹੈ । ਇਹ ਸਹੇ ਦੇ ਸਿੰਗਾਂ ਵਾਂਗ ਹੈ, ਜੋ ਅਸਲ ਵਿਚ ਹੋਂਦੇ ਨਹੀਂ, ਪਰ ਹੁੰਦਿਆਂ ਪਰਤੀਤ ਹੁੰਦੇ ਹਨ । ਜੀਵ ਆਤਮਾ ਤੇ ਜਗਤ ਮਾਇਆ ਦੇ ਸੰਜੋਗ ਨਾਲ ਇਕੋ ਬ੍ਰਹਮ ਤੋਂ ਹੀ ਬਣੇ ਹਨ । ਕੇਵਲ ਬ੍ਰਹਮ ਹੀ ਤੱਤ ਸੱਤ ਹੈ। ਮਾਇਆ ਦੇ ਅਸਰ ਹੇਠਾਂ ਇਕ ਬ੍ਰਹਮ ਹੀ ਅਨੇਕ ਹੋ ਕੇ ਦਿਸਦਾ ਹੈ। ਅਗਿਅਨ ਵੱਸ ਹੋਈ ਜੀਵ ਆਤਮਾ ਆਪਣੇ ਆਪ ਨੂੰ ਬ੍ਰਹਮ ਤੋਂ ਭਿੰਨ ਜਾਣਕੇ ਸੰਸਾਰ ਨੂੰ ਹੀ ਸੱਤ ਸਮਝਣ ਲਗ ਪੈਂਦੀ ਹੈ । ਆਤਮਾ ਤੇ ਪਰਮਾਤਮਾ ਵਾਸਤਵ ਵਿਚ ਇਕ ਹਨ, ਪਰ ਅਗਿਆਨ ਕਰਕੇ ਭਿੰਨ ਭਿੰਨ ਪਰਤੀਤ ਹੁੰਦੇ ਹਨ।

(੩) ਹੈ ਤਾਂ ਸਭ ਬ੍ਰਹਮ ਹੀ ਪਰ ਮਾਇਆ ਦੀ ਉਪਾਧੀ ਕਰਕੇ ਬ੍ਰਹਮ ਈਸ਼੍ਵਰ ਅਖਵਾਂਦਾ ਹੈ ਤੇ ਅਵਿਦਿਆ ਦੇ ਸੰਗ ਕਰਕੇ ਜੀਵ । ਉਪਾਧੀ ਰਹਿਤ ਜੀਵ ਸਾਖੀ ਰੂਪ ਹੈ। ਚੇਤੰਨ ਸਰੂਪ ਹੈ । ਸਾਰੇ ਪਰਿਣਾਮ ਚੇਤੰਨਾ ਵਿਚ ਹਨ, ਪਰ ਚੇਤਨਾ ਆਪ ਪਰਿਣਾਮ ਰਹਿਤ ਹੈ । ਸਾਖੀ ਸਦਾ ਕਾਇਮ ਰਹਿੰਦਾ ਹੈ ਪਰਿਣਾਮ ਆਂਦੇ ਜਾਂਦੇ ਰਹਿੰਦੇ ਹਨ। ਸਾਖੀ ਇੰਦ੍ਰੀਆਂ ਦਾ ਵਿਸ਼ਾ ਨਹੀਂ ਇਸ ਲਈ ਇਕ ਗੇਯ ਦੇ ਤੌਰ ਤੇ ਵੇਖਿਆ ਨਹੀਂ ਜਾ ਸਕਦਾ। ਹਾਂ ਸਾਖੀ ਹੋਣ ਕਰਕੇ ਇਹ ਸੁਤੇ ਪ੍ਰਕਾਸ਼ ਹੈ।

(੪) ਕਿਉਂਕਿ ਬ੍ਰਹਮ ਤੋਂ ਛੁਟ ਵਾਸਤਵ ਵਿਚ ਹੋਰ ਕੁਝ ਵੀ ਨਹੀਂ ਇਸ ਲਈ ਬ੍ਰਹਮ ਅਕ੍ਰਤਰੀ ਹੈ।

(੫) ਮੁਕਤੀ ਦਾ ਸਾਧਨ ਗਿਆਨ ਹੈ ਜੋ ਧਿਆਨ ਤੇ ਵਿਚਾਰ ਰਾਹੀਂ ਪ੍ਰਾਪਤ ਹੁੰਦਾ ਹੈ। ਬ੍ਰਹਮ ਗਿਆਨ ਦੁਆਰਾ ਜੀਵ ਤੇ ਈਸ਼੍ਵਰ ਦਾ ਭੇਦ ਮਿਟ ਜਾਂਦਾ ਹੈ। ਆਤਮਾ ਵਿਚ ਪਰਮਾਤਮਾ ਨੂੰ ਸਾਖਿਆਤ ਕਰ ਲੈਣ ਦਾ ਨਾਂ ਹੀ ਮੁਕਤੀ ਹੈ।

ਜਦ ਜ਼ੀਵ ਨੂੰ ਮੈਂ ਬ੍ਰਹਮ ਹਾਂ ਦਾ ਖਿਆਲ ਦ੍ਰਿੜ੍ਹ ਹੋ ਜਾਂਦਾ ਹੈ, ਭਾਵ ਓਹ 'ਅਹੰਮ ਬ੍ਰਹਮ ਅਸਰਤੀ' ਦੀ ਅਸਲੀਅਤ ਨੂੰ ਜਾਣ ਲੈਂਦਾ ਹੈ, ਤਾਂ ਉਸਨੂੰ ਵਿਸ਼ਵਾਸ ਹੋ ਜਾਂਦਾ ਹੈ ਕਿ ਓਹ ਬ੍ਰਹਮ ਹੋ ਸਕਦਾ ਹੈ। ਓਹ ਤਤ੍ਵਮਸੀ ਹੈ। ਉਪਾਧੀ ਰਹਿਤ ਹੋਣ ਤੇ ਉਹ ਅਨੁਭਵ ਕਰਦਾ ਹੈ ਕਿ ਉਹ ਮੈਂ ਹੀ ਹਾਂ (ਸੋਹੰ) ਸੋਹੰ ਪ੍ਰਤੱਖ ਪ੍ਰਤੀਤ ਹੋਣ ਤੇ ਓਹ ਮੁਕਤ ਹੋ ਜਾਂਦਾ ਹੈ।

ਸਾਧਨ ਪੱਖ

ਸਾਧਨ, ਗਿਆਨ, ਧਿਆਨ ਅਤੇ ਵਿਚਾਰ ਇਹ ਮੁਕਤ ਹੋਣ

ਲਈ ਸਾਧਨ ਹਨ। ਧਿਆਨ ਅਤੇ ਵਿਚਾਰ ਦ੍ਰਿੜ੍ਹ ਕਰਨ ਲਈ ਤਿਆਗ ਤੇ ਸੰਨਿਆਸ ਧਾਰਨ ਕਰਨਾ ਜ਼ਰੂਰੀ ਹੈ। ਗਿਆਨ ਪ੍ਰਾਪਤੀ ਹੀ ਅਸਲ ਨਿਸ਼ਾਨਾ ਹੈ।

ਸਿਧਾਂਤ ਪੱਖ

ਸਵਾਮੀ ਸ਼ੰਕਰਾਚਾਰੀਆ ਦੇ ਸਿਧਾਂਤ ਪੱਖ ਨੂੰ ਅਦ੍ਵੈਤ ਮੱਤ ਦਾ ਨਵਿਰਤੀ ਮਾਰਗ ਕਹਿੰਦੇ ਹਨ। ਇਸ ਮਤ ਵਿਚ ਕਰਮ ਤੇ ਗਿਆਨ ਦਾ ਪਰਸਪਰ ਵਿਰੋਧ ਹਨੇਰੇ ਤੇ ਚਾਨਣੇਂ ਵਾਲਾ ਹੈ। ਇਕ ਦੇ ਆਵਣ ਤੇ ਦੂਜਾ ਨਹੀਂ ਰਹਿ ਸਕਦਾ। ਸੋ ਗਿਆਨ ਪ੍ਰਾਪਤ ਹੋਣ ਤੇ ਕਰਮ ਨਾਸ ਹੋ ਜਾਂਦੇ ਹਨ।

ਅਮਲੀ ਪੱਖ

ਜਦ ਤਕ ਤ੍ਰਿਸ਼ਨਾ ਤੇ ਕਰਮ ਹਨ, ਗਿਆਨ ਪ੍ਰਾਪਤ ਹੋ ਹੀ ਨਹੀਂ ਸਕਦਾ। ਗਿਆਨ ਪ੍ਰਾਪਤੀ ਲਈ ਇਨ੍ਹਾਂ ਦੋਹਾਂ ਦਾ ਅਭਾਵ ਜ਼ਰੂਰੀ ਹੈ। ਏਸ ਪੱਖ ਨੂੰ ਸੰਨਿਆਸ ਜਾਂ ਗਿਆਨ ਨਿਸ਼ਚਾ ਕਿਹਾ ਜਾਂਦਾ ਹੈ।

ਗੁਰਮਤ

ਗੁਰਮਤ ਵੀ ਅਦਵੈਤ ਵਾਦੀ ਹੈ ਪਰ ਇਸਦਾ ਅਦਵੈਤ-ਵਾਦ ਸ਼ੰਕਰ ਜੀ ਦੇ ਅਦਵੈਤਵਾਦ ਨਾਲ ਬਹੁਤਾ ਮੇਲ ਨਹੀਂ ਖਾਂਦਾ। ਫੇਰ ਵੀ ਇਹ ਮੰਨਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਕੁਝ ਨਾ ਕੁਝ ਪ੍ਰਭਾਵ ਪ੍ਰਤਖ ਹੈ। ਹੁਣ ਅਸੀ ਵੇਦਾਂਤ ਦੀਆਂ ਉਪਰੰਤ ਦਸੀਆਂ ਮਨੌਤਾਂ ਅਨੁਸਾਰ ਗੁਰਮਤ ਤੇ ਵੇਦਾਂਤ ਦਾ ਪਰਸਪਰ ਮੇਲ ਵਿਰੋਧ ਵਿਚਾਰਾਂਗੇ—

(੧) ਗੁਰਮੱਤ ਵੀ ਵੇਦਾਂਤ ਵਾਂਗ ਮੂਲ ਸਤਯ ਕੇਵਲ ਬ੍ਰਹਮ ਨੂੰ ਹੀ ਮੰਨਦੀ ਹੈ।

(੨) (i) ਜਗਤ ਰਚਨਾ ਦਾ ਮੂਲ ਕਾਰਨ ਮਾਇਆ ਨਹੀਂ, ਸਗੋਂ ਸੰਸਾਰ ਬ੍ਰਹਮ ਦੇ ਹੁਕਮ ਤੋਂ ਉਪਜਦਾ ਹੈ। ਹੁਕਮ ਤੋਂ ਭਾਵ ਉਸ ਫੁਰਨੇ ਤੋਂ ਹੈ, ਜੋ ਸ੍ਰਿਸ਼ਟੀ ਰਚਨ ਵੇਲੇ ਉਸ ਨੂੰ ਫੁਰਦਾ ਹੈ। ਇਸ ਦਾ ਭਾਵ ਅਫੁਰ ਬ੍ਰਹਮ ਦਾ ਸਫੁਰ ਹੋਣਾ ਹੈ। ਉਸ ਦਾ ਫੁਰਨਾ ਹੀ ਉਸ ਦਾ ਕਰਮ ਹੈ। ਉਸ ਦਾ ਹੁਕਮ ਹੋਂਦ ਵਾਲਾ ਹੈ। ਸਾਡੇ ਤੇ ਅਕਾਲ ਪੁਰਖ ਵਿਚ ਅੰਤਰ ਹੈ। ਸਾਡਾ ਫੁਰਨਾ ਤੇ ਕਰਮ ਦੋ ਅਡ-ਅਡ ਚੀਜ਼ਾਂ ਹਨ। ਸਾਡੇ ਫੁਰਨੇ ਨੂੰ ਕਰਮ ਵਿਚ ਬਦਲਣ ਲਈ ਕਈ ਸਾਧਨਾਂ ਦੀ ਲੋੜ ਹੈ। ਅਕਾਲ ਪੁਰਖ ਦਾ ਫੁਰਨਾ (ਇਛਾ-ਹੁਕਮ) ਹੀ ਕਰਮ ਹੈ। ਉਸ ਦੇ ਮਾਨਸਿਕ ਫੁਰਨੇ ਤੇ ਪਰਕਿਰਤਕ ਕਰਮ ਵਿਚ

ਕੋਈ ਭੇਦ ਨਹੀਂ। ਉਸਦਾ ਰਚਨਾ ਰਚਣ ਦਾ ਫੁਰਨਾ ਫੁਰਨਾ, ਨਿਰਾ ਫੁਰਨਾ ਹੀ ਨਹੀਂ ਰਚਨਾ ਦਾ ਹੋਂਦ ਵਿਚ ਆ ਜਾਣਾ ਹੈ। ਉਸਦਾ 'ਹੋ ਜਾ' ਕਹਿਣਾ ਹੀ ਹੋ ਜਾਣਾ ਹੈ। ਅਸੀਂ ਉਪਰੋਕਤ ਵਿਚਾਰ ਦੀ ਪੁਸ਼ਟੀ ਹੇਠ ਲਿਖੇ ਗੁਰਬਾਣੀ ਦੇ ਪਰਮਾਣਾਂ ਰਾਹੀਂ ਕਰਨ ਦਾ ਯਤਨ ਕਰਾਂਗੇ—

(ੳ) ਹੁਕਮੀ ਹੋਵਨ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨ ਜੀਅ ਹੁਕਮਿ ਮਿਲੈ ਵਡਿਆਈ ॥੨॥
(ਜਪੁਜੀ ਮ: ੧)

(ਅ) ਕੀਤਾ ਪਸਾਉ ਏਕੋ ਕਵਾਉ ॥
ਤਿਸਤੇ ਹੋਏ ਲਖ ਦਰੀਆਉ ॥ (ਜਪੁਜੀ ਮ: ੧)

(ੲ) ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥
(ਪ੍ਰਭਾਤੀ ਮ: ੩)

(ਸ) ਜਾ ਤਿਸੁ ਭਾਣਾ ਤਾਂ ਜਗਤੁ ਉਪਾਇਆ ॥
ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹ ਵਧਾਇਦਾ ॥੧੪॥੧੬॥
੩॥੧੫॥ (ਮਾਰੂ ਅੰਜਲੀ ਮ: ੧)

(ਹ) ਜਾ ਤਿਸ ਭਾਣੈ ਤਾ ਸ੍ਰਿਸਟਿ ਉਪਾਏ ॥
ਅਪਣੈ ਭਾਣੈ ਲਏ ਸਮਾਏ ॥
ਤੁਮ ਤੇ ਭਿੰਨ ਨਹੀਂ ਕਿਛੁ ਹੋਇ ॥
ਆਪਨ ਸੂਤਿ ਸਭੁ ਜਗਤ ਪਰੋਇ ॥੧॥੨੨॥
(ਗਉੜੀ ਸੁਖਮਨੀ ਮ: ੧)

(ਕ) ਹੁਕਮੀ ਸਭੇ ਉਪਜਹਿ ਹੁਕਮੀ ਕਾਰ ਕਮਾਹਿ ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥੮॥੪॥
(ਸ੍ਰੀ ਰਾਗ ਮ: ੧ ਅਸਟਪਦੀਆਂ)

(ii) ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਕਰ ਜਗਤ ਰਚਨਾ ਅਕਾਲ ਨੇ ਆਪ ਕੀਤੀ ਹੈ, ਤਾਂ ਇਸ ਵਿਚ ਊਰਿਆਈ ਕਿਥੋਂ ਆ ਗਈ ਹੈ? ਸਾਂਖ ਤਾਂ ਅਵਿਦਿਆ ਨੂੰ ਸਮਝਦਾ ਹੀ ਅਨਾਦੀ ਹੈ। ਵੇਦਾਂਤ ਇਸਨੂੰ ਮਾਇਆ ਦਾ ਆਵਰਣ ਮੰਨਦਾ ਹੈ। ਗੁਰਮਤ ਅਨੁਸਾਰ ਹਉਮੈ ਤੇ ਮੋਹ ਕਰਤੇ ਦੀ ਆਪਣੀ ਸਿਰਜਨਾ ਹੈ। ਹੁਕਮ ਨਾਲ ਹੀ ਹਉਮੈ ਰੂਪ ਧਾਰਦੀ ਹੈ। ਇਹ ਹਉਮੈ ਹੀ ਸਾਡੇ ਮਾਦੀ ਤੇ ਮਾਨਸਕ ਸੰਸਾਰ ਦਾ ਕਾਰਨ ਹੈ। ਮਾਇਆ, ਅਵਿਦਿਆ

ਤੇ ਤਿੰਨੇ ਗੁਣ ਅਤੇ ਉਨ੍ਹਾਂ ਦੇ ਭਿੰਨ-ਭਿੰਨ ਸੰਜੋਗ ਕਰ ਕੇ ਸਾਰਾ ਸੰਸਾਰ ਹਉਮੈ ਵਿਚ ਹੀ ਹੈ। ਬ੍ਰਹਮ ਤੋਂ ਭਿੰਨ ਪਰਕ੍ਰਿਤੀ ਦੀ ਕੋਈ ਹਸਤੀ ਨਹੀਂ। ਪਰਕ੍ਰਿਤੀ ਕਰਕੇ ਹਉਮੈ ਨਹੀਂ ਉਪਜ਼ਦੀ, ਸਗੋਂ ਹਉਮੈ ਕਰਕੇ ਪਰਕ੍ਰਿਤੀ ਰੂਪ ਧਾਰਦੀ ਹੈ।

(ੳ) ਮਾਇਆ ਮੋਹੁ ਮੇਰੇ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥੧॥੫॥੨੨॥
(ਸ੍ਰੀ ਰਾਗ ਮ: ੩ ਅਸਟਪਦੀਆਂ)

(ਅ) ਮਾਇਆ ਕਾ ਰੂਪੁ ਸਭੁ ਤਿਸਤੇ ਹੋਇ ॥੩॥੨॥
(ਬਿਲਾਵਲ ਮ: ੩)

(ੲ) ਮਾਇਆ ਤੇ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥੧੦॥
(ਰਾਮਕਲੀ ਮ: ੩)

ਅਸਲ ਵਿਚ ਜਗਤ ਦਾ ਕਾਰਣ ਹੀ ਹਉਮੈ ਹੈ। ਸਿਧ ਗੋਸਟ ਵਿਚ ਆਈ ਹੇਠ ਲਿਖੀ ਪ੍ਰਸ਼ਨੋਤਰੀ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ—

ਪ੍ਰਸ਼ਨ—ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਿਸ ਜਾਈ ॥
ਉਤਰ—ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰੀਐ ਦੁਖੁ ਪਾਈ ॥੩੯॥
(ਸਿਧ ਗੋਸਟ ਰਾਮਕਲੀ ਮ: ੧)

ਹਉਮੈ ਸਭ ਸਰੀਰੁ ਹੈ ਹਉਮੈ ਓਪਤਿ ਹੋਇ ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥੧੨॥
(ਵਡਹੰਸ ਮ: ੩)

ਮਾਇਆ ਮਮਤਾ ਕਰਤੈ ਲਾਈ
ਇਹੁ ਹੁਕਮ ਕਰਿ ਸ੍ਰਿਸ਼ਟਿ ਉਪਾਈ ॥੨॥੧॥੧੦॥
(ਮਲਾਰ ਮ: ੩)

ਆਲ ਜਾਲ ਮਾਇਆ ਜੰਜਾਲ ॥ ਹਉਮੈ ਮੋਹ ਭਰਮ ਭੈ ਭਾਰ ॥
ਦੂਖ ਸੂਖ ਮਾਨ ਅਪਮਾਨ ॥ ਅਨਿਕ ਪਰਕਾਰ ਕੀਓ ਬਖਿਆਨ ॥
ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੧॥੨੧॥
(ਗਉੜੀ ਸੁਖਮਨੀ ਮ: ੫)

(iii) ਵੇਦਾਂਤੀ ਮਾਇਆ ਨੂੰ ਸਹੇ ਦੇ ਸਿੰਗਾਂ ਵਾਂਗ, ਜੋ ਹੁੰਦੇ ਨਹੀਂ ਪਰਤੀਤ ਹੁੰਦੇ ਹਨ, ਧੋਖਾ ਤੇ ਝੂਠ ਸ਼ਮਝਦੇ ਹਨ। ਗੁਰਮਤ ਅਨੁਸਾਰ ਮਾਇਆ ਸਦਾ ਬਦਲਦੇ ਰਹਿਣ ਵਾਲੇ ਨੀਯਮ ਤੇ ਉਸਦੀ ਵਰਤੋਂ ਦਾ ਨਾਮ ਹੈ। ਦ੍ਰਿਸ਼ਟਮਾਨ

ਜਗਤ ਵਿਚ ਅਦਲਾ ਬਦਲੀ ਦਾ ਨਿਯਮ ਅਟੱਲ ਹੈ। ਮਾਨਸਿਕ ਤੇ ਪਰਕ੍ਰਿਤਕ ਪਦਾਰਥ, ਜੜ੍ਹ ਤੇ ਚੇਤੰਨ ਸਭ ਏਸ ਨਿਯਮ ਦੇ ਅਧੀਨ ਹਨ। ਪੁਰਾਣਿਆਂ ਦੀ ਥਾਂ ਨਵੇਂ ਲੈ ਲੈਂਦੇ ਹਨ। ਇਸ਼ ਲਈ ਸੰਸਾਰ ਝੂਠ ਨਹੀਂ, ਧੋਖਾ ਨਹੀਂ ਚਲਾਇਮਾਨ ਹੋਣ ਕਰ ਕੇ ਸਦਾ ਸੱਤ ਜਾਂ ਤੱਤ ਸੱਤ ਨਹੀਂ ਕਿਹਾ ਜਾ ਸਕਦਾ। ਇਸ ਸਾਹੇ ਦਿਸਦੇ ਸੰਸਾਰ ਦਾ ਅਧਾਰ ਸੱਤ ਹੈ। ਇਸ ਆਸਿਤ ਸੱਤ ਦਾ ਨਾਮ ਹੀ ਮਾਇਆ ਹੈ। ਕਈ ਸ਼ੰਕਾ ਕਰਨਗੇ, ਜੋ ਗੁਰਬਾਣੀ ਵਿਚ ਕਈ ਥਾਈਂ ਇਸ ਜੱਗ ਨੂੰ ਸੁਪਨਾ ਤੇ ਧੂਏਂ ਦਾ ਪਹਾੜ ਵੀ ਲਿਖਿਆ ਗਿਆ ਹੈ। ਫਿਰ ਸੱਤ ਕਿਵੇਂ ਹੋਇਆ ?

ਸੁਪਨਾ ਜਾਂ ਧੂਏਂ ਦਾ ਪਹਾੜ ਕਹਿਣ ਦਾ ਮਤਲਬ ਇਹ ਨਹੀਂ, ਜੋ ਇਹ ਫਰੇਬ ਹੈ, ਧੋਖਾ ਹੈ, ਛਲ ਹੈ, ਸਗੋਂ ਇਸਦਾ ਭਾਵ ਹੈ ਸੁਪਨੇ ਵਿਚ ਵੇਖੀ ਗਈ ਚੀਜ਼ ਜਾਂ ਧੂਏਂ ਦਾ ਪਹਾੜ ਸਦਾ ਥਿਰ ਰਹਿਣ ਵਾਲੀ ਵਸਤੂ ਨਹੀਂ। ਇਸ ਤੋਂ ਇਹ ਭਾਵ ਕਢ ਲੈਣਾ ਕਿ ਇਹ ਅਸਲੋਂ ਹੈ ਹੀ ਨਹੀਂ, ਗ਼ਲਤ ਹੈ। ਹਾਂ ਇਸ ਤੋਂ ਇਹ ਸੰਕੇਤ ਜ਼ਰੂਰ ਮਿਲਦਾ ਹੈ ਕਿ ਜੋ ਕੁਝ ਅਸੀਂ ਸੰਸਾਰ ਨੂੰ ਸਮਝੀ ਬੈਠੇ ਹਾਂ ਇਹ ਉਹ ਕੁਝ ਹੈ ਨਹੀਂ—

(ੳ) ਆਪਿ ਸਤਿ ਕੀਆ ਸਭੁ ਸਤਿ ॥ ਤਿਸ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾਂ ਕਰੈ ਬਿਸਥਾਰੁ ॥ ਤਿਸੈ ਭਾਵੈ ਤਾਂ ਏਕੰਕਾਰ ॥੫॥੨੩॥

(ਅ) ਸਚੁ ਸਚੁ ਸਚੁ ਸਭ ਕੀਨਾ ॥ ਕੋਟ ਮਧੇ ਕਿਨੈ ਬਿਰਲੈ ਚੀਨਾ ॥੮॥੧੨॥

(ੲ) ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲ ਸਤਿ ਸਤਿ ਉਤਪਤਿ ॥੬॥੧੬॥

(ਸ) ਜੈਸਾ ਸਾ ਤੈਸਾ ਦ੍ਰਿਸਟਾਇਆ ॥ ਅਪੁਨੈ ਕਾਰਜ ਮਹਿ ਆਪ ਸਮਾਇਆ ॥
ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤ ਸਭ ਬੂਝਿਆ ॥
ਜਬੁ ਵੇਖਉ ਤਬ ਸਭ ਕਿਛੁ ਮੂਲ ॥ ਨਾਨਕ ਸੋ ਸੂਖਮ ਸੋਈ ਅਸਥੂਲ ॥੫॥੧੪॥

ਨਹ ਕਿਛੁ ਜਨਮੈ ਨਹ ਕਿਛ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥
ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟ॥ ਆਗਿਆਕਾਰੀ ਧਾਰੀ ਸਭ ਸ੍ਰਿਸ਼ਟਿ॥
ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥
ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥
ਅਲਖ ਅਭੇਵ ਪੁਰਖ ਪਰਤਾਪ॥ ਆਪਿ ਜਪਾਇ ਤ ਨਾਨਕ ਜਾਪ॥੬॥੧੪॥
(ਗਉੜੀ ਸੁਖਮਨੀ ਮ: ੫)

(iv) ਇਕ ਸਵਾਲ ਇਹ ਵੀ ਹੋ ਸਕਦਾ ਹੈ ਜੋ ਬ੍ਰਹਮ ਨੇ ਇਹ ਸ੍ਰਿਸ਼ਟੀ

ਪੈਦਾ ਕਿਉਂ ਕੀਤੀ ? ਗੁਰਮੱਤ ਇਸ ਗੱਲ ਨਾਲ ਸਹਿਮਤ ਨਹੀਂ ਕਿ ਸ੍ਰਿਸ਼ਟੀ ਰਚਨਾ ਦਾ ਮੰਤਵ ਜੀਵ ਦਾ ਪ੍ਰਕ੍ਰਿਤੀ ਜਾਂ ਮਾਇਆ ਦੀ ਖੇਡ ਨੂੰ ਸਮਝਕੇ ਆਪਣੇ ਅਸਲੇ ਦਾ ਗਿਆਨ ਪ੍ਰਾਪਤ ਕਰਨਾ ਅਤੇ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋਣਾ ਹੈ। ਗੁਰੂ ਨਾਨਕ ਇਸਦਾ ਪ੍ਰਯੋਜਨ ਮਨੁੱਖੀ ਆਤਮਾ ਦਾ ਵਿਕਾਸ ਦਸਦੇ ਹਨ। ਆਪ ਦਾ ਖਿਆਲ ਹੈ ਜੋ ਪ੍ਰਭੂ ਨੇ ਸੰਸਾਰ (ਤ੍ਰਿਭਵਣ) ਇਸ ਲਈ ਸਾਜਿਆ ਹੈ ਕਿ ਜੀਵ ਆਤਮਾ ਵਿਕਾਸ ਦੁਆਰਾ ਪਰਮ ਮਨੁੱਖਤਾ ਨੂੰ ਹਾਸਲ ਕਰੇ, ਤਾਂ ਜੋ ਉਸਦੇ ਹਿਰਦੇ ਵਿਚ ਕੇਵਲ ਪਾਰਬ੍ਰਹਮ ਤੇ ਉਸਦਾ ਪ੍ਰੇਮ ਹੀ ਟਿਕੇ—

*ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੋ ਤਤੁ ਬਿਚਾਰੇ ॥
ਸਾਚੁ ਰਿਦੈ ਸਚੁ ਪ੍ਰੇਮ ਨਿਵਾਸ। ਪ੍ਰਣਵਤਿ ਨਾਨਕ ਹਮ ਤਾਕੇ ਦਾਸ ॥੯॥੮॥
(ਗਉੜੀ ਅਸਟਪਦੀਆਂ ਮ: ੧)

ਸਿਧ ਗੋਸ਼ਟਿ ਵਿਚ ਵੀ ਆਪ ਈਹੋ ਦਸਦੇ ਹਨ ਕਿ ਸ੍ਰਿਸ਼ਟੀ ਰਚਨਾ ਦਾ ਮਨੋਰਥ ਸਚੇ ਗੁਰਮੁਖ ਪੈਦਾ ਕਰਨਾ ਹੈ। ਇਸ ਵਿਚ ਜਨਮ-ਮਰਨ ਦੀਆਂ ਖੇਡਾਂ ਖੇਡ ਕੇ ਆਤਮ ਵਿਕਾਸ ਰਾਹੀਂ ਜੀਵ ਨੇ ਪਰਮ-ਪਦ ਦੀ ਪ੍ਰਾਪਤੀ ਕਰਨੀ ਹੈ—

ਗੁਰਮੁਖਿ ਧਰਤੀ ਸਾਚੈ ਸਾਜੀ ॥
ਤਿਸ ਮਹਿ ਓਪਤਿ ਖਪਤਿ ਸੁਬਾਜੀ ॥੩੦॥
(ਸਿਧ ਗੋਸਟਿ ਰਾਮਕਲੀ ਮ: ੧)

ਸੋ ਗੁਰਮੱਤ ਅਨੁਸਾਰ ਸ੍ਰਿਸ਼ਟੀ ਇਕ ਜ਼ਰੂਰੀ ਤੇ ਪਰਵਾਹ ਰੂਪ ਅਧਾਰਿਤ ਹੋਂਦ ਹੈ, ਜਿਸਨੂੰ ਸਬੰਧਤ ਅਰਥਾਂ ਵਿਚ ਸੱਤ ਸਮਝਕੇ ਮਨੁੱਖ ਨੇ ਇਸ ਵਿਚ ਧਾਰਮਕ ਜੀਵਨ ਬਤੀਤ ਕਰਨਾ ਹੈ ਤੇ ਇਸ ਵਿਚ ਕਮਾਲ ਹਾਸਲ ਕਰਨਾ ਹੈ।

(੩) ਜੀਵ ਆਤਮਾ

(i) ਜੀਵ ਆਤਮਾ ਜਿਸ ਹਾਲਤ ਵਿਚ ਹੁਣ ਹੈ ਇਹ ਬ੍ਰਹਮ ਨਹੀਂ। ਇਸਨੂੰ ਨਿਰੰਕਾਰ ਨੇ ਆਪਣੀ ਜੋਤ ਵਿਚੋਂ ਪੈਦਾ ਕੀਤਾ ਹੈ। ਇਹ ਬ੍ਰਹਮ ਰੂਪ ਹੋ ਸਕਦੀ ਹੈ ਤੇ ਅਸਲਾ ਇਕ ਹੋਣ ਕਰਕੇ ਉਸ ਨਾਲ ਅਭੇਦਤਾ ਵੀ ਹਾਸ਼ਲ ਕਰ ਸਕਦੀ ਹੈ, ਪਰ ਨਿਰੰਕਾਰ ਵਿਚ ਲੀਨ ਹੋ ਕੇ ਵੀ ਉਸਦਾ ਅੰਤ ਨਹੀਂ ਪਾ ਸਕਦੀ। ਨਿਰੰਕਾਰ ਬੇਅੰਤ ਹੈ ਤੇ ਬੇਅੰਤ ਹੀ ਰਹੇਗਾ। ਨਿਰੰਕਾਰ ਪੂਰਾ ਹੈ ਤੇ ਜੀਵ ਊਰਾ—

---

* ਸੰਤ ਤੋਂ ਭਾਵ ਪੂਰਨ ਮਨੁੱਖਤਾ ਦੀ ਪ੍ਰਾਪਤੀ ਹੈ।

(ੳ) ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥੨॥੫॥
(ਸੋਰਠ ਮ: ੫)

(ਅ) ਸਾਲਾਹੀ ਸਾਲਾਹਿ ਏਤੀ ਸੁਰਤਿ ਨਾ ਪਾਈਆ ॥
ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥੨੩॥
(ਜਪੁ ਮ: ੧)

(ੲ) ਧਿਆਇ ਧਿਆਇ ਭਗਤਹ ਸੁਖ ਪਾਇਆ ॥
ਨਾਨਕ ਤਿਸੁ ਪੁਰਖ ਕਾ ਕਿੰਨੈ ਅੰਤੁ ਨ ਪਾਇਆ ॥੨॥੧੯॥
(ਗਉੜੀ ਸੁਖਮਨੀ ਮ: ੧)

(ii) ਨਿਰੰਕਾਰ (ਬ੍ਰਹਮ) ਸਰਬ ਸ਼ਕਤੀਮਾਨ ਹੈ, ਜੀਵ ਆਤਮਾ ਵਿਚ ਇਹ ਸਮਰਥਾ ਨਹੀਂ :–

ਕੀਤਾ ਕਰਣਾ ਸਰਬੁ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥
ਮੇਰੇ ਹਰਿ ਜੀਉ ਸਭ ਕੋ ਤੇਰੈ ਵਸਿ ॥
ਅਸਾਂ ਜੋਰੁ ਨਾਹੀਂ ਜੇ ਕਿਛੁ ਕਰਿ ਹਮ ਸਾਕਹਿ ਜਿਉ ਭਾਵੈ ਤਿਵੈ ਬਖਸਿ
॥੧॥ ਰਹਾਉ ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
ਜੇਹਾ ਤੂ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ ॥
ਪੰਜ ਤਤੁ ਕਰਿ ਤੁਧੁ ਸ੍ਰਿਸ਼ਟਿ ਸਭ ਸਾਜੀ
ਕੋਈ ਛੇਵਾ ਕਰਉ ਜੇ ਕਿਛ ਕੀਤਾ ਹੋਵੈ ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ
ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥੪॥੧੫॥
(ਸੂਹੀ ਮ: ੪)

(iii) ਜੀਵ ਵਿਚ ਨਿਰੰਕਾਰ ਨੇ ਆਪਣੀ ਜੋਤਿ ਦਾ ਬੀਜ ਰਖਿਆ ਹੈ। ਉਸਨੂੰ ਪਰਫੁਲਤ ਕਰਕੇ ਉਹ ਨਿਰੰਕਾਰ ਨਾਲ ਅਭੇਦ ਹੋ ਸਕਦੀ ਹੈ :–

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗ ਮਾਣੁ ॥
ਮੂਲੁ ਪਛਾਣਹਿ ਤਾ ਸਹ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥

ਮਨਿ ਸਾਂਤ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕ ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ ॥
(ਆਸਾ ਮ: ੩ ਛੰਤ)

ਬੀਜ ਮੰਤ੍ਰ ਸਰਬ ਕੋ ਗਿਆਨ ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸਕੀ ਗਤਿ ਹੋਇ ॥
ਸਾਧ ਸੰਗਿ ਪਾਵੈ ਜਨੁ ਕੋਇ ॥
(ਗਉੜੀ ਸੁਖਮਨੀ ਮ: ੫)

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ
ਤਾ ਤੂ ਜਗ ਮਹਿ ਆਇਆ ॥੨੩॥
(ਅਨੰਦ ਰਾਮਕਲੀ ਮ: ੩)

(iv) ਸਤਾ ਤੇ ਚੇਤੰਨਤਾ ਅਕਾਲ਼ ਪੁਰਖ ਦੀ ਅੰਸ ਤੋਂ ਹੈ ਜੋ ਅਬਿਨਾਸੀ ਹੈ। ਜੀਵਤ ਭਾਵ ਹਉਮੈ ਵਿਚ ਹੈ । ਵਖੇਵਾਂ ਹਉਮੈ ਕਾਰਨ ਹੈ। ਹਉਮੈ ਮਿਟ ਜਾਣ ਤੇ ਜੀਵ ਜਿਸ ਨਿਰੰਕਾਰ ਤੋਂ ਉਪਜਿਆ ਹੈ ਉਸੇ ਵਿਚ ਲੀਨ ਹੋ ਜਾਂਦਾ ਹੈ :

ਜੈਸੇ ਕੁੰਭ ਉਦਕ ਪੂਰਾਨਿਓ ਤਬ ਉਹ ਭਿੰਨ ਦ੍ਰਿਸ਼ਟੋ ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭਿ ਮਿਲੋ ॥੪॥੩॥
(ਸਾਰੰਗ ਮ: ੫)

ਇਹ ਪੂਰਨਤਾ ਹਾਸਲ ਕਰਨ ਲਈ ਹੀ ਜੀਵ ਆਤਮਾ ਦੇਹੀ ਵਿਚ ਆਇਆ ਹੈ। ਇਹ ਪੂਰਨਤਾ ਨਾਮ ਸਿਮਰਨ ਰਾਹੀਂ ਹੀ ਪਰਾਪਤ ਹੋ ਸਕਦੀ ਹੈ । ਨਾਮ ਰਾਹੀਂ ਮਨੁਖ ਹੁਕਮ ਵਿਚ ਤੁਰਦਾ ਹੈ ਤੇ ਅੰਤ ਨੂੰ ਅਭੇਦ ਹੋ ਜਾਂਦਾ ਹੈ :—

ਜਿਨਿ ਹਰਿ ਜਪਿਆ ਸੇ ਹਰਿ ਹੋਇ
ਹਰਿ ਮਿਲਿਆ ਕੇਲ ਕੇਲਾਲੀ ॥੩॥੪॥
(ਧਨਾਸਰੀ ਮ: ੪)

ਜਿਨ੍ਹਾਂ ਨ ਵਿਸਰੈ ਨਾਮ ਸੇ ਕਿਨੇਹਿਆ ॥
ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥੬॥੧੦੮॥
(ਆਸਾ ਮ: ੫)

ਜੋ ਹਰਿ ਜਨ ਨਾਮੁ ਧਿਆਇੰਦੇ ਹਰਿ ਹਰਿ ਜਨ ਇਕ ਸਮਾਨਿ ॥
(ਸਲੋਕ ਮ: ੪ ਵਾਰ ਸੋਰਠ ਮ: ੪)

(v) ਬ੍ਰਹਮ ਅਕ੍ਰਤਰੀ ਨਹੀਂ ਕਰਤਾ ਵੀ ਹੈ ।

ਪਿਛੇ ਅਸੀਂ ਇਹ ਵਿਚਾਰ ਕਰ ਚੁਕੇ ਹਾਂ, ਜੋ ਇਹ ਰਚਨਾ ਨਿਰੀ ਪੁਰੀ ਛਲ, ਫਰੇਬ, ਝੂਠ ਜਾਂ ਧੋਖਾ ਨਹੀਂ ਇਸਦਾ ਅਧਾਰ ਸੱਤ ਹੈ। ਇਸ ਲਈ ਇਹ ਕਹਿਣਾ ਗਲਤ ਹੈ ਕਿ ਇਹ ਅਸਲੋਂ ਹੈ ਹੀ ਨਹੀਂ । ਦ੍ਰਿਸ਼ਟਮਾਨ ਜਗਤ ਅਦਲਾ ਬਦਲੀ ਦੇ ਨਿਯਮ ਅਧੀਨ ਚਲ ਰਿਹਾ ਹੈ, ਇਸ ਲਈ ਚਲਾਇਮਾਨ ਹੈ । ਸਦਾ ਇਕੋ ਜਿਹਾ ਰਹਿਣ ਵਾਲਾ ਨਹੀਂ । ਮਾਨਸਿਕ ਤੇ ਪਰਕ੍ਰਿਤਕ ਪਦਾਰਥ ਸਭ ਇਸ ਅਦਲਾ ਬਦਲੀ ਦੇ ਨਿਯਮ ਅਧੀਨ ਹਨ। ਪੁਰਾਣਿਆਂ ਦੀ ਥਾਂ ਨਵੇਂ ਲੈ ਲੈਂਦੇ ਹਨ। ਇਸ ਤਰ੍ਹਾਂ ਇਹ ਪਰਵਾਹ ਚਲਦਾ ਹੀ ਰਹਿੰਦਾ ਹੈ । ਭਾਵੇਂ ਇਹ ਅਧਾਰਿਤ ਸੱਤ ਹੈ, ਤੱਤ ਸੱਤ ਨਹੀਂ, ਫਿਰ ਭੀ ਸ਼ਦੈਵੀ ਹੋਂਦ ਵਾਲਾ ਹੈ। ਇਸਨੂੰ ਅਕਾਰਣ ਕਹਿਣਾ ਜੱਚਦਾ ਨਹੀਂ । ਇਸਦਾ ਮੂਲ ਕਾਰਨ ਅਕਾਲ ਪੁਰਖ ਆਪ ਹੈ, ਇਸ ਲਈ ਬ੍ਰਹਮ ਅਕਰਤਰੀ ਨਹੀਂ ਕਰਤਾ ਵੀ ਹੈ ।

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲ ਸੋਇ ॥੧॥੧੧॥
(ਵਾਰ ਮਾਝ ਮ: ੧)

ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ ॥
(ਗਉੜੀ ਸੁਖਮਨੀ ਮ: ੫)

ਤੂ ਕਰਤਾ ਪੁਰਖ ਅਗੰਮ ਹੈ ਆਪਿ ਸ੍ਰਿਸ਼ਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਆ ਸਭੁ ਖੇਲੁ ਤੁਮਾਤੀ ॥
(ਵਾਰ ਮਾਝ ਮ: ੫)

ਜਿਨਿ ਜਗੁ ਸਿਰਜਿ ਉਪਾਇਆ ਸੋ ਸਾਹਿਬ ਕੁਦਰਤਿ ਜਾਣੋਵਾ ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ।
ਪੰਚ ਭੂ ਨਾਇਕੋ ਆਪਿ ਸਿਰੰਦਾ
ਜਿਨਿ ਸਚ ਕਾ ਪਿੰਡ ਸਵਾਰਿਆ ॥੩॥੨॥੫॥
(ਸੂਹੀ ਛੰਤ)

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥
ਆਪੇ ਖੇਲੁ ਰਚਾਇਓਨੁ ਸਭ ਜਗਤੁ ਸਬਾਇਆ ॥
ਤ੍ਰੈ ਗੁਣ ਆਪਿ ਸਿਰਜਿਅਨ ਮਾਇਆ ਮੋਹੁ ਵਧਾਇਆ ।
ਗੁਰਪ੍ਰਸਾਦੀ ਉਬਰੇ ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥
(ਵਾਰ ਸਾਰੰਗ ਮ: ੪)

ਤੂ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂ ਜੁਗੁ ਜੁਗੁ ਏਕੋ ਸਦਾ ਸਦਾ ਤੂ ਏਕੋ ਜੀ ਤੂ ਨਿਹਚਲ ਕਰਤਾ ਸੋਈ ॥
ਤੁਧੁ ਆਪੇ ਭਾਵੈ ਸੋਈ ਵਰਤੇ ਜੀ ਤੂ ਆਪਹਿ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥
(ਰਾਗ ਆਸਾ ਮ: ੪ ਸੋ ਪੁਰਖੁ)

ਆਪੀ ਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭ ਸੈ ਦੇ ਲੈਸਹਿ ਜਿੰਦੁ ਕਵਾਉ ॥
ਕਰਿ ਆਸਣ ਡਿਠੋ ਚਾਉ ॥੧॥
(ਵਾਰ ਆਸਾ ਮ: ੧)

(੪) ਗੁਰਮੱਤ ਦਾ ਬ੍ਰਹਮ ਨਿਰਾਪੁਰਾ ਸਾਖੀ ਰੂਪ ਹੀ ਨਹੀਂ, ਓਹ ਵੇਖਦਾ ਬੁਝਦਾ, ਵਿਚਾਰਦਾ ਤੇ ਨਿਰਣਾ ਵੀ ਕਰਦਾ ਹੈ :–

ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥
ਮਰੈ ਨ ਬਿਨਸੈ ਆਵੈ ਨ ਜਾਇ ॥
ਨਾਨਕ ਸਦ ਹੀ ਰਹਿਆ ਸਮਾਇ ॥੬॥੧੨॥
(ਗਉੜੀ ਸੁਖਮਨੀ ਮ: ੫)

ਆਪਿ ਉਪਾਵਣ ਹਾਰ ਆਪੇ ਹੀ ਮਾਰਦਾ ॥
ਸਭੁ ਕਿਛੁ ਜਾਣੈ ਜਾਣੁ ਬੁਝਿ ਵਿਚਾਰਦਾ ॥
ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥੪॥
(ਵਾਰ ਗੁਜਰੀ ਮ: ੫)

ਪਪੈ ਪਾਤਸਾਹੁ ਪਰਮੇਸਰ ਵੇਖਣ ਕਉ ਪਰਪੰਚ ਕੀਆ ॥

ਵੇਖੈ ਬੂਝੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵ ਰਹਿਆ ॥੨੪॥

....

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸ ਕੀਆ ॥
ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵ ਰਹਿਆ ॥੩੨॥
(ਆਸਾ ਪਟੀ ਮ: ੧)

ਆਪਣੇ ਹੁਕਮ ਵਿਚ ਉਹ ਆਪਣੀ ਕੁਲ ਸੰਸਾਰਕ ਕਾਰ ਨਿਭਾਉਂਦਾ ਹੈ ਤੇ ਜੀਵਾਂ ਦੇ ਕਰਮ ਕੇਵਲ ਸਾਖੀ ਬਣਕੇ ਵੇਖਦਾ ਹੀ ਨਹੀਂ, ਸਗੋਂ ਉਨ੍ਹਾਂ ਅਨੁਸਾਰ ਨਿਰਣਾ ਵੀ ਕਰਦਾ ਹੈ ਤੇ ਆਪਣੇ ਹੁਕਮ ਦੀ ਕਲਮ ਚਲਾਉਂਦਾ ਹੈ ਭਾਵ ਲੇਖ ਘੜਦਾ ਹੈ :–

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥੨॥
ਹੁਕਮੀ ਹੁਕਮੁ ਚਲਾਏ ਰਾਹੁ ॥੩॥
(ਜਪੁ ਮ: ੧)

ਸਭੇ ਪੁਰੀਆਂ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥੨॥੯॥
(ਵਾਰ ਸਾਰੰਗ ਮ: ੪ ਸਲੋਕ ਮ: ੧)

ਭੈ ਵਿਚਿ ਸਭੁ ਆਕਾਰ ਹੈ ਨਿਰਭਉ ਹਰਿ ਜੀਉ ਸੋਇ ॥੧॥੨॥
(ਸਲੋਕ ਮ: ੩ ਵਾਰ ਵਡਹੰਸ ਮ: ੫)

ਕੇਵਲ ਕਰਮਾਂ ਅਨੁਸਾਰ ਕਲਮ ਹੀ ਨਹੀਂ ਚਲਾਉਂਦਾ ਸਗੋਂ ਪਰਮ ਦਿਆਲੂ ਹੈ ਤੇ ਭੁਲੇ ਜੀਵ ਦੀ ਸਹੀ ਅਗਵਾਈ ਕਰਦਾ ਹੈ, ਤੇ ਸਿਧੇ ਰਾਹ ਪਾਂਦਾ ਹੈ :–

ਹਉ ਵਾਰੀ ਵੰਞਾਂ ਘੋਲੀ ਵੰਞਾਂ ਤੂ ਪਰਬਤ ਮੇਰਾ ਓਲ੍ਹਾ ਰਾਮ ॥
ਹਉ ਬਲਿ ਜਾਈ ਲਖ ਲਖ ਲਖ ਬਰੀਆ
ਜਿਨ੍ਹ ਭ੍ਰਮ ਪਰਦਾ ਖੋਲ੍ਹਾ ਰਾਮ ॥੪॥੧॥੪॥
(ਸੂਹੀ ਮ: ੫ ਛੰਤ)

ਟੂਟੀ ਗੰਢਨਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥
ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥
ਤਿਸਤੇ ਬਿਰਥਾ ਕੋਇ ਨਾਹਿ ॥੧॥੧੫॥
(ਗਉੜੀ ਸੁਖਮਨੀ ਮ: ੫)

ਜਿਸਨੂੰ ਤੂੰ ਜਣਾਇਹਿ ਸੋਈ ਜਨੁ ਜਾਣੈ ॥੩॥੨॥
(ਆਸਾ ਮ: ੪)

ਇਹ ਕੋਈ ਨਿਰੀ ਪੁਰੀ ਦਲੀਲੀ ਮਨੌਤ ਜਾਂ ਕਲਪਨਾ ਨਹੀਂ । ਇਹ ਅਸਲੋਂ ਹੈ ਤੇ ਸਾਡੇ ਆਪਣੇ ਅਸਲੇ ਦਾ ਹੀ ਮੂਲ ਅਸਲਾ ਹੈ । ਸਾਥੋਂ ਅਡਰੀ ਹਸਤੀ ਨਹੀਂ । ਸਾਡੇ ਆਪਣੇ ਆਪ ਦੀ ਹੀ ਮੂਲ ਸਤਾ ਹੈ ਇਸ ਲਈ ਇਸ ਨੂੰ ਆਪਣੇ ਤੋਂ ਅੱਡ ਵਸਤਾਂ ਵਾਂਗ ਜਾਣ ਨਹੀਂ ਸਕਦੇ । ਸਾਹਿਬ ਕਹਿੰਦੇ ਹਨ :-

ਤਾਕੀ ਗਤਿ ਮਿਤਿ ਕਹੀ ਨ ਜਾਇ ॥
ਦੂਸਰੁ ਹੋਇ ਤ ਸੋਝੀ ਪਾਇ ॥੭॥੨੩॥
(ਗਉੜੀ ਸੁਖਮਨੀ ਮ: ੫)
ਅਤੁਲੁ ਕਿਉ ਤੋਲਿਆ ਜਾਇ ॥ ਦੂਜਾ ਹੋਇ ਤ ਸੋਝੀ ਪਾਇ ॥
ਤਿਸ ਤੇ ਦੂਜਾ ਨਾਹੀ ਕੋਇ ॥ ਤਿਸਕੀ ਕੀਮਤ ਕਿਕੂ ਹੋਇ ॥
(ਬਿਲਾਵਲ ਮ: ੩)

ਕਿਉਂਕਿ ਓਹ ਸਾਡੇ ਆਪਣੇ ਹੀ ਆਪੇ ਦਾ ਆਪਾ ਹੈ ਇਸ ਲਈ ਆਪਣੀ ਹੋਂਦ ਵਾਂਗ ਅੰਤਰ ਆਤਮੇ ਉਸਦੀ ਹੋਂਦ ਨੂੰ ਵੀ ਅਨਭਵ ਕਰ ਸਕਦੇ ਹਾਂ :-

ਸਜਣ ਸਚੁ ਪਰਖਿ ਮੁਖ ਅਲਾਵਣ ਥੋਥਰਾ ।
ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ।
(ਡਖਣੇ ਮ: ੫ ਵਾਰ ਮਾਰੂ ਮ: ੫)

ਸਾਧਨ ਪਖ

ਗੁਰਮਤ ਅਨੁਸਾਰ ਪਰਮ ਪਦ ਦੀ ਪਰਾਪਤੀ ਲਈ ਸੰਨਿਆਸ ਤੇ ਤਿਆਗ ਦੀ ਲੋੜ ਨਹੀਂ । ਪਰਵਿਰਤੀ ਵਿਚ ਨਿਵਰਤੀ ਦੀ ਰੁਚੀ ਰਖਣੀ ਹੈ ਤੇ ਸਹਿਜ ਰਾਹੀਂ ਪਰਮ ਪਦ ਦੀ ਪਰਾਪਤੀ ਕਰਨੀ ਹੈ । ਸਹਿਜ ਨਾ ਤਾਂ ਕਰਮਾਂ ਰਾਹੀਂ ਉਪਜਦਾ ਹੈ ਤੇ ਨਾ ਹੀ ਗਿਆਨ ਧਿਆਨ ਨਾਲ । ਸ਼ਹਿਜ ਜਪ ਤਪ ਦਾ ਵੀ ਵਿਸ਼ਾ ਨਹੀਂ । ਇਹ ਪਰਾਪਤ ਹੁੰਦਾ ਹੈ ਗੁਰੂ ਦੀ ਮਿਹਰ ਨਾਲ । ਗੁਰੂ ਉਪਦੇਸ਼ ਤੇ ਚਲਣ ਨਾਲ ਹਉਮੈ ਦੀ ਮੈਲ ਕਰਕੇ ਉਪਜਿਆ ਸਹਿੰਸਾ (ਭਰਮ) ਦੂਰ ਹੋ ਜਾਂਦਾ ਹੈ ਤੇ ਸਹਿਜ ਜੋ ਨਾਮ ਪ੍ਰਗਾਸੀ ਹੈ ਉਪਜ ਪੈਂਦਾ ਹੈ । ਸਤਿਗੁਰੂ ਫ਼ੁਰਮਾਂਦੇ ਹਨ :-

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿੜੈ ਸੰਜਮਿ ਰਹੇ ਕਰਮ ਕਮਾਇ ॥

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਇ ॥
ਮਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕ ਗੁਰਪਰਸਾਦੀ ਸਹਜੁ
ਉਪਜੈ ਇਹ ਸਹਸਾ ਇਵ ਜਾਇ ॥੧੮॥
(ਰਾਮਕਲੀ ਮ: ੩ ਅਨੰਦ)

ਜਪ ਤਪ ਆਦਿ ਕਰਮ ਹਉਮੈ ਦੀ ਕੰਧ ਨੂੰ ਤੋੜਦੇ ਨਹੀਂ ਨਾ ਹੀ ਸਹਿਜ ਉਪਜਾਂਦੇ ਹਨ । ਸਹਿਜ ਤੋਂ ਸਹਿੰਸਾ ਚੁਕਦਾ ਹੈ ਤੇ ਮਨ ਤੋਂ ਹਉਮੈ ਦੀ ਮੈਲ ਲਥ ਜਾਂਦੀ ਹੈ ਜਿਸ ਦੇ ਦੂਰ ਹੋਣ ਤੇ ਨਾਮ ਪਰਗਾਸਦਾ ਹੈ ਪਰ ਇਹ ਸਹਿਜ ਗੁਰੂ ਸਵਾਮੀ ਦੀ ਸ਼ਰਨ ਲਿਆਂ ਹੀ ਪਰਾਪਤ ਹੁੰਦੀ ਹੈ ਤੇ ਉਸਦੇ ਪ੍ਰਸਾਦਿ (ਕਿਰਪਾ) ਦੁਆਰਾ ਮੰਨ ਵਿਚ ਪ੍ਰਭੂ ਨੇੜ ਦੀ ਠੰਡ ਪ੍ਰਾਪਤ ਹੋ ਜਾਂਦੀ ਹੈ :-

ਜਪ ਤਪ ਬਰਤ ਕੀਨੇ ਪੇਖਨ ਕਉ ਚਰਨਾ ਰਾਮ ॥
ਤਪਤਿ ਨ ਕਤਹਿ ਬੁਝੈ ਬਿਨ ਸੁਆਮੀ ਸਰਣਾ ਰਾਮ ॥੨॥੩॥੬॥
(ਬਿਹਾਗੜਾ ਮ: ੫ ਘਰ ੨ ਛੰਤ)

ਜਪ-ਤਪ, ਗਿਆਨ ਧਿਆਨ, ਕਰਮ ਧਰਮ, ਜੋਗ ਸੰਨਿਆਸ, ਪੁੰਨ ਦਾਨ, ਨੇਮ, ਵਰਤ ਤੇ ਬਲੀਦਾਨ ਆਦਿ ਨਾਮ ਤੁਲ ਅਪੜ ਨਹੀਂ ਸ਼ਕਦੇ ਇਸ ਲਈ ਲੋੜ ਹੈ ਨਾਮ ਰਾਹੀਂ ਪਰਮ ਪਦ ਪਰਾਪਤ ਕਰਨ ਦੀ :-

ਜਾਪੁ ਤਾਪੁ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨੁ ॥
ਜੋਗ ਅਭਿਆਸ ਕਰਮ ਧਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਂਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮ ਜਪੀਐ ਇਕ ਬਾਰ ॥੧॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥

ਨਾਨਕ ਗੁਰਮੁਖਿ ਨਾਮ ਜਪਤ ਗਤਿ ਪਾਹਿ ।।੨।।੩।।
(ਗਉੜੀ ਸੁਖਮਨੀ ਮ: ੫)

ਸਿਧਾਂਤ ਪਖ

ਗੁਰਮੱਤ ਨਿਰਾ ਪੁਰਾ (ਮੰਤਵ) ਦਲੀਲੀ ਮਨੌਤ ਹੀ ਨਹੀਂ । ਕੇਵਲ ਗਿਆਨ ਹੀ ਕਾਫੀ ਨਹੀਂ । ਗਿਆਨ ਤਾਂ ਸਿਰਫ ਬੋਧਿਕ ਹੀ ਹੁੰਦਾ ਹੈ। ਕਿਸੇ ਚੀਜ਼ ਨੂੰ ਜਾਣ ਲੈਣਾ ਉਸਨੂੰ ਹਾਸਲ ਕਰ ਲੈਣਾ ਨਹੀਂ ਹੁੰਦਾ । ਅਸਲ ਪ੍ਰਾਪਤੀ ਤਾਂ ਹਾਸਲ ਹੋਏ ਗਿਆਨ ਨੂੰ ਕਮਾਣਾ ਹੈ ਤੇ ਉਸਨੂੰ ਸੁਭਾ ਵਿਚ ਰਚਾਣਾ ਹੈ। ਨਿਰਾ ਮੈਂ ਬ੍ਰਹਮ ਹਾਂ ਦਾ ਗਿਆਨ ਤਾਂ ਸਗੋਂ ਹਉਮੈ ਪੈਦਾ ਕਰਦਾ ਹੈ। ਮੈਂ ਦੀ ਥਾਂ ਤੇ ਆਪਣੀ ਹਉਂ ਨੂੰ ਗੁਰ ਉਪਦੇਸ਼ ਦੁਆਰਾ ਤੂੰ ਤੂੰ ਵਿਚ ਇਸ਼ ਤਰਾਂ ਗਵਾ ਲੈਣਾ ਹੈ ਜਿਵੇਂ ਬੂੰਦ ਸਾਗਰ ਵਿਚ ਜਾਂਦੀ ਹੈ ਤੇ ਫੇਰ ਸਾਗਰ ਦਾ ਭੇਦ ਮਿਟ ਜਾਂਦਾ ਹੈ । ਇਸ ਨਿਟੋਲ ਮੰਤਕੀ ਗਿਆਨ ਦੀ ਥਾਂ ਤੇ ਗੁਰਮੱਤ ਆਤਮ ਰੱਸ ਗੁਧੀ ਪ੍ਰੇਮਾ ਭਗਤੀ ਤੇ ਸ਼ਰਧਾ ਨਾਲ ਆਤਮ ਸਮਰਪਨ ਕਰਨਾ ਸਿਖਾਂਦਾ ਹੈ :–

ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ ।।
ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ ।।੧।। ਰਹਾਉ ।।
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ।।
ਆਪੇ ਹੀ ਰਾਜਨ ਆਪੇ ਹੀ ਰਾਇਆ ਕਹ ਕਹ ਠਾਕੁਰ ਕਹ ਕਹ ਚੇਰਾ ।।
ਕਾ ਕਉ ਦੁਰਾਉ ਕਾ ਸਿਉ ਬਲ ਬੰਚਾ
ਜਹ ਜਹ ਪੇਖਉ ਤਹ ਤਹ ਨੇਰਾ ।।
ਸਾਧਿ ਮੂਰਤਿ ਗੁਰੁ ਭੇਟਿਓ ਨਾਨਕ
ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ।।੨।।੧।।
(ਬਿਲਾਵਲ ੫ ਮ:)

ਅਮਲੀ ਪੱਖ

ਆਸਾ ਤ੍ਰਿਸ਼ਨਾ ਸਭ ਹਉਮੈ ਦੀ ਹੀ ਉਪਜ ਹਨ । ਇਹ ਹਉਮੈ ਹੀ ਕਰਮਾ ਦੀ ਬੁਨਿਆਦ ਹੈ। ਹਉਮੈ ਰਹਿਤ ਕਰਮ ਈਸ਼੍ਵਰੀ ਕਰਮ ਹਨ ਜੋ ਕਰਮ ਬੰਧਨ ਤੋਂ ਮੁਕਤ ਹਨ। ਸੋ ਲੋੜ ਹੈ ਹਉਮੈ ਤੋਂ ਮੁਕਤ ਹੋਣ ਦੀ। ਸੰਸਾਰ ਤਿਆਗਣ ਨਾਲ ਹਉਮੈ ਨਹੀਂ ਜਾਂਦੀ। ਹਉਮੈ ਦੀ ਕੰਧ ਤੋੜਨ ਲਈ ਵਾਹਿਦ ਹਥਿਆਰ "ਹੁਕਮਿ ਰਜਾਈ" ਚਲਣਾ ਹੈ । ਈਸ਼੍ਵਰ ਪਰਾਇਣ ਹੋਣਾ ਤੇ ਭਾਣੇ ਨੂੰ ਮਿਠਾ

ਕਰਕੇ ਮੰਨਣਾ ਹਉਮੈ ਨਿਵਾਰਣ ਲਈ ਅਮਲੀ ਸਾਧਨ ਹਨ । ਜਿਸਨੂੰ ਰਬੀ ਹੁਕਮ ਦੀ ਸੋਝੀ ਪੈ ਗਈ ਹੈ ਉਸ ਤੇ ਹਉਮੈ ਆਪਣਾ ਅਸਰ ਨਹੀਂ ਪਾ ਸਕਦੀ :–

> ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥
>
> (ਜਪੁਜੀ ਮ: ੧)

ਸੰਜਮ ਵਿਚ ਰਹਿਣਾ ਹੁਕਮ ਮੰਨਣ ਲਈ ਇਕ ਜ਼ਰੂਰੀ ਕਰਤੱਵ ਹੈ । ਇਹ ਸੰਜਮ ਜੈਨ ਮਾਰਗ ਦੇ ਸੰਜਮ ਨਹੀਂ ਸਗੋਂ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਆਦਿ ਦਾ ਵਸੀਕਰਨ ਹੈ । ਫਿਰ ਸੰਜਮ ਦਿਖਾਵੇ ਲਈ ਨਹੀਂ, ਸਗੋਂ ਇਸ਼ ਵਸੀਕਰਨ ਨੂੰ ਅਮਲ ਵਿਚ ਲਿਆਉਣਾ ਤੇ ਇਸ ਅਨੁਸਾਰ ਆਦਰਸ਼ਕ ਜੀਵਣ ਜੀਣ ਦਾ ਨਾਮ ਹੈ । ਸਤਿਗੁਰ ਫੁਰਮਾਂਦੇ ਹਨ ਅੰਦਰੋਂ ਕਪਟੀ ਤੇ ਬਾਹਰੋਂ ਭੇਖੀ ਬਣਕੇ ਦੁਨੀਆਂ ਨੂੰ ਭਰਮਾਣ ਵਾਲਾ ਮਨੁਖ ਕਦੇ ਹਰੀ ਦੀ ਪ੍ਰਾਪਤੀ ਨਹੀਂ ਕਰ ਸਕਦਾ ਸਗੋਂ ਅਜਿਹਾ ਭੇਖੀ ਮਰਨ ਮਗਰੋਂ ਵਿਸ਼ਟਾ ਦਾ ਵਾਸੀ ਬਣਦਾ ਹੈ । ਇਸ ਲਈ ਦਿਖਾਵੇ ਦੀ ਨਿਵਿਰਤੀ ਨਾਲੋਂ ਪਰਵਿਰਤੀ ਵਿਚ ਨਿਵਿਰਤੀ ਦੀ ਰੁਚੀ ਰਖਣੀ ਚਾਹੀਦੀ ਹੈ । ਤਾਂ ਤੇ ਹੇ ਮਨ ਤੂੰ ਗ੍ਰਸਤੀ ਰਹਿਕੇ ਵਾਹਿਗੁਰੂ ਨਾਲ ਪ੍ਰੀਤ ਕਰ । ਜੋ ਸਜਣ ਸਚ ਨਾਲ ਪਿਆਰ ਕਰਦਾ ਹੈ ਤੇ ਸੰਜਮ ਦੀ ਰਹਿਣੀ ਰਹਿੰਦਾ ਹੈ ਉਸ ਗੁਰਮੁਖ ਦੇ ਹਿਰਦੇ ਵਿਚ ਨਾਮ ਦਾ ਪਰਗਾਸ ਹੋ ਜਾਂਦਾ ਹੈ । ਜਿਸ ਮਹਾਂ ਪੁਰਸ਼ ਨੇ ਗੁਰੂ ਉਪਦੇਸ਼ ਤੇ ਚਲਕੇ ਹਉਮੈ ਨੂੰ ਜਿਤ ਲਿਆ ਹੈ (ਮਨ ਜੀਤਿਆ) ਉਸਨੂੰ ਸਤਿ ਸੰਗਤਿ ਦੇ ਮੇਲ ਕਰਕੇ ਨਾਮ ਪਰਾਪਤ ਹੋ ਜਾਂਦਾ ਹੈ ਤੇ ਸਹਿਜੇ ਹੀ ਓਹ ਗ੍ਰਸਤੀ ਰਹਿੰਦਿਆਂ ਵੀ ਪਰਮ ਪਦ ਦੀ ਪਰਾਪਤੀ ਕਰ ਲੈਂਦਾ ਹੈ । ਭਾਵ ਉਸਦੀ ਉਪਾਧੀ ਰਹਿਤ ਆਤਮਾ ਚਮਕ ਉਠਦੀ ਹੈ ਤੇ ਉਸ ਵਿਚੋਂ ਹੀ ਪਰਮਾਤਮਾ (ਬ੍ਰਹਮ-ਮੂਲ ਸਤਯ) ਦੇ ਲਸ਼ਕਾਰੇ ਪੈਣ ਲਗ ਪੈਂਦੇ ਹਨ । ਇਹ ਮੁਕਤ ਆਤਮਾ ਹੈ :–

> ਬਹੁ ਭੇਖੁ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
> ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥
> ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
> ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥
> ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
> ਹਰਿ ਕਾ ਨਾਮੁ ਧਿਆਈਐ ਸੰਗਤਿ ਮੇਲਿ ਮਿਲਾਇ ॥੨॥੩॥੩੫॥
>
> (ਸਿਰੀ ਰਾਗ ਮ: ੩)

ਅਸ਼ਲ ਤਿਆਗ ਤਾਂ ਕਾਮ, ਕ੍ਰੋਧ, ਲੋਭ ਆਦਿ ਬੁਰਿਆਈਆਂ ਦਾ ਕਰਨਾ ਹੈ। ਗ੍ਰਿਸਤ ਤਿਆਗਨ ਦੀ ਲੋੜ ਨਹੀਂ :-

ਤਿਆਗਨਾ ਤਿਆਗਨੁ ਨੀਕਾ
ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥੧॥੪॥

(ਮਾਰੂ ਮ: ੩ ਅਸਟਪਦੀਆ)

ਛੋਡਹੁ ਕਾਮੁ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥
ਸਤਿਗੁਰ ਸਰਣਿ ਪਰਹੁ ਤਾਂ ਉਬਰਹੁ
ਇਉ ਤਰੀਐ ਭਵਜਲ ਭਾਈ ਹੇ ॥੮॥

(ਮਾਰੂ ਸੋਲਹੇ ਮ: ੧)

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ
ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥੩॥੨੮॥

(ਆਸਾ ਮ: ੫)

ਕੇਵਲ ਪੜ੍ਹ ਪੜ੍ਹ ਕੇ ਪੜ੍ਹਾਕੂ ਬਣਨਾ ਤੇ ਹਉਮੈ ਅੜੇ ਚੜ੍ਹ ਈਰਖਾ ਤੇ ਬਖੀਲੀ ਦੇ ਬਖੇੜਿਆਂ ਵਿਚ ਪੈ ਕੇ ਪਰਾਈ ਨਿੰਦਾ ਕਰਨੀ ਤੇ ਸੁਣਨੀ ਮਨ ਨੂੰ ਅਸ਼ਾਂਤ ਕਰਨਾ ਹੈ। ਅਸਲ ਤਿਆਗ ਤਾਂ ਨਿੰਦਾ ਤੇ ਪਰਾਈ ਤਾਤ ਦਾ ਤਿਆਗ ਕਰਨਾ ਹੈ :-

ਛੋਡਿਹੁ ਨਿੰਦਾ ਤਾਤਿ ਪਰਾਈ ॥
ਪੜਿ ਪੜਿ ਦਝਹਿ ਸਾਂਤ ਨ ਆਈ ॥੭॥੧੬॥

ਨਿਰੇ ਪੁਰੇ ਗ੍ਰਸਤ ਦੇ ਤਿਆਗ ਨੇ ਕੁਝ ਸਵਾਰਨਾ ਨਹੀਂ ਲੋੜ ਤਾਂ ਹੈ ਝੂਠ ਨੂੰ ਤਿਆਗ ਸਚੁ ਨੂੰ ਗ੍ਰਹਿਨ ਕਰਨ ਦੀ ਸਚ ਜੰਗਲਾਂ ਵਿਚੋਂ ਨਹੀਂ ਸਗੋਂ ਆਪਣੇ ਅੰਦਰੋਂ ਹੀ ਪਰਾਪਤ ਹੋਣਾ ਹੈ। ਕੂੜ ਤਾ ਕਾਲ ਗੁਲਾਮ ਹੈ ਤੇ ਮੁੜ ਮੁੜ ਜਮਨ ਤੇ ਮਰਨ ਦ ਗੇੜ ਵਿਚ ਪਾਈ ਰਖਦਾ ਹੈ । ਇਸ ਲਈ :-

ਛੋਡਹੁ ਪ੍ਰਾਣੀ ਕੂੜ ਕਬਾੜਾ ॥
ਕੂੜ ਮਾਰੇ ਕਾਲ ਉਛਾਹੜਾ ॥੬॥੧੬॥

(ਮਾਰੂ ਸੋਲਹੇ ਮ: ੧)

ਇਸਦੇ ਉਲਟ ਸੱਚ ਨੂੰ ਗ੍ਰਹਿਨ ਕਰੋ ਤਾਂ ਜੋ ਅੰਦਰੇ ਦੀ ਸੋਝੀ ਹੋ ਜਾਵੇ ਫੇਰ ਸਚ ਦੀ ਪਛਾਣ ਲਈ ਦੂਰ ਨਹੀਂ ਜਾਣਾ ਪਵੇਗਾ ਸਗੋਂ ਇਹ ਪਛਾਣ ਆਪਣੇ ਅੰਦਰੋਂ ਹੀ ਪ੍ਰਾਪਤ ਹੋ ਜਾਵੇਗੀ :-

ਬੋਲਹੁ ਸਾਚੁ ਪਛਾਣਹੁ ਅੰਦਰਿ ॥
ਦੂਰਿ ਨਾਹੀ ਦੇਖਹ ਕਰਿ ਨੰਦਰਿ ॥੧੨॥੧੬॥

(ਮਾਰੂ ਸੋਲਹੇ ਮ: ੧)

ਇਨ੍ਹਾਂ ਸਮੂਹ ਗੁਣਾ ਦੇ ਹਾਸਲ ਕਰਨ ਲਈ ਗੁਣ ਗਾਵਣੇ ਹੀ ਉਚਿਤ ਹਨ। ਗੁਣ ਗਾਵਣ ਨਾਲ ਹਉਮੈ ਦੀ ਜ਼ਹਿਰ ਭਰੀ ਮੈਲ ਬਿਨਸ ਜਾਂਦੀ ਹੈ। ਮਨ ਸੁਖੀ ਤੇ ਸ਼ਾਂਤ ਹੋ ਜਾਂਦਾ ਹੈ ਤੇ ਨਾਮ ਆਪ ਮੁਹਾਰਾ ਪਰਗਾਸਦਾ ਹੈ—

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥
ਹੋਇ ਅਚਿੰਤੁ ਬਸੈ ਸੁਖ ਨਾਲਿ ॥
ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥੭॥੧੯॥

(ਗਉੜੀ ਸੁਖਮਨੀ)

ਤੇ ਫੇਰ—

ਅਮੁਲ ਭਾਇ ਅਮੁਲਾ ਸਮਾਹਿ ॥੨੬॥

(ਜਪੁ: ਮ: ੧)

ਜਾਂ ਇਵੇਂ ਕਹੋ—

ਜਿਨਿ ਹਰਿ ਜਪਿਆ ਸੇ ਹਰਿ ਹੋਇ
ਹਰਿ ਮਿਲਿਆ ਕੇਲ ਕੇਲਾਲੀ ॥੩॥

(ਧਨਾਸਰੀ ਮ: ੪)

ਇਕੋ ਨਜ਼ਰ ਵਿਚ ਗੁਰਮੱਤ ਤੇ ਵੇਦਾਂਤ ਵਿਚ ਅੰਤਰ ਵੇਖਣ ਲਈ
ਇਹ ਵੇਰਵਾ ਸਹਾਈ ਹੋ ਸਕਦਾ ਹੈ

●

ਵੇਦਾਂਤ	ਗੁਰਮੱਤ
੧. ਹੈ ਤਾਂ ਸਭ ਬ੍ਰਹਮ ਹੀ ਪਰ ਮਾਇਆ ਦੀ ਉਪਾਧੀ ਕਰ ਕੇ ਬ੍ਰਹਮ ਈਸ਼੍ਵਰ ਅਖਵਾਂਦਾ ਹੈ ਤੇ ਵਿਦਿਆ ਦੇ ਸੰਗ ਕਰ ਕੇ ਜੀਵ	ਅਫੁਰ ਬ੍ਰਹਮ ਸਫੁਰ ਹੋਣ ਤੇ ਆਪਣੇ ਫੁਰਨੇ (ਹੁਕਮ) ਤੋਂ ਆਪ ਹੀ ਸੰਸਾਰ ਰਚਦਾ ਹੈ। ਜੀਵ ਵੀ ਓਹਦੀ ਹੀ ਅੰਸ ਹੈ ਜਿਵੇਂ ਸੂਰਜ ਤੇ ਕਿਰਨ, ਜਲ ਤੇ ਜਲ ਦੀ ਤਰੰਗ, ਚਸ਼ਮਾ ਤੇ ਨਦੀ ਇਕ ਵੀ ਹਨ ਤੇ ਵਖ ਵਖ ਵੀ। ਅਸਲਾ ਤੇ ਅੰਸ-ਵੰਸ ਇਕ ਹੈ। ਇਹ ਵਖੇਵਾਂ ਹਉਮੈ ਕਰ ਕੇ ਹੈ। ਹਉਮੈ ਦਾ ਅਭਾਵ ਫਿਰ ਇਕ-ਮਿਕ ਕਰ ਦੇਂਦਾ ਹੈ।
੨. ਗਿਆਨ ਧਿਆਨ ਤੇ ਵਿਚਾਰ ਮੁਖ ਸਾਧਨ ਹਨ	ਨਿਰਾ ਪੁਰਾ ਗਿਆਨ ਹੀ ਕਾਫ਼ੀ ਨਹੀਂ। ਪ੍ਰੇਮ ਰਸ ਗੁਧੀ ਭਗਤੀ ਵਧੇਰੇ ਗੁਣਕਾਰੀ ਹੈ।
੩. ਜਗਤ ਭਰਮ ਹੈ, ਅੱਸਤ ਹੈ	ਕਿਉਂਕਿ ਜਗਤ ਵਾਹਿਗੁਰੂ ਦੀ ਆਪਣੀ ਰਚਨਾ ਹੈ। ਇਸ ਲਈ ਭਰਮ ਨਹੀਂ, ਅਸੱਤ ਨਹੀਂ ਸੱਤ ਹੈ। ਹਉਮੈ ਦੇ ਕਾਰਨ ਦ੍ਵੈਤ ਭਾਵ ਉਪਜਦੇ ਹਨ। ਹਉਮੈ ਦੇ ਅਭਾਵ ਨਾਲ ਹੀ ਦ੍ਵੈਤ ਭਾਵ ਮਿਟ ਜਾਂਦਾ ਹੈ ਤੇ ਸੁਰਤ ਵਿਚ ਕੇਵਲ ਇਕੋ ਇਕ ਅਕਾਲਪੁਰਖ ਦਾ ਧਿਆਨ ਕੇਵਲ ਬ੍ਰਹਮ ਅਨੁਭਵ ਕਰਨ ਲਗ ਜਾਂਦਾ ਹੈ।
੪. ਆਤਮਾ ਤੇ ਪਰਮਾਤਮਾ ਅਗਿਆਨ ਕਰ ਕੇ ਭਿੰਨ ਭਿੰਨ ਪਰਤੀਤ ਹੁੰਦੇ ਹਨ। ਇਹ ਅਸਲੋਂ ਭਰਮ ਹੈ	ਸਬੰਧਤ ਸੱਤਤਾ ਹੈ। ਸੁਤੰਤਰ ਸੱਤਤਾ ਨਹੀਂ। ਇਸ ਨੂੰ ਨਿਰੰਕਾਰ ਨੇ ਆਪਣੀ ਜੋਤਿ ਵਿਚੋਂ ਪੈਦਾ ਕੀਤਾ ਹੈ। ਇਹ ਬ੍ਰਹਮ ਰੂਪ ਹੋ ਸਕਦੀ ਹੈ। ਅਸਲਾ

	ਇਕ ਹੋਣ ਕਰ ਕੇ ਉਸ ਵਿਚ ਲੀਨ ਵੀ ਹੋ ਸਕਦੀ ਹੈ। ਪਰ ਨਿਰੰਕਾਰ ਫਿਰ ਭੀ ਬੇਅੰਤ ਹੈ।
੫. ਕਿਉਂਕਿ ਬ੍ਰਹਮ ਤੋਂ ਛੁਟ ਹੋਰ ਕੁਝ ਵੀ ਨਹੀਂ ਇਸ ਲਈ ਬ੍ਰਹਮ ਅਕਰਤ੍ਰੀ ਹੈ	ਕਿਉਂਕਿ ਇਹ ਦ੍ਰਿਸ਼ਟਮਾਨ ਜਗਤ ਉਸ ਦੀ ਹੋਂਦ ਕਰ ਕੇ ਹੋਂਦ ਵਿਚ ਆਇਆ ਹੈ। ਅਧਾਰਿਤ ਸਚ ਹੈ। ਨਿਰਾ ਪੂਰਾ ਭਰਮ ਨਹੀਂ। ਇਸ ਲਈ ਬ੍ਰਹਮ ਕਰਤਾ ਹੈ।
੬. ਸਿਧਾਂਤ ਪੱਖ ਦਾ ਮਾਰਗ ਨਿਵਿਰਤੀ ਹੈ। ਅਮਲੀ ਪੱਖ ਗਿਆਨ ਨਿਸ਼ਚਾ ਭਾਵ ਗਿਆਨ ਤੇ ਸੰਨਿਆਸ ਧਾਰਨ ਕਰਨ ਨਾਲ ਹੀ ਗਿਆਨ ਪ੍ਰਾਪਤੀ ਹੋ ਸ਼ਕਦੀ ਹੈ	ਅਮਲੀ ਪੱਖ ਪਰਵਿਰਤੀ ਮਾਰਗ ਹੈ। ਸੰਨਿਆਸ ਤੇ ਤਿਆਗ ਦੀ ਲੋੜ ਨਹੀਂ। ਪਰਵਿਰਤੀ ਵਿਚ ਨਿਵਿਰਤੀ ਦੀ ਰੁਚੀ ਇਸ ਤਰ੍ਹਾਂ ਰਖਣੀ ਹੈ ਜਿਸ ਤਰ੍ਹਾਂ ਜਲ ਵਿਚ ਵਸਦੇ ਕੰਵਲ ਫੁਲ ਦੀ ਰੁਚੀ ਨਿਰਲੇਪ ਰਹਿਣ ਦੀ ਹੈ। ਅੰਦਰ ਸੱਤ ਅਸੱਤ ਦੀ ਸੋਝੀ ਹੋਣੀ ਚਾਹੀਦੀ ਹੈ। ਬਿਬੇਕ ਬੁਧੀ ਨਾਲ ਪ੍ਰੇਮ ਭਗਤੀ ਵੀ ਜ਼ਰੂਰੀ ਹੈ। ਜੀਵਨ ਵਰਤਾਰੇ ਵਿਚ ਵੈਰਾਗੀ ਸੁਭਾ ਰਖਣਾ ਜ਼ਰੂਰੀ ਹੈ।
੭. ਅਹੰ ਬ੍ਰਹਮ ਅਸਮੀ, ਤੱਤ੍ਵਮਸੀ ਤੇ ਸੋਹੰ ਏਸ ਮਤਿ ਦੇ ਦਰਜੇ ਵਾਰ ਐਲੇ ਹਨ।	ਨਿਮਰਤਾ ਤੇ ਗਰੀਬੀ ਗਦਾ ਉਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਹਉਮੈ ਨੂੰ ਸੁਧਾਰਨਾ ਹੀ ਮੁਖ ਧਰਮ ਹੈ।

ਗੁਰਮੱਤ ਅਨੁਸਾਰ ਬ੍ਰਹਮ

ਉਸ ਪਰਾ ਭੌਤਕ ਪਰਮ ਸੱਤਾ ਨੂੰ ਜੋ ਇਸ ਸਾਰੇ ਦਿਸਦੇ ਅਣਦਿਸ਼ਦੇ ਵਿਸ਼ਵ ਸੰਸਾਰ ਦਾ ਮੂਲ ਕਾਰਣ ਤੇ ਹੋਂਦ ਵਿਚ ਲਿਆਉਣ ਵਾਲੀ ਹੈ ਗੁਰਮੱਤ ਦੀ ਬੋਲੀ ਵਿਚ ਪਰਮ ਬ੍ਰਹਮ, ਪਾਰ ਬ੍ਰਹਮ, ਅਕਾਲ ਪੁਰਖ, ਨਿਰੰਕਾਰ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਪਿਛਲੇ ਪੰਨਿਆਂ ਤੇ ਕੀਤੀ ਗਈ ਵਿਚਾਰ ਤੋਂ ਅਸੀਂ ਭਾਰਤ ਦੇ ਪੁਰਾਣੇ ਚਿੰਤਕਾਂ ਦੇ ਵਿਚਾਰਾਂ ਬਾਰੇ ਹੇਠ ਲਿਖੇ ਸਿਟੇ ਕਢੇ ਹਨ :

ਯੋਗ, ਵਿਸ਼ੇਸ਼ਕ ਤੇ ਨਯਾਯ ਸ਼ਾਸਤਰ ਕੇਵਲ ਈਸ਼ਵਰ ਨੂੰ ਹੀ ਅਨਾਦੀ ਤੇ ਅਨੰਤ ਹਸਤੀ ਨਹੀਂ ਮੰਨਦੇ, ਸਗੋਂ ਇਸ ਦੇ ਨਾਲ ਨਾਲ ਪੁਰਸ਼ ਤੇ ਪਰਕ੍ਰਿਤੀ ਨੂੰ ਵੀ ਅਨਾਦੀ ਅਨੰਤ ਹਸਤੀਆਂ ਪ੍ਰਵਾਨ ਕਰਦੇ ਹਨ।

ਨਯਾਯ ਤੇ ਵਿਸ਼ੇਸ਼ਣ ਤਾਂ ਸਗੋਂ ਪਰਮਾਣੂਆਂ ਨੂੰ ਵੀ ਸਦੀਵੀ ਮੰਨਦੇ ਹਨ। ਇਨ੍ਹਾਂ ਦੇ ਖਿਆਲ ਵਿਚ ਈਸ਼੍ਵਰ ਨੂੰ ਸੰਸਾਰ ਦਾ ਨਮਿਤ ਕਾਰਨ ਹੈ ਤੇ ਪਰਮਾਣੂ ਉਪਾਦਾਨ ਕਾਰਨ।

ਯੋਗ ਸਾਂਖ ਵਾਂਗ, ਜੋ ਈਸ਼ਵਰ ਦੀ ਹੋਂਦ ਤੋਂ ਇਨਕਾਰੀ ਹੈ, ਪਰਕ੍ਰਿਤਾਂ ਦੇ ਤਿੰਨਾਂ ਗੁਣਾ ਜਿਨ੍ਹਾਂ ਨੂੰ ਸਤੋ, ਰਜੋ ਤੇ ਤਮੋ ਦਾ ਨਾਮ ਦਿਤਾ ਗਿਆ ਹੈ, ਨੂੰ ਸਹੀ ਤਸਲੀਮ ਕਰਦਾ ਹੈ ਤੇ ਇਸ ਖਿਆਲ ਦਾ ਹਾਮੀ ਹੈ ਕਿ ਇਨ੍ਹਾਂ ਤਿੰਨਾਂ ਗੁਣਾ ਵਿਚ ਜਦ ਤਕ ਸੰਤੁਲਨ ਰਹਿੰਦਾ ਹੈ ਪ੍ਰਕ੍ਰਿਤੀ ਅਵਯਕਤ ਅਵਸਥਾ ਵਿਚ ਰਹਿੰਦੀ ਹੈ ਭਾਵ ਇਸ ਵਿਚ ਕਿਸੇ ਕਿਸਮ ਦੀ ਕੋਈ ਕ੍ਰਿਆ ਨਹੀਂ ਹੁੰਦੀ। ਪੁਰਸ਼ ਦੀ ਨੇੜਤਾ ਇਸ ਸੰਤੁਲਨ ਨੂੰ ਤੋੜ ਦੇਂਦੀ ਹੈ ਤੇ ਇਸ ਵਿਚ ਕ੍ਰਿਆ ਉਪਜਾਣ ਦਾ ਕਾਰਨ ਬਣਦੀ ਹੈ ਤੇ ਇਹ ਨਿਕਾ ਸੰਸਾਰ ਸਿਰਜਣਾ ਅਰੰਭ ਦੇਂਦੀ ਹੈ।

ਪੂਰਵ ਮੀਮਾਨਸਾ ਵਿਚ ਜੈਮਨੀ ਈਸ਼ਵਰ ਬਾਰੇ ਚੁਪ ਹੈ ਉਸ ਦਾ ਜ਼ਿਕਰ ਹੀ ਨਹੀਂ ਕੀਤਾ ਗਿਆ।

ਵੇਦਾਂ ਅਨੁਸਾਰ ਬ੍ਰਹਮ ਅਕਰਤੀ ਹੈ ਤੇ ਤਟਸਥ ਹੈ। ਜੀਵ ਤੇ ਜਗਤ ਮਾਇਆ ਦੇ ਪਰਭਾਵ ਨਾਲ ਉਤਪਨ ਹੋਏ ਹਨ। ਜੀਵ ਤੇ ਦਿਸਦਾ ਸੰਸਾਰ

ਮਾਇਆ ਦੀ ਖੇਡ ਹੈ। ਮਾਇਆ ਕੀ ਹੈ? ਇਸ ਦਾ ਉਤਰ ਏਲੀ ਦੇਣ ਤੋਂ ਅਸਮਰਥ ਹੈ। ਇਹ ਨਾ ਸੱਤ ਹੈ ਨਾ ਅਸੱਤ ਤੇ ਨਾ ਸੱਤ-ਅਸੱਤ। ਇਹ ਅਨਿਰਵਚਨੀਯ ਹੈ।

ਗੁਰਮੱਤ ਉਪਰੋਕਤ ਵਿਚਾਰਾਂ ਨਾਲ ਬਹੁਤੀ ਮੁਤਫਿਕ ਨਹੀਂ, ਇਸ ਦੇ ਵਿਚਾਰ ਪੁਰਾਣੇ ਚਿੰਤਕਾਂ ਨਾਲੋਂ ਕਾਫੀ ਨਵੇਕਲੇ ਹਨ। ਗੁਰੂ ਨਾਨਕ ਜੀ ਦੇ ਨਿਰੰਕਾਰ ਸਬੰਧੀ ਦਿਤੇ ਵਿਚਾਰ ਹੇਠ ਲਿਖੇ ਮੂਲ ਮੰਤ੍ਰ ਤੋਂ ਸਪਸ਼ਟ ਹੋ ਜਾਂਦੇ ਹਨ :

> ੧ ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ
> ਅਕਾਲ ਮੂਰਤਿ, ਅਜੂਨੀ ਸੈਭੰ ਗੁਰ ਪ੍ਰਸਾਦਿ ॥

੧ ੴ

ਇਕ ਸੰਖਿਆ ਵਾਚਕ ਵਿਸ਼ੇਸ਼ਣ ਨਹੀਂ, ਸਗੋਂ ਇਹ ਅਕਾਲ ਪੁਰਖ ਜੀ, ਲਈ ਵਾਚਕ ਸ਼ਬਦਿ ਹੈ। ਗੁਰਮਤਿ ਸ਼ਾਹਿਤ, ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੂਹ ਗੁਰ-ਵਿਅਕਤੀਆਂ ਨੇ ਇਸ ਇਕ ਦਾ ਹੀ ਵਿਸਥਾਰ ਬਿਆਨਿਆ ਹੈ। ਇਕ ਤੋਂ ਭਾਵ ਉਸ ਨਿਰੰਕਾਰ ਦਾ 'ਵਾਹਿਦ ਹੂ' (ਕੇਵਲ ਇਕ) ਹੋਣਾ ਹੈ:—

> ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ੧॥
>
> [ਆਸਾ ਮ: ੧ ਘਰ ੨
>
> ਏਕਮ ਏਕੰਕਾਰ ਨਿਰਾਲਾ॥ ਅਖਰੁ ਅਜੋਨੀ ਜਾਤਿ ਨ ਜਾਲਾ॥
> ਅਗਮ ਅਗੋਚਰੁ ਰੂਪੁ ਨ ਰੇਖਿਆ॥ ਖੋਜਤ ਖੋਜਤ ਘਟਿ ਘਟਿ ਦੇਖਿਆ॥

ਭਾਵੇਂ ਉਹ ਇਕ ਹੈ। ਨਿਰਲੇਪ ਹੈ। ਜਨਮ ਮਰਨ ਵਿਚ ਨਹੀਂ ਆਉਂਦਾ, ਨਾ ਹੀ ਉਸ ਤੇ ਕਿਸੇ ਵਰਨ, ਜਾਤ, ਜਾਂ ਕਿਸਮ ਦੀ ਬੰਦਸ਼ ਲਾਗੂ ਹੁੰਦੀ ਹੈ। ਅਰੂਪ ਵੀ ਹੈ ਤੇ ਇੰਦਰੀਆਂ ਤਥਾ ਬੁਧੀ ਆਦਿ ਦੀ ਪਹੁੰਚ ਤੋਂ ਬਹੁਤ ਪਰੇ ਵੀ ਹੈ। ਚਿੰਨ ਰਹਿਤ ਹੈ। ਫਿਰ ਭੀ ਉਸਦੀ ਹੋਂਦ ਹੈ ਤੇ ਇਸ ਸਾਰੀ ਦਿਸਦੀ ਅਨੇਕਤਾ ਵਿਚ ਉਸਦੀ ਸਾਰੀ ਏਕਤਾ ਹੀ ਵਿਆਪਕ ਦਿਸ ਰਹੀ ਹੈ। ਉਸਦੀ ਘਟ ਘਟ ਵਿਚ ਵਿਆਪਕਤਾ ਉਸਦੀ ਏਕਤਾ ਨੂੰ ਪ੍ਰਛਿੰਨ ਨਹੀਂ ਕਰਦੀ, ਸਗੋਂ ਨਾਨਤ੍ਵ ਵਿਚ ਵੀ ਉਹ ਆਪ ਇਕ ਦਾ ਇਕ ਹੀ ਹੈ :

> ਅਨੇਕ ਹੈਂ॥ ਫਿਰਿ ਏਕ ਹੈ॥ ੪੩॥
>
> (ਜਾਪ ਪਾ: ੧੦)

ਇਸ ਇਕ ਦੀ ਵਿਸ਼ਸ਼ੇਤਾ ਹੀ ਇਹ ਹੈ ਕਿ ਉਸ ਵਰਗਾ ਕੋਈ ਹੋਰ ਦੂਜਾ ਹੈ ਹੀ ਨਹੀਂ :

ਏਕੰਕਾਰ ਅਵਰ ਨਹੀਂ ਦੂਜਾ ਨਾਨਕ ਏਕੁ ਸਮਾਈ ॥
(ਰਾਮਕਲੀ ਮ: ੧ ਦਖਣੀ ਓਅੰਕਾਰ)

ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥
ਆਦਿ ਪੁਰਖ ਅਦ੍ਵੈ ਅਬਿਨਾਸੀ ॥ ਲੋਕ ਚਤਰਦਸ ਜੋਤ ਪ੍ਰਕਾਸੀ ॥
(ਅਕਾਲ ਉਸਤਤਿ)

ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜਨ ਸਮਰਥ ਸ਼ਦਾ ਪ੍ਰਭ ਜਾਨਤ ਹੈ ਕਰਤਾਰ ॥੩॥੮॥੩੩॥
(ਰਾਗ ਦੇਵ ਗੰਧਾਰੀ ਪਾ: ੧੦)

ਗੁਣ ਏਹੋ ਹੋਰੁ ਨਾਹੀ ਕੋਇ ॥ ਨ ਕੋ ਹੋਆ ਨ ਹੋਇ ॥ ੩ ॥
(ਆਸਾ ਮ: ੧)

ਓ :

ਵਾਹਿਗੁਰੂ (ਅਕਾਲ ਪੁਰਖ) ਅਪਰੰਪਰ ਵੀ ਹੈ, ਵਿਆਪਕ ਵੀ ਤੇ ਅੰਤਰਸਥ ਵੀ, ਪਰ ਫੇਰ ਵੀ ਉਹ ਇਕ ਹੀ ਹੈ, ਤਿੰਨ ਨਹੀਂ :

ਅੰਤਰਿ ਬਸੇ ਬਾਹਰਿ ਭੀ ਓਹੀ ॥
ਨਾਨਕ ਦਰਸ਼ਨੁ ਦੇਖਿ ਸਭ ਮੋਹੀ ॥
(ਸੁਖਮਨੀ ਗਉੜੀ ਮ: ੫)

ਬਸ ਉਸ ਇਕ ਨੂੰ ਜੋ ਅਪਰੰਪਰ: ਵਿਆਪਕ ਤੇ ਅੰਤ੍ਰਸਥ ਹੁੰਦਿਆਂ ਹੋਇਆਂ ਵੀ ਇਕ ਹੀ ਹੈ, ਨੂੰ ਲਖਾਉਣ ਲਈ ਇਹ ਅਖਰ ਚੁਣਿਆ ਤੇ ਉਸਨੂੰ ਉਸ ਏਕੇ ਨਾਲ ਲਗਾ ਦਿਤਾ :

ਏਕਾ ਏਕੰਕਾਰ ਲਿਖਿ ਦੇਖਾਲਿਆ ॥
ਊੜਾ ਓਅੰਕਾਰੁ ਪਾਸਿ ਬਹਾਲਿਆ ॥ ੩ ॥ ੧੮ ॥
(ਭਾਈ ਗੁਰਦਾਸ ਜੀ)

ਸ੍ਵਰ ਅਖਰਾਂ ਵਿਚੋਂ ੳ ਨੂੰ ਓ (ਓਅੰਕਾਰ) ਦਾ ਰੂਪ ਦੇ ਕੇ ਪਹਿਲ ਦਿਤੀ ਤੇ ਉਸ ਇਕ ਨੂੰ ਰਚਨਾ ਦਾ ਮੂਲ ਤੇ ਸਰਬ ਵਿਆਪੀ ਕਰਤਾ ਵਰਸਾਣ ਲਈ ਏਕੇ ਨਾਲ ਬਿਠਾ ਦਿਤਾ।

ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿਚ ਈ ਗੁਰੂ ਨਾਨਕ ਦੇਵ ਜੀ ਉਪਰੋਕਤ ਗੁਣਾਂ ਦਾ ਸੁਝਾਓ ਇਸ ਪਰਕਾਰ ਦੇਂਦੇ ਹਨ :

(੧) ਆਪੀ ਨੈ   (੧)
ਆਪੁ ਸਾਜਿਓ   (ਨਿਰਾਕਾਰ ਤੋਂ ਏਕੰਕਾਰ ਹੋਇਆ
ਆਪੀ ਨੈ ਰਚਿਓ ਨਾਉ ॥   (ਓ)
(੨) ਦੁਯੀ ਕੁਦਰਤਿ ਸਾਜੀਐ   ਸ੍ਰਿਸ਼ਟੀ
ਕਰਿ ਆਸਣੁ ਡਿਠੋ ਚਾਉ ॥   ਦ੍ਰਿਸ਼ਟਾ

ਭਾਈ ਗੁਰਦਾਸ ਜੀ ਇਸ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ :

(੧) ਗੁਰਮੁਖਿ ਏਕੰਕਾਰੁ   (੧)
ਆਪਿ ਉਪਾਇਆ   ਨਿਰਾਕਾਰ ਤੋਂ ਏਕੰਕਾਰ ਹੋਇਆ
ਓਅੰਕਾਰਿ ਆਕਾਰੁ ਪਰਗਟੀ   ਓ*
ਆਇਆ ॥ ੧ ॥ ੧੯ ॥

(੨) ਪੰਜ ਤਤ ਵਿਸਥਾਰੁ ਚਲਤ ਰਚਾਇਆ ॥
ਖਾਣੀ ਬਾਣੀ ਚਾਰਿ ਜਗਤੁ ਉਪਾਇਆ ॥   ਸ੍ਰਿਸ਼ਟੀ

*ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ ॥
ਹੋਆ ਏਕੰਕਾਰੁ ਆਪੁ ਉਪਾਇਆ ॥
ਓਅੰਕਾਰਿ ਅਕਾਰੁ ਚਲਤੁ ਰਚਾਇਆ ॥ ੧ ॥ ੨੨ ॥

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਜੋ ਓਅੰਕਾਰੁ ਹੀ ਸ੍ਰਿਸ਼ਟੀ ਦੇ ਰਚਨਹਾਰ ਨਿਟੰਕਾਰ ਦਾ ਲਖਾਇਕ ਹੈ :

ਓਅੰਕਾਰਿ ਬ੍ਰਹਮਾਂ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥
ਓਅੰਕਾਰਿ ਸੈਲ ਜੁਗ ਭਏ ॥
ਓਅੰਕਾਰਿ ਬੇਦ ਨਿਰਮਏ ॥
ਓਅੰਕਾਰਿ ਸਬਦਿ ਉਧਰੇ ॥
ਓਅੰਕਾਰਿ ਗੁਰਮੁਖਿ ਤਰੇ ॥
ਓਨਮ ਅਖਰ ਸੁਣਹੁ ਬੀਚਾਰੁ ॥
ਓਨਮ ਅਖਰ ਤ੍ਰਿਭਵਣ ਸਾਰੁ ॥ ੧ ॥

(ਰਾਮਕਲੀ ਮ: ੧ ਦਖਣੀ ਓਅੰਕਾਰ)

ਕਬੀਰ ਜੀ ਦਾ ਕਥਨ ਵੀ ਇਹੋ ਹੀ ਹੈ :

ਓਅੰਕਾਰ ਆਦਿ ਮੈ ਜਾਨਾ ॥ ੬ ॥

ਸ੍ਰੀ ਦਸਮੇਸ਼ ਜੀ ਵੀ ਬਚਿਤ੍ਰ ਨਾਟਕ ਵਿਚ ਫੁਰਮਾਉਂਦੇ ਹਨ :

ਪ੍ਰਿਥਮ ਕਾਲ ਜਬ ਕਰਾ ਪਸਾਰਾ ॥
ਓਅੰਕਾਰ ਤੇ ਸ੍ਰਿਸ਼ਟਿ ਉਪਾਰਾ ॥
(ਪਾ: ੧੦)

ਸੰਖੇਪ ਵਿਚ ਇਨਾਂ ਹੀ ਕਹਿ ਸਕਦੇ ਹਾਂ ਕਿ ਅਕ਼ਾਲ ਪੁਰਖ ਅਪਰੰਪਰ, ਵਿਆਪਕ ਤੇ ਅੰਤਰਸੱਖ ਹੁੰਦਿਆਂ ਵੀ ਇਕ਼ ਹੈ ਤੇ ਲਾਸਾਨੀ ਹੈ ।

ਸਤਿ

ਉਹ ਸਦਾ ਸਲਾਮਤ ਹੈ । ਜਦ ਸ਼ੂਨ ਸੀ ਤਦ ਵੀ ਇਹ ਮੌਜੂਦ ਸੀ, ਕਰਤਾ ਪੁਰਖ ਬਣਕੇ ਵੀ, ਵਿਆਪਕ ਰੂਪ ਵਿਚ ਵੀ ਉਸਦੀ ਏਕਤਾ ਪੁਰਛਿੰਨ ਨਹੀਂ ਹੋਈ, ਉਹ ਸਤਿ ਹੀ ਰਿਹਾ । ਹੁਣ ਵਰਤਮਾਨ ਵਿਚ ਵੀ ਉਹ ਨਿਰ-ਆਧਾਰਤ ਸਤਿ ਹੈ । ਤੇ ਆਉਣ ਵਾਲੇ ਸਮੇਂ ਵਿਚ ਜਦ ਇਹ ਦ੍ਰਿਸ਼ਟਮਾਨ ਸੰਸਾਰ ਅਦ੍ਰਿਸ਼ਟ ਰੂਪ ਹੋ ਜਾਵੇਗਾ, ਤਦ ਵੀ ਉਹ ਸਤਿ ਹੀ ਰਹੇਗਾ । ਦਿਸਦਾ ਓਸ ਆਦਿ ਸਤਿ ਦਾ ਅਧਾਰਿਤ ਰੂਪ ਹੈ । ਜੇਕਰ ਅਸੀਂ ਕੋਈ ਸੰਗਿਆ, ਉਸਨੂੰ ਇਸ਼ ਨਾਮ ਰੂਪ ਵਾਲੇ ਦ੍ਰਿਸ਼ਟਮਾਨ ਜਗਤ ਤੋਂ ਵਿਲੱਖਣ ਦੇ ਸਕਦੇ ਹਾਂ, ਤਾਂ ਉਹ ਕੇਵਲ ਸਤਿ ਹੀ ਹੋ ਸਕਦਾ ਹੈ । ਇਹ ਸਤਿ ਤ੍ਰੈਕਾਲ ਅਬਾਧ ਰੂਪ ਹੈ, ਸ਼ਦਾ ਥਿਰ ਰਹਿਣ ਵਾਲੀ ਹੈ :

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥
(ਜਪੁ ਮ: ੧)

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥
(ਜਪੁਜੀ)

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
(ਜਪੁਜੀ)

ਬਾਕੀ ਸਾਰੇ ਨਾਮ ਰੂਪ ਇਸ ਨਿਰਦ੍ਵੰਦ ਸਤਿ ਤੇ ਅਧਾਰਿਤ ਹਨ । ਉਹ ਇਸ ਨਿਰਦ੍ਵੰਦ ਸਤਿ ਦੀ ਹੋਂਦ ਕਰਕੇ ਹੀ ਸਤਿ ਹਨ । ਆਪਣੇ ਆਪ ਵਿਚ ਸਤਿ ਨਹੀਂ । ਸਤਿ ਅਸਤਿ ਜਾਂ ਸਚ ਝੂਠ ਦ੍ਵੰਦ ਵਾਲੇ ਹਨ । ਆਪਣੇ ਆਪ ਵਿਚ ਕੁਝ ਨਹੀਂ ;

ਸਚੇ ਸਤਿ ਜਾਕਿ ਸਚੇ ਸਤਿ ਜੋਰਿ ॥

(ਵਾਰ ਆਸਾ ਮ: ੧)

ਰੂਪੁ ਸਤਿ ਜਾਕਾ ਸਤਿ ਅਸਥਾਨੁ ॥
ਪੁਰਖੁ ਸਤਿ ਕੇਵਲ ਪਰਧਾਨੁ ॥ ੬ ॥ ੧੬ ॥

(ਗਉੜੀ ਸੁਖਮਨੀ ਮ: ੫)

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ ੮ ॥

(ਵਾਰ ਆਸਾ ਮ: ੧)

ਬਾਕੀ ਦੇ ਨਾਮ ਤਾਂ ਕਿਰਤਮ ਹਨ, ਪਰ ਸਤਿ ਤੇਰਾ ਅਕਿਰਤਮ ਨਾਮ ਹੈ :

ਕਿਰਤਮ ਨਾਮ ਕਥੇ ਤੇਰੇ ਜਿਹਬਾ ॥
ਸਤਿਨਾਮੁ ਤੇਰਾ ਪਰਾ ਪੂਰਬਲਾ ॥

(ਮਾਰੂ ਸੋਲਹ ਮ: ੫)

ਨਾਮੁ

ਅਕਾਲ ਪੁਰਖ ਅਰੂਪ ਹੈ, ਇਸ ਲਈ ਅਨਾਮ ਵੀ ਹੈ । ਜੋ ਸਤਿ ਆਪ ਨਿਰਦ੍ਵੰਦ ਹੋ ਕੇ ਸਭ ਵਿਚ ਵਿਆਪਕ ਹੈ, ਉਸ ਸਤਿ ਦਾ ਆਪਣਾ ਕੋਈ ਰੂਪ ਵੀ ਨਹੀਂ ਹੋ ਸਕਦਾ । ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ :

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ
ਗਿਆਨ ਧਿਆਨ ॥

ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ
ਸ੍ਰਵਨ ॥ ੫ ॥ ੧੬ ॥

(ਗਉੜੀ ਸੁਖਮਨੀ ਮ: ੫)

ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥
ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥
ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਈਂ ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥ ੧੩ ॥

(ਸਾਰੰਗ ਵਾਰ ਮ: ੪)

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥ ੫ ॥

(ਮਾਝ ਮ: ੫ ਅਸਟਪਦੀਆਂ)

ਨਾਵੈ ਅੰਦਰਿ ਹਉ ਵਸਾ ਨਾਉ ਵਸੈ ਮਨਿ ਆਇ ॥

(ਸ੍ਰੀ ਰਾਗ ਮ: ੧)

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਇ ॥ ੪ ॥

(ਵਡਹੰਸ ਮ: ੩ ਛੰਤ)

ਉਪਰੋਕਤ ਪਰਮਾਣਾ ਤੋਂ ਸਪਸ਼ਟ ਹੁੰਦਾ ਹੈ ਜੋ ਨਾਮ ਵੀ ਵਾਹਿਗੁਰੂ ਜੀ ਦੀ ਤਰ੍ਹਾਂ ਅਲਖ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਇਕ ਦੇਸੀ ਨਹੀਂ, ਸਰਵ ਵਿਆਪੀ ਹੈ। ਵਿਆਪਕ ਹੋਣ ਕਰਕੇ ਹਰ ਹਿਰਦੇ ਵਿਚ ਇਸਦਾ ਵਾਸਾ ਵੀ ਹੈ, ਪਰ ਸਤਿਗੁਰੂ ਦੀ ਪਰਾਪਤੀ ਬਿਨਾਂ ਬੁਝਿਆ ਨਹੀਂ ਜਾ ਸਕਦਾ। ਕਬੀਰ ਜੀ ਵੀ ਇਸ ਨੂੰ ਹਿਰਦੇ ਵਿਚ ਵੇਖ ਕੇ ਕਹਿੰਦੇ ਹਨ—

ਕਹੁ ਕਬੀਰ ਇਹੁ ਰਾਮੁ ਕੀ ਅੰਸੁ ॥

(ਗੋਂਡ ਕਬੀਰ ਜੀ)

ਸੋ ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਸ਼ਕਤੀ ਹੈ ਜੋ ਉਸ ਵਾਂਗ ਹੀ ਸਰਵ-ਵਿਆਪੀ ਹੈ, ਮਾਇਆ ਤੋਂ ਨਿਰਲੇਪ ਤੇ ਅਲੱਖ ਹੈ। ਸੋ ਅਨਾਮ ਵਾਹਿਗੁਰੂ ਨੂੰ ਉਸ ਦੇ ਗੁਣਾ ਰਾਹੀਂ ਯਾਦ ਕਰੋ ਭਾਵ ਕਿਰਤਮ ਨਾਮਾਂ ਦੇ ਸਿਮਰਨ ਰਾਹੀਂ ਅਸੀਂ ਇਸ ਅਲਖ ਨਾਮ ਨੂੰ ਆਪਣੇ ਹਿਰਦੇ ਵਿਚ ਹੀ ਪਰਗਾਸਾਂਗੇ ਤੇ ਸਰਵ-ਵਿਆਪੀ ਨਾਮ ਵਿਚ ਲੀਨ ਹੋ ਵਾਹਿਗੁਰੂ ਵਿਚ ਹੀ ਜੋਤੀ ਵਿਚ ਜੋਤਿ ਦੀ ਤਰ੍ਹਾਂ ਸਮਾ ਜਾਵਾਂਗੇ। ਪੰਚਮ ਪਾਤਸ਼ਾਹ ਇਸ ਸਰਵ-ਵਿਆਪੀ ਨਾਮ ਤਕ ਪੁਜਣ ਦਾ ਰਸਤਾ ਦਸਦੇ ਹੋਏ ਫੁਰਮਾਂਦੇ ਹਨ :

ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਇ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਇ ॥੫॥੧੬॥

(ਗਉੜੀ ਸੁਖਮਨੀ ਮ: ੧)

ਉਤੇ ਆਈਆਂ ਪੰਕਤੀਆਂ ਵਿਚ ਨਾਮ ਦੇ ਸਰਵ-ਵਿਆਪੀ ਰੂਪ ਦਾ ਵਰਨਨ ਆਇਆ ਸੀ। ਪਉੜੀ ਦੀਆਂ ਉਪ੍ਰੋਕਤ ਅੰਤਮ ਪੰਕਤੀਆਂ ਵਿਚ ਸਿਮਰਨ ਵਾਲੇ ਨਾਮ ਵਲ ਸੰਕੇਤ ਕਰਦੇ ਹੋਏ ਫੁਰਮਾਂਦੇ ਹਨ ਕਿ ਜੋ ਜਗਯਾਸੂ ਉਪਰ ਦਸੇ ਗਏ ਵਿਆਪਕ ਨਾਮ ਨੂੰ ਬੁਝ ਕੇ ਸਿਮਰਨ ਵਾਲੇ ਨਾਮ ਵਿਚ ਲਗ ਜਾਏਗਾ ਉਸ ਨੂੰ ਅਕਾਲਪੁਰਖ ਆਪਣੀ ਮੇਹਰ ਦੇ ਸਦਕੇ ਇਸ ਨਾਮ ਵਿਚ ਲਾ ਲਵੇਗਾ ਤੇ ਓਹ ਚੌਥੇ ਪਦ ਵਿਚ ਪੁਜ ਕੇ ਪਰਮ ਪਦ (ਸ਼ਕਤੀ) ਦੀ ਪਰਾਪਤੀ ਕਰ ਲਵੇਗਾ।

ਭਾਈ ਸਾਹਿਬ ਭਾਈ ਜੋਧ ਸਿੰਘ ਜੀ ਲਿਖਦੇ ਹਨ—

"ਨਾਮ ਦੇ ਸਰਬ-ਵਿਆਪਕ ਤੇ ਸਰਬ ਪ੍ਰਤਿਪਾਲਕ ਸਰੂਪ ਨੂੰ ਲਖਣਾ ਇਹ ਮਨੁੱਖ ਜੀਵਨ ਦਾ ਪਰਮ ਪ੍ਰਯੋਜਨ ਹੈ। ਇਸ਼ ਨਾਮ ਨੂੰ ਲਖ ਕੇ ਜੀਵ ਨਿਟੰਕਾਰ ਨਾਲ ਅਭੇਦ ਹੁੰਦਾ ਹੈ।"

(ਗੁਰਮਤਿ ਨਿਰਣਤ ਪੰਨਾ ੧੭੮)

"ਨਾਮ ਦੇ ਉਸ ਸਰਬ-ਵਿਆਪਕ ਸਰੂਪ ਦੀ ਲਖਤਾ, ਜਪੁ, ਸਿਮਰਨ ਤੇ ਸ਼ਿਫਤ ਦੁਆਰਾ ਹੋਂਦੀ ਹੈ ਇਸ ਲਈ ਨਾਮ ਦਾ ਜਾਪੁ ਸਿਮਰਨ ਤੇ ਕੀਰਤਨ ਵੀ ਜੀਵਨ ਦਾ ਮਨੋਰਥ ਦਸੇ ਗਏ ਹਨ।"

(ਗੁਰਮਤਿ ਨਿਰਣਯ ਪੰਨਾ ੧੭੯)

ਭਾਈ ਸਾਹਿਬ ਡਾ: ਭਾਈ ਵੀਰ ਸਿੰਘ ਜੀ ਦਾ ਕਥਨ ਹੈ :

"ਇਸ਼ ਕਰ ਕੇ ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਦਿਆ ਹੈ, ਜੋ ਜਗਿਯਾਸੂ ਦੀ ਈਸ਼੍ਵਰ ਪ੍ਰਾਪਤੀ ਦੀ ਅਕਾਂਖਿਆ ਤੋਂ ਲੈ ਕੇ, ਜਪ ਤੋਂ ਅਰੰਭ ਹੋ ਕੇ, ਸ਼ਾਈਂ ਮਿਲਾਪ ਤਕ ਲੈ ਜਾਂਦੀ ਹੈ। ਸਾਈਂ ਦੀ ਸਿਫਤ ਸਲਾਹ, ਕੀਰਤਨ, ਉਸ ਅਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉਦੇ ਭਾਵ ਉਸ ਨਾਮ ਦੇ ਸਹਾਯਕ ਹਨ, ਜੋ ਉਸ ਨੂੰ ਸਿਰਾ ਸਾਧਨ ਮਾਤ੍ਰ ਨਹੀਂ ਰਹਿਣ ਦੇਂਦੇ ਨਾਮ ਨੂੰ ਓਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ, ਤੇ ਇਸ਼ ਸਾਧਨ ਨੂੰ ਜੀਵਤ ਸਾਧਨ ਬਣਾ ਦੇਂਦੇ ਹਨ ਅਤੇ ਸਾਧਕ ਨੂੰ ਵੀ ਜਿਵਾ ਦੇਂਦੇ ਹਨ :

"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ।"

(ਮਾਝ ਵਾਰ ਮ: ੧)

ਸੋ ਨਾਮ ਪ੍ਰੇਮ ਹੈ ਤੇ ਪ੍ਰੇਮ ਪ੍ਰਾਪਤੀ ਹੈ
ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥

(ਮਾਰੂ ਮ: ੧-੧੧)

ਪੁਨਾ—ਸਾਚ ਕਹਉ ਸੁਨ ਲੇਹੁ ਸਭੈ
ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥

(ਅਕਾਲ ਉਸਤਤ)

(ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ-ਪਹਿਲੀ-ਪੋਥੀ-ਪੰਨਾ ੧੫-੧੬)

ਕਰਤਾ

ਪਿਛੇ ਦਸਿਆ ਜਾ ਚੁਕਾ ਹੈ ਜੋ ਵਸ਼ੇਸ਼ਨ ਤੇ ਨਯਾਏ ਸ਼ਾਸ਼ਤ੍ਰ ਈਸ਼੍ਵਰ ਨੂੰ ਕਰਤਾ ਤਾਂ ਮੰਨਦੇ ਹਨ ਪਰ ਪਰਮਾਣੂਆਂ ਦਾ ਕਰਤਾ ਨਹੀਂ ਮੰਨਦੇ। ਉਹ ਜੀਵ ਤੇ ਪਰਮਾਣ਼ ਵੀ ਅਨਾਦੀ ਹੀ ਮੰਨਦੇ ਹਨ। ਈਸ਼੍ਵਰ ਸੰਸਾਰ ਦਾ ਨਮਿਤ ਕਾਰਣ

ਹੈ ਤੇ ਪਰਮਾਣੂ ਉਪਾਦਾਨ ਕਾਰਨ।

ਯੋਗ ਤੇ ਸਾਂਖ (ਸਾਂਖ ਤਾਂ ਈਸ਼੍ਵਰ ਦੀ ਹਸਤੀ ਤੋਂ ਹੀ ਇਨਕਾਰੀ ਹੈ) ਵੀ ਸੰਸਾਰ ਦੀ ਰਦਨਾ ਪਰਕ੍ਰਿਤੀ ਪੁਰਸ਼ ਦੇ ਮੇਲ ਤੋਂ ਮੰਨਦੇ ਹਨ। ਜਦ ਤਕ ਪਰਕ੍ਰਿਤੀ ਅਵਯਕਤ ਅਵਸਥਾ ਵਿਚ ਰਹਿੰਦੀ ਹੈ ਭਾਵ ਪ੍ਰਕਿਰਤੀ ਦੇ ਤਿੰਨ ਗੁਣ ਰਜੋ, ਸਤੋ ਤੇ ਤਮੋ ਸੰਤੁਲਨ ਅਵਸਥਾ ਵਿਚ ਰਹਿੰਦੇ ਹਨ, ਸ੍ਰਿਸ਼ਟੀ ਰਚਨਾ ਨਹੀਂ ਹੁੰਦੀ। ਪੁਰਸ਼ ਦੀ ਨੇੜਤਾ ਇਸ ਸੰਤੁਲਨ ਨੂੰ ਤੋੜਦੀ ਹੈ ਤੇ ਸੰਸਾਰ ਰਚਨਾ ਅਰੰਭ ਹੋ ਜਾਂਦੀ ਹੈ।

ਪੂਰਵ ਮੈਮਾਨਸਾ ਈਸ਼੍ਵਰ ਬਾਰੇ ਚੁਪ ਹੈ। ਉਸ ਭਾਣੇ ਈਸ਼੍ਵਰ ਜਗਤ ਦਾ ਕਰਤਾ ਨਹੀਂ।

ਵੇਦਾਂਤ ਦਰਸ਼ਨ ਅਨੁਸਾਰ ਵੀ ਈਸ਼੍ਵਰ ਅਕਰਤਰੀ ਹੈ। ਜੀਵ ਤੇ ਜਗਤ ਦੋਵੇਂ ਮਾਇਆ ਦੇ ਪ੍ਰਭਾਵ ਨਾਲ ਉਪਜੇ ਹਨ ਪਰ ਗੁਰਮਤ ਅਨੁਸਾਰ ਅਕਾਲ ਪੁਰਖ ਹੀ ਕੇਵਲ ਅਨਾਦੀ ਤੇ ਅਨੰਤ ਹਸਤੀ ਹੈ। ਇਹ ਹੀ ਸਮੂਹ ਸੰਸਾਰ ਦਾ ਵਾਹਿਦ ਕਰਤਾ ਹੈ :

ਤੂ ਕਰਤਾ ਪੁਰਖ ਅਗੰਮ ਹੈ ਆਪਿ ਸ੍ਰਿਸ਼ਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥੧॥
(ਵਾਰ ਮਾਝ ਮ: ੧)

ਜਿਨਿ ਜਗੁ ਸਿਰਜਿ ਉਪਾਇਆ ਸੋ ਸਾਹਿਬ ਕੁਦਰਤਿ ਜਾਣੋਵਾ ॥
ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥
ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚਕਾ ਪਿੰਡੁ ਸਵਾਰਿਆ
॥੩॥੨॥੫॥ (ਸੂਹੀ ਛੰਤ ਮ: ੧)

ਸਿਆਣਿਆਂ ਨੇ ਕਰਤੇ ਵੀ ਦੋ ਪਰਕਾਰ ਦੇ ਮੰਨੇ ਹਨ—

(੧) ਜੋ ਕੇਵਲ ਨਮਿਤ ਕਾਰਨ ਹੋਵੇ। ਉਪਾਦਾਨ ਕਾਰਨ ਦੀ ਜਿਸ ਨੂੰ ਲੋੜ ਹੋਵੇ ਮਸਲਨ ਜੁਲਾਹਿਆ ਓਦੋਂ ਤਕ ਕਪੜੇ ਦਾ ਕਰਤਾ ਨਹੀਂ ਬਣ ਸਕਦਾ ਜਦ ਤਕ ਉਸ ਨੂੰ ਸੂਤ ਤੇ ਖਡੀ ਪਰਾਪਤ ਨਾ ਹੋਣ। ਜਾਂ ਘੁਮਿਆਰ ਭਾਂਡੇ ਘੜਨ ਤੋਂ ਅਸਮਰਥ ਹੈ ਜਦ ਤਕ ਚੱਕ ਤੇ ਮਿਟੀ ਉਸ ਕੋਲ ਨਾ ਹੋਣ।

(੨) ਜੋ ਆਪਣੇ ਵਿਚੋਂ ਹੀ ਉਪਾਦਾਨ ਕਾਰਨ ਕਢ ਲਵੇ ਜਿਹਾ ਕਿ ਡੋਰਾ ਆਪਣੇ ਆਪ ਤੋਂ ਹੀ ਜਾਲਾ ਬਣਾ ਲੈਂਦਾ ਹੈ ਜਾਂ ਮਕੜੀ ਆਪਣਾ ਜਾਲਾ ਆਪ ਹੀ ਰੱਚ ਲੈਂਦੀ ਹੈ।

ਅਕਾਲ ਪੁਰਖ ਇਨ੍ਹਾਂ ਦੋਹਾਂ ਭਾਂਤ ਦੇ ਕਰਤਿਆਂ ਤੋਂ ਵਿਲੱਖਣ ਹੈ। ਇਹ ਆਪ ਹੀ ਨਿਮਿਤ ਕਾਰਣ ਵੀ ਹੈ ਤੇ ਉਪਾਦਾਨ ਕਾਰਨ ਵੀ ਭਾਵ ਕਰਨ ਕਾਰਣ ਸਮਰਥ ਹੈ ਪਰ ਡੋਰੇ ਵਾਂਗ ਰਚਨਾ ਰਚਨ ਲਈ ਵਸਤੂ ਆਪਣੇ ਅੰਦਰੋਂ ਨਹੀਂ ਕਢਦਾ ਸਗੋਂ ਆਪਣੀ ਆਤਮ ਸਤਯਾ ਮਾਤ੍ਰ ਤੋਂ ਹੀ ਸ੍ਰਿਸ਼ਟੀ ਰਚ ਲੈਂਦਾ ਹੈ। ਉਸ ਦਾ ਫੁਰਨਾ ਹੀ ਹੁਕਮ ਹੈ ਤੇ ਉਸ ਦਾ ਹੋ ਜਾ ਆਖਣਾ ਹੀ ਹੋ ਜਾਣਾ ਹੈ :

ਕੀਤਾ ਪਸਾਉ ਏਕੋ ਕਵਾਉ ॥੧੬॥
ਹੁਕਮੀ ਹੋਵਨਿ ਆਕਾਰ ॥੨॥

(ਜਪੁਜੀ)

ਪੁਰਸ਼ ਤੇ ਪ੍ਰਕ੍ਰਿਤੀ ਅਨਾਦੀ ਨਹੀਂ ਸਗੋਂ ਇਸੇ ਹੁਕਮ ਦੀ ਸਿਰਜਨਾ ਹਨ–

ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ ॥੨੬॥

(ਰਾਮਕਲੀ ਅਨੰਦ)

ਮਾਇਆ ਤੇ ਮੋਹ ਵੀ ਇਸ ਅਕਾਲੀ ਹੁਕਮ ਕਰ ਕੇ ਹੀ ਹੋਂਦ ਵਿਚ ਆਏ ਹਨ :

ਨਿਰੰਕਾਰ ਆਕਾਰ ਉਪਾਇਆ ॥
ਮਾਇਆ ਮੋਹ ਹੁਕਮਿ ਬਣਾਇਆ ॥੧॥੮॥੨੨॥

(ਮਾਰੂ ਸੋਲਹੇ ਮ: ੪)

ਤਿੰਨੇ ਗੁਣ (ਰਜੋ, ਸਤੋ ਤੇ ਤਮੋ) ਤੇ ਇਨ੍ਹਾਂ ਗੁਣਾ ਤੋਂ ਵਜੂਦ ਵਿਚ ਆਏ ਪੰਜ ਤਤ ਕਰਤਾ ਪੁਰਖ ਦੇ ਹੁਕਮ ਦੀ ਹੀ ਇਕ ਖੇਡ ਹਨ :

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥
ਆਪੇ ਖੇਲੁ ਰਚਾਇਓਨੁ ਸਭ ਜਗਤ ਸਬਾਇਆ ॥
ਤ੍ਰੈ ਗੁਣ ਆਪਿ ਸਿਰਜੀਅਨ ਮਾਇਆ ਮੋਹੁ ਵਧਾਇਆ ॥
ਗੁਰ ਪ੍ਰਸਾਦੀ ਉਬਰੇ ਜਿਨ ਭਾਣਾ ਭਾਇਆ ॥
ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥

(ਵਾਰ ਸਾਰੰਗ ਮ: ੪)

ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚਕਾ ਪਿੰਡ ਸਵਾਰਿਆ ॥੩॥

(ਸੂਹੀ ਛੰਤ ਮ: ੧)

ਕਈ ਵਿਚਾਰਵਾਨਾਂ ਨੇ ਬ੍ਰਹਮਾ, ਵਿਸ਼ਨੂ ਤੇ ਮਹੇਸ਼ ਆਦਿ ਦੇਵਤਿਆਂ ਨੂੰ ਇਸ ਸੰਸਾਰ ਦੇ ਕਰਤਾ, ਹਰਤਾ ਤੇ ਦਾਤਾ ਮੰਨਿਆ ਹੈ। ਓਹ ਸਮੇਂ ਸਮੇਂ ਅਵਤਾਰਾਂ ਦੇ ਰੂਪ ਵਿਚ ਪਰਗਟ ਹੋ ਕੇ ਇਸ ਜਗਤ ਵਿਚ ਵਾਪਰ ਰਹੀਆਂ

ਬੇ-ਤਰਤੀਬੀਆਂ ਨੂੰ ਸੰਵਾਰਨ ਵਾਲੇ ਵੀ ਹਨ ਤੇ ਨਿਘਾਰਿਆਂ ਨੂੰ ਸੰਘਾਰਨ ਤੇ ਸਾਊਆਂ ਨੂੰ ਉਭਾਰਨ ਵਾਲੇ ਵੀ ਮੰਨੇ ਹਨ। ਪਰ ਗੁਰਮਤਿ ਅਨੁਸਾਰ ਜੇ ਅਜਿਹੇ ਦੇਵਤੇ ਕੋਈ ਹਨ ਤਾਂ ਸੁਤੰਤਰ ਹੋਂਦ ਨਹੀਂ ਸਗੋਂ ਕਰਤਾਰੀ ਰਚਨਾ ਹਨ ਤੇ ਉਸ ਦੇ ਹੁਕਮ ਅਧੀਨ ਹੀ ਕਾਰ-ਵਿਹਾਰ ਕਰਦੇ ਹਨ :

ਤ੍ਰਿਤੀਆ ਬ੍ਰਹਮਾ ਬਿਸਨ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥
ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤ ਪਾਵੈ ॥
ਕੀਮਤਿ ਪਾਇ ਰਹਿਆ ਭਰਪੂਰ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥
(ਬਿਲਾਵਲ ਮ: ੧ ਥਿਤੀ)

ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥
ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਏ ਸਮਾਇਦਾ॥੧੩॥੪॥੧੬॥
(ਮਾਰੂ ਸੋਲਹੇ ਮ: ੧)

ਬ੍ਰਹਮਾ ਬਿਸਨ ਮਹੇਸ ਦੁਆਰੇ ॥ ਉਭੈ ਸੇਵਹਿ ਅਲਖ ਅਪਰੇ ॥
ਹੋਰ ਕੇਤੀ ਦਰ ਦੀਸੈ ਬਿਲਲਾਂਦੀ ਮੈਂ ਗਣਤ ਨ ਆਵੈ ਕਾਈ ਹੇ॥੧੪॥੨॥
(ਮਾਰੂ ਸੋਲਹੇ ਮ: ੧)

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਏ ਸਮਾਏ ॥ ਕੋਟਿ ਬ੍ਰਹਮੇ ਜਗ ਸਾਜਣ ਲਾਏ ॥੧॥
ਐਸੋ ਧਨੀ ਗੋਬਿੰਦ ਹਮਾਰਾ ॥
ਬਰਨ ਨ ਸਾਕਉ ਗੁਣ ਬਿਸਥਾਰਾ ॥੧॥ ਰਹਾਉ ॥੨॥੫॥
(ਭੈਰਉ ਅਸਟਪਦੀਆਂ ਮ: ੫)

ਕਾਰ ਤਾਂ ਸਾਰੀ ਓਹ ਆਪ ਹੀ ਕਰਦਾ ਹੈ ਪਰ ਬਾਕੀ ਸਾਰੇ ਜੀਵਾਂ ਵਾਂਗ ਇਹ ਵੀ ਉਸ ਦੀ ਅਨੰਤ ਕਲਾ ਦਾ ਜ਼ਹੂਰ ਹੀ ਹਨ ਤੇ ਵਖੋ ਵਖਰੇ ਨਾਵਾਂ ਨਾਲ ਪੁਕਾਰੇ ਜਾਂਦੇ ਹਨ :

ਬ੍ਰਹਮਾ ਬਿਸਨੁ ਮਹੇਸੁ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥੯॥
(ਰਾਮਕਲੀ ਮ: ੧)

ਮੁਕਦੀ ਗਲ ਇਹ ਹੈ ਕਿ ਉਹ ਆਪ ਕਰਨ ਕਾਰਣ ਸਮਰਥ ਹੈ :
ਕਰਨ ਕਾਰਣ ਸਮਰਥ ਹੈ ਕਹੁ ਨਾਨਕ ਬੀਚਾਰਿ ॥
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥
(ਸਲੋਕ ਸਹਸਕ੍ਰਿਤੀ)

ਕਰਨ ਕਾਰਣ ਪ੍ਰਭੁ ਏਕ ਹੈ ਦੂਸਰ ਨਾਹੀ ਕੋਇ ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥੧੧॥
(ਗਉੜੀ ਸੁਖਮਨੀ ਮ: ੫)

ਪੁਰਖੁ

ਕਰਤਾ ਦੇ ਨਾਲ ਹੀ ਪੁਰਖ ਸ਼ਬਦ ਦਾ ਆਉਣਾ ਉਸ ਦੀ ਵਿਆਪਕਤਾ ਤੇ ਪਰੀ ਪੂਰਨਤਾ ਦਾ ਸੂਚਕ ਹੈ। ਉਹ ਹੈ ਤਾਂ ਅਪਰੰਪਰ ਪਰ ਪੁਰਖ ਵਿਆਪਕ ਵੀ ਹੈ। ਕਿਸੇ ਰਾਜ ਮਿਸਤ੍ਰੀ ਵਾਂਗੂ ਆਪਣੀ ਰਚਨਾ ਨਾਲੋਂ ਅਲਗ ਨਹੀਂ ਰਹਿੰਦਾ ਸਗੋਂ ਆਪਣੇ ਕੀਤੇ ਹੋਏ ਵਿਚ ਵਿਆਪਕ ਰਹਿੰਦਾ ਹੈ ਤੇ ਵੇਖਦਾ ਬੁਝਦਾ ਤੇ ਸਾਰ ਸਮਾਲਦਾ ਹੈ। ਸਾਹਿਬ ਫੁਰਮਾਉਂਦੇ ਹਨ—

ਆਦਿ ਪੁਰਖ ਕਰਤਾਰ ਕਰਨ ਕਰਾਣ ਸਭ ਆਪੇ ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥
ਬਜ਼ਾਪਤ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ॥
ਸਰਬ ਕੀ ਰਜ਼ਖਾ ਕਰੈ ਆਪੇ ਹਰਿ ਪਤਿ ॥
(ਸ੍ਵੈ: ਸ੍ਰੀ ਮੁਖਵਾਕ ਮ: ੫)

ਨਿਰਭਉ

ਨਿਰਭਉ ਹੋਣਾ ਵੀ ਕਰਤਾ ਪੁਰਖ ਦਾ ਇਕ ਤਟਸਥ ਲਛਣ ਹੈ। ਸਾਰੀ ਦੁਨੀਆ ਭੈ ਵਿਚ ਹੈ ਪਟ ਇਕੋ ਇਕ ਵਾਹਿਗੁਰੂ ਹੀ ਹੈ ਜੋ ਭੈ ਰਹਿਤ ਹੈ, ਜਿਸ ਨੂੰ ਕਿਸੇ ਕਿਸਮ ਦਾ ਡਰ ਨਹੀਂ।

ਸਗਲਿਆ ਭਉ ਲਿਖਿਆ ਸਿਰਿ ਲੇਖੁ ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥੪॥

... ...

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥੨॥੪॥
(ਆਸਾ ਦੀ ਵਾਰ ਮ: ੧)

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰ ॥੧॥
(ਮਾਰੂ ਮ: ੫)

ਦਰਅਸਲ ਭੈ ਆਪਣੇ ਤੋਂ ਵਡੇ ਤੋਂ ਹੋਂਦਾ ਹੈ ਜਦ ਉਹ ਕੇਵਲ ਇਕੋ ਇਕ ਆਪ ਹੀ ਹੈ ਦੂਜਾ ਜਦ ਕੋਈ ਹੈ ਹੀ ਨਹੀਂ ਤਾਂ ਕਿਸੇ ਵਡੇ ਦੇ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ। ਓਹ ਕਰਤਾ ਪੁਰਖ ਹੋਣ ਕਰ ਕੇ ਸਭ ਦਾ ਕਰਣਹਾਰ ਹੈ ਫਿਰ ਆਪਣੇ ਕੀਤੀਆਂ ਤੋਂ ਡਰ ਕੀ ਆਖੇ? ਉਹ ਤਾਂ

ਬ੍ਰਹਮਾ ਆਦਿ ਦਾ ਵੀ ਕਰਤਾ ਹੈ ਫਿਰ ਉਸ ਦੇ ਬਰਾਬਰ ਦਾ ਤਾਂ ਕੋਈ ਦੂਜਾ ਹੋਰ ਹੋਇਆ ਹੀ ਕੋਈ ਨਾ। ਡਰ ਫਿਰ ਕਿਸ ਤੋਂ ਹੋਵੇ? ਇਸ ਕਰ ਕੇ ਕਰਤਾ ਪੁਰਖ ਦੇ ਨਾਲ ਨਾਲ ਹੀ ਓਹ ਨਿਰਭਉ ਵੀ ਹੈ—

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ
ਤੁਧੁ ਜੇਵਡੁ ਅਵਰੁ ਨ ਕੋਈ ॥

(ਆਸਾ ਮ: ੪)

ਏਕੋ ਕਉ ਨਾਹੀ ਭਉ ਕੋਇ
ਕਰਤਾ ਕਰੇ ਕਰਾਵੇ ਸੋਇ ॥੩॥

(ਬਲਾਵਲ ਮ: ੩)

ਤਿਸ ਤੇ ਊਪਰਿ ਨਾਹੀ ਕੋਇ ॥
ਕਉਣੁ ਡਰੈ ਡਰੁ ਕਿਸ ਕਾ ਹੋਇ ॥

(ਬਿਲਾਵਲ ਮ: ੩)

ਗੁਰਮਤਿ ਵਿਚ ਭਉ ਵਿਚ ਰਹਿਣ ਦਾ ਵੀ ਉਪਦੇਸ਼ ਹੈ ਪਰ ਇਹ ਭਉ ਕੁਕਰਮਾਂ ਤੇ ਅਉਗਣਾ ਤੋਂ ਕਰਨਾ ਹੈ ਤਾਂ ਜੋ ਸ਼ੁਭ ਗੁਣ ਧਾਰਨ ਕੀਤੇ ਜਾ ਸਕਣ। ਇਹ ਨਿਰਮਲ ਭਉ ਹੈ। ਇਸ ਭਉ ਤੋਂ ਹੀ ਸ਼ੁਭ ਕਰਮ ਕਰਨ ਦਾ ਉਤਸ਼ਾਹ ਮਿਲਦਾ ਹੈ। ਸ਼ੁਭ ਗੁਣ ਅਕਾਲ ਪੁਰਖ ਨਾਲ ਭਾਉ ਪੈਦਾ ਕਰਦੇ ਹਨ ਤੇ ਭਾਉ ਮੇਲ ਦਾ ਚਾਉ ਉਪਜਾਂਦਾ ਹੈ ਜਿਸ ਕਰ ਕੇ ਨਿਰੰਕਾਰ ਦਾ ਵਾਸਾ ਮਨੁੱਖੀ ਹਿਰਦੇ ਵਿਚ ਪ੍ਰਤੱਖ ਹੋ ਜਾਂਦਾ ਹੈ—

ਭੈ ਤੇ ਨਿਰਭਉ ਹੋਇ ਬਸਾਨਾ ॥

(ਗਉੜੀ ਸੁਖਮਨੀ ਮ: ੫)

ਇਹ ਭਉ ਹੀ ਮਨ ਨੂੰ ਸਿਮਰਨ ਵਿਚ ਲਾਂਦਾ ਹੈ। ਇਸ ਲਈ ਇਹ ਭਉ ਨਿਰਮਲ ਭਉ ਹੈ। ਨਿਰ ਭਉ ਦਾ ਸਿਮਰਨ ਸਗਲੇ ਭਉ ਮਿਟਾ ਦੇਂਦਾ ਹੈ ਤੇ ਉਹ ਵੀ ਨਿਰੰਕਾਰ ਵਾਂਗ ਨਿਰਭਉ ਹੋ ਜਾਂਦਾ ਹੈ—

ਨਿਰਭਉ ਜਪੈ ਸਗਲ ਭਉ ਮਿਟੈ ॥

(ਗਉੜੀ ਸੁਖਮਨੀ ਮ: ੫)

ਭਉ ਤੋਂ ਨਿਰਭਉ ਦਾ ਪ੍ਰਕਾਸ਼ ਸੁਭਾ ਵਿਚ ਨਿਰਭੈਤਾ ਵਸਾ ਦੇਂਦਾ ਹੈ ਤੇ ਮਨੁੱਖ ਅਸਲੋਂ ਗਿਆਨੀ ਹੋ ਜਾਂਦਾ ਹੈ ਜਿਸ ਦਾ ਉਦੇਸ਼ ਹੋ ਜਾਂਦਾ ਹੈ—

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤਿ ਆਨਿ
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

(ਸਲੋਕ ਮ: ੯)

ਨਿਰਵੈਰ

ਜਦ ਅਕਾਲ ਪੁਰਖ ਕਰਤਾ ਹੈ, ਫਿਰ ਆਪਣੀ ਰਚਨਾ ਵਿਚ ਪੁਰਖ ਹੋ ਵੇਖਦਾ, ਵਿਗਸਦਾ ਤੇ ਸਭੋ ਕੁਝ ਜਾਣਦਾ ਵੀ ਹੈ, ਉਸ ਤੋਂ ਨਾ ਕੋਈ ਵਡਾ ਹੈ ਤੇ ਨਾ ਹੀ ਕੋਈ ਬਰੋਬਰ ਦਾ ਹੈ। ਉਸਦਾ ਸ਼ਰੀਕ ਵੀ ਕੋਈ ਨਹੀਂ। ਇਸ ਲਈ ਕਰਤਾ ਹਰਤਾ ਹੋਣ ਕਰਕੇ ਉਹ ਨਿਰਭਉ ਵੀ ਹੈ, ਤਾਂ ਫੇਰ ਉਹ ਆਪਣੇ ਕੀਤਿਆਂ ਨਾਲ ਵੈਰ ਵੀ ਕਿਵੇਂ ਕਰ ਸਕਦਾ ਹੈ? ਅਦ੍ਵੈਤ ਵਿਚ ਦ੍ਵੈਤ ਦੀ ਕੀ ਗੁੰਜਾਇਸ਼ ਹੋ ਸਕਦੀ ਹੈ? ਇਸ ਲਈ ਉਹ ਨਿਰਾ ਪੁਰਾ ਨਿਰਭਉ ਹੀ ਨਹੀਂ, ਨਿਰਵੈਰ ਭੀ ਹੈ। ਜਿਸਦਾ ਕੋਈ ਵੈਰੀ ਹੈ, ਉਹ ਨਿਰਭਉ ਹੋ ਹੀ ਨਹੀਂ ਸਕਦਾ।

ਬ੍ਰਹਮਾ ਆਦਿ ਦੇਵਤੇ ਉਸਦੇ ਕੀਤੇ ਹੋਏ ਹਨ। ਕੀਤਿਆਂ ਵਿਚ ਸ਼ਰੀਕਾ ਹੈ, ਬਰੋਬਰੀ ਹੈ, ਵਡਿਅਤ ਤੇ ਨਿਕਿਅਤ ਹੈ। ਉਨ੍ਹਾਂ ਵਿਚ ਈਰਖਾ ਦ੍ਵੈਸ਼ ਆ ਜਾਂਦੀ ਹੈ। ਪਰ ਕਰਨਹਾਰ ਤੋਂ ਤਾਂ ਸਾਰੇ ਛੋਟੇ ਹਨ, ਫੇਰ ਉਸ ਲਈ ਤਾਂ ਸਾਰੇ ਇਕੋ ਜਿਹੇ ਹਨ। ਉਹ ਦਿਆਲੂ ਵੀ ਹੈ, ਇਸ ਲਈ ਉਹ ਆਪਣੀ ਰਚਨਾ ਨੂੰ ਪਾਲਦਾ, ਪੋਸਦਾ, ਪਿਆਰਦਾ ਤੇ ਨਿਵਾਜਦਾ ਵੀ ਹੈ। ਉਹ ਨਿਰਾ ਪੁਰਾ ਕਰਤਾ ਹੀ ਨਹੀਂ, ਕਾਦਿਰ ਕਰਤਾ ਵੀ ਹੈ।

ਉਹ ਜੱਬਾਰ ਜਾਂ ਕਹਾਰ ਨਹੀਂ। ਕਰਮਾਂ ਦਾ ਫਲ ਪ੍ਰਦਾਤਾ ਜ਼ਰੂਰ ਹੈ, ਪਰ ਉਹ ਵੈਰੀ ਹੋ ਕੇ ਬਦਲੇ ਨਹੀਂ ਚੁਕਾਂਦਾ। ਉਸਦਾ ਸਰੂਪ ਤਾਂ ਪ੍ਰੇਮ ਹੈ:

ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ॥
ਅਹਿਨਿਸ ਜੀਆ ਦੇਖਿ ਸਮ੍ਹਾਲੇ ਸੁਖ ਦੁਖੁ ਪੁਰਬਿ ਕਮਾਈ॥

ਸੁਖ ਦੁਖ ਤਾਂ ਕੀਤੇ ਦਾ ਫਲ ਹਨ ਤੇ ਇਹ ਸਚੀ ਤੋਬਾ ਤੇ ਬਦਲੇ ਵੀ ਜਾ ਸਕਦੇ ਹਨ। ਵਾਹਿਗੁਰੂ ਸਰਬ ਸ਼ਕਤੀਮਾਨ ਹੈ, ਸਰਵੱਗਯ ਹੈ, ਕਰਮ ਕੋਈ ਉਸ ਕੋਲੋਂ ਸ਼ਕਤੀਸ਼ਾਲੀ ਨਹੀਂ। ਜਿਵੇਂ ਵਡੀ ਤੋਂ ਵਡੀ ਅਦਾਲਤ ਵਲੋਂ ਮਿਲੇ ਕਰਮ ਦੰਡ ਨੂੰ ਜੇ ਬਾਦਸ਼ਾਹ ਰਹਿਮ ਵਿਚ ਆਏ ਤਾਂ ਬਖਸ਼ ਦੇਂਦਾ ਹੈ। ਤਿਵੇਂ ਹੀ ਸਚੀ ਅਰਦਾਸ ਤੇ ਸਚੀ ਤੋਬਾ ਨੂੰ ਵੇਖ ਉਹ ਵੀ ਜੀਵ ਨੂੰ ਕਰਮਾਂ ਦੇ ਫਲ ਤੋਂ ਮੁਕਤ ਕਰ ਦੇਂਦਾ ਹੈ।

ਜਦ ਸਚੀ ਤੋਬਾ ਕਰਨ ਵਾਲਾ ਗੁਨਾਹਗਾਰ ਸਚੇ ਦਿਲੋਂ ਆਪਣੇ ਆਪ ਨੂੰ ਉਸ ਦੇ ਗੋਚਰੇ ਸੌਂਪ ਦਿੰਦਾ ਹੈ, ਤਾਂ ਫੇਰ ਉਹ ਉਸਦਾ ਲੇਖਾ ਪਤਾ ਨਹੀਂ ਕਰਦਾ:

ਜਾ ਕਉ ਅਪੁਨੀ ਕਰੈ ਬਖਸੀਸ ॥
ਤਾਕਾ ਲੇਖਾ ਨ ਗਨੈ ਜਗਦੀਸ ॥ ੪ ॥ ੧੧ ॥
[ਗਉੜੀ ਸੁਖਮਨੀ ਮ: ੫]
ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥
ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ।
ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰ ਰੇ ॥
[ਗਉੜੀ ਮ: ੫]

ਅਕਾਲ

ਵਾਹਿਗੁਰੂ ਅਨਾਦੀ ਵੀ ਹੈ ਤੇ ਅਨੰਤ ਵੀ। ਉਹ ਸਦੀਵੀ ਹੋਂਦ ਹੈ। ਪਿਛੇ ਸ਼ਤਿ ਦੀ ਵਿਆਖਿਆ ਵਿਚ ਦਸਿਆ ਜਾ ਚੁਕਾ ਹੈ ਕਿ ਨਿਰੰਕਾਰ ਸਭ ਦਾ ਆਦਿ ਹੈ, ਪਰ ਇਸਦਾ ਕੋਈ ਆਦਿ ਨਹੀਂ, ਇਸ ਲਈ ਕਾਲ ਦੀ ਬੰਦਸ਼ ਇਸ਼ ਤੇ ਲਾਗੂ ਨਹੀਂ ਹੋ ਸਕਦੀ। ਇਹ ਕਾਲ ਤੋਂ ਸੁਤੰਤਰ ਹੈ। ਸਗੋਂ ਕਾਲ ਵੀ ਇਸ ਦੇ ਹੁਕਮ ਨਾਲ ਹੀ ਹੋਂਦ ਵਿਚ ਆਇਆ ਹੈ। ਜਿਸਦਾ ਆਦਿ ਹੈ, ਉਸਦਾ ਅੰਤ ਵੀ ਹੈ। ਕਾਲ ਦਾ ਵੀ ਆਦਿ ਹੈ ਤੇ ਇਸ ਨੇ ਮੁੜ ਅਕਾਲ ਵਿਚ ਹੀ ਸਮਾ ਜਾਣਾ ਹੈ। ਇਸਦੇ ਵਖਰੇ ਰੂਪ ਦਾ ਅੰਤ ਹੋ ਜਾਣਾ ਹੈ, ਇਸ ਲਈ ਇਹ ਕਾਲ ਅਕਾਲ ਤੇ ਹਾਵੀ ਨਹੀਂ ਹੋ ਸਕਦਾ। ਧੁਰੀ ਫੁਰਮਾਨ ਹੈ :

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥
[ਮਾਰੂ ਸੋਲਹੇ ਮ: ੧]
ਅਕਾਲ ਮੂਰਤਿ ਜਿਸ ਕਦੇ ਨਹੀ ਖਉ ॥
[ਮਾਰੂ ਸੋਲਹੇ ਮ: ੫)
ਸਫਲ ਦਰਸ਼ਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥
[ਸੋਰਠ ਮ: ੫]
ਕਾਲ ਰਹਤ ਅਨਕਾਲ ਸਰੂਪਾ ॥
[ਅਕਾਲ ਉਸਤਤ ਪਾ: ੧੦]

ਬ੍ਰਹਮਾ, ਸ਼ਿਵ, ਵਿਸ਼ਨੂੰ ਆਦਿ ਦੇਵਤੇ ਕਿਉਂਕਿ ਅਕਾਲ ਦੇ ਪੈਦਾ ਕਰਦਾ ਹਨ, ਇਸ ਲਈ ਇਹ ਸਾਰੇ ਕਾਲ ਦੀ ਮਾਰ ਤੋਂ ਬਾਹਰ ਨਹੀਂ । ਸਗੋਂ—

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ੧੪ ॥
[ਗਉੜੀ ਮ. ੧]
ਕਾਲ ਪਾਇ ਬ੍ਰਹਮਾ ਬਪੁ ਧਰਾ ॥
ਕਾਲ ਪਾਇ ਸਿਵਜੂ ਅਵਤਰਾ ॥

ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥੭॥
ਸਕਲ ਕਾਲ ਕਾ ਕੀਆ ਤਮਾਸ਼ਾ ॥

[ਚੌਪਈ ਪਾ: ੧੦]

ਸੰਖੇਪ ਵਿਚ ਸਾਹਿਬ ਫੁਰਮਾਉਂਦੇ ਹਨ :

ਅਲਖ ਅਪਾਰ ਅਗੰਮ ਅਗੋਚਰਿ ਨ ਤਿਸ ਕਾਲ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਉ ਨ ਭਰਮਾ ॥
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸਬਦਿ ਨੀਸਾਣੁ ॥ ੧ ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰੰਪਰ ਸਗਲੀ ਜੋਤਿ ਤੁਮਾਰੀ ॥੨॥੬॥

[ਸੋਰਠ ਮ: ੧]

ਮੂਰਤਿ

ਨਿਰਾ ਅਕਾਲ ਕਹਿਣ ਤੋਂ ਇਹ ਭੁਲੇਖਾ ਵੀ ਪੈ ਸਕਦਾ ਹੈ ਜੋ ਖਬਰੇ ਇਹ ਇਕ ਕਲਪਿਤ ਹੋਂਦ ਹੀ ਹੈ, ਵਾਸਤਵ ਵਿਚ ਅਕਾਲ ਕਹਿਣਾ, ਉਸ ਨੂੰ ਅਣਹੋਂਦ ਕਹਿਣਾ ਹੈ। ਮੂਰਤਿ ਨਾਲ ਲਿਖ ਕੇ ਇਸ ਭੁਲੇਖੇ ਨੂੰ ਦੂਰ ਕੀਤਾ ਗਿਆ ਹੈ ਕਿ ਉਹ ਅਣਹੋਂਦ ਨਹੀਂ, ਸਦੀਵੀ ਹੋਂਦ ਹੈ।

ਡਾਕਟਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ :

"ਅਕਾਲ਼ ਕਹਿ ਕੇ ਮੂਰਤਿ ਪਦ ਨਾਲ ਲਿਖਣਾ ਇਸ ਵਾਸਤੇ ਸਹੀ ਹੁੰਦਾ ਹੈ, ਕਿ ਅਕਾਲ ਹੋਣੇ ਕਰਕੇ ਉਹ ਅਣਹੋਂਦ ਨਹੀਂ ਹੋ ਜਾਂਦਾ। ਕਈ ਕਾਲ (ਸਮਾਂ) ਨੂੰ ਹੀ ਨਿਤ ਮੰਨਦੇ ਹਨ। ਦਸਮ ਗੁਰੂ ਜੀ ਨੇ ਏਸੇ ਕਰਕੇ 'ਕਾਲ ਰਹਤ ਅਨਕਾਲ ਸਰੂਪਾ' ਆਖਿਆ ਹੈ ਕਿ ਉਹ ਕਾਲ ਰਹਿਤ ਹੈ, ਅਨਕਾਲ ਅਰਥਾਤ ਅਕਾਲ ਹੈ ਪਰ ਸਰੂਪ ਹੈ, ਹਸਤੀ ਹੈ, ਹੋਂਦ ਹੈ। ਇਹੋ ਭਾਵ 'ਅਕਾਲ ਮੂਰਤਿ' ਪਦ ਦਾ ਹੈ ਕਿ ਕਾਲ ਰਹਿਤ ਹੈ ਪਰ ਹੈ ਹੋਂਦ, ਅਰਥਾਤ ਹਸਤੀ ਹੈ।

(ਸੰਥਯਾ ਸ੍ਰੀ : ਗੁਰੂ ਗ੍ਰੰਥ ਸਾਹਿਬ ਪੰਨਾ ੨੯)

ਅਜੂਨੀ

ਇਹ ਸ਼ਬਦ ਸੰਸਕ੍ਰਿਤ ਦੇ 'ਅਯੋਨਿ' ਸ਼ਬਦ ਦਾ ਪੰਜਾਬੀ ਰੂਪ ਹੈ। ਯੋਨ ਦਾ ਅਰਥ ਕਾਰਨ ਕੀਤਾ ਜਾਂਦਾ ਹੈ। 'ਅ' ਤੋਂ ਭਾਵ 'ਨਹੀਂ' ਤੋਂ ਹੈ, ਭਾਵ ਜਿਸ ਹੋਂਦ ਦਾ ਕਾਰਣ ਕੋਈ ਨਹੀਂ, ਉਹ ਅਜੂਨੀ ਹੈ।

ਇਸ ਤੋਂ ਇਹ ਮਤਲਬ ਵੀ ਲਿਆ ਜਾਂਦਾ ਹੈ ਕਿ ਉਹ ਜਨਮ ਮਰਨ ਤੋਂ ਪਰ੍ਹੇ ਹੈ। ਜੇਕਰ ਉਸਦਾ ਕੋਈ ਕਾਰਨ ਹੋਵੇ ਤਾਂ ਉਹ ਅਨਾਦੀ ਨਹੀਂ ਕਿਹਾ ਜਾ ਸਕਦਾ ਤੇ ਆਦਿ ਵਾਲੀਆਂ ਚੀਜ਼ਾਂ ਦਾ ਅੰਤ ਹੋਣਾ ਵੀ ਲਾਜ਼ਮੀ ਹੈ ਤੇ ਉਸਦਾ ਅਨੰਤ ਹੋਣਾ ਹੀ ਉਸਨੂੰ ਜਨਮ ਮਰਨ ਤੋਂ ਰਹਿਤ ਸਾਬਤ ਕਰਦਾ ਹੈ। ਜੋ ਹਸਤੀ ਕਾਲ-ਬੱਧ ਨਹੀਂ, ਉਹ ਜਨਮ ਮਰਨ ਵਿਚ ਵੀ ਨਹੀਂ ਆ ਸਕਦੀ। ਇਸ ਲਈ ਉਹ ਹਸ਼ਤੀ, ਜੋ ਅਕਾਲ ਹੈ ਅਜੂਨੀ ਵੀ ਹੈ :

> ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ
> ਜਨਮਾਸੀ ॥੧॥ ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ
> ਮਰਣ ਤੇ ਰਹਤ ਨਰਾਇਣ ॥ ੧ ॥ ਰਹਾਉ ॥ ਕਰ ਪੰਜੀਰੁ
> ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥
> ਸਗਲ ਪਰਾਧੁ ਦੇਹਿ ਲੋਰੋਨੀ ॥ ਸੋ ਮੁਖੁ ਜਲਉ ਜਿਤੁ ਕਹਹਿ
> ਠਾਕੁਰੁ ਜੋਨੀ ॥ ੩ ॥ ਜਨਮਿ ਨ ਮਰੈ ਨ ਆਵੈ ਨ ਜਾਇ ॥
> ਨਾਨਕ ਕਾ ਪ੍ਰਭੁ ਰਹਿਓ ਸਮਾਇ ॥ ੪ ॥ ੧ ॥
>
> [ਭੈਰਉ ਮ: ੫]

> ਬਿਨ ਕਰਤਾਰ ਨ ਕਿਰਤਮ ਮਾਨੋ ॥
> ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥ ੧ ॥ ਰਹਾਉ ॥
>
> [ਰਾਗ ਕਲਯਾਨ ਪਾ: ੧੦]

> ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਈ ॥ ੩ ॥
>
> [ਵਾਰ ਮਾਰੂ ਮ: ੫]

> ਗਗਨ ਅਗੰਮੁ ਅਨਾਥੁ ਅਜੋਨੀ ॥
>
> [ਰਾਮਕਲੀ ਦ: ਓਅੰਕਾਰ ਮ: ੧]

> ਆਦਿ ਰੂਪ ਅਨਾਦਿ ਮੂਰਤ ਅਜੋਨਿ ਪੁਰਖ ਅਪਾਰ ॥
>
> [ਜਾਪ ਸ੍ਰੀ ਮੁਖਵਾਕ ਪਾ: ੧੦]

> ਜੋਨਿ ਜਗਤ ਮੈ ਕਬਹੂੰ ਨ ਆਯਾ ॥
> ਯਾ ਤੇ ਸਭੋ ਅਜੋਨਿ ਬਤਾਇਆ ॥
>
> [ਪਾ: ੧੦]

> ਸੰਕਟ ਨਹੀ ਪਰੈ, ਜੋਨਿ ਨਹੀ ਆਵੈ ਨਾਮ ਨਿਰੰਜਨ ਜਾਕੋ ਰੇ ॥
>
> [ਗਉੜੀ ਕਬੀਰ ਜੀ]

ਇਹ ਦੋ ਅੱਡ ਅੱਡ ਸ਼ਬਦਾਂ ਦੀ ਹੀ ਸੰਧੀ ਹੈ। ਸ੍ਵ ਤੇ ਭਾ ਸ੍ਵ ਸੰਸਕ੍ਰਿਤ ਦਾ ਪੰਜਾਬੀ ਰੂਪ ਸੈ, ਹੈ, ਤੇ ਭਾ, ਦਾ ਪ੍ਰਾਕ੍ਰਿਤਕ ਰੂਪ ਭੈ ਹੈ ਤੇ ਇਸ ਦਾ ਅਰਥ ਵੀ ਪ੍ਰਕਾਸ਼ ਹੈ।

ਸੈਭੰ ਦਾ ਸਮੁਚਾ ਅਰਥ ਹੈ, ਸੁਤੇ ਪ੍ਰਕਾਸ਼। ਭਾਵ, ਆਪਣੇ ਆਪ ਤੋਂ ਪਰਕਾਸ਼ਮਾਨ ਹੋਇਆ ਹੋਇਆ। ਉਸਨੂੰ ਕੋਈ ਦੂਜਾ ਪ੍ਰਕਾਸ਼ਣ ਵਾਲਾ ਨਹੀਂ, ਸਗੋਂ ਸਭ ਨੂੰ ਉਹ ਆਪ ਪ੍ਰਕਾਸ਼ਣ ਵਾਲਾ ਹੈ:

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ ੪ ॥ ੩ ॥

[ਧਨਾਸਰੀ ਮ: ੧]

ਸਤਿ ਆਖ ਕੇ ਉਸਦੀ ਸਦੀਵੀ ਹੋਂਦ ਪਰਗਟਾਇਆ ਸੀ, ਹੁਣ ਸੈਭੰ ਕਹਿ ਕੇ ਉਸਦੀ ਸਦੀਵੀ ਚੇਤੰਨਤਾ ਨੂੰ ਦਰਸਾਇਆ ਹੈ, ਭਾਵ ਉਸ ਨੇ ਇਹ ਚੇਤੰਨਤਾ ਕਿਸੇ ਕੋਲੋਂ ਲਈ ਨਹੀਂ, ਸਗੋਂ ਇਹ ਵੀ ਉਸ ਸਤਿ ਹਸਤੀ ਦਾ ਇਕ ਅਖਿੜਵਾਂ ਅੰਗ ਹੈ। ਜੋ ਪਰਮੇਸਰੁ ਸਦੀਵੀ ਸਤਿ ਹੈ, ਉਹ ਸਦੀਵੀ ਚੇਤੰਨ ਵੀ ਹੈ। ਉਹ ਨਿਰ-ਆਧਾਰਤ ਚੇਤੰਨਾ ਹੈ। ਅਕਾਲ ਪੁਰਖ ਆਪ ਜੋਤਿ ਸਰੂਪ ਹੈ:

ਜੋਤਿ ਸਰੂਪ ਸਦਾ ਸੁਖ ਦਾਤਾ ਸਚੇ ਸੋਭਾ ਪਾਇਦਾ ॥

[ਮਾਰੂ ਸੋਲਹੇ ਮ: ੧]

ਦਸਮ ਪਾਤਸ਼ਾਹ ਜੀ ਦਾ ਅਕਾਲ ਪੁਰਖ ਨੂੰ ਅਨਭਉ ਪ੍ਰਕਾਸ਼ ਕਹਿਣਾ ਵੀ ਇਸੇ ਗਲ ਦਾ ਸੂਚਕ ਹੈ।

ਅਕਾਲ ਪੁਰਖ ਦੀ ਸੈਭੰਗਤਾ ਸਮੂਹ ਭੂ ਮੰਡਲਾ ਤਥਾ ਉਪਰਜਨਾ ਨੂੰ ਪ੍ਰਕਾਸ਼ ਰਹੀ ਹੈ:

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥ ੧ ॥

[ਬਿਲਾਵਲ ਮ: ੧ ਛੰਤ]

ਜਿਮੀ ਜਮਾਨ ਕੇ ਬਿਖੇ ਸਮਸਤ ਏਕ ਜੋਤਿ ਹੈ।

(ਗਿਆਨ ਪ੍ਰਬੋਧ ਪਾ: ੧੦)

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥੪॥

(ਜਪੁਜੀ ਸਾਹਿਬ)

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥੧॥

(ਆਸਾ ਦੀ ਵਾਰ ਮ: ੧)

ਮੁਕਦੀ ਗਲ ਉਪਰੋਕਤ ਗੁਣਾਂ ਵਾਲੀ ਹਸਤੀ ਸੁਤੇ ਪ੍ਰਕਾਸ਼ ਹੈ ਕਿਸੇ ਤੋਂ ਪ੍ਰਕਾਸ਼ ਨਹੀਂ ਲੈਂਦੀ ਆਪਣੇ ਆਪ ਤੋਂ ਆਪ ਪ੍ਰਕਾਸ਼ਮਾਨ ਹੈ ਸਗੋਂ "ਆਪੇ ਜੋਤਿ ਸਰੂਪੀ ਬਾਲਾ" ਦੇ ਅਟਲ ਵਾਕ ਅਨੁਸਾਰ ਹਰ ਅੰਤਹ ਕਰਣ ਵਿਚ ਪ੍ਰਕਾਸ਼ ਸਰੂਪ ਹੋ ਸ਼ਰਬਤ ਉਪਰਜਨਾ ਵਿਚ ਪਸਰ ਰਹੀ ਹੈ।

ਗੁਰ ਪ੍ਰਸਾਦਿ

ਗੁਰ ਪ੍ਰਸਾਦਿ ਦੇ ਸੰਪ੍ਰਦਾਈ ਅਰਥ ਗੁਰੂ ਦੀ ਕਿਰਪਾ ਦੁਆਰਾ ਕੀਤੇ ਜਾਂਦੇ ਹਨ। ਇਸ ਭਾਵ ਨੂੰ ਸਤਿਗੁਰਾਂ ਆਪ ਵੀ ਕਈ ਥਾਈਂ ਖੋਲਿਆ ਹੈ :-

ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥੨੩॥
ਗੁਰ ਪ੍ਰਸਾਦਿ ਭਰਮ ਕਾ ਨਾਸੁ ॥੩॥੨੩॥
(ਗਉੜੀ ਸੁਖਮਨੀ ਮ: ੫)
ਗੁਰ ਪਰਸਾਦਿ ਨਿਰੰਜਨੁ ਪਾਇਆ ॥੨॥
(ਸਾਰੰਗ ਮ: ੩)
ਤੂ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧੪੬॥
(ਗਉੜੀ ਮ: ੫)

ਇਸ ਵਿਚ ਸ਼ਕ ਨਹੀਂ ਗੁਰੂ ਪਦ ਅਕਾਲ ਪੁਰਖ ਦਾ ਵਾਚਕ ਵੀ ਹੈ ਪਰ ਅਰਥ ਉਥੇ ਵੀ ਦੀਖਯਤ ਕਰਨ ਵਾਲਾ ਹੀ ਹੈ :-

ਅਪਰੰਪਰ ਪਾਰਬ੍ਰਹਮ ਪਰਮੇਸਰੁ
ਨਾਨਕ ਗੁਰ ਮਿਲਿਆ ਸੋਈ ਜੀਓ ॥੧੧॥
(ਸੋਰਠ ਮ: ੧)
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੬॥
(ਰਾਮਕਲੀ ਮ: ੧)

ਗੁਰਮਤ ਦਾ ਵਿਸ਼ਵਾਸ ਹੈ ਜੋ ਗੁਰੂ ਦੀ ਕ੍ਰਿਪਾ ਦੁਆਰਾ ਹੀ ਅਕਾਲ ਪੁਰਖ ਦੀ ਲਖਤਾ ਹੋ ਸਕਦੀ ਹੈ। ਹੇਠ ਲਿਖੇ ਪਰਮਾਣ ਇਸ ਭਾਵ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਾਂਦੇ ਹਨ :-

ਬਿਨ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟ ਆਖਿ ਸੁਣਾਇਆ ॥
(ਵਾਰ ਆਸਾ ਮ: ੧)
ਜਿਸ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤ ਗੁਰ ਪਾਹੀ ਜੀਉ ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹ ਫਲ ਨਾਹੀ ਜੀਉ ॥੧॥੯॥

(ਸੋਰਠ ਮ: ੧)

ਸਤਿਗੁਰ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥ ਪਾਈਐ ਅਵਗਣ ਮੇਟਣ ਹਾਰੁ ॥੧॥
ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥੧੦॥

(ਸ੍ਰੀ ਰਾਗ ਮ: ਅਸਟਪਦੀਆਂ)

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਨ ਪਾਇਆ ਜਾਇ ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੧੦॥

(ਰਾਮਕਲੀ ਸਿਧ ਗੋਸਟਿ ਮ: ੧)

ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥
ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੇ ਪੁਰਖੁ ਮਿਲਾਇ ॥੪॥੧॥

(ਮਲਾਰ ਮ: ੩ ਅਸ਼ਟਪਦੀਆਂ)

ਗਣਤ ਗਣਾਵੈ ਅਖਰੀ ਅਗਣਤ ਜਾਕਾ ਸੋਇ ॥
ਅਗਿਆਨੀ ਮਤਿ ਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥੩੨॥

(ਰਾਮਕਲੀ ਮ: ੧ ਦ: ਓਅੰਕਾਰ)

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ॥੧੨॥

(ਵਾਰ ਆਸਾ ਮ: ੧)

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ
ਲਖ ਕੋਟੀ ਕਰਮ ਕਮਾਉ ॥੨॥੩॥੭॥

(ਸਿਰੀ ਰਾਗ ਮ: ੪)

ਮਤਿ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ਰਹਾਉ ॥

....

ਗੁਰੁ ਕਰਤਾ ਗੁਰੁ ਕਰਣੈ ਜੋਗੁ ॥ ਗੁਰੁ ਪਰਮੇਸੁਰ ਹੈ ਭੀ ਹੋਗੁ ॥
ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪॥੫॥੭॥
(ਗੋਂਡ ਮ: ੫)

ਉਪਰੋਕਤ ਵਿਚਾਰ ਤੋਂ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਅਪੜ ਜਾਂਦੇ ਹਾਂ ਜੋ ਇਥੇ ਗੁਰ ਪਦ ਨਿਰੰਕਾਰ ਦਾ ਗੁਣ ਵਾਚਕ ਨਾਮ ਜਾਂ ਵਿਸ਼ੇਸ਼ਣ ਨਹੀਂ ਤੇ ਪ੍ਰਸਾਦਿ ਦਾ ਮਤਲਬ ਕ੍ਰਿਪਾ ਸਟੂਪ ਨਹੀਂ ਇਥੇ ਗੁਰ ਦੇ ਰਾਰੇ ਨੂੰ ਮੁਕਤਾ ਕਰਕੇ ਲਿਖਿਆ ਹੈ ਔਂਕੜ ਨਹੀਂ ਲਾਇਆ । ਪ੍ਰਸਾਦਿ ਦੇ ਦੱਦੇ ਨਾਲ ਵੀ ਔਂਕੜ ਨਹੀਂ ਸ਼ਗੋਂ ਸ਼ਿਹਾਰੀ ਹੈ । ਜੇਕਰ 'ਗੁਰੁ ਪ੍ਰਸਾਦੁ' ਲਿਖਿਆ ਹੁੰਦਾ ਤਾਂ ਇਹ ਦੋਵੇਂ ਵੀ ਅਕਾਲ ਪੁਰਖ ਦੇ ਗੁਣ ਵਾਚਕ ਨਾ ਹੁੰਦੇ ਪਰ ਕਿਉਂਕਿ ਇਹ ਨਹੀਂ, ਇਸ ਲਈ ਅਸੀਂ ਇਹੋ ਕਹਿ ਸ਼ਕਦੇ ਹਾਂ ਜੋ ਸੈਭੰ ਤਕ ਅਕਾਲ ਪੁਰਖ ਦੇ ਲਛਣ ਦਸਕੇ ਸਾਹਿਬ ਫੁਰਮਾਂਦੇ ਹਨ ਉਪਰੋਕਤ ਗੁਣਾਂ ਵਾਲਾ ਨਿਰੰਕਾਰ ਗੁਰੂ ਦੀ ਕਿਰਪਾ ਦੁਆਰਾ ਹੀ ਪਰਾਪਤ ਹੋ ਸਕਦਾ ਹੈ ।

ਸਿਖ ਧਰਮ ਵਿਚ ਗੁਰੂ ਨਾਨਕ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਹੀ ਗੁਰੂ ਪਦ ਜ਼ੋੜਿਆ ਗਿਆ ਹੈ । ਇਹ ਦਸੇ ਗੁਰੂ ਭਾਵੇਂ ਦੇਹ ਕਰਕੇ ਵਖਰੇ ਸਨ । ਪਰ ਜੋਤਿ ਸਭ ਵਿਚ ਇਕੋ ਸ਼ੀ ਤੇ ਇੰਨ੍ਹਾਂ ਵਿਚ ਵਾਹਿਗੁਰੂ ਦੀ ਪਰਮ ਜੋਤ ਪੂਰਨ ਤੌਰ ਤੇ ਜਗ ਮਗਾ ਰਹੀ ਸ਼ੀ ।

ਦਸ਼ਮ ਪਾਤਸ਼ਾਹ ਨੇ ਦੇਹ ਧਾਰੀ ਗੁਰੂ ਦਾ ਸਿਲਸਲਾ ਸਦਾ ਲਈ ਖਤਮ ਕਰਕੇ ਗੁਰ ਸ਼ਬਦਿ ਜੋ ਉਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਰੂਪ ਧਾਰਨ ਕਰ ਚੁਕਾ ਸੀ ਨੂੰ ਗੁਰੂ ਦੀ ਆਤਮਾ ਮੰਨ ਕੇ ਇਸ ਦੀ ਤਾਬਿਆ ਪੰਥ ਨੂੰ ਕਰ ਦਿਤਾ ਸੀ । ਉਸ਼ ਦਿਨ ਤੋਂ ਹੀ ਗੁਰ ਸਿਖ ਗੁਰੂ ਦਾ ਆਤਮਕ ਰੂਪ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਣ, ਪਰਚਾ ਗੁਰ ਸਬਦਿ ਦਾ ਹੀ ਪਾਂਦੇ ਹਨ ਤੇ ਖਾਲਸੇ ਦੇ ਦਰਸ਼ਨ ਕਰਕੇ ਗੁਰੂ ਦੇ ਬਦੇਹੀ ਦਰਸ਼ਨ ਵੀ ਕਰ ਲੈਂਦੇ ਹਨ ।

ਅਜ ਕਲ ਕਈ ਪਾਖੰਡੀ ਕਈ ਗੁਰਮਤ ਤੋਂ ਅਨਜਾਣ ਭੋਲੇ ਭਾਲੇ ਸਿਖਾਂ ਨੂੰ ਪਾਖੰਡੀ ਗੁਰੂ ਬਣ ਕੇ ਭਰਮਾ ਲੈਂਦੇ ਹਨ । ਸੂਝਵਾਨ ਇਨ੍ਹਾਂ ਪਾਖੰਡੀਆਂ ਦੇ ਟਪਲੇ ਵਿਚ ਨਹੀਂ ਆਉਂਦੇ । ਕੋਈ ਚੰਗਾ ਸਿਖ ਤਾਂ ਹੋ ਸ਼ਕਦਾ ਹੈ, ਆਤਮਕ ਤੌਰ ਤੇ ਵੀ ਸਿਖਰ ਛੋਹ ਸਕਦਾ ਹੈ ਪਰ ਓਹ ਫੇਰ ਭੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਨਹੀਂ ਕਰ ਸਕਦਾ । ਅਸੀਂ ਜਹੇ ਸਜਨ ਨੂੰ ਗੁਰਮੁਖ, ਮਹਾਤਮਾਂ ਜਾਂ

ਬਾਬਾ ਜੀ ਆਦਿ ਸ਼ਬਦਾਂ ਨਾਲ ਸਤਿਕਾਰ ਸਕਦੇ ਹਾਂ ਪਰ ਉਨ੍ਹਾਂ ਨੂੰ ਗੁਰੂ ਕਹਿਣਾ ਭੁਲ ਹੈ।

ਜੋ ਸਜਨ ਉਪਰੋਕਤ ਗੁਣਾ ਵਾਲੇ ਨਿਰੰਕਾਰ ਦੇ ਗੁਣ ਗਾਂਦਾ ਹੈ, ਸਿਮਰਨ ਕਰਦਾ ਹੈ ਓਹ ਸਜਨ ਗੁਰੂ ਨਾਨਕ ਸਾਹਿਬ ਜੀ ਦੇ ਕਥਨ "ਜੈਸਾ ਸੇਵੈ ਤੈਸੋ ਹੋਇ" ਅਨੁਸਾਰ ਹਰਿ ਦਾ ਰੂਪ ਹੋ ਉਸ ਨਾਲ ਅਭੇਦ ਹੋ ਜਾਂਦਾ ਹੈ।

ਯਥਾ– ਜਿਨਿ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ।।੩।।੪।।
(ਧਨਾਸਰੀ ਮ: ੪)

ਗੁਰਮੱਤ ਅਨੁਸਾਰ ਜੀਵ ਆਤਮਾ

ਪਿਛੇ ਕੀਤੀ ਗਈ ਵਿਚਾਰ ਅਨੁਸਾਰ ਅਸੀਂ ਜੀਵ ਆਤਮਾ ਸਬੰਧੀ ਹੇਠ ਲਿਖੇ ਨਤੀਜੇ ਕਢੇ ਹਨ :—

(੧) ਨਯਾਇ ਤੇ ਵਸ਼ੇਸ਼ਨ ਜੀਵ ਨੂੰ ਵੀ ਈਸ਼੍ਵਰ ਵਾਂਗ ਹੀ ਅਨਾਦੀ ਮੰਨਦੇ ਹਨ। ਅਨਾਦੀ ਹੋਂਦ ਕਰਕੇ ਇਸਦੀ ਈਸ਼੍ਵਰ ਨਾਲ ਅਭੇਦਤਾ ਅਸੰਭਵ ਹੈ। ਪਰ ਫੇਰ ਭੀ ਈਸ਼੍ਵਰ ਜੀਵ ਦੇ ਕਰਮਾ ਦਾ ਫਲ ਪਰਦਾਤਾ ਹੈ।

(੨) ਸਾਂਖ ਅਨੁਸਾਰ ਪੁਰਸ਼ ਇਕ ਸਰਬ ਵਿਆਪੀ ਤੇ ਸਦੀਵੀ ਹੋਂਦ ਹੈ। ਇਸਦਾ ਪ੍ਰਕ੍ਰਿਤੀ ਨਾਲ ਮੇਲ ਉਸ ਵਿਚ ਚੇਤੰਨਤਾ ਪੈਦਾ ਕਰਦਾ ਹੈ ਤੇ ਇਨ੍ਹਾਂ ਦੋਹਾਂ ਦਾ ਮੇਲ ਹੀ ਸ੍ਰਿਸ਼ਟੀ ਰਚਨਾ ਦਾ ਕਾਰਨ ਹੈ। ਆਤਮਾਵਾਂ ਭਿੰਨ ਭਿੰਨ ਹਨ। ਅਣਗਿਣਤ ਹਨ ਤੇ ਵਿਨਾਸ ਸਮੇਂ ਪਰਕ੍ਰਿਤੀ ਵਿਚ ਹੀ ਲੀਨ ਹੋ ਜਾਂਦੀਆਂ ਹਨ। ਹਰ ਮਨੁਖ ਦਾ ਵਖੋ ਵਖਰਾ ਸੁਭਾ ਇਸ ਦੀ ਅਨੇਕਤਾ ਨੂੰ ਸਿਧ ਕਰਦਾ ਹੈ। ਕਿਸੇ ਦਾ ਬੰਧਨ ਵਿਚ ਹੋਣਾ ਤੇ ਕਿਸੇ ਦਾ ਮੁਕਤ ਹੋਣਾ ਇਸ ਵਿਖੇਪਤਾ ਦਾ ਸਬੂਤ ਹੈ। ਚੇਤਨਾ ਇਸਦਾ ਅਸਲਾ ਕੈਵਲਯ ਇਸਦਾ ਸਭਾਵ ਤੇ ਧਿਆਨ ਇਸਦਾ ਯਤਨ ਹੈ। ਇਹ ਅਨੰਦ ਸਰੂਪ ਵੀ ਨਹੀਂ।

(੩) ਯੋਗ ਭਾਵੇਂ ਈਸ਼੍ਵਰ ਨੂੰ ਵੀ ਅਨਾਦੀ ਹਸਤੀ ਮੰਨਦਾ ਹੈ ਪਰ ਜੀਵ ਆਤਮਾ ਸਬੰਧੀ ਇਸਦੇ ਵਿਚਾਰ ਸਾਂਖ ਨਾਲ ਹੀ ਮਿਲਦੇ ਜੁਲਦੇ ਹਨ।

(੪) ਪੂਰਵ ਮੈਮਾਨਸਾ ਵੀ ਅਣਗਿਣਤ ਆਤਮਾਂ ਦੀ ਹੋਂਦ ਵਿਚ ਨਿਸਚਾ ਰਖਦਾ ਹੈ ਇਸ ਅਨੁਸਾਰ ਅਣਗਿਣਤ ਆਤਮਾਵਾਂ ਨਾਸ਼ਵਾਨ ਦੇਹੀ ਅਤੇ ਗਿਆਨ ਇੰਦ੍ਰੀਆਂ ਤੋਂ ਭਿੰਨ ਹਨ। ਕਰਮ ਕਰਤਾ ਤੇ ਉਨ੍ਹਾਂ ਦੇ ਫਲਾਂ ਦੀਆਂ ਭੋਗਤਾ ਹਨ। ਗਿਆਨ ਦਾ ਅਧਾਰ ਹਨ। ਮਨ ਵੀ ਅਮਰ ਤੇ ਸਰਬ ਵਿਆਪੀ ਹੈ। ਗਿਆਨ ਮਨ ਦੇ ਆਤਮਾ ਨਾਲ ਹੋਏ ਸੰਜੋਗ ਤੋਂ ਉਪਜਦਾ ਹੈ ਪਰ ਦੇਹੀ ਦੇ ਸਥੂਲ ਹੋਣ ਕਰਕੇ ਸੀਮਤ ਰਹਿੰਦਾ ਹੈ। ਮੁਕਤੀ ਸਮੂਹ ਕਰਮਾਂ ਦੇ ਭੁਗਤਾਨ ਕਰਨੇ ਤੇ ਹੀ ਹੋ ਸਕਦੀ ਹੈ। ਮੁਕਤੀ ਤੋਂ ਭਾਵ ਪੁਨਰ ਜਨਮ ਤੋਂ ਛੁਟਕਾਰਾ ਪਾਣਾ ਹੈ ਪਰ ਇਹ ਅਨੰਦ ਦੀ ਅਵਸਥਾ ਨਹੀਂ।

(੫) ਵੇਦਾਂਤ ਅਨੁਸਾਰ ਤੱਤ ਸੱਤ ਤਾਂ ਬ੍ਰਹਮ ਹੀ ਹੈ ਪਰ ਅਗਿਆਨ ਵੀ

ਅਨਾਦੀ ਹੈ, ਜੋ ਦੋ ਪਰਕਾਰ ਦਾ ਹੈ । ਇਕ ਹੈ ਮਾਯਾ ਤੇ ਦੂਜਾ ਅਵਿਦਿਆ । ਜਿਸ ਤਰਾਂ ਸਮੁਚੇ ਅਕਾਸ਼ ਤੇ ਛਾਏ ਬਦਲ ਨੂੰ ਮੇਘ ਤੇ ਵਖੋ ਵਖ ਵਸਦੀਆਂ ਧਾਰਾਂ ਨੂੰ ਬੂੰਦਾਂ ਜਾਂ ਕਣੀਆਂ ਕਿਹਾ ਜਾਂਦਾ ਹੈ, ਇਸੇਤਰਾਂ ਸੰਪੂਰਨ ਅਗਿਆਨ ਦਾ ਨਾਮ ਮਾਇਆ ਅਤੇ ਅਗਿਆਨ ਦੀਆਂ ਭਿੰਨ ਭਿੰਨ ਅੰਸਾਂ ਦਾ ਨਾਮ ਅਵਿਦਿਆ ਹੈ । ਮਾਇਆ ਦਾ ਅਧਿਸਠਾਨ ਚੇਤੰਨ, ਮਾਇਆ ਵਿਚ ਅਧਿਸਠਾਨ ਚੇਤੰਨ ਦਾ ਅਭਾਸ (ਅਕਸ) ਤੇ ਮਾਯਾ ਤਿੰਨਾਂ ਦੇ ਸਮਦਾਇ ਨੂੰ ਈਸ਼੍ਵਰ ਕਹਿੰਦੇ ਹਨ। ਈਸ਼੍ਵਰ ਦਾ ਹੀ ਦੂਸਾ ਨਾਮ ਅਵਯਾਕ੍ਰਿਤ ਬ੍ਰਹਮ ਜਾਂ ਮਾਯਾ ਸਬਲ ਬ੍ਰਹਮਵੀ ਹੈ । ਇਸੇ ਤਰ੍ਹਾਂ—

(੧) ਅਵਿਦਿਆ ਦੇ ਅਧਿਸਠਾਨ ਚੇਤੰਨ ।
(੨) ਅਵਿਦਿਆ ਵਿਚ ਅਭਾਸ਼ ।
(੩) ਅਵਿਦਿਆ ।

ਇੰਨਾਂ ਤਿੰਨਾਂ ਦੇ ਸਮਦਾਇ ਨੂੰ ਜੀਵ ਕਹਿੰਦੇ ਹਨ । ਜਿਸ ਤਰ੍ਹਾਂ ਘੁਮਿਆਰ ਘੜੇ ਨੂੰ ਬਣਾਂਦਾ ਹੈ, ਉਸੇ ਪਰਕਾਰ ਅਗਿਆਨ ਈਸ਼੍ਵਰ ਤੇ ਜੀਵ ਨੂੰ ਉਤਪੰਨ ਨਹੀਂ ਕਰਦਾ, ਸਗੋਂ ਮਿਟੀ ਵਾਂਗ ਕਰਦਾ ਹੈ। ਜਿਵੇਂ ਇਕੋ ਮਿਟੀ ਘਟ ਤੇ ਮਟ ਅਕਾਸ਼ ਪੈਦਾ ਕਰਦੀ ਹੈ, ਇਕੋ ਅਗਿਆਨ ਮਾਇਆ ਤੇ ਅਵਿਦਿਆ ਬਣ ਕੇ ਈਸ਼੍ਵਰ ਤੇ ਜੀਵ ਭਾਵ ਨੂੰ ਕਲਪਦਾ ਹੈ । ਜਿਸ ਤਰ੍ਹਾਂ ਨਿਰਮਲ ਪਾਣੀ ਵਿਚ ਸੂਰਜ ਦਾ ਅਕਸ ਜਿਉਂ ਦਾ ਤਿਉਂ ਪਰਤੀਤ ਹੁੰਦਾ ਹੈ, ਪਰ ਘਸਮੈਲੇ ਪਾਣੀ ਵਿਚ ਉਸੇ ਸੂਰਜ ਦਾ ਅਕਸ ਧੁੰਦਲਾ ਹੁੰਦਾ ਹੈ, ਇਸੇ ਤਰ੍ਹਾਂ ਮਾਇਆ ਵਿਚ ਸ਼ੁਧ ਸਤ੍ਵ ਗੁਣ ਹੈ ਤੇ ਅਵਿਦਿਆ ਵਿਚ ਮਲੀਨ ਸਤ੍ਵ ਗੁਣ। ਇਸ ਕਰ ਕੇ ਮਾਇਆ ਵਿਚ ਪ੍ਰਤਿਬਿੰਦ ਰੂਪ ਈਸ਼੍ਵਰ ਆਪਣਾ ਸ੍ਵਰੂਪ ਭੁਲਿਆ ਨਹੀਂ, ਪਰ ਅਵਿਦਿਆ ਵਿਚ ਧੁੰਦਲਾਇਆ ਜੀਵ ਆਪਣਾ ਸ੍ਵਰੂਪ ਭੁਲ ਗਿਆ ਹੈ।

ਆਤਮਾ ਜਨਮ ਮਰਨ ਵਿਚ ਨਹੀਂ ਆਉਂਦੀ, ਇਹ ਜੀਵ ਆਤਮਾ ਤੇ ਅਨਆਤਮਾ ਦੀ ਮਿਸਰਤ ਹੈ । ਅੰਤਰਕਰਣ ਆਦਿ ਉਪਾਧੀਆਂ ਨਾਲ ਸਬੰਧਤ ਹੋਣ ਕਰ ਕੇ ਇਹ ਭੋਗਤਾ ਬਣਦੀ ਹੈ ਤੇ ਬੰਧਨ ਅਧੀਨ ਹੋ ਬਾਰ ਬਾਰ ਜੰਮਦੀ ਮਰਦੀ ਰਹਿੰਦੀ ਹੈ। ਜਮਨ ਮਰਨ ਦਾ ਭਾਵ ਉਸ ਦੀਆਂ ਉਪਾਧੀਆਂ ਦਾ ਜੰਮਣਾ ਮਰਨਾ ਜਾਂ ਪਰਫੁਲਤ ਹੋਣਾ ਹੈ। ਉਪਾਧੀ ਰਹਿਤ ਆਤਮਾ ਸਾਖੀ ਰੂਪ ਹੈ, ਨਿਰੀ ਪੁਰੀ ਚੇਤੰਨਾ ਹੈ ਜੋ ਆਪ ਤਾਂ ਪਰਿਣਾਮ ਰਹਿਤ ਹੈ, ਪਰ ਸਾਰੇ ਪਰਿਣਾਮ ਇਸ ਦੇ ਵਿਚ ਹੀ ਹੋਂਦੇ ਹਨ। ਇਹ ਸਾਰੇ ਪਰਿਣਾਮਾਂ

ਨੂੰ ਵੇਖਦੀ ਹੈ, ਆਪ ਸਦਾ ਕਾਇਮ ਰਹਿੰਦੀ ਹੈ, ਪਰ ਪਰਿਣਾਮ ਜੋ ਇਹ ਵੇਖਦੀ ਹੈ, ਸਦਾ ਆਉਂਦੇ ਜਾਂਦੇ ਰਹਿੰਦੇ ਹਨ ।

ਸਾਖੀ ਇੰਦ੍ਰੀਆਂ ਦੇ ਗਿਆਨ ਦਾ ਵਿਸ਼ਾ ਨਹੀਂ । ਜਿਵੇਂ ਅੱਖ ਹੋਰ ਵਸਤੂਆਂ ਨੂੰ ਤਾਂ ਵੇਖ ਸਕਦੀ ਹੈ, ਪਰ ਆਪਣੇ ਆਪ ਨੂੰ ਨਹੀਂ ਵੇਖ ਸਕਦੀ, ਇਸ ਤਰ੍ਹਾਂ ਅਸਲੀ ਆਤਮਾ ਇਕ ਗੇਯ ਦੇ ਤੌਰ ਤੇ ਨਹੀਂ ਜਾਣੀ ਜਾ ਸਕਦੀ। ਅਸਲ ਗਲ ਤਾਂ ਇਹ ਹੈ ਕਿ ਕੋਈ ਵੀ ਹਸਤੀ ਇਕੋ ਸਮੇਂ ਤੇ ਗਿਆਤਾ ਤੇ ਗੇਯ ਨਹੀਂ ਹੋ ਸਕਦੀ, ਪਰ ਸਾਖੀ ਹੋਣ ਕਰ ਕੇ ਇਹ ਸੁਤੇ ਪ੍ਰਕਾਸ਼ ਹੈ ।

ਮੁਕਤੀ ਗਿਆਨ ਤੋਂ ਹੁੰਦੀ ਹੈ । ਜਦੋਂ ਜੀਵ ਆਤਮਾ ਨੂੰ ਮੈਂ ਹੀ ਬ੍ਰਹਮ ਤਾਂ ਦਾ ਅਪ੍ਰੋਖ ਗਿਆਨ ਹੋ ਜਾਂਦਾ ਹੈ, ਤਾਂ ਓਹ ਜਨਮ ਮਰਨ ਤੋਂ ਛੁਟਕਾਰਾ ਪਾ ਲੈਂਦਾ ਹੈ । ਇਹ ਗਿਆਨ, ਧਿਆਨ ਤੇ ਵਿਚਾਰ ਦਾ ਸਿਟਾ ਹੈ ।

ਹੁਣ ਅਸੀਂ ਗੁਰਮਤ ਅਨੁਧਾਰ ਮਨੁਖੀ ਜੀਵ ਆਤਮਾ ਸਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹਾਂ—

(੧) ਪਰਮਾਤਮਾ ਤੇ ਜੀਵ ਆਤਮਾ ਦਾ ਅਸਲਾ ਇਕ ਹੈ ।

(੨) ਜੀਵ ਆਤਮਾ ਪਰਮਾਤਮਾ ਦੀ ਅੰਸ਼ ਹੈ, ਪਰ ਆਪਣੀ ਮੌਜੂਦਾ ਹਾਲਤ ਵਿਚ ਇਹ ਪਰਮਾਤਮਾ ਨਹੀਂ ।

(੩) ਪਰਮਾਤਮਾ ਤੇ ਜੀਵ ਉਸੇ ਤਰ੍ਹਾਂ ਸਬੰਧਤ ਹਨ, ਜਿਸ ਤਰ੍ਹਾਂ ਜਲ ਤੇ ਜਲ ਤਰੰਗ, ਸਾਗਰ ਤੇ ਲਹਿਰ, ਦਰਿਆ ਤੇ ਉਸ ਦਾ ਮੰਬਾ, ਸੂਰਜ ਤੇ ਉਸ ਦੀ ਕਿਰਨ, ਅੱਗ ਤੇ ਉਸ ਦੀ ਚੰਗਿਆੜੀ, ਧੂੜ ਤੇ ਉਸ ਦਾ ਕਿਣਕਾ, ਸਾਗਰ ਤੇ ਬੂੰਦ, ਇਹ ਸਾਰੇ ਸਬੰਧ ਏਕਤਾ ਵੀ ਦਰਸਾਂਦੇ ਹਨ ਤੇ ਵਖੇਵਾਂ ਵੀ। ਜਿਸ ਤਰ੍ਹਾਂ ਇਹ ਸਾਰੇ ਇਕ ਵੀ ਹਨ ਤੇ ਵਖ ਵਖ ਵੀ, ਇਸੇ ਤਰ੍ਹਾਂ ਜੀਵ ਆਤਮਾ ਤੇ ਪਰਮਾਤਮਾ ਦੇ ਸਬੰਧ ਜਾਣਨੇ ਚਾਹੀਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਬੰਧ ਦਾ ਵਰਨਨ ਇਸ ਪਰਕਾਰ ਕਰਦੇ ਹਨ—

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੈ,
ਨਿਆਰੇ ਨਿਆਰੇ ਹੋਇ ਕੈ ਫੇਰ ਆਗ ਮੈ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸ਼ਮਾਹਿੰਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥

ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿੰਗੇ ॥

(ਪਾ: ੧੦)

(੪) ਇਹ ਵਖੇਵਾਂ ਹਉਮੈ ਕਰ ਕੇ ਉਪਜਦਾ ਹੈ। ਇਕ ਤੋਂ ਅਨੇਕਤਾ ਦਾ ਭੇਦ ਪਾਉਣ ਵਾਲਾ ਹਉਮੈ ਹੀ ਹੈ। ਇਸ ਹਉਮੈ ਦੇ ਭਰਮ ਭਾਵ ਕਰ ਕੇ ਹੀ ਮਾਇਆ ਤੇ ਅਵਿਦਿਆ ਆਪਣਾ ਅਸਰ ਜੀਵ ਤੇ ਪਾਂਦੀਆਂ ਹਨ ਤੇ ਜੀਵ ਆਤਮਾ ਆਪਣੇ ਆਪ ਨੂੰ ਵਖਰਾ ਜਾਣਦੀ ਤੇ ਰਖਦੀ ਹੈ। ਮਾਇਆ ਇਕ ਪਦਾਰਥਕ ਉਪਾਧੀ ਹੈ ਤੇ ਅਵਿਦਿਆ ਮਾਨਸਕ, ਪਰ ਦੋਵੇਂ ਹੀ ਹਉਮੈ ਜੋ ਮੂਲ ਉਪਾਧੀ ਹੈ, ਦੀ ਉਪਜ ਹਨ। ਅਸੀਂ ਹਉਮੈ ਬਾਰੇ ਅਗੇ ਜਾ ਕੇ ਫੇਰ ਵਿਚਾਰਾਂਗੇ।

ਅਵਿਦਿਆ ਦੇ ਦੂਰ ਹੋਣ ਨਾਲ ਜੀਵ ਆਤਮਾ ਆਪਣੇ ਆਪ ਨੂੰ ਬ੍ਰਹਮ ਰੂਪ ਤਾਂ ਅਨੁਭਵ ਕਰਣ ਲਗ ਜਾਂਦੀ ਹੈ, ਪਰ ਨਿਰਾ ਪੁਰਾ ਇੰਨਾ ਗਿਆਨ ਹੋ ਜਾਣਾ ਹੀ ਕਾਫੀ ਨਹੀਂ, ਅਸਲ ਅਭੇਦਤਾ ਮਾਇਕ ਉਪਾਧੀ ਤੇ ਮੂਲ ਉਪਾਧੀ ਹਉਮੈ ਦੇ ਦੂਰ ਹੋ ਜਾਣ ਤੇ ਹੀ ਹੋਂਦੀ ਹੈ।

ਹਉਮੈ ਇਕ ਧੁਰਾ ਹੈ, ਜਿਸ ਵਿਚੋਂ ਸਾਡੇ ਸੰਸਾਰੀ ਆਪੇ ਦੇ ਕਈ ਪਹਿਲੂ ਉਪਜਦੇ ਹਨ। ਜਿਨ੍ਹਾਂ ਨੂੰ ਅਸੀਂ ਹੇਠ ਲਿਖੀ ਵੰਡ ਅਨੁਸਾਰ ਵੰਡ ਸਕਦੇ ਹਾਂ—

(੧) ਸਰੀਰਕ। (੨) ਸਮਾਜਿਕ। (੩) ਆਤਮਕ।

ਸਾਡਾ ਸਾਰਾ ਸਰੀਰਕ, ਸਮਾਜਿਕ ਤੇ ਆਤਮਕ ਜੀਵਨ ਇਸ ਹਉਮੈ ਦੇ ਸਦਕੇ ਹੀ ਕਾਇਮ ਹੈ। ਇਸ ਹਉਮੈ ਕਰ ਕੇ ਹੀ ਸਾਨੂੰ ਕਰਤਾ ਤੇ ਕਾਰਨ ਵਿਚ ਭਿੰਨਤਾ ਪ੍ਰਤੀਤ ਹੁੰਦੀ ਹੈ।

ਹਉਮੈ ਨੂੰ ਸੋਧਣ ਨਾਲ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਫੇਰ ਸਾਰੇ ਆਪੇ ਨਾਮ ਵਿਚ ਹੀ ਲੀਨ ਹੋ ਜਾਂਦੇ ਹਨ ਤੇ ਨਾਮ ਹੀ ਸਾਰਿਆਂ ਦਾ ਕਰਨ ਕਰਾਣ ਕਰਤਾਰ ਬਣ ਜਾਂਦਾ ਹੈ।

ਅਸਲ ਵਿਚ ਇਹ ਹਉਮੈ ਹੀ ਹੈ, ਜੋ ਮਨੁੱਖ ਦੇ ਜਨਮ-ਮਰਨ, ਦੇਣ-ਲੈਣ, ਨਫਾ-ਨੁਕਸਾਨ, ਸੱਤ-ਅਸੱਤ, ਪੁਨ-ਪਾਪ, ਦੁਖ-ਸੁਖ, ਮੈਲੇ-ਉਜਲੇ, ਜਾਤ-ਪਾਤ, ਗਿਆਨ-ਅਗਿਆਨ, ਤੇ ਮੁਕਤੀ-ਬੰਧਨ ਆਦਿ ਦਾ ਕਾਰਣ ਬਣਦਾ ਹੈ।

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਿਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥

ਹਉ ਵਿਚਿ ਸਚਿਆਰੁ ਕੂੜਿਆਰੁ ॥

ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥
ਮੋਖ ਮੁਕਤਿ ਕੀ ਸਾਰ ਨ ਜਾਣਾ ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥
ਹਉਮੈ ਕਰਿ ਕਰਿ ਜੰਤ ਉਪਾਇਆ ॥
ਹਉਮੈ ਬੂਝੈ ਤਾ ਦਰੁ ਸੂਝੈ ॥
ਗਿਆਨ ਵਿਹੂਣਾ ਕਥਿ ਕਥਿ ਲੂਝੈ ॥
ਨਾਨਕ ਹੁਕਮੀ ਲਿਖੀਐ ਲੇਖ ॥
ਜੇਹਾ ਵੇਖਹਿ ਤੇਹਾ ਵੇਖੁ ॥੧॥੭॥

(ਵਾਰ ਆਸਾ ਮ: ੧)

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥
ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥
ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਹਉਮੈ ਇਹੋ ਹੁਕਮੁ ਹੈ ਪਈਐ ਕਿਰਤਿ ਫਿਰਾਹਿ ॥੨॥੭॥

(ਵਾਰ ਆਸਾ ਮ: ੧)

ਹਉਮੈ ਹੈ ਤਾਂ (ਦੀਰਘ) ਕੁਸ਼ਟ ਰੋਗ-ਪਰ ਲਾ ਇਲਾਜ ਨਹੀਂ। ਗੁਰ ਦੇ ਦਿਤੇ ਹੋਏ ਸ਼ਬਦ ਰੂਪ ਉਪਦੇਸ਼ ਨੂੰ ਕਮਾਣ ਨਾਲ ਇਹ ਰੋਗ ਦੂਰ ਹੋ ਜਾਂਦਾ ਹੈ। ਪਰ ਗੁਰ ਉਪਦੇਸ਼ ਹਾਰੀ-ਸਾਰੀ ਨਹੀਂ ਕਮਾ ਸਕਦਾ। ਜਿਸ ਤੇ ਸਤਿਗੁਰ ਆਪਣੀ ਕਿਰਪਾ ਕਰਦਾ ਹੈ, ਓਹੀਓ ਗੁਰੂ ਕਾ ਸ਼ਬਦ ਕਮਾਂਦਾ ਹੈ। ਇਹ ਕਮਾਈ ਉਸ ਦੀ ਹਉਮੈ ਦੂਰ ਕਰ ਦੇਂਦੀ ਹੈ ਤੇ ਜਗਯਾਸੁ ਪਰਮ ਪਦ ਦੀ ਪਰਾਪਤੀ ਕਰ ਲੈਂਦਾ ਹੈ—

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ਼ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਦਾ ਸਬਦੁ ਕਮਾਇ ॥
ਨਾਨਕੁ ਕਹੈ ਸੁਣਹੁ ਜਨਹੁ, ਇਤਿ ਸੰਜਮਿ ਦੁਖ ਜਾਹਿ ॥੨॥੭॥

(ਆਸਾ ਦੀ ਵਾਰ ਮ: ੧)

ਮੁਕਦੀ ਗੱਲ ਹਉਮੈ ਦੂਰ ਹੋਣ ਤੇ ਜੀਵ ਆਤਮਾ ਆਪਣੇ ਅਸਲ ਰੂਪ ਨੂੰ ਪਛਾਣ ਲੈਂਦੀ ਹੈ। ਬ੍ਰਹਮ ਰੂਪ ਹੋਣ ਕਰ ਕੇ ਇਸ ਦਾ ਅਸਲ ਸੁਭਾ ਪ੍ਰਤੱਖ ਹੋ ਜਾਂਦਾ ਹੈ। ਸਤਿਗੁਰ ਫਰਮਾਂਦੇ ਹਨ, ਇਸ ਪਾਰਬ੍ਰਹਮ ਦਾ ਰੂਪ ਜੀਵ ਆਤਮਾ ਦੀ ਕਥਾ ਵਿਸਮਾਦੀ ਹੈ। ਨਾ ਇਹ ਕਦੇ ਬੁਢਾ ਹੁੰਦਾ ਹੈ, ਨਾ ਇਸ ਤੇ ਕਦੇ ਬਚਪਨ ਆਈ ਹੈ, ਨਾ ਇਹ ਕਦੇ ਮਰਦਾ ਹੈ ਤੇ ਨਾ ਨਾਸ ਹੁੰਦਾ ਹੈ। ਇਹ ਤਾਂ ਅਨਾਦੀ ਅਨੰਤ ਤੇ ਹਰ ਥਾਂ ਵਿਆਪਕ ਹੈ। ਇਸ ਨੂੰ ਨਾ ਗਰਮੀ ਪਹੁੰਚੀ ਹੈ, ਨਾ ਪਾਲਾ ਹੀ ਲਗਦਾ ਹੈ। ਇਹ ਦੋਸਤ ਤੇ ਦੁਸ਼ਮਨ ਦੇ ਭਾਵਾਂ ਤੋਂ ਵੀ ਉਚੀ ਹੈ। ਇਸ ਲਈ ਖੁਸ਼ੀ ਤੇ ਗਮੀ ਵੀ ਸਮਾਨ ਹਨ। ਇਹ ਅਨੰਦ ਸਰੂਪ ਹੈ। ਵਿਛੋੜਾ ਇਸ ਨੂੰ ਨਹੀਂ ਸਤਾਂਦਾ। ਇਹ ਸਭ ਦੀ ਮਾਲਕ ਵੀ ਹੈ ਤੇ ਸਭ ਕੁਝ ਕਰਨ ਯੋਗ ਵੀ। ਇਸ ਦੀ ਨਾ ਕੋਈ ਮਾਂ ਹੈ ਨਾ ਬਾਪ। ਇਹ ਸਮੇਂ ਦੀ ਸੀਮਾ ਤੋਂ ਪਰੇ ਸਦੀਵੀ ਹਸਤੀ ਹੈ। ਇਸ ਨੂੰ ਪਾਪ ਤੇ ਪੁੰਨ ਦਾ ਕੋਈ ਅਸਰ ਨਹੀਂ। ਇਹ ਹਰ ਸਰੀਰ ਵਿਚ ਵਿਆਪਕ ਹੈ ਤੇ ਸਭ ਨੂੰ ਜੀਵਤ ਭਾਵ ਦੇਣ ਵਾਲੀ ਹੈ—

ਅਚਰਜ ਕਥਾ ਮਹਾ ਅਨੂਪ ॥ ਪਰਮਾਤਮਾ ਪਾਰਬ੍ਰਹਮ ਕਾ ਰੂਪ ॥
ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥
ਨਾ ਇਸੁ ਉਸ ਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸ਼ਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਾਹੀ ਇਸੁ ਸੋਗ ॥ ਸਭੁ ਕਿਛੁ ਇਸਕਾ ਇਹੁ ਕਰਨੈ ਜੋਗੁ ॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪ ਨਾ ਲਾਗੈ ॥
ਘਟ ਘਟ ਅੰਤਰਿ ਸਦ ਇਹ ਜਾਗੈ ॥੩॥੧੯॥੨੧॥

(ਗੋਂਡ ਮ: ੫)

ਗੁਰਮਤ ਅਨੁਸਾਰ ਮਨੁਖ

ਗੁਰਮਤ ਅਨੁਸਾਰ ਮਨੁਖ ਨਿਰਾਪੁਰਾ ਸਰੀਰ ਹੀ ਨਹੀਂ। ਇਸ ਵਿਚ ਨਿਰੰਕਾਰੀ ਜੋਤਿ ਦੀ ਚੇਤੰਨਤਾ ਹੈ। ਦੇਹ ਤਾਂ ਇਕ ਪੰਜ ਤੱਤੀ ਢਾਂਚਾ ਹੈ। ਢਾਂਚਾ ਆਪਣੇ ਆਪ ਵਿਚ ਅਚੇਤ ਤੇ ਜੜ੍ਹ ਹੈ। ਹਡੀਆਂ ਨਾੜੀਆਂ ਤੇ ਮਾਸ ਦਾ ਇਕ ਪਿੰਜਰ ਹੈ। ਅਕਾਲ ਪੁਰਖ ਨੇ ਇਸ ਵਿਚ ਆਪਣੀ ਜੋਤਿ ਰਖ ਕੇ ਸਜੀਵ ਕੀਤਾ ਹੈ। ਸਤਿਗੁਰ ਫੁਰਮਾਉਂਦੇ ਹਨ :-

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾਂ ਤੂ ਜਗ ਮਹਿ ਆਇਆ ॥

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥੩੩॥
(ਅਨੰਦ ਰਾਮਕਲੀ ਮ: ੩)

ਭਗਤ ਰਵਿਦਾਸ ਜੀ ਇਸ ਹਡ ਮਾਸ ਤੇ ਨਾੜੀਆਂ ਦੇ ਪਿੰਜਰ ਵਿਚ ਇਕ ਪੰਛੀ ਦੇ ਵਾਸ ਦਾ ਜ਼ਿਕਰ ਕਰਦੇ ਹਨ ਤੇ ਕਹਿੰਦੇ ਹਨ, ਇਹ ਪੰਛੀ ਇਸ ਪਿੰਜਰ ਵਿਚ ਆਰਜ਼ੀ ਤੌਰ ਤੇ ਰਹਿਣ ਲਈ ਆਇਆ ਹੈ। ਮਾਨੋ ਇਸਨੇ ਇਸ ਬ੍ਰਿਛ ਤੇ ਕੇਵਲ ਇਕ ਰਾਤ ਹੀ ਕਟਣੀ ਹੈ। ਫੇਰ ਇਸਨੂੰ ਜਾਣਾ ਹੀ ਪਵੇਗਾ :—

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥੫॥੬॥
(ਸੋਰਠ ਭਗਤ ਰਵਿਦਾਸ ਜੀ)

ਅਸਲ ਵਿਚ ਇਹ ਪੰਛੀ ਓਹ ਨਿਰੰਕਾਰੀ ਜੋਤਿ ਹੀ ਹੈ, ਜਿਸਨੂੰ ਵਿਦਵਾਨ ਜੀਵ ਆਤਮਾ ਦਾ ਨਾਮ ਦੇਂਦੇ ਹਨ । ਇਹ ਜੀਵ ਆਤਮਾ ਕੁਝ ਚਿਰ ਟਿਕਣ ਲਈ ਹੀ ਮਨੁਖੀ ਦੇਹ ਵਿਚ ਆਈ ਹੈ, ਪਰ ਇਸ ਆਰਜ਼ੀ ਰਿਹਾਇਸ਼ ਗਾਹ ਨਾਲ ਹੀ ਮੋਹ ਪਾ ਬੈਠੀ ਹੈ ਤੇ ਇਸਨੂੰ ਆਪਣਾ ਸਮਝ ਬੈਠੀ ਹੈ। ਇਹ ਸਰੀਰਕ ਪਿਆਰ ਹੀ ਹਉਮੈ ਦਾ ਰੂਪ ਧਾਰ ਮੇਰ-ਤੇਰ ਦੇ ਗੇੜ ਵਿਚ ਪਾ ਦੇਂਦਾ ਹੈ ਤੇ ਆਖਰ ਇਹੀ ਮੇਰ-ਤੇਰ ਇਸਦੇ ਦੁਖੀ ਜੀਵਨ ਦਾ ਮੂਲ ਕਾਰਨ ਬਣਦੀ ਹੈ :—

ਮੇਰਾ ਮੇਰਾ ਕਹਿ ਬਿਲ ਲਾਹੀ ॥
ਮਰਣਹਾਰੁ ਇਹੁ ਜੀਅੜਾ ਨਾਹੀ ॥੩॥੪੩॥੧੧੨॥

ਦੁਖ-ਸੁਖ, ਸਰਦੀ-ਗਰਮੀ, ਤਾਪ-ਸੰਤਾਪ ਤਾਂ ਇਸ ਦੇਹ ਨੂੰ ਹੀ ਹੈ। ਇਹ ਸਰੀਰ ਹੀ ਮਿਟੀ ਵਿਚ ਮਿਟੀ ਹੁੰਦਾ । ਇਸ ਵਿਚ ਵਸਦੀ ਆਤਮਾ ਤਾਂ ਇਨ੍ਹਾਂ ਤੋਂ ਅਛੋਹ ਰਹਿੰਦੀ ਹੈ। ਇਕ ਰਸ ਤੇ ਅਬਚਲ ਹੈ। ਨ ਕਦੇ ਬਚਾ ਸੀ, ਨ ਬੁਢਾ ਹੀ ਹੋਣ ਵਾਲਾ ਹੈ, ਪਰ ਹਉਮੈ ਕਾਰਨ ਭੋਗਤਾ ਬਣ ਜਾਂਦਾ ਹੈ :—

ਠੰਡੀ ਤਤੀ ਮਿਟੀ ਖਾਈ ॥
ਓਹੁ ਨ ਬਾਲਾ ਬੂਢਾ ਭਾਈ ॥੧॥੩੩॥
(ਆਸਾ ਮ: ੫)

ਇਹ ਅਬਿਨਾਸ਼ੀ ਜੀਵ ਆਤਮਾ ਹੁਕਮੀ ਬੰਦਾ ਹੈ। ਹੁਕਮ ਵਿਚ ਕਾਰ ਕਮਾਂਵਦਾ ਹੈ। ਇਹ ਸਰੀਰ ਵੀ ਇਸਨੂੰ ਹੁਕਮ ਵਿਚ ਹੀ ਪਰਾਪਤ ਹੁੰਦਾ ਹੈ।

ਓਹੁ ਬੈਰਾਗੀ ਮਰੈ ਨ ਜਾਇ ॥
ਹੁਕਮੇ ਬਾਧਾ ਕਾਰ ਕਮਾਇ ॥੪॥੩੧॥੮੨॥

(ਆਸਾ ਮ: ੧)

ਅਸਲ ਗਲ ਇਹ ਹੈ ਜੋ ਇਸ ਸਰੀਰ ਤੇ ਜੋਤਿ ਦਾ ਸਬੰਧ ਆਦੀ ਨਹੀਂ। ਹੁਕਮ ਅਨੁਸਾਰ ਆਰਜ਼ੀ ਬਣਿਆ ਹੈ, ਇਸ ਲਈ ਇਨ੍ਹਾਂ ਦੀ ਪਰਸਪਰ ਪ੍ਰੀਤੀ ਵੀ ਪਕੀ ਨਹੀਂ ਵਕਤੀ ਹੈ। ਮਨੁਖ ਹਉਮੈ ਅਧੀਨ ਇਸ ਤੇ ਗੱਲ ਮਾਰਕੇ ਆਪਣੀ ਸਮਝਣ ਲਗ ਪੈਂਦਾ ਬਹੁਤਾ ਸਮਾਂ ਇਸਨੂੰ ਪਾਲਣ, ਖੁਆਲਣ ਤੇ ਸੁਖੀ ਰਖਣ ਤੇ ਹੀ ਲਗਾਂਦਾ ਹੈ ਤੇ ਮੁਫਤ ਵਿਚ ਝੂਠ, ਚੋਰੀ, ਠਗੀ ਕਰਦਾ ਤੇ ਹੱਕ ਨਾਹੱਕ ਦੀ ਪਛਾਣ ਤੋਂ ਪਰ੍ਹੇ ਹੋ, ਇਸ ਨਿਰਜੀਵ ਤੇ ਅੰਨ੍ਹੇ ਸਰੀਰ ਦੀ ਹੀ ਸੇਵਾ ਵਿਚ ਜੁਟਾ ਰਹਿੰਦਾ ਹੈ, ਪਰ ਅੰਤ ਨੂੰ ਇਸਨੂੰ ਨਿਰਾਸਤਾ ਹੀ ਹੁੰਦੀ ਹੈ, ਜਦ ਦਰਗਾਹੀ ਹੁਕਮ ਇਸਨੂੰ ਦੇਹ ਛਡਣ ਦੀ ਆਗਿਆ ਕਰਦਾ ਹੈ, ਤਾਂ ਜੀਵ ਆਤਮਾ ਤਾਂ ਕੀਤੇ ਕਰਮਾ ਦਾ ਭੁਗਤਾਨ ਕਰਨ ਲਈ ਅਲਾਹੀ ਅਦਾਲਤ ਵਿਚ ਪੇਸ਼ ਹੋਣ ਲਈ ਟੁਰ ਪੈਂਦਾ ਹੈ ਤੇ ਇਹ ਸਰੀਰ ਇਸਨੂੰ ਜਮਾਂ ਵਸ ਪਾ ਆਪ ਇਥੇ ਹੀ ਰਹਿ ਜਾਂਦਾ ਹੈ। ਇਸ ਸਰੀਰ ਦੇ ਪਿਆਰ ਬਦਲੇ, ਹੁਣ ਇਸਨੂੰ ਮੁੜ ਜੰਮਣ-ਮਰਣ ਦੇ ਗੇੜ ਵਿਚ ਪੈਣਾ ਪੈਂਦਾ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਸੀ ਫੁਰਮਾਂਦੇ ਹਨ :—

ਕਾਇਆ ਹੰਸ ਕਿਆ ਪ੍ਰੀਤ ਹੈ ਜਿ ਪਇਆ ਹੀ ਛਡਿ ਜਾਇ ॥
ਏਸਨੂੰ ਕੂੜਿ ਬੋਲਿ ਕਿ ਖਵਾਲੀਐ ਜਿ ਚਲਦਿਆਂ ਨਾਲਿ ਨ ਜਾਇ ॥
ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥
ਹਉ ਤਾਂ ਮਾਇਆ ਮੋਹਿਆ ਫਿਰਿ ਫਿਰਿ ਆਵਾ ਜਾਇ ॥
ਨਾਨਕ ਹੁਕਮੁ ਨਾ ਜਾਤਾ ਖਸਮ ਕਾ ਜਿ ਰਹਾ ਸਚਿ ਸਮਾਇਆ ॥੭॥

(ਸੂਹੀ ਮ: ੩)

ਮਾਰੂ ਸੋਲਹਿਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੀਵ ਆਤਮਾ ਤੇ ਸਰੀਰ ਦਾ ਇਕ ਆਪਸ ਵਿਚ ਹੋਇਆ ਸੁੰਦਰ ਵਾਰਤਾਲਾਪ (Dialogue) ਛਿੜਿਆ ਹੈ। ਸਰੀਰ ਰੂਪੀ ਪਤਨੀ (ਧਨ) ਆਪਣੇ ਖਸਮ ਜੀਵ ਆਤਮਾ (ਪਤੀ) ਨੂੰ ਪ੍ਰੇਮ ਭਰੇ ਲਹਿਜੇ ਵਿਚ ਬੇਨਤੀ ਕਰਦੀ ਹੈ ਕਿ ਹੇ ਮੇਰੇ ਪਤੀਦੇਵ ਮੈਂ ਤੇ ਤੁਸੀਂ ਜਨਮ ਸਮੇਂ ਤੋਂ ਹੀ ਇਕੱਠੇ ਵੱਸ ਰਹੇ ਹਾਂ। ਤੁਸੀ ਮੇਰੇ ਅਤਿ ਪਿਆਰੇ, ਸੁਖਾਂ ਦੇ ਦਾਤੇ ਤੇ ਬਾਲ ਗੋਪਾਲ ਹੋ। ਭਲਾ ਤੁਹਾਡੇ ਬਿਨਾ ਮੈਂ ਕਿਸ ਜੋਗੀ ਹਾਂ, ਮੇਰੀ ਤਾਂ ਕੌਡੀ ਵੀ ਕੀਮਤ ਤੁਹਾਡੇ ਬਿਨਾ ਨਹੀਂ ਰਹਿੰਦੀ, ਫੇਰ ਮੈਂ ਚਾਹੁੰਦੀ ਹਾਂ ਤੁਸੀਂ ਮੈਨੂੰ ਮੇਰੇ ਨਾਲ ਸਦੀਵ ਕਾਲ ਵਸਣ ਦਾ ਬਚਨ ਦਿਓ। ਦਸੋ ਤੁਸੀਂ ਮੈਨੂੰ ਕਿਤੇ ਛਡਕੇ ਚਲੇ ਤੇ ਨਹੀਂ ਜਾਵੋਗੇ :—

ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥
ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ॥ ਵਚਨੁ ਦੇਹਿ ਛੋਡਿ ਨ ਜਾਸਾ ਹੇ ।

ਜੀਵ ਆਤਮਾ (ਪਤੀ) ਨੇ ਉਤਰ ਦਿਤਾ, ਮੈਂ ਤਾਂ ਆਪਣੇ ਮਾਲਕ ਦਾ ਹੁਕਮੀ ਬੰਦਾ (ਗੁਲਾਮ) ਹਾਂ । ਮੇਰਾ ਮਾਲਕ ਕੋਈ ਅਜਿਹਾ ਨਹੀਂ, ਜਿਸਨੂੰ ਕਿਸੇ ਦੀ ਮੁਥਾਜੀ ਜਾਂ ਡਰ ਹੋਵੇ, ਓਹ ਤਾਂ ਸਭਨਾਂ ਸ਼ਾਹਾਂ ਪਾਤਸ਼ਾਹਾਂ ਤੋਂ ਵੀ ਵਡਾ ਸ਼ਹਿਨਸ਼ਾਹ ਹੈ । ਜਿੰਨਾ ਚਿਰ ਓਹ (ਭਾਰੀ ਠਾਕੁਰ) ਮੈਨੂੰ ਆਗਿਆ ਬਖਸ਼ੇਗਾ ਮੈਂ ਤੇਰੇ ਨਾਲ ਵਸਾਂਗਾ । ਜਦੋਂ ਓਹਦਾ ਬੁਲਾਵਾ ਆ ਗਿਆ, ਮੈਨੂੰ ਬਿਨਾ ਹੁਜਤ ਜਾਣਾ ਹੀ ਪਵੇਗਾ । ਇਸ ਲਈ ਮੈਂ ਅਜਿਹਾ ਬਚਨ ਨਹੀਂ ਦੇ ਸਕਦਾ :-

ਪਿਰਿ ਕਹਿਆ ਹਉ ਹੁਕਮੀ ਬੰਦਾ ॥
ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥
ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਿਣਾ
ਜਾ ਸਦੇ ਤਾਂ ਊਠਿ ਸਿਧਾਸਾ ਹੇ ॥

ਪਰ ਮੂਰਖ ਪਤਨੀ (ਦੇਹ) ਨੂੰ ਆਪਣੇ ਪਤੀ (ਜੀਵ ਆਤਮਾ) ਦੇ ਕਹਿਣ ਤੇ ਪ੍ਰਤੀਤ ਨਹੀਂ ਆਉਂਦੀ । ਉਹ ਮੁੜ ਮੁੜ ਉਸ ਪਾਸੋਂ ਆਪਣੇ ਨਾਲ ਸਦਾ ਵਸਣ ਦਾ ਵਿਸ਼ਵਾਸ ਲੈਣ ਲਈ ਜ਼ਿਦ ਕਰਦੀ ਹੈ। ਉਸ ਭਾਣੇ ਉਹਦਾ ਪਤੀ ਐਵੇਂ ਉਹਦੇ ਨਾਲ ਹਾਸਾ ਮਖੌਲ ਕਰ ਰਿਹਾ ਹੈ :-

ਜਉ ਪ੍ਰਿਅ ਬਚਨ ਕਹੇ ਧਨ ਸਾਚੈ ॥
ਧਨ ਕਛੁ ਨ ਸਮਝੈ ਚੰਚਲਿ ਕਾਚੈ ॥
ਬਾਹੁਰਿ ਬਾਹੁਰਿ ਪਿਰੁ ਹੀ ਸੰਗੁ ਮਾਂਗੈ ॥
ਓਹੁ ਬਾਤ ਜਾਨੈ ਕਰਿ ਹਾਸਾ ਹੇ ॥

ਤੇ ਅੰਤ ਹੋਇਆ ਕਿ:-

ਆਈ ਆਗਿਆ ਪਿਰਹੁ ਬੁਲਾਇਆ ॥
ਨ ਧਨ ਪੁਛੀ ਨ ਮਤਾ ਪਕਾਇਆ ॥
ਓਠਿ ਸਿਧਾਇਓ ਛੁਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ ॥੪॥
(ਮਾਰੂ ਸੋਲਹੇ ਮ: ੫)

ਸੋ ਮਨੁਖਤਾ ਇਸ ਜੀਵ ਆਤਮਾ ਦੇ ਸਦਕੇ ਹੀ ਕਾਇਮ ਹੈ ਤੇ ਇਸ ਜੀਵ ਆਤਮਾ ਦਾ ਅਸਲਾ ਕਰਤਾਰੀ ਹੈ । ਕੁਦਰਤ ਦਾ ਇਕ ਅਟਲ ਕਾਨੂੰਨ ਵੇਖਣ ਵਿਚ ਆਇਆ ਹੈ ਕਿ ਹਰ ਆਪਾ ਆਪਣੇ ਕੇਂਦਰੀ ਆਪੇ ਵਲ ਵਧਦੀ ਹੈ । ਪਾਣੀ ਦੀ ਬੂੰਦ ਸਾਗਰ ਵਲ, ਮਿਟੀ ਦੇ ਕਿਣਕੇ ਧਰਤੀ ਵਲ, ਅੱਗ ਸੂਰਜ ਵਲ । ਫੇਰ

ਇਸ ਜੀਵ ਆਤਮਾ ਨੇ ਵੀ ਦੇਹ ਦੀ ਵਲਗਣ ਵਿਚੋਂ ਨਿਕਲ ਆਪਣੇ ਸਰਬ ਵਿਆਪੀ ਆਪੇ ਪਰਮਾਤਮਾ ਵਲ ਵਧਣਾ ਹੈ ਤੇ ਵਿਕਾਸ਼ ਰਾਹੀਂ ਉਸ਼ ਨਾਲ ਅਭੇਦਤਾ ਪਰਾਪਤ ਕਰਨੀ ਹੈ। ਸਤਿਗੁਰੂ ਹੁਕਮਾਂਦੇ ਹਨ :–

ਮਨ ਤੂੰ ਜੋਤਿ ਸਰੂਪ ਹੈ ਅਪਣਾ ਮੂਲ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲ ਪਛਾਣਹਿ ਤ ਸਹਿ ਜਾਣੈ ਮਰਣ ਜੀਵਣ ਕੀ ਸੋਝੀ ਹੋਈ ॥
ਗੁਰਪ੍ਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥
ਮਨਿ ਸ਼ਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕ ਮਨੁ ਤੂ ਜੋਤਿ ਸਰਪੁ ਹੈ ਅਪਣਾ ਮੂਲ ਪਛਾਣੁ ॥
(ਆਸਾ ਮ: ੩ ਛੰਤ)

ਹੁਣ ਸਾਇੰਸਦਾਨ ਵੀ ਮਨੁਖਤਾ ਨੂੰ ਆਤਮਾ ਦੀ ਚੇਤੰਨਤਾ ਤੇ ਪਰਕ੍ਰਿਤੀ ਦਾ ਸੁਮੇਲ ਮੰਨਣ ਲਗ ਪਏ ਹਨ। ਭਾਈ ਸਾਹਿਬ ਭਾਈ ਜੋਧ ਸਿੰਘ ਜੀ ਇਸ ਸੁਮੇਲ ਨੂੰ ਐਡਿੰਗਸਟਨ ਦੇ ਕੁਝ ਹਵਾਲੇ ਦੇ ਕੇ ਸਿਧ ਕਰਦੇ ਹਨ। ਗੁਰਮਤ ਨਿਰਣੈ ਵਿਚੋਂ ਮੈਂ ਉਹਨਾਂ ਦੇ ਕੁਝ ਕੁ ਵਿਚਾਰ ਪਾਠਕਾਂ ਦੀ ਵਿਚਾਰ ਗੋਚਰੇ ਹੇਠਾਂ ਦੇਂਦਾ ਹਾਂ :–

"ਕੋਈ ਸਜਣ ਇਕ ਮੇਜ਼ ਵੇਖਦਾ ਹੈ। ਪ੍ਰੰਤੂ ਮੇਜ਼ ਦੇ ਮਾਦੀ ਹਿਸੇ ਵਿਚ ਓਹ ਨੁਕਤਾ ਨਹੀਂ, ਜਿਥੇ ਅੰਤਹ ਕਰਣ ਦੀ ਛੋਹ ਮੇਜ਼ ਨਾਲ ਹੈ। ਮੇਜ਼ ਤੋਂ ਰੋਸ਼ਨੀ ਦੀਆਂ ਲਹਿਰਾਂ ਉਠ ਕੇ ਅੱਖਾਂ ਤੀਕ ਅਪੜਦੀਆਂ ਹਨ। ਪੁਤਲੀ ਵਿਚ ਰਸਾਇਨਕ ਤਬਦੀਲੀਆਂ ਪੈਦਾ ਹੁੰਦੀਆਂ ਹਨ। ਫੇਰ ਵੇਖਣ ਨਾਲ ਸਬੰਧ ਰਖਣ ਵਾਲੀਆਂ ਨਸਾਂ ਵਿਚ ਕੋਈ ਅਮਲ ਹੋਂਦਾ ਹੈ, ਫਿਰ ਦਿਮਾਗ ਦੇ ਪਰਮਾਣੂਆਂ ਵਿਚ ਅਦਲਾ ਬਦਲੀ ਹੋਂਦੀ ਹੈ। ਚੇਤੰਨਾ ਵਿਚ ਅੰਤਮ ਛਾਲ ਕਦੋਂ ਵਜਦੀ ਹੈ, ਇਹ ਸਪਸ਼ਟ ਨਹੀਂ। ਅਸੀਂ ਪਦਾਰਥਕ ਸੰਸਾਰ ਦੇ ਸੁਨੇਹੇ ਦੀ ਅੰਤਲੀ ਪਉੜੀ ਨੂੰ ਨਹੀਂ ਜਾਣਦੇ। ਪੇਸ਼ਤਰ ਇਸਦੇ ਕਿ ਇਹ ਸਨੇਹਾ ਚੇਤਨਤਾ ਵਿਚ ਇਕ ਹਿਸੇ ਦਾ ਰੂਪ ਧਾਰਦਾ ਹੈ।" (ਗੁਰਮਤਿ ਨਿਰਣਯ ਪੰਨਾ ੩੯)

ਸਾਇੰਸਵੇਤਾ ਹੁਣ ਇਹ ਵੀ ਤਸਲੀਮ ਕਰ ਚੁਕੇ ਹਨ, ਜੋ ਬਾਹਰ ਦੇ ਸੁਨੇਹੇ ਕੇਵਲ ਗਿਆਨ ਇੰਦ੍ਰੀਆਂ ਤਕ ਹੀ ਪੁਜਦੇ ਹਨ। ਅਗੋਂ ਇਸ ਖਟ ਖਟ ਤੋਂ ਅਸਲ ਸੁਨੇਹਾ ਕਿਵੇਂ ਬੁਝਿਆ ਜਾਂਦਾ ਹੈ ਪਦਾਰਥਕ ਖੋਜੀਆਂ ਨੂੰ ਅਜੇ ਸਮਝ ਨਹੀਂ ਆ ਸਕਿਆ। ਐਡਿੰਗਸਟਨ ਆਪਣੀ ਕਿਤਾਬ ਦੇ ਸਫਾ ੯੯ ਤੇ ਇਸ ਬਾਰੇ ਲਿਖਦਾ ਹੈ :–

Forwarded with compliments from
the Department of Education.
Govt. of India

"ਪਦਾਰਥਕ ਸੰਸਾਰ ਦੇ ਅਸਰਾਂ ਦੇ ਖੋਜ ਮਗਰ ਅਸੀਂ ਅੰਤਹ ਕਰਨ ਦੇ ਦਰ ਤਕ ਜਾ ਸਕਦੇ ਹਾਂ। ਓਥੇਂ ਦਰਵਾਜ਼ਾ ਖਟ ਖਟਾ ਕੇ ਉਹ ਤੁਰ ਜਾਂਦੇ ਹਨ।

(ਗੁਰਮਤਿ ਨਿਰਣਯ)

ਐਡਿੰਗਸਟਨ ਇਹ ਵੀ ਮੰਨਦਾ ਹੈ ਕਿ ਅੰਤਹ ਕਰਣ ਨੂੰ ਮਾਦੇ ਦੇ ਪਰਮਾਣੂਆਂ ਪੁਰ ਵਸ਼ੀਕਾਰ ਹੈ। ਆਪਣੀ ਪੁਸਤਕ ਦੇ ਸਫਾ ੩੧੩ ਉਤੇ ਓਹ ਲਿਖਦਾ ਹੈ :–

"ਮਾਲੂਮ ਹੁੰਦਾ ਹੈ ਕਿ ਸਾਨੂੰ ਅੰਤਰ ਕਰਨ ਵਿਚ ਅਜਿਹੀ ਤਾਕਤ ਮੰਨਣੀ ਜ਼ਰੂਰੀ ਹੈ, ਜਿਸ ਦਵਾਰਾ ਓਹ ਨਿਰਾ ਵਖੋ ਵਖਰੇ ਪਰਮਾਣੂਆਂ ਦੇ ਰਵੱਈਏ ਦਾ ਹੀ ਫੈਸਲਾ ਨਹੀਂ ਕਰਦਾ, ਸਗੋਂ ਵਡੇ ਪਰਮਾਣੂਆਂ ਦੇ ਸੰਮੂਹਾਂ ਤੇ ਬਾਕਾਇਦਾ ਅਸਰ ਪਾ ਸਕਦਾ ਹੈ। ਅਰਥਾਤ ਓਹਦੇ ਵਿਚ ਇਹ ਸ਼ਕਤੀ ਹੈ ਕਿ ਉਹ ਪਰਮਾਣੂਆਂ ਦੇ ਰਵੱਈਏ ਦੇ ਸੰਭਵ ਸਿਟਿਆਂ ਨੂੰ ਬਦਲ ਦੇਵੇ।"

(ਗੁਰਮਤਿ ਨਿਰਣਯ ਪੰਨਾ ੩੯)

ਇਸੇ ਤਰ੍ਹਾਂ ਐਡਿੰਗਸਟਨ ਦੇ ਸ਼ਫਾ ੩੧੧ ਤੋਂ ਇਹ ਵੀ ਪਰਤੀਤ ਹੁੰਦਾ ਹੈ, ਜੋ ਚੇਤੰਨਤਾ ਤੇ ਨਿਰਨਾ ਕਰਨ ਦਾ ਗੁਣ ਸਰੀਰ ਵਿਚ ਨਹੀਂ, ਸਗੋਂ ਇਹ ਆਤਮਾ ਵਿਚ ਹੈ—

"ਨਿਰਾ ਮਾਦੇ ਦੀ ਹਸਤੀ ਮੰਨਣ ਵਾਲਿਆਂ ਦਾ ਇਹ ਖਿਆਲ ਕਿ ਹਰਕਤਾਂ, ਜਿਹੜੀਆਂ ਸਾਡੀ ਇਛਾ ਕਰਦੀ ਪਰਤੀਤ ਹੁੰਦੀ ਹੈ, ਅਸਲ ਵਿਚ ਸਾਡੇ ਦਿਮਾਗ ਵਿਚ ਦੋ ਮਾਦੀ ਅਮਲਾਂ ਦੀਆਂ ਪ੍ਰਤੀਇੰਬਕ ਕਿਰਿਆ ਹਨ। ਇਛਾ ਦੀ ਕਿਰਿਆ ਪਦਾਰਥਕ ਅਮਲ ਦਾ ਇਕ ਗੈਰ ਜ਼ਰੂਰੀ ਗੌਣ ਸਿਟਾ ਹੈ, ਜੋ ਉਸ ਵੇਲੇ ਪੈਦਾ ਹੋ ਜਾਂਦਾ ਹੈ। ਪਰ ਇਹ ਨਤੀਜਾ ਇਸ ਮਨੌਤ ਪੁਰ ਨਿਰਭਰ ਰਖਦਾ ਹੈ ਕਿ ਪਦਾਰਥਕ ਨੀਯਮਾਂ ਦੀ ਦਿਮਾਗ਼ ਪੁਰ ਵਰਤੋਂ ਅਸੀਂ ਪੂਰੀ ਤਰ੍ਹਾਂ ਜਾਣਦੇ ਹਾਂ। ਇਹ ਕਹਿਣਾ ਕਿ ਇਕ ਚੇਤੰਨ ਦਿਮਾਗ ਦਾ ਰਵੱਈਆ ਐਨ ਉਕਰਦਾ ਹੀ ਹੈ, ਜਿਹੋ ਜਿਹਾ ਇਕ ਮਸ਼ੀਨੀ ਦਿਮਾਗ਼ ਦਾ, ਕੋਈ ਅਰਥ ਨਹੀਂ ਰਖਦਾ, ਜੇ ਕਰ ਮਸ਼ੀਨੀ ਰਵੱਈਏ ਤੋਂ ਅਸੀਂ ਅਗਿਆਤ ਹੋਈਏ। ਜੇ ਕਦੀ ਪਦਾਰਥ ਵਿਦਿਆ ਦੇ ਨਿਯਮ ਬਿਲਕੁਲ ਅਜਿਹੇ ਨਹੀਂ ਕਿ ਸਿਟਾ ਇਕੋ ਕਾਰਨ ਤੋਂ ਨਿਕਲੇ, ਤਾਂ ਵਧੀਕ ਤੋਂ ਵਧੀਕ ਅਸੀਂ ਇਹੋ ਕਹਿ ਸਕਦੇ ਹਾਂ ਕਿ ਚੇਤੰਨ ਦਿਮਾਗ਼ ਦਾ ਰਵੱਈਆ ਮਸ਼ੀਨੀ ਦਿਮਾਗ਼ ਦੇ ਕਈ ਸੰਭਵ ਰਵੱਈਆਂ ਵਿਚੋਂ ਇਕ ਹੈ। ਐਨ ਠੀਕ ਇਹੋ ਹੀ

ਗੱਲ ਹੈ ਤੇ ਸੰਭਵ ਰਵੱਈਆਂ ਵਿਚੋਂ ਚੋਣ ਕਰਨ ਨੂੰ ਹੀ ਅਸੀਂ ਇਛਾ ਆਖਦੇ ਹਾਂ ।"

(ਗੁਰਮਤਿ ਨਿਰਣਯ ਸਫਾ ੪੧)

ਸੋ ਉਪਰੋਕਤ ਵਿਚਾਰ ਤੋਂ ਅਸੀਂ ਇਸ਼ ਸਿਟੇ ਤੇ ਸਹਿਜੇ ਹੀ ਅਪੜ ਜਾਂਦੇ ਹਾਂ, ਜੋ ਮਨੁੱਖ ਨਿਰਾ ਪੁਰਾ ਸਰੀਰ ਹੀ ਨਹੀਂ ਤੇ ਨਾ ਹੀ ਇਹ ਇਕ ਮਸ਼ੀਨੀ ਗਠ ਜੋੜ ਹੈ, ਸਗੋਂ ਦੇਹ ਤੇ ਆਤਮਾ ਦਾ ਸੁੰਦਰ ਮੇਲ ਹੈ । ਇਹ ਆਤਮਾ ਹੀ ਨਿਰੰਕਾਰ ਦੀ ਜੋਤਿ ਹੈ ।

ਆਤਮਾ ਤੇ ਸਰੀਰ ਮਿਲ ਕੇ ਹੀ ਗਿਆਨ ਤੇ ਕਰਮ ਇੰਦ੍ਰੀਆਂ ਰਾਹੀਂ ਕਰਮ ਕਰਦੇ ਹਨ । ਸਰੀਰ ਬਿਨਾਂ ਨਿਰੀ ਚੇਤੰਨਤਾ ਵੀ ਕਰਮ ਕਰਨ ਦੀ ਸ਼ਕਤੀ ਨਹੀਂ ਰਖਦੀ ਤੇ ਸਰੀਰ ਵੀ ਆਤਮਾ ਬਿਨਾਂ ਲੋਥ ਹੀ ਹੈ । ਕਿਉਂਕਿ ਆਤਮਾ ਤੇ ਪਰਮਾਤਮਾ ਦਾ ਅਸਲਾ ਇਕ ਹੈ, ਇਸ ਲਈ ਆਤਮਾ ਨੇ ਉਸ ਵਿਚ ਅਭੇਦ ਹੋਣਾ ਹੈ ਸਰੀਰ ਨੇ ਨਹੀਂ ਤੇ ਇਹ ਅਭੇਦਤਾ ਹਉਮੈ ਦੇ ਨਾਸ਼ ਹੋਣ ਤੇ ਹੀ ਹੁੰਦੀ ਹੈ । ਸਤਿਗੁਰੂ ਫੁਰਮਾਂਦੇ ਹਨ—

ਨਾ ਓਹੁ ਮਰਤਾ ਨਾ ਹਮ ਡਰਿਆ ॥
ਨਾ ਓਹੁ ਬਿਨਸ ਨਾ ਹਮ ਕੜਿਆ ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥
ਨਾ ਉਸੁ ਦੂਖੁ ਨ ਹਮ ਕਉ ਦੂਖੇ ॥੧॥
ਅਵਰੁ ਨਾ ਕੋਊ ਮਾਰਨਵਾਰਾ ॥
ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥
ਨਾ ਉਸੁ ਬੰਧਨ ਨਾ ਹਮ ਬਾਧੇ ॥
ਨਾ ਉਸੁ ਧੰਧਾ ਨਾ ਹਮ ਧਾਵੇ ॥
ਨਾ ਉਸੁ ਮੈਲੁ ਨ ਹਮ ਕਉ ਮੈਲਾ ॥
ਉਸੁ ਅਨੰਦੁ ਤ ਹਮ ਸਦ ਕੇਲਾ ॥੨॥
ਨਾ ਉਸੁ ਸੋਚ ਨ ਹਮ ਕਉ ਸੋਚਾ ॥
ਨਾ ਉਸੁ ਲੇਪੁ ਨ ਹਮ ਕਉ ਪੋਚਾ ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸ਼ਨਾ ॥
ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥
ਹਮ ਕਛੁ ਨਾਹੀ ਏਕੋ ਓਹੀ ॥
ਆਗੈ ਪਾਛੈ ਏਕੋ ਸੋਈ ॥

ਨਾਨਕ ਗੁਰਿ ਖੋਏ ਭ੍ਰਮ ਭੰਗਾ ॥
ਹਮ ਓਇ ਮਿਲਿ ਹੋਏ ਇਕ ਰੰਗਾ ॥੪॥

(ਆਸਾ ਮ: ੫)

ਇਸ ਇਕ ਰੰਗ ਹੋਣ ਤੇ ਹੀ ਮਨੁਖਤਾ ਸੰਪੂਰਨ ਹੁੰਦੀ ਹੈ। ਮਨੁੱਖਾ ਦੇਹੀ ਸਰਬ ਸ੍ਰੇਸ਼ਟ ਵੀ ਹੈ। ਇਸ ਨੂੰ ਸਾਮੀ ਮਤਾਂ ਵਾਲੇ ਅਸ਼ਰਫੁਲ ਮਖਲੂਕਾਤ ਕਰ ਕੇ ਕਹਿੰਦੇ ਹਨ। ਬ੍ਰਾਹਮਣ ਮਤਿ ਇਸ ਨੂੰ ਰਾਮ ਦੀ ਅੰਸ਼ ਅਥਵਾ ਸਰਬ ਉਤਮ ਜੂਨੀ ਕਹਿੰਦੇ ਹਨ। ਗੁਰਮਤਿ ਅਨੁਸਾਰ ਵੀ ਇਸ ਨੂੰ ਪਰਮੌਤਮ ਪਦਵੀ ਹਾਸਲ ਹੈ। ਸਾਹਿਬ ਫੁਰਮਾਂਦੇ ਹਨ :

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥੪॥੧੨॥

(ਆਸਾ ਮ: ੫)

ਆਸਾ ਦੀ ਵਾਰ ਵਿਚ ਇਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਮੇਰੁ ਸਰੀਰੁ' ਆਖਿਆ ਹੈ। ਮੇਰੁ ਦਾ ਭਾਵ ਵੀ ਇਸ ਨੂੰ ਸਭ ਤੋਂ ਉਤਮ ਕਹਿਣਾ ਹੈ। ਜਿਵੇਂ ਮਾਲਾ ਦੇ ਮਣਕਿਆਂ ਵਿਚੋਂ ਮੇਰੂ ਮਣਕਾ ਤੇ ਪਰਬਤਾਂ ਵਿਚੋਂ ਸੁਮੇਰ ਪਰਬਤ ਉਤਮ ਹੈ, ਤਿਵੇਂ ਜੂਨਾਂ ਵਿਚੋਂ ਮਨੁੱਖਾ ਜੂਨ ਸਰਬ ਸਰੇਸ਼ਟ ਹੈ। ਇਸ 'ਮੇਰੂ ਸਰੀਰ' ਦੇ ਸਤਿਗੁਰੂ ਦੋ ਹਿਸੇ ਦਸਦੇ ਹਨ। ਇਕ ਰਥ ਹੈ ਤੇ ਦੂਜਾ ਇਸ ਰਥ ਨੂੰ ਹਾਂਕਣ ਵਾਲਾ ਰਥਵਾਨ ਹੈ। ਮਾਨੋਂ ਸਰੀਰ ਇਕ ਰਥ ਹੈ ਤੇ ਇਸ ਨੂੰ ਜੀਵ ਆਤਮਾ ਰਥਵਾਨ ਬਣਕੇ ਚਲਾਂਦਾ ਹੈ। ਗਿਆਨਵਾਨ ਸਜਨ ਇਸ ਗੱਲ ਨੂੰ ਚੰਗੀ ਤਰ੍ਹਾਂ ਬੁਝ ਚੁਕੇ ਹਨ, ਜੋ ਰਥ ਤਾਂ ਸਮੇਂ ਸਮੇਂ ਬਦਲਦਾ ਰਹਿੰਦਾ ਹੈ, ਪਰ ਰਥਵਾਨ ਅਸਲੇ ਕਰ ਕੇ ਅਬਚਲ ਤੇ ਅਬਨਾਸ਼ੀ ਹੈ, ਪਰ ਉਪਾਧੀਆਂ ਦਾ ਗ੍ਰਸਿਆ ਮੁੜ-ਮੁੜ ਨਵੇਂ ਸਰੀਰ ਧਾਰਨ ਕਰ ਲੈਂਦਾ ਹੈ। ਜਿਸ ਤਰ੍ਹਾਂ ਵੱਖੋ ਵਖ ਫਸਲਾਂ ਨੂੰ ਬੀਜਣ ਲਈ ਖਾਸ-ਖਾਸ ਰੁਤਾਂ ਨੀਯਤ ਹਨ, ਇਸੇ ਤਰ੍ਹਾਂ ਇਸ ਜੀਵ ਆਤਮਾ ਦੇ ਵਿਕਾਸ਼ ਕਰਕੇ ਆਪਣੇ ਅਸਲੇ ਪਰਮਾਤਮਾ ਨਾਲ ਮਿਲਣ ਲਈ, ਇਹ ਮਨੁੱਖਾ ਜਨਮ ਖਾਸ ਰੁਤ ਹੈ। ਇਸ ਰੁਤ ਵਿਚ ਹੀ ਨਾਮ ਰੰਗ ਵਿਚ ਰੰਗੀਜ ਇਹ ਵਾਹਿਗੁਰੂ ਨਾਲ ਅਭੇਦ ਹੋ ਸਕਦੀ ਹੈ। ਇਸੇ ਤਰ੍ਹਾਂ ਗੁਰੂ ਜੀ 'ਇਕ ਹੋਰ ਮਸਾਲ ਰਾਹੀਂ, ਇਹ ਸਮਝਾਣ ਦਾ ਯਤਨ ਕਰਦੇ ਹਨ ਕਿ ਕੋਰੇ ਕਪੜੇ ਤੇ ਜੀਕਰ ਚੰਗੀ ਤਰ੍ਹਾਂ ਰੰਗ ਨਹੀਂ ਨਿਖਰਦਾ, ਓਹਨੂੰ ਪਹਿਲੇ ਖੁੰਬੇ ਚਾੜ੍ਹਨਾ ਪੈਂਦਾ ਹੈ, ਫੇਰ ਓਹਨੂੰ ਕਿਸੇ ਚੀਜ਼ ਦੀ ਪਾਹ ਦੇਣੀ ਪੈਂਦੀ ਹੈ। ਇਸੇ ਤਰ੍ਹਾਂ ਇਸ ਮਨ ਨੂੰ ਪਹਿਲੇ ਵਾਹਿਗੁਰੂ ਜੀ ਦੇ ਨਿਰਮਲ ਭੈ ਵਿਚ ਲਿਆਕੇ ਖੁੰਬ ਚੜ੍ਹਾਵੇ ਤੇ ਫੇਰ ਉਦਮ ਦੀ ਪਾਹ ਦੇ ਕੇ ਭਗਤੀ ਦਾ ਰੰਗ ਚੜ੍ਹਾਵੇ, ਤਾਂ ਸਚ ਦਾ ਸ਼ੋਖ ਰੰਗ

ਆਪ ਮੁਹਾਰਾ ਉਘੜ ਆਵੇਗਾ ਤੇ ਕੂੜ ਦੀ ਮੈਲ ਨੇੜੇ ਨਹੀਂ ਢੁਕ ਸਕੇਗੀ—

ਨਾਨਕੁ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥੧॥੧੩॥

(ਸਲੋਕ ਮ: ੧)

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥੧੧॥

7779 (ਸਲੋਕ ਮ: ੧) (ਆਸਾ ਦੀ ਵਾਰ)

ਮਨੁੱਖਾ ਜਨਮ ਗੋਬਿੰਦ ਮਿਲਣ ਦੀ ਇਕੋ ਇਕ ਰੁਤ ਹੈ। ਇਸ ਤੋਂ ਬਿਨਾ ਹਉਮੈ ਰੂਪੀ ਕਲਯੁਗ ਨਾਲ ਟਕਰ ਲੈਣ ਦੀ ਹੋਰ ਕੋਈ ਰੁਤ ਨਹੀਂ ਤੇ ਜਦ ਤਕ ਮਨੁੱਖ ਹਉਮੈ ਤੇ ਵਿਜੈ ਨਹੀਂ ਪਰਾਪਤ ਕਰ ਲੈਂਦਾ, ਓਦੋਂ ਤਕ ਵਾਹਿਗੁਰੂ ਨਾਲ ਅਭੇਦਤਾ ਹੋ ਹੀ ਨਹੀਂ. ਸਕਦੀ। ਇਸ ਲਈ ਸਤਿਗੁਰੂ ਸਾਨੂੰ ਸਾਵਧਾਨ ਕਰਦੇ ਹਨ—

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥੨॥੧੮॥

(ਬਸੰਤ ਮ: ੫)

ਮਨੁੱਖਾ ਜੂਨ ਤਾਂ ਜਾਨ ਨੂੰ ਅਨੇਕਾਂ ਜੋਖਾਂ ਵਿਚ ਪੈਣ ਮਗਰੋਂ ਅਨੰਤ ਜੂਨਾਂ ਦਾ ਭੁਗਤਾਨ ਭੁਗਤਣ ਮਗਰੋਂ ਹੀ ਨਸੀਬ ਹੋਈ ਹੈ, ਇਸ ਲਈ ਸਾਹਿਬ ਕਹਿੰਦੇ ਹਨ, ਇਸ ਨੂੰ ਅਜਾਈਂ ਗਵਾਣਾ ਠੀਕ ਨਹੀਂ। ਇਹ ਤਾਂ ਪ੍ਰਿਆ (ਵਾਹਿਗੁਰੂ) ਪ੍ਰਾਪਤੀ ਲਈ ਇਕ ਔਸਰ ਮਿਲਿਆ ਹੈ :

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ਼ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲ ਜਗਦੀਸ਼ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥

ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭਹਿ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚੁਰਾਸੀ ਜੋਨਿ ਭ੍ਰਮਾਇਆ ॥੨॥੩॥੭੨॥
(ਗਉੜੀ ਗਵਾਰੇਰੀ ਮ: ੫)

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥੨॥੪॥
(ਆਸਾ ਮ: ੫)

ਚੇਤੇ ਰਖੀਂ—

ਲਖ ਚਉਰਾਸੀ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸ ਪਉੜੀ ਤੇ ਜੋ ਨਰ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥੧॥੫॥
(ਮਾਰੂ ਸੋਲਹੇ ਮ: ੫)

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥
(ਸੋਰਠ ਮ: ੯)

ਨਹੀਂ ਤਾਂ—

ਪਉੜੀ ਛੁੜਕੀ ਮੁੜਿ ਹਥ ਨ ਆਵੈ ॥ ਅਹਿਲਾ ਜਨਮੁ ਗਵਾਇਆ ॥ ॥

ਮੁਕਦੀ ਗੱਲ ਇਹ ਆਵਾਜਾਈ, ਉਪਜਣਾ ਤੇ ਬਿਨਸਣਾ, ਰੋਣਾ ਧੋਣਾ ਤੇ ਆਵਾਗਵਨ ਵਿਚ ਪੈਣਾ ਓਦੋਂ ਤਕ ਜਾਰੀ ਰਹਿਣਾ ਹੈ, ਜਦ ਤਕ ਅਸਲਾ ਅਸਲੇ ਵਿਚ ਨਹੀਂ ਸਮਾ ਜਾਂਦਾ। ਆਪੇ ਨੂੰ ਆਪੇ ਦੀ ਸੋਝੀ ਨਹੀਂ ਹੋਣੀ। ਜੋਤਿ ਵਿਚ ਜੋਤਿ ਨਹੀਂ ਸਮਾਣੀ। ਨਾਮ ਰਾਹੀਂ ਜਦ ਹਉਮੈ ਦਾ ਅੰਡਾ ਫੁਟੇਗਾ, ਤਾਂ ਅੰਦਰਿ ਵਸਦੀ ਹਰੀ ਦੀ ਜੋਤਿ ਪਰਗਾਸ਼ ਹੋ ਪਵੇਗੀ ਤੇ ਫੇਰ—

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦ ਖਲਾਸੁ ॥੧॥
ਆਵਣੁ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ ॥
ਗੁਰਿ ਸੀਤਲ ਨਾਮੁ ਦੀਓ ॥੧॥ਰਹਾਉ ॥੫॥੧੪॥
(ਮਾਰੂ ਮ: ੫)

ਭਾਗ ਦੂਜਾ

ਅਨ-ਵੈਦਿਕ ਭਾਰਤੀ ਮੱਤ

ਜੈਨ ਮੱਤ

ਜੈਨ ਮੱਤ ਬੁਧ ਧਰਮ ਤੋਂ ਪਹਿਲਾਂ ਦਾ ਵਜੂਦ ਵਿਚ ਆਇਆ ਜਾਪਦਾ ਹੈ। ਕਿਉਂਕਿ ਵੇਦਾਂ ਵਿਚ ਯਗਾਂ ਵਿਚ ਜੀਵਾਂ ਦੇ ਬਲੀਦਾਨ ਕਰਨ ਦੇ ਨਾਲ ਨਾਲ ਹੀ ਅਹਿੰਸਾ ਦਾ ਖਿਆਲ ਵੀ ਤੁਰਿਆ ਰਿਹਾ ਹੈ। ਇਸ ਲਈ ਹੋ ਸਕਦਾ ਹੈ, ਜੋ ਅਹਿੰਸਾ ਦਾ ਪਰਚਾਰ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਵੀ ਹੁੰਦਾ ਹੋਵੇ। ਪਰ ਹੈਰਾਨੀ ਇਸ ਗਲ ਤੇ ਹੁੰਦੀ ਹੈ ਕਿ ਖਤਰੀ ਤਾਂ ਅਹਿੰਸਾ ਦੇ ਸਿਧਾਂਤ ਨੂੰ ਸਹੀ ਜਾਣ ਪ੍ਰੋੜਤਾ ਕਰਦੇ ਰਹੇ ਤੇ ਬ੍ਰਾਹਮਣ ਜੋ ਧਰਮ ਦੇ ਅਸਲੀ ਪਰਚਾਰਕ ਸਨ, ਯਗਾਂ ਵਿਚ ਜੀਵਾਂ ਦੀ ਬਲੀ ਦੇਣ ਦਾ ਪੱਖ ਵੇਦਕ ਰੀਤੀ ਅਨੁਸਾਰ ਕਹਿ ਕੇ ਪੂਰਦੇ ਰਹੇ।

ਰਿਸ਼ਭ ਮੁਨੀ ਜੀ ਇਸ ਮਤ ਦੇ ਮੋਢੀ ਮੰਨੇ ਜਾਂਦੇ ਹਨ। ਇਨ੍ਹਾਂ ਤੋਂ ਬਾਹਦ ਇਸ ਮਤ ਦੇ ੨੨ ਤੀਰਥੰਕਰ ਹੋਰ ਹੋਏ ਦਸੀਦੇ ਹਨ। ਇਨ੍ਹਾਂ ਬਾਈਆਂ ਦੇ ਅੰਤਲੇ ਤੀਰਥੰਕਰ ੫੯੯ ਪੂ: ਈ: ਵਿਚ ਵਰਧਮਾਨ ਮਹਾਵੀਰ ਦੇ ਨਾਮ ਨਾਲ ਪ੍ਰਸਿਧ ਹੋਏ ਹਨ। ਇਹ ਮਹਾਂਪੁਰਸ਼ ੫੨੭ ਪੂ: ਈ: ਤਕ ਜੀਵਤ ਰਹੇ। ਇਨ੍ਹਾਂ ਤੋਂ ਪਹਿਲੇ ਹੋਏ ਤੀਰਥੰਕਰ ਦਾ ਨਾਮ ਸ੍ਰੀ ਪਾਰਸ ਨਾਥ ਸੀ, ਜੋ ੨੫੦ ਵਰ੍ਹੇ ਵਰਧਮਾਨ ਜੀ ਤੋਂ ਪਹਿਲੇ ਹੋਇਆ ਹੈ।

ਜੈਨ ਧਰਮ ਵੇਦਾਂ ਤੇ ਅਧਾਰਿਤ ਨਹੀਂ। ਇਹ ਮੱਤ ਅਨੇਕਵਾਦ ਵਿਚ ਨਿਸਚਾ ਰਖਦਾ ਹੈ। ਜੈਨ ਚਿੰਤਕਾਂ ਦਾ ਖਿਆਲ ਹੈ ਕਿ ਅੰਤਮ ਸੱਤ ਬਹੁਤ ਪਖਾਂ ਤੋਂ ਵੇਖਿਆ ਜਾ ਸਕਦਾ ਹੈ। ਜਿਸਤਰ੍ਹਾਂ ਇਕ ਬੀਜ ਕਈ ਤਬਦੀਲੀਆਂ ਤੋਂ ਬਾਹਦ ਪੌਦੇ ਦੀ ਸ਼ਕਲ ਅਪਨਾਂਦਾ ਹੈ। ਜੇਕਰ ਉਹ ਬੀਜਪੁਣੇ ਨੂੰ ਕਾਇਮ ਰਖੇ, ਨਾ ਹੀ ਗਲੇ ਤੇ ਨਾ ਕੋਈ ਹੋਰ ਰੰਗ ਬਦਲੇ, ਤਾਂ ਪੌਦੇ ਦਾ ਵਜੂਦ ਵਿਚ ਆਉਣਾ ਅਸੰਭਵ ਹੈ। ਐਪਰ ਇਨ੍ਹਾਂ ਸਾਰੀਆਂ ਤਬਦੀਲੀਆਂ ਵਿਚ ਵੀ ਉਹ ਆਪਣੇ ਅਸਲੇ ਨੂੰ ਬਰਕਰਾਰ ਰਖਦਾ ਹੈ। ਅੰਬ ਦਾ ਬੀਜ ਬੀਜੀਏ, ਤਾਂ ਉਹ ਅੰਤ ਤਕ ਅੰਬ ਦਾ ਹੀ ਪੌਦਾ ਰਹੇਗਾ ਤੇ ਅੰਬ ਹੀ ਪੈਦਾ ਵੀ ਕਰੇਗਾ। ਇਹ ਹੋ ਨਹੀਂ ਸਕਦਾ ਕਿ ਬੀਜੀਏ ਤਾਂ ਅਸੀਂ ਅੰਬ, ਤੇ ਉਹ ਸੰਗਤਰੇ ਜਾਂ ਨਾਸ਼ਪਾਤੀ ਵਿਚ ਤਬਦੀਲ ਹੋ ਜਾਵੇ। ਇਸੇਤਰ੍ਹਾਂ ਸੱਤ ਦੇ ਵੀ ਤਿੰਨ ਲਖਣ ਹਨ:

(੧) ਉਤਪਾਦ (੨) ਵਯਯ (੩) ਧ੍ਰਊਵਯ

ਇਨ੍ਹਾਂ ਨੂੰ ਅਸੀਂ ਅਰੰਭ, ਖਰਨ ਅਤੇ ਸਥਿਰਤਾ ਦਾ ਨਾਮ ਵੀ ਦੇ ਸਕਦੇ ਹਾ ਸਥਿਰਤਾ ਉਪਜ ਤੇ ਨਾਸ ਦੇ ਦਰਮਿਆਨ ਹੈ।

ਜੈਨੀ ਸੰਸਾਰ ਵਿਚ ਦੋ ਪ੍ਰਕਾਰ ਦੀਆਂ ਹਸਤੀਆਂ ਮੰਨਦੇ ਹਨ। ਉਹ ਹਨ ਚੇਤਨ ਤੇ ਅਚੇਤਨ, ਜਾਂ ਜੀਵ ਤੇ ਅਜੀਵ। ਅਜੀਵ ਦ੍ਰਵਾਂ ਵਿਚ ਮਾਦਾ [ਪ੍ਰੁਦਗਲ] ਅਕਾਸ਼ ਤੇ ਕਾਲ, ਤਿੰਨ ਚੀਜ਼ਾਂ ਮੱਨੀਆਂ ਜਾਂਦੀਆਂ ਹਨ। ਮਾਦੀ ਵਸਤਾਂ ਪਰਮਾਨੂਆਂ ਦੀਆਂ ਬਣੀਆਂ ਹੋਈਆਂ ਹਨ। ਦ੍ਰਵ ਕਈ ਹੋਰ ਵੀ ਹਨ। ਹਰ ਵਸਤੂ ਸਥਿਰ ਨਹੀਂ, ਹਰਕਤ ਵਿਚ ਹੈ ਤੇ ਜੇਕਰ ਇਨ੍ਹਾਂ ਵਸਤੂਆਂ ਦੀ ਚਾਲ ਨੂੰ ਕੋਈ ਰੋਕਣ ਵਾਲੀ ਸ਼ਕਤੀ ਨਾ ਹੋਵੇ, ਤਾਂ ਪ੍ਰਮਾਣੂ ਲੋਕਾਕਾਸ਼ ਵਿਚ ਫੈਲ ਜਾਣ ਤੇ ਸੰਸਾਰ ਦੀਆਂ ਸਭ ਵਸਤਾਂ ਖਿੰਡਰ ਪੁੰਡਰ ਜਾਣ। ਸੋ ਜੈਨੀ ਮੰਨਦੇ ਹਨ ਜੋ ਇਨ੍ਹਾਂ ਪਰਮਾਣੂਆਂ ਨੂੰ ਸਥਿਰ ਰਖਣ ਵਾਲੀ ਵੀ ਕੋਈ ਸ਼ਕਤੀ ਹੈ। ਪਹਿਲੀ ਦਾ ਨਾਮ ਧਰਮ ਤੇ ਦੂਜੀ ਦਾ ਨਾਮ ਅਧਰਮ ਹੈ। ਜੀਵ ਨੂੰ ਨਾਲ ਮਿਲਾ ਕੇ ਹੇਠ ਲਿਖੇ ਦ੍ਰਵ ਜੈਨ ਚਿੰਤਕਾਂ ਨੇ ਮੰਨੇ ਹਨ:

ਮਾਦਾ, ਆਕਾਸ਼, ਕਾਲ, ਧਰਮ, ਅਧਰਮ ਤੇ ਜੀਵ।

ਭਾਵੇਂ ਸਭ ਜੀਵਾਂ ਵਿਚ ਚੇਤਨਾ ਹੈ, ਪਰ ਸਭ ਤੋਂ ਉਚ ਪਦਵੀ ਮਨੁਖ ਨੂੰ ਪ੍ਰਾਪਤ ਹੋਈ ਹੈ। ਦੇਵਤੇ ਵੀ ਜਦ ਤਕ ਮਨੁਖਾ ਦੇਹੀ ਨਹੀਂ ਧਾਰਦੇ, ਮੁਕਤ ਨਹੀਂ ਹੋ ਸਕਦੇ। ਸੰਸਾਰ ਵਿਚ ਜੀਵ ਵੀ ਦੋ ਪਰਕਾਰ ਦੇ ਹਨ। ਮੁਕਤ ਅਤੇ ਬਧ। ਮਨੁਖੀ ਆਤਮਾ ਦਾ ਅਸਲਾ ਪਵਿਤਰ ਹੈ, ਪਰਕਿਰਤਕ ਸਥਿਤੀਆਂ ਤੇ ਕਰਮ ਬੰਧਨ ਇਸਨੂੰ ਮਲੀਨ ਕਰ ਦੇਂਦੇ ਹਨ। ਤਪ ਸਾਧਨ ਨਾਲ ਇਹ ਹੌਲੀ ਹੌਲੀ ਪਵਿਤਰ ਹੋ ਜਾਂਦੀ ਹੈ। ਯੋਗ ਅਭਿਆਸ ਦੁਆਰਾ ਇਹ ਚੌਗਿਰਦੇ ਦੀ ਖੋਭ ਤੇ ਪਰਕ੍ਰਿਤਕ ਸਥਿਤੀਆਂ ਤੋਂ ਅਲੱਗ ਹੋ ਜਾਂਦੀ ਹੈ ਅਤੇ ਆਪਣੀ ਆਦੀ ਪਵਿਤਰਤਾ ਮੁੜ ਹਾਸਲ ਕਰ ਲੈਂਦੀ ਹੈ। ਸੂਰਜ ਅਗੋਂ ਜਿਵੇਂ ਬਦਲ ਹਟ ਜਾਣ ਤਾਂ ਉਹ ਪੂਰੇ ਜੋਬਨ ਵਿਚ ਪ੍ਰਕਾਸ਼ ਦੇਂਦਾ ਹੈ ਤੇ ਪੂਰਨ ਤੇਜ ਨਾਲ ਚਮਕਦਾ ਹੈ। ਇਦੇਂ ਜਿਵੇਂ ਨਿਰਮਲ ਹੋਣ ਤੇ ਆਤਮਾ ਪੂਰਨ ਗਿਆਨ, ਪੂਰਨ ਸ਼ਰਧਾ, ਪੂਰਨ ਸ਼ਕਤੀ ਅਤੇ ਪੂਰਨ ਅਨੰਦ ਨਾਲ ਯੁਕਤ ਹੋ ਕੇ ਪੂਰੇ ਤੇਜ ਨਾਲ ਲਿਸ਼ਕਦੀ ਹੈ। ਹਰ ਮਨੁਖ ਆਪਣੇ ਯਤਨਾਂ ਨਾਲ ਇਹ ਪਦਵੀ ਪ੍ਰਾਪਤ ਕਰ ਸਕਦਾ ਹੈ।

ਜੈਨ ਚਿੰਤਕਾਂ ਦਾ ਵਿਸ਼ਵਾਸ਼ ਹੈ ਕਿ ਠੀਕ ਗਿਆਨ, ਠੀਕ ਚਰਿਤ੍ਰ ਤੇ ਠੀਕ ਨਿਸਚੇ ਦੁਆਰਾ ਮੋਖਸ਼ ਪ੍ਰਾਪਤ ਹੋ ਸਕਦਾ ਹੈ। ਭਾਵੇਂ ਕਈ ਮੱਤ ਇਨ੍ਹਾਂ ਵਿਚੋਂ ਕਿਸੇ ਵੀ ਇਕ ਸਾਧਨ ਨੂੰ ਅਪਨਾਣ ਨਾਲ ਮੁਕਤੀ ਦੀ ਪਰਾਪਤੀ ਦਸਦੇ

ਹਨ, ਐਪਰ ਜੈਨੀ ਇਨ੍ਹਾਂ ਤਿੰਨਾਂ ਸਾਧਨਾਂ ਨੂੰ ਹੀ ਜ਼ਰੂਰੀ ਮੰਨਦੇ ਹਨ । ਮੁਕਤ ਹੋ ਕੇ ਮਨੁਖੀ ਆਤਮਾ ਪਰਮਾਤਮਾ ਦੀ ਪਦਵੀ ਪ੍ਰਾਪਤ ਕਰ ਲੈਂਦੀ ਹੈ । ਜੈਨ ਧਰਮ ਵਿਚ ਕੋਈ ਅਜਿਹੀ ਇਕ ਹਸਤੀ ਜਾਂ ਪਰਮ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਗਿਆ, ਜੋ ਆਦਿ ਤੋਂ ਹੀ ਪੂਰਨ ਹੋਵੇ । ਇਹ ਆਸਤਕ ਮੱਤ ਨਹੀਂ ।

ਠੀਕ ਚਰਿਤਰ ਲਈ ਹੇਠ ਲਿਖੇ ਪੰਜ ਵਰਤ ਧਾਰਨ ਕਰਨੇ ਅਤਿ ਲੋੜਵੰਦੇ ਹਨ, ਜਿਨ੍ਹਾਂ ਬਿਨਾ ਠੀਕ ਚਰਿਤ੍ਰ ਹਾਸਲ ਕੀਤਾ ਜਾਣਾ ਅਸੰਭਵ ਹੈ :

ਅਹਿੰਸਾ, ਸਤ, ਬ੍ਰਹਮਚਰਜ, ਅਸਤੇਯ ਤੇ ਅਪਰਿਗ੍ਰਹ ।

ਕਿਸੇ ਜੀਵ ਨੂੰ ਮਨ, ਬਚਨ, ਕਰਮ ਕਰਕੇ ਦੁਖ ਨਾ ਦੇਣਾ ਅਹਿੰਸਾ ਹੈ ।

ਸਚ ਵੀ ਮਿਠਤ ਨਾਲ ਬੋਲਣਾ । ਕੌੜੇ ਤੇ ਫਿਕੇ ਬਚਨ ਮੂਲੋਂ ਨ ਬੋਲਣੇ ਪੂਰਨ ਸੱਤ ਧਾਰਨ ਕਰਨਾ ਹੈ।

ਅਸਤੇਯ ਤੋਂ ਭਾਵ ਕਿਸੇ ਦੀ ਮਰਜ਼ੀ ਬਿਨਾ ਚੋਰੀ ਜਾਂ ਠਗੀ ਨਾਲ ਉਸ ਦੇ ਮਾਲ ਤੇ ਕਬਜ਼ਾ ਕਰਨਾ ਹੈ ।

ਤੇ ਕਿਸੇ ਵੀ ਚੀਜ਼ ਨੂੰ ਆਪਣੇ ਕਬਜ਼ੇ ਵਿਚ ਨਾ ਰਖਣਾ ਅਪਰਿਗ੍ਰਹ ਹੈ। ਸਭ ਤੋਂ ਮਹੱਤਵ ਪੂਰਣ ਅਹਿੰਸਾ ਹੀ ਹੈ । ਅਹਿੰਸਾ ਦੇ ਪੰਜ ਅੰਗ ਇਸ ਪ੍ਰਕਾਰ ਹਨ :

(੧) ਕੇਵਲ ਪਰਚਲਤ ਪਗਡੰਡੀਆਂ ਤੇ ਬਣੀਆਂ ਹੋਈਆਂ ਸੜਕਾਂ ਤੇ ਚਲੋ, ਕਿਉਂਕਿ ਅਜਿਹਾ ਕਰਨ ਨਾਲ ਪੈਰਾਂ ਨਾਲ ਕੁਚਲੇ ਜਾਣ ਵਾਲੇ ਜੀਅ ਜੰਤੂਆਂ ਦੇ ਮਿਧੇ ਜਾਣ ਦੀ ਸੰਭਾਵਨਾ ਘਟ ਹੈ ।

(੨) ਬਚਨ ਕਰਕੇ ਕਿਸੇ ਦਾ ਦਿਲ ਦੁਖਾਣਾ ਵੀ ਹਿੰਸਾ ਹੈ । ਇਸ ਲਈ ਕੌੜੇ ਜਾਂ ਕਠੋਰ ਬਚਨ ਬੋਲਣੇ ਵੀ ਹਿੰਸਕ ਹਨ। ਇਸ ਵਾਚਕ ਹਿੰਸਾ ਤੋਂ ਵੀ ਬਚੋ ।

(੩) ਭਿਛਾ ਲੈਣ ਵੇਲੇ ਵੀ ਭਿਖਸ਼ੂ ਜਾਂ ਜਾਧੂ ਨੂੰ ਤਸਲੀ ਕਰ ਲੈਣੀ ਚਾਹੀਦੀ ਹੈ ਕਿ ਉਸ ਦੇ ਲੈਣ ਵਾਲੇ ਭੋਜਨ ਵਿਚ ਕਿਸੇ ਕਿਸਮ ਦੀ ਹਿੰਸਾ ਤਾਂ ਨਹੀਂ ਹੋ ਰਹੀ ।

(੪) ਕੋਲ ਰਖਣ ਵਾਲੀਆਂ ਚੀਜ਼ਾਂ ਵਿਚ ਵੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਕਿ ਇਸ ਵਿਚ ਕੋਈ ਕੀੜੇ ਕਿਰਮ ਤਾਂ ਨਹੀਂ ।

(੫) ਮਲ ਮੂਤਰ ਦੇ ਤਿਆਗ ਵੇਲੇ ਵੀ ਚੰਗੀ ਤਰ੍ਹਾਂ ਥਾਂ ਦੀ ਪੜਤਾਲ ਕਰ ਲੈਣੀ ਚਾਹੀਦੀ ਹੈ ਕਿ ਉਥੇ ਕਿਸੇ ਜੀਵ ਜੰਤੂ ਦਾ ਨਿਵਾਸ ਤਾਂ ਨਹੀਂ ।

ਕਰਮ ਸਿਧਾਂਤ

ਕਰਮਾਂ ਸਬੰਧੀ ਜੈਨ ਮਤ ਦਾ ਇਕ ਨਿਵੇਕਲਾ ਸਿਧਾਂਤ ਹੈ। ਇਸ ਮੱਤ ਅਨੁਸਾਰ ਕਰਮਾਂ ਦੀ ਨੀਂਹ ਪਰਮਾਣੂ ਹਨ। ਪਰਮਾਣੂ ਜੜ੍ਹ ਹਨ। ਆਤਮਾ ਵਿਚ ਕਰਮਾਂ ਦੇ ਪਰਮਾਣੂ ਇਵੇਂ ਭਰੇ ਪਏ ਹਨ, ਜਿਵੇਂ ਬੋਰੀ ਵਿਚ ਰੇਤ। ਆਤਮਾ ਦਾ ਕੁਦਰਤੀ ਸੁਭਾਵ ਅਕਾਸ਼ਾਂ ਭਾਵ, ਸਚ ਖੰਡ ਵਲ ਉਪਰ ਨੂੰ ਉਠਣਾ ਹੈ, ਪਰ ਜੜ੍ਹ ਪਰਮਾਣੂਆਂ ਤੋਂ ਬਣੇ ਕਰਮ ਇਸ ਨੂੰ ਹੇਠਾਂ ਵਲ ਖਿਚਦੇ ਹਨ ਤੇ ਧਰਤੀ ਤੇ ਟਿਕਾਈ ਰਖਦੇ ਹਨ। ਸੋ ਮੁਕਤੀ ਪਰਾਪਤ ਕਰਨ ਲਈ ਜੀਵ ਨੂੰ ਕਰਮ ਮੁਕਤ ਹੋਣਾ ਜ਼ਰੂਰੀ ਹੈ। ਪੁਰਾਣੇ ਕਰਮਾਂ ਦਾ ਧਾਰਮਕ ਕਰਮਾਂ ਰਾਹੀਂ ਅਭਾਵ ਕਰਨਾ ਤੇ ਨਵੇਂ ਕਰਮਾਂ ਨੂੰ ਆਤਮਾ ਵਿਚ ਦਾਖਲ ਨਾ ਹੋਣ ਦੇਣਾ ਹੀ ਕਰਮਾਂ ਦੇ ਪਰਮਾਣੂਆਂ ਤੋਂ ਮੁਕਤ ਕਰਾ ਸਕਦਾ ਹੈ। ਕਰਮਾਂ ਦਾ ਅੰਤ ਹੋਣ ਤੇ ਆਤਮਾ ਉਚੇਰੀ ਉਠੇਗੀ ਤੇ ਉਥੇ ਅਪੜ ਜਾਏਗੀ, ਜਿਥੇ ਸਾਰੀਆਂ ਮੁਕਤ ਰੂਹਾਂ ਦਾ ਠਿਕਾਣਾ ਹੈ। ਜੈਨ ਮਤ ਨੇ ਜਗਤ ਕਰਤਾ ਪਾਰਬ੍ਰਹਮ ਨਹੀਂ ਮੰਨਿਆ। ਇਹ ਮੁਕਤ ਆਤਮਾ ਨੂੰ ਹੀ ਈਸ਼ਵਰ ਆਖਦੇ ਹਨ, ਇਸਤਰ੍ਹਾਂ ਇਹ ਇਕ ਨਾਸਤਕ ਮੱਤ ਹੈ।

ਮੁਕਤੀ

ਵੇਦਾਂਤ ਮੱਤ ਵਾਂਗ ਜੈਨ ਧਰਮ ਸੰਨਿਆਸ ਤੇ ਕਰਮਾਂ ਦੇ ਤਿਆਗ ਵਿਚ ਮੁਕਤੀ ਦੀ ਬੁਨਿਆਦ ਨਹੀਂ ਮੰਨਦਾ, ਸਗੋਂ ਕਰਮਾਂ ਦੇ ਮੁਕਾਣ ਵਿਚ ਮੰਨਦਾ ਹੈ। ਡਾਕਟਰ ਟਾਮਸ ਜੈਨ ਧਰਮ ਨੂੰ ਇਕ ਸਿਖਰ ਦਾ ਕ੍ਰਿਯਾਵਾਦੀ ਮੱਤ ਕਥਨ ਕਰਦਾ ਹੈ।

ਮੁਕਦੀ ਗੱਲ ਇਹ ਹੈ ਜੋ ਜੈਨ ਧਰਮ ਦੇ ਮੁਕਤੀ ਦੇ ਦਸੇ ਸਰੂਪ ਨੂੰ ਹਾਸਲ ਕਰਨ ਲਈ ਕਰੜੀ ਤਪਸਿਆ ਦੀ ਲੋੜ ਹੈ। ਇਤਿਹਾਸ ਦਸਦਾ ਹੈ ਜੋ ਅੰਤਮ ਤੀਰਥੰਕਰ ਭਗਵਾਨ ਮਹਾਂਵੀਰ ਵਰਧਮਾਨ, ਜੋ ਇਕ ਰਾਜ ਪੁਤਰ ਸਨ, ਨੇ ਅਜ ਕਲ ਦੇ ਬਿਹਾਰ ਪ੍ਰਾਂਤ ਦੇ ਇਕ ਵਿਸਾੜ ਨਾਂ ਦੇ ਨਗਰ ਵਿਚ, ਜੋ ਗੰਢਕ ਨਦੀ ਦੇ ਤਟ ਤੇ ਵਸਦਾ ਹੈ, ਬੜੀ ਕਠਨ ਤਪਸਿਆ ਸਾਧੀ ਸੀ ਤੇ ਇਸੇ ਅਸਥਾਨ ਤੇ ਹੀ ਆਪ ਜੀ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ।

ਵਿਸ਼ਾੜ ਨਿਸ਼ਾਨੀ ਹੈ ਇਕ ਵਿਸ਼ਾਲ ਨਗਰ ਦੀ। ਇਸ ਦਾ ਪਹਿਲਾ ਨਾਂ ਵਿਸ਼ਾਲੀ ਸੀ। ਰਿਸ਼ੀ ਬਾਲਮੀਕ ਜੀ ਨੇ ਇਸ ਨਗਰੀ ਨੂੰ ਇਸ ਦੁਨੀਆਂ ਦੀ ਸਵਰਗ ਆਖਿਆ ਹੈ। ਮਿਸਟਰ ਰਾਕਹਿਲ (Rockhill) ਬੁਧ ਜੀ ਦੀ ਜੀਵਨ ਕਥਾ (Life of Budha) ਵਿਚ ਲਿਖਦੇ ਹਨ "ਵੈਸ਼ਾਲੀ ਤਿੰਨਾਂ ਭਾਗਾਂ

ਵਿਚ ਵੰਡੀ ਹੋਈ ਸੀ। ਪਹਿਲੇ ਹਿਸੇ ਵਿਚ ਸਤ ਹਜ਼ਾਰ ਕਲਸਾਂ ਵਾਲੇ ਸੋਨੇ ਦੇ ਮਕਾਨ ਸਨ। ਦੂਜੇ ਹਿਸੇ ਵਿਚ ੧੪ ਹਜ਼ਾਰ ਚਾਂਦੀ ਦੇ ਕਲਸਾਂ ਵਾਲੇ ਤੇ ਤੀਜੇ ਵਿਚ ਇਕੀ ਹਜ਼ਾਰ ਮਕਾਨ ਸਨ ਜਿਨ੍ਹਾਂ ਦੇ ਕਲਸ ਤਾਂਬੇ ਦੇ ਬਣੇ ਹੋਏ ਸਨ।"

ਉਪਰੋਕਤ ਲਿਖਤ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਕਠਨ ਨਹੀਂ ਕਿ ਇਹ ਸ਼ਹਿਰ ਆਪਣੇ ਸਮੇਂ ਵਿਚ ਮਾਇਆ ਪ੍ਰਸਤਾਂ ਦਾ ਇਕ ਘੁਗ ਵਸਦਾ ਖੇੜਾ ਸੀ, ਜਿਸ ਵਿਚ ਵਸਣ ਵਾਲੇ ਲੋਕ ਭੋਗ ਵਿਲਾਸ ਤੇ ਇਸ਼ਰਤ ਦੇ ਨਸ਼ੇ ਦੀ ਭਰ ਮਸਤੀ ਵਿਚ ਮਗਨ ਸਨ।

ਇਸ ਮਸਤੀ ਦੇ ਇੰਦਰ ਅਖਾੜੇ ਦੀ ਹੀ ਇਕ ਨੁਕਰੇ ਸ਼ਾਹਜ਼ਾਦਾ ਵਰਿਧਮਾਨ (ਮਹਾਂਵੀਰ) ਜੀ ਨੇ ਘੋਰ ਤਪਸਿਆ ਸਾਧੀ।

ਜੈਨੀਆਂ ਦੇ ਪ੍ਰਸਿਧ ਗ੍ਰੰਥ ਅਚਾਰਾਂਗ ਸੂਤ੍ਰ ਵਿਚ ਲਿਖਿਆ ਹੈ, "ਵਰਧਮਾਨ (ਮਹਾਂਵੀਰ) ਜੀ ਨੇ ਭਿਖਸ਼ੂ ਬਣਨ ਸਮੇਂ ਜੋ ਕਪੜੇ ਪਹਿਨੇ ਹੋਏ ਸਨ, ਤੇਰਾਂ ਮਹੀਨਿਆਂ ਵਿਚ ਲੀਰੋ ਲੀਰ ਹੋ ਕੇ ਸਰੀਰ ਨਾਲੋਂ ਆਪਣੇ ਆਪ ਹੀ ਅੱਡ ਹੋ ਗਏ ਸਨ, ਤਦ ਵੀ ਏਸ ਗਲੋਂ ਬੇਖਬਰ ਹੋ, ਵਰਧਮਾਨ ਜੀ ਛੋਟੇ ਬਾਲ ਵਾਂਗ ਨਗਨ ਹੀ ਬੈਠੇ ਰਹੇ। ਇਸ ਤੋਂ ਮਗਰੋਂ ਓਹਨਾਂ ਮੁੜ ਕਪੜੇ ਨਹੀਂ ਪਾਏ।"

ਕਲਪ ਸੂਤਰ ਇਸ ਦੀ ਪੁਸ਼ਟੀ ਇਸ ਪਰਕਾਰ ਕਰਦਾ ਹੈ, "ਬਾਰਾਂ ਵਰ੍ਹੇ ਤਕ ਸਰੀਰ ਵਲੋਂ ਹਰ ਤਰ੍ਹਾਂ ਬੇਪਰਵਾਹ ਹੋ ਕੇ ਓਹ ਹਰ ਭਾਂਤ ਦੇ ਕਸ਼ਟ ਸਹਿੰਦਾ ਰਿਹਾ।..........

ਹੁਣ ਓਹ ਬੰਧਨ ਮੁਕਤ ਹੋ ਗਿਆ ਹੈ। ਇਸ ਸੰਸਾਰ ਤੋਂ ਹਰ ਤਰ੍ਹਾਂ ਨਾਲ ਨਿਰਲੇਪ ਹੈ। ਆਕਾਸ਼ ਵਾਂਗ ਹੁਣ ਉਸਨੂੰ ਕਿਸੇ ਡਾਹੀ ਜਾਂ ਆਸਰੇ ਦੀ ਲੋੜ ਨਹੀਂ। ਹਵਾ ਦੀ ਤਰ੍ਹਾਂ ਹੁਣ ਓਹ ਅਰੋਕ ਹੈ। ਸਿਆਲ ਦੇ ਪਾਣੀ ਵਾਂਗ ਹੁਣ ਉਸ ਦਾ ਹਿਰਦਾ ਸ਼ੁਧ ਹੈ। ਕੰਵਲ ਵਾਂਗ ਨਿਰਲੇਪ ਹੈ। ਉਹ ਹੁਣ ਇਕ ਆਜ਼ਾਦ ਪੰਛੀ ਹੈ।"

ਜਦੋਂ ਮਹਾਂਵੀਰ ਜੀ ਪਰਚਾਰ ਲਈ ਨਿਕਲੇ ਸਨ, ਉਦੋਂ ਧਰਮ ਤੇ ਸਮਾਜ ਦੋਹਾਂ ਵਿਚੋਂ ਦਯਾ ਦੇ ਭਾਵ ਮੂਲੋਂ ਉਡ ਚੁਕੇ ਸਨ। ਧਰਮ ਦੇ ਨਾਂ ਉਤੇ ਹਜ਼ਾਰਾਂ ਜਿੰਦਾਂ ਕੁਰਬਾਨ ਹੋ ਰਹੀਆਂ ਸਨ। ਇਨ੍ਹਾਂ ਮਾਸੂਮ ਜਿੰਦਾਂ ਦੇ ਅਜਾਈਂ ਘਾਤ ਨੂੰ ਬਲੀਦਾਨ ਕਹਿ ਕੇ ਵਡਿਆਇਆ ਜਾ ਰਿਹਾ ਸੀ। ਇਸ ਲਈ ਆਪਣੇ ਮਤਲਬ ਲਈ ਦੇਵਤਿਆਂ ਨੂੰ ਪ੍ਰਸੰਨ ਕਰਨ ਦੇ ਖਿਆਲ ਨੇ ਸਮਾਜ ਵਿਚ, ਰਾਜ ਵਿਚ, ਰਾਜ ਘਰਾਣਿਆਂ ਵਿਚ ਤੇ ਰਾਜ ਦੇ ਰਾਖੇ ਰਾਜਿਆਂ ਵਿਚ ਵੀ ਕਠੋਰਤਾ, ਕੁਵਿਦਯਾ ਤੇ ਹਿੰਸਾ ਦਾ ਤਸੱਲਤ ਪੂਰੇ ਤੌਰ ਤੇ ਜਮਾਇਆ ਹੋਇਆ ਸੀ। ਏਹੀ ਕਾਰਨ ਸੀ ਕਿ ਸ੍ਰੀ ਮਹਾਂਬੀਰ ਤੇ ਮਹਾਤਮਾ ਬੁਧ ਦੋਹਾਂ ਨੇ ਆਪਣੀ ਆਪਣੀ

ਥਾਵੇਂ 'ਅਹਿੰਸਾ ਪਰਮੋ ਧਰਮਾ' ਦਾ ਮੁਖ ਸੁਨਿਹਾ ਆਪਣੇ ਪਰਚਾਰ ਰਾਹੀਂ ਜੰਤਾ ਪ੍ਰਤੀ ਦਿਤਾ, ਪਰ ਮਹਾਤਮਾ ਮਹਾਂਵੀਰ ਜੀ ਦੇ ਅਹਿੰਸਾ ਪ੍ਰਤੀ ਵਿਚਾਰ ਬਹੁਤ ਕਰੜੇ ਸਨ ।

ਉਪਰ ਅਸੀਂ ਜੈਨ ਧਰਮ ਦੇ ਅਹਿੰਸਾ ਪ੍ਰਤੀ ਦਸੇ ਪੰਜ ਅੰਗਾਂ ਦਾ ਜ਼ਿਕਰ ਕਰ ਚੁਕੇ ਹਾਂ । ਗ੍ਰਿਹਸਤੀ ਲਈ ਭਾਵੇਂ ਕੁਝ ਕੁ ਸਹੂਲਤਾਂ ਵੀ ਦਿਤੀਆਂ ਗਈਆਂ ਹਨ, ਪਰ ਸਾਧੂ ਲਈ ਤਾਂ ਇਨ੍ਹਾਂ ਅੰਗਾਂ ਦੀ ਕਰੜਾਈ ਨਾਲ ਵਰਤੋਂ ਕਰਨੀ ਲਾਜ਼ਮੀ ਹੈ । ਜੈਨੀ ਸਾਧੂ ਨੂੰ ਬੋਲਣ ਸਮੇਂ ਮੁਖ ਅਗੇ ਵਸਤਰ ਰਖਣਾ ਜ਼ਰੂਰੀ ਹੈ । ਰਜੋਹਰਾ (ਸੂਤ ਦਾ ਝਾੜੂ) ਹਰੇਕ ਪਾਸ ਹੋਣਾ ਜ਼ਰੂਰੀ ਹੈ, ਤਾਂ ਜੋ ਬੈਠਣ ਲਗਿਆਂ ਜ਼ਮੀਨ ਸਾਫ ਕਰ ਲਵੇ । ਜੈਨੀ ਸਾਧੂ ਨੂੰ ਠੰਡਾ ਭੋਜਨ ਤੇ ਉਬਲਿਆ ਹੋਇਆ ਪਾਣੀ ਪੀਣਾ ਚਾਹੀਦਾ ਹੈ । ਨਿਰਮਲ ਜਲ ਨਾਲ ਇਸ਼ਨਾਨ ਕਰਨਾ ਵੀ ਵਿਵਰਜਤ ਹੈ । ਧੰਨ ਜਮਾ ਕਰਨਾ ਵੀ ਮਨ੍ਹਾ ਹੈ । ਹੋਰ ਵਰਤਾਂ ਤੋਂ ਇਲਾਵਾ ੮ ਵਰਤ ਰਖਣੇ ਬਹੁਤ ਜ਼ਰੂਰੀ ਹਨ । ਇਕ ਵਰਤ ਦਾ ਨਾਂ ਛਮਛਰੀ ਹੈ, ਜੋ ਸਭ ਤੋਂ ਪਵਿਤਰ ਹੈ ।

ਨਿਸ਼ਕ੍ਰਿਆ ਹੋਣ ਲਈ ਕਰੜੇ ਤਪ ਤੇ ਰਿਆਜ਼ਤ ਭਰੇ ਕਰੜੇ ਜੀਵਨ ਦੇ ਨਾਲ ਨਾਲ ਵਹਿਮਾਂ ਭਰੀ ਅਹਿੰਸਾ ਦੇ ਰਲ ਜਾਣ ਨੇ ਜੈਨੀ ਸਾਧੂ ਜੀਵਨ ਇਕ ਅਪਵਿਤਰ ਤੇ ਦਲਿਦਰੀ ਜਿਹਾ ਬਣਾ ਦਿਤਾ ਹੈ ਤੇ ਇਸ ਜੀਵਨ ਉਤੇ ਮਲਾਰ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਟੀਕਾ ਟਿਪਣੀ ਕੀਤੀ ਹੈ :

> ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
> ਫੋਲ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖ ਸਾਹੀ ॥
> ਭੇਡਾਂ ਵਾਗੀ ਸਿਰੁ ਖੋਹਾਇਨ ਭਰੀਅਨਿ ਹਥ ਸਮਾਹੀ ॥
> ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥
> ਓਹਨਾਂ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਉ ਪਾਹੀ ॥
> ਅਠਸਠਿ ਤੀਰਥ ਦੇਨਿ ਨ ਢੋਈ ਬ੍ਰਾਹਮਣ ਅੰਨੁ ਨ ਖਾਹੀ ॥
> ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥
> ਝੁੰਡੀ ਪਾਇ ਬਹਿਨ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
> ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥
> ਨਾ ਓਇ ਜੋਗੀ ਨਾ ਓਇ ਜੰਗਮ ਨ ਓਇ ਕਾਜ਼ੀ ਮੁਲਾ ॥
> ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾਂ ॥
> ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥
> ਦਾਨਹੁ ਤੇ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥

ਦਸੋ ਪਾਣੀ ਨੇ ਕੀ ਵਿਗਾੜਿਆ ਹੈ। ਪਾਣੀ ਤਾਂ—

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥੨੬॥

(ਵਾਰ ਮਾਝ ਮ: ੧)

ਇਸੇ ਤਰ੍ਹਾਂ ਵਾਰ ਮਲਾਰ ਦੀ ੧੯ਵੀਂ ਪਉੜੀ ਵਿਚ ਸਾਹਿਬ ਫੁਰਮਾਉਂਦੇ ਹਨ :

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥ ਨਾਇਆ ॥
ਹਥੀ ਸਿਰ ਖੁਹਾਇ ਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨੁ ਰਾਤਿ ਸਬਦੁ ਨ ਭਾਇਆ ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥
ਮਨਿ ਜੂਠੇ ਵੇਜਾਤਿ ਜੂਠਾ ਖਾਇਆ ॥
ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੯॥

(ਵਾਰ ਮਲਾਰ ਮ: ੧)

ਇਸ ਉਪਰੋਕਤ ਟੀਕਾ ਟਿਪਣੀ ਤੋਂ ਪਰਤੱਖ ਹੁੰਦਾ ਹੈ, ਜੋ ਗੁਰਮੱਤ ਨਾ ਤਾਂ ਜੈਨ ਮੱਤ ਦੇ ਅਹਿੰਸਾ ਦੇ ਸਿਧਾਂਤ 'ਅਹਿੰਸਾ ਪਰਮੋ ਧਰਮਾ' ਦੀ ਹੀ ਹਾਮੀ ਹੈ ਤੇ ਨਾ ਨਿਰਾ-ਪੁਰੇ ਨਿਸ਼ਕ੍ਰਿਆ ਹੋ ਕੇ ਕਰਮਾਂ ਤੋਂ ਛੁਟਕਾਰਾ ਪਾਣ ਦੀ।

ਐਲਬਨ ਵਿਡਗਰੀ ਨੇ, "ਲਿਵਿੰਗ ਰਿਲੀਜਨਜ਼ ਐਂਡ ਮਾਡਰਨ ਥਾਟ' ਨਾਮੀ ਲੇਖ ਵਿਚ ਸਿਖ ਧਰਮ ਤੇ ਜੈਨ ਧਰਮ ਸਬੰਧੀ ਵਿਚਾਰ ਪੇਸ਼ ਕੀਤੀ ਹੈ ਤੇ ਨਿਚੋੜ ਇਹ ਕਢਿਆ ਹੈ ਕਿ, "ਇਹ ਗੱਲ ਦਲੀਲ ਤੇ ਯੁਕਤੀ ਨਾਲ ਕਹੀ ਜਾ ਸਕਦੀ ਹੈ ਕਿ ਜੈਨ ਧਰਮ ਵਿਚ ਜੋ ਊਣਤਾਈਆਂ ਹਨ ਓਹ ਸਿਖ ਧਰਮ ਵਿਚ ਨਹੀਂ ਆਈਆਂ, ਪਰ ਜੇ ਕਰ ਸਿਖ ਤੇ ਜੈਨ ਧਰਮ ਦਾ ਕਿਸੇ ਢੰਗ ਨਾਲ ਮੇਲ ਹੋ ਜਾਵੇ, ਤਾਂ ਅੰਦਰੂਨੀ ਤੌਰ ਤੇ ਸਿਖ ਧਰਮ ਵਿਚ ਕਈ ਡੂੰਘਾਈਆਂ

ਤੇ ਬਾਰੀਕੀਆਂ [illegible]।”

ਪਰਤੀਤ ਹੁੰਦਾ ਹੈ ਮਿਸਟਰ ਐਲਬਨ ਵਿਡਗਰੀ ਨੇ ਆਪ ਸਿਖ ਧਰਮ ਨੂੰ ਚੰਗੀ ਤਰ੍ਹਾਂ ਘੋਖਿਆ ਨਹੀਂ। ਸਿਖ ਧਰਮ ਤਾਂ ਇਕ ਜੀਵਨ ਹੈ ਜੋ ਜੀ ਕੇ ਮਾਣਿਆ ਜਾ ਸਕਦਾ ਹੈ, ਨਿਰੀ ਪੁਰੀ ਫਿਲਸਫਈ ਔਖ ਨਾਲ ਜਾਣਿਆਂ ਨਹੀਂ ਜਾ ਸਕਦਾ, ਤਦ ਵੀ ਅਗੇ ਆਈ ਵਿਚਾਰ ਦਸੇਗੀ ਕਿ ਸਿਖ ਧਰਮ ਅਨੁਭਵਤਾ ਵਿਚ ਬਹੁਤ ਡੂੰਘਾ ਜਾ ਚੁਕਾ ਹੈ ਤੇ ਇਸਦਾ ਹਰ ਅੰਗ ਬੜਾ ਨਵੀਨ ਹੈ।

ਹੁਣ ਅਸ਼ੀਂ ਗੁਰਮਤ ਸਿਧਾਂਤਾਂ ਨੂੰ ਪੇਸ਼ ਕਰਨ ਦਾ ਯਤਨ ਕਰਾਂਗੇ।

ਕਰਮ

ਗੁਰਮਤ ਅਨੁਸਾਰ ਨਾ ਤਾਂ ਕਰਮ ਅਨਾਦੀ ਹਨ, ਨਾ ਕਰਮਾਂ ਦੇ ਖਾਸ-ਖਾਸ ਪਰਮਾਣੂ ਹਨ। ਇਕ ਸਮਾ ਸੀ ਜਦ ਕਰਮ ਮੌਜੂਦ ਨਹੀਂ ਸਨ। ਕਬੀਰ ਜੀ ਕਹਿੰਦੇ ਹਨ—

ਕਰਮ ਬਧ ਤੁਮ ਜੀਉ ਕਹਿਤ ਹੌ ਕਰਮਹਿ ਕਿਨਿ ਜੀਉ ਦੀਨ੍ਹ ਰੇ ॥੧॥

(ਗੋਂਡ ਕਬੀਰ ਜੀ)

ਇਸ ਦਾ ਭਾਵ ਇਹ ਹੈ ਕਿ ਜੇਕਰ ਇਹ ਗੱਲ ਠੀਕ ਹੈ ਕਿ ਸਾਡਾ ਹੁਣ ਦਾ ਜੀਵਨ ਸਾਡੇ ਸਿੰਚਤ ਕਰਮਾਂ ਅਨੁਸਾਰ ਦੁਖ-ਸੁਖ ਮਾਣ ਰਿਹਾ ਹੈ, ਤਾਂ ਫਿਰ ਜਦੋਂ ਮਨੁੱਖਾ ਜੀਵਨ ਦਾ ਮੂਲ ਅਰੰਭ ਹੋਇਆ ਸੀ, ਓਦੋਂ ਕਿਹੜੇ ਕਰਮਾਂ ਕਰ ਕੇ ਓਹ ਦੁਖ-ਸੁਖ ਦਾ ਭਾਗੀ ਹੋਇਆ ਸੀ। ਅਸਲ ਵਿਚ ਕਰਮ ਤਾਂ ਜੀਵ ਆਤਮਾ ਦੇ ਮੁਢਲੀ ਮਨੁੱਖਾ ਦੇਹੀ ਧਾਰਨ ਤੋਂ ਹੀ ਅਰੰਭ ਹੁੰਦੇ ਹਨ। ਆਤਮਾ ਦੇਹੀ ਨਾਲ ਪਿਆਰ ਪਾ ਹਉਮੈ ਦੇ ਅਸਰ ਹੇਠਾਂ ਆ ਜਾਂਦੀ ਹੈ ਤੇ ਫੇਰ ਹਉਮੈ ਅਨੁਸਾਰ ਕੀਤੇ ਕਰਮ ਹੀ ਇਸਦੇ ਦੁਖ-ਸੁਖ ਦਾ ਕਾਰਨ ਬਣਦੇ ਹਨ। ਸਾਹਿਬ ਉਪਦੇਸ਼ਦੇ ਹਨ—

ਮਾਇਆ ਕਿਸਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮ ਨ ਚੂਕਈ ਨ ਵਿਚਹੁ ਹਉਮੈ ਜਾਇ ॥੬॥੪।੨੧॥

(ਸ੍ਰੀ ਰਾਗ ਮ: ੩)

ਜੀਵ ਹਉਮੈ ਆਸਰੇ ਕਰਮ ਕਰਦਾ ਹੈ, ਜੋ ਇਸਦੀ ਵਖਰੀ ਸ਼ਖਸੀਅਤ ਦੇ ਖਿਆਲ ਨੂੰ ਸਗੋਂ ਦ੍ਰਿੜ ਕਰਦੇ ਹਨ ਤੇ ਇਹੀ ਖਿਆਲ ਮਮਤਾ ਦਾ ਰੂਪ ਵਟਾ ਲੈਂਦਾ ਹੈ। ਮਮਤਾ ਦਾ ਅਰਥ ਆਪਣੇ ਤੋਂ ਛੁਟ ਹੋਰ ਚੀਜ਼ਾਂ ਨੂੰ ਅਪਨਾਉਣਾ

ਹੈ। ਇਹੀ ਮਮਤਾ, ਕਾਮ, ਕ੍ਰੋਧ, ਲੋਭ ਵਿਚ ਮਨੁੱਖ ਨੂੰ ਪਰਿਵਰਤਤ ਕਰ ਦੇਂਦੀ ਹੈ ਤੇ ਹੌਲੀ-ਹੌਲੀ ਇਹੀ ਹਉਮੈ ਸਹਿਤ ਕੀਤੇ ਕਰਮ ਤਕੜੇ ਬੰਧਨ ਬਣ ਜਾਂਦੇ ਹਨ :

> ਜੇਹੇ ਕਰਮ ਕਮਾਇ ਤੇਹਾ ਹੋਇਸੀ ॥੧॥੪॥੬॥
>
> (ਸੂਹੀ ਮ: ੧ ਘਰ ੩)

> ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥
> ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥੩॥੧॥੧੭॥
>
> (ਮਾਰੂ ਮ: ੫)

> ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥੪॥੧॥
>
> (ਸੋਰਠ ਮ: ੧)

ਕਰਮਾ ਸਬੰਧੀ ਗੁਰਮੱਤ ਦੇ ਵਿਚਾਰ ਜੈਨ ਧਰਮ ਤੋਂ ਬਿਲਕੁਲ ਵਖਰੇ ਹਨ। ਕਰਮ ਆਪਣੇ ਆਪ ਵਿਚ ਨਾ ਪਾਪ ਹਨ ਤੇ ਨਾ ਪੁੰਨ। ਨਾ ਚੰਗੇ ਹਨ ਨਾ ਮੰਦੇ। ਹਰ ਕਰਮ ਕਿਸੇ ਨਾ ਕਿਸੇ ਇਰਾਦੇ ਨਾਲ ਕੀਤਾ ਜਾਂਦਾ ਹੈ। ਓਹ ਇਰਾਦਾ ਜੇ ਚੰਗਾ ਹੋਵੇ ਤਾਂ ਕਰਮ ਵੀ ਚੰਗਾ ਹੈ ਤੇ ਜੇ ਇਰਾਦਾ ਮਾੜਾ ਹੈ ਤਾਂ ਕਰਮ ਵੀ ਮਾੜਾ ਹੈ। ਮਿਸਾਲ ਵਜੋਂ ਚਾਕੂ ਚਲਾਣਾ ਹੀ ਲੈ ਲਵੋ। ਚਾਕੂ ਚਲਾਣਾ ਆਪਣੀ ਥਾਂ ਤੇ ਨਾ ਚੰਗਾ ਹੈ ਨਾ ਮੰਦਾ। ਚਾਕੂ ਕਾਤਲ ਵੀ ਚਲਾਂਦਾ ਹੈ ਤੇ ਸਰਜਨ ਵੀ। ਕਾਤਲ ਜਿਸ ਤੇ ਚਾਕੂ ਚਲਾਂਦਾ ਹੈ ਓਹ ਵਾਲ ਵਾਲ ਬਚ ਜਾਂਦਾ ਹੈ, ਪਰ ਓਹ ਫੇਰ ਵੀ ਗ੍ਰਿਫਤਾਰ ਕਰ ਲੀਤਾ ਜਾਂਦਾ ਹੈ, ਅਦਾਲਤ ਉਸਨੂੰ ਕਰੜੀ ਕੈਦ ਦੀ ਸਜ਼ਾ ਦੇਂਦੀ ਹੈ। ਦੂਜੇ ਬੰਨੇ ਡਾਕਟਰ ਵੀ ਚਾਕੂ ਚਲਾਂਦਾ ਹੈ, ਪੇਟ ਚਾਕ ਕਰਦਾ ਹੈ ਜਾਂ ਛਾਤੀ ਚੀਰਦਾ ਹੈ ਤੇ ਜਿਸ ਮਰੀਜ਼ ਦਾ ਓਪ੍ਰੇਸ਼ਨ ਕਰਦਾ ਹੈ, ਓਹ ਮਰ ਜਾਂਦਾ ਹੈ। ਕਾਨੂੰਨ ਫੇਰ ਵੀ ਉਸ ਤੇ ਕੋਈ ਫਤਵਾ ਨਹੀਂ ਲਾਂਦਾ। ਸਬੰਧੀ ਵੀ ਹਥ ਜੋੜ ਕੇ ਉਸਦੀ ਫੀਸ ਭਰ ਦੇਂਦੇ ਹਨ। ਕਹਿੰਦੇ ਹਨ ਡਾਕਟਰ ਜੀ ਤੁਸੀਂ ਤਾਂ ਇਹਨੂੰ ਬਚਾਣ ਦਾ ਘਟ ਯਤਨ ਨਹੀਂ ਕੀਤਾ, ਜਦ ਧੁਰ ਤੋਂ ਇਸਦਾ ਜੀਵਨ ਮੁਕ ਚੁਕਾ ਹੈ, ਤਾਂ ਫਿਰ ਕੋਈ ਡਾਕਟਰ ਰੇਖ ਵਿਚ ਮੇਖ ਕਿਵੇਂ ਮਾਰ ਸਕਦਾ ਹੈ। ਹੁਣ ਜੇਕਰ ਚਾਕੂ ਚਲਾਣਾ ਆਪਣੇ ਆਪ ਵਿਚ ਚੰਗਾ ਜਾਂ ਮੰਦਾ ਹੁੰਦਾ, ਤਾਂ ਡਾਕਟਰ ਨੂੰ ਫਾਹੇ ਲਾਣਾ ਚਾਹੀਦਾ ਸੀ ਤੇ ਕਾਤਲ ਨੂੰ ਬਰੀ ਕਰ ਦੇਣਾ ਚਾਹੀਦਾ ਸੀ। ਪਰ ਪਰਤਖ ਹੈ ਜੋ ਨਿਆਇਧੀਸ਼ ਨੇ ਚਾਕੂ ਚਲਾਣ ਦੀ ਤਹਿ ਵਿਚ ਜੋ ਇਰਾਦਾ ਕੰਮ ਕਰ ਰਿਹਾ ਸੀ, ਉਸਨੂੰ ਮੁਖ ਰਖਕੇ ਜੁਰਮ ਆਇਦ ਕੀਤਾ ਹੈ। ਕਾਤਲ ਦਾ ਇਰਾਦਾ ਕਤਲ ਕਰਨ ਦਾ ਸੀ ਤੇ ਡਾਕਟਰ ਦਾ ਮਰਦੇ ਨੂੰ ਬਚਾਣ ਦਾ। ਇਰਾਦੇ ਅਨੁਸਾਰ ਡਾਕਟਰ ਦਾ ਚਾਕੂ ਭਲਾ ਤੇ ਕਾਤਲ ਦਾ ਬੁਰਾ ਸੀ।

ਬਸ ਇਸੇ ਤਰਾਂ ਹਰ ਕਰਮ ਦੀ ਪੜਤਾਲ ਉਸ ਦੀ ਤਹਿ ਵਿਚ ਬੈਠ ਕਰਮ ਕਰਨ ਦੀ ਪ੍ਰੇਰਨਾ ਦੇ ਇਰਾਦੇ ਤੋਂ ਹੀ ਵੇਖਣੀ ਚਾਹੀਦੀ ਹੈ।

ਹੁਣ ਚੂੰਕਿ ਹਉਮੈ ਬੜੀ ਅਪਦ੍ਰਵੀ ਹੈ ਤੇ ਸਾਡੇ ਹਰ ਇਰਾਦੇ ਹੇਠਾਂ ਹਉਮੈ ਹੀ ਕੰਮ ਕਰ ਰਹੀ ਹੈ, ਇਸ ਲਈ ਹਉਮੈ ਸਹਿਤ ਕੀਤੇ ਸਾਰੇ ਕੰਮ ਹੀ ਮਾੜੇ ਹਨ। ਜਦ ਤਕ ਅਸੀਂ ਹਉਮੈ ਤੋਂ ਮੁਕਤ ਨਹੀਂ ਹੁੰਦੇ, ਓਦੋਂ ਤਕ ਅਸੀਂ ਕਰਮ ਮੁਕਤ ਹੋ ਹੀ ਨਹੀਂ ਸਕਦੇ। ਹਉਮੈ ਸਰੀਰ ਨੂੰ ਦੁਖ ਜਾਂ ਤਸੀਹੇ ਦੇਣ ਨਾਲ ਨਹੀਂ, ਸਗੋਂ ਗੁਰ ਉਪਦੇਸ਼ ਤੇ ਵਾਹਿਗੁਰੂ ਦੇ ਗੁਣ ਗਾਉਣ ਨਾਲ ਹੀ ਮਰਦੀ ਹੈ।

ਗੁਰਮਤ ਇਸ ਲਈ ਕਰੜੇ ਤਪਾਂ ਰਾਹੀਂ ਨਿਸ਼ਕ੍ਰਿਆ ਹੋਣ ਦੀ ਥਾਵੇਂ ਗੁਰ ਸ਼ਬਦ ਰਾਹੀਂ ਹਉਮੈ ਨੂੰ ਨਿਵਾਰਨ ਤੇ ਵਾਹਿਗੁਰੂ ਦੀ ਮੇਹਰ ਵਲ ਝਾਕਣ ਦਾ ਉਪਦੇਸ਼ ਦੇਂਦੀ ਹੈ। ਹਉਮੈ ਮਾਰ ਵਾਹਿਗੁਰੂ ਨਾਲ ਜੁੜੇ ਸਜਨ ਪਰਉਪਕਾਰੀ ਤੇ ਸਮਦਰਸ਼ੀ ਹੋ ਆਪਣਾ ਜੀਵ ਜੰਤਕ ਭਲਾਈ ਵਿਚ ਲਗਾਂਦੇ ਹਨ ਤੇ ਸੁਖੀ ਜੀਵਨ ਬਿਤਾਂਦੇ ਹਨ ਅਤੇ ਦ੍ਵੈਤ ਭਾਵ ਵਿਚ ਕਰਮ ਕਰਦੇ ਤੇ ਰੋੜੇ ਝਾਗਦੇ ਸਜਨ ਦੁਖ ਪਾਂਦੇ ਤੇ ਖੁਆਰ ਹੋਂਦੇ ਹਨ। ਵਾਹਿਗੁਰੂ ਦੇ ਪ੍ਰੇਮ ਤੋਂ ਰਹਿਤ ਹੋ ਕੇ ਨਿਰੇ ਪੁਰੇ ਹਠ ਸਾਧ ਕੀਤੇ ਕਰਮ ਸਗੋਂ ਤ੍ਰਿਸ਼ਨਾ ਵਧਾਂਦੇ ਹਨ।

ਅਸਲੀ ਗਲ ਸਚੀ ਰਹਿਣੀ ਦੀ ਹੈ; ਜੋ ਗੁਰੂ ਸ਼ਬਦ ਰਾਹੀਂ ਪਰਾਪਤ ਹੋਂਦੀ ਹੈ। ਗੁਰੂ ਕਾ ਸ਼ਬਦਿ ਇਕ ਵਾਹਿਗੁਰੂ, ਸਚੇ ਨਾਮ, ਤੇ ਸਚੀ ਰਹਿਣੀ ਦੀ ਸੋਝੀ ਪਾਉਂਦਾ ਹੈ। ਸ਼ਾਂਤੀ ਕੇਵਲ ਨਾਮ ਤੋਂ ਪਰਾਪਤ ਹੋਂਦੀ ਹੈ। ਗੁਰੂ ਸ਼ਬਦ ਰਾਹੀਂ ਹਉਮੈ ਮਰਦੀ ਹੈ। ਮਨ ਜਿਤਿਆ ਜਾਂਦਾ ਹੈ। ਹਉਮੈ ਰਹਿਤ ਕਰਮ ਈਸ਼ਵਰੀ ਕਰਮ ਹਨ ਤੇ ਪਾਪ ਪੁੰਨ ਦੀ ਵਲਗਣ ਤੋਂ ਬਹੁਤ ਉੱਚੇ ਹਨ। ਇਹ ਹਉਮੈ ਰਹਿਤ ਜੀਵਨ ਹੀ ਨਾਮ ਪਰਗਾਸਿਆ ਜੀਵਨ ਹੈ।

ਅਹਿੰਸਾ

ਅਹਿੰਸਾ ਵੀ ਇਕ ਕਰਮ ਹੀ ਹੈ ਤੇ ਹਉਮੈ ਹੀ ਹਿੰਸਕ ਤੇ ਅਹਿੰਸਕ ਕਰਮਾਂ ਦੀ ਕਸਵਟੀ ਹੈ। ਕਿਸੇ ਵਡੀ ਹਿੰਸਾ ਨੂੰ ਆਪਣੀ ਹਉਮੈ ਤਿਆਗ ਨਿਕੀ ਜਹੀ ਹਿੰਸਾ ਕਰਕੇ ਰੋਕ ਲੈਣਾ ਵੀ ਅਹਿੰਸਾ ਹੈ, ਹਉਮੈ ਦੀ ਪਰਖ ਉਸ ਦੀ ਹਿੰਸਕ ਕਰਮ ਕਰਨ ਵਿਚ ਉਸਦੇ ਸਵਾਰਥ ਜਾਂ ਨਿਜੀ ਲਾਭ ਦੀ ਪ੍ਰਾਪਤੀ ਤੋਂ ਪਛਾਣੀ ਜਾਂਦੀ ਹੈ। ਇਕ ਪਾਗਲ ਹੋਇਆ ਹਾਥੀ ਸ਼ਹਿਰ ਵਲ ਭਜਾ ਆਉਂਦਾ ਹੈ। ਉਹਨੂੰ ਜੀਂਦਿਆਂ ਕਾਬੂ ਕਰ ਲੈਣਾ ਜਾਂ ਹੋਸ਼ ਵਿਚ ਲਿਆਉਣਾ ਅਸੰਭਵ ਹੋ ਚੁਕਾ ਹੈ। ਉਸਨੂੰ ਕਾਬੂ ਕਰਨ ਜਾਂ ਹੋਸ਼ ਵਿਚ ਲਿਆਉਣ ਦੇ ਸਮੂਹ ਸਾਧਨ ਨਿਸਫਲ ਸਾਬਤ ਹੋ ਚੁਕੇ ਹਨ। ਜੇ ਉਸਨੂੰ ਇਸੇ ਬੇਕਾਬੂ ਹਾਲਤ ਵਿਚ ਸ਼ਹਿਰ ਵਿਚ ਦਾਖਲ ਹੋਣ ਦਿਤਾ ਜਾਵੇ, ਤਾਂ ਕਈ ਮਾਸੂਮ ਜਿੰਦੜੀਆਂ ਇਸਦੇ ਪਾਗਲਪਨ

ਦਾ ਸ਼ਿਕਾਰ ਹੋ ਜਾਣਗੀਆਂ । ਉਹ ਅਤਿ ਦਾ ਘਾਤਕ ਸਾਬਤ ਹੋਵੇਗਾ। ਹੁਣ ਉਸਨੂੰ ਗੋਲੀ ਮਾਰਨਾ ਹੀ ਉਚਿਤ ਹੈ। ਇਕ ਜਾਨ ਦੇ ਜਾਣ ਨਾਲ ਕਈ ਕੀਮਤੀ ਜਾਨਾਂ ਬਚ ਜਾਣਗੀਆਂ । ਇਹ ਇਕ ਦੀ ਹਿੰਸਾ ਵੀ ਅਹਿੰਸਾ ਹੈ। ਦੇਸ਼ ਨੂੰ ਡਾਕੂਆਂ, ਬਦੇਸ਼ੀ ਹਮਲਾਆਵਰਾਂ ਜਾ ਲੁਟੇਰਿਆਂ ਨਾਲ ਟਕਰ ਲੈਕੇ, ਜੰਗ ਵਿਚ ਸ਼ਹੀਦੀਆਂ ਪ੍ਰਾਪਤ ਕਰ ਲੈਣੀਆਂ ਤੇ ਵੈਰੀਆਂ ਨੂੰ ਮਾਰ-ਮਾਰ ਭਜਾ ਦੇਣਾ ਵੀ ਅਹਿੰਸਾ ਹੈ। ਅਜਿਹਾ ਕਰਨ ਵਾਲੇ ਨੂੰ ਪਹਿਲੇ ਆਪਣੀ ਹਉਮੈ ਤੇ ਖੁਦਗਰਜ਼ੀ ਨੂੰ ਤਿਆਗ ਕੇ ਆਪਣੇ ਆਪ ਨੂੰ ਖਤਰੇ ਵਿਚ ਪਾਣਾ ਪੈਂਦਾ ਹੈ। ਜਾਨ ਹੂਲ ਕੇ ਟਕਰ ਲੈਣੀ ਪੈਂਦੀ ਹੈ। ਇਹ ਹਿੰਸਾ ਨਹੀਂ ਸਗੋਂ ਵੀਰਤਾ ਹੈ।

ਸਾਧਨ ਪੱਖ

ਸਾਧਨ ਪੱਖ ਤੋਂ ਜੈਨ ਤੇ ਬੁਧ ਦੋਵੇਂ ਧਰਮ ਸਦਾਚਾਰ ਵਿਸਥਾਰ ਵਿਚ ਇਕ ਦੂਜੇ ਨਾਲ ਮਿਲਦੇ-ਜੁਲਦੇ ਹਨ, ਪਰ ਜੈਨ ਮਤਿ ਮਾਨਸਕ ਯਤਨਾਂ ਨੂੰ ਪਾਪ ਦੂਰ ਕਰਨ ਯਾ ਜੜੂੰ ਪੁਟਣ ਦੇ ਅਸਮਰਥ ਸਮਝਦਾ ਹੈ। ਇਸ ਲਈ ਉਸ ਲਈ ਉਚਤਮ ਯਤਨ ਨਿਸ਼ਕ੍ਰਿਆ ਹੋਣਾ ਹੈ। ਜੈਨ ਮਤ ਅਨੁਸਾਰ ਆਦਮੀ ਜਿਨਾ ਚੁਪ ਤੇ ਕ੍ਰਿਆ ਰਹਿਤ ਹੋ ਕੇ ਬੈਠਦਾ ਹੈ, ਉਤਨਾ ਹੀ ਓਹ ਪਾਪ ਰਹਿਤ ਹੈ। ਕਰਮ ਹੀ ਪਾਪ ਹੈ। ਇਹ ਜੈਨ ਧਰਮ ਦਾ ਮੁਖ ਸਿਧਾਂਤ ਹੈ :

> “ਕਰਮ ਕਰਨ ਤੋਂ ਜੋ ਅਨੰਦ ਪ੍ਰਾਪਤ ਹੁੰਦਾ ਹੈ, ਉਸ ਵਿਚ ਫ਼ਸੇ ਹੋਏ ਲੋਕ ਕਦਾਚਿਤ ਦੁਖ ਤੇ ਪਾਪ ਤੋਂ ਬਚ ਨਹੀਂ ਸਕਦੇ । ਕਰਮ ਹੀ ਮਨੁਖ ਦੀ ਮੌਤ ਦਾ ਕਾਰਨ ਹੈ।” (ਸੂਤ੍ਰ ਕ੍ਰਿਦੰਗ)

ਸੋ ਜਿਥੇ ਬੁਧ ਧਰਮ ਨੇ ਪਾਪ ਰਹਿਤ ਹੋਣ ਲਈ ਸਦਾਚਾਰਕ ਉਪਾਓ ਦਸੇ ਹਨ, ਉਥੇ ਜੈਨ ਕਰਮਾਂ ਦੇ ਤਿਆਗ ਤੇ ਜ਼ੋਰ ਦੇਂਦਾ ਹੈ । ਗੁਰਮਤ ਇਨ੍ਹਾਂ ਦੋਹਾਂ ਤੋਂ ਵਖਰਾ ਹੀ ਮਾਰਗ ਦਰਸਾਂਦਾ ਹੈ । ਗੁਰਮਤ ਵਿਗਾਸ ਵਾਦੀ ਹੈ। ਵਿਸਮਾਦਿ ਮਾਣਦਾ ਗੁਰਮੁਖ ਹਉ ਰਹਿਤ ਹੋ ਪਾਪਾਂ ਤੋਂ ਉਚੇਰਾ ਹੋ ਜਾਂਦਾ ਹੈ। ਪਾਪ ਹੇਠਾਂ ਰਹਿ ਜਾਂਦੇ ਹਨ ਤੇ ਗੁਰਮੁਖਿ ਅਗੇ ਲੰਘ ਜਾਂਦਾ ਹੈ ਤੇ ਸਦਾ ਵਿਗਾਸ ਦੀ ਅਵਸਥਾ ਵਿਚ ਪੁਜ ਜਾਂਦਾ ਹੈ :

ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥
(ਜਪੁਜੀ ਸਾਹਿਬ)

ਡਾਕਟਰ ਬਲਬੀਰ ਸਿੰਘ ਜੀ ਲਿਖਦੇ ਹਨ :–

> “ਇਕ ਬੀਜ ਜਿਸ ਕੂੜੇ ਕਰਕਟ ਵਿਚ ਸੁਟਿਆ ਜਾਂਦਾ ਹੈ, ਆਪਣੇ ਉਭਾਰ ਵਿਚ ਆਪਣਾ ਸਿਰ ਉਸ ਤੋਂ ਬਾਹਰ ਕੱਢ ਲੈਂਦਾ ਹੈ। ਇਕ ਕੌਲ

ਫੁਲ ਛਪੜ ਦੇ ਪਾਨੀ ਵਿਚੋਂ ਗਰਦਨ ਹਮੇਸ਼ਾ ਉਚੀ ਕਰੀ ਜਾਂਦਾ ਹੈ, ਚਾਹੇ ਪਾਣੀ ਕਿਤਨਾ ਵਧ ਜਾਏ। ਜੇ ਕੌਲ਼ ਫੁਲ ਇਹ ਚਾਹਵੇ ਕਿ ਮੈਂ ਚਿਕੜ ਨੂੰ ਕਿਸੇ ਯਤਨ ਨਾਲ ਬਾਹਰ ਕਢ ਸੁਟਾਂ, ਤਾਂ ਇਹ ਯਤਨ ਨਿਸਫਲ ਹੋਵੇਗਾ।

ਐਸੀ ਨਿਸਫਲਤਾ ਦੇ ਖਿਆਲ ਤੋਂ ਹੀ ਗੁਰੂ ਨਾਨਕ ਜੀ ਨੇ ਕਿਹਾ "ਜੋਰੁ ਨ ਜੁਗਤੀ ਛੁਟੈ ਸੰਸਾਰੁ ॥" ਸਹਜ ਦੇ ਤਰੀਕੇ ਨਾਲ ਉੱਨਤ ਹੋਣਾ, ਇਹ ਵਿਗਾਸ ਮਾਰਗ ਹੈ, ਉੱਨਤ ਹੋਇਆ ਮਨੁਖ ਆਪਣੀਆਂ ਕਮਜ਼ੋਰੀਆਂ ਦੀ ਕੁੰਜ ਵਿਚੋਂ ਅਡੋਲ ਸਰਕ ਜਾਂਦਾ ਹੈ।

ਗੁਰਮੁਖਿ ਕੂੜੁ ਨ ਭਾਵਈ ਸਚਿ ਰਚੇ ਸਚ ਭਾਇ ॥

(ਸਿਰੀ ਰਾਗ ਮ: ੧)

ਏਮਰਸਨ ਨੇ ਸਦਾਚਾਰ ਬਾਬਤ ਕਿਹਾ ਸੀ :

"ਸਚ ਦੇ ਨਿਤ ਦਰਸ਼ਨ ਤੋਂ ਓਹ ਸਭਾਵ ਘੜਿਆ ਜਾਂਦਾ ਹੈ, ਜਿਸ ਤੋਂ ਸਦਾਚਾਰ ਉਪਜਦਾ ਹੈ। (ਕਲਮ ਤੇ ਕਰਾਮਤ ਪੰਨਾ ੩੨੭)

ਅਮਲੀ ਪੱਖ

ਅਮਲੀ ਪੱਖ ਤੋਂ ਜੈਨ ਤੇ ਬੁਧ ਧਰਮ ਨੇ ਹੇਠ ਲਿਖੇ ਤਿੰਨ ਮੁਖ ਅਸਰ ਛਡੇ ਹਨ :

(੧) ਸਦਾਚਾਰਕ ਖੇਤ੍ਰ

ਭਾਰਤਵਰਸ਼ ਦਾ ਆਚਾਰ ਕੁਝ ਸਮੇਂ ਲਈ ਕਾਫ਼ੀ ਉਚਾ ਹੋ ਗਿਆ। ਮੈਗਸਥਨੀਜ਼ 'ਨਾਂ ਦਾ ਇਕ ਯੂਨਾਨੀ ਰਾਜਦੂਤ ੩੨੯ ਪੂ: ਈ: ਵਿਚ ਭਾਰਤ ਵਰਸ਼ ਵਿਚ ਆਇਆ ਸੀ। ਇਹ ਕਾਫੀ ਦੇਰ ਮਗਧ ਦੇਸ਼ ਵਿਚ ਰਹਿੰਦਾ ਰਿਹਾ ਹੈ। ਓਹ ਆਪਣੀ ਪੁਸਤਕ ਫਰੈਗਮੈਂਟਸ ਆਫ ਇੰਡੀਆ ਵਿਚ ਲਿਖਦਾ ਹੈ :

"ਸੰਪੂਰਨ ਭਾਰਤੀਯ ਪੂਰੇ ਤੌਰ ਤੇ ਆਜ਼ਾਦ ਹੈ। ਇਨ੍ਹਾਂ ਵਿਚੋਂ ਕੋਈ ਗੁਲਾਮ ਨਹੀਂ। ਭਾਰਤੀਆਂ ਦੇ ਗੰਵਾਢੀ ਮਿਤਰ ਲੈਕਿਡੀਮੋਨੀਅਨਸ (Lakediamonians) ਤੇ ਹੇਲਟ (Helet) ਜਾਤਿ ਵਾਲਿਆਂ ਨੂੰ ਦਾਸ ਬਣਾਕੇ, ਉਨ੍ਹਾਂ ਪਾਸੋਂ ਨੀਵੇਂ ਦਰਜੇ ਦੇ ਕੰਮ ਲੈਂਦੇ ਹਨ ਪਰ ਭਾਰਤੀ ਸਗੋਂ ਆਪਣੇ ਦੁਸ਼ਮਨਾਂ ਨਾਲ ਵੀ ਦਾਸਾਂ ਵਾਲਾ ਵਰਤਾਓ ਨਹੀਂ ਰਖਦੇ।"

(Page : 26)

ਫੇਰ ਅਗੇ ਜਾਕੇ ਏਹੀ ਲੇਖਕ ਲਿਖਦਾ ਹੈ :

"ਭਾਰਤੀਆਂ ਵਿਚ ਚੋਰੀ ਤੇ ਜਾਬਰਪੁਣੇ ਦੇ ਪਾਪੀ ਕਾਰਜ ਕਤਈ ਹੈ ਹੀ ਨਹੀਂ।"

ਇਸ ਤੋਂ ਇਲਾਵਾ ਜ਼ਾਤ ਪਾਤ ਦੇ ਬੰਧਨ ਵੀ ਢਿਲੇ ਪੈ ਗਏ। ਪਰਸਪਰ ਵਿਵਾਹਾਂ ਦੇ ਦਾਇਰੇ, ਜੋ ਪਹਿਲੇ ਬੜੇ ਸੰਕੋਚਵੇਂ ਸਨ, ਮੋਕਲੇ ਹੋ ਗਏ। ਜਿਥੇ ਪ੍ਰਸੇਨਜਿਤ ਰਾਜੇ ਨੂੰ ਸਾਂਕਯਾਂ ਨੇ ਆਪਣੇ ਆਪ ਨੂੰ ਉਚੀ ਜਾਤ ਦਾ ਜਾਣਦਿਆਂ ਹੋਇਆਂ, ਧੋਖੇ ਨਾਲ ਇਕ ਦਾਸੀ ਤੋਂ ਪੈਦਾ ਹੋਈ ਸ਼ਾਕਾ ਕੁੜੀ, ਕੇਵਲ ਰਾਜੇ ਤੋਂ ਪਿਛਾ ਛੁਡਾਣ ਲਈ, ਵਿਆਹ ਦਿਤੀ ਸੀ। ਕਿਉਂਕਿ ਓਹ ਤਾਕਤ ਵਿਚ ਉਨ੍ਹਾਂ ਤੋਂ ਜ਼ਿਆਦਾ ਸੀ, ਪਰ ਜ਼ਾਤ ਵਿਚ ਨੀਵਾਂ ਸੀ। ਭਾਵੇਂ ਬਾਅਦ ਵਿਚ ਇਹ ਧੋਖਾ ਕਾਫੀ ਅਪਦ੍ਰਵੀ ਸਾਬਤ ਹੋਇਆ ਸੀ। ਉਥੇ ਚੰਦਰਗੁਪਤ ਰਾਜੇ ਦਾ ਵਿਆਹ ਯਵਨ ਰਾਜੇ ਸਲਯੂਕਸ, ਜੋ ਯੂਨਾਨੀ ਸੀ, ਨਾਲ ਹੋਇਆ, ਪਰ ਕਿਸੇ ਨੇ ਵੀ ਕੋਈ ਚੂੰ-ਚਰਾਂ ਨਹੀਂ ਕੀਤੀ। ਸਗੋਂ ਸਭ ਨੇ ਹੀ ਇਹ ਹਿੰਦੂ-ਯੂਨਾਨੀ ਸੰਜੋਗ ਪਰਵਾਨ ਕਰ ਲਿਆ।

(੨) ਆਰਥਕ ਖੇਤਰ

ਆਰਥਕ ਖੇਤਰ ਵਿਚ ਵੀ ਜੈਨ ਧਰਮ ਦੇ 'ਅਹਿੰਸਾ ਪਰਮੋ ਧਰਮਾ' ਦੇ ਸਿਧਾਂਤ ਨੇ ਕਾਫੀ ਪ੍ਰਭਾਵ ਪਾਇਆ। ਵੈਸ਼ਾਂ ਨੇ ਜ਼ਮੀਨਾਂ ਵਾਹੁਣੀਆਂ ਛਡ ਦਿਤੀਆਂ, ਕਿਉਂਕਿ ਹਲ ਚਲਾਉਣ ਨਾਲ, ਕਹੀ ਵਾਹੁਣ ਨਾਲ ਤੇ ਗੋਡੀ ਕਰਨ ਨਾਲ ਜੀਵਾਂ ਦਾ ਘਾਤ ਹੁੰਦਾ ਸੀ। ਜ਼ਮੀਨਾਂ ਦੇ ਵਾਹਕ ਬਦੇਸ਼ੀ ਜਾਂ ਉਹ ਜ਼ਾਤਾਂ, ਜੋ ਜੈਨੀ ਪਰਭਾਵ ਹੇਠਾਂ ਨਹੀਂ ਆਈਆਂ ਸਨ, ਉਹ ਹੀ ਰਹਿ ਗਈਆਂ। ਖਤਰੀ ਜੋ ਜੈਨੀ ਬਣੇ, ਉਹਨਾਂ ਸ਼ਸ਼ਤਰ ਤਿਆਗ ਦਿਤੇ। ਜੋ ਵੈਸ਼ ਤੇ ਖਤਰੀ ਇਸ ਮੱਤ ਦੇ ਧਾਰਨੀ ਹੋਏ, ਉਹ ਬਾਣੀਏ ਬਣ ਗਏ। ਅਜ ਵੀ ਜੈਨੀ ਵਿਸ਼ੇਸ਼ ਕਰਕੇ ਬਾਣੀਏ ਹੀ ਹਨ, ਜੋ ਸ਼ਾਹੂਕਾਰਾ ਕਰਦੇ ਹਨ ਤੇ ਕਾਮਿਆਂ ਦੀ ਖਟੀ ਖਾਂਦੇ ਹਨ। ਓਦਾਂ ਅਹਿੰਸਕ ਹਨ, ਪਰ ਸੂਦ ਦਰ ਸੂਦ ਤੇ ਧੇਲੀ ਦੇ ਕੇ ਹਵੇਲੀ ਲੈ ਲੈਣ ਵਾਲੇ ਰੱਤ ਪੀਣੇ ਬਣੇ ਹੋਏ ਹਨ

(੩) ਰਾਜਨੀਤਕ ਖੇਤਰ

ਰਾਜਨੀਤਕ ਖੇਤਰ ਵਿਚ ਵੀ ਕਰਮਾਂ ਦੇ ਸਿਧਾਂਤ ਨੇ ਪਰਜਾਤੰਤਰ ਨੂੰ ਬਾਦਸ਼ਾਹੀ ਰੰਗ ਵਿਚ ਬਦਲ ਦਿਤਾ। ਕਿਉਂਕਿ ਕਿਸੇ ਦਾ ਦਾਸ, ਗਰੀਬ ਜਾ ਰਾਜਾ ਹੋਣਾ ਜੀਵ ਦੇ ਕਰਮਾਂ ਤੇ ਨਿਰਭਰ ਸੀ। ਇਸ ਲਈ ਸਭ ਆਪਣੀ-ਆਪਣੀ ਸਥਿਤੀ ਤੇ ਪ੍ਰਸੰਨ ਸਨ। ਰਾਜਿਆਂ ਨੂੰ ਖੁਲ੍ਹ ਹੋ ਗਈ, ਉਹ ਜੋ ਜੀ ਆਵੇ, ਸੋ ਕਰਨ ਕਿਉਂਕਿ ਉਹ ਆਪਣੇ ਕਰਮਾਂ ਕਰਕੇ ਰਾਜਾ ਹੈ ਤੇ ਪਰਜਾ ਆਪਣੇ ਕਰਮਾਂ ਕਰਕੇ ਹੀ ਉਚੀ ਨੀਵੀਂ ਪੋਜ਼ੀਸ਼ਨ ਤੇ ਹੈ। ਕਰਮਾਂ ਦੀ ਰੇਖ ਵਿਚ ਮੇਖ ਮਾਰਨਾ ਕਿਸੇ ਲਈ ਵੀ ਸੰਭਵ ਨਹੀਂ।

ਰਾਜਿਆਂ ਲਈ ਇਹ ਪਰਚਾਰ ਸੁਖਾਵਣਾ ਸੀ। ਜੇਕਰ ਕੋਈ ਇਨ੍ਹਾਂ ਪਾਸੋਂ ਕੁਲੀ-ਗੁਲੀ ਤੇ ਜੁਲੀ ਮੰਗਣ ਲਈ ਅੰਦੋਲਨ ਕਰਦਾ, ਤਾਂ ਰਾਜਿਆਂ ਪਾਸ ਚੁਕ ਕਰਾਉਣ ਲਈ ਕਰਮਾਂ ਦੇ ਅਮਿਟ ਹੋਣ ਦੀ ਦਲੀਲ ਕਾਫੀ ਸਫਲ ਸਾਬਤ ਹੋ ਜਾਂਦੀ ਸੀ।

ਗੁਰਮੱਤ ਦਾ ਨਿਆਰਾ ਪੱਨ

ਇਨ੍ਹਾਂ ਤਿੰਨਾਂ ਹੀ ਪੱਖਾਂ ਤੋਂ ਗੁਰਮੱਤ ਨਿਆਰਾ ਹੈ। ਗੁਰਮੱਤ ਦਾ ਸਦਾਚਾਰ ਅਧਯਾਤਮਕ ਨੀਹਾਂ ਤੇ ਹੈ, ਜੋ ਸਦਾ ਸਥਾਈ ਹਨ। ਗੁਰਮੁਖ ਨੇ ਹਉਮੈ ਦਾ ਤਿਆਗ ਕਰਕੇ ਸ਼ੁਭ ਗੁਣੀ ਬਣਨਾ ਹੈ। ਅਦ੍ਵੈਤ ਵਾਦੀ ਹੋਣ ਕਰਕੇ ਉਹਦੇ ਵਿਚ ਨਾ ਜ਼ਾਤ ਪਾਤ ਦਾ ਵੇਰਵਾ ਹੈ! ਨਾ ਊਚ ਨੀਚ ਦਾ ਵਿਚਾਰ। ਉਸਨੇ 'ਸਰਬ ਮੈਂ ਪੇਖੈ ਪਾਰਬ੍ਰਹਮ' ਦਾ ਸਬਕ ਪੜ੍ਹਿਆ ਹੈ।

ਉਹ ਪਰਉਪਕਾਰ ਲਈ ਆਇਆ ਹੈ, ਇਸ ਲਈ ਉਸਨੇ ਹਿੰਸਾ ਵਿਚੋਂ ਹੀ ਅਹਿੰਸਾ ਦੀ ਪ੍ਰਾਪਤੀ ਕਰਨੀ ਹੈ। ਪਹਿਲੇ ਉਸਨੇ ਆਪਣੀ ਹਉਮੈ ਦੀ ਹਿੰਸਾ ਕਰਨੀ ਹੈ। ਹਉਮੈ ਦੇ ਮਰਨ ਨਾਲ ਅਹਿੰਸਾ ਦਾ ਲਾਭ ਆਪ ਮੁਹਾਰਾ ਆ ਜਾਣਾ ਹੈ।

ਪਰਉਪਕਾਰ ਲਈ ਕੀਤੀ ਗਈ ਹਿੰਸਾ ਵੀ ਅਹਿੰਸਾ ਹੈ, ਜੋ ਇਕ ਹਿੰਸਕ ਨੂੰ ਜਾਂ ਤਾਂ ਅਹਿੰਸਕ ਬਣਾ ਦੇਂਦੀ ਹੈ, ਜਾਂ ਸਦਾ ਲਈ ਮੁਕਾ ਦੇਂਦੀ ਹੈ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ, ਜੋ ਜੈਨ ਧਰਮ ਦਾ ਕੋਈ ਸਿਧਾ ਅਸਰ ਗੁਰਮੱਤ ਨੇ ਨਹੀਂ ਕਬੂਲਿਆ।

ਅਸਾਨੂੰ ਇਹ ਗਲ ਕਹਿਣ ਤੋਂ ਕੋਈ ਸੰਕੋਚ ਨਹੀਂ ਕਿ ਜੈਨ ਧਰਮ ਦਾ 'ਅਹਿੰਸਾ ਪਰਮੋ ਧਰਮਾ' ਹੀ ਦੇਸ ਦੀ ਗੁਲਾਮੀ ਦਾ ਮੁਖ ਕਾਰਨ ਬਣਿਆ ਤੇ ਕਈ ਸਦੀਆਂ ਲਈ ਦੇਸ਼-ਵਦੇਸ਼ੀ ਪਰਾਧੀਨਤਾ ਦੇ ਜਕੋੜਾਂ ਵਿਚ ਜਕੋੜਿਆ ਦੁਖ ਸਹਿੰਦਾ ਰਿਹਾ।

ਗੁਰਮੱਤ ਨੇ ਉਨ੍ਹਾਂ ਊਣਤਾਈਆਂ ਨੂੰ ਸਮਝਿਆ ਤੇ ਸਹਿਜ ਮਾਰਗ ਰਾਹੀਂ ਉਚ ਅਧਿਆਤਮਕ ਅਵਸਥਾ ਪ੍ਰਾਪਤ ਕਰਕੇ, ਪਰਉਪਕਾਰ ਲਈ ਸਭ ਕੁਝ ਵਾਰ ਦੇਣ ਦੀ ਅਮਲੀ ਜਾਚ ਸਿਖਾਈ। ਜਿਸਦਾ ਪਰਿਣਾਮ ਸਪਸ਼ਟ ਤੌਰ ਤੇ ਉਨ੍ਹਾਂ ਗੁਲਾਮੀ ਦੇ ਜਕੋੜਾਂ ਨੂੰ ਤਰੋੜ-ਮਰੋੜ ਸੁਟ ਸਕਣਾ ਤੇ ਆਜ਼ਾਦ ਹੋਣਾ ਸੀ।

ਗੁਰਮੱਤ ਭਗਤੀ ਤੇ ਸ਼ਕਤੀ ਦੋਹਾਂ ਦਾ ਸੁੰਦਰ ਮੇਲ ਹੈ। ਇਸ ਦਾ ਉਦੇਸ਼ 'ਧਰਮ ਚਲਾਵਨ ਸੰਤ ਉਭਾਰਨ' ਦਾ ਵੀ ਹੈ ਤੇ 'ਦੁਸ਼ਟ ਸਭਨ ਕੋ ਮੂਲ ਉਪਾਰਨ' ਦਾ ਵੀ। ਧਰਮ ਚਲਾਵਨ ਤੇ ਸੰਤ ਉਭਾਰਨ ਲਈ ਭਗਤੀ ਦੀ ਲੋੜ ਹੈ ਤੇ 'ਦੁਸ਼ਟ

ਸਭਨ ਕੋ ਮੂਲ ਉਪਾਰਨ' ਲਈ ਸ਼ਕਤੀ ਦੀ। ਭਗਤੀ ਗੁਰਮੁਖ ਦੇ ਹਿਰਦੇ ਵਿਚ ਸ਼ੁਭ ਕਰਮਾਂ ਦੀ ਇੱਛਾ ਉਪਜਾਂਦੀ ਹੈ। ਤੇ ਉਹ ਆਪਣੇ ਗੁਰਦੇਵ ਤੋਂ ਸ਼ੁਭ ਕਰਮਾਂ ਦੀ ਦਾਤ ਲਈ ਅਰਜ਼ੋਈ ਕਰਦਾ ਹੈ:—

'ਦਿਹ ਸ਼ਿਵਾ ਬਰ ਮੋਹ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ', 'ਸ਼ੁਭ ਕਰਮ' ਭਗਤੀ ਦਾ ਫਲ ਸਰੂਪ ਹਨ, ਇਹ ਮਨੁਖ ਨੂੰ ਨਿਰਭੈਤਾ ਪ੍ਰਦਾਨ ਕਰਦੇ ਹਨ। ਨਿਰਭੈਤਾ ਸ਼ਕਤੀ ਬਖਸ਼ ਦੇਂਦੀ ਹੈ ਤੇ ਉਸਦੇ ਮੰਨ ਵਿਚ ਸ਼ੁਭ ਕਰਮਾਂ ਦੇ ਸ਼ਤਰੂਆਂ ਨਾਲ ਘੋਲ ਕਰਨ ਦੀ ਉਮੰਗ ਪੈਦਾ ਹੋ ਜਾਂਦੀ ਹੈ ਤੇ ਉਹ ਲਲਕਾਰਦਾ ਹੈ "ਨਾ ਡਰੋਂ ਅਰਿ ਸੋ ਜਬ ਜਾਇ ਲਰੋਂ" ਤੇ ਇਹ ਲਲਕਾਰ ਨਿਸਚੇ ਵਿਚ ਬਦਲ ਕੇ ਗੂੰਜ ਉਠਦੀ ਹੈ, "ਨਿਸਚੈ ਕਰ ਅਪਨੀ ਜੀਤ ਕਰੋਂ"। ਪਰ ਹਉਮੈ ਉਪਜਣ ਦਾ ਡਰ ਉਸਨੂੰ ਮੁੜ ਹਰੀ ਦੇ ਗੁਣ ਗਾਉਣ ਲਈ ਪ੍ਰੇਰਦਾ ਹੈ ਤੇ ਉਹ ਸ਼ੁਕਰਾਨੇ ਵਿਚ ਜੋਦੜੀ ਕਰਦਾ ਹੈ। "ਅਰ ਸਿਖ ਹੋਂ ਅਪਨੇ ਹੀ ਮਨ ਕੋ ਇਹ ਲਾਲਚ ਹਉ ਗੁਣ ਤਉ ਉਚਰੋਂ" ਇਹ ਭਗਤੀ ਹੈ, ਜੋ ਹਉਮੈ ਰਹਿਤ ਹੋਏ ਮਨ ਨੂੰ ਜੂਝ ਮਰਨ ਦਾ ਚਾਅ ਪੈਦਾ ਕਰ ਦੇਂਦੀ ਹੈ ਤੇ ਉਸਦੇ ਹਿਰਦੇ ਦੀ ਤੜਪ ਪਰਉਪਕਾਰ ਲਈ ਜੂਝ ਮਰਨ ਲਈ ਦਵਾ ਗੋ ਹੋ ਜਾਂਦੀ ਹੈ :—

ਜਬ ਆਵ ਕੀ ਅਉਧ ਨਿਦਾਨ ਬਨੈ,
ਅਤਿ ਹੀ ਰਣ ਮਹਿ ਤਬ ਜੂਝ ਮਰੋਂ ॥

ਇਹ ਸ਼ਕਤੀ ਲਈ ਤਾਂਘ ਹੈ। ਇਸ ਤਰ੍ਹਾਂ ਗੁਰਮੁਖ ਭਗਤੀ ਤੇ ਸ਼ਕਤੀ ਦੋਹਾਂ ਨੂੰ ਆਪਣੇ ਅੰਦਰ ਵਸਾ, ਕਰਮ ਤੇ ਅਹਿੰਸਾ ਦੋਹਾਂ ਤੇ ਵਿਜੇਈ ਹੋ ਜਾਂਦਾ ਹੈ।

ਬੁਧ ਮਤ ਤੇ ਗੁਰਮਤਿ

ਬੁਧ ਧਰਮ ਭਾਰਤ ਦਾ ਇਕ ਬਹੁਤ ਪੁਰਾਣਾ ਮੱਤ ਹੈ । ਇਹ ਭਾਰਤ ਵਰਸ਼ ਦਾ ਰਾਸ਼ਟ੍ਰੀਯ ਮੱਤ ਵੀ ਰਹਿ ਚੁਕਾ ਹੈ । ਸਮਰਾਟ ਅਸ਼ੋਕ ਨੇ ਕਾਲਿੰਗਾ ਦੀ ਮੁਖ ਘਾਤਕ ਲੜਾਈ ਦੇ ਨਤੀਜਿਆਂ ਤੋਂ ਪ੍ਰਭਾਵਤ ਹੋ, ਉਪਰਾਮਤਾ ਧਾਰਨ ਕਰ ਲਈ ਤੇ ਇਸ ਘਾਤਕ ਜੀਵਨ ਤੋਂ ਸਦਾ ਲਈ ਤੋਬਾ ਕਰਕੇ, ਇਸ ਮੱਤ ਨੂੰ ਧਾਰਿਆ ਤੇ ਪ੍ਰਚਾਰਿਆ । ਇਸ ਨੇ ਭਾਰਤ ਵਿਚੋਂ ਬੋਧੀ ਭਿਖਸ਼ੂ ਦੂਰ ਦੂਰ ਦੇਸਾਂ ਤੇ ਬਦੇਸ਼ਾਂ ਵਿਚ ਘਲ ਕੇ ਇਸ ਮਤਿ ਨੂੰ ਪਰਚਾਰਿਆ ਤੇ ਚੀਨ, ਜਪਾਨ, ਥਾਈਲੈਂਡ (ਸਯਾਮ), ਲੰਕਾ (ਜੋ ਉਸ ਸਮੇਂ ਭਾਰਤ ਦਾ ਹੀ ਭਾਗ ਸੀ) ਆਦਿ ਦੇਸ਼ਾਂ ਵਿਚ ਇਸਦਾ ਫੈਲਾਉ ਵਧਾਣ ਵਿਚ ਸਫਲ ਹੋਇਆ । ਇਸ ਪਰਚਾਰ ਵਿਚ ਸਮਰਾਟ ਨੇ ਆਪ ਵੀ ਭਾਗ ਲਿਆ, ਪਰ ਇਸ ਦੇ ਪੁਤਰ ਤੇ ਲੜਕੀ ਦਾ ਨਾਮ ਖਾਸ ਵਰਨਣ ਯੋਗ ਹੈ ।

ਇਸ ਧਰਮ ਦੇ ਜਨਮ ਦਾਤਾ ਸ਼ਹਿਜ਼ਾਦਾ ਸਿਧਾਰਥ, ਜੋ ਬਾਹਦ ਵਿਚ ਮਹਾਤਮਾ ਬੁਧ ਜਾਂ ਗੋਤਮ ਬੁਧ ਦੇ ਨਾਂ ਤੋਂ ਪ੍ਰਸਿਧ ਹੋਏ ਹਨ, ਨੂੰ ਹੀ ਕਿਹਾ ਜਾ ਸਕਦਾ ਹੈ । ਗੋਤਮ ਜੀ ਕਪਲ ਵਸਤੂ, ਜੋ ਅਜ ਦੇ ਨੀਪਾਲ ਦੇ ਲਾਗੇ ਚਾਗੇ ਇਕ ਪਹਾੜੀ ਰਿਆਸਤ ਸੀ, ਦੇ ਰਾਜਾ ਸਿਧੂਧਨ ਦੇ ਪੁਤਰ ਸਨ । ਬਚਪਨ ਤੋਂ ਹੀ ਇਨ੍ਹਾਂ ਦੇ ਸੁਭਾ ਵਿਚੋਂ ਇਸ ਦੁਨੀਆਂ ਤੋਂ ਉਪਾਰਮਤਾ ਦੇ ਲਛਣ ਪਰਤੱਖ ਹੁੰਦੇ ਸਨ । ਫਿਰ ਭੀ ਘੋੜ ਸਵਾਰੀ, ਨੇਜ਼ਾਬਾਜ਼ੀ, ਤੀਰ-ਅੰਦਾਜ਼ੀ ਆਦਿ ਦੇ ਵੀਰਤਾ ਪੂਰਤ ਗੁਣ, ਇਨ੍ਹਾਂ ਵਿਚ ਮੌਜੂਦ ਸਨ ਤੇ ਇਨ੍ਹਾਂ ਗੁਣਾਂ ਦੇ ਸਦਕੇ ਹੀ ਇਨ੍ਹਾਂ ਨੇ ਇਕ ਰਾਜ ਕੰਨਿਆਂ ਨੂੰ ਸਵੰਬਰ ਵਿਚ ਜਿਤ ਕੇ ਪਰਣਾਇਆ ਵੀ ਸੀ ਤੇ ਉਸ ਵਿਚੋਂ ਇਕ ਪੁਤਰ ਦੇ ਪਿਉ ਵੀ ਬਣ ਚੁਕੇ ਸਨ । ਪਰ ਇਹ ਸਭੋ ਕੁਝ ਇਨ੍ਹਾਂ ਦੇ ਸੰਸਾਰ ਵਲੋਂ ਉਚਾਟ ਹੋਏ ਮਨ ਨੂੰ ਮੋਹਣ ਦਾ ਕਾਰਨ ਨਾ ਬਣ ਸਕਿਆ ਤੇ ਇਕ ਰਾਤ ਆਪ ਅਛੋਪਲੇ ਹੀ ਬਨਵਾਸੀ ਬਣਨ ਲਈ ਘਰੋਂ ਨਿਕਲ ਤੁਰੇ ।

ਕਈ ਵਰ੍ਹਿਆਂ ਦੀ ਕਠਨ ਤਪਸਿਆ ਮਗਰੋਂ ਫਾਲਗੂ ਨਦੀ, ਜੋ ਪ੍ਰਸਿਧ ਹਿੰਦੂ ਤੀਰਥ ਗਯਾ (ਬਿਹਾਰ) ਲਾਗੇ ਵਗਦੀ ਹੈ, ਦੇ ਤਟ ਤੇ ਇਕ ਪਿਪਲ ਦੇ ਬ੍ਰਿਛ ਹੇਠਾਂ, ਆਪ ਜੀ ਨੂੰ ਸਚਾਈ ਦਾ ਪ੍ਰਕਾਸ਼ ਹੋਇਆ ਤੇ ਆਪ ਨੇ ਇਸ

ਨਵੀਂ ਲਭੀ ਸਚਾਈ ਨੂੰ [illegible] ਲਈ [illegible] ਅਰਪਤ ਦਿਤਾ ਤੇ ਆਪਣਾ ਸਾਰਾ ਰਹਿੰਦਾ ਜੀਵਨ ਇਸ ਦੇ ਪਰਚਾਰ ਲਈ ਹੀ ਲਗਾਇਆ ।

ਬ੍ਰਾਹਮਣ ਦੇ ਪਰਾਭੌਤਕ ਔਖੇ ਗਿਆਨ ਨਾਲੋਂ ਜਨ-ਸਾਧਾਰਨ ਨੂੰ ਇਹ ਮੱਤ ਸੌਖਾ ਲਗਾ । ਇਸ ਰਾਹੀਂ ਜੀਵਨ ਦੇ ਦੁਖ-ਸੁਖ, ਔਖ-ਸੌਖ, ਰਹਿਣ-ਸਹਿਣ ਲਈ ਬਿਆਨ ਕੀਤੀ ਗਈ ਅਸਲੀਅਤ ਨੇ ਲੋਕਾਂ ਨੂੰ ਟੁੰਬਿਆ । ਇਕ ਰਾਜਪੁਤਰ ਦਾ ਪਰਮ ਤਿਆਗ ਵੀ ਆਮ ਲੋਕਾਂ ਨੂੰ ਚਕ੍ਰਿਤ ਕਰਨ ਵਾਲੀ ਗਲ ਸੀ । ਇਸ ਭਰ ਜਵਾਨੀ ਵਿਚ ਸਾਧੇ ਹੋਏ ਜੀਵਨ ਨੇ ਆਮ ਪਧਰ ਦੇ ਸਚ ਦੇ ਢੂੰਡਾਊ ਨੇ ਡਾਢਾ ਪਰਭਾਵਤ ਕੀਤਾ ਤੇ ਇਹ ਮੱਤ ਛੇਤੀ ਹੀ ਜੰਤਕ ਮੱਤ ਬਣ ਗਿਆ ।

ਇਹ ਮੱਤ ਜਿੰਨੀ ਤੇਜ਼ੀ ਨਾਲ ਫੈਲਿਆ, ਉਨੀਂ ਹੀ ਤੇਜ਼ੀ ਨਾਲ ਭਾਰਤ ਵਿਚੋਂ ਲਗ ਪਗ ਮਿਟ ਵੀ ਗਿਆ । ਇਕ ਵੇਰ ਤਾਂ ਇਸ ਨੇ ਬ੍ਰਾਹਮਣ ਮੱਤ ਦਾ ਇਸ ਦੇਸ਼ ਵਿਚੋਂ ਸਫਾਇਆ ਕਰ ਦਿਤਾ । ਭਾਂਵੇਂ ਭਾਰਤਵਰਸ਼ ਵਿਚ ਇਸਦਾ ਜੀਵਨ ਬਹੁਤਾ ਚਿਰ ਨਾ ਰਹਿ ਸਕਿਆ, ਪਰ ਨਿਰਸੰਦੇਹ ਇਹ ਆਪਣਾ ਸਥਾਈ ਅਸਰ, ਇਸ ਦੇਸ਼ ਦੇ ਧਰਮਾਂ ਉਤੇ ਛਡ ਗਿਆ, ਜੋ ਹੁਣ ਤਕ ਇਸ ਮੱਤ ਤੋਂ ਪਹਿਲਾਂ ਤੇ ਪਿਛੋਂ ਹੋਏ ਧਰਮਾਂ ਵਿਚ ਪ੍ਰਤੱਖ ਹਨ ।

ਇਸ ਨੂੰ ਹਿੰਦ ਵਿਚੋਂ ਕਢਣ ਦਾ ਕਾਰਨ ਸਵਾਮੀ ਸੰਕਰ ਆਚਾਰੀਆ ਜੀ ਸਨ, ਜੋ ਜਵਾਨੀ ਵਿਚ ਹੀ ਵੇਦਾਂਤ ਮੱਤ ਦੇ ਭਰਪੂਰ ਵਿਦਵਾਨ ਤੇ ਅਭਿਆਸੀ ਸੰਨਿਆਸੀ ਸਨ । ਇੰਨ੍ਹਾਂ ਦੇ ਮੰਤਰੀ ਪਰਚਾਰ ਢੰਗ ਨੇ ਮੁੜ ਬ੍ਰਾਹਮਣੀ ਮਤ ਨੂੰ ਭਾਰਤ ਦੀ ਧਾਰਮਕ ਵਾਗ ਡੋਰ ਫੜਾ ਦਿਤੀ । ਬੁਧ ਮਤ ਲਈ ਇਹ ਮਾਰੂ ਸਾਬਤ ਹੋਈ ਤੇ ਇਹ ਮੱਤ ਅਸਲ ਰੂਪ ਵਿਚ ਭਾਰਤ ਵਰਸ਼ ਨਾ ਰਹਿ ਸਕਿਆ । ਪਰ ਚੀਨ, ਜਾਪਾਨ, ਸਿਆਮ, ਲੰਕਾ ਤੇ ਬਰਮਾ ਆਦਿ ਮੁਲਕਾਂ ਵਿਚ ਹੁਣ ਵੀ ਇਸਦਾ ਬੋਲ ਬਾਲਾ ਹੈ । ਆਦਮ ਗਿਣਤੀ ਦੇ ਲਿਹਾਜ਼ ਤੇ ਹੁਣ ਵੀ ਦੁਨੀਆਂ ਵਿਚ ਦੂਜੀ ਥਾਂ ਤੇ ਕਿਹਾ ਜਾ ਸਕਦਾ ਹੈ ।

ਭਾਵੇਂ ਸਹੀ ਰੂਪ ਵਿਚ, ਤਾਂ ਇਹ ਮੱਤ ਹੁਣ ਭਾਰਤ ਵਿਚ ਨਹੀਂ ਮਿਲਦਾ, ਪਰ ਬਾਰਥ ਦਾ ਇਹ ਕਥਨ ਸੋਲ੍ਹਾਂ ਆਨੇ ਸਹੀ ਜਾਪਦਾ ਹੈ, "ਭਾਵੇਂ ਜਥੇਬੰਦ ਧਰਮ ਦੇ ਰੂਪ ਵਿਚ, ਤਾਂ ਬੁਧ ਧਰਮ ਭਾਰਤ ਵਿਚੋਂ ਅਲੋਪ ਹੋ ਰਿਹਾ ਸੀ, ਪਰ ਇਸ ਮੱਤ ਦੇ ਬੀਜ ਇਸ ਧਰਮ ਨੂੰ ਉਖੇੜਣ ਵਾਲੇ ਧਰਮ ਦੀਆਂ ਜੜ੍ਹਾਂ ਤਕ ਵੀ ਅਪੜ ਚੁਕੇ ਸਨ ।"

ਬੂਧ ਧਰਮ ਦਾ ਕੋਈ ਗ੍ਰੰਥ ਵੀ ਗੋਤਮ ਬੁਧ ਜੀ ਦਾ ਆਪਣਾ ਲਿਖਿਆ ਨਹੀਂ ਮਿਲਦਾ । ਬੋਧੀ ਭਿਖਸ਼ੂਆਂ ਨੇ ਬਾਅਦ ਵਿਚ ਕਈ ਗਰੰਥ ਰਚੇ ਹਨ, ਜਿਨ੍ਹਾਂ ਵਿਚੋਂ ਧਮ-ਪਦ ਵਿਸ਼ੇਸ਼ ਅਸਥਾਨ ਰਖਦਾ ਹੈ । ਇਨ੍ਹਾਂ ਗਰੰਥਾਂ

ਤੋਂ ਪਰਤੀਤ ਹੁੰਦਾ ਹੈ, ਜੋ ਵਾਹਿਗੁਰੂ ਸਬੰਧੀ ਇਹ ਆਪਣੀ ਕੋਈ ਸਪਸ਼ਟ ਵਿਚਾਰ ਨਹੀਂ ਰਖਦੇ । ਇਹ ਵੀ ਪਤਾ ਲਗਦਾ ਹੈ, ਜਦੋਂ ਬੁਧ ਜੀ ਪਾਸੋਂ ਵਾਹਿਗੁਰੂ ਦੀ ਹੋਂਦ ਬਾਰੇ ਪ੍ਰਸ਼ਨ ਪੁਛਿਆ ਗਿਆ, ਤਾਂ ਉਤਰ ਵਿਚ ਉਨ੍ਹਾਂ ਚੁਪ ਹੀ ਧਾਰ ਲਈ। ਇਸ ਚੁਪ ਤੋਂ ਸਹੀ ਜਾਂ ਗਲਤ ਕੁਝ ਵੀ ਸਮਝ ਲਵੋ, ਇਹੀ ਅੰਦਾਜ਼ਾ ਲਗਾਇਆ ਗਿਆ, ਜੋ ਬੁਧ ਜੀ ਵਾਹਿਗੁਰੂ ਦੀ ਹੋਂਦ ਤੋਂ ਇਨਕਾਰੀ ਹਨ। ਇਸ ਅਰੰਭਕ ਭੁਲੇਖੇ ਦੇ ਕਾਰਨ, ਇਹ ਮੱਤ ਨਾਸਤਕ ਗਿਣਿਆ ਜਾਂਦਾ ਹੈ। ਇਸ ਪ੍ਰਤੀ ਵਿਸ਼ੇਸ਼ ਵਾਕਫੀਅਤ ਹੇਠਾਂ ਦਿਤੀ ਜਾਂਦੀ ਹੈ।

ਜੈਨ ਧਰਮ ਨੇ ਤਾਂ ਕੇਵਲ ਅਹਿੰਸਾ ਤੇ ਹੀ ਬਹੁਤ ਜ਼ੋਰ ਦਿਤਾ ਸੀ। ਤੇ ਅਹਿੰਸਾ ਉਪਨਿਸ਼ਦਾਂ ਵਿਚ ਵੀ ਕਿਸੇ ਹਦ ਤਕ ਅਪਨਾਈ ਗਈ ਸੀ । ਯਗਾਂ ਵਿਚ ਪਸ਼ੂ ਬਲੀ ਦੇਣ ਦੀ ਵਿਰੋਧਤਾ ਉਪਨਿਸ਼ਦਾਂ ਨੇ ਹੀ ਅਰੰਭ ਦਿਤੀ ਸੀ। ਜੈਨ ਮੱਤ ਨੇ ਉਨ੍ਹਾਂ ਦੇਵਤਿਆਂ, ਜਿਨ੍ਹਾਂ ਨੂੰ ਖੁਸ਼ ਕਰਨ ਲਈ ਬਲੀ ਦਿਤੀ ਜਾਂਦਾਂ ਸੀ। ਮਨੁਖਾ ਪਦਵੀ ਤੋਂ ਨੀਵਾਂ ਜਾਤਾ ਸੀ, ਕਿਉਂਕਿ ਉਨ੍ਹਾਂ ਦੇ ਖਿਆਲ ਅਨੁਸਾਰੀ ਇਨ੍ਹਾਂ ਦੇਵਤਿਆਂ ਲਈ ਵੀ ਮੁਕਤੀ ਹਾਸਲ ਕਰਨ ਲਈ ਮਨੁਖਾ ਦੇਹੀ ਧਾਰਨ ਕਰਨੀ ਜ਼ਰੂਰੀ ਸੀ। ਪਰ ਮਹਾਤਮਾ ਬੁਧ ਜੀ ਨੇ ਆਤਮਾ ਦੀ ਸਦੀਵੀ ਹੋਂਦ ਤੋਂ ਹੀ ਇਨਕਾਰ ਕੀਤਾ ਹੈ।

ਬੁਧ ਧਰਮ ਅਨੁਸਾਰ ਇਹ ਆਤਮਾ ਖਿੰਨ-ਖਿੰਨ ਬਦਲਦੀ ਰਹਿੰਦੀ ਹੈ। ਇਸ ਲਈ ਨਾ ਇਹ ਭੋਗਤਾ ਹੈ ਤੇ ਨਾ ਯੱਗਾਂ ਆਦਿ ਵਿਚ ਦਿਤੀ ਬਲੀ ਦਾ ਫਲ ਸਰੂਪ ਇਹ ਸਵੱਰਗ ਵਿਚ ਜਾਂਦੀ ਹੈ। ਜੋ ਮਨੁਖ ਅਜ ਬਲੀ ਦੇ ਰਿਹਾ ਹੈ ਉਸਦੀ ਆਤਮਾ ਕਲ ਉਹ ਨਹੀਂ ਹੋਵੇਗੀ, ਜੋ ਅਜ ਹੈ । ਇਸ ਲਈ ਜੋ ਵਿਅਕਤੀ ਅਜ ਬਲੀ ਦੇ ਰਿਹਾ ਹੈ, ਉਸਨੇ ਤਾਂ ਬਦਲ ਹੀ ਜਾਣਾ ਹੈ। ਫੇਰ ਅਜ ਵਾਲੀ ਆਤਮਾ ਦੇ ਕਰਮਫਲ,ਉਸ ਵਿਅਕਤੀ ਨੂੰ ਜੋ ਇਸ ਤੋਂ ਅਡਰਾ ਹੈ,ਕਿਵੇਂ ਪ੍ਰਾਪਤ ਹੋ ਸਕਦਾ ਹੈ।

ਆਤਮਾ ਨੂੰ ਇਕ ਕ੍ਰਣਸ਼ਿਕ ਹੋਂਦ ਆਖਣਾ ਬੁਧ ਜੀ ਦਾ ਇਕ ਨਵਾਂ ਖਿਆਲ ਸੀ। ਉਹਨਾਂ ਅਨੁਸਾਰ ਹੇਠ ਲਿਖੇ ਪੰਜ ਸਕੰਧ ਭਾਗ ਲੈਂਦੇ ਹਨ।

ਭੌਤਿਕ ਸਰੀਰ ਅਰਥਾਤ ਰੂਪ ਚਾਰ ਤੱਤਾਂ ਤੋਂ ਬਣਿਆ ਹੈ।

੧. ਪ੍ਰਿਥਵੀ ੨. ਜਲ ੩. ਪਵਨ ੪. ਅਗਨੀ।

ਨਾਰਤਨ ਜਾਂ ਮਾਨਸਕ ਭਾਗ ਦੀਆਂ ਚਾਰ ਸ਼ਕਲਾਂ ਹਨ—

ਵੇਦਨ—(Sensation of fealing)
ਸੰਗਿਆ—(Perception or Idea)
ਸੰਸਕਾਰ—(Conative Desposition)
ਵਿਗਯਾਨ—(Discreminationg itettection or reason)

ਇਹ ਸਾਰੇ ਮਾਨਸਿਕ ਅੰਗ ਨਦੀ ਦੇ ਪਰਵਾਹ ਵਾਂਗ ਸਾਡੇ ਵਿਚ ਤੁਰੇ ਰਹਿੰਦੇ ਹਨ ਤੇ ਸਾਰੇ ਹੀ ਕ੍ਸ਼ਿਣਕ ਹੁੰਦੇ ਹਨ। ਜਿਸ ਤਰ੍ਹਾਂ ਹਰ ਖਿੰਨ ਨਦੀ ਦੇ ਪਰਵਾਹ ਵਿਚ ਜਲ ਬਦਲਦਾ ਰਹਿੰਦਾ ਹੈ, ਉਸੇ ਤਰ੍ਹਾਂ ਉਨ੍ਹਾਂ ਵਿਚ ਵੀ ਤਬਦੀਲੀ ਆਉਂਦੀ ਹੀ ਰਹਿੰਦੀ ਹੈ। ਜਿਸ ਤਰ੍ਹਾਂ ਰਥ ਦੇ ਕਈ ਭਾਗ ਹੁੰਦੇ ਹਨ ਤੇ ਉਹ ਸਾਰੇ ਭਾਗ ਰਲਕੇ ਹੀ ਰਥ ਹੁੰਦੇ ਹਨ। ਜੇ ਭਾਗ ਨਾ ਹੁੰਦੇ, ਤਾਂ ਰਥ ਨਾਂ ਦੀ ਕੋਈ ਵਖਰੀ ਹਸਤੀ ਨਾ ਹੋਂਦੀ, ਜਿਹੜੀ ਭਾਗਾਂ ਦੀ ਅਣਹੋਂਦ ਵਿਚ ਪਿਛੇ ਬਾਕੀ ਹੋਵੇ।

ਆਤਮਾਂ ਇਨ੍ਹਾਂ ਭੌਤਿਕ ਪਰਮਾਣੂਆਂ, ਵੇਦਨਾਵਾਂ, ਸੰਗਿਆਵਾਂ, ਸੰਸਕਾਰਾਂ ਜਾਂ ਵਿਗਯਾਨਾਂ ਨਾਲ ਇਕ ਰੂਪ ਨਹੀਂ ਸਮਝੀ ਜਾ ਸਕਦੀ, ਨਾ ਹੀ ਇਹ ਸਾਰੇ ਉਸਦੇ ਵਿਚ ਸਮਾਂਦੇ ਜਾਂ ਨਿਵਾਸ ਕਰਦੇ ਹਨ। ਇਸ ਲਈ ਆਵਾਗਉਣ ਕਿਸੇ ਸਦੀਵੀ ਆਤਮਾ ਦਾ ਨਹੀਂ। ਪੁਰਾਣੇ ਹਰਦਮ ਬਦਲਦੇ ਜੀਵਨ ਵਿਚੋਂ ਇਕ ਨਵਾਂ ਜੀਵਨ ਉਸਰ ਪੈਂਦਾ ਹੈ। ਜਿਸ ਤਰ੍ਹਾਂ ਇਕ ਨਵੀਂ ਬਤੀ ਪੁਰਾਣੀ ਬੱਤੀ ਤੋਂ ਜਗਾਈ ਜਾਂਦੀ ਹੈ, ਪਰ ਪੁਰਾਣੀ ਬੱਤੀ ਵਿਚੋਂ ਕੋਈ ਵਸਤ ਨਵੀਂ ਵਿਚ ਨਹੀਂ ਜਾਂਦੀ। ਜਿਸ ਤਰ੍ਹਾਂ ਬੁਝੀ ਹੋਈ ਬੱਤੀ ਤੋਂ ਕੋਈ ਨਵੀਂ ਬੱਤੀ ਜਗ ਨਹੀਂ ਸਕਦੀ ਇਸੇ ਤਰ੍ਹਾਂ ਜਨਮ ਵਿਚ ਲਿਆਉਣ ਵਾਲੇ ਸਕੰਧਾਂ ਦੇ ਨਾਸ ਹੋਣ ਨਾਲ, ਫਿਰ ਕੋਈ ਨਵਾਂ ਵਿਅਕਤੀ ਜਨਮ ਨਹੀਂ ਲੈ ਸਕਦਾ। ਵਿਅਕਤੀਤੱਵ ਦਾ ਖਿਆਲ ਚੇਨਤ ਦੇ ਪਰਵਾਹ ਦੇ ਲਗਾਤਾਰ ਚਲਦੇ ਰਹਿਣ ਤੋਂ ਹੀ ਪੈਦਾ ਹੁੰਦਾ ਹੈ। ਰਾਤ ਨੂੰ ਅਸੀਂ ਇਕ ਦੀਵਾ ਜਗਾਂਦੇ ਹਾਂ, ਉਸਦੀ ਵੱਟੀ ਤੇ ਤੇਲ ਖਿੰਨ ਖਿੰਨ ਬਦਲਦਾ ਰਹਿੰਦਾਂ ਹੈ, ਪਰ ਚੂੰਕਿ ਉਹ ਦੀਵਾ ਲਗਾਤਾਰ ਚਾਨਣ ਦੇਂਦਾ ਰਹਿੰਦਾ ਹੈ ਤੇ ਚਾਨਣ ਠੀਕ ਉਸੇ ਤਰ੍ਹਾਂ ਦਾ ਦਿਸਦਾ ਰਹਿੰਦਾ ਹੈ, ਜਿਹੋ ਜਿਹਾ ਉਹ ਦੀਵਾ ਜਗਾਣ ਵੇਲੇ ਸੀ, ਤਾਂ ਅਸੀਂ ਇਹ ਨਤੀਜਾ ਭਾਂਪ ਲੈਂਦੇ ਹਾਂ, ਕਿ ਉਹੋ ਦੀਵਾ ਜਲ ਰਿਹਾ ਹੈ। ਪਰ ਅਸਲੋਂ ਇਹ ਗਲ ਨਹੀਂ। ਕੋਈ ਵਸਤੂ ਕਿਸੇ ਹੋਰ ਵਸਤੂ ਨਾਲ ਇਕੋ ਜੇਹੀ ਨਹੀਂ। ਉਹ ਕੇਵਲ ਆਪਣੇ ਕ੍ਸ਼ਿਣਕ ਰੂਪ ਕਰਕੇ ਇਕੋ ਜਹੀ ਪ੍ਰਤੀਤ ਹੁੰਦੀ ਹੈ। 'ਸ਼ਰਵਮ ਸ੍ਵ-ਲਕਸਣਮ (ਹਰ ਵਸਤੂ ਜਾਂ ਹਾਲਤ ਆਪਣੇ ਆਪੇ ਨਾਲ ਹੀ ਇਕੋ ਜਹੀ ਹੈ)।

ਬੁਧ ਜੀ ਆਪਣੇ ਜੀਵਨ ਤਜਰਬੇ ਰਾਹੀਂ ਇਸ ਸਿਟੇ ਤੇ ਪੁਜੇ ਕਿ ਸੰਸਾਰ ਨਿਰਾ ਪੁਰਾ ਦੁਖਾਂ ਦਾ ਇਕ ਪਲੰਦਾ ਹੈ ਅਤੇ ਕੋਈ ਵੀ ਸੰਸਾਰਕ ਵਸਤੂ ਸਦੀਵੀ ਜਾਂ ਸਥਿਰ ਨਹੀਂ। ਆਪ ਫੁਰਮਾਂਦੇ ਹਨ 'ਸਰਵਮ, ਦੁਖਮ, ਦੁਖਮ' ਅਤੇ 'ਸਰਵਮ ਕਸ਼ਣਿਕਮ, ਕਸ਼ਣਿਕਮ' ਭਾਵ 'ਸਾਰੇ ਸੰਸਾਰਕ ਅਮਲ ਅਨਾਤਮਤਾ, ਅਨਿਤਯਤਾ ਅਤੇ ਦੁਖਿਤਾ ਦੇ ਲਖਾਇਕ ਹਨ। ਪਿਛੋਂ ਜਹੇ ਮਹਾਯਾਮ (ਬੁਧ ਧਰਮ ਦਾ ਇਕ ਫਿਰਕਾ) ਨੇ ਇਹ ਰੂਪ ਦੇ ਦਿਤਾ ਕਿ, "ਸਰਵਮ ਸ਼ੂਨਯਮ, ਸ਼ੂਨਯਮ" ਭਾਵ ਸਭ

ਸ਼ੂੰਨ ਹੀ ਸ਼ੂੰਨ ਹੈ।

ਬੁਧ ਜੀ ਦਾ ਖਿਆਲ ਸੀ ਕਿ ਵਿਅਕਤੀਤ੍ਵ (ਸ਼ਖਸੀਅਤ) ਦਾ ਖਿਆਲ ਹੀ ਖ਼ੁਦਗ਼ਰਜ਼ੀ ਦਾ ਕਾਰਨ ਹੈ ਤੇ ਏਹੀ ਵਿਅਕਤੀਤ੍ਵ ਇਸ ਤੇ ਅਮਲੀ ਦੁਨੀਆਂ ਵਿਚ ਸੁਖ ਮਾਣਨ ਦੀ ਲਾਲਸਾ ਕਰਦਾ ਹੈ। ਮਨੁਖ ਦਾ ਵਿਅਕਤੀਤ੍ਵ ਭਾਵੇਂ ਸਦੀਵੀ ਨਹੀਂ, ਪਰ ਫਿਰ ਵੀ ਇਕ ਸਿਕੰਧ ਦੇ ਕੀਤੇ ਕਰਮ, ਉਸ ਤੋਂ ਉਪਜੇ ਸਿਕੰਧ ਲਈ ਦੁਖ ਜਾਂ ਸੁਖ ਪੈਦਾ ਕਰ ਸਕਦੇ ਹਨ। ਇਸ ਲਈ ਵਿਅਕਤੀ ਜ਼ਿਮੇਦਾਰੀ ਵਧ ਜਾਂਦੀ ਹੈ ਕਿ ਆਪਣੇ ਕਰਮਾਂ ਦਵਾਰਾ, ਉਹ ਅਗੋਂ ਉਪਜਣ ਵਾਲੇ ਸਿਕੰਧ ਲਈ ਦੁਖਾਂ ਦਾ ਕਾਰਨ ਨ ਬਣੇ। ਬੁਧ ਜੀ ਅਨੁਸਾਰ ਕਰਮਾਂ ਦੇ ਫਲੀਭੂਤ ਹੋਣ ਲਈ ਕਿਸੇ ਦੈਵੀ ਸ਼ਕਤੀ ਧਰਮ ਰਾਜ ਆਦਿ ਦੀ ਲੋੜ ਨਹੀਂ ਤੇ ਨਾ ਹੀ ਕਿਸੇ ਆਤਮਾ ਦੇ ਮੁੜ ਮੁੜ ਜਨਮ ਲੈਣ ਤੇ ਸ਼ਰੀਰ ਧਾਰਨ ਵਿਚ ਹੈ। ਸਦਾਚਾਰਕ ਨਿਯਮ ਆਪਣੇ ਆਪ ਹੀ ਕੰਮ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਅਮਲ ਉਦੋਂ ਰੁਕ ਜਾਂਦਾ ਹੈ,ਜਦੋਂ ਇਕ ਉਚੇਰਾ ਕਾਨੂੰਨ ਲਾਗੂ ਹੋ ਜਾਏ, ਭਾਵ ਗਿਆਨ ਹੋ ਜਾਏ। ਗਿਆਨ ਹੋ ਜਾਏ ਤਾਂ ਸੰਚਿਤ ਅਤੇ ਆਗਮਿਨ ਕਰਮ ਤਾਂ ਨਾਸ ਹੋ ਜਾਂਦੇ ਹਨ, ਪਰ ਪਰਾਲਬਧ ਕਰਮ, ਜੋ ਇਸ ਜੀਵਨ ਵਿਚ ਅਗੇ ਹੀ ਫਲੀਭੂਤ ਹੋ ਰਹੇ ਹਨ, ਨਾਸ਼ ਨਹੀਂ ਹੁੰਦੇ। ਇਕ ਬੁਧ ਜਾਂ ਅਰਹਤ ਨੂੰ ਉਪਾਧੀਸ਼ੇਸ਼ ਨਿਰਵਾਨ ਤਾਂ ਪ੍ਰਾਪਤ ਹੋ ਜਾਂਦਾ ਹੈ ਤੇ ਉਸਦਾ ਸਰੀਰ ਵੀ ਕੰਮ ਕਰਦਾ ਰਹਿੰਦਾ ਹੈ। ਐਪਰ ਉਸਦੀਆਂ ਸਭ ਖਵਾਹਿਸ਼ਾਂ ਨਾਸ਼ ਹੋ ਗਈਆਂ ਹਨ, ਇਸ ਲਈ ਉਸਦਾ ਮਾਨਸਕ ਸਿਕੰਧ ਪੁਨਰ ਜਨਮ ਲਈ ਕੋਈ ਉਤਸ਼ਾਹ ਪੈਦਾ ਨਹੀਂ ਕਰਦਾ। ਸ਼ਰੀਰ ਦੇ ਨਾਸ਼ ਹੋਣ ਤੇ ਵੇਰ ਉਹ ਅਨਉਪਾਧੀ ਸ਼ੇਸ਼ ਨਿਰਵਾਨ ਪ੍ਰਾਪਤ ਕਰ ਲੈਂਦਾ ਹੈ।

ਜਦੋਂ ਬੁਧ ਜੀ ਤੇ ਇਹ ਪ੍ਰਸ਼ਨ ਕੀਤਾ ਗਿਆ ਕਿ ਨਿਰਵਾਨ, ਜੋ ਰੂਹਾਨੀ ਜਤਨਾਂ ਦਾ ਅੰਤਮ ਲਕਸ਼ ਹੈ ਉਹ ਕੀ ਹੈ। ਤਾਂ ਉਨ੍ਹਾਂ ਉਤਰ ਦਿਤਾ ਕਿ ਨਿਰਵਾਨ ਪੱਦ ਦਾ ਸ਼ਬਦਾਂ ਰਾਹੀਂ ਬਿਆਨ ਕਰਨਾ ਸੰਭਵ ਨਹੀਂ। ਨਿਰਵਾਨ ਨਾ ਵਖਰੀ ਹੋਂਦ ਹੈ ਨ ਅਣਹੋਂਦ। ਇਸ ਦਾ ਅਰਥ ਨਾ ਹੀ ਇਹ ਦੋਵੇਂ ਹਾਲਤਾਂ ਹੈ ਤੇ ਨਾ ਹੀ ਇਕ ਦਮ ਇਨ੍ਹਾਂ ਵਿਚੋਂ ਕੋਈ ਇਕ। ਨਿਰਵਾਨ ਦਾ ਅਰਥ ਦੁਖਾਂ ਤੋਂ ਛੁਟਕਾਰਾ ਪਾਣਾ ਹੈ ਅਤੇ ਮੋਹ, ਰਾਗ, ਦ੍ਵੈਖ ਆਦਿ ਇਛਾਵਾਂ ਤੋਂ ਮੁਕਤ ਹੋਣਾ ਹੈ।

ਨਿਰਵਾਨ ਪੱਦ ਦੀ ਪਰਾਪਤੀ ਲਈ ਕਠਨ ਤਪ ਵੀ ਸਹਾਈ ਨਹੀਂ ਹੋ ਸਕਦੇ। ਇਹ ਉਨ੍ਹਾਂ ਆਪਣੇ ਜ਼ਾਤੀ ਤਜਰਬੇ ਦੇ ਆਧਾਰ ਤੇ ਇਹ ਗਲ ਕਹੀ ਸੀ, ਕਿਉਂਕਿ ਉਨ੍ਹਾਂ ਆਪ ਬੜੇ ਕਠਨ ਤੱਪ ਅਜ਼ਮਾ ਕੇ ਵੇਖੇ ਸਨ। ਮਨੁਖ ਨੇ ਝੂਠੇ ਵਿਅਕਤੀਤ੍ਵ ਦੀਆਂ ਜੜ੍ਹਾਂ ਨੂੰ ਮੁਢੋਂ ਉਖੇੜਨਾ ਹੈ। ਇਸ ਮੰਤਵ ਦੀ ਪੂਰਣਤਾ ਗਿਆਨ, ਸਦਾਚਾਰਕ ਕਰਮਾਂ, ਮਾਨਸਿਕ ਭਾਵਾਂ ਦੀ ਪਵਿਤ੍ਰਤਾ ਦੇ ਰਾਹੀਂ ਹੀ

ਪ੍ਰਾਪਤ ਹੋ ਸਕਦੀ ਹੈ। ਜਿਸਦਾ ਸਬੰਧ ਤਦੇ ਟੁਟ ਸਕਦਾ ਹੈ, ਜੇਕਰ ਆਸ਼ਾਵਾਂ ਭਾਵ ਕਾਮ, ਹੋਂਦ ਦੀ ਇਛਾ ਅਤੇ ਸਵਿਦਿਆ ਦਾ ਨਾਸ਼ ਹੋ ਜਾਵੇ। ਅਮਰ ਆਤਮਾ ਵਿਚ ਨਿਸਚਾ, ਸੰਸਾ ਅਤੇ ਨਿਰਾਚਾਰ, ਤੇ ਧਾਰਮਕ ਕਰਮ ਕਾਂਡ ਤਿੰਨ ਬੇੜੀਆਂ ਹਨ, ਜਿਨ੍ਹਾਂ ਨੂੰ ਕਟਣਾ ਬੜਾ ਜ਼ਰੂਰੀ ਹੈ ਤੇ ਜਿਨ੍ਹਾਂ ਦੇ ਕਟੇ ਬਿਨਾਂ ਮਨੁਖ ਮੁਕਤੀ ਦੇ ਰਾਹ ਵਿਚ ਪੈ ਹੀ ਨਹੀਂ ਸਕਦਾ। ਇਹ ਪ੍ਰਿਥਮ ਪੜਾ ਤੇ ਪੁਜਣ ਲਈ ਜ਼ਰੂਰੀ ਗਲਾਂ ਹਨ।

ਬੁਧ ਧਰਮ ਨੇ ਹੇਠ ਲਿਖੀਆਂ ਚਾਰ ਮਹਾਨ ਸਚਾਈਆਂ ਦ੍ਰਿੜਾਈਆਂ ਹਨ—

੧. ਜੀਵਨ ਨਿਰਾ ਦੁਖਾਂ ਤੇ ਕਲੇਸ਼ਾਂ ਦਾ ਪਲੰਦਾ ਹੈ।

੨. ਆਤਮਾ ਕੋਈ ਸਦੀਵੀ ਹੋਂਦ ਨਹੀਂ, ਇਹ ਖਿੰਨ-ਖਿੰਨ ਬਦਲਦੀ ਰਹਿੰਦੀ ਹੈ, ਸਗੋਂ ਕੋਈ ਵੀ ਸੰਸਾਰਕ ਵਸਤੂ ਸਦੀਵੀ ਜਾਂ ਸਥਿਰ ਨਹੀਂ। ਸਾਰੇ ਸੰਸਾਰਕ ਅਮਲ ਅਨਾਤਮਤਾ, ਅਨਿਤਯਤਾ ਅਤੇ ਦੁਖਿਤਾ ਦੇ ਲਖਾਇਕ ਹਨ।

੩. ਆਵਾਗਉਣ ਇਕ ਸਦੀਵੀ ਆਤਮਾ ਨੂੰ ਨਹੀਂ, ਸਗੋਂ ਪੁਰਾਣੇ ਹਰਦਮ ਬਦਲਦੇ ਜੀਵਨ ਵਿਚੋਂ ਇਕ ਨਵਾਂ ਜੀਵਨ ਉਸਰ ਪੈਂਦਾ ਹੈ।

੪. ਦੁਖਾਂ ਤੇ ਕਲੇਸ਼ਾਂ ਤੋਂ ਛੁਟਕਾਰਾ ਪਾਣਾ ਤੇ ਮੋਹ ਰਾਗ, ਦ੍ਵੈਖ ਆਦਿ ਇਛਾਵਾਂ ਤੋਂ ਮੁਕਤ ਹੋਣਾ ਹੀ ਨਿਰਵਾਨ ਪੱਦ ਦੀ ਪ੍ਰਾਪਤੀ ਹੈ।

੫. ਨਿਰਵਾਨ ਦੀ ਪ੍ਰਾਪਤੀ ਲਈ ਝੂਠੇ ਵਿਅਕਤੀਤ੍ਵ ਦਾ ਮੁਢੋਂ ਪੁਟਣਾ ਬਹੁਤ ਜ਼ਰੂਰੀ ਹੈ ਤੇ ਇਹ ਗਿਆਨ, ਸਦਾਚਾਰਕ ਕਰਮਾਂ, ਮਾਨਸਿਕ ਭਾਵਾਂ ਦੀ ਪਵਿਤਰਤਾ ਰਾਹੀਂ ਹੀ ਹੋ ਸਕਦਾ ਹੈ।

੬. ਨਿਰਵਾਨ ਪ੍ਰਾਪਤੀ ਲਈ ਬੁਧ ਮਾਰਗ ਹੀ ਇਕੋ ਇਕ ਸਫਲ ਮਾਰਗ ਹੈ, ਜਿਸ ਅਨੁਸਾਰ ਖਾਸ-ਖਾਸ ਬੰਧਨਾਂ ਵਿਚ ਜੀਵਨ ਬਤੀਤ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀ ਬੰਧਨ ਯੁਕਤਿ ਜੀਵਨੀ ਅੰਤ ਵਿਚ ਬੰਧਨ ਮੁਕਤ ਕਰ ਦੇਂਦੀ ਹੈ। ਜੀਵਤ ਭਾਵ ਦਾ ਅਭਾਵ ਪ੍ਰਾਪਤ ਹੋ ਜਾਂਦਾ ਹੈ ਤੇ ਨਿਰਵਾਨ ਪੱਦ ਦੀ ਪ੍ਰਾਪਤੀ ਹੋ ਜਾਂਦੀ ਹੈ।

ਬੁਧ ਜੀ ਦੇ ਬੁਧ ਮਾਰਗ ਨੂੰ, ਆਰਯ ਅਸ਼ਟਾਂਮਿਕ ਮਾਰਗ ਵੀ ਕਿਹਾ ਜਾਂਦਾ ਹੈ : ਉਹ ਅਠ ਅੰਗ ਇਹ ਹਨ :—

ਸਤਿ ਦ੍ਰਿਸ਼ਟੀ	....	ਸਮਯਕ ਦ੍ਰਿਸ਼ਟੀ	....	Right Views
ਸਤਿ ਭਾਵ	....	ਸਮਯਕ ਸੰਕਲਪ	....	Right Resolve
ਸਤਿ ਭਾਸ਼ਨ	....	ਸਮਯਕ ਵਾਚਾ	....	Right Speech
ਸ਼ਤਿ ਵਿਵਹਾਰ	....	ਸ਼ਮਯਕ ਕਰਾਮਾਤ	....	Right Conduct

ਸਤਿ ਨਿਰਬਾਹ .... ਸਮਯਕ ਜੀਵਨ .... Right Livelyhood
ਸਤਿ ਪ੍ਰਯਤਨ .... ਸਮਯਕ ਵਯਯਾਮ .... Right Effort
ਸਤਿ ਵੀਚਾਰ .... ਸਮਯਕ ਸਮ੍ਰਿਤੀ .... Right Mindfulness
ਸਤਿ ਧਿਆਨ.... ਸਮਯਕ ਸਮਾਧਿ .... Right Concentration

ਧਿਆਨ ਚਾਰ ਪਰਕਾਰ ਦਾ ਹੈ :–

੧. ਸ਼ਰੀਰ ਪਰ ਧਿਆਨ
੨. ਅਨੁਭਵ ਉਤੇ ਧਿਆਨ
੩. ਭਾਵਾਂ ਤੇ ਵਿਚਾਰਾਂ ਪੁਰ ਧਿਆਨ
੪. ਬੁਧਿ ਅਤੇ ਆਚਾਰ ਉਤੇ ਧਿਆਨ

ਪਾਪ ਦੇ ਵਿਰੁਧ ਚਾਰ ਪ੍ਰਯਤਨ ਵੀ ਹਨ :–

੧. ਪਾਪ ਭਾਵਨਾ ਦੇ ਉਥਾਨ ਨੂੰ ਰੋਕਣ ਦਾ ਪ੍ਰਯਤਨ ।
੨. ਪਾਪ ਦੀਆਂ ਜੋ ਅਵਸਥਾ ਉਤਪੰਨ ਹੋ ਚੁਕੀਆਂ ਹਨ, ਉਨ੍ਹਾਂ ਨੂੰ ਉਖਾੜ ਫੈਂਕਣ ਦਾ ਪ੍ਰਯਤਨ ।
੩. ਜੋ ਭਲਾਈ ਇਸ ਸਮੇਂ ਉਪਸਥਿਤ ਨਹੀਂ, ਉਸਨੂੰ ਉਤਪਨ ਕਰਨ ਦਾ ਪ੍ਰਯਤਨ ।
੪. ਜੋ ਭਲਾਈ ਮੌਜੂਦ ਹੋਵੇ, ਤਾਂ ਉਸਨੂੰ ਵਧਾਉਣ ਦਾ ਪ੍ਰਯਤਨ ।

ਗੁਰਬਾਣੀ ਜਾਂ ਗੁਰਇਤਿਹਾਸ ਵਿਚ ਇਸ ਮਤਿ ਦਾ ਬਹੁਤਾ ਜ਼ਿਕਰ ਨਹੀਂ ਮਿਲਦਾ । ਇਸਦਾ ਕਾਰਨ ਇਹੋ ਜਾਪਦਾ ਹੈ, ਜੋ ਇਹ ਮੱਤ ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ੁਧ ਰੂਪ ਵਿਚ ਨਹੀਂ ਸੀ,ਗੁਰਬਾਣੀ ਵਿਚ ਜੇਕਰ ਕੋਈ ਇਸ਼ਾਰੇ ਇਸਦੇ ਸਬੰਧ ਵਿਚ ਮਿਲਦੇ ਹਨ, ਤਾਂ ਉਹ ਜੋਗੀਆਂ ਜਾਂ ਸਿਧਾਂ ਨਾਲ ਹੋਈ ਚਰਚਾ ਕਰਦੇ ਹਨ। ਇਹ ਅਸੀਂ ਅਗੇ ਚਲਕੇ ਦਸਾਂਗੇ ਕਿ ਇਸ ਦਾ ਵਿਸ਼ੇਸ਼ ਰੂਪ ਗੋਰਖ ਮੱਤ ਵਿਚ ਆ ਚੁਕਾ ਸੀ ।

ਬੁਧ ਧਰਮ ਦਾ ਨਾਸਤਕ ਹੋਣਾ ਹੀ ਸਿਧਾਂਤਕ ਤੌਰ ਤੇ ਗੁਰਮਤ ਨਾਲ ਬੁਨਿਆਦੀ ਇਖਤਲਾਫ਼ ਹੈ । ਹੁਣ ਅਸੀਂ ਗੁਰਮਤ ਦਾ ਵਿਸਥਾਰ ਨਾਲ ਜ਼ਿਕਰ ਕਰਾਂਗੇ ।

ਗੁਰਮਤਿ

ਗੁਰਮਤਿ ਅਨੁਸਾਰ ਜੀਵਨ ਨਾ ਹੀ ਦੁਖ ਰੂਪ ਹੈ ਤੇ ਨਾ ਹੀ ਦੁਖਾਂ ਦਾ ਅਭਾਵ, ਪਰਮ ਪੱਦ ਦੀ ਪ੍ਰਾਪਤੀ ਹੈ । ਸਗੋਂ ਜੀਵਨ ਦਾ ਸੋਮਾਂ ਪਰਮ ਆਨੰਦ ਹੈ । ਪਰ ਹਉਮੈ ਆਦਿ ਉਪਾਧੀਆਂ ਦੇ ਕਾਰਨ ਗੁਮਰਾਹ ਹੋਇਆ ਮਨੁਖ ਆਪ ਦੁਖ ਸਹੇੜਦਾ ਹੈ । ਸਚੇ ਗੁਰੂ ਦੀ ਸਹੀ ਅਗਵਾਈ ਤੇ ਸਹਾਇਤਾ ਇਸ ਵਿਛੜੀ

ਹੋਈ ਜੀਵ ਆਤਮਾ ਨੂੰ ਮੁੜ ਆਪਣੇ ਜੀਵਨ ਸੋਮੇ ਨਾਲ ਜੋੜ ਦੇਂਦੀ ਹੈ ਤੇ ਉਹ ਦੁਖਾਂ ਕਲੇਸ਼ਾਂ ਦੇ ਸੇਕ ਤੋਂ ਬਚ ਜਾਂਦਾ ਹੈ ਤੇ ਅੰਤ ਪਰਮਅਨੰਦ ਦੀ ਪਰਾਪਤੀ ਕਰ ਲੈਂਦਾ ਹੈ। ਫਰੀਦ ਜੀ ਜਦ ਕਹਿੰਦੇ ਹਨ :-

> ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ, ਦੁਖੁ ਸੁਖਾਈਐ ਜਗਿ ॥
> ਊਚੇ ਚੜਿ ਕੈ ਦੇਖਿਆ, ਤਾਂ ਘਰਿ ਘਰਿ ਏਹਾ ਆਗਿ ॥੮੧॥
>
> (ਸਲੋਕ ਫਰੀਦ ਜੀ)

ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਗੋਂ ਉਤਰ ਦੇਂਦੇ ਹਨ, ਹੇ ਫਰੀਦ ਇਹ ਧਰਤੀ ਤਾਂ ਰੰਗੀਲੀ ਹੈ, ਪਰ ਮਨੁਖੀ ਮਨ ਵਿਚ ਦੂਈ ਦ੍ਵੈਸ਼ ਆਦਿ ਵਿਰਲਾਂ ਦੇ ਕਾਰਨ ਵਿਸ਼ਿਆਂ ਰੂਪੀ ਜ਼ਹਿਰੀਲਾ ਬਾਗ ਉਗਮ ਪਿਆ ਹੈ, ਜੋ ਜੀਵਨ ਨੂੰ ਦੁਖਾਂ ਦੀ ਅੱਗ ਨਾਲ ਝੁਲਸਾ ਰਿਹਾ ਹੈ, ਪਰ ਜਿਸ ਨੂੰ ਗੁਰੂ ਰਾਖੇ ਨੇ ਆਪਣੀ ਸਚੀ ਅਗਵਾਈ ਹੇਠ ਉਚਾ ਕਰ ਲਿਆ ਹੈ। ਉਹਨਾਂ ਨੂੰ ਇਹ ਦੁਖਾਂ ਦੀ ਅੱਗ ਪੋਹੁ ਨਹੀਂ ਸਕਦੀ । ਉਹ ਇਸਦੇ ਸੇਕ ਤੋਂ ਅਛੋਹ ਰਹਿੰਦੇ ਹਨ :-

> ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗ ॥
> ਜੋ ਜਨ ਪੀਰ ਨਿਵਾਜਿਆ, ਤਿੰਨਾ ਅੰਚ ਨ ਲਾਗ ॥੮੨॥
>
> (ਮਹਲਾ ੫)

ਫੇਰ ਕਹਿੰਦੇ ਹਨ, ਹੇ ਫਰੀਦ ਵਾਹਿਗੁਰੂ ਦੀ ਰਚਨਾ ਨੂੰ ਨਾ ਕੋਸ। ਵਾਹਿਗੁਰੂ ਨੇ ਤੈਨੂੰ ਸੋਹਣੀ ਜ਼ਿੰਦਗੀ ਬਖਸ਼ੀ ਹੈ । ਦੇਹ ਵੀ ਤੈਨੂੰ ਸੁੰਦਰ ਬਖਸ਼ੀ ਹੈ, ਜੋ ਰੋਗ ਰਹਿਤ ਵੀ ਹੈ ਤੇ ਦਿਲਕਸ਼ ਵੀ। ਪਰ ਇਸ ਵਿਸੂਲੇ ਬਾਗ ਤੇ ਦੁਖ ਰੂਪ ਅਗਨੀ ਤੋਂ ਓਹੀ ਬਚ ਸਕਦੇ ਹਨ, ਜਿਨ੍ਹਾਂ ਨੂੰ ਆਪਣੇ ਪਰਮ ਸੋਮੇ ਸਤਿ, ਚਿਤ, ਆਨੰਦ ਸਰੂਪ ਵਾਹਿਗੁਰੂ ਨਾਲ ਪ੍ਰੇਮ ਹੈ। ਪਰ ਅਜੇਹੇ ਬੰਦੇ, ਆਮ ਨਹੀਂ ਹੁੰਦੇ,ਬਹੁਤ ਥੋੜੇ ਹੁੰਦੇ ਹਨ :-

> ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥
> ਵਿਰਲੇ ਕੇਈ ਪਾਈਅਨ, ਜਿੰਨ੍ਾ ਪਿਆਰੇ ਨੇਹ ॥੮੩॥
>
> (ਮ: ੫)

ਤੱਤ ਦਰਸੀ ਤਾਂ ਸਦਾ ਹਉਂ ਰਹਿਤ ਹੋ ਆਤਮ ਰੱਸ ਮਾਣਦੇ ਤੇ ਸਦਾ ਅਨੰਦ ਦੀ ਅਵਸਥਾ ਵਿਚ ਰਹਿੰਦੇ ਹਨ :-

> ਦੂਖ ਨਾਹੀ ਸਭੁ ਸੂਖ ਹੀ ਹੈ ਰੇ ਏਕੈ ਏਕੀ ਨੇਤੈ ॥
> ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ ॥
> ਸੋਗੁ ਨਾਹੀ ਸਦਾ ਹਰਖ ਹੀ ਹੈ ਰੇ ਛੋਡਿ ਨਾਹੀ ਕਛੁ ਲੇਤੈ ॥
>
> (ਕਾਨੜਾ ਮ: ੫)

(੨) (ੳ) ਆਤਮਾਂ ਪਰਮ ਆਤਮਾ ਦੀ ਹੀ ਅੰਸ਼ ਹੈ, ਜੋ ਪਰਮਾਤਮਾ ਵਾਂਗ ਹੀ ਸਦੀਵੀ ਹੈ, ਇਹ ਅਬਿਨਾਸ਼ੀ ਤੇ ਅਬਚਲ ਹੈ । ਵਿਸਥਾਰ ਲਈ ਪਿਛੇ ਆ ਚੁਕੇ, ਗੁਰਮਤ ਦੇ ਅਨੁਸਾ ਰਜੀਵ ਆਤਮਾ ਦੇ ਸਿਰਲੇਖ ਹੇਠ ਦਿਤਾ ਮਜ਼ਮੂਨ ਪੜ੍ਹੋ ।

(ਅ) ਸੰਸਾਰ ਪਰਵਾਹ ਰੂਪ ਹੈ । ਇਸ ਵਿਚ ਅਦਲਾ ਬਦਲੀ ਦਾ ਨਿਯਮ ਅਟੱਲ ਹੈ । ਮਾਨਸਿਕ ਤੇ ਪ੍ਰਕਿਰਤਕ ਪਦਾਰਥ, ਜੜ ਤੇ ਚੇਤੰਨ ਸਭ ਇਸ ਨਿਯਮ ਦੇ ਅਧੀਨ ਹਨ । ਪੁਰਾਣਿਆਂ ਦੀ ਥਾਂ ਨਵੇਂ ਲੈ ਲੈਂਦੇ ਹਨ । ਇਸ ਲਈ ਚਲਾਇਮਾਨ ਹੋਣ ਕਰਕੇ ਹਉ ਦਾ ਸਬੰਧ, ਇਸਨੂੰ ਦੁਖ ਰੂਪ ਬਣਾ ਦੇਂਦਾ ਹੈ । ਹਉਮੈ ਦੀ ਨਿਵਿਰਤੀ ਇਸਨੂੰ ਸੁਖਦਾਇਕ ਬਣਾ ਦੇਂਦੀ ਹੈ ।

ਇਸਦਾ ਜ਼ਿਕਰ ਪਹਿਲੇ ਵੀ ਕਈ ਲੇਖਾਂ ਵਿਚ ਆ ਚੁਕਾ ਹੈ, ਇਸ ਲਈ ਮੁੜ ਮੁੜ ਉਸ ਨੂੰ ਦੁਹਰਾਣਾ ਠੀਕ ਨਹੀਂ ਜਾਪਦਾ । ਪਾਠਕ ਜਨ ਪਿਛੇ ਲਿਖੇ ਗਏ ਵਿਸਥਾਰ ਨੂੰ ਹੀ ਵਿਚਾਰ ਲੈਣ ।

(੩) ਆਤਮਾ ਆਪ ਤਾਂ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੀ, ਪਰ ਉਪਾਧੀਆਂ ਵਿਚ ਸੰਪਟ ਹੋਣ ਕਰਕੇ ਮੁੜ ਮੁੜ ਗਰਬ ਗੇੜ ਵਿਚ ਪੈਂਦੀ ਹੈ । ਜਨਮ ਤਾਂ ਉਪਾਧੀਆਂ ਦਾ ਹੁੰਦਾ ਹੈ, ਉਨ੍ਹਾਂ ਦੀ ਪੀਂਢੇ ਜਕੋੜਾਂ ਵਿਚ ਆਈ ਆਤਮਾ ਛੁਟਕਾਰਾ ਨਹੀਂ ਪਾ ਸਕਦੀ । ਪਰ ਜ਼ਦ ਇਹ ਉਪਾਧੀ ਰਹਿਤ ਹੋ ਜਾਂਦੀ ਹੈ । ਤਾਂ ਮੁੜ ਨਹੀਂ ਜੰਮਦੀ । ਭਾਵ ਮੁਕਤ ਹੋ ਜਾਂਦੀ ਹੈ । ਉਪਾਧੀ ਰਹਿਤ ਇਹ ਗੁਰ-ਉਪਦੇਸ਼ ਤੇ ਚਲ ਕੇ ਹੀ ਹੋ ਸਕਦੀ ਹੈ ।

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ਜੀਵਿ ਜੀਵਿ ਮੁਏ ਮੁਏ ਜੀਵੇ ॥
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥
ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ॥
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥੨॥੩॥
(ਸਲੋਕ ਮ: ੧ ਵਾਰ ਸਾਰੰਗ ਮ: ੪)

ਜੋ ਗੁਰੂ ਉਪਦੇਸ਼ ਤੇ ਚਲਦੇ ਹਨ, ਉਨ੍ਹਾਂ ਦਾ ਆਵਾਗਉਣ ਮੁਕ ਜਾਂਦਾ ਹੈ :

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ ॥
ਪਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦ ਖਲਾਸੁ ॥੧॥
ਆਵਣ ਜਾਣੁ ਰਹਿਓ ॥
ਤਪਤ ਕੜਾਹਾ ਬੁਝਿ ਗਇਆ, ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥੫॥੧੪॥
(ਮਾਰੂ ਮ: ੫)

(੪) ਕਾਰਜ ਦੇ ਨਾਸ ਹੋਣ ਨਾਲ ਕਾਰਣ ਦਾ ਅੰਤ ਨਹੀਂ ਹੋ ਜਾਂਦਾ । ਕਾਰਣ ਨਵੇਂ ਕਾਰਜ ਪੈਦਾ ਕਰ ਦੇਂਦਾ ਹੈ, ਦੁਖਾਂ ਕਲੇਸ਼ਾਂ ਦਾ ਕਾਰਣ ਇਹ ਦਿਸਦਾ ਸੰਸਾਰ ਨਹੀਂ, ਸਗੋਂ ਚੇਤੰਨ ਆਤਮਾ ਨੂੰ ਸਰੀਰ ਅਥਵਾ ਦਿਸਦੇ ਸੰਸਾਰ ਦੇ

ਸੰਗ ਕਰਕੇ ਉਪਜੀ ਹਉਮੈ ਦੁਖ ਉਪਾਧੀ ਕਰਕੇ ਹੈ। ਹਉਮੈ ਨੂੰ ਮਾਰਨਾ ਹੀ, ਦੁਖਾਂ ਦਾ ਨਾਸ ਕਰਨਾ ਹੈ। ਹਉਮੈ ਵਖਰੀ ਸ਼ਖਸੀਅਤ ਨੂੰ ਦ੍ਰਿੜ ਕਰਾਂਦੀ ਹੈ। ਇਹੀ ਵਖਰਾ ਵਿਅਕਤੀਤਵ ਦੁਬਿਧਾ ਨੂੰ ਜਨਮ ਦੇਂਦਾ ਹੈ। ਇਹੀ ਦੁਬਿਧਾ ਮੋਹ, ਰਾਗ, ਦ੍ਵੈਖ ਆਦਿ ਇਛਾਵਾਂ ਨੂੰ ਉਪਜਾਂਦੀ ਹੈ ਤੇ ਮਨੁਖ ਦੁਖ ਜਾਲ ਵਿਚ ਫਸ ਜਾਂਦਾ ਹੈ। ਸੋ ਦੁਬਿਧਾ ਨੂੰ ਮਾਰਨ ਨਾਲ ਮੋਹ, ਰਾਗ, ਦ੍ਵੈਖ, ਆਸਾ, ਤ੍ਰਿਸ਼ਨਾ ਆਪੇ ਹੀ ਮੁਕ ਜਾਂਦੀਆਂ ਹਨ। ਇਸ ਪ੍ਰਥਾਏ ਨੂੰ ਪੰਚਮ ਗੁਰੂ ਇਓਂ ਫੁਰਮਾਂਦੇ ਹਨ :–

ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੋ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸਕੀ ਤ੍ਰਿਸਨ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧੰਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁ ਗਿਆਨੀ ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਾਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥
(ਗਉੜੀ ਮ: ੫)

ਫੇਰ ਇਹ ਮਰੇ ਕਿਵੇਂ ? ਗੁਰੂ ਕਿਰਪਾ ਕਿਵੇਂ ਕਰੇ ਤੇ ਹਉਮੈ ਕਿਵੇਂ ਮਰੇ ? ਦੂਜੇ ਗੁਰੂ ਨਾਨਕ ਫੁਰਮਾਉਂਦੇ ਹਨ । ਵਾਹਿਗੁਰੂ ਜੇਕਰ ਆਪਣੀ ਮਿਹਰ ਦੁਆਰਾ ਗੁਰੂ ਉਪਦੇਸ਼ ਤੇ ਚਲਣ ਦੀ ਹਿੰਮਤ ਬਖਸ਼ੇ ਤਦ, ਇਹ ਹਉਮੈ ਮਰ ਜਾਂਦੀ ਹੈ :

ਪ੍ਰਸ਼ਨ—ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥
ਉਤਰ—ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥੭॥
(ਸਲੋਕ ਮ: ੨ ਆਸਾ ਦੀ ਵਾਰ)

ਸ੍ਰੀ ਗੁਰੂ ਨਾਨਕ ਦੇਵ ਜੀ ਸਿਧ ਗੋਸ਼ਟਿ ਵਿਚ ਫੁਰਮਾਂਦੇ ਹਨ, ਗੁਰਮੁਖ ਗੁਰ ਉਪਦੇਸ਼ ਤੇ ਚਲ ਕੇ ਆਪਣੀ ਹਉਮੈ ਮਾਰ ਲੈਂਦਾ ਹੈ ਤੇ 'ਮਨਿ ਜੀਤੈ ਜਗਜੀਤ" ਅਨੁਸਾਰ ਜਗੁ ਨੂੰ ਜਿਤ ਲੈਂਦਾ ਹੈ। ਹਉਮੈ ਨੂੰ ਨਾਸ ਕਰਨ ਦਾ ਭਾਵ ਹੀ ਮਨ਼ ਜਿਤਣਾ ਹੈ :–

"ਗੁਰਮੁਖ ਹਉਮੈ ਸਬਦਿ ਜਲਾਇ ॥" (ਸਿਧ ਗੋਸਟ)

ਹਉਮੈ ਸਬੰਧੀ ਵਿਸਥਾਰ ਸਹਿਤ ਵਿਚਾਰ ਛੇਵੇਂ ਭਾਗ ਵਿਚ ਪੜ੍ਹੋ।

(੪) ਕਿਉਂਕਿ ਬੁਧ ਧਰਮ ਈਸ਼੍ਵਰ ਦੀ ਹਸਤੀ ਤੋਂ ਮੁਨਕਰ ਹੈ, ਇਸ ਲਈ ਗੁਰਮਤ ਦੇ ਪਰਮ ਪਦ ਤੇ ਬੁਧ ਧਰਮ ਦੇ ਨਿਰਵਾਨ ਪਦ ਵਿਚ ਬੁਨਿਆਦੀ ਅੰਤਰ ਹੈ। ਜਿਥੇ ਬੁਧ ਜੀ ਨਿਰ ਉਪਾਧੀ ਸ਼ੇਸ਼ ਨਿਰਵਾਨ ਹਾਸਲ ਕਰਨ ਮਗਰੋਂ ਫਿਰ ਭੀ ਇਕ ਅਮਰ ਆਤਮਾ ਹੀ ਰਹਿੰਦਾ ਹੈ, ਉਥੇ ਗੁਰਮਤ ਦਾ ਪਰਮ ਪਦ ਦ੍ਵੈਤ ਦਾ ਨਾਸ ਕਰਨਾ ਤੇ ਉਸ ਇਕ ਓਅੰਕਾਰ ਵਿਚ ਅਭੇਦ ਹੋ ਜਾਣਾ ਹੈ। ਗੁਰਮਤ ਦਾ ਨਿਸ਼ਾਨਾ ਅਦ੍ਵੈਤ ਹੈ। ਗਿਆਨ ਕੇਵਲ ਸਹਾਇਕ ਹੈ। ਸਦਾਚਾਰ ਵੀ ਜ਼ਰੂਰੀ ਹੈ। ਪਰ ਹਉ ਰਹਿਤ ਹੋ ਜਾਣ, ਤੇ ਮਨੁਖ ਦੀ ਆਪਣੀ ਇਛਾ ਤਾਂ ਰਹਿੰਦੀ ਹੀ ਨਹੀਂ, ਇਸ ਲਈ ਮਾਨਸਿਕ ਪਵਿਤਰਤਾ, ਭਾਵਾਂ ਦੀ ਪਵਿਤਰਤਾ ਸਦਾਚਾਰਕ ਕਰਮ ਈਸ਼੍ਵਰ ਪਰਾਇਣ ਹੋਣ ਤੇ ਸੁਤੇ ਸਿਧ ਉਤਪੰਨ ਹੋ ਜਾਂਦੇ ਹਨ। ਮੁਕਤੀ ਤਥਾ ਪਰਮ ਪਦ ਦੀ ਪਰਾਪਤੀ ਲਈ ਵਿਸਥਾਰ ਸਹਿਤ ਵੀਚਾਰ ਤੀਜੇ ਭਾਗ ਵਿਚ 'ਗੀਤਾ ਮੱਤ ਤੇ ਗੁਰਮਤ' ਦੇ ਸਿਰਲੇਖ ਹੇਠਾਂ ਕੀਤੀ ਗਈ ਹੈ। ਪਾਠਕ ਜਨ ਪੜ੍ਹਨ ਦੀ ਖੇਚਲ ਕਰ ਲੈਣ।

... ...

ਵੈਦਿਕ ਧਰਮ ਨਾਲ ਗੁਰਮਤ ਦਾ ਸਿਧਾਂਤਿਕ ਮੇਲ ਦਿਸਦਾ ਤਾਂ ਹੈ, ਪਰ ਬੁਧ ਮਤਿ ਨਾਲ ਬੁਨਿਆਦੀ ਮਤ ਭੇਦ ਹੋਣ ਕਰਕੇ, ਪਰਤੱਖ ਰੂਪ ਵਿਚ ਸਿਧਾਂਤਕ ਵਖੇਵਾਂ ਉਘੜ ਆਉਂਦਾ ਹੈ। ਹਾਂ ਅਮਲੀ ਪਖ ਤੋਂ ਬੁਧ ਮਤ, ਹਿੰਦੂ ਬ੍ਰਾਹਮਣੀ ਮੱਤ ਨਾਲੋਂ ਗੁਰਮਤ ਦੇ ਵਧੇਰੇ ਨੇੜੇ ਜਾਪਦਾ ਹੈ। ਹੁਣ ਅਸੀਂ ਇਨ੍ਹਾਂ ਦੋਹਾਂ ਮੱਤਾਂ ਦੇ ਅਮਲੀ ਪੱਖ ਸਬੰਧੀ ਪਰਸਪਰ ਮੇਲ ਵਿਰੋਧ ਤੇ ਪਰਕਾਸ਼ ਪਾਵਾਂਗੇ।

ਅਮਲੀ ਪੱਖ

ਸਭ ਤੋਂ ਮੁਖ ਸਾਂਝਾ ਅਮਲੀ ਕਦਮ ਜ਼ਾਤ-ਪਾਤ ਦਾ ਵਿਰੋਧ ਹੀ ਕਿਹਾ ਜਾ ਸਕਦਾ ਹੈ।

ਜ਼ਾਤ ਪਾਤ

ਸਭ ਤੋਂ ਪਹਿਲਾਂ ਬੁਧ ਧਰਮ ਨੇ ਹੀ ਬ੍ਰਾਹਮਣ ਮਤ ਦੇ ਪਾਏ ਜ਼ਾਤ-ਪਾਤ

ਦੇ ਵਖੇਵੇਂ ਦੀ ਵਿਰੋਧਤਾ ਕੀਤੀ ਸੀ। ਬੁਧ ਜੀ ਨੇ ਜਾਤ ਪਾਤ ਦੀਆਂ ਪਾਈਆਂ ਗਈਆਂ ਹਦਾਂ ਤੇ ਵੰਡੀਆਂ ਨੂੰ ਤੋੜ, ਮਨੁਖੀ ਏਕਤਾ, ਸਮਾਨਤਾ, ਭਰਾਤਰੀ ਭਾਵ ਤੇ ਪਰਸਪਰ ਪਿਆਰ ਦਾ ਉਪਦੇਸ਼ ਦਿਤਾ ਸੀ।

ਗੁਰਮਤਿ ਦਾ ਵੀ ਇਹ ਇਕ ਵਿਸ਼ੇਸ਼ ਅੰਗ ਹੈ। ਗੁਰਮਤਿ ਜਨਮ ਨਹੀਂ, ਸਗੋਂ ਕਰਮ ਨੂੰ ਪਰਧਾਨ ਮੰਨਦੀ ਹੈ। ਜੀਵ ਤਾਂ ਨਿਰਜਾਤ ਹੈ। ਅਜਾਤ ਵਾਹਿਗੁਰੂ ਦੀ ਅੰਸ਼ ਕਦੇ ਕਿਸੇ ਨਵੇਕਲੇ ਵਰਨ ਜਾਂ ਜਾਤ ਦੀ ਨਹੀਂ ਹੋ ਸਕਦੀ। ਅਸਲੀ ਜ਼ਾਤ ਤਾਂ ਮਨੁਖਤਾ ਹੈ, ਜੋ ਵਾਹਿਗੁਰੂ ਦੀ ਦਰਗਾਹ ਵਿਚ ਸ਼ੁਭ ਕਰਮਾਂ ਕਰਕੇ ਹੀ ਸਤਕਾਰੀ ਜਾਂਦੀ ਹੈ। ਜਨਮ ਦੀ ਜ਼ਾਤ ਤਾਂ ਖ਼ੁਦਗਰਜ਼ ਲੋਕਾਂ ਦਾ ਪਾਇਆ ਗਿਆ ਇਕ ਭੁਲੇਖਾ ਹੀ ਹੈ। ਸਤਿਗੁਰੂ ਨਾਨਕ ਫ਼ੁਰਮਾਂਦੇ ਹਨ ਕਿ ਵਾਹਿਗੁਰੂ ਦੀ ਦਰਗਾਹ ਵਿਚ ਨਾ ਜ਼ਾਤ ਤੇ ਨਾ ਜ਼ੋਰ ਚਲਦਾ ਹੈ। ਉਥੇ ਤਾਂ ਇਸ ਜੀਵ ਨੂੰ ਹਰ ਹਾਲਤ ਵਿਚ ਨਿਵਣਾ ਹੀ ਪੈਂਦਾ ਹੈ। ਜੋ ਸ਼ੁਭ ਕਰਮਾਂ ਕਰਕੇ ਉਚੇ ਹੋ ਜਾਂਦੇ ਹਨ, ਉਨ੍ਹਾਂ ਨੂੰ ਹੀ ਵਾਹਿਗੁਰੂ ਦੀ ਹਜ਼ੂਰੀ ਵਿਚ ਚੰਗੇ ਆਖ ਕੇ ਸਨਮਾਨਿਆ ਜਾਂਦਾ ਹੈ:

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ ੩ ॥ ੧੧ ॥
(ਆਸਾ ਦੀ ਵਾਰ ਸਲੋਕ ਮ: ੧)

ਵਡਿਆਈ ਤਾਂ ਸ਼ੁਭ ਕਰਮਾਂ ਕਰਕੇ ਹੁੰਦੀ ਹੈ, ਜਨਮ ਤਾਂ ਮੁਫਤ ਦਾ ਅਭਿਮਾਨ ਹੈ।

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥
ਸਾ. ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ ੪ ॥ ੧੦ ॥
(ਪ੍ਰਭਾਤੀ ਮ: ੧)

ਜਾਤ ਤਦ ਮੰਨੀਏ ਜੇਕਰ ਇਸਦਾ ਕੋਈ ਫਾਇਦਾ ਦਿਸੇ। ਜੇ ਕਰ ਵਾਹਿਗੁਰੂ ਦੀ ਦਰਗਾਹ ਵਿਚ ਕਦਰ ਕੇਵਲ ਸਚ ਨੇ ਹੀ ਪਵਾਣੀ ਹੈ, ਤਾਂ ਫੇਰ ਜ਼ਾਤ ਦਾ ਫੋਕਾ ਅਭਿਮਾਨ ਕਾਹਦੇ ਲਈ ਕਰੀਏ। ਫਲੀਭੂਤ ਤਾਂ ਕਰਮਾਂ ਨੇ ਹੋਣਾ ਹੈ। ਮੰਦੇ ਕਰਮਾਂ ਦਾ ਫਲ ਤਾਂ ਚੰਗਾ ਹੋ ਸਕਣਾ ਅਸੰਭਵ ਹੈ। ਜ਼ਹਿਰ ਨੇ ਤਾਂ ਆਪਣਾ ਅਸਰ ਅਵੱਸ਼ ਕਰਨਾ ਹੀ ਹੈ, ਫੇਰ ਜੇ ਕਰਮ ਮਾੜੇ ਹੋਵਣ, ਤਾਂ ਫੇਰ ਜਾਤ ਕਿਵੇਂ ਛੁਡਾ ਲਵੇਗੀ:

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ ਮਹੁਰਾ ਹੋਵੈ ਹਥ ਮਰੀਐ ਚਖੀਐ ॥ ੧੦ ॥
(ਵਾਰ ਮਾਝ ਸਲੋਕ ਮ: ੧)

ਇਸ ਲਈ ਅਸਲ ਗਲ ਤਾਂ ਇਹ ਹੈ:

ਜਾਣਹੁ ਜੋਤਿ ਨ ਪੂਛਹੁ ਜਾਤੀ ਅਗੈ ਜਾਤਿ ਨ ਹੇ ॥ ੧ ॥ ੩ ॥

ਸਤਿਗੁਰੂ ਨੇ ਜ਼ਾਤੀ ਅਭਿਮਾਨ ਵਿਰੁਧ ਖੁਲ੍ਹ ਕੇ ਪਰਚਾਰ ਕੀਤਾ ਹੈ ਤੇ ਇਸਨੂੰ ਫਕੜ ਕਹਿ ਕੇ ਅਪਮਾਨਿਆ ਹੈ :

> ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆਂ ਇਕਾ ਛਾਉ ॥
> ਆਪਹ ਜੇ ਕੋ ਭਲਾ ਕਹਾਏ ॥ ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥
> ੧ ॥ ੩ ॥ (ਵਾਰ ਸ੍ਰੀ ਰਾਗ ਮ: ੧)

ਸੋ ਗੁਰਮੱਤ ਨੇ ਜਾਤ ਨੂੰ ਨਿਰਮੂਲ ਸਮਝ ਕੇ ਸਭਨਾ ਨੂੰ "ਏਕ ਪਿਤਾ ਏਕਸ ਕੇ ਹਮ ਬਾਰਕ" ਦਾ ਉਪਦੇਸ਼ ਦਿਤਾ ਹੈ। ਸ੍ਰੀ ਦਸਮੇਸ਼ ਵਖੋ ਵਖ ਧਰਮ, ਦੇਸਾਂ ਤੇ ਰੰਗਾਂ ਦੇ ਮਨੁਖਾਂ ਵਿਚ ਏਕਤਾ ਦਾ ਉਪਦੇਸ਼ ਦੇਂਦੇ ਹੋਏ ਫੁਰਮਾਂਦੇ ਹਨ :

> ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਉਈ ਮਾਨਸ ਸਭੈ ਏਕ ਪੈ ਅਨੇਕ ਕਾ ਭ੍ਰਮਾਉ ਹੈ ॥
> ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
> ਏਕੈ ਨੈਨ ਏਕੋ ਕਾਨ ਏਕੈ ਦੇਹ ਏਕੇ ਬੈਨ ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
> ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥
> ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਮਾਨਮਾਨਬੋ ॥
> ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬ ਏਕੋ ਪਹਚਾਨਬੋ ॥
> ਕਰਤਾ ਕਰੀਮ ਸੋਈ, ਰਾਜਕ ਰਹੀਮ ਓਹੀ, ਦੂਸਰੋ ਨ ਭੇਦ ਕੋਊ ਭੂਲ ਭ੍ਰਮ ਮਾਨਬੋ ॥
> ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੋ ਜੋਤ ਜਾਨਬੋ ॥
> (ਅਕਾਲ ਉਸਤਤ ਪਾ: ੧੦)

ਏਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ-ਮਨੁਖ ਭਾਵੇਂ ਆਪਣੇ ਧਰਮ ਦਾ ਕੋਈ ਨਾਮ ਰਖ ਲਵੇ, ਪਰੰਤੂ ਸਭ ਲਈ ਰਾਹ ਇਕੋ ਹੈ। ਇਕੋ ਦਰਵਾਜ਼ੇ ਪੁਰ ਸਭ ਨੇ ਜਾਣਾ ਹੈ ਤੇ ਇਸ ਦਰ ਤੇ ਪੁਜਣ ਲਈ ਗੁਰੂ ਹੀ ਪਉੜੀ ਦਾ ਕੰਮ ਦੇ ਸਕਦਾ ਹੈ :

> ਹੇਕੋ ਪਾਧਰੁ ਏਕੁ ਦਰੁ ਗੁਰ ਪਉੜੀ ਨਿਜ ਥਾਨੁ ॥
> ਰੂੜਉ ਠਾਕੁਰ ਨਾਨਕਾ ਸਭਿ ਸੁਖ ਸਾਚਉ ਨਾਮੁ ॥ ੨ ॥ ੧ ॥
> (ਵਾਰ ਮਲਾਰ ੧)

ਇਸ ਤੋਂ ਵਧੇਰੇ ਸਾਂਝੀ ਮਨੁਖਤਾ ਦਾ ਪਰਚਾਰ ਹੋਰ ਕੀ ਹੋ ਸਕਦਾ ਹੈ।

ਬੁਧ ਜੀ ਨੇ ਵਰਨ ਆਸ਼ਰਮ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਾਰਨਾਥ ਵਿਚ ਆਪਣੇ ਪੰਜ ਚੇਲੇ ਬਣਾਏ। ਇਹ ਬੁਧ ਜੀ ਦੇ ਸਦਾ ਲਈ ਨਿਕਟਵਰਤੀ ਸਨ। ਇਨ੍ਹਾਂ ਚੇਲਿਆਂ ਵਿਚੋਂ ਸਾਰਸੁਤ ਤੇ ਮੌਗਾਲਿਨ ਦੋ ਬ੍ਰਾਹਮਣ ਸਨ। ਅਨੰਦ ਖਤ੍ਰੀ ਸੀ। ਉਪਾਲੀ ਨਾਈ ਤੇ ਸੁਨੀਤ ਭੰਗੀ ਸੀ। ਇਨ੍ਹਾਂ ਨੂੰ ਬੁਧ ਜੀ ਨੇ ਇਕੋ ਪੰਗਤ ਵਿਚ ਬਿਠਾਲ ਕੇ ਲੋਹੇ ਦੇ ਬਰਤਨਾਂ ਵਿਚ ਪ੍ਰਸ਼ਾਦਿ ਛਕਾ-

ਇਆ ਸੀ। ਇਤਿਹਾਸ ਦਸਦਾ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸਾ ਸਾਜਣ ਵੇਲੇ ਪਹਿਲੇ ਪੰਜ ਸਿਖ ਹੀ ਚੁਣੇ ਸਨ । ਚੋਣ ਢੰਗ ਭਾਵੇਂ ਨਿਰਾਲਾ ਤੇ ਅਲੌਕਿਕ ਸੀ, ਪਰ ਨਿਰਸੰਦੇਹ ਇਹ ਇਕ ਮਰਜੀਵੜੇ ਸਿਖਾਂ ਦੀ ਚੋਣ ਸੀ, ਜੋ ਸਰੀਰਾਂ ਦੇ ਮੋਹ ਤੋਂ ਬਹੁਤ ਉਚੇ ਸਨ । ਇਨ੍ਹਾਂ ਵਿਚ ਸੁਭਾਵਕ ਹੀ ਬ੍ਰਾਹਮਣ, ਖਤਰੀ, ਨਾਈ ਆਦਿ ਆ ਗਿਆ । ਬੁਧ ਜੀ ਨੇ ਤਾਂ ਸਭ ਨੂੰ ਇਕ ਥਾਂ ਬੈਠ ਕੇ ਖਵਾਇਆ ਸੀ, ਪਰ ਗੁਰੂ ਜੀ ਨੇ ਇਨ੍ਹਾਂ ਸਾਰਿਆਂ ਨੂੰ ਸਰਬ ਲੋਹ ਦੇ ਇਕੋ ਬਾਟੇ ਵਿਚ ਅੰਮ੍ਰਿਤ ਛਕਾਇਆ ਤੇ ਇਸਤਰ੍ਹਾਂ ਜ਼ਾਤ ਪਾਤ ਤੇ ਉਚੇ ਨੀਵੇਂ ਦਾ ਖਿਆਲ ਆਪਣੇ ਮਤਿ ਵਿਚੋਂ ਅਸੂਲਨ ਤੇ ਸਦਾ ਲਈ ਕਢ ਦਿਤਾ ।

ਬੁਧ ਜੀ ਨੇ ਬ੍ਰਾਹਮਣ ਕੌਣ ਹੈ, ਦਾ ਹੇਠ ਲਿਖਿਆ ਉਤ੍ਰ ਦਿਤਾ ਸੀ :

“ਉਹ ਪੁਰਸ਼, ਜੋ ਕ੍ਰੋਧ ਤੋਂ ਰਹਿਤ ਹੈ, ਭਲੇ ਕੰਮ ਕਰਦਾ ਹੈ, ਸਤਿ ਅਭਿਲਾਖੀ ਹੈ, ਜੋ ਆਪਣੀਆਂ ਇਛਾਵਾਂ ਤੇ ਵਿਜੈ ਪ੍ਰਾਪਤ ਕਰ ਚੁਕਾ ਹੈ, ਜੋ ਨਿਮਰ ਭਾਵ ਵਾਲਾ ਹੈ, ਮੈਂ ਤਾਂ ਉਸ ਨੂੰ ਬ੍ਰਾਹਮਣ ਜਾਣਦਾ ਹਾਂ। ਇਹ ਜਨਮ ਉਸਦਾ ਅੰਤਮ ਜਨਮ ਹੈ ।”

“ਉਹ ਪੁਰਸ਼ ਜਿਸਦੀਆਂ ਵਾਸ਼ਨਾ, ਅਧਿਕਾਰ, ਲੋਭ ਤੇ ਫਲ ਦੇ ਭਾਵ, ਸੂਈ ਦੀ ਨੋਕ ਤੋਂ ਜਿਵੇਂ ਰਾਈ ਦਾ ਦਾਣਾ ਝੜ ਜਾਂਦਾ ਹੈ, ਇਵੇਂ ਹੀ ਝੜ ਗਏ ਹਨ (ਨਾਸ਼ ਹੋ ਗਏ ਹਨ) ਮੇਰੀ ਜਾਚੇ ਉਹੀਓ ਬ੍ਰਾਹਮਣ ਹੈ ।”

“ਜੋ ਆਦਮੀ ਚੰਨ ਦੀ ਤਰ੍ਹਾਂ ਨਿਹਕਲੰਕ ਹੈ, ਸ਼ੁਧ, ਪਵਿਤਰ ਤੇ ਸਥਿਰ ਹੈ ਤੇ ਜਿਸਨੇ ਪ੍ਰਸੰਨਤਾ ਦੇ ਬੰਧਨ ਵੀ ਨਾਸ਼ ਕਰ ਦਿਤੇ ਹਨ, ਮੇਰੀ ਸਮਝ ਵਿਚ ਤਾਂ ਉਹੀਓ ਬ੍ਰਾਹਮਣ ਹੈ ।”

“ਉਹ ਜਿਸ ਨੇ ਗਿਆਨ ਦੇ ਅਸਰ ਨਾਲ ਆਪਣੇ ਆਪ ਨੂੰ ਸਣਦੇਹ ਮੁਕਤ ਕਰ ਲਿਆ ਹੈ ਤੇ ਜੋ ਮੋਖਸ਼ ਦਾ ਅਧਿਕਾਰੀ ਬਣ ਗਿਆ ਹੈ, ਮੈਂ ਤਾਂ ਉਸ ਨੂੰ ਬ੍ਰਾਹਮਣ ਜਾਣਦਾ ਹਾਂ ।”

“ਜਿਸ ਸਜਣ ਨੇ ਪ੍ਰਾਣੀ ਮਾਤਰ ਨਾਲ ਅਹਿੰਸਕ ਵਤੀਰਾ ਰਖਣ ਦੀ ਪ੍ਰਤੱਗਯਾ ਕਰ ਲਈ ਹੈ ਤੇ ਜੋ ਡਾਢੇ ਤੇ ਲਿਸੇ ਦੋਹਾਂ ਪ੍ਰਤੀ ਅਹਿੰਸਕ ਭਾਵ ਰਖਦਾ ਹੈ। ਨਾ ਕਿਸੀ ਨੂੰ ਮਾਰਦਾ ਤੇ ਨਾ ਹੀ ਉਸ ਦੇ ਮਾਰਨ ਦਾ ਕਾਰਨ ਬਣਦਾ ਹੈ, ਮੈਂ ਤਾਂ ਉਸ ਨੂੰ ਹੀ ਬ੍ਰਾਹਮਣ ਕਹਿੰਦਾ ਹਾਂ ।”

ਗੁਰਮਤਿ ਅਨੁਸਾਰ ਵੀ ਬ੍ਰਾਹਮਣ ਜਨਮ ਦਾ ਨਹੀਂ, ਸਗੋਂ ਕਰਮ ਕਰਕੇ ਹੈ । ਬ੍ਰਾਹਮਣ ਦੇ ਜਨਮ ਅਭਿਮਾਨ ਨੂੰ ਤੋੜਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ, ਕਿ ਬ੍ਰਾਹਮਣਾਂ ਨੇ ਵਖੋ-ਵਖ ਧਰਮਾਂ ਦਾ ਜ਼ਿਕਰ ਕੀਤਾ ਹੈ। ਉਹ ਕਹਿੰਦੇ ਹਨ, ਕਿ ਜੋਗੀਆਂ ਦਾ ਧਰਮ ਗਿਆਨ ਦੀ ਪ੍ਰਾਪਤੀ ਕਰਨਾ ਹੈ, ਬ੍ਰਾਹ-

ਮਣਾਂ ਦਾ ਧਰਮ ਵੇਦ ਰੀਤੀਆਂ ਨੂੰ ਜਾਨਣਾ ਤੇ ਉਨ੍ਹਾਂ ਦੀ ਵਰਤੋਂ ਕਰਨਾ ਹੈ, ਖਤਰੀਆਂ ਦਾ ਧਰਮ ਸੂਰਮਗਤੀ ਤੇ ਸੂਰਬੀਰਤਾ ਦੇ ਕਰਮ ਦ੍ਰਿੜਾਣੇ ਹਨ ਤੇ ਸ਼ੂਦਰਾਂ ਦਾ ਕਰਮ ਹੈ ਪਰਾਈ ਸੇਵਾ ਕਰਨੀ । ਪਰ ਸਾਡੇ ਖਿਆਲ ਵਿਚ ਤਾਂ ਸਮੁਚੀ ਮਨੁਖ ਜਾਤੀ ਲਈ ਇਕੋ ਹੀ ਧਰਮ ਹੈ, ਇਹ ਭੇਦ "ਇਕੋ ਇਕ ਪਰਮਾਤਮਾ ਹੀ ਸਭ ਦੇਵਤਿਆਂ ਦਾ ਦੇਵਤਾ ਹੈ ਤੇ ਉਸ ਤੋਂ ਹੀ ਸਭ ਆਤਮਾਵਾਂ ਉਪਜੀਆਂ ਹਨ । ਫਿਰ ਉਹ ਸਾਰੀਆਂ ਆਤਮਾਵਾਂ ਵਿਚ ਵਸ ਰਿਹਾ ਹੈ । ਜੇ ਕਰ ਕੋਈ ਜਾਣ ਲਵੇ, ਤਾਂ ਉਹ ਇਹ ਵੀ ਜਾਣ ਲੈਂਦਾ ਹੈ ਕਿ ਧਰਮ ਅਤੇ ਵਰਨ ਵਖਰੇ ਨਹੀਂ ਹੋ ਸਕਦੇ :

ਜੋਗ ਸਬਦੰ ਗਿਆਨ ਸਬਦੰ ਵੇਦ ਸਬਦੰ ਬ੍ਰਹਮਣਹ ॥
ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥
ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥

[ਸਲੋਕ ਸਸਕ੍ਰਿਤੀ]

ਜਿਥੇ ਤਕ ਬ੍ਰਾਹਮਣ ਦੇ ਕਰਮ ਦਾ ਸਵਾਲ ਹੈ, ਸਾਹਿਬ ਫੁਰਮਾਂਦੇ ਹਨ– ਜੋ ਪਰਮਾਤਮਾ ਨਾਲ ਡੂੰਘੀ ਸਾਂਝ ਪਾਂਦਾ ਹੈ, ਤੇ ਉਸੇ ਦਾ ਹੀ ਜਪ ਕਰਮ ਕਰਦਾ ਤਥਾ ਤਪ-ਕਰਮ ਕਰਦਾ ਹੈ, ਇਹੀ ਸੰਜਮ ਕਰਮ ਕਰਦਾ ਹੈ, ਭਾਵ ਪਰਮਾਤਮਾ ਦੀ ਭਗਤੀ ਨੂੰ ਹੀ ਜਪ ਤਪ ਸੰਜਮ ਸਮਝਦਾ ਹੈ । ਜੋ ਮਿਠੇ ਸੁਭਾਵ ਤੇ ਸੰਤੋਖ ਦਾ ਫਰਜ਼ ਪਾਲਨ ਕਰਦਾ ਹੈ, ਜੋ ਮਾਇਆ ਦੇ ਮੋਹ ਦੀਆਂ ਫਾਹੀਆਂ ਤੋੜ ਲੈਂਦਾ ਹੈ ਅਤੇ ਮਾਇਆ ਦੇ ਮੋਹ ਤੋਂ ਸੁਤੰਤਰ ਹੋ ਜਾਂਦਾ ਹੈ,ਸਾਡੇ ਖਿਆਲ ਵਿਚ ਉਹੀਓ ਬ੍ਰਾਹਮਣ ਆਦਰ-ਸਤਕਾਰ ਯੋਗ ਹੈ :

ਸੋ ਬ੍ਰਾਹਮਣ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਾਹਮਣ ਪੂਜਣੁ ਜੁਗਤੁ ॥ ੧੯ ॥

[ਸਲੋਕ ਵਾਰਾਂ ਤੋਂ ਵਧੀਕ ਮ: ੧]

ਬੁਧ ਜੀ ਚੂੰਕਿ ਬ੍ਰਹਮ ਸਬੰਧੀ ਚੁਪ ਹਨ, ਇਸ ਲਈ ਉਹ ਬ੍ਰਾਹਮਣ ਵਿਚ ਕੇਵਲ ਸਦਾਚਾਰਕ ਗੁਣ ਹੀ ਵੇਖਦੇ ਹਨ । ਗੁਰਮੱਤ ਵੀ ਸਦਾਚਾਰਕ ਗੁਣਾਂ ਦੀ ਉਨੀ ਹੀ ਹਾਮੀ ਹੈ, ਜਿੰਨਾਂ ਕਿ ਬੁਧ ਮਤਿ । ਗੁਰਮੱਤ ਤਾਂ ਆਚਾਰਾਂ ਨੂੰ ਸਚ (ਰਬ) ਤੋਂ ਵੀ ਉਪਰ ਜਾਣਦਾ ਹੈ । ਰਬ ਤੋਂ ਉਪਰ ਜਾਣਨ ਤੋਂ ਭਾਵ ਰੱਬੀ ਗੁਣਾਂ ਨੂੰ ਧਾਰਨ ਕਰਨਾ ਹੈ ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ ॥ ੫ ॥ ੧੪ ॥

[ਸਿਰੀ ਰਾਗ ਮ: ੧]

ਅਰਥਾਤ—ਸਚ ਤੋਂ ਸਭ ਕੁਝ ਨੀਵਾਂ ਹੈ, ਪਰ ਸੱਚ ਤੋਂ ਵੀ ਉਤੇ ਸੱਚ ਦੀ ਰਹਿਣੀ ਹੈ, ਪਰ ਸਚ ਦੀ ਰਹਿਣੀ ਆਉਂਦੀ ਹੀ ਉਥੇ ਹੈ, ਜਿਸਦੇ ਹਿਰਦੇ ਵਿਚ ਸਚ (ਬ੍ਰਹਮ ਦਾ ਨਿਵਾਸ) ਹੋਵੇ :

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
[ਸਲੋਕ ਮ: ੧ ਆਸਾ ਦੀ ਵਾਰ]

ਜਿਸਦੇ ਅੰਦਰ ਬ੍ਰਹਮ ਹੈ, ਉਸ ਨੂੰ ਬ੍ਰਹਮ ਤੋਂ ਛੁਟ ਕੋਈ ਹੋਰ ਵਿਸਦਾ ਹੀ ਨਹੀਂ ! ਫਿਰ ਉਹ ਅਹਿੰਸਕ ਵਤੀਰਾ ਕਿਸਦੇ ਨਾਲ ਰਖੇਗਾ। ਜੇ ਬ੍ਰਹਮ ਤੋਂ ਛੁਟ ਕੋਈ ਦੂਜਾ ਹੈ ਹੀ ਨਹੀਂ, ਤਾਂ ਮਾਰੇਗਾ ਕਿਸਨੂੰ ? ਤੇ ਕਿਸਦੇ ਮਰਨ ਦਾ ਕਾਰਨ ਬਣੇਗਾ। ਸੋ ਗਲ ਕੀ, ਬ੍ਰਹਮ ਵਿਚਾਰਨ ਵਾਲਾ ਆਪ ਹੀ ਬ੍ਰਹਮ ਰੂਪ ਹੋ ਜਾਂਦਾ ਹੈ, ਜੋ ਸਰਬ ਕਲਾ ਭਰਪੂਰੀ ਹੈ, ਪੂਰਨ ਹੈ, ਬੇਲੋੜ ਹੈ, ਨਿਹਕਲੰਕ ਹੈ, ਦਿਆਲੂ ਤੇ ਨਿਰਾ ਪਿਆਰ ਹੈ। ਇਸ ਲਈ ਗੁਰਬਾਣੀ ਦਰਸਾਂਦੀ :

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥
ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥੯॥੫॥੨੨॥
[ਸ੍ਰੀ ਰਾਗ ਮ: ੩)

ਕਬੀਰ ਜੀ ਕਹਿੰਦੇ ਹਨ :

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥
[ਗਉੜੀ ਕਬੀਰ ਜੀ]

ਬੁਧ ਜੀ ਕਿਉਂ ਜੋ ਬ੍ਰਹਮ ਸਬੰਧੀ ਚੁਪ ਹਨ, ਇਸ ਲਈ ਉਹ ਬ੍ਰਾਹਮਣ ਲਈ ਕੇਵਲ ਸਦਾਚਾਰਕ ਗੁਣ ਹੀ ਵੇਖਦੇ ਹਨ। ਗੁਰਮਤਿ ਅਧਿਆਤਮਕ ਹੈ ਤੇ ਅਧਿਆਤਮਕ ਗੁਣ ਓਦੋਂ ਤਕ ਉਤਪੰਨ ਹੀ ਨਹੀਂ ਹੁੰਦੇ, ਜਦੋਂ ਤਕ ਸਦਾਚਾਰ ਕਾਇਮ ਨਾ ਹੋ ਜਾਏ। ਇਸ ਲਈ ਸਦਾਚਾਰ ਦੇ ਵਡੇ ਦੁਸ਼ਮਨ ਨਾਲ ਪਹਿਲੇ ਦਿਨ ਤੋਂ ਹੀ ਜੰਗ ਆਰੰਭ ਹੋ ਜਾਂਦਾ ਹੈ। ਇਹ ਜੰਗ ਨਿਤ ਦਾ ਜੰਗ ਬਣ ਜਾਂਦਾ ਹੈ। ਇਸ ਲਈ ਖਾਲਸਾ ਸਹਿਜ ਦੇ ਘੋੜੇ ਤੇ ਚੜ੍ਹ ਕੇ ਇਸ ਸਦਾਚਾਰ ਦੇ ਘਾਤਕ ਨਾਲ ਨਿਤ ਦੀ ਜੰਗ ਕਰਦਾ ਹੈ। ਇਹ ਘਾਤਕ ਹੈ ਹਉਮੈ—

ਖਾਲਸਾ ਸੋ ਜੋ ਚੜ੍ਹੈ ਤਰੰਗ ॥ ਖਾਲਸਾ ਸੋ ਜੋ ਕਰੇ ਨਿਤ ਜੰਗ ॥
(ਸਵੱਯੇ ਪ: ੧੦)

ਇਹ ਨਿਤ ਦੀ ਜੰਗ ਖਾਲਸੇ ਨੂੰ ਵਿਜੇਈ ਕਰ ਦੇਂਦੀ ਹੈ, ਹਉਮੈ ਮਰ ਜਾਂਦੀ ਹੈ ਤੇ ਓਸ ਦਾ ਸਿਟਾ ਇਹ ਲਲਕਾਰ ਹੈ—

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾਂ ਨਿਰੋਆ ॥

ਦਿਨ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥

(ਬਸੰਤ ਕੀ ਵਾਰ ਮ: ੫)

ਸੋ ਉਪਰੋਕਤ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪੁਜੇ ਹਾਂ—

ਗੁਰਮਤਿ ਵੀ ਜਾਤ-ਪਾਤ ਦਾ ਓਨਾ ਹੀ ਵਿਰੋਧੀ ਹੈ, ਜਿਤਨਾ ਬੁਧ ਮੱਤ। ਬੁਧ ਮੱਤ ਵੀ ਸਮਾਨਤਾ ਦਾ ਹਾਮੀ ਹੈ ਤੇ ਗੁਰਮਤ ਵੀ। ਦੋਵੇਂ ਪ੍ਰਾਣੀ ਮਾਤਰ ਨੂੰ ਪਰਸਪਰ ਮੇਲ-ਜੋਲ ਤੇ ਪਿਆਰ ਸਿਖਾਂਦੇ ਹਨ। ਦੋਵੇਂ ਮਨੁੱਖ ਦੀ ਉਚਤਾ ਦਾ ਦਰਜਾ ਸਦਾਚਾਰਕ ਪਧਰ ਤੇ ਕਾਇਮ ਕਰਦੇ ਹਨ। ਪਰ ਬੁਧ ਮੱਤ ਨਾਸਤਕ ਹੈ ਤੇ ਕੇਵਲ ਸਦਾਚਾਰ ਦੇ ਆਸਰੇ ਹੀ ਮਨੁੱਖਤਾ ਨੂੰ ਕਾਇਮ ਰਖਣਾ ਚਾਹੁੰਦਾ ਹੈ। ਇਸ ਦੇ ਉਲਟ ਗੁਰਮਤ ਪਕਾ ਆਸਤਕ ਹੈ ਤੇ ਅਧਯਾਤਮਕ ਪਧਰ ਤੇ ਸਦਾਚਾਰ ਨੂੰ ਕਾਇਮ ਰਖਣਾ ਚਾਹੁੰਦਾ ਹੈ।

(੨) ਬੈਰੂਨੀ ਭੇਖ ਤੇ ਕਰਮ ਕਾਂਡ ਦਾ ਤਿਆਗ

ਮਹਾਤਮਾ ਬੁਧ ਜੀ ਨੇ ਵਿਖਾਵੇ ਦੇ ਕਰਮ ਕਾਂਡ ਤੇ ਭੇਖਾਂ ਦੀ ਵਰੋਧਤਾ ਕੀਤੀ ਹੈ। ਇਸ ਦੀ ਥਾਂ ਤੇ ਮਨ ਦੀ ਸਚਾਈ, ਵਿਹਾਰ ਦੀ ਸਫਾਈ ਤੇ ਲੋਕਾਈ ਨਾਲ ਭਲਾਈ ਕਰਨੀ, ਤੇ ਨੇਕ ਨੀਤੀ ਨਾਲ ਵਰਤਣਾ ਸਿਖਾਣ ਦਾ ਜਤਨ ਕੀਤਾ ਸੀ। ਸਿਖ ਗੁਰੂਆਂ ਨੇ ਵੀ ਇਹੋ ਸੁਨਿਹਾ ਜੰਤਾ ਨੂੰ ਦਿਤਾ ਹੈ, ਪਰ ਇਸ ਦੀ ਪੂਰਤੀ ਅਧਿਆਤਮਕਤਾ ਰਾਹੀਂ ਇਕ ਵਾਹਿਗੁਰੂ ਨੂੰ ਹੀ ਸਭ ਵਿਚ ਭਰਪੂਰ ਜਾਣ ਕੇ—

ਬਹੁ ਭੇਖੁ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥
ਮਨ ਰੇ ਗ੍ਰਿਹ ਹੀ ਮਾਹਿ ਉਦਾਸ ॥
ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥

(ਸ੍ਰੀ ਰਾਗ ਮ: ੩)

ਪਰਚਾਰ ਢੰਗ

ਪਰਚਾਰ ਲਈ ਦੋਹਾਂ ਮਤਾਂ ਨੇ ਹੀ ਲੋਕ ਭਾਸ਼ਾ ਨੂੰ ਹੀ ਪਰਚਾਰ ਮਧਯਮ ਬਣਾਇਆ ਹੈ ਤੇ ਪਰਚਲਤ ਲੋਕ ਭਾਸ਼ਾ ਵਿਚ ਹੀ ਧਰਮ ਗ੍ਰੰਥ ਲਿਖੇ ਹਨ। ਕਿਸੇ ਇਕ ਬੋਲੀ ਨੂੰ ਭਾਵੇਂ ਓਹ ਸੰਸਕ੍ਰਿਤ ਹੋਵੇ ਜਾਂ ਪ੍ਰਾਕ੍ਰਿਤ, ਅਪਭ੍ਰੰਸ ਹੋਵੇ ਜਾਂ ਦੇਸ਼ ਭਾਸ਼ਾ ਨੂੰ ਪਵਿਤਰ ਜਾਂ ਅਪਵਿਤਰ ਨਹੀਂ ਮੰਨਿਆ। ਸਗੋਂ ਸਾਰੀਆਂ ਬੋਲੀਆਂ ਨੂੰ ਸਮਾਨ ਜਾਣਿਆਂ ਹੈ। ਅਸਲੀਅਤ ਇਹ ਹੈ ਜੋ ਪਰਚਾਰ ਜੇ ਮਾਤ ਭਾਸ਼ਾ ਰਾਹੀਂ ਕੀਤਾ ਜਾਏ, ਤਾਂ ਓਹ ਸ੍ਰੋਤਿਆਂ ਦੇ ਦਿਲ ਤੇ ਛੇਤੀ ਅਸਰ ਕਰਦੀ

ਹੈ ਤੇ ਛੇਤੀ ਹੀ ਸਮਝਿਆ ਵੀ ਜਾ ਸਕਦਾ ਹੈ। ਇਸ ਲਈ ਇਨ੍ਹਾਂ ਦੋਹਾਂ ਹੀ ਮਤਾਂ ਨੇ ਆਪਣੇ ਧਰਮ ਸਨਿਹੇ ਲੋਕਾਂ ਤਕ ਆਮ ਬੋਲੀ ਜਾਂਦੀ ਬੋਲੀ ਰਾਹੀਂ ਹੀ ਪਹੁੰਚਾਏ ਹਨ।

ਇਕ ਵਾਰੀ ਦਾ ਜ਼ਿਕਰ ਸਿਖ ਇਤਿਹਾਸ ਵਿਚ ਇਸ਼ ਤਰ੍ਹਾਂ ਆਉਂਦਾ ਹੈ। ਗੁਰੂ ਅਮਰ ਦਾਸ ਜੀ ਇਕ ਵੇਰ ਪਰਚਾਰ ਹਿਤ ਹਿੰਦੂਆਂ ਦੇ ਉਘੇ ਤੀਰਥ ਕੁਰੂਕਸ਼ੇਤ੍ਰ ਪੁਰ ਗਏ। ਪੰਡਤ ਜੋ ਉਨ੍ਹਾਂ ਤੋਂ ਪਹਿਲਾਂ ਦੇ ਜਾਣੂ ਸਨ, ਉਨ੍ਹਾਂ ਪਾਸੋਂ ਪੁਛਣ ਲਗੇ, ਹੇ ਬਾਬਾ ਜੀ ਸੰਸਕ੍ਰਿਤ ਵਿਚ ਵੇਦ, ਸਿਮ੍ਰਤੀਆਂ, ਸ਼ਾਸ਼ਤਰ, ਪੁਰਾਨ ਆਦਿ ਅਨੇਕਾਂ ਗ੍ਰੰਥਾਂ ਦੇ ਹੁੰਦਿਆਂ ਤੁਸੀਂ ਲੋਕ ਬੋਲੀ ਵਿਚ ਆਪਣੀ ਬ੍ਰਹਮ ਰਚਨਾ ਕਿਉਂ ਰਚਦੇ ਹੋ। ਸਤਿਗੁਰਾਂ ਬੜੇ ਪਿਆਰ ਨਾਲ ਉਤਰ ਦਿਤਾ, "ਪਿਆਰਿਓ ਕਿਸੇ ਬੋਲੀ ਦੇ ਪਵਿਤਰ ਅਪਵਿਤਰ ਹੋਣ ਦਾ ਖਿਆਲ ਨਹੀਂ, ਅਸਲ ਗੱਲ ਤਾਂ ਇਹ ਹੈ ਸੰਸਕ੍ਰਿਤ ਆਮ ਲੋਕਾਂ ਦੇ ਸਮਝਣ ਵਾਲੀ ਬੋਲੀ ਨਹੀਂ। ਜਿਸ ਤਰ੍ਹਾਂ ਧਰਤੀ ਵਿਚ ਪਾਣੀ ਤਾਂ ਹੁੰਦਾ ਹੈ, ਪਰ ਬਿਨਾਂ ਜਤਨ ਦੇ ਕਢਿਆ ਨਹੀਂ ਜਾ ਸਕਦਾ। ਜਦੋਂ ਬਾਰਸ਼ ਵਸਦੀ ਹੈ ਓਦੋਂ ਕੋਈ ਯਤਨ ਵੀ ਨਹੀਂ ਕਰਨਾ ਪੈਂਦਾ ਤੇ ਉਸ ਦੀ ਦੇਨ ਆਪਣੇ-ਪਰਾਏ ਦੀ ਵਿਚਾਰ ਵੀ ਨਹੀਂ ਕਰਦੀ। ਜਿਥੇ-ਕਿਥੇ ਵਸਦੀ ਹੈ ਜਲ-ਥਲ ਕਰ ਦੇਂਦੀ ਹੈ। ਇਸੇ ਤਰ੍ਹਾਂ ਮਾਤ-ਬੋਲੀ ਵਿਚ ਵੰਡੀ ਗਈ ਸਚਾਈ, ਹਰ ਸੁਣਨ ਵਾਲੇ ਦੇ ਦਿਲ ਤੇ ਆਪ-ਮੁਹਾਰੀ ਅਸਰ ਕਰਦੀ ਹੈ, ਇਸ ਲਈ ਸਾਨੂੰ ਇਨ੍ਹਾਂ ਭਰਮਾਂ ਵਿਚ ਪੈਣਾ ਉਚਿਤ ਨਹੀਂ—

> ਜੈਸੇ ਧਰਤੀ ਊਪਰ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹ ॥
> ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨ ਪਗਾ ਵਰਸਤ ਫਿਰਾਹੀ ॥੧॥
> ਬਾਬਾ ਤੂੰ ਐਸੇ ਭਰਮੁ ਚੁਕਾਹੀ ॥੪॥੧॥੧੫॥
>
> (ਗਉੜੀ ਬੈਰਾਗਣ ਮ: ੩)

ਇਸ ਤੋਂ ਇਲਾਵਾ ਦੋਵੇਂ ਪਰਚਾਰਕ ਮੱਤ ਹਨ ਤੇ ਆਪਣੇ ਉਪਦੇਸ਼ਾਂ ਨੂੰ ਕਿਸੇ ਦੇਸ਼ ਜਾਂ ਫਿਰਕੇ ਲਈ ਸੀਮਤ ਨਹੀਂ ਕਰਦੇ। ਸਗੋਂ ਦੋਹਾਂ ਦੇ ਉਪਦੇਸ਼ ਸਾਂਝੇ ਤੇ ਸਮੂਹ ਸੰਸਾਰ ਲਈ ਹਨ। ਗੁਰੂ ਨਾਨਕ ਜੀ ਨੇ ਸਮੂਹ ਸੰਸਾਰ ਲਈ ਦੇਸ਼ ਪ੍ਰਦੇਸ਼ ਦਾ ਰਟਨ ਕਰ ਕੇ, ਬੁਧ ਜੀ ਵਾਂਗ ਹੀ ਆਪਣੇ ਧਰਮ ਸੁਨਿਹੇ ਜਨ ਸਾਧਾਰਨ ਤਕ ਅਪੜਾਨ ਦਾ ਯਤਨ ਕੀਤਾ ਹੈ।

ਸੰਗ ਤੇ ਸੰਸਥਾਵਾਂ ਕਾਇਮ ਕਰਨਾ

ਜਿਸ ਤਰ੍ਹਾਂ ਬੋਧੀਆਂ ਨੇ ਧਰਮ ਨੂੰ ਜਥੇਬੰਦ ਤੇ ਇਕੋ ਆਕਾਰ ਦਾ ਭਾਵ ਪੈਦਾ ਕਰਨ ਲਈ ਥਾਂ ਪਰ ਥਾਂ ਸੰਗ ਤੇ ਸੰਸਥਾਵਾਂ ਪੈਦਾ ਕੀਤੀਆਂ, ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਜਗ੍ਹਾ-ਬ-ਜਗ੍ਹਾ ਸੰਗਤਾਂ ਤੇ ਧਰਮਸਾਲਾਂ ਕਾਇਮ ਕਰ ਕੇ

ਸਿਖਾਂ ਵਿਚ ਇਕੋ ਆਕਾਰ ਦਾ ਭਾਵ ਪੈਦਾ ਕਰਨ ਦਾ ਜਤਨ ਕੀਤਾ। ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਵ ਦੀ ਏਕਤਾ ਤੇ ਰੂਪ ਦੀ ਇਕ-ਸਾਰਤਾ ਕਾਇਮ ਰਖਣ ਲਈ ਅੰਮ੍ਰਿਤ ਸੰਚਾਰ ਦੀ ਰਸਮ ਚਲਾਈ ਤੇ ਖਾਲਸਾ ਇਕ ਪਕੀ ਜਥੇਬੰਦੀ ਦੇ ਰੂਪ ਵਿਚ ਆਗਿਆ। ਜਿਸ ਵਿਚ ਇਕ ਭਾਵ, ਇਕ ਸਰੂਪ ਤੇ ਇਕ ਆਕਾਰ ਦਾ ਪੂਰਨ ਪ੍ਰਭਾਵ ਕਾਇਮ ਹੋ ਗਿਆ।

ਜਿਸ ਤਰ੍ਹਾਂ ਬੁਧ ਸੰਘਿਤਾ ਵਿਚ ਆਉਣ ਲਈ ਇਕ ਖ਼ਾਸ ਪ੍ਰਤੱਗਿਆ (ਸ਼ਪਥ) ਲੈਣੀ ਪੈਂਦੀ ਹੈ, ਇਸੇ ਤਰ੍ਹਾਂ ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋਣ ਲਈ ਅੰਮ੍ਰਿਤ ਛਕਣਾ ਤੇ ਉਸ ਅਨੁਸਾਰ ਰਹਿਤ-ਬਹਿਤ ਵਿਚ ਪਕੇ ਰਹਿਣਾ ਵੀ ਜ਼ਰੂਰੀ ਹੈ। ਅੰਮ੍ਰਿਤ ਛਕਣ ਸਮੇਂ ਇਸ ਗੱਲ ਦਾ ਹਲਫ਼ ਉਠਾਣਾ ਪੈਂਦਾ ਹੈ ਕਿ ਰਹਿਤ ਦਾ ਪੂਰੀ ਤਰ੍ਹਾਂ ਪਾਲਨ ਕੀਤਾ ਜਾਵੇਗਾ।

ਜਿਵੇਂ ਬੁਧ ਮਤਿ ਵਿਚ ਬੁਨਿਆਦੀ ਪ੍ਰਤੱਗਿਆ ਦੇ ਭੰਗ ਕਰਨ ਵਾਲੇ ਨੂੰ ਸੰਗਤ ਤੇ ਪੰਗਤ ਵਿਚੋਂ ਨਿਖੇੜ ਦਿਤਾ ਜਾਂਦਾ ਸੀ, ਇਸੇ ਤਰ੍ਹਾਂ ਸਿਖ ਵੀ ਅੰਮ੍ਰਿਤ ਛਕਣ ਵੇਲੇ ਕੀਤੀ ਗਈ ਪ੍ਰਤੱਗਿਆ ਨੂੰ ਤੋੜਨ ਤੇ ਕੁਰਹਿਤੀਆ ਹੋ ਜਾਂਦਾ ਹੈ ਤੇ ਸੰਗਤ-ਪੰਗਤ ਵਿਚੋਂ ਨਿਖੇੜ ਦਿਤਾ ਜਾਂਦਾ ਹੈ। ਜਦ ਤਕ ਓਹ ਮੁੜ ਜਥੇਬੰਦੀ ਦੇ ਅਸੂਲਾਂ ਅਨੁਸਾਰ ਤਨਖ਼ਾਹ ਲਵਾ ਕੇ (ਡੰਡ ਭਰਕੇ) ਮੁੜ ਪ੍ਰਤੱਗਿਆ ਨਿਭਾਉਣ ਦਾ ਇਕਰਾਰ ਨਹੀਂ ਕਰਦਾ, ਸੰਗਤ-ਪੰਗਤ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ ਹੈ।

ਸਿਖ ਤੇ ਸਿੰਘ ਪਦ

ਬੁਧ ਧਰਮ ਤੋਂ ਪਹਿਲਾਂ ਸਿਖ ਸ਼ਬਦ 'ਸ਼ਿਸ਼' ਅਥਵਾ ਵਿਦਿਆਰਥੀ ਜਾਂ ਚੇਲੇ ਦੇ ਮਹਿਨਿਆਂ ਵਿਚ ਵਰਤਿਆ ਜਾਂਦਾ ਸੀ। ਬੁਧ ਜੀ ਨੇ ਇਸ ਨੂੰ 'ਸਤਿ ਮਾਰਗ ਦੇ ਪੰਧਾਊ' ਦੇ ਉਚੇ ਮਹਿਨਿਆਂ ਵਿਚ ਵਰਤਿਆ। ਜਿਵੇਂ—

ਪ੍ਰਸ਼ਨ–ਜੋ ਇਮਮ ਪਥੱਵਮ ਵਿਜੱਸਤੀ ਯਮ-ਲੋਕਮ ਚ ਇਮਮ ਸੁਦੇਵਕਮ।
ਕੋ ਇਮਮ ਸੁਦੇਸਤਮ ਕੁਸ਼ਲੋ ਪੁਫਮ ਇਵਾ ਪੱਚਸਤੀ।
ਉਤਰ–ਸਿਖੋ ਇਮਮ ਪਥਵਮ ਵਿਜੱਸਤੀ ਯਮ ਲੋਕਮ 'ਚ ਇਮਮ ਸੁਦੇਵਕਮ।
ਸਿਖੋ ਇਮਮ ਸੁਦੇਸਤਮ ਕੁਸਲੋ ਪੁਫਮ ਇਵਾ ਪਚੱਸਤੀ।

(ਧਮ ਪਦ)

ਪ੍ਰਸ਼ਨ–ਓਹ ਕੌਣ ਹੈ ਜੋ ਦੁਖਦਾਇਕ ਤੇ ਕੰਡਿਆਲੇ ਮਾਰਗ ਨੂੰ ਸੁਖੇਨ ਬਣਾਕੇ ਸਫਲਤਾ ਪੂਰਬਕ ਤਹਿ ਕਰਦਾ ਹੈ।
ਉਤਰ–ਓਹ ਸਿਖ ਹੈ।

ਇਸੇ ਤਰ੍ਹਾਂ ਸਿੰਘ ਸ਼ਬਦ ਓਸ ਤਥਾ ਗਤ ਜਾਂ ਨਿਰਵਾਣ ਪਦ ਹਾਸਲ

ਕਰ ਲੈਣ ਵਾਲੇ ਸਿਖ ਲਈ ਵਰਤਿਆ ਹੈ, ਜੋ ਬੁਧ ਤੇ ਭਿਕਸ਼ੂ ਵਛਾਗਤ ਦੇ ਧਮ ਪਦ ਵਿਚ ਆਏ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ। ਵਾਰਤਾਲਾਪ ਕੁਝ ਇਸ ਤਰ੍ਹਾਂ ਦਾ ਹੈ—

ਬੁਧ ਜੀ–ਸ਼ੇਰ ਆਪਣੇ ਘੁਰਨੇ ਤੋਂ ਨਿਕਲ ਕੇ ਸਭ ਤੋਂ ਪਹਿਲਾਂ ਕੀ ਕਰਦਾ ਹੈ ?

ਵਛਾਗਤ–ਅੰਗੜਾਈ ਲੈ ਕੇ ਆਪਣੇ ਸ਼ਰੀਰ ਨੂੰ ਛੰਡਦਾ ਹੈ।

ਬੁਧ ਜੀ–ਤੇ ਫੇਰ ਕੀ ਕਰਦਾ ਹੈ ?

ਵਛਾਗਤ–ਆਪਣੇ ਇਰਦ-ਗਿਰਦ ਕੁਝ ਵੇਖਦਾ ਹੈ ਤੇ ਕੰਨ ਖੜੇ ਕਰਕੇ ਕੁਝ ਸੁਣਦਾ ਹੈ।

ਬੁਧ ਜੀ–ਤੇ ਇਸ ਤੋਂ ਮਗਰੋਂ ਓਹ ਕੀ ਕਰਦਾ ਹੈ।

ਵਛਾਗਤ–ਦਹਾੜਦਾ ਹੈ (ਗਰਜ ਮਾਰਦਾ ਹੈ)।

ਬੁਧ ਜੀ–ਤੇ ਫੇਰ।

ਵਛਾਗਤ–ਸ਼ਿਕਾਰ ਲਭਣ ਲਈ ਚਲਾ ਜਾਂਦਾ ਹੈ।

ਬੁਧ ਜੀ–ਤਾਂ ਫੇਰ ਇਸੇ ਤਰ੍ਹਾਂ ਸਿਖ, ਜਦ ਨਿਰਵਾਨ ਪ੍ਰਾਪਤ ਕਰਕੇ ਆਪਣੇ ਸਰੀਰਕ ਘੁਰਨੇ ਤੋਂ ਉਚੇਰਾ ਹੁੰਦਾ ਹੈ, ਤਾਂ ਸਰੀਰ ਨੂੰ ਛੰਡਕੇ ਤ੍ਰਿਸ਼ਨਾ ਨੂੰ ਪਛਾੜਦਾ ਹੈ ਤੇ ਕਰਮਾਂ ਦੀ ਨੀਂਦ ਨੂੰ ਤਿਆਗ ਆਪਣੇ ਇਰਦੇ-ਗਿਰਦੇ ਦੇ ਦੁਖੀਆਂ ਦੀਆਂ ਆਵਾਜ਼ਾਂ ਸੁਣਦਾ ਹੈ। ਫੇਰ ਸਿੰਘ ਨਾਦ ਵਜਾ ਕੇ ਆਪਣੀ ਹੋਂਦ ਦੀ ਖਬਰ ਦੇਂਦਾ ਹੈ ਤੇ ਦੂਜਿਆਂ ਨੂੰ ਸਤਿ ਮਾਰਗ ਦਸਣ ਤੇ ਪਰਚਾਰਨ ਲਈ ਦੇਸ਼-ਪ੍ਰਦੇਸ਼ ਦਾ ਰਟਨ ਕਰਦਾ ਹੈ। ਓਹ ਤਥਾ-ਗਤ ਹੈ, ਓਹ ਬੁਧ ਹੈ, ਓਹ ਸਿੰਘ ਹੈ।

ਬੁਧ ਮੱਤ ਦੇ ਭਾਰਤਵਰਸ਼ ਵਿਚੋਂ ਨਿਕਲ ਜਾਣ ਮਗਰੋਂ ਸਿਖ ਤੇ ਸਿੰਘ ਸ਼ਬਦ ਦੀ ਇਨ੍ਹਾਂ ਅਰਥਾਂ ਵਿਚ ਵਰਤੋਂ ਖਤਮ ਹੋ ਗਈ ਤੇ ਇਹ ਸ਼ਬਦ ਮੁੜ ਉਸੇ ਤਰ੍ਹਾਂ ਜਿਸ ਤਰ੍ਹਾਂ, ਬੁਧ ਜੀ ਤੋਂ ਪਹਿਲਾਂ ਵਰਤੇ ਜਾਂਦੇ ਸਨ, ਵਰਤੇ ਜਾਣ ਲਗ ਪਏ ਤੇ ਓਦੋਂ ਤਕ ਉਸੇ ਤਰ੍ਹਾਂ ਪਰਚਲਤ ਰਹੇ, ਜਦੋਂ ਤਕ ਗੁਰੂ ਨਾਨਕ ਦੇਵ ਜੀ ਨੇ ਸਿਖ ਮੱਤ ਨੂੰ ਨਾ ਅਰੰਭਿਆ।

ਸਿਖ ਸ਼ਬਦ ਤਾਂ ਬੁਧ ਜੀ ਦੇ ਭਾਵਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਹੀ 'ਸਤਿ ਮਾਰਗ ਦੇ ਪੰਧਾਊਆਂ' ਲਈ ਵਰਤਣਾ ਅਰੰਭ ਦਿਤਾ ਸੀ। ਪਰ ਸਿੰਘ ਸ਼ਬਦ ਕੇਵਲ ਜੋਧਿਆਂ ਤੇ ਸੂਰਬੀਰਾਂ ਲਈ ਹੀ ਰਾਖਵਾਂ ਰਿਹਾ। ਆਮ ਤੌਰ ਤੇ ਇਹ ਪਦ ਬੀਰ ਕੁਸ਼ੱਤ੍ਰੀਆਂ ਜਾਂ ਰਾਜਪੂਤਾਂ ਦੇ ਨਾਵਾਂ ਨਾਲ ਸ਼ੇਰ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਇਕ ਅਨੋਖੀ ਪ੍ਰੀਖਿਆ ਰਚ ਕੇ ਤਲਵਾਰ ਦੀ ਧਾਰ ਹੇਠਾਂ, ਸਿਖਾਂ ਦੀ ਪਰਖ

ਕੀਤੀ ਸੀ ਤੇ ਜੋ ਪੰਜ ਗੁਰ ਸਿਖ ਸਰੀਰਕ ਮੋਹ ਨੂੰ ਤਿਆਗ ਕੇ ਤੇ ਆਸ਼ਾ-ਤ੍ਰਿਸ਼ਨਾਂ ਦੀਆਂ ਫਾਹੀਆਂ ਨੂੰ ਕੱਟ ਕੇ ਸੀਸ ਭੇਟ ਦੇਣ ਲਈ ਉਭਰੇ ਸਨ। ਓਹਨਾਂ ਨੂੰ ਤਥਾ ਗੱਤ ਜਾਣ ਆਪ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਦਾ ਲਈ ਅਮਰ ਕਰ ਦਿਤਾ ਤੇ ਅੰਮ੍ਰਿਤ ਛਕਾਣ ਤੋਂ ਬਾਹਦ ਸਿੰਘ ਸ਼ਬਦ ਨਾਲ ਸੰਬੋਧਨ ਕੀਤਾ। ਇਸ ਤੋਂ ਭਾਵ ਸੀ ਜੋ ਇਹ ਸਜਨ ਸਹੀ ਮਹਿਨਿਆਂ ਵਿਚ ਸ਼ੁਧ ਤੇ ਪਵਿਤਰ ਹੋ ਕੇ ਬੁਧ ਬਣ ਚੁਕੇ ਹਨ। ਇਹ ਮੁਕਤ ਹਨ। ਅਸਲ ਨਿਰਵਾਨ ਪੱਦ ਇਨ੍ਹਾਂ ਹਾਸਲ ਕਰ ਲਿਆ ਹੈ, ਇਸ ਲਈ ਇਹ ਸਿੰਘ ਹਨ।

ਹੁਣ ਨਵੀਂ ਜਥੇਬੰਦੀ, ਜੋ ਤਨ, ਮਨ ਤੇ ਧਨ ਦੇ ਬੰਧਨਾਂ ਤੋਂ ਉਦੇਰੀ ਸੀ ਤੇ (ਤਥਾ ਗਤ) ਸਿੰਘਾਂ ਦੀ ਬਣੀ ਤੇ ਜਿਸ ਨੂੰ ਖਾਲਸਾ ਨਾਂ ਦਿਤਾ ਗਿਆ, ਉਸ ਦੀ ਪ੍ਰਤੱਗਿਆ ਗੁਰੂ ਨੂੰ ਵੀ ਲੈਣੀ ਜ਼ਰੂਰੀ ਸੀ, ਨਹੀਂ ਤਾਂ ਓਹ ਉਸ ਜਥੇਬੰਦੀ ਦੀ ਬਣਤਰ—ਨੀਯਮਾਵਲੀ ਤੋਂ ਬਾਹਰ ਗਿਣਿਆ ਜਾਣਾ ਸੀ। ਇਸ ਲਈ ਗੁਰੂ ਗੋਬਿੰਦ ਰਾਇ ਵੀ ਅੰਮ੍ਰਿਤ ਪਾਨ ਕਰਕੇ ਇਸ ਜਥੇਬੰਧੀ ਵਿਚ ਸ਼ਾਮਲ ਹੋਇਆ ਤੇ ਰਾਇ ਤੋਂ ਸਿੰਘ ਬਨਿਆ।

ਸੋ ਸਪਸ਼ਟ ਹੋਇਆ ਜੋ ਓਹੀ ਸਿਖ ਤੇ ਸਿੰਘ ਸ਼ਬਦ, ਜੋ ਬੁਧ ਜੀ ਨੇ ਸਤਿ ਮਾਰਗ ਦੇ ਪੰਧਾਊ ਤੇ ਪੁਗ ਚੁਕੇ ਤਥਾ ਗਤ ਲਈ ਵਰਤੇ ਸਨ ਤੇ ਜੋ ਬੁਧ ਧਰਮ ਦੇ ਭਾਰਤ ਵਰਸ਼ ਵਿਚ ਨਿਕਲ ਜਾਣ ਮਗਰੋਂ ਮੁੜ ਆਮ ਅਰਥਾਂ ਵਿਚ ਵਰਤੇ ਜਾਣ ਲਗ ਪਏ ਸਨ, ਨੂੰ ਦੋ ਹਜ਼ਾਰ ਵਰ੍ਹੇ ਮਗਰੋਂ ਗੁਰਮੱਤ , ਫੇਰ ਉਨ੍ਹਾਂ ਹੀ ਮਹਿਨਿਆਂ ਵਿਚ ਵਰਤਿਆ, ਜਿਨ੍ਹਾਂ ਵਿਚ ਬੁਧ ਜੀ ਨੇ ਵਰਤਿਆ ਸੀ।

(੬) ਮੰਦਰਾਂ ਦੀ ਬਣਤਰ

ਬੁਧ ਧਰਮ ਤੋਂ ਪਹਿਲਾਂ ਹਿੰਦੂ ਮੰਦਰਾਂ ਦਾ ਕੇਵਲ ਇਕ ਹੀ ਦਰਵਾਜ਼ਾ ਹੋਇਆ ਕਰਦਾ ਸੀ ਤੇ ਓਹ ਪੂਰਬ ਦਿਸ਼ਾ ਵਲ ਹੀ ਰਖਿਆ ਜਾਂਦਾ ਸੀ। ਇਸ ਦਾ ਭਾਵ ਸ਼ੀ, ਕੇਵਲ ਇਸ ਦੇ ਅੰਦਰ ਇਕ ਬ੍ਰਾਹਮਣ ਹੀ ਦਾਖਲ ਹੋ ਸਕਦਾ ਹੈ ਜਾਂ ਇਵੇਂ ਸਮਝ ਲਵੋ ਕਿ ਮੰਦਰ ਦੇ ਅੰਦਰ ਦਾਖਲ ਹੋ ਕੇ ਪੂਜਾ ਕਰਨ ਦਾ ਅਧਿਕਾਰ ਕੇਵਲ ਬ੍ਰਾਹਮਣ ਨੂੰ ਹੀ ਹੈ, ਕਿਸੇ ਹੋਰ ਵਰਨ ਨੂੰ ਨਹੀਂ। ਬੁਧ ਧਰਮ ਨੇ ਆਪਣੇ ਧਰਮ ਮੰਦਰਾਂ (ਪੈਗੋਡਿਆਂ) ਦੇ ਚੌਹਾਂ ਦਿਸ਼ਾ ਵਿਚ ਇਕ-ਇਕ ਕਰਕੇ ਚਾਰ ਦਰਵਾਜ਼ੇ ਰਖੇ, ਤਾਂ ਚੌਹਾਂ ਵਰਨਾਂ ਲਈ ਖੋਹਲ ਦਿਤੇ। ਜਨ-ਸਾਧਾਰਨ ਇਨ੍ਹਾਂ ਮੰਦਰਾਂ ਵਿਚ ਦਾਖਲ ਹੋ ਪੂਜਾ-ਪਾਠ ਕਰ ਸਕਦਾ ਸੀ। ਇਸ ਤੋਂ ਬਾਹਦ ਇਹ ਪਰਪਾਟੀ ਬੰਦ ਹੋ ਗਈ ਤੇ ਫੇਰ ਉਹੀ ਹਿੰਦੂ ਪਰਪਾਟੀ ਪਰਚਲਤ ਹੋ ਗਈ। ਹੁਣ ਤਕ ਜੋ ਹਿੰਦੂ ਮੰਦਰ ਬਣਦੇ ਹਨ, ਉਹ ਆਪਣੀ ਪੁਰਾਣੀ ਮਨੌਤ ਅਨੁਸਾਰ ਇਕ ਦਰਾ ਮੰਦਰ ਹੀ ਬਣਾਂਦੇ ਹਨ।

ਬੁਧ ਜੀ ਤੋਂ ਕੋਈ ਦੋ ਹਜ਼ਾਰ ਵਰ੍ਹੇ ਮਗਰੋਂ ਸਿਖ ਧਰਮ ਦਾ ਕੇਂਦਰੀ ਮੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਣਾਇਆ ਤੇ ਉਸ ਦੇ ਚੌਹਾਂ ਦਿਸ਼ਾਵਾਂ ਵਿਚ ਹੀ ਦਰਵਾਜ਼ੇ ਰਖੇ ਤੇ ਚੌਹਾਂ ਹੀ ਵਰਨਾਂ ਤਥਾ ਆਵਰਨਾਂ ਲਈ ਖੋਹਲ ਦਿਤੇ। ਬਾਹਦ ਵਿਚ ਜਿੰਨੇ ਵੀ ਇਤਿਹਾਸਕ ਗੁਰਦਵਾਰੇ ਮਹਾਰਾਜਾ ਰਣਜੀਤ ਸਿੰਘ, ਸਿਖ ਸਰਦਾਰਾਂ ਜਾਂ ਸਿਖ ਸੰਗਤਾਂ ਨੇ ਬਣਵਾਏ, ਉਨ੍ਹਾਂ ਦੇ ਬਦਸਤੂਰ ਚੌਹਾਂ ਦਿਸ਼ਾ ਵਲ ਇਕ-ਇਕ ਕਰਕੇ ਚਾਰ ਹੀ ਦਰਵਾਜ਼ੇ ਰਖੇ, ਜਿਸ ਕਰਕੇ ਇਹ ਸਭ ਅਸਥਾਨ ਜਨ-ਸਾਧਾਰਨ ਲਈ ਖੁਲ੍ਹੇ ਰਹੇ ਤੇ ਰਹਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਵਿਚ ਕੋਈ ਵੀ ਅੰਮ੍ਰਿਤ ਧਾਰੀ ਸਿੰਘ ਬੈਠ ਸਕਦਾ ਹੈ ਜਾਂ ਗ੍ਰੰਥੀ ਸੇਵਾ ਕਰ ਸਕਦਾ ਹੈ।

ਸੋ ਇਸ ਪੱਖ ਤੋਂ ਵੀ ਇਨ੍ਹਾਂ ਦੋਹਾਂ ਮਤਾਂ ਦੀ ਸਾਂਝ ਹੈ।

ਸ਼ਬਦ ਯਾਨ

ਬੁਧ ਜੀ ਦੇ ਕੁਝ ਸਮੇਂ ਮਗਰੋਂ ਇਸ ਧਰਮ ਦੇ ਦੋ ਵਡੇ ਫਿਰਕੇ ਬਣ ਗਏ। ਇਕ ਦਾ ਨਾਂ ਹੀਨ ਯਾਨ ਭਾਵ ਛੋਟਾ ਜਹਾਜ਼ ਜਾਂ ਬੇੜਾ ਸੀ ਤੇ ਦੂਜੇ ਦਾ ਨਾਂ ਮਹਾਂ ਯਾਨ ਅਰਥਾਤ ਵਡਾ ਜਹਾਜ ਜਾਂ ਬੇੜਾ ਸੀ।

ਹੀਨ ਯਾਨ ਦਾ ਮਾਰਗ ਕਠਨ ਸੀ। ਇਹ ਅਰਹਤ ਦੀ ਪਦਵੀ ਤੀਕ ਪੁਜੇ ਹੋਏ ਓਹ ਬੋਧੀ ਸਨ, ਜੋ ਬੋਧੀ ਸਤ੍ਵ ਦਾ ਜੀਵਨ ਅਰੰਭ ਕਰਕੇ, ਅੰਤ ਬੁਧ ਹੋ ਜਾਣ ਦੇ ਯਤਨ ਵਿਚ ਸਨ। ਇਸ ਦਾ ਨਾਮ ਕਠਨ ਯਾਨ ਸੀ। ਪਰ ਦੂਜੇ ਫਿਰਕੇ ਨੇ ਵਿਅੰਗ ਦੇ ਤੌਰ ਪੁਰ ਸ਼੍ਰਾਵਨ ਯਾਨ, ਅਰਹਤ ਯਾਨ ਜਾਂ ਹੀਨ ਯਾਨ ਰਖ ਦਿਤਾ ਸੀ। ਕਿਉਂਕਿ ਵਿਰੋਧੀ ਇਸ ਨੂੰ ਕੇਵਲ ਸ੍ਵੈ ਆਤਮਿਕ ਉੱਨਤੀ ਲਈ ਹੀ ਯਤਨ ਸਮਝਦੇ ਸਨ। ਦੂਜੇ ਦਾ ਨਾਂ ਸਹਜ ਯਾਨ, ਬੁਧ ਯਾਨ, ਬੋਧਿ ਸਤ੍ਵ ਯਾਨ ਜਾਂ ਮਹਾ ਯਾਨ ਸੀ, ਜਿਸ ਵਿਚ ਭਿਕਸ਼ੁ ਤੇ ਭਿਕਸ਼ੁਣੀਆਂ ਬੁਧ ਦੀ ਸਰਣ ਲੈ ਕੇ ਦੂਜਿਆਂ ਨੂੰ ਇਸ ਮਾਰਗ ਤੇ ਲਿਆਉਣ ਲਈ ਪ੍ਰੇਰਦੇ ਸਨ। ਕਿਉਂਕਿ ਇਸ ਬੇੜੇ ਵਿਚ ਬੋਧੀ ਸੰਤ ਦੂਜਿਆਂ ਨੂੰ ਚੜ੍ਹਾ ਕੇ ਪਾਰ ਲੰਘਾਦੇ ਸਨ, ਇਸ ਲਈ ਇਸ ਦਾ ਨਾਮ ਮਹਾਯਾਨ ਹੀ ਪਰਚਲਤ ਹੋ ਗਿਆ।

ਸ਼ਬਦ ਯਾਨ ਦੇ ਅਰਥ ਜਹਾਜ਼ ਜਾਂ ਬੇੜਾ ਹੈ। ਗੁਰਮਤ ਵਿਚ ਵੀ ਸਤਿਗੁਰਾਂ ਨੇ ਨਾਮ ਤੇ ਧਰਮ ਆਦਿ ਲਈ ਜਹਾਜ਼, ਬੋਹਥ, ਬੇੜਾ ਆਦਿ ਸ਼ਬਦ ਵਰਤੇ ਹਨ।

ਅੰਤ ਵਿਚ ਅਸੀਂ ਇਹ ਗੱਲ ਮੰਨਾਂਗੇ, ਜੋ ਅਮਲੀ ਪੱਖ ਤੋਂ ਭਾਵੇਂ ਗੁਰਮਤ ਨਾਲ ਕਿੰਨੀਆਂ ਗੱਲਾਂ ਸਾਂਝੀਆਂ ਕਿਉਂ ਨਾ ਹੋਵਨ, ਸਿਧਾਂਤਕ ਪੱਖ ਤੋਂ ਇਨ੍ਹਾਂ ਦੋਹਾਂ ਮੱਤਾਂ ਵਿਚ ਬਹੁਤ ਵਿਰੋਧ ਹੈ। ਮੁਖ ਵਿਰੋਧ ਤਾਂ ਆਸਤਕਤਾ

ਤੇ ਨਾਸਤਕਤਾ ਦਾ ਹੈ। ਬੁਧ ਧਰਮ ਨਾਸਤਕ ਹੈ ਤੇ ਗੁਰਮਤ ਆਸਤਕ।

ਗੁਰਮਤ ਨੇ ਸਿਖਾਂ ਨੂੰ ਬੁਧ ਧਰਮ ਵਾਂਗ ਭਿਖਸ਼ੂ ਬਣਾਕੇ ਫਕੀਰ ਤੇ ਭਿਖਾਰੀ ਨਹੀਂ ਬਣਾਇਆ, ਸਗੋਂ ਮੰਗ ਖਾਣ ਦੀ ਭਾਰੀ ਨਿਖੇਧੀ ਕੀਤੀ ਹੈ। ਇਸ ਨੂੰ ਗੁਨਾਹ ਦਸਿਆ ਹੈ। ਗੁਰਮਤ ਵਿਚ ਗ੍ਰਸਤ ਧਰਮ ਨੂੰ ਸ੍ਰੇਸ਼ਟ ਕਰਕੇ ਮੰਨਿਆ ਗਿਆ ਹੈ। ਘਰ-ਬਾਰ ਤਿਆਗੀ ਸੰਤਾਂ ਤੇ ਸੰਤਣੀਆਂ ਨੂੰ ਗੁਰਮਤਿ ਵਿਚ ਉਚੇਰੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ, ਸਗੋਂ ਅਜਿਹਾ ਕਰਨ ਵਾਲਿਆਂ ਨੂੰ ਹੋੜਿਆ ਜਾਂਦਾ ਹੈ। ਅਜਿਹਾ ਕਰਨ ਨਾਲ ਭੇਖ, ਦਿਖਾਵਾ ਤੇ ਪਾਖੰਡ ਵਧਣ ਦਾ ਡਰ ਰਹਿੰਦਾ ਹੈ ਤੇ ਪਾਖੰਡ ਦਾ ਗੁਰਮਤ ਨਾਲ ਬੁਨਿਆਦੀ ਅਜੋੜ ਹੈ।

ਫਿਰ ਭੀ ਇਹ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ, ਜੋ ਇਸ ਮਤ ਦਾ ਕੁਝ ਨਾ ਕੁਝ ਸਿਧਾ ਜਾਂ ਉਲਟਾ ਅਸਰ ਗੁਰਮਤ ਤੇ ਪਿਆ ਹੈ।

ਇਕ ਮੁਸਾਫਰ ਭੁਖਾ ਵੀ ਹੈ ਤੇ ਉਸ ਨੇ ਸਿਰ ਤੇ ਭਾਰੀ ਪੰਡ ਵੀ ਚੁਕੀ ਹੋਈ ਹੈ। ਓਸ ਦਾ ਪੈਂਡਾ ਵੀ ਕਠਨ ਹੈ, ਪਰ ਓਹ ਥਕਿਆ-ਹੁਟਿਆ ਵੀ ਸਫਰ ਕਰ ਰਿਹਾ ਹੈ। ਜੇ ਕਰ ਕੋਈ ਉਸ ਦੇ ਸਿਰ ਦਾ ਬੋਝ ਉਸ ਦੇ ਸਿਰ ਤੋਂ ਹਟਾ ਲਵੇ, ਤਾਂ ਸੁਭਾਵਿਕ ਤੌਰ ਤੇ ਉਸ ਨੂੰ ਕੁਝ ਹਲਕਾ-ਪਨ ਤੇ ਸੁਖ ਮਹਿਸੂਸ ਹੁੰਦਾ ਹੈ, ਪਰ ਕੁਝ ਦੇਰ ਮਗਰੋਂ ਹੀ ਓਹਨੂੰ ਭੁਖ ਸਗੋਂ ਵਧੇਰੇ ਤੰਗ ਕਰਨ ਲਗ ਪੈਂਦੀ ਹੈ। ਓਹ ਸਗੋਂ ਹੋਰ ਵੀ ਦੁਖੀ ਹੋ ਜਾਂਦਾ ਹੈ।

ਠੀਕ ਇਸੇ ਤਰ੍ਹਾਂ ਮਨੁੱਖ ਨੂੰ ਆਤਮਕ ਭੁਖ ਵੀ ਡਾਢੀ ਸੀ ਤੇ ਉਸ ਨੇ ਕਰਮ ਕਾਂਡ ਦੀ ਭਾਰੀ ਗੱਠ ਵੀ ਸਿਰ ਤੇ ਚੁਕੀ ਹੋਈ ਸੀ ਤੇ ਇਸ ਤਰ੍ਹਾਂ ਭੁਖ ਤੇ ਦੁਖ ਦੋਵੇਂ ਹੀ ਉਸ ਦਾ ਜੀਵਨ ਸੋਗੀ ਤੇ ਔਖਾ ਬਣਾ ਰਹੇ ਸਨ। ਬੁਧ ਜੀ ਨੇ ਕਰਮ ਕਾਂਡ ਦੀ ਬੋਝਲ ਪੰਡ ਤਾਂ ਸਿਰ ਤੋਂ ਲੁਹਾ ਕੇ ਕੁਝ ਚਿਰ ਲਈ ਤਾਂ ਓਹਨੂੰ ਸੁਖੀ ਕਰ ਦਿਤਾ। ਪਰ ਇਹ ਇਲਾਜ ਤਾਂ ਬੋਝ ਹਲਕਾ ਕਰਨ ਲਈ ਸੀ, ਆਤਮਾ ਦੀ ਭੁਖ ਤਾਂ ਅਜੇ ਬਾਕੀ ਸੀ। ਇਸ ਦੀ ਤ੍ਰਿਪਤੀ ਤਾਂ ਜ਼ਰੂਰੀ ਸੀ। ਓਹ ਤਾਂ ਸਗੋਂ ਹੋਰ ਵੀ ਚਮਕ ਪਈ। ਓਹ ਸਗੋਂ ਹੋਰ ਦੁਖੀ ਹੋ ਗਿਆ। ਇਸ ਤੋਂ ਮਗਰੋਂ ਸ੍ਵਾਮੀ ਸ਼ੰਕਰਾਚਾਰੀਆ ਜੀ ਨੇ ਆਤਮਕ ਭੋਜਨ ਦਾ ਸਰੂਪ ਵਿਖਾ ਕੇ ਅਣ-ਤ੍ਰਿਪਤੇ ਜਗਯਾਸੂ ਨੂੰ ਮੁੜ ਆਪਨੇ ਵਲ ਖਿਚ ਤਾਂ ਲਿਆ, ਪਰ ਦਿਤਾ ਉਸ ਨੇ ਵੀ ਕੁਝ ਨਾ। ਓਹ ਭੁਖੇ ਦਾ ਭੁਖਾ ਹੀ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਕਰਮ ਕਾਂਡ ਦਾ ਬੋਝਾ ਹਲਕਾ ਕੀਤਾ, ਉਥੇ ਨਾਮ ਦੀ ਖ਼ੁਰਾਕ ਦੇ ਕੇ ਭੁਖ ਵੀ ਲਾਹੀ ਤੇ ਉਸ ਨੇ ਰੱਜ ਕੇ ਅੰਮ੍ਰਿਤ ਪੀਤਾ ਤੇ ਸਦਾ ਅਨੰਦ ਦਾ ਰਸ ਮਾਣਿਆ।

ਭਾਗ ਤੀਜਾ

ਦਾਰਸ਼ਨਿਕ ਵਿਚਾਰਧਾਰਾ ਤੋਂ ਉਪਜੇ ਹੋਰ ਧਾਰਮਕ ਮਤ ਤੇ ਗੁਰਮਤਿ

ਗੀਤਾ ਮਤ ਤੇ ਗੁਰਮਤ

ਗੀਤਾ—ਭਾਗਵਦ ਗੀਤਾ

'ਗੀਤਾ ਬਿਨਾਂ ਨਾ ਗਿਆਨ' ਇਕ ਆਮ ਹਿੰਦੂ ਮੁਹਾਵਰਾ ਬਣ ਚੁਕਿਆ ਹੈ। ਇਸ ਦਾਰਸ਼ਨਿਕ ਗ੍ਰੰਥ ਦੀ ਉਤਮਤਾਈ ਇਸ ਗੱਲ ਤੋਂ ਵੀ ਸਪਸ਼ਟ ਜਾਪਦੀ ਹੈ ਕਿ ਜਿੰਨੇ ਇਸ ਪੁਸਤਕ ਦੇ ਟੀਕੇ ਜਾਂ ਅਨ-ਬੋਲੀਆਂ ਵਿਚ ਅਨੁਵਾਦ ਹੋਏ ਹਨ, ਏਨੇ ਕਿਸੇ ਹੋਰ ਗ੍ਰੰਥ ਦੇ ਅਜੇ ਤੀਕ ਨਹੀਂ ਹੋ ਸਕੇ।

ਇਸ ਪੁਸਤਕ ਦੇ ਰਚਨਹਾਰ ਸਬੰਧੀ ਕੁਝ ਮਤ ਭੇਦ ਵੀ ਹੈ। ਕਿਉਂਕਿ ਇਸ ਦਾ ਪਾਠ ਮਹਾਂਭਾਰਤ ਦੇ ਐਨ ਮੱਧ ਵਿਚ ਹੈ ਤੇ ਮਹਾਂਭਾਰਤ ਦੇ ਸੰਪਾਦਿਕ ਰਿਸ਼ੀ ਵੇਦ ਵਿਆਸ ਜੀ ਨੂੰ ਕਿਹਾ ਜਾਂਦਾ ਹੈ। ਇਸ ਲਈ ਕਈ ਵਿਚਾਰਵਾਨ ਇਸ ਨੂੰ ਰਿਸ਼ੀ ਵੇਦ ਵਿਆਸ ਜੀ ਦੀ ਹੀ ਕਿਰਤ ਸਮਝਦੇ ਹਨ। ਬਹੁ ਸੰਮਤੀ ਸ੍ਰੀ ਕ੍ਰਿਸ਼ਨ ਜੀ ਨੂੰ ਇਸ ਦਾ ਕਰਤਾ ਥਾਪਦੀ ਹੈ। ਕਰਤੇ ਸਬੰਧੀ ਭਾਵੇਂ ਮਤ ਭੇਦ ਹੋਣ, ਪਰ ਇਸ ਸਬੰਧੀ ਕੋਈ ਮਤ ਭੇਦ ਨਹੀਂ, ਜੋ ਇਸ ਵਿਚ ਦਿਤਾ ਗਿਆਨ ਅਤਿ ਉਤਮ ਹੈ।

(੧) ਜਿਥੋਂ ਤਕ ਅਰਥ ਭਾਵ ਦਾ ਸਵਾਲ ਹੈ, ਗੁਰਮਤ ਤੇ ਗੀਤਾ ਦਾ ਮੇਲ ਸਪਸ਼ਟ ਹੈ। ਕਈ ਵਿਚਾਰਵਾਨਾਂ ਦਾ ਖਿਆਲ ਹੈ, ਜੋ ਗੀਤਾ ਦਾ ਅਦ੍ਵੈਤ-ਮਤ ਬਹੁਤ ਹਦ ਤਕ ਬ੍ਰਾਹਮਣ ਗ੍ਰੰਥਾਂ ਨਾਲ ਸਾਂਝਾ ਹੈ, ਪਰ ਜੀਵ ਆਤਮਾ ਤੇ ਬ੍ਰਹਮ ਦੀ ਅਭੇਦਤਾ ਨੂੰ ਵਿਸ਼ਨੂੰ ਦੇ ਪੂਰਨ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀ ਭਗਤੀ ਤੇ ਪੂਜਾ ਨਾਲ ਜੋੜਨ ਦਾ ਇਕ ਉਚੇਚਾ ਯਤਨ ਵੀ ਹੈ।

ਭਾਵੇਂ ਗੀਤਾ ਦੇ ਸ਼ਲੋਕਾਂ ਦੇ ਭਾਵ ਅਰਥ ਕਰਨ ਸਬੰਧੀ ਇਕ ਦੂਜੇ ਵਿਚ ਕਾਫੀ ਅੰਤਰ ਹਨ, ਤਦ ਵੀ ਹੁਣ ਤਕ ਦੇ ਹੋਏ ਜਤਨਾਂ ਅਨੁਸਾਰ ਉਨ੍ਹਾਂ ਨੂੰ ਅਸੀਂ ਤਿਨਾਂ ਭਿੰਨ-ਭਿੰਨ ਮਤਾਂ ਵਿਚ ਵੰਡ ਸਕਦੇ ਹਾਂ—

(ੳ) ਜੀਵ-ਬ੍ਰਹਮ ਦੀ ਅਭੇਦਤਾ ਗਿਆਨ ਪ੍ਰਾਪਤੀ ਦਵਾਰਾ।

(ਅ) ਜੀਵ-ਬ੍ਰਹਮ ਦੀ ਅਭੇਦਤਾ ਭਗਤੀ ਭਾਵਨਾ ਨਾਲ ਗਿਆਨ ਪ੍ਰਾਪਤ ਕਰਕੇ ਜੀਵ ਦਾ ਪਰਮਾਤਮਾ ਦੀ ਹਜ਼ੂਰੀ ਵਿਚ ਪੁਜਣਾ।

(ੲ) ਕਰਮ ਮਾਰਗ ਰਾਹੀਂ ਅਭੇਦਤਾ ਹਾਸਲ ਕਰਨੀ।

ਅੰਕ (ੳ) ਤੇ (ੲ) ਅਦ੍ਵੈਤ ਮਤ ਦੇ ਹੀ ਦੋ ਸ੍ਰੂਪ ਹਨ, ਪਰ ਆਦਰਸ਼, ਪ੍ਰਾਪਤੀ ਤੇ ਸਾਧਨ ਵਖ-ਵਖ ਹਨ। ਇਕ ਦਾ ਸਾਧਨ, ਸੰਨਿਆਸ ਤੇ ਦੂਜੇ ਦਾ ਕਰਮ ਮਾਰਗ ਹੈ। ਪਰ ਅੰਕ (ਅ) ਦ੍ਵੈਤ ਮਾਰਗ ਹੈ ਤੇ ਸਾਧਨ ਭਗਤੀ ਹੈ।

(੨) ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਵਿਸ਼ਨੂੰ ਦੇ ਅਵਤਾਰ ਹੋ ਕੇ ਅਰਜਨ ਮਨੁੱਖ ਨੂੰ ਉਪਦੇਸ਼ਦੇ ਹਨ! ਜਾਂ ਇਹ ਵੀ ਕਿਹਾ ਜਾ ਸਕਦਾ ਹੈ, ਜੋ ਈਸ਼੍ਵਰ ਬ੍ਰਹਮ ਆਪ ਦੇਹ ਧਾਰ ਕੇ ਜੀਵ ਨੂੰ ਉਪਦੇਸ਼ ਦੇਂਦਾ ਹੈ। ਇਸ ਨਾਲ ਨਾ ਕੇਵਲ ਬ੍ਰਹਮ ਦੀ ਸਰਗੁਣਤਾ ਘਟੀਆ ਦਰਜੇ ਦੀ ਵਿਖਾਈ ਦੇਂਦੀ ਹੈ, ਸਗੋਂ ਦਲੀਲਨ ਵੀ ਕੋਝੀ ਜਾਪਦੀ ਹੈ। ਪਰਚਾਰ ਤਾਂ ਜੀਵ ਆਤਮਾ ਤੇ ਪਰਮਾਤਮਾ ਦੀ ਅਭੇਦਤਾ ਦਾ ਹੁੰਦਾ ਹੈਂ, ਪਰ ਕ੍ਰਿਸ਼ਨ ਤੇ ਅਰਜਨ ਫੇਰ ਵੀ ਦੋ ਹਨ। ਇਕ ਉਪਦੇਸ਼ਕ ਹੈ ਦੂਜਾ ਸ੍ਰੋਤਾ। ਇਹ ਵਖੇਵਾਂ ਅੰਤ ਤਕ ਰਹਿੰਦਾ ਹੈ ਤੇ ਅਰਜਨ ਸ੍ਰੀ ਕ੍ਰਿਸ਼ਨ ਨਹੀਂ ਬਣ ਸਕਦਾ।

(੩) ਗੀਤਾ ਮਤਿ ਅਵਤਾਰਵਾਦ ਦੇ ਸਿਧਾਂਤ ਨੂੰ ਮੰਨਦਾ ਹੈ।

(੪) ਗੀਤਾ ਭਗਤੀ ਭਾਵਨਾ ਦੇ ਖਿਆਲ ਨੂੰ ਮੁਖ ਰਖ ਕੇ ਭਗਤ ਨੂੰ ਪ੍ਰਤਿਮਾਵਾਂ ਤੇ ਚਿੰਨਾਂ ਰਾਹੀਂ ਪੂਜਾ ਕਰਨ ਲਈ ਪ੍ਰੇਰਨਾ ਦੇਂਦੀ ਹੈ।

(੫) ਗੀਤਾ ਤੇ ਵੇਦਾਂਤ ਅਨੁਸਾਰ (ਮੁਮੁਖਸ਼ੂ) ਮੁਕਤ ਪੁਰਸ਼ ਦਾ ਨਿਸ਼ਾਨਾ ਸਵਾਰਥਕ ਹੈ। ਜੀਵ ਮੁਕਤੀ ਤਾਂ ਸੰਗਤਿ ਰਾਹੀਂ ਪ੍ਰਾਪਤ ਕਰਦਾ ਹੈ। ਪਰ ਮੁਕਤ ਹੋ ਕੇ ਓਹ ਆਪਣੇ ਲਈ ਜੀਵਤ ਰਹਿੰਦਾ ਹੈ, ਦੂਜਿਆਂ ਲਈ ਨਹੀਂ। ਜੇ ਕਰ ਗਿਆਨ ਆਸਰੇ ਜੀਵਨ ਮੁਕਤ ਹੋ ਜਾਵੇ, ਤਾਂ ਫਿਰ ਓਹ ਆਪਣੇ ਸਿੰਚਤ ਕਰਮ (ਪਰਾਲਬਧ) ਦੀ ਭੁਗਤਾਨ ਕਰਨ ਲਈ ਹੀ ਜੀਉਂਦਾ ਹੈ, ਨਹੀਂ ਤਾਂ ਉਸ ਨੂੰ ਹੋਰ ਜੀਉਂਦੇ ਰਹਿਣ ਦੀ ਕੋਈ ਲੋੜ ਨਹੀਂ ਹੁੰਦੀ। ਕੇਵਲ ਕਰਮ ਭੁਗਤਾਨ ਦਾ ਖਿਆਲ ਹੀ ਉਸ ਨੂੰ ਆਤਮਘਾਤ ਕਰਨ ਤੋਂ ਵਰਜਦਾ ਹੈ।

ਨੋਟ—ਜੇਕਰ ਕਿਸੇ ਹਾਦਸੇ ਵਿਚ ਮੌਤ ਹੋ ਜਾਵੇ, ਤਾਂ ਫਿਰ ਕਰਮਾਂ ਦਾ ਭੁਗਤਾਨ ਕਿਸ ਤਰ੍ਹਾਂ ਹੋਵੇਗਾ ?

(੬) ਮੁਕਤੀ ਸ੍ਵੈ ਜਤਨਾਂ ਤੇ ਨਿਰਭਰ ਹੈ।

ਗੁਰਮਤ

ਗੁਰਮਤ, ਗਿਆਨ, ਭਗਤੀ ਤੇ ਕਰਮ ਮਾਰਗ ਦੀ ਸਾਂਝੀ ਨੀਂਹ ਤੇ ਕਾਇਮ ਹੈ। ਇਸ ਦਾ—

ਨਿਸ਼ਾਨਾ.....................ਅਦ੍ਵੈਤ
ਸਹਾਇਤਾ..............ਗਿਆਨ ਦੀ
ਮਾਰਗ.....................ਵਿਸਮਾਦ

ਹੈ। ਵਿਸਮਾਦਿ ਤੋਂ ਭਾਵ ਹੈ ਵਾਹਿਗੁਰੂ ਦੀ ਹਰ ਰਚਨਾ ਨੂੰ ਉਸ ਦੀ ਅਦਭੁਤਾ ਦਾ ਜ਼ਹੂਰ ਸਮਝ ਕੇ ਮਾਣਨਾ, ਵਾਹ-ਵਾਹ ਕਰਨਾ ਤੇ ਵਾਹ-ਵਾਹ ਦੀ ਮਾਨਸਿਕ ਰੁੱਚੀ ਤੋਂ ਉਚੇਰਿਆਂ ਉਠ ਕੇ ਸਹਿਜ ਅਵਸਥਾ ਨੂੰ ਪ੍ਰਾਪਤ ਕਰਨਾ ਹੈ। ਸਹਿਜ ਦਾ ਵਰਨਨ ਭਾਵੇਂ ਅਕਥਨੀਂਹ ਹੈ, ਫਿਰ ਵੀ ਸਤਿਗੁਰੂ ਸਮਝਾਣ ਹਿਤ ਇਸ ਤਰ੍ਹਾਂ ਫਰਮਾਂਦੇ ਹਨ—

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥
ਕੇਲ ਕਰਹਿ ਸੰਤ ਹਰਿ ਲੋਗ ॥ ਪਾਰ ਬ੍ਰਹਮ ਪੂਰਨ ਨਿਰਜੋਗ ॥
ਸੂਖ ਸਹਜ ਆਨੰਦ ਭਵਨ ॥
ਸਾਧ ਸੰਗਿ ਬੈਸ ਗੁਣ ਗਾਵਹ, ਤਿਹ ਰੋਗ ਸੋਗ ਨਹੀ ਜਨਮ ਮਰਣ ॥
ਊਹਾ ਸਿਮਰਹਿ ਕੇਵਲ ਨਾਮੁ ॥ ਬਿਰਲੇ ਪਾਵਹਿ ਓਹੁ ਬਿਸ੍ਰਾਮ ॥
ਭੋਜਨ ਭਾਉ ਕੀਰਤਨ ਆਧਾਰੁ ॥ ਨਿਹਚਲ ਆਸਨੁ ਬੇਸੁਮਾਰ ॥
ਡਿਗੈ ਨ ਡੋਲੈ ਕਤਹੂ ਨ ਧਾਵੈ ॥ ਗੁਰਪ੍ਰਸਾਦਿ ਕੋ ਇਹੁ ਮਹਲੁ ਪਾਵੈ ॥
ਭ੍ਰਮ ਭੈ ਮੋਹ ਨ ਮਾਇਆ ਜਾਲੁ ॥ ਸੁੰਨ ਸਮਾਧਿ ਪ੍ਰਭੂ ਕਿਰਪਾਲੁ ॥
ਤਾਕਾ ਅੰਤੁ ਨ ਪਾਰਾਵਾਰੁ ॥ ਆਪੇ ਗੁਪਤੁ ਆਪੇ ਪਾਸਾਰੁ ॥
ਜਾਕੈ ਅੰਤਰਿ ਹਰਿ ਹਰਿ ਸੁਆਦੁ ॥ ਕਹਨੁ ਨਾ ਜਾਈ ਨਾਨਕ ਬਿਸਮਾਦੁ । ੨੦॥
(ਰਾਮਕਲੀ ਮ: ੫)

(੨) ਗੁਰਮਤਿ ਅਨੁਸਾਰ ਵਾਹਿਗੁਰੂ (ਬ੍ਰਹਮ) ਅਜੋਨੀ ਹੈ, ਇਸ ਲਈ ਮਨੁੱਖੀ ਜਾਮਾ ਧਾਰਨ ਨਹੀਂ ਕਰਦਾ। ਇਸ ਵਿਚ ਓਹ ਵਖੇਵਾਂ ਵੀ ਨਹੀਂ ਜੋ ਕ੍ਰਿਸ਼ਨ ਤੇ ਅਰਜਨ ਵਿਚ ਹੈ। ਸਗੋਂ ਗੁਰੂ ਤੇ ਸਿਖ ਦਾ ਰਿਸ਼ਤਾ ਅੰਤ ਵਿਚ ਅਭੇਦਤਾ ਤਕ ਪੁਜ ਜਾਂਦਾ ਹੈ। ਇਸ ਤਰ੍ਹਾਂ ਗੁਰੂ ਤੇ ਸਿਖ ਦਾ ਅੰਤਰਾ ਵੀ ਮਿਟ ਜਾਂਦਾ ਹੈ। ਗੁਰੂ ਵਿਚ ਰੱਬ ਦੀ ਜੋਤਿ ਪਰਫੁਲਤ ਹੋ ਕੇ ਬ੍ਰਹਮ ਰੂਪ ਬਣ ਚੁਕੀ ਹੁੰਦੀ ਹੈ, ਇਸ ਲਈ ਗੁਰੂ ਪੂਰਨ ਹੈ ਤੇ ਸਿਖ ਉਸ ਦੇ ਦਿਤੇ ਉਪਦੇਸ਼ ਤੇ ਚਲ ਕੇ ਪੂਰਨ ਹੋ ਜਾਂਦਾ ਹੈ।

ਸਾਈਕੋਲਾਜੀਕਲ ਨਿਯਮਾਂ (ਮਨਾਸਿਕ ਨਿਯਮਾਂ) ਅਨੁਸਾਰ ਕ੍ਰਿਸ਼ਨ ਤੇ ਅਰਜਨ ਦਾ ਭੇਦ ਨਿਰਬਲ ਮਨ ਨੂੰ ਸ਼ਕਤੀ ਤਾਂ ਜ਼ਰੂਰ ਦੇਂਦਾ ਹੈ। ਭਗਤੀ ਭਾਵਨਾ ਵੀ ਪੈਦਾ ਕਰਦਾ ਹੈ, ਪਰ ਆਤਮਾ ਨੂੰ ਅਦ੍ਵੈਤਕ ਪਧਰ ਤਕ ਲਿਜਾਣ ਦੇ ਰਾਹ ਵਿਚ ਇਕ ਵਡੀ ਰੁਕਾਵਟ ਹੈ। ਗੁਰਮਤ ਅਨੁਸਾਰ—

(ੳ) ਗੁਰਸਿਖ, ਸਿਖ ਗੁਰੂ ਹੈ, ਏਕੋ ਗੁਰ ਉਪਦੇਸ਼ ਚਲਾਏ ॥
(ਆਸਾ ਮ: ੪ ਛੰਤ ਘਰ ੧)

(ਅ) ਆਪੇ ਗੁਰ, ਚੇਲਾ ਹੈ ਆਪੇ, ਆਪੇ ਗੁਣੀ ਨਿਧਾਨ ॥
(ਬਿਲਾਵਲ ਮ: ੩)

(ੲ) ਆਪੇ ਗੁਰ, ਚੇਲਾ ਹੈ ਆਪੇ, ਆਪੇ ਦਸੇ ਘਾਟੁ ॥
(ਗੁਜਰੀ ਕੀ ਵਾਰ ਮ: ੩)

(ਸ) ਆਪੇ ਗੁਰ, ਚੇਲਾ ਹੈ ਆਪੇ, ਆਪੇ ਹਰਿ ਪ੍ਰਭ ਚੋਜ ਵਿਡਾਣੀ ॥
(ਧਨਾਸਰੀ ਮ: ੪)

(ਹ) ਸਾਹਿਬੁ ਸੇਵਕੁ ਇਕੁ, ਇਕ ਦ੍ਰਿਸਟਾਇਆ ॥
(ਗੁਜਰੀ ਕੀ ਵਾਰ ਮ: ੫)

(ਕ) ਗੁਰ ਚੇਲਾ, ਚੇਲਾ ਗੁਰ ਭਾਯਾ ॥੩੪॥੨੬॥
(ਵਾਰ ਭਾਈ ਗੁਰਦਾਸ ਜੀ)

(ਖ) ਗੁਰ ਚੇਲਾ, ਚੇਲਾ ਗੁਰੂ, ਪੁਰਖਹੁ ਪੁਰਖ ਚਲਿਤ ਵਰਤਾਇਆ ॥੫॥੬॥
(ਵਾਰ ਭਾਈ ਗੁਰਦਾਸ ਜੀ)

(ਗ) ਬਿਰਖਹੁੰ ਫਲ, ਫਲ ਤੇ ਬਿਰਖ, ਗੁਰਸਿਖ ਸਿਖ ਗੁਰ ਮੰਤ੍ਰ ਸੁਹੇਲਾ ॥੨੦॥੭॥
(ਵਾਰ ਭਾਈ ਗੁਰਦਾਸ ਜੀ)

ਇਤਿਹਾਸ ਇਸ ਗੱਲ ਦੀ ਪਕੀ ਸ਼ਹਾਦਤ ਪੇਸ਼ ਕਰਦਾ ਹੈ, ਜੋ ਸ੍ਰੀ ਗੁਰੂ ਅੰਗਦ ਦੇਵ ਜੀ ਸਿਖ ਦੇ ਰੂਪ ਵਿਚ ਹੀ ਗੁਰੂ ਨਾਨਕ ਸਾਹਿਬ ਜੀ ਦੇ ਦਰ ਤੇ ਪੁਜੇ ਸਨ। ਉਸ ਵੇਲੇ ਆਪ ੨੬ ਸਾਲ ਦੇ ਪੁੰਗਰਦੇ ਜਵਾਨ ਭਾਈ ਲਹਿਣਾ ਜੀ ਸਨ। ਗੁਰੂ ਉਪਦੇਸ਼ ਕਮਾ ਕੇ ਪੂਰੇ ਸਤ ਸਾਲ ਦੀ ਕਰੜੀ ਕਮਾਈ ਮਗਰੋਂ ਆਪ ਅਭੇਦਤਾ ਦੀ ਪਦਵੀ ਤਕ ਪੁਜੇ ਤੇ ਦੂਜੇ ਗੁਰੂ ਨਾਨਕ ਬਣੇ। ਸਰੀਰਕ ਵਖੇਵਾਂ ਅਭੇਦਤਾ ਦੇ ਰਸਤੇ ਦੀ ਰੁਕਾਵਟ ਨਹੀਂ ਬਣ ਸਕਿਆ। ਇਸ ਲਈ ਸਿਖੀ ਵਿਚ ਗੁਰੂ ਜੋਤਿ ਵਿਚ ਭਿੰਨਤਾ ਤਸਲੀਮ ਨਹੀਂ ਕੀਤੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਅਭੇਦਤਾ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ—

ਭਿੰਨ ਭਿੰਨ ਸਭਹੂ ਕਰ ਜਾਨਾ ॥ ਏਕ ਰੂਪ ਕਿਨਹੂ ਪਹਿਚਾਨਾ ॥
ਜਿਨਿ ਜਾਨਾ ਤਿਨਿ ਹੂ ਸਿਧਿ ਪਾਈ ॥ ਬਿਨਾ ਬੂਝੇ ਸਿਧਿ ਹਾਥਿ ਨ ਆਈ ॥
(ਬਚਿਤ੍ਰ ਨਾਟਕ ਪਾ: ੧੦)

(੩) ਗੁਰਮਤਿ ਅਵਤਾਰ ਵਾਦਿ ਦਾ ਸਖਤ ਵਿਰੋਧੀ ਹੈ। ਵਾਹਿਗੁਰੂ ਜੀ ਅਜੋਨੀ ਹਨ, ਫੇਰ ਜਨਮ ਕਿਵੇਂ ਲੈ ਸਕਦੇ ਹਨ? ਅਵਤਾਰ ਦਾ ਤਾਂ ਅਰਥ ਹੀ ਭਗਵਾਨ ਦਾ ਜਨਮ ਲੈ ਕੇ ਮਨੁੱਖੀ ਜਾਮਾ ਧਾਰਨ ਕਰਨਾ ਹੈ। ਤੇ ਮੰਨੇ-ਪਰਮੰਨੇ ਸਾਰੇ ਅਵਤਾਰਾਂ ਨੇ ਬਾਕਾਇਦਾ ਮਾਂ ਦੀ ਕੁਖੋਂ ਜਨਮ ਲਿਆ ਹੈ,

ਜਿਹਾ ਕਿ ਸ੍ਰੀ ਰਾਮ ਚੰਦਰ ਜੀ ਦੇ ਪਿਤਾ ਦਸ਼ਰਥ ਜੀ ਦੀ ਬਿੰਦੂ ਤੇ ਮਾਤਾ ਕੁਸ਼ਲਿਆ ਜੀ ਰਿਤੂ ਦੇ ਸੁਮੇਲ ਦੀ ਹੀ ਉਪਜ ਸਨ ਤੇ ਬਾਕਾਇਦਾ ਮਾਤ ਗਰਭ ਵਿਚ ਆਏ ਸਨ। ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਪਿਤਾ ਵਾਸਦੇਵ ਤੇ ਮਾਤਾ ਦੇਵਕੀ ਦੀ ਹੀ ਸੰਤਾਨ ਸਨ। ਗੁਰਮਤਿ ਅਨੁਸਾਰ ਇਹ ਪੂਰਨ ਮਨੁੱਖ ਤਾਂ ਕਿਹੇ ਜਾ ਸਕਦੇ ਸਨ। ਪਰ ਮਨੁੱਖ ਰੂਪ ਵਿਚ ਜਨਮੇ ਵਾਹਿਗੁਰੂ ਜੀ ਨਹੀਂ ਕਹੇ ਜਾ ਸਕਦੇ। ਸਤਿਗੁਰੂ ਜੀ ਤਾਂ ਅਵਤਾਰ ਵਾਦ ਸਬੰਧੀ ਕੁਝ ਇਸ ਤਰ੍ਹਾਂ ਦੀ ਰਾਇ ਰਖਦੇ ਹਨ—

(ੳ) ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਈ ॥੩॥
(ਵਾਰ ਮਾਰੂ ਮ: ੫)
(ਅ) ਸੋ ਮੁਖੁ ਜਲਉ ਜਿਤੁ ਕਹਹਿ ਠਾਕਰ ਜੋਨੀ ॥
(ਭੈਰਉ ਮ: ੫ ਘਰ ੧)
(ੲ) ਗਗਨ ਅਗੰਮੁ ਅਨਾਥ ਅਜੋਨੀ ॥
(ਰਾਮਕਲੀ ਦ: ਓਅੰਕਾਰ ਮ: ੧)
(ਸ) ਆਦਿ ਰੂਪ ਅਨਾਦਿ ਮੂਰਤ ਅਜ਼ੋਨਿ ਪੁਰਖ ਅਪਾਰ ॥
(ਜਾਪ ਪਾ: ੧੦)
(ਹ) ਨਮਸਤੰ ਅਜਨਮੇ ॥ ਨਮਸਤੰ ਸਬਨਮੇ ॥੨੧॥
ਅਗੰਮ ਹੈ ॥ ਅਜੰਮ ਹੈ ॥੪੦॥ ਅਜੋਨੀ ॥ ਅਮੋਨੀ ॥੧੯੪॥
(ਜਾਪ ਪਾ: ੧੦)
(ਕ) ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸ਼ੀ, ਤਿਹ ਪਰਮੇਸਰ ਜਾਨੋ ॥੧॥੫॥
(ਰਾਗ ਰਾਮਕਲੀ ਪਾ: ੧੦)
(ਖ) ਸੰਕਟ ਨਹੀਂ ਪਰੈ, ਜੋਨਿ ਨਹੀ ਆਵੈ ਨਾਮ ਨਿਰੰਜਨ ਜਾ ਕੋ ਰੇ ॥
(ਗਉੜੀ ਕਬੀਰ ਜੀ)

(੪) ਗੁਰਮੱਤਿ ਵਿਚ ਮੂਰਤੀ ਜਾਂ ਚਿੰਨ ਪੂਜਾ ਲਈ ਕੋਈ ਗੁੰਜਾਇਸ਼ ਨਹੀਂ। ਇਸ ਵਿਚ ਤਾਂ ਕੇਵਲ ਨਿਰਾਕਾਰ ਵਾਹਿਗੁਰੂ ਦੀ ਪੂਜਾ ਨੂੰ ਦ੍ਰਿੜ ਕਰਨਾ ਹੈ:—

(ੳ) ਜੋ ਪਾਥਰ ਕਉ ਕਹਤੇ ਦੇਵ ॥ ਤਾਕੀ ਬਿਰਥਾ ਹੋਵੈ ਸੇਵ ॥

… … … … …

ਨਾ ਪਾਥਰ ਬੋਲੈ ਨ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥
੪ ॥ ੩ ॥ ੧੨ ॥ (ਭੈਰਉ ਮ: ੫)
(ਅ) ਘਰ ਮਹਿ ਠਾਕੁਰੁ ਨਦਰਿ ਨ ਆਵੈ ਗਲ ਮਹਿ ਪਾਹਣੁ ਲੈ ਲਟਕਾਵੈ ॥
(ਸੂਹੀ ਮ: ੫)
(ੲ) ਹਿੰਦੂ ਮੂਲੇ ਭੂਲੇ ਅਖੁਟੀ ਜਾਹੀਂ। ਨਾਰਦਿ ਕਹਿਆ ਸਿ ਪੂਜ ਕਰਾਹੀਂ ॥

ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰ ਲੇ ਪੂਜਹਿ ਮੁਗਧ ਗਵਾਰ ॥
ਓਹਿ ਜਾਂ ਆਪਿ ਡੁਬੇ ਤੁਮ ਕਹਾ ਤਰਾਵਣਹਾਰ ॥ ੨ ॥ ੨੦ ॥
(ਵਾਰ ਗੁਜਰੀ ਮ: ੩)

(ਸ) ਇਕ ਬਿਨ ਦੂਸਰ ਸੋ ਨ ਚਿਨਾਰ ॥
ਭੰਜਨ ਗੜਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ ॥ ਰਹਾਉ ॥
ਕਹਾ ਭਇਓ ਜੋ ਅਤ ਹਿਤ ਚਿਤ ਕਰ ਬਹੁ ਬਿਧ ਸਿਲਾ ਪੁਜਾਈ ॥
ਪ੍ਰਾਨ ਥਕਿਓ ਪਾਹਿਨ ਕਰ ਪਰਸਤ ਕਛੁ ਕਰ ਸਿਧ ਨ ਆਈ ॥
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ ॥
ਤਾਂ ਮੈ ਕਹਾ ਸਿਧ ਹੈ ਰੇ ਜੜ੍ਹ ਤੋਹਿ ਕਛੂ ਬਰ ਦੈ ਹੈ ॥
ਜੋ ਜੀਯ ਹੋਤ ਤੌ ਦੇਤ ਕਛੂ ਤੁਹਿ ਕਰ ਮਨ ਬਚ ਕਰਮ ਬਿਚਾਰ ॥
ਕੇਵਲ ਏਕ ਸਰਣ ਸੁਆਮੀ ਬਿਨ ਯੌ ਨਹਿ ਕਤਹਿ ਉਧਾਰ ॥
੪ ॥ ੧ ॥ ੯ ॥ ੩੩ ॥ (ਰਾਗ ਦੇਵਗੰਧਾਰੀ ਪਾ: ੧੦)

(ਹ) ਮਨਮ ਕੁਸ਼ਤਨਮ ਕੋਹੀਆਂ ਬੁਤੂ ਪ੍ਰਸਤ
ਕਿ ਊ ਯੁਟ ਪ੍ਰਸਤੰਦ ਉ ਮਨ ਯੁਤ ਸ਼ਿਕੱਸ਼ਤ ॥ ੯੫ ॥
(ਜ਼ਫਰਨਾਮਾ ਪਾ: ੧੦)

(੫) ਗੁਰਮੱਤਿ ਦਾ ਨਿਸ਼ਾਨਾ ਵੀ ਮੁਕਤੀ ਹੈ । ਇਹ ਮੁਕਤੀ ਅਭੇਦਤਾ ਦਾ ਹੀ ਦੂਜਾ ਨਾਮ ਹੈ। ਗੁਰਸਿਖ ਅਕਾਲ ਪੁਰਖ ਦੀ ਰਜ਼ਾ ਨੂੰ ਮਿਠਾ ਕਰਕੇ ਮੰਨਦਾ ਹੈ ਤੇ ਜੀਵਨ ਮੁਕਤ ਹੋ ਜਾਂਦਾ ਹੈ। ਜੀਵਨ ਮੁਕਤ ਲਈ ਹਰਖ ਸੋਗ, ਮਿਟੀ ਸੋਨਾ, ਬਿਖ ਅੰਮ੍ਰਿਤ, ਮਾਨ ਅਪਮਾਨ, ਰਾਜਾ ਰੰਕ ਇਕ ਸਮਾਨ ਹਨ। ਭਾਵ ਉਹ ਸੋਨਾ ਮਿਲਣ ਤੇ ਬਹੁਤਾ ਖੁਸ਼ ਨਹੀਂ ਹੁੰਦਾ ਤੇ ਸੋਨਾ ਚਲੇ ਜਾਣ ਤੇ ਰੋਂਦਾ ਨਹੀਂ। ਇਸੇਤਰ੍ਹਾਂ ਹਰ ਰੰਗ ਵਿਚ ਤਬੀਅਤ ਨੂੰ ਇਕਸਾਰ ਰਖਦਾ ਹੈ ਤੇ ਸਦਾ ਮੇਲ ਤੇ ਸਦਾ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ :

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦ ਤਹ ਨਾਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥
੭ ॥ ੯ ॥ (ਗਉੜੀ ਸੁਖਮਨੀ ਮ: ੫)

ਅਜਿਹੇ ਜੀਵਨ ਮੁਕਤਿ ਦੇ ਸਾਰੇ ਕਰਮ ਵਾਹਿਗੁਰੂ ਦੀ ਮਿਹਰ ਦੇ ਸਦਕੇ ਧੋਤੇ ਜਾਂਦੇ ਹਨ । ਉਸਨੂੰ ਆਪਣੇ ਕਰਮਾਂ ਦੀ ਭੁਗਤਾਨ ਦਾ ਡਰ ਨਹੀਂ ਰਹਿੰਦਾ। ਇਸ ਲਈ ਉਹ ਇਸ ਭੁਗਤਾਨ ਲਈ ਨਹੀਂ ਜੀਂਦਾ, ਸਗੋਂ ਭਾਣੇ ਵਿਚ ਜੀਂਦਾ ਹੈ। ਪਰਉਪਕਾਰ ਲਈ ਜੀਂਦਾ ਹੈ। ਉਹਦੀ ਆਪਣੀ ਹਉਮੈ ਨਾਸ਼ ਹੋ

ਝੁਕੀ ਹੁੰਦੀ ਹੈ। ਹੁਣ ਉਸਦੇ ਅੰਦਰ ਨਿਮਰਤਾ ਤੇ ਪਰਉਪਕਾਰ ਦੇ ਚਸ਼ਮੇ ਫੁਟ ਪੈਂਦੇ ਹਨ :

> ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
> ੪ ॥ ੮ ॥
> (ਗਉੜੀ ਸੁਖਮਨੀ ਮ: ੫)

ਉਸਦੀ ਮੁਕਤੀ ਕੇਵਲ ਆਪਣੇ ਤੇ ਹੀ ਨਹੀਂ ਮੁਕ ਜਾਂਦੀ। ਉਹ ਆਪ ਤਾਂ ਮੁਕਤਿ ਹੈ ਹੀ, ਪਰ ਹੁਣ ਉਹ ਦੂਜਿਆਂ ਨੂੰ ਮੁਕਤਿ ਕਰਾਉਣ ਦੇ ਸਾਧਨ ਸੋਚਦਾ ਹੈ ਤੇ ਇਸੇ ਜਤਨ ਵਿਚ ਬਾਕੀ ਦਾ ਜੀਵਨ ਬਤੀਤ ਕਰਦਾ ਹੈ :

> ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
> ਨਾਨਕ ਤਿਸੁ ਜਨੁ ਕਉ ਸਦਾ ਨਮਸਕਾਰੁ ॥ ੮ ॥ ੨੩ ॥
> (ਗਉੜੀ ਸੁਖਮਨੀ ਮ: ੫)

ਜੀਵਨ ਮੁਕਤ ਓਦੋਂ ਤਕ ਨਹੀਂ ਹੋ ਸਕਦਾ, ਜਦ ਤਕ ਹਉਮੈ ਮੂਲੋਂ ਨਾਸ ਨਹੀਂ ਹੋ ਜਾਂਦੀ। ਸਾਹਿਬ ਕਹਿੰਦੇ ਹਨ, ਜੀਵਨ ਮੁਕਤ ਉਸਨੂੰ ਕਿਹਾ ਜਾਂਦਾ ਹੈ :

> ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥ ੩ ॥
> [ਆਸਾ ਮ: ੪ ਛੰਤੁ ਘਰੁ ੪]

ਅਜਿਹੇ ਜੀਵਨ ਮੁਕਤ ਦਾ ਹਰ ਕਰਮ ਈਸ਼੍ਵਰੀ ਹੈ, ਨਿਰਮਲ ਹੈ, ਹਉਮੈ ਰਹਿਤ ਹੈ। ਉਹ ਕਰਮ ਤਾਂ ਕਰਦਾ ਹੈ, ਪਰ ਕਰਮ ਕਰਦਿਆਂ ਵੀ ਨਿਹਕਰਮ ਹੈ। ਉਹ ਨਿਸ਼ਕਾਮ ਤੇ ਸਵਾਰਥ ਰਹਿਤ ਹੋ ਕੇ ਧਰਮ ਦੀ ਪਾਲਨਾ ਕਰਦਾ ਹੈ। ਉਸਦਾ ਧਰਮ ਨਿਰਮਲ ਧਰਮ ਹੈ :

> ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥੨॥੯॥
> [ਗਉੜੀ ਸੁਖਮਨੀ ਮ: ੫]

ਜੀਵਨ ਮੁਕਤ ਹੋਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਚਾਰ ਅਵਸਥਾਵਾਂ ਵਿਚੋਂ ਲੰਘਣ ਦਾ ਜ਼ਿਕਰ ਕਰਦੇ ਹਨ। ਇਹ ਚਾਰ ਪਉੜੀਆਂ ਹਨ, ਜਿਨ੍ਹਾਂ ਤੇ ਚੜ੍ਹਕੇ ਹੀ ਜੀਵਨ ਮੁਕਤੀ ਦੀ ਮੰਜ਼ਲ ਅਪੜਦੀ ਹੈ। ਜਪੁ ਨੀਸਾਣੁ ਵਿਚ ਇਨ੍ਹਾਂ ਪਉੜੀਆਂ ਨੂੰ ਚਾਰ ਖੰਡ ਕਰਕੇ ਆਖਿਆ ਹੈ। ਪੰਜਵਾਂ ਖੰਡ ਨਿਰੰਕਾਰ ਦਾ ਹੈ। ਚੌਥੀ ਪਾਉੜੀ ਤੇ ਪੂਜਾ ਜੀਵਨ ਮੁਕਤਿ ਨਿਰੰਕਾਰ ਦੀ ਮਿਹਰ ਦੇ ਸਦਕੇ ਉਸ ਵਿਚ ਅਭੇਦ ਹੋ ਜਾਂਦਾ ਹੈ। ਇਸ ਅਭੇਦਤਾ ਦਾ ਨਾਮ ਹੀ ਮੁਕਤੀ ਹੈ। ਹੁਣ ਅਸੀਂ ਉਨ੍ਹਾਂ ਚਾਰ ਪਉੜੀਆਂ ਦਾ ਸੰਖੇਪ ਜਿਹਾ ਜ਼ਿਕਰ ਕਰ ਦੇਣਾ ਮੁਨਾਸਬ ਸਮਝਦੇ ਹਾਂ :

ਪਹਿਲੀ ਪੌੜੀ-ਧਰਮ ਖੰਡ

ਇਹ ਧਰਤੀ ਇਕ ਧਰਮ ਕਮਾਣ ਦਾ ਘਰ (ਧਰਮਸਾਲ) ਹੈ । ਇਸ਼ ਵਿਚ ਜਿਸ ਤਰ੍ਹਾਂ ਰਾਤਾਂ, ਰੁਤਾਂ, ਥਿਤਾਂ, ਵਾਰ, ਪਵਣ, ਪਾਣੀ, ਅਗਨੀ ਤੇ ਪਾਤਾਲ (ਧਰਤੀ) ਆਦਿ ਸਾਰੇ ਕਿਸੇ ਅਟੱਲ ਕਾਨੂੰਨ ਦੇ ਅਧੀਨ ਚਲ ਰਹੇ ਹਨ, ਉਸੇਤਰ੍ਹਾਂ ਇਸ ਧਰਮਸਾਲ ਵਿਚ ਅਨੇਕ ਕਿਸਮਾਂ, ਨਾਵਾਂ, ਜੁਗਤਾਂ ਵਾਲੇ ਅਨੰਤ ਜੀਵ ਵਿਚਰ ਰਹੇ ਹਨ। ਇਹ ਅਟੱਲ ਕਾਨੂੰਨ ਕਰਮਾਂ ਦਾ ਕਾਨੂੰਨ ਹੈ । ਇਸ ਕਾਨੂੰਨ ਅਨੁਸਾਰ ਜੋ ਕੁਝ ਕੋਈ ਬੀਜੇਗਾ, ਸੋਈਓ ਹੀ ਵਢੇਗਾ । ਜੌਂ ਬੀਜ ਕੇ ਕਣਕ, ਬਿਖ ਬੀਜ ਕੇ ਅੰਮ੍ਰਿਤ ਜਾਂ ਕਿਕਰ ਦੇ ਕੰਡੇ ਬੀਜ ਕੇ ਅੰਗੂਰਾਂ ਦੀ ਆਸ ਰਖਣੀ ਬੇਅਰਥ ਹੈ। ਅਸੀਂ ਆਪਣਾ ਕਤਿਆ ਹੀ ਆਪਣੇ ਨਾਲ ਲਿਜਾਣਾ ਹੈ। ਸ਼ਹਿਦ ਦੀ ਮੱਖੀ ਵਾਂਗ ਸਾਡਾ ਜੀਵ ਆਤਮਾ ਆਪਣਾ ਛਤਾ ਆਪ ਰਚ ਲੈਂਦਾ ਹੈ। ਇਹ ਕਿਰਤ ਕਰਮ (ਪੂਰਬਲੇ, ਪਿਛਲੇ ਜਾਂ ਸਿੰਚਤ) ਵੀ ਭੋਗਦਾ ਹੈ ਤੇ ਨਾਲੋ ਨਾਲ ਨਵੇਂ ਕਰਮ ਚਿਤਰ ਵੀ ਚਿਤਰਦਾ ਜਾਂਦਾ ਹੈ । ਜਿਵੇਂ ਬਰਫ ਦਾ ਗੋਲਾ ਰਿੜਦਾ-ਰਿੜਦਾ ਆਪਣੇ ਨਾਲ ਹੋਰ ਬਰਫ ਵੀ ਲਪੇਟ ਲੈਂਦਾ ਹੈ, ਇਸੇ ਤਰ੍ਹਾਂ ਇਹ ਜੀਵ ਆਤਮਾ ਵੀ ਨਵੇਂ ਕਰਮਾਂ ਦਾ ਲਪੇਟ, ਆਪਣੇ ਨਾਲ ਲਪੇਟਦਾ ਜਾਂਦਾ ਹੈ। ਸਾਰੇ ਦੁਖ ਸੁਖ ਸਾਡੇ ਆਪਣੇ ਹੀ ਕਰਮਾਂ ਦੇ ਵਿਹਾਜੇ ਹੋਏ ਹਨ।

ਜਦੋਂ ਮਨੁਖ ਨੂੰ ਇਸ ਅਟਲ ਕਾਨੂੰਨ ਦੀ ਸੋਝੀ ਹੋ ਜਾਂਦੀ ਹੈ। ਜਦੋਂ ਉਹ ਇਹ ਅੰਤਮ ਆਤਮੇ ਦ੍ਰਿੜ ਕਰ ਲੈਂਦਾ ਹੈ, ਜੋ ਆਪਣੇ ਕਰਮਾਂ ਦਾ ਭੁਗਤਾਨ ਉਸਨੂੰ ਭੁਗਤਾਣਾ ਹੀ ਪੈਣਾ ਹੈ, ਤਾਂ ਵਿਚਾਰਵਾਨ ਜੀਵ ਆਪਣਾ ਅਗਾ ਸਵਾਰਨ ਦੇ ਖਿਆਲ ਅਨੁਸਾਰ ਆਪਣੀ ਆਚਰਨ ਉਸਾਰੀ ਲਈ ਹੰਭਲਾ ਮਾਰਣ ਲਗ ਪੈਂਦਾ ਹੈ। ਜਿਉਂ-ਜਿਉਂ ਚੰਗਾ ਆਚਰਨ ਉਸਰਦਾ ਜਾਂਦਾ ਹੈ, ਤਿਉਂ ਤਿਉਂ ਹੀ ਉਸਦੀ ਬਲ ਬੁਧੀ ਉਚੇਰੀ ਤੇ ਅਨੁਭਵੀ ਹੁੰਦੀ ਜਾਂਦੀ ਹੈ ਅੰਤ ਨੂੰ ਚੰਗਾ ਉਚਾ ਆਚਾਰ ਗਿਆਨ ਦੇ ਵਿਕਾਸ ਲਈ ਰਸਤਾ ਖੋਹਲ ਦੇਂਦਾ ਹੈ ।

ਇਥੇ ਇਹ ਦਸ ਦੇਣਾ ਕੁਥਾਂ ਨਹੀਂ ਹੋਵੇਗਾ, ਜੋ ਗੁਰਮਤਿ ਵਿਚ ਆਚਾਰ-ਹੀਨ ਗਿਆਨ ਦੀ ਕੋਈ ਥਾਂ ਨਹੀਂ। ਨਿਰਾ ਪੁਰਾ ਗਿਆਨ ਬੁਧੀ ਦਾ ਵਿਕਾਸ ਤਾਂ ਜ਼ਰੂਰ ਹੈ, ਪਰ ਮਨ ਤੇ ਚਿਤ ਦਾ ਵਿਕਾਸ, ਉਚੇ ਆਚਰਨ ਬਿਨਾਂ ਸੰਭਵ ਨਹੀਂ । ਜਿਸਤਰ੍ਹਾਂ ਬਾਜ, ਉਕਾਬ, ਸ਼ਿਕਰਾ, ਜਾਂ ਇਲ ਆਦਿ ਪੰਛੀ ਆਕਾਸ਼ ਵਿਚ ਬਾਕੀ ਪੰਛੀਆਂ ਤੋਂ ਉਚੀ ਉਡਾਰੀ ਲਾਂਦੇ ਹਨ, ਪਰ ਆਕਾਸ਼ ਦੀਆਂ ਅਨੰਤ ਖੁਸ਼ੀਆਂ ਵਲੋਂ ਬੇਖਬਰ ਹੁੰਦੇ ਹਨ। ਉਨ੍ਹਾਂ ਦੀ ਤੇਜ਼ ਨਜ਼ਰ ਸੈਂਕੜੇ ਗਜ਼ ਧਰਤੀ ਤੇ ਬੈਠੇ ਚਿੜੀ ਦੇ ਬੋਟ ਤੇ ਤਾਂ ਸਹਿਜੇ ਹੀ ਪੈ ਜਾਂਦੀ ਹੈ, ਪਰ ਅਕਾਸ਼ੀ ਵਸਤੂਆਂ ਨੂੰ ਉਹ ਵਿਚ ਘੁੰਮਦੇ ਵੀ ਨਹੀਂ ਵੇਖ ਸਕਦੇ। ਇਸੇਤਰ੍ਹਾਂ ਉਚ ਗਿਆਨੀ

ਅਨੁਭਵ ਦੀਆਂ ਸਿਖਰਾਂ ਨੂੰ ਛੂਹ ਨਹੀਂ ਸਕਦਾ, ਕਿਉਂਕਿ ਉਸਦੀ ਬਿਰਤੀ ਵਿਚ ਮਾਇਆ ਦਾ ਨਿਵਾਸ ਹੈ ਤੇ ਉਸਦੀ ਅਕਲ ਮਾਇਕ ਪਦਾਰਥਾਂ ਦੀ ਪਕੜ ਪਿਛੇ ਹੀ ਦੌੜਦੀ ਰਹਿੰਦੀ ਹੈ :

ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਨੀ ॥ ੨੪ ॥
[ਰਾਮਕਲੀ ਅਨੰਦ ਮ: ੩]

ਸੋ ਗੁਰ ਆਸ਼ੇ ਅਨੁਸਾਰ ਮਨ ਵਿਚ ਹੋਰ ਤੇ ਮੁਖ ਵਿਚੋਂ ਹੋਰ ਭਾਖਣ ਵਾਲੇ ਗਿਆਨਵਾਨ ਕਚੇ ਹਨ, ਸਚੇ ਨਹੀਂ :

ਜਿਨਿ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥
[ਆਸਾ ਸ਼ੇਖ ਫਰੀਦ ਜੀ]

ਅਸਲ ਵਿਚ ਸਚ ਤਾਂ ਸਚ ਹੀ ਰਹੇਗਾ, ਉਸ ਤੋਂ ਉਤੇ ਤਾਂ ਕੋਈ ਹੋਰ ਚੀਜ਼ ਹੋ ਹੀਂ ਨਹੀਂ ਸਕਦੀ। ਫੇਰ ਸਚ ਦੀ ਕੋਈ ਤਾਰੀਫ ਕਰੀਏ ਵੀ ਤਾਂ ਕੀਤੀ ਹੀ ਨਹੀਂ ਜਾ ਸਕਦੀ। ਤਾਰੀਫ ਤਾਂ ਉਸਦੀ ਕਰਨ ਜੋਗ ਹੈ, ਜੋ ਸਚ ਨੂੰ ਕਮਾਂਦਾ ਹੈ। ਰਬ ਤਾਂ ਹੈ ਹੀ ਸਰਬ ਸਰੇਸ਼ਟ, ਫੇਰ ਉਸ ਨੂੰ ਵਡਾ ਕਹਿ ਭੀ ਲਿਆ ਤਾਂ ਕੀ ਹੋਇਆ। ਅਸਲੀ ਉਚਾ ਤਾਂ ਉਹ ਹੈ, ਜਿਸ ਨੇ ਰੱਬੀ ਗੁਣ ਗ੍ਰਹਿਣ ਕਰਕੇ ਆਪਣੇ ਆਪ ਨੂੰ ਆਚਾਰਵੰਤ ਬਣਾ ਲਿਆ ਹੈ। ਇਸੇ ਲਈ ਸਤਿਗੁਰੂ ਨਾਨਕ ਫੁਰਮਾਂਦੇ ਹਨ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ ॥ ੫ ॥ ੧੪ ॥
[ਸਿਰੀ ਰਾਗ ਮ: ੧]

ਅੰਦਰ ਕਪਟ ਰਖਣਾ ਤੇ ਵੈਰਾਗੀ ਬਨਣਾ ਜਾਂ ਗਿਆਨ ਛਾਂਟਣੇ ਸਤਿਗੁਰਾਂ ਨੂੰ ਨਹੀਂ ਭਾਂਵਦੇ। ਉਹਨਾਂ ਦਾ ਫੁਰਮਾਨ ਹੈ :

ਕੋਈ ਗਾਵੈ ਰਾਂਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੇ
ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੇ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗੁ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥
੪ ॥ ੧੧ ॥ ੧੮ ॥ [ਆਸਾ ਛੰਤ ਮ: ੪]

ਸਤਿਗੁਰੂ ਇਸ ਪਹਿਲੀ ਪਉੜੀ ਨੂੰ ਧਰਮ ਖੰਡ ਕਹਿੰਦੇ ਹਨ ਤੇ ਇਸਦਾ ਕਰਮ ਇਸ ਪਰਕਾਰ ਦਸਦੇ ਹਨ :

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥
ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥ ॥ ੩੪ ॥
[ਜਪੁਜੀ ਮ: ੧]

ਦੂਜੀ ਪਉੜੀ–ਗਿਆਨ ਖੰਡ

ਧਰਮ ਖੰਡ ਵਿਚ ਆਚਰਨ ਉਸਾਰੀ ਹੋਈ। ਜਿਉਂ-ਜਿਉਂ ਮਨੁੱਖ ਉਚੇ ਆਚਰਨ ਦਾ ਮਾਲਕ ਬਣਦਾ ਗਿਆ, ਤਿਉਂ-ਤਿਉਂ ਉਹਦਾ ਮਨ ਵੀ ਉਜਲ ਹੁੰਦਾ ਗਿਆ। ਉਜਲ ਮਨ ਤੇ ਗਿਆਨ ਦਾ ਅਸਰ ਹੋਣਾ ਸੁਭਾਵਕ ਹੀ ਸੀ। ਇਹ ਗਿਆਨ ਕਿਤਾਬੀ ਵੀ ਸੀ ਤੇ ਸ੍ਰੋਤ ਰਾਹੀਂ ਹਾਸਲ ਕੀਤਾ ਗਿਆ ਵੀ। ਆਖਰ ਗਿਆਨ ਦੀ ਅਜਿਹੀ ਆਂਧੀ (ਹਨੇਰੀ) ਆਈ, ਜਿਸ ਨੇ ਸਾਰੇ ਭਰਮਾਊ ਪਰਦੇ, ਜੋ ਸੀਮਤ ਬੁਧੀ ਨੇ ਪਾਏ ਹੋਏ ਸਨ, ਤੋੜ ਦਿਤੇ ਤੇ ਗਿਆਨ ਬੁਧੀ ਦੀਆਂ ਸੀਮਾਵਾਂ ਨੂੰ ਪਾਰ ਕਰਕੇ ਅਨੁਭਵ ਦਾ ਤੂਪ ਧਾਰ ਬੈਠਾ। ਕਬੀਰ ਜੀ ਇਸ ਗਿਆਨ ਦੀ ਹਨੇਰੀ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ :

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥਨਿ ਗਿਰਾਨੀ ਮੋਹ ਬਲੇਂਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਉਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥
(ਗਉੜੀ ਚੇਚੀ ਕਬੀਰ ਜੀ)

ਇਸ ਤਰ੍ਹਾਂ ਅਨੁਭਵੀ ਗਿਆਨ ਨੇ ਵਿਸਮਾਦਿ ਦਾ ਰਸਤਾ ਫੜ ਲਿਆ ਤੇ ਬੇਅੰਤਤਾ ਦੇ ਪ੍ਰਕਾਸ਼ ਵਿਚ ਆਪਣਾ ਆਪ ਖੋਹ ਕੇ ਵਾਹ-ਵਾਹ ਦਾ ਰਾਗ ਅਲਾਪਣ ਲਗ ਪਿਆ। ਗੁਰੂ ਨਾਨਕ ਇਸ ਵਿਸਮਾਦੀ ਢੰਗ ਨੂੰ ਬਾਣੀ ਵਿਚ ਇਉਂ ਉਲੀਕਦੇ ਹਨ :

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹੁ ॥
ਵਿਸਮਾਦੁ ਨੇੜੈ ਵਿਸਮਾਦੁ ਦੂਰ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥

(ਆਸਾ ਦੀ ਵਾਰ ਸਲੋਕ ਮ: ੧)

ਇਥੇ ਪੁਜ ਕੇ ਇਸ ਦੀ ਬੁਧੀ ਪ੍ਰਕਾਸ਼ੀ ਗਈ। ਪ੍ਰਕਾਸ਼ ਬੁਧੀ ਦੀ ਸੀਮਾ ਪਾਰ ਕਰਕੇ ਅਨੁਭਵ ਪ੍ਰਕਾਸ਼ ਵਿਚ ਜਾ ਲੀਨ ਹੋਇਆ, ਇਹ ਅੰਤਾਂ ਵਾਲੀ ਹਦ-ਬੰਦੀ ਨੂੰ ਤੋੜ ਕੇ ਅਨੰਤਤਾ ਵਿਚ ਪ੍ਰਵੇਸ਼ ਕਰ ਗਿਆ। ਗੁਰੂ ਨਾਨਕ ਇਸ ਅਦਭੁਤ ਖੰਡ ਦਾ ਵਰਨਨ ਇਸ ਪ੍ਰਕਾਰ ਕਰਦੇ ਹਨ। ਪਹਿਲੀ ਪੰਕਤੀ ਵਿਚ ਧਰਮ ਖੰਡ ਵਲ ਸੰਕੇਤ ਦੇ ਕੇ ਦੂਜੀ ਪੰਕਤੀ ਵਿਚ ਗਿਆਨ ਖੰਡ ਦਾ ਅਲੌਕਿਕ, ਅਦਭੁਤ ਤੇ ਵਿਸਮਾਦੀ ਬਿਆਨ ਇਸ ਪ੍ਰਕਾਰ ਦੇਂਦੇ ਹਨ :

ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥
ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥
ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥
ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥
ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥

(ਜਪੁਜੀ ਮ: ੧)

ਤੀਜੀ ਪਉੜੀ—ਸਰਮ ਖੰਡ

ਗਿਆਨ ਖੰਡ ਵਿਚ ਗਿਆਨ ਦਾ ਜ਼ੋਰ ਸੀ। ਇਹ ਗਿਆਨ ਅਨੁਭਵੀ ਸੀ, ਵਿਸਮਾਦੀ ਸੀ। ਹੁਣ ਲੋੜ ਸੀ ਇਸ ਪ੍ਰਾਪਤ ਹੋਏ ਗਿਆਨ ਨੂੰ ਪ੍ਰਤੱਖ ਰੂਪ ਦੇਣ ਦੀ ਤੇ ਇਹ ਗਿਆਨ ਕਮਾਈ ਰਾਹੀਂ ਹੀ ਜੀਵਨ ਵਿਚ ਢਲ ਸਕਦਾ ਸੀ। ਬ੍ਰਹਮ ਗਿਆਨੀ ਨੇ ਅਨੁਭਵੀ ਗਿਆਨ ਤੋਂ ਵੀ ਉਚੇਰੇ ਉਠਣਾ ਹੈ। ਉਸਨੇ ਇਸ ਉਪਜੇ ਗਿਆਨ ਨੂੰ ਆਪਣੇ ਸੁਭਾ ਵਿਚ ਇਸ ਤਰ੍ਹਾਂ ਢਾਲਣਾ ਹੈ ਕਿ ਉਸ ਦਾ ਹਰ ਕਰਤੱਵ ਹੀ ਆਪਣੇ ਆਪ ਵਿਚ ਗਿਆਨ ਪ੍ਰਕਾਸ਼ੀ ਹੋਵੇ। ਉਸ ਨੇ ਆਪਣੇ ਜੀਵਨ ਨੂੰ ਦੂਜਿਆਂ ਲਈ ਗਿਆਨ ਲੋ ਬਣਾਣਾ ਹੈ। ਬ੍ਰਹਮ ਗਿਆਨੀ ਸਵਯੰ ਇਕ ਚਾਨਣ ਮੁਨਾਰਾ ਹੈ। ਉਸ ਨੇ ਕੇਵਲ ਆਪਣੇ ਆਪੇ ਨੂੰ ਹੀ ਨਹੀਂ ਲਖਣਾ, ਸਗੋਂ ਆਪੇ ਦੇ ਆਪੇ ਨੂੰ ਵੀ ਬੁਝਣਾ ਹੈ :

ਪ੍ਰਣਵਤ ਨਾਨਕੁ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪ੍ਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥
(ਸ੍ਰੀ ਰਾਗ ਮ: ੧)

ਇਸ ਅਵਸਥਾ ਤੇ ਪੁਜਣ ਤੇ ਬਾਣੀ ਦੇ ਅਸਲ ਰੂਪ ਦੀ ਸੋਝੀ ਹੋ ਜਾਂਦੀ ਹੈ ਤੇ ਬਾਣੀ ਅਨੁਸਾਰ ਜੀਵਨ ਢਾਲਣ ਦੀ ਪ੍ਰੇਰਨਾ ਵੀ ਬਾਣੀ ਵਿਚੋਂ ਹੀ ਮਿਲਣ ਲਗ ਪੈਂਦੀ ਹੈ। ਗਿਆਨ ਤੇ ਵਿਚਾਰ ਰਲ ਕੇ ਉਦਮ ਦੇਂਦੇ ਹਨ। ਸੁਰਤ (Consience) ਮਤਿ (Funite circle of reason ਅੰਤ ਵਾਲੀ ਦਲੀਲ) ਮਨ (ਸੁਭਾ ਜਾਂ Feeling) ਬੁਧਿ (Epistimologicle or foreseeing reason) ਨਿਰਮਲ ਰੂਪ ਧਾਰ ਇਕ ਸੁਰ ਹੋ ਕੇ ਜੀਵਨ ਚਮਕਾਣ ਲਗ ਪੈਂਦੇ ਹਨ। ਇਸ ਮੰਜ਼ਲ ਤੇ ਪੁਜਾ ਗਿਆਨੀ ਦੇਵਤਿਆਂ ਤੇ ਸਿਧਾਂ ਵਾਲੀ ਸੂਝ-ਬੂਝ ਰਖਦਾ ਹੈ। ਇਥੇ ਗੁਰਮਿਤ ਦੇ ਸੱਚੇ ਵਿਚ ਘੜੇ ਹੋਏ ਸੁਰਤ, ਮਤਿ, ਮਨ ਤੇ ਬੁਧ ਚਮਕ ਉਠਦੇ ਹਨ। ਇਨ੍ਹਾਂ ਨੂੰ ਅਗਮੀ ਹੁਕਮ ਦੀ ਪਛਾਣ ਆ ਜਾਂਦੀ ਹੈ ਤੇ ਉਹ ਫਿਰ ਇਸ ਮਹਾਨ ਹੁਕਮ ਦੇ ਅਨਸਾਰੀ ਹੋ ਕੇ ਚਲਦੇ ਹਨ ਤੇ ਜੀਵਨ ਮੁਕਤ ਹੋ ਜਾਂਦੇ ਹਨ। ਅਜਿਹੇ ਸਰਮ ਖੰਡ ਤੇ ਪੁਜੇ ਜੀਵਨ ਮੁਕਤ ਲਈ ਗੁਰਬਾਣੀ ਵਿਚ ਇਉਂ ਲਿਖਿਆ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ ॥
ਹਰਖੁ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਹਿ ਘਟਿ ਬ੍ਰਹਮੁ ਨਿਵਾਸਾ ॥੨॥
(ਸੋਰਠ ਮ: ੯)

ਇਸ ਪਦ ਤੇ ਪੁਜੀ ਆਤਮਾ ਹੁਣ ਹਉਮੈ ਦੇ ਬੰਧਨ ਤੋਂ ਆਜ਼ਾਦ ਹੈ। ਇਹ ਜੀਵਨ ਮੁਕਤ ਹੈ। ਇਸ ਨਿਰਮਲ ਆਤਮਾ ਦੀ ਸਾਂਝ ਹੁਣ ਪਰਮਾਤਮਾ ਨਾਲ ਸਿਧੀ ਹੈ। ਇਸ ਅਵਸਥਾ ਵਿਚ ਹੁਣ ਨਾਦਾਂ-ਬਿਨੋਦਾਂ ਦੀ ਥਾਂ ਹੁਣ ਊਚਮ ਊਚੀ ਪਰ (Fransendent) ਬਾਣੀ ਦੀਆਂ ਗੂੰਜਾਂ ਪੈਂਦੀਆਂ ਹਨ :

ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥
ਅਨਹਦ ਸੁਣਿ ਮਾਨਿਆ ਸਬਦੁ ਬੀਚਾਰੀ ॥ ਆਤਮ ਚੀਨਿ ਭਏ ਨਿਰੰਕਾਰੀ ॥੭॥
ਇਹ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥
ਅਹਿਨਿਸਿ ਹਰਿ ਜਸੁ ਗੁਰ ਪ੍ਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥੮॥
(ਆਸਾ ਮ: ੧ ਅਸਟਪਦੀਆਂ)

ਇਥੇ ਨਾਮ ਬਾਣੀ ਦੀ ਪ੍ਰਕਾਸ਼ਨਾ ਹੈ। ਇਥੇ ਨਾਮ ਦਾ ਰੂਪ ਪਰਗਾਸਦਾ ਹੈ ਤੇ 'ਪਰਗਾਸ ਭਇਆ ਕਉਲ' ਖਿਲਦਾ ਹੈ। ਇਥੇ ਹੈ :

> ਗਿਆਨ ਖੰਡ ਮਹਿਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥
> ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਿਤ ਘੜੀਐ ਬਹੁਤੁ ਅਨੂਪੁ ॥
> ਤਾ ਕੀਆ ਗਲਾ ਕਥੀਆ ਨ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
> ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥
> (ਜਪੁਜੀ ਮ: ੧)

ਚਉਥੀ ਪਉੜੀ—ਕਰਮ ਖੰਡ

ਇਥੇ ਤਕ ਅਪੜਨਾ ਤਾਂ ਸ੍ਵੈ ਯਤਨਾਂ ਦਾ ਫਲ ਵੀ ਸੀ ਤੇ ਗੁਰੂ ਦੀ ਮਿਹਰ ਵੀ ਸੀ, ਪਰ ਇਹ ਮੰਜਲ ਨਿਰੋਲ ਬਖਸ਼ਿਸ਼ ਦੀ ਹੈ। ਇਥੇ ਪੁਜੀ ਜੀਵਨ-ਮੁਕਤਿ ਆਤਮਾ, ਕਰਮ ਜਾਲ-ਤੋੜ, ਜਨਮ-ਮਰਣ ਦੇ ਗੇੜ ਕੱਟ ਕੇ, ਅਕਾਲ ਪੁਰਖ ਦੀ ਮਿਹਰ ਦੀ ਪਾਤਰ ਬਣ, ਉਸ ਦੀ ਨਦਰ ਦੇ ਸਦਕੇ ਅਭੇਦਤਾ ਦੀ ਉਡੀਕ ਵਿਚ ਗੁਣ ਗਾਇਨ ਕਰਦੀ ਹੈ। ਇਹ ਸਚਿ ਖੰਡ ਜਿਥੇ ਨਿਰੰਕਾਰ ਦਾ ਵਾਸਾ ਹੈ, ਉਸ ਦਾ ਦਰਵਾਜ਼ਾ ਹੈ। ਗੁਰੂ ਨਾਨਕ ਸਾਹਿਬ ਜੀ ਇਸ ਨੂੰ 'ਸੋ ਦਰੁ' ਕਹਿੰਦੇ ਹਨ। ਇਸ ਦਰ ਤੇ ਕਰਮ ਖੰਡ ਦੀਆਂ ਬੇਅੰਤ ਜੀਵਨ-ਮੁਕਤ, ਆਤਮਾਵਾਂ ਆਪਣੇ-ਆਪਣੇ ਢੰਗ ਨਾਲ ਅਕਾਲ ਪੁਰਖ ਦੇ ਅਨੰਤ ਗੁਣਾਂ ਨੂੰ ਗਾ ਰਹੀਆਂ ਹਨ। ਇਸ ਦਾ ਵਰਨਨ ਵਿਸਮਾਦੀ ਹੈ। ਜੋ ਇਥੇ ਪੁਜਦਾ ਹੈ ਵੇਖ-ਵੇਖ ਵਿਸਮਾਦਿ ਵਿਚ ਹੀ ਗੜੂੰਦ ਹੋ ਜਾਂਦਾ ਹੈ। ਯਥਾ :

> ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸ ਆਇਆ ਸਵਾਦ ॥੮॥੧੬॥

ਪਰ ਇਹ ਵਿਸਮਾਦੀ ਸਵਾਦ ਬਿਆਨਿਆ ਨਹੀਂ ਜਾ ਸਕਦਾ। ਵੇਖਣ ਹਾਰ ਦਸਦੇ ਹਨ :

> ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥੧॥੨੩॥
> (ਗਉੜੀ ਸੁਖਮਨੀ ਮ: ੫)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ 'ਸੋ ਦਰੁ' ਦੀ ਵਿਸਮਾਦੀ ਵਿਆਖਿਆ ਇਸ ਪਰਕਾਰ ਕਰਦੇ ਹਨ :

> ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
> ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
> ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
> ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾ ਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥

ਪਰ ਇਸ ਤੋਂ ਇਲਾਵਾ ਤੇਰੇ ਭਗਤ ਜੋ ਤੇਰੇ ਪਿਆਰ ਵਿਚ ਪੁਜੇ ਹੋਏ ਹਨ, ਉਹ ਵਸ਼ੇਸ਼ ਤੌਰ ਤੇ ਗਾਉਂਦੇ ਹਨ :

ਸੋਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥

ਇਸ ਦਰੁ ਘਰੁ ਵਿਚ ਬੈਠਾ ਵਡਾ ਸਾਹਿਬ ਆਪਣੇ ਕੀਤੇ ਨੂੰ ਆਪ ਵੇਖ ਰਿਹਾ ਹੈ :

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਸੀਂ ॥
ਸੋ ਪਾਤਸਾਹ ਸਾਹਾ ਪਾਤਿ ਸਾਹਿਬੁ ਨਾਨਕੁ ਰਹਣੁ ਰਜਾਈ ॥੨੭॥

(ਜਪੁਜੀ ਮ: ੧)

ਉਪਟੋਕਤ 'ਸੋ ਦਰੁ' ਦੇ ਗਾਇਕ ਜ਼ਾਹਿਰਾ ਤੌਰ ਤੇ ਭਾਵੇਂ ਤਿੰਨ ਵੰਡਾਂ ਵਿਚ ਵੰਡੇ ਜਾਪਦੇ ਹਨ ਤੇ ਉਹ ਤਿੰਨ ਵੰਡਾਂ ਹਨ :

(੧) ਆਤਮ ਮੰਡਲ। (੨) ਪ੍ਰਿਥਵੀ ਮੰਡਲ। (੩) ਬ੍ਰਹਮੰਡ ਮੰਡਲ। ਪਰ ਇਨ੍ਹਾਂ ਤਿੰਨ ਵੰਡਾ ਦੇ ਹੁੰਦਿਆਂ ਵੀ ਦਰੁ ਘਰੁ ਇਕੋ ਹੀ ਹੈ :

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ ॥੧੧॥

(ਸ੍ਰੀ ਰਾਗ ਮ: ੧ ਅਸਪਟਦੀਆਂ)

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਨਿਹਚਲ ਤੇ ਉਚਮ-ਉਚੇ ਅਸਥਾਨ ਦਾ ਜ਼ਿਕਰ ਇਉਂ ਕਰਦੇ ਹਨ :

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥
(ਗਉੜੀ ਮ: ੫)

ਇਸੇ ਤਰ੍ਹਾਂ ਰਾਗ ਸੂਹੀ ਵਿਚ ਆਪ ਫੁਰਮਾਉਂਦੇ ਹਨ :

ਸੂਖ ਮਹਲ ਜਾਕੇ ਊਚ ਦੁਆਰੇ ॥ ਤਾ ਮਹਿ ਵਾਸ਼ਹਿ ਭਗਤ ਪਿਆਰੇ ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਤੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥
ਤਹ ਮੀਤ ਨਾਦ ਅਖਾਰੇ ਸੰਗ ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥
ਤਹ ਮਰਣੁ ਨ ਜੀਵਣੁ ਸੋਗ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥
(ਸੂਹੀ ਮ: ੫)

ਇਥੇ ਜ਼ੀਵਨ ਮੁਕਤ ਨੇ ਮੁਕਤ ਹੋਣਾ ਹੈ। ਮੁਕਤੀ ਅਭੇਦਤਾ ਦਾ ਦੂਜਾ ਨਾਮ ਹੈ। ਪਰ ਇਸ ਸ੍ਵੈ ਯਤਨਾਂ ਦਾ ਫਲ ਨਹੀਂ ਉਸ ਦੀ ਮਿਹਰ ਦੇ ਸਦਕੇ ਹੈ :

ਸਾਈ ਸੋਹਾਗਣਿ ਸਾਈ ਭਾਂਗਣਿ ਜੋ ਪਿਰਿ ਕਿਰਪਾ ਧਾਰੀ ॥
ਪਿਰਿ ਅਉਗੁਣ ਤਿਸਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥੧॥੬॥
(ਸਲੋਕ ਮ: ੫ ਵਾਰ ਰਾਮਕਲੀ ਮ: ੫)
ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥੧੭॥
(ਧਨਾਸਰੀ ਮ: ੫)

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥
(ਸੋਰਠ ਮ: ੯)

ਉਹ ਕਦ ਮਿਹਰ ਕਰਦਾ ਹੈ ਤੇ ਕਿਸ ਤੇ ਕਰਦਾ ਹੈ ਇਹ ਉਸ ਦੇ ਆਪਣੇ ਹਥ ਵਿਚ ਹੈ। ਪਰ ਇਹ ਹੁਣ ਨੇੜੇ ਪੁਜੀ, ਦਰ ਤੇ ਖਲੋਤੀ ਆਤਮਾ ਹੈ। ਕਿਸੇ ਵੇਲੇ ਵੀ ਵਰੋਸਾਈ ਜਾ ਸਕਦੀ ਹੈ। ਉਹਦੀ ਨਜ਼ਰ ਵਿਚ ਹੈ ਜ਼ਰੂਰ ਨਿਹਾਲ ਹੋਵੇਗੀ। ਸੰਖੇਪ ਵਿਚ ਇਹੋ ਕਿਹਾ ਜਾ ਸਕਦਾ ਹੈ :

(੧) ਆਚਾਰ ਲਈ ਸਵੈ ਯਤਨ ਕੀਤੇ ਗਏ :

ਜਤੁ ਪਹਾਰਾ ਨੀਰਜੁ ਸੁਨਿਆਰ ॥ ਅਹਿਰਣਿ ਮਤਿ ਵੇਦੁ ਹਥੀਆਰੁ ॥
ਨਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਉ ਅੰਮ੍ਰਿਤੁ ਤਿਤ ਢਾਲਿ ॥

ਇਹ ਕਾਰ ਤਾਂ ਧਰਮ ਖੰਡ ਤੇ ਗਿਆਨ ਖੰਡ ਦੀ ਸੀ। ਸਰਮ ਖੰਡ ਵਿਚ :

"ਘੜੀਐ ਹਬਦੁ ਸਚੀ ਟਕਸਾਲੁ ॥"

ਪਰ ਇਹ ਕਾਰ ਕੇਵਲ ਉਸੇ ਦੀ ਹੋਈ ਜਿਸ ਨੂੰ ਅਕਾਲ ਪੁਰਖ ਨੇ ਮਿਹਰ ਦੀ ਨਜ਼ਰ ਨਾਲ ਤਕਿਆ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਉਹ ਫਿਰ ਕਰਮ ਖੰਡ ਵਿਚ ਪੁਜ ਗਏ ਜਿਥੇ :

ਕਰਮੁ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥

ਉਸ ਦੀ ਮਿਹਰ ਭਰੀ ਦ੍ਰਿਸ਼ਟੀ ਵਿਚ ਆ ਕੇ :

"ਨਾਨਕ ਨਦਰੀ ਨਦਰਿ ਨਿਹਾਲ ॥"

ਹੋ ਸਕਦੀ ਹੈ ਤੇ ਅਭੇਦ ਹੋ ਕੇ ਉਸ ਟਿਕਾਣੇ ਜਾ ਸਮਾਂਦੀ ਹੈ, ਜਿਥੇ ਨਿਰੰਕਾਰ ਦਾ ਵਾਸਾ। ਜਿਸ ਨੂੰ ਕਹਿੰਦੇ ਨੇ 'ਸੋ ਘਰੁ' ਇਹੀ ਹੈ ਸਚ ਖੰਡ। ਇਹੀ ਹੈ ਸੂਖ ਮਹਿਲ। ਇਹ ਹੀ ਨਿਜ ਘਰ। ਇਹੀ ਹੈ ਨਿਰੰਕਾਰ ਦਾ ਨਿਜ ਥਾਉਂ।

ਸਚ ਖੰਡਿ—ਆਖਰੀ ਮੰਜ਼ਲ

ਇਹ ਆਖਰੀ ਮੰਜ਼ਲ ਹੈ ਜਿਥੇ ਪੁਗੀ ਹੋਈ ਆਤਮਾ ਨੇ ਨਿਰੰਕਾਰ ਵਿਚ ਅਭੇਦ ਹੋ ਸਾਰੇ ਵਖੇਵੇਂ ਮਿਟਾ ਦੇਣੇ ਹਨ। ਇਹ ਉਹ ਟਿਕਾਣਾ ਹੈ ਜਿਥੇ ਇਸ ਸਾਰੀ ਦੁਨੀਆਂ ਦਾ ਕਰਤਾ ਆਪਣੇ ਅਨੰਤ ਪਸ਼ਾਰੇ ਨੂੰ ਆਪਣੇ ਵਿਚ ਸਮੇਟੀ ਬੈਠਾ ਹੈ ਤੇ ਆਪਣੇ ਹੁਕਮ ਅਨੁਸਾਰ ਭੇਖਦਾ ਹੈ, ਵਿਮਸਦਾ ਹੈ ਤੇ ਸਾਰੀ ਕਾਰ ਚਲਾ ਰਿਹਾ ਹੈ। ਇਹ ਸਤਿ ਅਸਥਾਨ ਹੈ। ਇਥੇ ਸਤਿ ਪੁਰਖ ਜੀ ਆਪ ਵਸਦੇ ਹਨ। ਇਹ ਸਭ ਉਚਾਨਾਂ ਤੋਂ ਉਚਾ ਨਿਰਮਲ ਤੇ ਨਿਰਬਲ ਥਾਨ ਹੈ :

ਸਤਿ ਪੁਰਖੁ ਸਤਿ ਅਸਥਾਨੁ ॥ ਊਚ ਊਚ ਨਿਰਮਲ ਨਿਰਬਾਨੁ ॥
(ਸਾਰੰਗ ਮ: ੫)

ਪੰਜਵੇਂ ਸਤਿਗੁਰੂ ਇਸ ਅਗਮ ਅਗਾਧ ਸਤਿ ਅਸਥਾਨ ਦਾ ਜ਼ਿਕਰ ਇਸ ਪਰਕਾਰ ਕਰਦੇ ਹਨ :

ਅਗਮ ਅਗਾਧਿ ਸੁਨਹੁ ਜਨ ਕਥਾ ॥ ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥
ਸਦਾ ਸਦਾ ਸਤਿਗੁਰ ਨਮਸਕਾਰ ॥ ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥
ਮਨ ਭੀਤਰਿ ਹੋਵੈ ਪਰਗਾਸੁ ॥ ਗਿਆਨ ਅੰਜਨੁ ਅਗਿਆਨ ਬਿਨਾਸੁ ॥ ੧ ॥
ਮਿਤਿ ਨਾਹੀ ਜਾਕਾ ਬਿਸਥਾਰੁ ॥ ਸੋਭਾ ਤਾਕੀ ਅਪਰ ਅਪਾਰ ॥
ਅਨਿਕ ਹੰਗ ਜਾਕੇ ਗਨੇ ਨ ਜਾਹਿ ॥ ਸੋਗ ਹਰਖ ਦੁਹਹੂ ਮਹਿ ਨਾਹਿ ॥ ੨ ॥
ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ ॥ ਅਨਿਕ ਮਹੇਜ ਬੈਸਿ ਧਿਆਨੁ ਧਰਹਿ ॥
ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥ ੩ ॥
ਅਨਿਕ ਪਵਨ ਪਾਵਨ ਅਰੁ ਨੀਰ ॥ ਅਨਿਕ ਰਤਨ ਸਾਗਰ ਦਧਿ ਖੀਰ ॥
ਅਨਿਕ ਸੂਰ ਸਸੀਅਰ ਨਖਿਆਤਿ ॥ ਅਨਿਕ ਦੇਵੀ ਦੇਵਾ ਬਹੁ ਭਾਂਤਿ ॥ ੪ ॥
ਅਨਿਕ ਬਸੁਧਾ ਅਨਿਕ ਕਾਮਧੇਨ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥
ਅਨਿਕ ਅਕਾਸ ਅਨਿਕ ਪਾਤਾਲ ॥ ਅਨਿਕ ਮੁਖੀ ਜਪੀਐ ਗੋਪਾਲ ॥ ੫ ॥
ਅਨਿਕ ਸਾਸਤ੍ਰ ਸਿਮ੍ਰਿਤ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥
ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥ ੬ ॥
ਅਨਿਕ ਧਰਮ ਅਨਿਕ ਕੁਮੇਰ ॥ ਅਨਿਕ ਬਰਨ ਅਨਿਕ ਕਨਿਕ ਸੁਮੇਰ ॥
ਅਨਿਕ ਸੇਖ ਨਵਤਨ ਨਾਮੁ ਲੇਹਿ ॥ ਪਾਰਬ੍ਰਹਮ ਕਾ ਅੰਤੁ ਨ ਤੇਹਿ ॥ ੭ ॥
ਅਨਿਕ ਪੁਰੀਆ ਅਨਿਕ ਤਹ ਖੰਡ ॥ ਅਨਿਕ ਰੂਪ ਰੰਗ ਬ੍ਰਹਮੰਡ ॥
ਅਨਿਕ ਬਨਾ ਅਨਿਕ ਫਲ ਮੂਲ ॥ ਆਪਹਿ ਸੂਖਮ ਆਪਹਿ ਅਸਥੂਲ ॥ ੮ ॥
ਅਨਿਕ ਜੁਗਾਦਿ ਦਿਨਸੁ ਅਹੁ ਰਾਤਿ ॥ ਅਨਿਕ ਪਰਲਉ ਅਨਿਕ ਉਪਾਤਿ ॥
ਅਨਿਕ ਜੀਅ ਜਾਕੇ ਗ੍ਰਿਹ ਮਾਹਿ ॥ ਰਮਤ ਰਾਮ ਪੂਰਨ ਸ੍ਰਬ ਠਾਇ ॥ ੯ ॥
ਅਨਿਕ ਮਾਇਆ ਜਾਕੀ ਲਖੀ ਨ ਜਾਇ ॥ ਅਨਿਕ ਕਲਾ ਖੇਲੈ ਹਰਿਰਾਇ ॥
ਅਨਿਕ ਧੁਨਿਤ ਲਲਿਤ ਸੰਗੀਤ ॥ ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥
ਸਭ ਤੇ ਊਚ ਭਗਤ ਜਾਕੈ ਸੰਗਿ ॥ ਆਠ ਪਹਰ ਗੁਨ ਗਾਵਹਿ ਰੰਗਿ ॥
ਅਨਿਕ ਅਨਾਹਦ ਆਨੰਦ ਝੁਨਕਾਰ ॥ ਉਆਰਸ ਕਾ ਕਛੁ ਅੰਤੁ ਨ ਪਾਰ ॥ ੧੧ ॥
ਸਤਿ ਪੁਰਖੁ ਸਤਿ ਅਸਥਾਨੁ ॥ ਊਚ ਤੇ ਊਚ ਨਿਰਮਲ ਨਿਰਬਾਨੁ ॥
ਅਪੁਨਾ ਕੀਆ ਜਾਨਹਿ ਆਪਿ ॥ ਆਪੇ ਘਟਿ ਘਟਿ ਰਹਿਓ ਬਿਆਪਿ ॥
ਕ੍ਰਿਪਾ ਨਿਧਾਨ ਨਾਨਕ ਦਇਆਲ ॥
ਜਿਨ ਜਪਿਆ ਨਾਨਕ ਤੇ ਭਏ ਨਿਹਾਲ ॥ ੧੨ ॥ ੧ ॥ ੨ ॥ ੨ ॥ ੩ ॥ ੭ ॥
[ਸਾਰੰਗ ਮ: ੫ ਅਸਟਪਦੀਆਂ ਘਰ ੬]

ਇਕ ਹੋਰ ਥਾਂ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਅਭੇਦ ਹੋਈ ਆਤਮਾ

ਦਾ ਜ਼ਿਕਰ ਇਸ ਪਰਕਾਰ ਕਰਦੇ ਹਨ :

ਡਿਗੈ ਨ ਡੋਲੈ ਕਤਹੂ ਨ ਧਾਵੈ ॥ ਗੁਰ ਪ੍ਰਸਾਦਿ ਕੇ ਇਹੁ ਮਹਲੁ ਪਾਵੈ॥
(ਰਾਮਕਲੀ ਮ: ੫)

ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਮਹਿਲ ਬਾਬਤ ਇਉਂ ਫੁਰਮਾਂਦੇ ਹਨ :

ਸਚ ਖੰਡਿ ਵਸੈ ਨਿਹੰਕਾਰ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਤ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥ ੩੭ ॥
(ਜਪੁਜੀ ਮ, ੧)

ਇਹ ਹੈ ਉਹ ਮੰਜ਼ਲ, ਜਿਥੇ ਅਭੇਦ ਹੋਈ ਆਤਮਾ ਨੇ ਵਾਹਿਗੁਰੂ ਜੀ ਦੀ ਮਿਹਰ ਦੇ ਸਦਕੇ ਪੁਜਣਾ ਹੈ । ਇਹ ਹੈ ਪਰਮਪਦ ਦੀ ਪਰਾਪਤੀ । ਇਸੇ ਨੂੰ ਕਹਿੰਦੇ ਨੇ ਮੁਕਤੀ । ਇਹ ਹੈ ਅਵਸਥਾ, ਜਿਥੇ ਕਬੀਰ ਨੇ ਪੁਜ ਕੇ ਆਖਿਆ ਸੀ :

ਰਾਮ ਕਬੀਰਾ ਏਕ ਭਇਓ ਹੈ ਕੋਊ ਨ ਸਕੈ ਪਹਿਚਾਨੀ ॥

ਇਸੇ ਅਵਸਥਾ ਦਾ ਜ਼ਿਕਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕਰਦੇ ਹੋਏ ਫੁਰਮਾਂਦੇ ਹਨ :

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨ ॥ ੩੪ ॥
(ਸਲੋਕ ਮ: ੯)

ਗੀਤਾ ਤੇ ਗੁਰਮਤਿ ਵਿਚ ਪਰਸਪਰ ਮੇਲ ਵਿਰੋਧ

ਗੀਤਾ	ਗੁਰਮਤਿ
(੧) ਅਦ੍ਵੈਤ ਪਖੀ ਹੈ। ਪਰਾਪਤੀ ਲਈ (ੳ) ਗਿਆਨ ਪਰਾਪਤੀ ਤੇ ਸੰਨਿਆਸ ਜ਼ਰੂਰੀ ਹੈ।	ਨਿਸ਼ਾਨਾ ... ... ਅਦ੍ਵੈਤ ਹੈ। ਸਹਾਇਤਾ ... ... ਗਿਆਨ ਤੋਂ ਲੈਣੀ ਹੈ ਮਾਰਗ ... ... ਵਿਸਮਾਦ ਹੈ। ਨੋਟ–ਗਿਆਨ ਭਗਤੀ ਤੇ ਕਰਮ ਮਾਰਗ ਦੀ ਸਾਂਝੀ ਨੀਂਹ ਤੇ ਕਾਇਮ ਹੈ।
(ਅ) ਭਗਤੀ ਭਾਵਨਾਂ ਰਾਹੀਂ ਗਿਆਨ ਪ੍ਰਾਪਤ ਕਰਕੇ ਪ੍ਰਮਾਤਮਾ ਦੀ ਹਜ਼ੂਰੀ ਵਿਚ ਪੁਜਣਾ ਹੈ। (ੲ) ਕਰਮ ਮਾਰਗ ਰਾਹੀਂ ਅਭੇਦਤਾ ਹਾਸਲ ਕਰਨੀ ਹੈ।	
(੨) ਸ੍ਰੀ ਕ੍ਰਿਸ਼ਨ (ਵਿਸ਼ਨੂੰ) ਦੇਹ ਧਾਰਕੇ ਅਰਜਨ ਮਨੁਖ ਨੂੰ ਉਪਦੇਸ਼ਦਾ ਹੈ। ਪਰਚਾਰ ਤਾਂ ਅਦ੍ਵੈਤ ਦਾ ਹੈ, ਪਰ ਕ੍ਰਿਸ਼ਨ ਤੇ ਅਰਜਨ ਦਾ ਵਖੇਵਾਂ ਅਖੀਰ ਤਕ ਰਹਿੰਦਾ ਤੇ ਕ੍ਰਿਸ਼ਨ ਕ੍ਰਿਸ਼ਨ ਤੇ ਅਰਜਨ ਅਰਜਨ ਹੀ ਰਹਿੰਦਾ ਹੈ।	ਇਸ ਵਿਚ ਅਰਜਨ ਤੇ ਕ੍ਰਿਸ਼ਨ ਵਾਲਾ ਵਿਖੇਵਾਂ ਨਹੀਂ, ਗੁਰੂ ਤੇ ਸਿਖ ਅਭੇਦ ਹੋ ਕੇ ਇਕ ਰੂਪ ਹੋ ਜਾਂਦੇ ਹਨ।
(੩) ਅਵਤਾਰਵਾਦ ਦੀ ਹਾਮੀ ਹੈ।	ਰੱਬ ਨੂੰ ਅਜੋਨੀ ਮੰਨਦਾ ਹੈ। ਅਵਤਾਰਵਾਦ ਦਾ ਹਾਮੀ ਨਹੀਂ,
(੪) ਭਗਤੀ ਭਾਵ ਨੂੰ ਮੁਖ ਰਖ ਕੇ ਪ੍ਰਤਿਮਾਵਾਂ ਤੇ ਚਿੰਨਾਂ ਦੀ ਪੂਜਾ ਵਲ ਪ੍ਰੇਰਦੀ ਹੈ।	ਮੂਰਤੀ ਜਾਂ ਚਿੰਨ ਪੂਜਾ ਦਾ ਸਖਤ ਵਿਰੋਧੀ ਹੈ। ਪੂਜਾ ਕੇਵਲ ਨਿਰਾਕਾਰ ਵਾਹਿਗੁਰੂ ਦੀ ਹੀ ਦ੍ਰਿੜ ਕਰਾਉਂਦਾ ਹੈ।

(੫) ਮੁਮੁਖਸ਼ ਦਾ ਨਿਸ਼ਾਨ ਸ੍ਵਾਰਥਕ ਹੈ ਉਹ ਕੇਵਲ ਆਪਣੇ ਕਰਮਾਂ ਦਾ ਭੁਗਤਾਨ ਕਰਨ ਲਈ ਜੀਂਦਾ ਹੈ ਵੈਸੇ ਉਹਨੂੰ ਜੀਣ ਦੀ ਲੋੜ ਨਹੀਂ।	ਜੀਵਨ ਮੁਕਤ ਹੋਣ ਮਗਰੋਂ ਗੁਰਮਤਿ ਦਾ ਨਿਸ਼ਾਨਾ ਦੂਜਿਆਂ ਨੂੰ ਮੁਕਤ ਕਰਨ ਦਾ ਹੈ। ਉਹ ਪਰਉਪਕਾਰ ਲਈ ਜੀਂਦਾ ਹੈ। ਜੀਵਨ ਮੁਕਤ ਦੇ ਸਾਰੇ ਸਿੰਚਤ ਕਰਮ ਵਾਹਿਗੁਰੂ ਦੀ ਮਿਹਰ ਦੇ ਸਦਕੇ ਧੋਤੇ ਜਾਂਦੇ ਹਨ। ਇਸ ਲਈ ਉਸਨੂੰ ਆਪਣੇ ਕਰਮਾਂ ਦਾ ਭੁਗਤਾਨ ਕਰਨ ਦਾ ਡਰ ਨਹੀਂ ਰਹਿੰਦਾ।
(੬) ਮੁਕਤੀ ਸ੍ਵੈ ਯਤਨਾਂ ਤੇ ਨਿਰਭਰ ਹੈ	ਮੁਕਤੀ ਵਾਹਿਗੁਰੂ ਦੀ ਮਿਹਰ ਦੇ ਸਦਕੇ ਹੈ।

ਵੈਸ਼ਨੋ ਮਤ ਤੇ ਗੁਰਮਤਿ

ਵੈਸ਼ਨੋ ਮਤ ਅਜ ਤੋਂ ਦੋ ਢਾਈ ਹਜ਼ਾਰ ਵਰ੍ਹੇ ਪਹਿਲਾਂ ਹੋਂਦ ਵਿਚ ਆਇਆ ਸੀ। ਇਸ ਨੂੰ ਪਹਿਲੇ ਏਕਾਂਤਕਾ ਕਹਿੰਦੇ ਸਨ। ਇਸਦਾ ਜਨਮ ਤਾਂ ਹਿੰਦੂ ਧਰਮ ਵਿਚ ਸੁਧਾਰ ਕਰਨ ਦੇ ਖਿਆਲ ਨਾਲ ਹੀ ਹੋਇਆ ਸੀ ਤੇ ਇਸਦਾ ਪਿਛਵਾੜਾ ਵੀ ਸ੍ਰੀ ਕ੍ਰਿਸ਼ਨ ਜੀ ਦੀ ਰਚਿਤ ਗੀਤਾ ਨਾਲ ਹੀ ਜੋੜਿਆ ਜਾ ਸਕਦਾ ਹੈ, ਪਰ ਬਾਅਦ ਵਿਚ ਇਸਨੇ ਇਕ ਵਖਰੇ ਮੱਤ ਦਾ ਰੂਪ ਧਾਰਨ ਕਰ ਲਿਆ ਤੇ ਪੰਚਰਤਾ ਜਾਂ ਭਗਵਤ-ਮਤ ਦੇ ਨਾਂ ਨਾਲ ਪਰਸਿਧ ਹੋਇਆ। ਪਹਿਲੇ ਤਾਂ ਇਹ ਇਕ ਭਗਤੀ ਭਾਵਨਾ ਵਾਲੀ ਲਹਿਰ ਹੀ ਕਹੀ ਜਾ ਸਕਦੀ ਸੀ, ਪਰ ਬਾਅਦ ਵਿਚ ਇਸ ਨਾਲ ਨਾਰਾਇਣ ਤੇ ਵਿਸ਼ਨੂੰ ਦੇ ਉਪਾਸ਼ਕ ਵੀ ਸ਼ਾਮਲ ਹੋ ਗਏ ਤੇ ਇਸ ਨੇ ਇਕ ਫ਼ਿਰਕੇ ਦੀ ਸ਼ਕਲ ਇਖਤਿਆਰ ਕਰ ਲਈ।

ਵਿਸ਼ਨੂੰ ਵੇਦਾਂ ਵਿਚ ਤਾਂ ਇਕ ਮਾਮੂਲੀ ਜਿਹਾ ਦੇਵਤਾ ਕਰਕੇ ਵਰਨਣ ਕੀਤਾ ਗਿਆ ਹੈ ਤੇ ਉਹ ਵੀ ਕਿਤੇ ਟਾਂਵਾ ਹੀ ਇਸਦਾ ਜ਼ਿਕਰ ਆਉਂਦਾ ਹੈ, ਪਰ ਵੈਸ਼ਨੋ ਮਤ ਦੇ ਪਰਚਲਤ ਹੋ ਜਾਣ ਨਾਲ, ਇਸਦੀ ਖਾਸ ਅਹਿਮੀਅਤ ਗਿਣੀ ਜਾਣ ਲਗ ਪਈ ਤੇ ਹਜ਼ਰਤ ਈਸਾ ਜੀ ਦੇ ਈਸਵੀ ਸੰਨ ਪਰਚਲਤ ਹੋਣ ਦੇ ਨਾਲ ਨਾਲ ਹੀ ਇਸ ਵਿਚ ਅਹੀਰਾਂ ਤੇ ਗਵਾਲਿਆਂ ਦੇ ਤਤ ਵੀ ਸ਼ਾਮਲ ਹੋ ਗਏ ਤੇ ਇਹ ਮਤ ਵਿਸ਼ਨੂੰ ਗੋਪਾਲ ਕ੍ਰਿਸ਼ਨ ਆਦਿ ਦੀ ਭਗਤੀ ਦੀ ਇਕ ਮਿਲ ਗੋਭਾ ਜਿਹਾ ਬਣ ਗਿਆ। ਇਸ ਮਤਿ ਦੇ ਧਰਮ ਗ੍ਰੰਥ ਦਾ ਨਾਮ 'ਪੰਚ ਰਾਤ੍ਰ' ਹੈ।

ਅਠਵੀਂ ਸਦੀ ਈਸਵੀ ਵਿਚ ਸ੍ਵਾਮੀ ਸ਼ੰਕਰਾਚਾਰੀਆ ਦੇ ਅਦ੍ਵੈਤ ਮਤ ਨੇ ਇਸ ਦੇ ਵਾਧੇ ਵਿਚ ਕਾਫੀ ਰੁਕਾਵਟ ਪਾਈ ਤੇ ਆਮ ਲੋਕ ਸ੍ਵਾਮੀ ਦੇ ਦਾਰਸ਼ਨਿਕ ਖਿਆਲਾਂ ਤੋਂ ਪਰਭਾਵਤ ਹੋ ਕੇ ਅਦ੍ਵੈਤ-ਵੇਦਾਂਤ ਵਲ ਖਿਚੇ ਗਏ। ਪਰ ਮਗਰੋਂ ਜਨ ਸਾਧਾਰਨ ਲਈ ਇਹ ਉਚ ਪਾਏ ਦਾ ਦਾਰਸ਼ਿਨਕ ਗਿਆਨ ਮਾਰਗ ਕੁਝ ਬਾਹਲਾ ਹੀ ਕਠਨ ਜਾਪਿਆ ਤੇ ਮਸਾਂ ਦੋ ਸਦੀਆਂ ਦੇ ਅੰਦਰ-ਅੰਦਰ ਇਸਦਾ ਅਸਰ ਆਮ ਜਨਤਾ ਵਿਚੋਂ ਖਤਮ ਹੋ ਗਿਆ।

ਸ੍ਰੀ ਰਾਮਾਨੁਜ ਜੀ ਨੇ ਇਸਨੂੰ ਮੁੜ ਸੁਰਜੀਤ ਕੀਤਾ। ਇਨ੍ਹਾਂ ਤੋਂ ਮਗਰੋਂ

ਇਸ ਭਗਤੀ ਲਹਿਰ ਦੇ ਕਈ ਪਰਚਾਰਕ ਹੋਏ, ਜਿਨ੍ਹਾਂ ਵਿਚੋਂ ਨਿੰਬਾਰਕ, ਮਾਧਵ, ਰਾਮਾਨੰਦ, ਕਬੀਰ, ਵਲਭ, ਚੈਤੰਨਯ, ਨਾਮਦੇਵ, ਤੁਕਾਰਾਮ, ਰਵਿਦਾਸ ਆਦਿ ਦੇ ਨਾਮ ਵਰਨਣ ਯੋਗ ਹਨ। ਭਾਵੇਂ ਇਹ ਸਾਰੇ ਭੀ ਭਗਤੀ ਲਹਿਰ ਦੇ ਪਰਚਾਰਕ ਸਨ, ਪਰ ਪੜਚੋਲ ਦਸਦੀ ਹੈ ਕਿ ਇਨ੍ਹਾਂ ਦੇ ਸਿਧਾਂਤਾਂ ਵਿਚ ਬਹੁਤ ਸਾਰਾ ਅੰਤਰ ਸੀ। ਦ੍ਵੈਤ ਵਾਦੀ ਤੇ ਅਦ੍ਵੈਤ ਵਾਦੀ ਦੋਵੇਂ ਹੀ ਪੱਖ ਇਨ੍ਹਾਂ ਵਿਚ ਮਿਲਦੇ ਹਨ। ਇਨ੍ਹਾਂ ਦੋਹਾਂ ਦੇ ਵਿਚਾਲੇ-ਵਿਚਾਲੇ ਰਹਿਣ ਵਾਲੀ ਇਕ ਤੀਜੀ ਸ਼੍ਰੇਣੀ ਵੀ ਇਨ੍ਹਾਂ ਵਿਚ ਹੈ ਸੀ। ਹੁਣ ਅਸੀਂ ਸੰਖੇਪ ਵਿਚ ਕੁਝ ਕੁ ਦੇ ਵਿਚਾਰ ਪਾਠਕਾਂ ਸਾਹਮਣੇ ਰਖਣ ਦਾ ਯਤਨ ਕਰਾਂਗੇ।

ਰਾਮਾਨੁਜ ਦਾ ਵਿਸ਼ਿਸ਼ਟਾ ਦ੍ਵੈਤ

ਰਾਮਾਨੁਜ ਜੀ ਬ੍ਰਹਮ ਅਤੇ ਜੀਵ ਦੋ ਵਿਸ਼ੇਸ਼ ਹਸਤੀਆਂ ਮੰਨਦੇ ਹਨ। ਭਾਵੇਂ ਉਨ੍ਹਾਂ ਦੇ ਵਿਚਾਰ ਵਿਚ ਇਹ ਦੋਵੇਂ ਇਕ ਦੂਜੇ ਤੋਂ ਅਡਰੀਆਂ ਨਹੀਂ, ਈਸ਼੍ਵਰ ਸਾਰੀਆਂ ਹਸਤੀਆਂ ਵਿਚ ਉਨ੍ਹਾਂ ਦੀ ਅੰਤ੍ਰੀਵ ਆਤਮਾ ਦੇ ਤੌਰ ਤੇ ਵਿਆਪਕ ਵੀ ਹੈ ਤੇ ਅਲੇਪ ਵੀ। ਤਤ੍ਵ ਤੇ ਕੀਮਤ ਇਕੋ ਹਨ। ਬ੍ਰਹਮ ਆਪਣੇ ਸੁਭਾਵ ਕਰਕੇ ਹੀ ਅਨੰਤ ਹੈ। ਉਹ ਸੀਮਤ ਜੀਵ ਨੂੰ ਵੀ ਅਨੰਤ ਬਨਾਣ ਦੀ ਸਮਰਥਾ ਰਖਦਾ ਹੈ, ਇਸ ਲਈ ਉਹ ਬ੍ਰਹਮ ਹੈ। ਵਡੀ ਗਲ ਇਹ ਹੈ ਕਿ ਬ੍ਰਹਮ ਜੀਵ ਦੇ ਵਿਅਕਤੀਤ੍ਵ ਨੂੰ ਨਾਸ਼ ਕੀਤੇ ਬਿਨਾ ਹੀ ਉਸਨੂੰ ਅਨੰਤ ਕਰ ਦੇਂਦਾ ਹੈ। ਬ੍ਰਹਮ ਅਦ੍ਰਿਸ਼ ਹੈ ਤੇ ਕੇਵਲ ਅਨੁਭਵ ਦੁਆਰਾ ਹੀ ਜਾਣਿਆ ਜਾਂਦਾ ਹੈ।

ਜੀਵ ਦ੍ਰਵਯ ਵੀ ਹੈ ਤੇ ਵਿਸ਼ੇਸ਼ਣ ਵੀ।

ਚੇਤਨਾ ਨੂੰ ਆਤਮਾ ਤੋਂ ਵਖਰਾ ਨਹੀਂ ਕੀਤਾ ਜਾ ਸਕਦਾ, ਭਾਵੇਂ ਉਨ੍ਹਾਂ ਦੀ ਪਛਾਣ ਵਿਚ ਅਸੀਂ ਵਖਰਾਪਨ ਲਿਆ ਸਕਦੇ ਹਾਂ। ਦੀਵਾ ਤੇ ਰੋਸ਼ਨੀ ਨਿਖੇੜੇ ਨਹੀਂ ਜਾ ਸਕਦੇ। ਭਾਵੇਂ ਵਖੋ ਵਖਰੇ ਨਾਂ ਦੇ ਕੇ ਅਸੀਂ ਦੋਹਾਂ ਨੂੰ ਨਿਖੇੜ ਕੇ ਬਿਆਨਦੇ ਹਾਂ। ਧਰਮ ਭੂਤ ਗਿਆਨ ਦਾ ਸਿਧਾਂਤ ਹੀ ਇਹ ਹੈ ਕਿ ਇਕ ਆਤਮਾ ਹੀ ਚੇਤੰਨ ਹੈ। ਇਸੇ ਨੂੰ ਹੀ ਅਸੀਂ ਸ੍ਵੈ-ਚੇਤਨਾ ਵੀ ਕਹਿ ਲੈਂਦੇ ਹਾਂ।

ਬ੍ਰਹਮ ਨਿਰਦ੍ਵੰਦਤ ਸਤਯ ਹੈ, ਅਦੁਤੀ ਤੇ ਅਕਲੰਕ ਹੈ। ਉਹ ਸਤਯਮ, ਗਿਆਨਮ, ਅਪਹਤ, ਪਾਪਮਤਵਮ, ਸੁੰਦਰਮ ਅਤੇ ਆਨੰਦਮ ਹੈ। ਸ਼ਬਦ ਸਤਯਮ ਬ੍ਰਹਮ ਨੂੰ ਸਾਰੀ ਨਾਸਵਾਨ ਪ੍ਰਕਿਰਤੀ ਤੇ ਅਵਾਗਉਣ ਵਿਚ ਫਸੇ ਜੀਵ ਤੋਂ ਅਡਰਿਆਉਂਦਾ ਹੈ। ਬ੍ਰਹਮ ਹੀ ਚਿਤ ਤੇ ਅਚਿਤ ਦੋਹਾਂ ਪਦਾਰਥਾਂ ਦਾ ਸੋਮਾਂ ਹੈ।

ਜਗਤ ਕਿਉਂਕਿ ਬ੍ਰਹਮ ਤੇ ਅਧਾਰਿਤ ਹੈ ਇਸ ਲਈ ਇਹ ਵੀ ਸਤਯ

ਹੈ। ਅਚਿਤ ਨੂੰ ਅਸਤ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਸਦੀਵੀ ਪਰਿਣਾਮ ਹੈ। ਆਤਮਾ ਹੈ ਤਾਂ ਸਦੈਵੀ ਤੇ ਸਤਯ ਹੀ, ਪਰ ਇਸਦੀ ਚੇਤਨਾ ਕਰਮਾਂ ਅਨੁਸਾਰ ਵਧਦੀ ਘਟਦੀ ਰਹਿੰਦੀ ਹੈ।

ਸ਼ਾਸਤ੍ਰ ਆਤਮਕ ਸਚਾਈਆਂ ਦਾ ਖਜ਼ਾਨਾ ਹੈ। ਇਹ ਸੱਚ ਦੇ ਖੋਜੀਆਂ ਨੇ ਚੰਗੀ ਤੁਰਾਂ ਨਿਰਖ ਪਰਖ ਲਿਆ ਹੈ ਤੇ ਹੁਣ ਵੀ ਇਹ ਸਚਾਈ ਪਰਖੀ ਜਾ ਸਕਦੀ ਹੈ। ਇਹ ਪ੍ਰਮ ਗਿਆਨ ਦੀ ਅੰਤਮ ਨੀਂਹ ਹੈ।

ਅਵਿਦਿਆ ਕਰਮਾਂ ਦਾ ਪਰਿਣਾਮ ਹੈ। ਇਹ ਜੀਵ ਦੀ ਅਪੂਰਣਤਾ ਹੈ ਤੇ ਇਸ ਉਤੇ ਜਿਤ ਪ੍ਰਾਪਤ ਕਰ ਲੈਣ ਵਾਲਾ, ਵਿਜੇਈ ਮੁਮੁਕਸ਼ੂ ਬਣ ਜਾਂਦਾ ਹੈ। ਸਿਰਜਣਾ ਅਤੇ ਨਾਸ ਪਰਵਾਹ ਰੂਪ ਹਨ ਤੇ ਬਿਨਾ ਅੰਤ ਜਾਰੀ ਰਹਿੰਦੇ ਹਨ। ਜਗਤ ਦੀ ਉਤਪਤੀ ਦਾ ਪ੍ਰਯੋਜਨ ਆਤਮਾਵਾਂ ਦੀ ਮੁਕਤੀ ਹੈ।

ਰਾਮਾਨੁਜ ਜੀ ਪਰਕ੍ਰਿਤੀ ਦੇ ਪਸਾਰੇ ਨੂੰ ਸਾਂਖ ਸ਼ਾਸਤਰ ਵਾਂਗ ਹੀ ਮੰਨਦੇ ਹਨ, ਪਰ ਪਰਸ਼ੋਤਮ ਛੱਬੀਵਾਂ ਗੁਣ ਇਨ੍ਹਾਂ ਸਾਂਖ ਤੋਂ ਵਧ ਮੰਨਿਆ ਹੈ।

ਮੁਕਤੀ ਦਾ ਸਾਧਨ

ਮੁਕਤੀ ਦਾ ਮੁਖ ਸਾਧਨ ਕਰਮ ਯੋਗ ਅਰਥਾਤ ਨਿਸ਼ਕਾਮ ਕਰਮ ਕਰਨੇ ਹਨ। ਜੀਵਨ ਕ੍ਰਿਆ ਦੇ ਆਸਰੇ ਤੇ ਹੀ ਉਸਰਦਾ ਹੈ, ਇਸ ਲਈ ਕੋਈ ਜੀਵ ਵੀ ਨਿਸ਼ਕ੍ਰਿਆ ਨਹੀਂ ਹੋ ਸਕਦਾ। ਨਿਸ਼ਕਾਮ ਕਰਮ ਗਿਆਨ ਉਪਜਾਂਦੇ ਹਨ ਤੇ ਜੀਵ ਇਸ਼ ਅਸਲੀਅਤ ਨੂੰ ਜਾਣ ਲੈਂਦਾ ਹੈ ਕਿ ਮੇਰੇ ਜੀਵਨ ਦੀ ਨੀਂਹ ਈਸ਼੍ਵਰ ਹੈ। ਇਸ ਅਸਲੀਅਤ ਦੀ ਟੋਹ ਇਸ ਦੇ ਅੰਦਰ ਇਕ ਖੋਹ ਜਹੀ ਪਾਂਦੀ ਹੈ, ਜੋ ਵੈਰਾਗ ਦਾ ਰੂਪ ਧਾਰ, ਜੀਵ ਨੂੰ ਈਸ਼ਵਰ ਦੇ ਧਿਆਨ ਵਿਚ ਜੋੜ ਦੇਂਦੀ ਹੈ। ਇਸ ਧਿਆਨ ਵਿਚੋਂ ਸੁਤੇ ਸਿਧ ਹੀ ਭਗਤੀ ਪੁੰਗਰਦੀ ਹੈ ਅਤੇ ਸਚਾ ਭਗਤ ਈਸ਼ਵਰ ਨੂੰ ਸ਼ਰਬ ਵਿਆਪਕ ਜਾਣ ਸੇਵਾ ਵਿਚ ਜੁਟ ਪੈਂਦਾ ਹੈ ਤੇ ਅੰਤ ਵਿਚ ਈਸ਼ਵਰ ਨਾਲ ਇਕ ਮਿਕ ਹੋ, ਪਰਮ ਆਨੰਦ ਪ੍ਰਾਪਤ ਕਰ ਲੈਂਦਾ ਹੈ।

ਮਾਧਵਾਚਾਰਯ ਦਾ ਦ੍ਵੈਤ ਮਤ

ਪਰਮਾ (ਸਹੀ ਗਿਆਨ) ਤੇ ਪ੍ਰਮਾਣ ਵਾਸਤਵ ਵਿਚ ਓਹੀ ਹੋ ਸਕਦੇ ਹਨ, ਜਿਹੜੇ ਗੇਯ ਵਸਤੂ ਨੂੰ ਯਥਾਰਥ ਰੂਪ ਵਿਚ ਦਰਸਾਉਣ। ਗਿਆਨ ਨੂੰ ਵਸਤੂ ਹੀਣ ਕਹਿਣਾ, ਉਸਨੂੰ ਨਿਰਮੂਲ ਸਿਧ ਕਰਨਾ ਹੈ। ਜਦ ਤਕ ਅਸਲ ਚਾਂਦੀ ਦਾ

ਗਆਨ ਨਿ ਹੋਏ, ਉਸਦਾ ਸਿਪੀ ਵਿਚ ਪਰਤੀਤ ਹੋਣਾ ਸੰਭਵ ਨਹੀਂ ।

ਸਾਖੀ ਤਾਂ ਵਸਤ ਨੂੰ ਉਸਦੇ ਅਸਲ ਰੂਪ ਵਿਚ ਬੁਝਦਾ ਹੈ, ਪਰਮਾਨ ਤੇ ਇੰਦ੍ਰੀਆਂ ਰਾਹੀਂ ਹਾਸਲ ਹੋਇਆ ਗਿਆਨ ਕੋਈ ਜ਼ਰੂਰੀ ਨਹੀਂ ਸਹੀ ਹੋਵੇ, ਓਹ ਕਦੀ ਕਦੀ ਗਲਤ ਵੀ ਹੋ ਸਕਦਾ ਹੈ। ਸਾਖੀ ਰਾਹੀਂ ਉਪਜੇ ਤੇ ਮਨ ਰਾਹੀਂ ਉਪਜੇ ਗਿਆਨ ਵਿਚ ਇਹ ਅੰਤਰ ਹੈ । ਆਤਮਾ ਦਾ ਆਪਣੀ ਹਸਤੀ ਬਾਰੇ ਗਿਆਨ ਜਾਂ ਸੁਖੋਪਤੀ ਵਿਚ ਸੁਖ ਦਾ ਗਿਆਨ ਕਦੇ ਝੁਠਲਾਏ ਨਹੀਂ ਜਾ ਸ਼ਕਦੇ ।

ਮਨ ਰਾਹੀਂ ਉਪਜੇ ਗਿਆਨ ਵਿਚ ਤਾਂ ਸਾਖੀ ਦਾ ਹੋਣਾ ਜ਼ਰੂਰੀ ਹੈ । ਸਾਖੀ ਤੋਂ ਬਿਨਾਂ ਮਨ ਰਾਹੀਂ ਗਿਆਨ ਉਪਜ ਹੀ ਨਹੀਂ ਸਕਦਾ, ਪ੍ਰੰਤੂ ਸਾਖੀ ਦਾ ਸਿਧਾ ਗਿਆਨ ਹੁੰਦਾ ਹੀ ਤਦ ਹੈ, ਜਦੋਂ ਮਨ ਦੀ ਵਰਤੋਂ ਨਾ ਕੀਤੀ ਜਾਵੇ ।

ਮਾਧਵਾਚਾਰਯਾ ਆਪਣੇ ਮਤ ਅਨੁਸਾਰ ਕਰਮ ਦਾ ਤਰੀਕਾ ਇਸਤਰ੍ਹਾਂ ਦਸਦੇ ਹਨ । ਉਹਨਾਂ ਦੇ ਵਿਚਾਰ ਵਿਚ ਇਹ (ਕਰਮ) ਹੁਕਮ ਜਾਂ ਪ੍ਰਮਾਣ ਨਹੀਂ ਤੱਤ ਦਾ ਗਿਆਨ ਜੋ ਸੁਤੇ ਸਿਧ ਹੈ ਤੇ ਜਿਸ਼ ਵਿਚ ਸਮੁਚੇ ਤੌਰ ਤੇ ਸਭ ਕੁਝ ਆ ਜਾਂਦਾ ਹੈ, ਵੇਦਾਂ ਤੋਂ ਪ੍ਰਾਪਤ ਹੋਂਦਾ ਹੈ । ਬ੍ਰਹਮ ਨੇ ਭ੍ਰਾਂਤੀ ਆਪ ਪੈਦਾ ਕੀਤੀ ਹੈ ਤੇ ਕੀਤੀ ਇਸ ਲਈ ਹੈ ਕਿ ਇਸ ਦੇ ਟਾਕਰੇ ਤੇ ਗਿਆਨ ਵਧੇਰੇ ਪ੍ਰਕਾਸ਼ਮਈ ਜਾਪੇ । ਪੂਰਨ ਜਿਗਿਆਸ਼ਾ ਰਾਹੀਂ ਬ੍ਰਹਮ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਅੰਮ੍ਰਿਤਾ ਬ੍ਰਹਮ ਦੀ ਮਿਹਰ ਦਾ ਹੀ ਸ਼ਿਟਾ ਹੈ । ਜੋ ਸਜਣ ਇਹ ਕਹਿੰਦੇ ਹਨ, ਜੋ ਅੰਮ੍ਰਿਤਾ ਦੀ ਪ੍ਰਾਪਤੀ ਗਿਆਨ ਤੋਂ ਹੈ, ਬ੍ਰਹਮ ਦੀ ਮਿਹਰ ਤੋਂ ਨਹੀਂ, ਉਨ੍ਹਾਂ ਉਪਨਿਸ਼ਦਾਂ ਦੇ ਭਾਵ ਨੂੰ ਸਹੀ ਤੌਰ ਤੇ ਨਹੀਂ ਸਮਝਿਆ । ਜਦ ਉਪਨਿਸ਼ਦਾਂ ਵਿਚ ਇਹ ਗਲ ਸਪਸ਼ਟ ਤੌਰ ਤੇ ਮਿਲਦੀ ਹੈ, ਜੋ ਹਰ ਪਾਸੇ ਦਾ ਸਿਰਜਨਹਾਰ ਬ੍ਰਹਮ ਆਪ ਹੈ, ਤਾਂ ਫਿਰ ਗਿਆਨ ਕਿਸੇ ਦੂਜੇ ਦੀ ਸਿਰਜਨਾ ਕਿਵੇਂ ਹੋ ਸਕਦਾ ਹੈ ? ਉਹ ਵੀ ਤਾਂ ਬ੍ਰਹਮ ਦੀ ਹੀ ਸਿਰਜਨਾ ਹੋਈ। ਕਰਮ ਅਤੇ ਭਗਤੀ ਵੀ ਮੁਕਤੀ ਦਾ ਕਾਰਣ ਨਹੀਂ । ਕਰਮ ਤੇ ਭਗਤੀ ਦੋਵੇਂ ਹੀ ਗਿਆਨ ਆਸਰੇ ਹਨ । ਕਰਮ ਲਈ ਗਿਆਨ ਦਾ ਹੋਣਾ ਜ਼ਰੂਰੀ ਹੈ ਤੇ ਭਗਤੀ ਗਿਆਨ ਵਿਚ ਭਗਤੀ ਦਾ ਅੰਸ਼ ਹੈ। ਕਰਮ, ਗਿਆਨ ਦੇ ਕਰਤ੍ਰੀ ਗੁਣ ਨੂੰ ਪ੍ਰਗਟ ਕਰਦਾ ਹੈ ।

ਜਿਗਿਆਸਾ ਜਗਯਾਸੂ ਲਈ ਜ਼ਰੂਰੀ ਹੈ । ਸ੍ਰਵਣ, ਮਨਣ ਤੇ ਨਿਧਿਆਸਣ ਦੇ ਸੁਕ੍ਰਿਤ ਅਭਿਆਸ ਰਾਹੀਂ ਗਿਆਨ ਉਪਜਦਾ ਹੈ । ਇਹ ਕੋਈ ਅਕ੍ਰਤ੍ਰੀ ਸੂਝ ਨਹੀਂ । ਸੁਤੇ ਸਿਧੀ ਗਿਆਨ ਦਾ ਹੀ ਗੁਣ ਹੈ ਤੇ ਇਸ਼ ਦੀ ਰੁਚੀ ਹੋਰ ਵਧੀਕ ਹੋਣ ਵਲ ਹੈ । ਇਸ ਅਸਲੀਅਤ ਨੂੰ ਸਮਝ ਲੈਣਾ ਹੀ ਸਰਬ-ਉਤਮ ਤਪ,

ਉਪਾਸ਼ਨਾ ਜਾਂ ਗਿਆਨ ਹੈ, ਇਸ ਲਈ ਕਿਸ ਵਿਅਕਤੀ ਨੂੰ ਖਿਨ ਭਰ ਲਈ ਵੀ ਜਿਗਿਆਸਾ ਤੋਂ ਬਿਨਾਂ ਰਹਿਣਾ ਉਚਿਤ ਨਹੀਂ।

ਨਿਰਗੁਣ ਬ੍ਰਹਮ ਅਵਿਦਿਆ ਦਾ ਆਸਰਾ ਨਹੀਂ ਹੋ ਸਕਦਾ। ਜੇ ਬ੍ਰਹਮ ਨਿਰਗੁਣ ਹੈ, ਤਾਂ ਨਿਰਗੁਣ ਬ੍ਰਹਮ ਤੇ ਅਵਿਦਿਆ ਇਕੱਠੇ ਰਹਿ ਹੀ ਨਹੀਂ ਸਕਦੇ। ਅਵਿਦਿਆ ਦੀ ਹਸਤੀ ਮੰਨਣ ਤੇ ਜ਼ੋਰ ਦੇਣਾ, ਉਸਨੂੰ ਇਕ ਆਜ਼ਾਦ ਹਸਤੀ ਬਨਾਣਾ ਹੈ। ਬ੍ਰਹਮ ਨੂੰ ਸਰੀਰਕ ਜਾਂ ਸਰਗੁਣ ਕਹਿਣਾ ਦ੍ਵੈਤ ਪ੍ਰਗਟ ਕਰਦਾ ਹੈ। ਇਹ ਦ੍ਵੈਤ ਦ੍ਰਵ ਤੇ ਗੁਣ ਦੀ ਹੈ। ਉਨ੍ਹਾਂ ਵਿਚ ਕਿਸੇ ਕਿਸਮ ਦਾ ਸਬੰਧ ਦਰਸਾਣਾ ਦ੍ਵੈਤ ਨੂੰ ਸਗੋਂ ਪਕਿਆਂ ਕਰੇਗਾ।

ਅਪੂਰਣਤਾ ਦਾ ਖਿਆਲ ਹੀ ਸੰਪੂਰਣਤਾ ਦਾ ਖਿਆਲ ਉਪਜਾਂਦਾ ਹੈ ਤੇ ਕਈ ਹਾਲਤਾਂ ਵਿਚ ਇਹ ਸੰਪੂਰਣਤਾ ਭਾਵ ਬ੍ਰਹਮ ਦੀ ਹੋਂਦ ਤੇ ਵੀ ਸ਼ੱਕ ਪੈਦਾ ਕਰ ਦੇਂਦਾ ਹੈ। ਅਸਲ ਵਿਚ ਇਹ ਸ਼ੱਕ ਹੀ ਫਿਲਾਸਫੀ ਨੂੰ ਜਨਮ ਦੇਂਦਾ ਹੈ। ਬ੍ਰਹਮ ਦੀ ਹੋਂਦ ਤੇ ਸ਼ੱਕ ਕਰਨਾ ਜਾਂ ਬ੍ਰਹਮ ਦੇ ਗਿਆਨ ਦਾ ਕੋਈ ਵਸੀਲਾ ਹੈ ਯਾ ਨਹੀਂ, ਇਹ ਕਿੰਤੂ ਕਰਨਾ ਹੀ ਫਿਲਾਸਫੀ ਨੂੰ ਅਨਿਵਾਰੀਯ ਬਣਾ ਦੇਂਦਾ ਹੈ। ਇਹ ਦਾਹਵਾ ਕਰਨਾ, ਜੋ ਬ੍ਰਹਨ ਗਿਆਨ ਦਾ ਵਿਸ਼ੇ ਨਹੀਂ, ਆਪਣੇ ਆਪ ਵਿਚ ਫਿਲਾਸਫੀ ਤੋਂ ਇਨਕਾਰ ਕਰਨਾ ਹੈ। ਪਰ ਫਿਲਾਸਫੀ ਦਾ ਆਸਰਾ ਲਏ ਬਿਨਾ ਇਹ ਇਨਕਾਰ ਵੀ ਤਾਂ ਨਹੀਂ ਹੋ ਸਕਦਾ? ਇਨਕਾਰ ਵਿਚ ਵੀ ਤਾ ਸ੍ਵੈ-ਵਿਰੋਧ ਹੈ। ਮੁਕਤੀ ਇੱਛਾ ਕਰਨੀ ਫਿਲਾਸਫੀ ਤੋਂ ਮੁਖ ਮੋੜਨਾ ਹੈ। ਇੱਛਾ ਦਾ ਕਾਰਣ ਮਾਇਆ ਹੈ ਤੇ ਇਹ ਨਿਰਾ ਪੁਰਾ ਦੁਖ ਹੈ। ਮਾਇਆ ਤੇ ਫਿਲਾਸਫੀ ਪਰਸਪਰ ਵਿਰੋਧੀ ਹਨ। ਫਿਲਾਸਫੀ ਅਸਲ ਵਿਚ ਮਨੁਖ ਕ੍ਰਿਤ ਬ੍ਰਹਮ ਦੇ ਪ੍ਰਸਾਦਿ ਦਾ ਸਿਟਾ ਹੈ।

ਫਿਲਾਸਫੀ ਇਕ ਅਮਲ ਹੈ, ਜਿਸ ਰਾਹੀਂ ਗਿਆਨ ਦੇ ਸਰਬ ਸ੍ਰੇਸ਼ਟ ਸੋਮੇਂ ਨੂੰ ਲਭਿਆ ਜਾ ਸਕਦਾ ਹੈ। ਫਿਲਾਸਫੀ ਦਾ ਵਿਸ਼ਾ ਪਰਮ ਤੱਤ ਨੂੰ ਲਭਣਾ ਹੈ। ਬ੍ਰਹਮ ਗਿਆਨ ਦਾ ਸੋਮਾਂ ਹੋਣ ਕਰਕੇ ਇਹ ਨਿਤਯ, ਨਿਰਦੋਸ਼, ਸੁਤਹ-ਪਰਮਾਣ ਅਤੇ ਅਪਰੁ ਉਸੇਧ ਹੈ। ਇਸ ਭਾਵ ਵਿਚ ਇਸਦਾ ਨਾਮ ਵੇਦ ਹੈ। ਤੱਤ ਰੂਪ ਵਿਚ ਬ੍ਰਹਮ ਹਰ ਤਰ੍ਹਾਂ ਨਾਲ ਸੰਪੂਰਨ ਹੈ। ਸਰਬ ਪੂਰਨ, ਸਰਬ ਸ਼ਕਤੀਮਾਨ ਅਤੇ ਸਭ ਦਾ ਸਤਾ ਪਰਦਾਤਾ ਹੈ। ਤੱਤ ਦਾ ਭਾਵ ਵਸਤੂ ਦਾ ਸ੍ਵਰੂਪ ਉਸ ਦੀ ਪ੍ਰਮਿਤਿ ਤੇ ਪ੍ਰਵ੍ਰਿਤਿ ਸਭ ਦਾ ਕਰਤਾ ਅਤੇ ਦਾਤਾ ਹੋਣ ਕਾਰਣ ਬ੍ਰਹਮ ਦਾ ਨਾਮ ਵਿਸ਼ਨੂ ਹੈ।

ਬ੍ਰਹਮ ਵੈਸੇ ਤਾਂ ਸਰਵ ਪੂਰਣ ਹੋਣ ਦੇ ਕਾਰਣ ਬੁਧੀ ਦਾ ਵਿਸ਼ਾ ਨਹੀਂ, ਐਪਰ ਨਿਤਯ ਤੇ ਸਦੈਵੀ ਹੋਂਦ ਹੈ ਤੇ ਸਭਸ ਦਾ ਮੂਲ ਹੋਣ ਦੇ ਕਾਰਨ ਉਸਦੀ ਸਮਝ ਪੈਂਦੀ ਹੈ।

ਗਿਆਨ ਨਿ ਹੋਇ, ਉਸਦਾ ਸਿਪੀ ਵਿਚ ਪਰਤੀਤ ਹੋਣਾ ਸੰਭਵ ਨਹੀਂ ।

ਸਾਖੀ ਤਾਂ ਵਸਤ ਨੂੰ ਉਸਦੇ ਅਸਲ ਰੂਪ ਵਿਚ ਬੁਝਦਾ ਹੈ, ਪਰਮਾਨ ਤੇ ਇੰਦ੍ਰੀਆਂ ਰਾਹੀਂ ਹਾਸਲ ਹੋਇਆ ਗਿਆਨ ਕੋਈ ਜ਼ਰੂਰੀ ਨਹੀਂ ਸਹੀ ਹੋਵੇ, ਓਹ ਕਦੀ ਕਦੀ ਗਲਤ ਵੀ ਹੋ ਸਕਦਾ ਹੈ । ਸਾਖੀ ਰਾਹੀਂ ਉਪਜੇ ਤੇ ਮਨ ਰਾਹੀਂ ਉਪਜੇ ਗਿਆਨ ਵਿਚ ਇਹ ਅੰਤਰ ਹੈ । ਆਤਮਾ ਦਾ ਆਪਣੀ ਹਸਤੀ ਬਾਰੇ ਗਿਆਨ ਜਾਂ ਸੁਖੋਪਤੀ ਵਿਚ ਸੁਖ ਦਾ ਗਿਆਨ ਕਦੇ ਝੁਠਲਾਏ ਨਹੀਂ ਜਾ ਸਕਦੇ ।

ਮਨ ਰਾਹੀਂ ਉਪਜੇ ਗਿਆਨ ਵਿਚ ਤਾਂ ਸਾਖੀ ਦਾ ਹੋਣਾ ਜ਼ਰੂਰੀ ਹੈ । ਸਾਖੀ ਤੋਂ ਬਿਨਾਂ ਮਨ ਰਾਹੀਂ ਗਿਆਨ ਉਪਜ ਹੀ ਨਹੀਂ ਸਕਦਾ, ਪ੍ਰੰਤੂ ਸਾਖੀ ਦਾ ਸਿਧਾ ਗਿਆਨ ਹੁੰਦਾ ਹੀ ਤਦ ਹੈ, ਜਦੋਂ ਮਨ ਦੀ ਵਰਤੋਂ ਨਾ ਕੀਤੀ ਜਾਵੇ ।

ਮਾਧਵਾਚਾਰਯਾ ਆਪਣੇ ਮਤ ਅਨੁਸਾਰ ਕਰਮ ਦਾ ਤਰੀਕਾ ਇਸਤਰ੍ਹਾਂ ਦਸਦੇ ਹਨ । ਉਹਨਾਂ ਦੇ ਵਿਚਾਰ ਵਿਚ ਇਹ (ਕਰਮ) ਹੁਕਮ ਜਾਂ ਪ੍ਰਮਾਣ ਨਹੀਂ ਤੱਤ ਦਾ ਗਿਆਨ ਜੋ ਸੁਤੇ ਸਿਧ ਹੈ ਤੇ ਜਿਸ ਵਿਚ ਸਮੁਚੇ ਤੌਰ ਤੇ ਸਭ ਕੁਝ ਆ ਜਾਂਦਾ ਹੈ, ਵੇਦਾਂ ਤੋਂ ਪ੍ਰਾਪਤ ਹੋਂਦਾ ਹੈ । ਬ੍ਰਹਮ ਨੇ ਭ੍ਰਾਂਤੀ ਆਪ ਪੈਦਾ ਕੀਤੀ ਹੈ ਤੇ ਕੀਤੀ ਇਸ ਲਈ ਹੈ ਕਿ ਇਸ ਦੇ ਟਾਕਰੇ ਤੇ ਗਿਆਨ ਵਧੇਰੇ ਪ੍ਰਕਾਸ਼ਮਈ ਜਾਪੇ । ਪੂਰਨ ਜਿਗਿਆਸਾ ਰਾਹੀਂ ਬ੍ਰਹਮ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਅੰਮ੍ਰਿਤਾ ਬ੍ਰਹਮ ਦੀ ਮਿਹਰ ਦਾ ਹੀ ਸਿਟਾ ਹੈ । ਜੋ ਸਜਣ ਇਹ ਕਹਿੰਦੇ ਹਨ, ਜੋ ਅੰਮ੍ਰਿਤਾ ਦੀ ਪ੍ਰਾਪਤੀ ਗਿਆਨ ਤੋਂ ਹੈ, ਬ੍ਰਹਮ ਦੀ ਮਿਹਰ ਤੋਂ ਨਹੀਂ, ਉਨ੍ਹਾਂ ਉਪਨਿਸ਼ਦਾਂ ਦੇ ਭਾਵ ਨੂੰ ਸਹੀ ਤੌਰ ਤੇ ਨਹੀਂ ਸਮਝਿਆ । ਜਦ ਉਪਨਿਸ਼ਦਾਂ ਵਿਚ ਇਹ ਗਲ ਸਪਸ਼ਟ ਤੌਰ ਤੇ ਮਿਲਦੀ ਹੈ, ਜੋ ਹਰ ਪਾਸੇ ਦਾ ਸਿਰਜਨਹਾਰ ਬ੍ਰਹਮ ਆਪ ਹੈ, ਤਾਂ ਫਿਰ ਗਿਆਨ ਕਿਸੇ ਦੂਜੇ ਦੀ ਸਿਰਜਨਾ ਕਿਵੇਂ ਹੋ ਸਕਦਾ ਹੈ ? ਉਹ ਵੀ ਤਾਂ ਬ੍ਰਹਮ ਦੀ ਹੀ ਸਿਰਜਨਾ ਹੋਈ । ਕਰਮ ਅਤੇ ਭਗਤੀ ਵੀ ਮੁਕਤੀ ਦਾ ਕਾਰਣ ਨਹੀਂ । ਕਰਮ ਤੇ ਭਗਤੀ ਦੋਵੇਂ ਹੀ ਗਿਆਨ ਆਸਰੇ ਹਨ । ਕਰਮ ਲਈ ਗਿਆਨ ਦਾ ਹੋਣਾ ਜ਼ਰੂਰੀ ਹੈ ਤੇ ਭਗਤੀ ਗਿਆਨ ਵਿਚ ਭਗਤੀ ਦਾ ਅੰਸ਼ ਹੈ । ਕਰਮ, ਗਿਆਨ ਦੇ ਕਰਤ੍ਰੀ ਗੁਣ ਨੂੰ ਪ੍ਰਗਟ ਕਰਦਾ ਹੈ ।

ਜਿਗਿਆਸਾ ਜੰਗਯਾਸੂ ਲਈ ਜ਼ਰੂਰੀ ਹੈ । ਸ੍ਰਵਣ, ਮਨਣ ਤੇ ਨਿਧਿਆਸਣ ਦੇ ਸੂਕ੍ਰਿਤ ਅਭਿਆਸ ਰਾਹੀਂ ਗਿਆਨ ਉਪਜਦਾ ਹੈ । ਇਹ ਕੋਈ ਅਕ੍ਰਤ੍ਰੀ ਸੂਝ ਨਹੀਂ । ਸੁਤੇ ਸਿਧੀ ਗਿਆਨ ਦਾ ਹੀ ਗੁਣ ਹੈ ਤੇ ਇਸ ਦੀ ਰੁਚੀ ਹੋਰ ਵਧੀਕ ਹੋਣ ਵਲ ਹੈ । ਇਸ ਅਸਲੀਅਤ ਨੂੰ ਸਮਝ ਲੈਣਾ ਹੀ ਸਰਬ-ਉਤਮ ਤਪ,

ਉਪਾਸ਼ਨਾ ਜਾਂ ਗਿਆਨ ਹੈ, ਇਸ ਲਈ ਕਿਸੇ ਵਿਅਕਤੀ ਨੂੰ ਖਿਨ ਭਰ ਲਈ ਵੀ ਜਿਗਿਆਸਾ ਤੋਂ ਬਿਨਾਂ ਰਹਿਣਾ ਉਚਿਤ ਨਹੀਂ।

ਨਿਰਗੁਣ ਬ੍ਰਹਮ ਅਵਿਦਿਆ ਦਾ ਆਸਰਾ ਨਹੀਂ ਹੋ ਸਕਦਾ। ਜੇ ਬ੍ਰਹਮ ਨਿਰਗੁਣ ਹੈ, ਤਾਂ ਨਿਰਗੁਣ ਬ੍ਰਹਮ ਤੇ ਅਵਿਦਿਆ ਇਕੱਠੇ ਰਹਿ ਹੀ ਨਹੀਂ ਸਕਦੇ। ਅਵਿਦਿਆ ਦੀ ਹਸਤੀ ਮੰਨਣ ਤੇ ਜ਼ੋਰ ਦੇਣਾ, ਉਸਨੂੰ ਇਕ ਆਜ਼ਾਦ ਹਸਤੀ ਬਨਾਣਾ ਹੈ। ਬ੍ਰਹਮ ਨੂੰ ਸਰੀਰਕ ਜਾਂ ਸਰਗੁਣ ਕਹਿਣਾ ਦ੍ਵੈਤ ਪ੍ਰਗਟ ਕਰਦਾ ਹੈ। ਇਹ ਦ੍ਵੈਤ ਦ੍ਰਵ ਤੇ ਗੁਣ ਦੀ ਹੈ। ਉਨ੍ਹਾਂ ਵਿਚ ਕਿਸੇ ਕਿਸਮ ਦਾ ਸਬੰਧ ਦਰਸਾਣਾ ਦ੍ਵੈਤ ਨੂੰ ਸਗੋਂ ਪਕਿਆਂ ਕਵੇਗਾ।

ਅਪੂਰਣਤਾ ਦਾ ਖਿਆਲ ਹੀ ਸੰਪੂਰਣਤਾ ਦਾ ਖਿਆਲ ਉਪਜਾਂਦਾ ਹੈ ਤੇ ਕਈ ਹਾਲਤਾਂ ਵਿਚ ਇਹ ਸੰਪੂਰਣਤਾ ਭਾਵ ਬ੍ਰਹਮ ਦੀ ਹੋਂਦ ਤੇ ਵੀ ਸ਼ੱਕ ਪੈਦਾ ਕਰ ਦੇਂਦਾ ਹੈ। ਅਸਲ ਵਿਚ ਇਹ ਸ਼ੱਕ ਹੀ ਫਿਲਾਸਫੀ ਨੂੰ ਜਨਮ ਦੇਂਦਾ ਹੈ। ਬ੍ਰਹਮ ਦੀ ਹੋਂਦ ਤੇ ਸ਼ੱਕ ਕਰਨਾ ਜਾਂ ਬ੍ਰਹਮ ਦੇ ਗਿਆਨ ਦਾ ਕੋਈ ਵਸੀਲਾ ਹੈ ਯਾ ਨਹੀਂ, ਇਹ ਕਿੰਤੂ ਕਰਨਾ ਹੀ ਫਿਲਾਸਫੀ ਨੂੰ ਅਨਿਵਾਰੀਯ ਬਣਾ ਦੇਂਦਾ ਹੈ। ਇਹ ਦਾਹਵਾ ਕਰਨਾ, ਜੋ ਬ੍ਰਹਨ ਗਿਆਨ ਦਾ ਵਿਸ਼ੇ ਨਹੀਂ, ਆਪਣੇ ਆਪ ਵਿਚ ਫਿਲਾਸਫੀ ਤੋਂ ਇਨਕਾਰ ਕਰਨਾ ਹੈ। ਪਰ ਫਿਲਾਸਫੀ ਦਾ ਆਸਰਾ ਲਏ ਬਿਨਾ ਇਹ ਇਨਕਾਟ ਵੀ ਤਾਂ ਨਹੀਂ ਹੋ ਸਕਦਾ? ਇਨਕਾਰ ਵਿਚ ਵੀ ਤਾ ਸ੍ਵੈ-ਵਿਰੋਧ ਹੈ। ਮੁਕਤੀ ਇੱਛਾ ਕਰਨੀ ਫਿਲਾਸਫੀ ਤੋਂ ਮੁਖ ਮੋੜਨਾ ਹੈ। ਇੱਛਾ ਦਾ ਕਾਰਣ ਮਾਇਆ ਹੈ ਤੇ ਇਹ ਨਿਰਾ ਪੁਰਾ ਦੁਖ ਹੈ। ਮਾਇਆ ਤੇ ਫਿਲਾਸਫੀ ਪਰਸਪਰ ਵਿਰੋਧੀ ਹਨ। ਫਿਲਾਸਫੀ ਅਸਲ ਵਿਚ ਮਨੁਖ ਕ੍ਰਿਤ ਬ੍ਰਹਮ ਦੇ ਪ੍ਰਸਾਦਿ ਦਾ ਸਿਟਾ ਹੈ।

ਫਿਲਾਸਫੀ ਇਕ ਅਮਲ ਹੈ, ਜਿਸ ਰਾਹੀਂ ਗਿਆਨ ਦੇ ਸਰਬ ਸ੍ਰੇਸ਼ਟ ਸੋਮੇਂ ਨੂੰ ਲਭਿਆ ਜਾ ਸਕਦਾ ਹੈ। ਫਿਲਾਸਫੀ ਦਾ ਵਿਸ਼ਾ ਪਰਮ ਤੱਤ ਨੂੰ ਲਭਣਾ ਹੈ। ਬ੍ਰਹਮ ਗਿਆਨ ਦਾ ਸੋਮਾਂ ਹੋਣ ਕਰਕੇ ਇਹ ਨਿਤਯ, ਨਿਰਦੋਸ਼, ਸੁਤਹ-ਪਰਮਾਣ ਅਤੇ ਅਪਰੁ ਉਸੇਧ ਹੈ। ਇਸ ਭਾਵ ਵਿਚ ਇਸਦਾ ਨਾਮ ਵੇਦ ਹੈ। ਤੱਤ ਰੂਪ ਵਿਚ ਬ੍ਰਹਮ ਹਰ ਤਰ੍ਹਾਂ ਨਾਲ ਸੰਪੂਰਨ ਹੈ। ਸਰਬ ਪੂਰਨ, ਸਰਬ ਸ਼ਕਤੀਮਾਨ ਅਤੇ ਸਭ ਦਾ ਸਤਾ ਪਰਦਾਤਾ ਹੈ। ਤੱਤ ਦਾ ਭਾਵ ਵਸਤੂ ਦਾ ਸ੍ਵਰੂਪ ਉਸ ਦੀ ਪ੍ਰਮਿਤਿ ਤੇ ਪ੍ਰਵ੍ਰਿਤਿ ਸਭ ਦਾ ਕਰਤਾ ਅਤੇ ਦਾਤਾ ਹੋਣ ਕਾਰਣ ਬ੍ਰਹਮ ਦਾ ਨਾਮ ਵਿਸ਼ਨੂ ਹੈ।

ਬ੍ਰਹਮ ਵੈਸੇ ਤਾਂ ਸਰਵ ਪੂਰਣ ਹੋਣ ਦੇ ਕਾਰਣ ਬੁਧੀ ਦਾ ਵਿਸ਼ਾ ਨਹੀਂ, ਐਪਰ ਨਿਤਯ ਤੇ ਸਦੈਵੀ ਹੋਂਦ ਹੈ ਤੇ ਸਭਸ ਦਾ ਮੂਲ ਹੋਣ ਦੇ ਕਾਰਨ ਉਸਦੀ ਸਮਝ ਪੈਂਦੀ ਹੈ।

ਦ੍ਰਿਸ਼ਟਮਾਨ ਜਗਤ ਵਿਚ ਚੇਤਨ ਆਤਮਾਵਾਂ ਵੀ ਹਨ ਤੇ ਅਚੇਤ ਪਦਾਰਥ ਵੀ ਹਨ। ਵਿਅਕਤੀ ਗਤ ਆਤਮਾਵਾਂ ਅਨਗਿਣਤ ਹਨ ਤੇ ਹਰ ਇਕ ਆਤਮਾ ਇਕ ਦੂਜੇ ਤੇ ਅਸਰ ਪਾਂਦੀ ਹੈ, ਇਸ ਲਈ ਕੋਈ ਵੀ ਆਤਮਾ ਪੂਰਨ ਤੌਰ ਤੇ ਸੁਤੰਤਰ ਨਹੀਂ ਕਹੀ ਜਾ ਸਕਦੀ। ਭਾਵੇਂ ਆਤਮਾਵਾਂ ਦੀ ਹਸਤੀ ਅਡਰੀ-ਅਡਰੀ ਹੀ ਹੈ, ਫਿਰ ਭੀ ਇਕ ਆਤਮਾ ਦਾ ਦੂਜੀ ਆਤਮਾ ਤੇ ਅਸਰ ਬਹੁਤ ਵਡਾ ਹੋ ਸਕਦਾ ਹੈ। ਪਰਿਣਾਮ ਦੇ ਵਸ ਹੋਣਾ ਹੀ ਪਰਤੰਤ੍ਰ ਹੋਣਾ ਹੈ, ਇਸ ਲਈ ਜਗਤ ਦੀ ਹਰ ਚੇਤੰਨ ਜਾਂ ਅਚੇਤ ਵਸਤੂ ਆਪਣੇ ਸੁਭਾਵ ਤੋਂ ਹੀ ਪਰਤੰਤਰ ਹੈ।

ਪਰਤੰਤਰਤਾ ਤੋਂ ਇਨਕਾਰ ਕਰਨਾ ਜਾਂ ਇਸ ਦੀ ਥਾਂ ਤੇ ਮਾਇਆ ਨੂੰ ਲਿਆ ਖੜਾ ਕਰਨਾ, ਇਕ ਅਣਹੋਂਦ ਨੂੰ ਮਾਇਆ ਕਹਿਕੇ ਖੜਾ ਕਰ ਦੇਣਾ ਹੈ। ਪਰ ਇਨਕਾਰ ਜਾਂ ਮਾਇਆ ਇਹ ਵੀ ਤਾਂ ਪਰਤੰਤਰ ਹੈ। ਘਟੋ ਘਟ ਇਸਦਾ ਮੂਲ ਸੁਤੰਤਰ ਹੋਣਾ ਤਾਂ ਜ਼ਰੂਰੀ ਹੈ। ਸੋ ਪਰਤੰਤਰ ਵੀ ਕਿਸੇ ਨਾ ਕਿਸੇ ਭਾਵ ਵਿਚ ਅਸਲੀਅਤ ਹੈ। ਸੁਤੰਤਰ ਇਸ ਲਈ ਜੋਤ ਜਗਤ ਦਾ ਸਤ ਮੂਲ ਹੈ, ਤੇ ਇਹ ਆਪਣੀਆਂ ਸਾਰੀਆਂ ਜਿਨਸਾਂ ਵਿਚ ਸੁਤੇ-ਸਿਧ ਹੈ। ਇਹ ਆਪਣੇ ਆਪ ਨੂੰ ਆਪਣੇ ਕਾਰਜਾਂ ਰਾਹੀਂ ਪ੍ਰਗਟ ਕਰਦਾ ਹੈ ਤੇ ਉਨ੍ਹਾਂ ਕਾਰਜਾਂ ਤੋਂ ਇਸ ਲਈ ਜਾਣਿਆਂ ਜਾਂਦਾ ਹੈ। ਇਹ ਨਿਤਯ ਅਤੇ ਸਰਬ ਸ਼ਕਤੀਮਾਨ ਹੈ ਤੇ ਸਭ ਦਾ ਕਰਤਾ ਹੈ। ਜਦ ਇਹ ਸਾਰਿਆਂ ਦਾ ਹੀ ਕਰਤਾ ਹੈ, ਫੇਰ ਇਹ ਸਭ ਕੁਝ ਹੀ ਹੋਇਆ। ਸਾਰੀਆਂ ਕਿਸਮਾਂ ਤੇ ਜਿਨਸਾਂ ਇਸੇ ਦੀਆਂ ਹਨ। ਉਸਦੀ ਹਰ ਪ੍ਰਕਾਰ ਸੁਤੰਤਰ ਹੈ। ਇਹ ਆਪਣੇ ਆਪ ਸਭ ਭੇਦਾਂ ਤੋਂ ਰਹਿਤ ਹੈ, ਫਿਰ ਭੀ ਇਹ ਪਰਤੰਤਰ ਤੋਂ ਭਿੰਨ ਹੈ। ਪਰਤੰਤਰ ਨੂੰ ਇਸ ਦੀ ਥਾਂ ਦੇਣੀ ਇਸਦੀ ਸੁਤੰਤਰਤਾ ਤੋਂ ਇਨਕਾਰ ਕਰਨਾ ਹੈ। ਵੇਦ ਅਨੁਸਾਰ ਇਸ਼ ਦੀ ਸਰੂਪਤਾ ਪਰਤੰਤਰ ਤੋਂ ਵਖਰੀ ਹੈ।

ਵਿਸ਼ਨੂੰ ਨੂੰ ਸਭ ਦਾ ਕਰਤਾ ਮੰਨਣ ਨਾਲ ਅਸੀਂ ਇਸ ਸਿਟੇ ਤੇ ਪੁਜਦੇ ਹਾਂ ਕਿ ਸਰੀਰ ਵਿਸ਼ਨੂੰ ਦਾ ਵਾਹਿਨ (ਘੋੜਾ) ਹੈ। ਵਿਅਕਤੀਗਤ ਆਤਮਾ ਦਾ ਵਾਹਿਨ ਨਹੀਂ, ਕ੍ਰਿਆ ਜੀਵਨ ਹੈ ਤੇ ਜੀਵਨ ਗਿਆਨ ਦਾ ਪ੍ਰਗਟਾਉ ਹੈ।

ਮਾਧਵ ਵਰਨ ਬੰਧਨਾਂ ਵਿਚ ਵਿਸ਼ਵਾਸ਼ ਨਹੀਂ ਰਖਦਾ, ਉਸ ਦੇ ਖਿਆਲ ਵਿਚ ਸ਼ੂਦਰ ਤੇ ਅਛੂਤ ਦੋਵੇਂ ਹੀ ਵਿਸ਼ਨੂੰ ਭਗਤ ਹੋ ਸਕਦੇ ਹਨ ਤੇ ਦੋਵੇਂ ਹੀ ਬ੍ਰਹਮ ਦੀ ਫਿਲਾਸਫੀ ਦਾ ਅਧਿਐਨ ਕਰ ਸਕਦੇ ਹਨ।

ਨਿੰਬਾਰਕ ਦ੍ਵੈਤਾ ਦ੍ਵੈਤ

ਨਿੰਬਾਰਕ ਬਾਕੀ ਵੈਸ਼ਨੂੰਆਂ ਵਾਂਗ ਤਿੰਨ ਤੱਤ ਹੀ ਅਨਾਦੀ ਮੰਨਦਾ ਹੈ ਤੇ

ਉਹ ਹਨ ਬ੍ਰਹਮ, ਚਿੱਤ ਤੇ ਅਚਿਤ। ਨਿੰਬਾਰਕ ਨੇ ਪਰਮ ਤੱਤ ਨੂੰ ਕ੍ਰਿਸ਼ਨ ਜਾਂ ਹਰੀ ਦਾ ਨਾਮ ਦਿਤਾ ਹੈ। ਬ੍ਰਹਮ ਦੇ ਵੱਧ ਤੋਂ ਵੱਧ ਅਰਥ 'ਵਡਿਆਈ ਦਾ ਮਾਲਕ' ਕੀਤਾ ਹੈ ਜੋ ਅਦੁਤੀ ਤੇ ਸਭ ਤੋਂ ਵਡਾ ਹੈ। ਦੇਸ਼ ਕਾਲ ਦੀਆਂ ਹੱਦਾਂ ਉਸ ਤੇ ਲਾਗੂ ਨਹੀਂ। ਉਹ ਇਨ੍ਹਾਂ ਹੱਦ ਬੰਦੀਆਂ ਤੋਂ ਪਰ੍ਹੇ ਹੈ। ਕੋਈ ਦੂਜੀ ਹਸਤੀ ਅਜਿਹੀ ਨਹੀਂ ਜੋ ਉਸਦੇ ਅਸਲੇ, ਗੁਣ ਅਤੇ ਸ਼ਕਤੀਆਂ ਦਾ ਮੁਕਾਬਲਾ ਕਰ ਸਕੇ ਜਾਂ ਉਸਤੋਂ ਵੱਧ ਸਕੇ। ਬ੍ਰਹਮ ਹੀ ਪੁਰਸ਼ਾਂ ਤੇ ਪਰਕ੍ਰਿਤੀ ਦਾ ਮੂਲ ਕਾਰਣ ਹੈ। ਬ੍ਰਹਮੰਡ ਬ੍ਰਹਮ ਤੋਂ ਹੀ ਉਪਜਿਆ ਹੈ, ਉਸਦੇ ਆਸਰੇ ਤੇ ਹੀ ਕਾਇਮ ਹੈ। ਅੰਤ ਨੂੰ ਇਸ ਦੇ ਵਿਚ ਹੀ ਲੀਨ ਹੋ ਜਾਵੇਗਾ। ਬ੍ਰਹਮ ਜਗਤ ਦਾ ਉਪਦਾਨ ਕਾਰਣ ਵੀ ਹੈ ਤੇ ਨਮਿਤ ਕਾਰਣ ਵੀ ਤੇ ਇਸ ਤਰ੍ਹਾਂ ਇਹ ਬ੍ਰਹਮ ਦਾ ਹੀ ਪਰਿਣਾਮ ਹੈ।

ਜਿਸ ਤਰ੍ਹਾਂ ਮਿੱਟੀ ਦਾ ਘੜਾ ਨਿਰਾ ਪੁਰਾ ਮਿੱਟੀ ਹੀ ਹੁੰਦਾ ਹੈ, ਇਸੇ ਤਰ੍ਹਾਂ ਬ੍ਰਹਮ ਜਗਤ ਦਾ ਉਪਦਾਨ ਕਾਰਨ ਹੋਣ ਕਰਕੇ ਇਸ ਵਿਚ ਵਿਆਪਕ ਹੈ, ਤੇ ਇਸ ਤਰ੍ਹਾਂ ਜਗਤ ਦੀ ਹਰ ਇਕ ਵਸਤੂ ਬ੍ਰਹਮ ਤੋਂ ਛੁਟ ਹੋਰ ਕੁਝ ਵੀ ਨਹੀਂ। ਹਰ ਭਾਂਤ ਦੀਆਂ ਵਸਤਾਂ ਤੇ ਪਦਾਰਥ ਜੋ ਸਾਨੂੰ ਵੇਖਣ ਵਿਚ ਭਿੰਨ-ਭਿੰਨ ਦਿਸਦੇ ਹਨ, ਬ੍ਰਹਮ ਦਾ ਪਰਿਣਾਮ ਹੋਣ ਦੇ ਕਾਰਨ ਸਗਵੇਂ ਬ੍ਰਹਮ ਹੀ ਹਨ। ਇਹ ਕੁਮਿਹਾਰ ਵਾਂਗ ਘੜੇ ਦਾ ਕਰਤਾ ਹੋ ਕੇ ਘੜੇ ਤੋਂ ਵਖਰਾ ਨਹੀਂ, ਭਾਵ ਜਗਤ ਦਾ ਕਰਤਾ ਹੋ ਕੇ ਵੀ ਇਹ ਜਗਤ ਤੋਂ ਵਖਰਾ ਨਹੀਂ। ਭਾਵੇਂ ਬ੍ਰਹਮ ਜਗਤ ਤੋਂ ਉਚੇਰਾ ਤੇ ਵਡੇਰਾ ਹੈ ਤੇ ਜਗਤ ਇਸਨੂੰ ਪੂਰੇ ਤੌਰ ਤੇ ਪ੍ਰਗਟ ਵੀ ਨਹੀਂ ਕਰ ਸਕਦਾ ਤਦ ਵੀ ਜਗਤ ਵਿਚ ਵਿਆਪਕ ਹੋ ਕੇ ਸਾਰੇ ਜਗਤ ਦੀ ਕਾਰ ਨੂੰ ਚਲਾਂਦਾ ਹੈ।

ਬ੍ਰਹਮ ਵਿਚ ਪੂਰਣਤਾ, ਸੰਤੁਸ਼ਟਤਾ ਤੇ ਅਨੰਦ ਤਿੰਨੇ ਹੀ ਗੁਣ ਸਦੈਵੀ ਹਨ। ਜਗਤ ਸਾਜਣ ਉਸਦੀ ਲੀਲਾ ਹੈ ਤੇ ਇਹ ਲੀਲਾ ਜੀਵਾਂ ਨੂੰ ਆਪਣੇ ਕਰਮਾਂ ਦਾ ਫਲ ਭੁਗਤਾਣ ਲਈ ਹੀ ਰਚੀ ਗਈ ਹੈ।

ਬ੍ਰਹਮ ਨਿਰਗੁਣ ਨਹੀਂ ਸਰਗੁਣ ਹੈ। ਉਹ ਸਰਵੱਗ, ਸਰਬ ਸ਼ਕਤੀਮਾਨ ਤੇ ਸਰਬ ਵਿਆਪਕ ਹੈ। ਉਹ ਸੁੰਦਰ, ਅਨੰਦਮਯ ਤੇ ਦਿਆਲੂ ਹੈ। ਬ੍ਰਹਮ ਸਰਵ ਵਿਆਪਕ ਹੁੰਦਿਆ ਹੋਇਆਂ ਵੀ ਅਲੇਪ ਹੈ। ਭਾਵੇਂ ਸਰਵ ਸ਼ਕਤੀਮਾਨ ਹੈ ਫੇਰ ਭੀ ਸਰਵ-ਦਿਆਲੂ ਹੈ। ਹੈ ਤਾਂ ਸਰਬ ਵਿਆਪੀ ਪਰ ਮਨੁਖੀ ਆਤਮਾ ਦਾ ਵਾਸੀ ਹੈ। ਨਿਬੰਤ੍ਰੀ ਪਰ ਸਹਾਇਕ ਹੈ। ਇਹ ਸਾਧਾਰਣ ਸੂਝ ਜਾਂ ਅਨਮਾਨ ਦਾ ਵਿਸ਼ਾ ਨਹੀਂ, ਨਿਰਾ ਆਤਮਾ ਰਾਹੀਂ ਹੀ ਜਾਣਿਆ ਜਾਂਦਾ ਹੈ।

ਨਿੰਬਾਰਕ ਦੇ ਵਿਚਾਰ ਵਿਚ ਸਾਧਾਰਨ ਬੁਧੀ ਸੀਮਤ ਹੈ, ਵਿਵਹਾਰਕ ਅਤੇ ਸੰਸਾਰੀ ਵਸਤਾਂ ਲਈ ਯੁਕਤੀ ਜਾਂ ਅਨੁਮਾਨ ਤਾਂ ਸਾਧਾਰਨ ਮਨੁਖ ਵੀ ਲਗਾ ਸ਼ਕਦੇ ਹਨ, ਪਰ ਪਰਾ ਭੌਤਿਕ ਤੇ ਪਰਾ ਸੰਸਾਰਕ ਵਿਸ਼ੇ ਯੁਕਤੀ ਦੇ ਘੇਰੇ ਵਿਚ ਨਹੀਂ ਆ

ਸਕਦੇ। ਇਥੇ ਆਗਮ ਹੀ ਸਾਡਾ ਇਕੋ-ਇਕ ਪਥ-ਦਰਸ਼ੀ ਹੈ। ਸੰਤਾਂ ਪੈਗੰਬਰਾਂ ਤੇ ਮਹਾਨ ਆਤਮਾਵਾਂ ਦੀ ਡੂੰਘੀ ਤੇ ਲਗਾਤਾਰ ਸੋਚ, ਦ੍ਰਿੜ ਮੰਨਣ ਤੇ ਊਚਮ ਊਚੇ ਇਲਹਾਮ ਨੂੰ ਹੀ ਆਗਮ ਕਿਹਾ ਜਾਂਦਾ ਹੈ। ਇਹ ਪਰਾ ਸੰਸਾਰਕ ਵਿਸ਼ਾ ਉਨ੍ਹਾਂ ਮਹਾਨ ਆਤਮਾਵਾਂ, ਜੋ ਸਾਡੇ ਕੋਲੋਂ ਬਹੁਤ ਸਿਆਣੀਆਂ ਤੇ ਪਵਿੱਤਰ ਸਨ, ਦੇ ਸਾਹਮਣੇ ਇਹ ਇਕ ਖੁਲ੍ਹੀ ਕਿਤਾਬ ਸੀ। ਇਹ ਪੁਸਤਕ ਵਿਚ ਦਸੀਆਂ ਸਚਾਈਆਂ ਨੂੰ ਅਨੁਭਵ ਕਰਨ ਲਈ ਹਰ ਆਤਮਾ ਨੂੰ ਸੁਣਨ, ਮੰਨਣ ਤੇ ਨਿਧਿਆਸਨ ਦੀ ਲੋੜ ਹੈ।

ਚਿਤ ਦਾ ਅਸਲਾ ਚੇਤਨਾ ਹੈ। ਆਤਮਾ ਚੇਤਨ ਅਤੇ ਜਾਣਨਹਾਰ ਹੈ। ਇਹ ਕਰਨਹਾਰ ਤੇ ਭੋਗਤਾ ਵੀ ਹੈ। ਆਤਮਾਵਾਂ ਅਣੂ ਹਨ ਤੇ ਇਹ ਅਣਗਿਣਤ ਹਨ। ਇਹ ਇਕ-ਦੂਜੇ ਤੋਂ ਭਿੰਨ-ਭਿੰਨ ਹਨ ਤੇ ਬ੍ਰਹਮ ਨਾਲ ਵੀ ਇਨ੍ਹਾਂ ਦੀ ਕੋਈ ਏਕਤਾ ਨਹੀਂ। ਮੁਕਤ ਰੂਹਾਂ ਦਾ ਵੀ ਵਿਅਕਤੀਤਵ ਕਾਇਮ ਰਹਿੰਦਾ ਹੈ। ਇਸ ਦਾ ਭਾਵ ਸਿਰਫ ਇਸ ਦੇ ਅਸਲੀ ਸੁਭਾਵ ਤੇ ਗੁਣਾਂ ਦਾ ਅਵਿਕਾਸ਼ ਹੈ। ਜਦੋਂ ਇਸ ਦਾ ਵਿਕਾਸ਼ ਮੁਕੰਮਲ ਤੌਰ ਤੇ ਹੋ ਜਾਂਦਾ ਹੈ, ਤਾਂ ਇਸ ਦੇ ਦੈਵੀ ਗੁਣ ਤੇ ਸੁਭਾਵ ਪ੍ਰਗਟ ਹੋ ਜਾਂਦੇ ਹਨ ਤੇ ਇਹ ਈਸ਼ਵਰ ਰੂਪ ਹੋ ਜਾਂਦੀ ਹੈ, ਪਰ ਅਜਿਹੀ ਮੁਕਤੀ ਮਰਨ ਮਗਰੋਂ ਹੀ ਪ੍ਰਾਪਤ ਹੁੰਦੀ ਹੈ। ਅਦ੍ਵੈਤਵਾਦੀ ਜਿਸ ਤਰ੍ਹਾਂ ਇਸ ਜਨਮ ਵਿਚ ਹੀ ਮੁਕਤ ਹੋਣਾ ਮੰਨਦੇ ਹਨ, ਨਿੰਬਾਰਕ ਦੇ ਖਿਆਲ ਅਨੁਸਾਰ ਅਜਿਹਾ ਹੋਣਾ ਸੰਭਵ ਨਹੀਂ।

ਨਿੰਬਾਰਕ ਅਨੁਸਾਰ ਮੁਕਤੀ ਦੇ ਪੰਜ ਸਾਧਨ ਹਨ :

੧. ਕਰਮ। ੨. ਗਿਆਨ।
੩. ਭਗਤੀ ਅਤੇ ਉਪਾਸ਼ਨਾਂ।
੪. ਪ੍ਰਾਸੱਤੀ (ਪ੍ਰਮਾਤਮਾ ਅਗੇ ਆਪਾ ਸਮਰਪਨ ਕਰਨਾ)।
੫. ਗੁਰੂ ਪ੍ਰਸਤੀ (ਗੁਰੂ ਨੂੰ ਆਪਾ ਸਮਰਪਨ ਕਰਨਾ)।

ਨਿਸ਼ਕਾਮ ਕਰਮ ਮੰਨ ਦੀ ਮਲੀਨਤਾ ਦੂਰ ਕਰ ਕੇ ਇਸ ਨੂੰ ਮਿਰਮਲ ਕਰਦੇ ਹਨ। ਨਿਰਮਲਤਾ ਮੰਨ ਵਿਚ ਭਗਤੀ ਤੇ ਗਿਆਨ ਉਪਜਾਂਦੀ ਹੈ। ਪਹਿਲੇ ਤਿੰਨ ਯਤਨਾਂ ਰਾਹੀਂ ਮੁਕਤੀ ਹਾਸਲ ਕਰਨ ਲਈ ਕਾਫੀ ਹਨ, ਪਰ ਜੋ ਆਪਣੇ ਸ੍ਵੈ ਯਤਨਾਂ ਰਾਹੀਂ ਮੁਕਤੀ ਨਹੀਂ ਹਾਸਲ ਕਰ ਸਕਦੇ, ਉਨ੍ਹਾਂ ਲਈ ਪ੍ਰਾਸੱਤੀ ਤੇ ਗੁਰੂ-ਪ੍ਰਸਤੀ ਵੀ ਜ਼ਰੂਰੀ ਹੈ।

ਅਚਿਤ ਤਿੰਨ ਪ੍ਰਕਾਰ ਦਾ ਹੈ—ਪ੍ਰਕ੍ਰਿਤੀ (ਪ੍ਰਕ੍ਰਿਤੀ ਮੂਲ), ਅਪ੍ਰਿਕਤ (ਅਨ ਪ੍ਰਕ੍ਰਿਤਕ ਵਸਤੂ) ਤੇ ਕਾਲ (ਸਮਾਂ)।

ਭੇਦਾ-ਭੇਦ ਫਿਲਾਸਫੀ

ਘੜਾ ਹੈ ਤਾਂ ਮਿਟੀ ਹੀ ਪਰ ਮਿਟੀ ਹੁੰਦਿਆਂ ਵੀ ਗੁਣਾਂ ਕਰਕੇ ਮਿਟੀ ਤੋਂ ਵਖਰਾ ਹੈ। ਮਿਟੀ ਪਾਣੀ ਭਰਨ ਦਾ ਕੰਮ ਨਹੀਂ ਦੇ ਸਕਦੀ, ਪਰ ਘੜਾ ਇਹ ਕੰਮ ਦੇ ਸਕਦਾ ਹੈ। ਇਸ ਲਈ ਇਹ ਮਿਟੀ ਤੋਂ ਵਖਰਾ ਹੈ। ਇਸੇ ਤਰ੍ਹਾਂ ਆਤਮਾਵਾਂ ਤੇ ਪ੍ਰਕ੍ਰਿਤਕ ਜਗਤ ਰਚਨਾ ਬ੍ਰਹਮ ਤੋਂ ਵਖਰੀ ਹੈ, ਕਿਉਂਕਿ ਇਸ ਦੇ ਗੁਣ ਬ੍ਰਹਮ ਤੋਂ ਬਿਲਕੁਲ ਵਖਰੇ ਹਨ। ਇਸ ਦਾ ਠੋਸਪੁਣਾ, ਅਪਵਿਤਰਤਾ, ਸੀਮਤ ਹੋਣਾ ਤੇ ਸਾਕਾਮ ਆਦਿ ਕਰਮ ਕਰਨੇ ਬ੍ਰਹਮ ਵਿਚ ਨਹੀਂ। ਇਹ ਕੁਝ ਹੁੰਦਿਆਂ ਵੀ ਜਗਤ ਬ੍ਰਹਮ ਤੋਂ ਵਖਰਾ ਵੀ ਨਹੀਂ, ਕਿਉਂਕਿ ਇਹ ਬ੍ਰਹਮ ਦਾ ਹੀ ਪਰਿਣਾਮ ਹੈ, ਇਸ ਲਈ ਬ੍ਰਹਮ ਤੇ ਜਗਤ ਵਿਚ ਅਸਲੇ ਦੀ ਏਕਤਾ ਹੈ।

ਬ੍ਰਹਮ ਜਗਤ ਤੋਂ ਵਖਰਾ ਵੀ ਹੈ ਕਿਉਂਕਿ :

(ੳ) ਓਹ ਬੇਅੰਤ ਹੈ ਤੇ ਜਗਤ ਉਸ ਦੀਆਂ ਅਨੰਤ ਸ਼ਕਤੀਆਂ ਅਤੇ ਅੰਸ਼ਾਂ ਵਿਚੋਂ ਇਕ ਹੈ।

(ਅ) ਜਗਤ ਸੀਮਤ ਹੈ ਤੇ ਬ੍ਰਹਮ ਅਸੀਮ। ਓਹ ਕੇਵਲ ਇਕ ਜਗਤ ਵਿਚ ਮੁਕ ਨਹੀਂ ਜਾਂਦਾ।

ਜਗਤ ਤੇ ਬ੍ਰਹਮ ਵਿਚ ਅਭੇਦਤਾ ਵੀ ਹੈ :

(ੳ) ਕਿਉਂਕਿ ਜਗਤ ਦਾ ਕਾਰਣ ਹੋਣ ਕਰਕੇ ਬ੍ਰਹਮ ਤਾਂ ਓਤ-ਪੋਤ ਇਸ ਵਿਚ ਵਿਆਪਕ ਹੈ।

(ਅ) ਕਾਰਣ ਦੇ ਨੁਕਤਾ-ਨਿਗਾਹ ਤੋਂ ਅਸਲੇ ਦੀ ਏਕਤਾ ਤੇ ਕਾਰਜ ਦੇ ਨੁਕਤਾ-ਨਿਗਾਹ ਤੋਂ ਕਾਰਣ ਦੀ ਕਾਰਜ ਵਿਚ ਵਿਆਪਕਤਾ।

ਪਰ ਭੇਦ-ਭਾਵ ਕਾਰਜ ਦੇ ਦ੍ਰਿਸ਼ਟੀਕੋਣ ਤੋਂ ਗੁਣ ਅਤੇ ਕਰਮ ਦੇ ਵਖੇਵੇਂ ਕਰਕੇ ਹੈ। ਇਸ ਲਸੀ ਬ੍ਰਹਮ ਤੇ ਜਗਤ ਆਪਸ ਵਿਚ ਵਖੇਵਾਂ ਵੀ ਰਖਦੇ ਹਨ ਤੇ ਅਭੇਦਤਾ ਵੀ। ਇਸੇ ਲਈ ਇਹ ਭੇਦਾ-ਭੇਦ ਫਿਲਾਸਫੀ ਹੈ।

ਚੇਤਨਯ ਪ੍ਰਭੂ—ਅਚਿੰਤਯ—ਭੇਦਾ-ਭੇਦ

ਚੇਤਨਯ ਪ੍ਰਭੂ ਸ਼ੰਕਰ ਦੀ ਮਾਯਾਵਾਦ ਤੇ ਜਗਤ ਦੇ ਮਿਥਿਆਤਵ ਦਾ ਹਾਮੀ ਨਹੀਂ। ਸ਼ੰਕਰ ਜਿਥੇ ਪਰਮ ਤੱਤ ਕੇਵਲ ਬ੍ਰਹਮ ਨੂੰ ਮੰਨਦਾ ਹੈ ਤੇ ਈਸ਼ਵਰ ਨੂੰ ਜਗਤ ਦਾ ਸਿਰਜਨ, ਪੋਖਨ ਤੇ ਨਾਸ ਕਰਨ ਵਾਲਾ ਮੰਨਦਿਆਂ ਹੋਇਆਂ ਵੀ, ਪਰਮ ਬ੍ਰਹਮ ਤੋਂ ਨੀਵਾਂ ਗਿਣਦਾ ਹੈ, ਉਥੇ ਚੇਤਨ ਪ੍ਰਭੂ ਜਗਤ ਨੂੰ ਸੱਤ ਤੇ ਨਿਰਗੁਣ ਬ੍ਰਹਮ ਨੂੰ ਪੂਰਨ ਸੱਤ ਤਕ ਪੁਜਣ ਲਈ ਇਕ ਪਉੜੀ ਮੰਨਦਾ ਹੈ। ਚੇਤਨਯ

ਪ੍ਰਭੂ ਦੇ ਵਿਚਾਰ ਵਿਚ ਬ੍ਰਹਮ ਹੀ ਜਗਤ ਦਾ ਕਰਤਾ ਹੈ ਤੇ ਉਹ ਆਪਣੀ ਸਿਰਜਨਾਂ ਨਾਲ ਗੂੜ੍ਹੇ ਪ੍ਰੇਮ ਤੇ ਪਿਆਰ ਵਾਲੇ ਸਬੰਧ ਰਖਦਾ ਹੈ ਤੇ ਉਸ ਦਾ ਨਿਸਚਾ ਹੈ ਜੋ ਅਜਿਹਾ ਜਾਣਨ ਨਾਲ ਹੀ ਪੂਰਨ ਸ਼ੱਤ ਦੀ ਪ੍ਰਾਪਤੀ ਹੋ ਸਕਦੀ ਹੈ।

ਚੇਤਨਯ ਪ੍ਰਭੂ ਈਸ਼ਵਰ ਨੂੰ ਕ੍ਰਿਸ਼ਨ ਤੇ ਉਸ ਦੀ ਸ਼ਕਤੀ ਨੂੰ ਰਾਧਾ ਕਰਕੇ ਜਾਣਦੇ ਹਨ ਤੇ ਇਸ ਤੋਂ ਇਹ ਦਰਸਾਣ ਦਾ ਯਤਨ ਕਰਦੇ ਹਨ, ਜੋ ਈਸ਼ਰ ਤੇ ਭਗਤ ਵਿਚ ਪਿਆਰ, ਸਾਥ ਅਤੇ ਪ੍ਰੇਮ ਦਾ ਡੂੰਘਾ ਸਬੰਧ ਕਾਇਮ ਕਰਨਾ ਹੈ। ਉਨ੍ਹਾਂ ਅਨੁਸਾਰ ਅਸਲੀ ਪ੍ਰਮਾਣ ਕੇਵਲ ਵੇਦ ਹੀ ਹਨ ਤੇ ਬਾਕੀ ਦੇ ਪ੍ਰਤੱਖ ਅਨੁਮਾਨ ਆਦਿ ਓਦੋਂ ਤਕ ਸਹੀ ਨਹੀਂ ਕਹੇ ਜਾ ਸਕਦੇ, ਜਦ ਤਕ ਕਿ ਓਹ ਵੇਦ ਅਨੁਸਾਰੀ ਨਾ ਹੋਣ।

ਉਹ ਵੇਦਾਂ ਅਨੁਸਾਰ ਪਰਮ ਤੱਤ ਦਾ ਬਿਆਨ ਇਸ ਤਰ੍ਹਾਂ ਕਰਦੇ ਹਨ:

ਹਰਿ ਪਰਮ ਤੱਤ ਹੈ। ਸ਼ੰਕਰ ਜੀ ਦਾ ਨਿਰਗੁਣ ਬ੍ਰਹਮ ਹਰਿ ਜੀ ਦੇ ਅੰਗ-ਕਾਨਤੀ ਦਾ ਲਿਸ਼ਕਾਰਾ ਕਿਹਾ ਜਾ ਸਕਦਾ ਹੈ। ਪ੍ਰਮਾਤਮਾ ਜੋ ਸ੍ਰਿਸ਼ਟੀ ਦੀ ਅੰਤ੍ਰਗਤ ਆਤਮਾ ਹੈ, ਹਰਿ ਦਾ ਸਿਰਫ ਇਕ ਅੰਸ ਹੀ ਹੈ। ਹਰਿ ਪੂਰਣ ਸ੍ਰੀ ਪੂਰਣ ਐਸ਼ਵਰਜ, ਪੂਰਣ ਵੀਰਯ, ਪੂਰਣ ਜਸ, ਪੂਰਣ ਗਿਆਨ ਅਤੇ ਪੂਰਣ ਵੈਰਾਗ ਯੁਕਤ ਹੈ। ਹਰਿ ਆਪਣੀ ਪੂਰਣਤਾ ਵਿਚ 'ਦ੍ਵੈਤ ਵਿਚ ਏਕਤਾ' ਅਰਥਾਤ ਕ੍ਰਿਸ਼ਨ ਤੇ ਰਾਧਾ ਦੇ ਰੂਪ ਵਿਚ ਵਿਦਮਾਨ ਹੈ। ਦੋਵੇਂ ਪ੍ਰਸਪਰ ਭਗਤੀ, ਪ੍ਰੇਮ ਅਤੇ ਪਿਆਰ ਦੇ ਕਦੇ ਨਾ ਟੁਟਣ ਵਾਲੇ ਪੀਚਵੇਂ ਬੰਦਨਾਂ ਵਿਚ ਬਝੇ ਹੋਏ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਹਰਿ ਜੀ ਤਾਂ 'ਸਤਿ ਚਿਤ ਆਨੰਦ' ਹਨ ਤੇ ਬੇਅੰਤ ਹਨ ਤੇ ਕ੍ਰਿਸ਼ਨ ਜੀ ਦਾ ਆਕਾਰ ਸੀਮਤ ਹੈ। ਫੇਰ ਅਸੀਮ ਹਰਿ ਸੀਮਤ ਕ੍ਰਿਸ਼ਨ ਦੇ ਆਕਾਰ ਵਿਚ ਕਿਵੇਂ ਵਿਦਮਾਨ ਹੋ ਸਕਦਾ ਹੈ। ਚੇਤੰਨਯ ਇਸ ਦਾ ਉਤਰ ਦੇਂਦੇ ਹਨ ਕਿ ਇਹ ਯੁਕਤ ਕੇਵਲ ਪ੍ਰਕ੍ਰਿਤਕ ਦ੍ਰਵਾਂ ਤੇ ਲਾਗੂ ਹੋ ਸਕਦੀ ਹੈ, ਆਤਮਿਕ ਹਸਤੀਆਂ ਤੇ ਲਾਗੂ ਨਹੀਂ ਹੋ ਸਕਦੀ। ਪ੍ਰਕ੍ਰਿਤਕ ਪਦਾਰਥ ਇਕ ਸਮੇਂ ਤੇ ਇਕ ਥਾਂ ਤੇ ਹੋ ਸਕਦੀਆਂ ਹਨ, ਪਰ ਹਰਿ ਵਰਗੀਆਂ ਸ਼ੁਧ-ਸਤ੍ਵ ਆਕਾਰ ਵਾਲੀਆਂ ਹਸਤੀਆਂ ਸੀਮਤ ਆਕਾਰ ਵਿਚ ਵੀ ਪ੍ਰਗਟ ਹੋ ਸਕਦੀਆਂ ਹਨ ਤੇ ਸਰਬ-ਵਿਆਪੀ ਵੀ ਹੁੰਦੀਆਂ ਹਨ। ਅਚਿੰਤਯ ਗੁਣ, ਜੋ ਹਰਿ ਜੀ ਦੀ ਜ਼ਾਤ ਨੂੰ ਵਖਰਿਆਉਂਦੇ ਹਨ, ਉਹ ਉਸ ਦੇ ਸਰੂਪ ਤੇ ਓਹਦੀਆਂ ਅਨੰਤ ਸ਼ਕਤੀਆਂ ਨਾਲ ਵੀ ਜੁੜੇ ਰਹਿੰਦੇ ਹਨ। ਹਰਿ ਦੇ ਸਰੂਪ ਤੇ ਉਸ ਦੀਆਂ ਅਨੰਤ ਸ਼ਕਤੀਆਂ ਵਿਚ ਸੰਬੰਧਿਤ ਅਚਿੰਤ ਭੇਦਾ-ਭੇਦ ਹੈ। ਕਿਉਂਕਿ ਓਹ ਅਨੰਤ ਸ਼ਕਤੀਆਂ ਦਾ ਮਾਲਕ ਹੈ ਤੇ ਜੋ ਸ਼ਕਤੀਆਂ ਓਹ ਵਰਤਦਾ ਹੈ ਉਨ੍ਹਾਂ ਤੋਂ

ਅਡਰਾ ਨਹੀਂ, ਪਰ ਇਨ੍ਹਾਂ ਸ਼ਕਤੀਆਂ ਦੇ ਵਰਤਨ ਨਾਲ ਓਹਦੀ ਸਮੁਚੀ ਸ਼ਕਤੀ ਖਤਮ ਨਹੀਂ ਹੋ ਜਾਂਦੀ, ਓਹ ਫੇਰ ਵੀ ਅਨੰਤ ਹੀ ਰਹਿੰਦਾ ਹੈ। ਉਸ ਦੀ ਜ਼ਾਤ ਉਨ੍ਹਾਂ ਪ੍ਰਗਟਾਵਿਆਂ ਤੋਂ ਬਹੁਤ ਉਚੀ ਹੈ ਤੇ ਉਸ ਦੇ ਅਸਲੇ ਦੇ ਕਈ ਪ੍ਰਕਾਰ ਦੇ ਪ੍ਰਗਟਾਵਿਆਂ ਨਾਲ ਮੁਕ ਨਹੀਂ ਜਾਂਦੀ।

ਹਰਿ ਤਿੰਨ ਪ੍ਰਕਾਰ ਦੀਆਂ ਸ਼ਕਤੀਆਂ ਵਰਤਦਾ ਹੈ ਤੇ ਇਹ ਸ਼ਕਤੀਆਂ ਉਸ ਦੀ ਸਰੂਪ-ਸ਼ਕਤੀ ਦਾ ਪ੍ਰਗਟਾਵਾ ਹਨ :

(੧) ਚਿਤ ਸ਼ਕਤੀ ਤੋਂ ਪ੍ਰਕਾਸ਼ ਤੇ ਬੁਧੀ ਦੀ ਉਤਪਤੀ ਹੁੰਦੀ ਹੈ।
(੨) ਜੀਵ-ਸ਼ਕਤੀ ਸੀਮਤ ਆਤਮਾਵਾਂ ਵਿਚ ਆਪਣੇ ਆਪ ਨੂੰ ਵੰਡਣ ਤੇ ਅਨੇਕ ਹੋਣ ਦਾ ਨਾਮ ਹੈ।
(੩) ਮਾਇਆ ਸ਼ਕਤੀ ਰਾਹੀਂ ਅਚੇਤ ਸੰਸਾਰ ਵਿਚ ਮਾਦੀ ਅਤੇ ਚੇਤਨਾ ਰਹਿਤ ਵਸਤਾਂ ਹੋਂਦ ਵਿਚ ਆਉਂਦੀਆਂ ਹਨ।

ਬਸ ਇਨ੍ਹਾਂ ਹੀ ਤਿੰਨਾਂ ਸ਼ਕਤੀਆਂ ਨੂੰ ਵਰਤ ਕੇ ਹਰਿ ਅਨੇਕਾਂ ਜੀਵਾਂ ਅਤੇ ਮਾਦੀ ਹਸਤੀਆਂ ਦਾ ਰੂਪ ਧਾਰਦਾ ਹੈ। ਮੰਤਕੀ ਦਲੀਲਾਂ ਇਸ ਭੇਦ ਤਕ ਨਹੀਂ ਅਪੜ ਸਕਦੀਆਂ।

ਸ਼ੰਕਰਚਾਰੀਆ ਦੇ ਵੇਦਾਂਤੀ ਪੱਖ ਅਨੁਸਾਰ ਬ੍ਰਹਮ ਦੇ ਸਰੂਪ ਤੇ ਤੱਟਸਥ ਲਖਸ਼ਣਾ ਵਿਚ ਫਰਕ ਦਸਦੇ ਹਨ। ਉਨ੍ਹਾਂ ਦੇ ਖਿਆਲ ਵਿਚ 'ਸੱਤ ਚਿਤ ਆਨੰਦ' ਬ੍ਰਹਮ ਦਾ ਅਸਲਾ ਹੈ। ਉਸ ਦਾ ਉਸ ਦੇ ਸਾਜੇ ਹੋਏ ਜਗਤ ਤੇ ਜੀਵ-ਜੰਤੂਆਂ ਨਾਲ ਜੋ ਸਬੰਧ ਹੈ, ਉਸ ਨੂੰ ਤਟੱਸਥ ਲਛਣ ਕਹਿੰਦੇ ਹਨ। ਅਵਿਦਿਆ ਦੇ ਆਵਰਨ ਕਾਰਨ, ਕਿਉਂ ਜੋ ਇਹ ਲਛਣ ਉਸ ਨੂੰ ਸ੍ਰਿਸ਼ਟੀ ਦਾ ਕਰਤਾ, ਪੋਖਤਾ ਅਤੇ ਹਰਤਾ ਪ੍ਰਗਟ ਕਰਦੇ ਹਨ, ਇਸ ਲਈ ਇਹ ਮਿਥਿਆ ਆਭਾਸ ਹੈ। ਇਸ ਦੇ ਉਲਟ ਚੈਤਨਯ ਅਤੇ ਹੋਰ ਵੈਸ਼ਨਵਾਂ ਦੇ ਵਿਚਾਰਾਂ ਅਨੁਸਾਰ ਇਹ ਦਿਸਦਾ ਜਗਤ ਮਿਥਿਆ ਆਭਾਸ ਨਹੀਂ, ਇਸ ਲਈ ਇਹ ਤਟਸਥ ਤੇ ਸਰੂਪ ਲਛਣਾਂ ਵਿਚ ਕਿਸੇ ਕਿਸਮ ਦੀ ਭਿੰਨਤਾ ਨਹੀਂ ਮੰਨਦੇ। ਉਨ੍ਹਾਂ ਦੇ ਖਿਆਲ ਵਿਚ ਇਹ ਤਟਸਥ ਲਛਣ ਵੀ ਉਸ ਦੇ ਅਸਲੇ ਦੇ ਵਖ-ਵਖ ਪ੍ਰਕਾਰ ਦੇ ਪ੍ਰਗਟਾਊ ਹਨ।

ਹਰਿ ਅਤੇ ਜੀਵਾਂ ਦੇ ਸਬੰਧ ਉਸੇ ਤਰ੍ਹਾਂ ਦੇ ਹਨ, ਜਿਸ ਤਰ੍ਹਾਂ ਅੱਗ ਤੇ ਉਸ ਵਿਚ ਨਿਕਲੀਆਂ ਚੰਗਾਰੀਆਂ ਦਾ ਆਪਸੀ ਸਬੰਧ ਹੈ। ਭਾਵੇਂ ਜੀਵ ਅਸਲੇ ਦੀ ਏਕਤਾ ਕਰਕੇ ਹਰਿ ਨਾਲੋਂ ਵਖਰਾ ਨਹੀਂ, ਐਪਰ ਅਣੂ ਹੋਣ ਦੀ ਹੈਸੀਅਤ ਵਿਚ, ਇਹ ਉਸ ਅਸਲੇ ਦਾ ਇਕ ਸੀਮਤ ਭਾਗ ਹੈ। ਹਰਿ ਦੀ ਮਾਇਆ ਸ਼ਕਤੀ ਪ੍ਰਧਾਨ ਦੇ ਰੂਪ ਵਿਚ ਅਭੇਦ ਮਾਦੀ ਜਗਤ ਉਪਜਾਂਦੀ ਹੈ ਅਤੇ ਅਵਿਦਿਆ ਦੇ ਰੂਪ ਵਿਚ ਜੀਵ ਨੂੰ ਆਪਣਾ ਅਸਲੀ ਰੂਪ ਭੁਲਾ ਦੇਂਦੀ ਹੈ ਤੇ ਉਹ ਆਪਣੇ ਆਪ

ਨੂੰ ਸੁਤੰਤਰ ਹੋਂਦ ਵਾਲਾ ਸਮਝਣ ਲਗ ਪੈਂਦਾ ਹੈ।

ਭਾਵੇਂ ਪਦਾਰਥਕ ਜਰਤ ਮਾਇਆ ਸ਼ਕਤੀ ਅਤੇ ਇਸਦੇ ਮਿਥਿਆਪਨ ਦੀ ਕਾਰ ਹੈ, ਫਿਰ ਵੀ ਇਹ ਅਸਤ ਨਹੀਂ। ਇਹ ਹਰਿ ਦੀ ਸ੍ਵਰੂਪ ਸ਼ਕਤੀ ਦੀ ਇਕ ਕਿਸਮ ਭਾਵ ਮਾਇਆ ਸ਼ਕਤੀ ਦੀ ਕਿਰਤ ਹੋਣ ਕਰਕੇ ਇਹ ਆਪਣੇ ਸੋਮੇ ਸਤ ਦਾ ਭਾਗੀ ਹੈ ਅਤੇ ਸੀਮਤ ਜੀਵ ਅਣੂ ਲਈ ਇਕ ਵਾਸਤਵਿਕ ਫਾਹੀ ਹੈ। ਨਿਰਸੰਦੇਹ ਇਹ ਗੱਲ ਸਹੀ ਹੈ ਕਿ ਸਤ ਪਦਾਰਥਕ ਜਗਤ ਹੋਣ ਕਰਕੇ ਇਹ ਵਿਅਕਤੀਗਤ ਜੀਵ ਲਈ ਭਰਮ ਪਾਊ ਹੈ, ਇਸ ਵਿਚ ਵੀ ਕੋਈ ਸ਼ਕ ਵਾਲੀ ਗੱਲ ਨਹੀਂ ਕਿ ਇਹ ਪਦਾਰਥਕ ਜਗਤ ਸਦਾ ਰਹਿਣ ਵਾਲੀ ਵਸਤੂ ਨਹੀਂ ਤੇ ਇਸ ਦਾ ਸੀਮਤ ਜੀਵ ਉਤੇ ਪਿਆ ਪਰਭਾਵ ਵੀ ਸਦੀਵੀ 'ਨਹੀਂ। ਪਰ ਅਸਲ ਗੱਲ ਇਹ ਹੈ ਕਿ ਇਸ ਦੀ ਰਚਨਾ ਹੋਈ ਹੀ ਇਸ਼ ਗੱਲ ਕਰਕੇ ਹੈ ਕਿ ਇਸ ਵਿਚ ਵਿਅਕਤੀਗਤ ਜੀਵ ਕ੍ਰਾਂਤੀਕਾਰੀ ਹਉਮੈ ਤੇ ਹਰਿ ਨੂੰ ਵਿਸਾਰਨ ਦੇ ਕਾਰਨ, ਜੋ ਕਠਨ-ਤਾਈਆਂ, ਨਾ-ਉਮੀਦੀਆਂ ਤੇ ਨਾ-ਕਾਮੀਆਂ ਦਾ ਸਾਹਮਣਾ ਕਰਦਾ ਹੈ ਤੇ ਅਸ਼ਫਲਤਾ ਦਾ ਮੂੰਹ ਵੇਖਦਾ ਹੈ, ਉਨ੍ਹਾਂ ਤੋਂ ਸਬਕ ਸਿਖ ਕੇ ਆਪਣਾ ਸੁਧਾਰ ਕਰੇ ਤੇ ਪਰਮ ਸਚਾਈ ਦਾ ਗਿਆਨ ਪ੍ਰਾਪਤ ਕਰਕੇ ਹਰਿ ਦੇ ਰਾਹ ਤੇ ਤੁਰੇ। ਚੇਤੰਨਯ ਜੀ ਦੇ ਖਿਆਲ ਵਿਚ ਇਹ ਸਤ ਪਦਾਰਥ ਤੇ ਭਰਮ ਪਾਊ ਜਗਤ ਜੀਵ ਦੇ ਸੁਧਾਰ ਲਈ ਇਕ ਸੁਧਾਰ ਸ਼ਾਲਾ ਹੈ।

ਹਰਿ ਮਾਰਗ ਭਗਤੀ ਆਪਾ ਨਿਵਾਰਨ ਅਤੇ ਪ੍ਰੇਮ ਦਾ ਮਾਰਗ ਹੈ ਤੇ ਇਸ ਰਸਤੇ ਤੇ ਪੈ ਕੇ ਸੀਮਤ ਜੀਵ ਨੂੰ ਉਸ ਦੇ ਅਸਲੀ ਸੋਮੇ ਦਾ ਗਿਆਨ ਹੁੰਦਾ ਹੈ ਤੇ ਉਹ ਜਾਣ ਲੈਂਦਾ ਹੈ ਕਿ ਉਹ ਨਿਟੰਕਾਰੀ ਜੋਤ ਦੀ ਇਕ ਚੰਗਾਰੀ ਹੈ ਤੇ ਉਸ ਨੂੰ ਨਿਟੰਕਾਰੀ ਭਾਣੇ ਵਿਚ ਰਹਿਣਾ ਹੀ ਬਣਦਾ ਹੈ।

ਪਹਿਲੋਂ-ਪਹਿਲ ਤਾਂ ਇਹ ਇਕ ਨਿਰਾ-ਪੁਰਾ ਬੋਧਿਕ ਗਿਆਨ ਹੀ ਹੁੰਦਾ ਹੈ, ਪਰ ਹੌਲੀ-ਹੌਲੀ ਇਹ ਬਿਰਹੋਂ ਤੇ ਵੈਰਾਗ ਦੀ ਸ਼ਕਲ ਧਾਰਨ ਕਰ ਲੈਂਦਾ ਹੈ, ਤੇ ਉਸ ਦੇ ਅੰਤਰ ਆਤਮੇ ਆਪਣੇ ਅਸਲੇ ਨਿਰੰਕਾਰ ਨੂੰ ਮਿਲਣ ਲਈ ਇਕ ਤੜਪ ਪੈਦਾ ਹੋ ਜਾਂਦੀ ਹੈ। ਉਹ ਮਹਿਸੂਸ ਕਰਨ ਲਗ ਜਾਂਦਾ ਹੈ ਕਿ ਉਸ ਦੀ ਇਹ ਤੜਪ ਓਦੋਂ ਹੀ ਮਿਟੇਗੀ, ਜਦੋਂ ਉਹ ਹਰਿ ਦੀ ਪੂਰਣ ਜੋਤਿ ਨਾਲ ਇਕ-ਮਿਕ ਹੋ ਜਾਵੇਗਾ। ਇਹ ਰਾਗ ਆਤਮਕ ਭਗਤੀ ਹੈ, ਜੋ ਅੰਤ ਮਹਾਂ-ਭਾਵ ਦੇ ਉਤਪੰਨ ਹੋਣ ਵਿਚ ਜਾ ਪੁਜਦੀ ਹੈ। ਭਗਤੀ ਹੀ ਵਿਅਕਤੀ ਦੇ ਜੀਵਨ ਦਾ ਮੁਖ-ਮੰਤਵ ਹੈ। ਨਿਤ ਮੁਕਤ ਜੀਵਾਂ ਵਿਚ ਭਗਤੀ ਜਨਮ ਤੋਂ ਹੀ ਪਰਜ੍ਵਲਤ ਹੋ ਜਾਂਦੀ ਹੈ, ਪਰ ਬਧ ਜੀਵਾਂ ਵਿਚ ਮਾਇਕ ਜੀਵਨ ਦੇ ਤਲਖ ਤਜਰਬੇ ਹੀ ਇਸ ਨੂੰ ਜਗਾ ਦੇਂਦੇ ਹਨ।

ਚੇਤੰਨਯ ਦੇ ਭਗਤੀ ਵਾਦ, ਵਿਵਰਤ ਵਾਦ ਅਤੇ ਬ੍ਰਹਮ ਪਰਿਣਾਮਵਾਦ ਵਿਚ ਇਹ ਅੰਤਰ ਹੈ :

ਵਿਵਰਤ ਵਾਦ—ਜਗਤ ਇਕ ਅਧਿਆਸ ਭਾਵ ਮਿਥਿਆ ਦ੍ਰਿਸ਼ ਹੈ ।

ਪਰਿਣਾਮ ਵਾਦ—ਜਗਤ ਭਾਵੇਂ ਸਤ ਹੈ, ਪਰ ਇਹ ਪਰਮ ਤੱਤ ਦਾ ਪਰਿਣਾਮ ਹੈ । ਭੇਦਾ-ਭੇਦ ਸਿਧਾਂਤ ਸ਼ਕਤੀ ਪਰਿਣਾਮ ਵਾਦ ਦਾ ਸਿਟਾ ਹੈ । ਇਹ ਉਸ਼ ਦੀ ਅਚਿੰਤਯ ਸ਼ਕਤੀ ਦਾ ਪਰਿਣਾਮ ਹੈ ।

ਬ੍ਰਹਮ ਉਸ ਤਹੁਾਂ ਨਿਰਲੇਪ ਰਹਿੰਦਾ, ਪਰ ਇਹ ਉਸ ਦੀ ਅਚਿੰਤਯ ਸ਼ਕਤੀ ਦਾ ਪਰਿਣਾਮ ਹੈ ਕਿ ਚਿੱਤ, ਜੀਵ ਅਤੇ ਮਾਇਆ ਸ਼ਕਤੀ ਰੂਪ ਧਾਰ ਕੇ ਸਾਰੇ ਸੰਸਾਰ ਦੀ ਲੀਲਾ ਨੂੰ ਪਰਗਟ ਕਰ ਦੇਂਦੀ ਹੈ ।

ਵਲਭ ਦਾ ਸ਼ੁਧ ਅਦ੍ਵੈਤ

ਵਲਭ ਆਪ ਤਾਂ ਵੇਦਾਂ ਉਪਨਿਸ਼ਦਾਂ, ਭਗਵਦ ਗੀਤਾ ਅਤੇ ਸ੍ਰੀ ਮਦ ਭਾਗਵਤ ਦੇ ਲਫਜ਼ੀ ਅਰਥਾਂ ਦਾ ਕਾਇਲ ਹੈ ਤੇ ਇਸ ਵਿਚ ਕਿਸੇ ਕਿਸਮ ਦੀ ਤਰਕ ਅਵਤਰਕ ਨੂੰ ਥਾਂ ਨਹੀਂ ਦੇਂਦਾ, ਪਰ ਸ਼ੰਕਰਾਚਾਰੀਆ ਉਤੇ ਕਿੰਤੂ ਕਰਦਾ ਹੈ ਕਿ ਉਸ ਨੇ ਪਰਾਭੌਤਿਕ ਮਸਲਿਆਂ ਪੁਰ ਚਰਚਾ ਕਰਦਿਆਂ ਐਵੇਂ ਖੁਸ਼ਕ ਜਿਹਾ ਮੰਤਕ ਛਾਟਿਆ ਹੈ ।

ਉਪਨਿਸ਼ਦਾਂ ਵਿਚ ਜਿਸ ਊਚਮ ਊਚੀ ਅਸਲੀਅਤ ਨੂੰ ਬ੍ਰਹਮ ਕਿਹਾ ਗਿਆ ਹੈ ਤੇ ਭਾਗਵਦ ਗੀਤਾ ਵਿਚ ਜਿਸਨੂੰ ਪਰਮ ਆਤਮਾ ਆਖਿਆ ਗਿਆ ਹੈ ਵਲਭ ਉਸਨੂੰ ਕ੍ਰਿਸ਼ਨ ਨਾਂ ਦੇਂਦੇ ਹਨ । ਵਲਭ ਜੀ ਦਾ ਕ੍ਰਿਸ਼ਨ ਇਕ ਹੈ, ਅਦੁਤੀ ਹੈ, ਸਰਦਾਨੰਦ ਹੈ, ਰਸ ਭਰਪੂਰ ਹੈ ਤੇ ਉਸਦਾ ਅਸਲੀ ਆਕਾਰ ਅਮਿਤ ਅਨੰਦ ਹੈ । ਉਪ੍ਰੋਕਤ ਨਜ਼ਰੀਏ ਅਨੁਸਾਰ ਉਸ ਨੇ ਸਾਕਾਰ ਬ੍ਰਹਮ ਮੰਨਿਆ ਹੈ ਤੇ ਉਹ ਸਦੀਵੀ, ਸਰਵੱਮ, ਸ਼ਕਤੀਮਾਨ, ਨਿਰਵਿਕਾਰ ਤੇ ਹਾਜ਼ਿਰ ਨਾਜ਼ਰ ਹੈ । ਇਹ ਕੁਦਰਤ ਉਸ ਦੇ ਵਿਚ ਹੈ ਤੇ ਉਹ ਕਿਸੇ ਸਮੇਂ ਕੋਈ ਵਸਤੂ ਤੇ ਹਰ ਇਕ ਵਸਤੂ ਬਣ ਸਕਦਾ ਹੈ । ਇਸੇ ਨੂੰ ਉਸਦੀ ਮਾਇਆ ਸ਼ਕਤੀ ਕਹਿੰਦੇ ਹਨ । ਉਸ ਦੇ ਵਿਚ ਗਿਆਨ ਵੀ ਹੈ ਤੇ ਕਰਮ ਆਦਿ ਸਮੂੰਹ ਸ਼ਕਤੀਆਂ ਵੀ ਹਨ । ਉਹ ਹਰ ਇਕ ਚੀਜ਼ ਦਾ ਰਚਨਹਾਰ ਹੈ । ਉਪਾਦਾਨ ਕਾਰਨ ਵੀ ਹੈ ਤੇ ਨਮਿਤ ਕਾਰਨ ਵੀ । ਉਹ ਆਤਮਾਵਾਂ ਤੋਂ ਭਿੰਨ ਨਹੀਂ ਕਿਉਂਕਿ ਇਹ ਆਤਮਾਵਾਂ ਉਸੇ ਤੋਂ ਉਪਜੀਆਂ ਹਨ । ਉਹ ਭੋਗਤਾ ਹੈ । ਈਸ਼੍ਵਰ ਦੇ ਸ਼ਮੁਚੇ ਗੁਣ ਸੁਭਾਵਕ ਹਨ ਤੇ ਉਸਤੋਂ ਵਖਰੇ ਨਹੀਂ । ਪ੍ਰਕ੍ਰਿਤੀ ਤੇ ਚਿਤ ਦੋਵੇਂ ਉਸੇ ਮੰਬੇ ਵਿਚੋਂ ਨਿਕਲੇ ਹਨ ਤੇ ਉਸੇ ਵਿਚ ਅਭੇਦ ਹੋ ਜਾਂਦੇ ਹਨ । ਜਗਤ ਤੇ

ਆਤਮਾਵਾਂ ਅਸਲੇ ਵਿਚ ਬ੍ਰਹਮ ਨਾਲ ਇਕ ਹਨ। ਬ੍ਰਹਮ ਬਿਲਕੁਲ ਪਵਿਤਰ ਹੈ ਤੇ ਮਾਇਆ ਦੇ ਅਸਰ ਤੋਂ ਪਰ੍ਹੇ ਹੈ। ਉਪ੍ਰੋਕਤ ਵਿਚਾਰਾਂ ਕਰ ਕੇ ਵਲਭ ਦੇ ਮੱਤ ਨੂੰ ਸ਼ੁਧ ਅਦ੍ਵੈਤ ਆਖਿਆ ਜਾਂਦਾ ਹੈ।

ਵਲੱਭ ਅਨੁਸਾਰ ਬ੍ਰਹਮ ਦੇ ਤਿੰਨ ਰੂਪ ਹਨ :

(੧) ਪਾਰਬ੍ਰਹਮ ਜਾਂ ਪੁਰਸ਼ੋਤਮ।
(੨) ਅੰਤਰਯਾਮੀ।
(੩) ਅਕਸ਼ਰ ਬ੍ਰਹਮ।

ਬ੍ਰਹਮ, ਕ੍ਰਿਸ਼ਨ ਜਾਂ ਪੁਰਸ਼ੋਤਮ ਹੀ ਅਸਲੀ ਬ੍ਰਹਮ ਹੈ, ਜੋ ਰਸ ਤੇ ਆਨੰਦ ਪੂਰਿਤ ਹੈ ਅਤੇ ਪ੍ਰੇਮ ਤੇ ਪੂਜਾ ਦੀ ਵਸਤੂ ਹੈ। ਉਹ ਸਭ ਆਤਮਾਵਾਂ ਵਿਚ ਅੰਤਰਯਾਮੀ ਦੇ ਰੂਪ ਵਿਚ ਵਿਆਪਕ ਹੈ ਤੇ ਇਸ ਰੂਪ ਵਿਚ ਹੀ ਉਹ ਪਰਮਿਤ ਆਨੰਦ ਦਾ ਮਾਲਿਕ ਹੈ। ਅਕਸ਼ਰ ਬ੍ਰਹਮ ਦੀ ਹਾਲਤ ਵਿਚ ਵੀ ਆਨੰਦ ਸੀਮਤ ਹੈ। ਅਕਸ਼ਰ ਬ੍ਰਹਮ ਪਾਰਬ੍ਰਹਮ ਦਾ ਅਧਿਆਤਮਕ ਸਰੂਪ ਹੈ ਤੇ ਗਿਆਨੀ ਇਸੇ ਅਕਸ਼ਰ ਬ੍ਰਹਮ ਪਾਰਬ੍ਰਹਮ ਦਾ ਹੀ ਧਿਆਨ ਕਰਦੇ ਹਨ ਅਤੇ ਅੰਤ ਨੂੰ ਇਸੇ ਵਿਚ ਹੀ ਅਭੇਦ ਹੋ ਜਾਂਦੇ ਹਨ ਅਕਸਰ ਬ੍ਰਹਮ ਭਗਤਾਂ ਦੀ ਸਮਝ ਵਿਚ ਕ੍ਰਿਸ਼ਨ ਦੇ ਚਰਨ ਹਨ ਤੇ ਪਰਮ ਧਾਮ ਹਨ। ਜਿਵੇਂ ਅਗਨੀ ਵਿਚੋਂ ਚੰਗਾਰੀਆਂ ਨਿਕਲਦੀਆਂ ਹਨ ਇਸੇ ਤਰ੍ਹਾਂ ਅਕਸ਼ਰ ਬ੍ਰਹਮ ਤੋਂ ਆਤਮਾਵਾਂ ਉਪਜਦੀਆਂ ਹਨ।

ਪੁਰਸ਼ੋਤਮ ਗਿਆਨ ਰਾਹੀਂ ਮੁਕਤੀ ਦੇਣ ਸਮੇਂ ਅਕਸ਼ਰ ਬ੍ਰਹਮ ਨੂੰ ਹੇਠ ਲਿਖੇ ਚਾਰ ਰੂਪ ਧਾਰਨ ਕਰਾਂਦਾ ਹੈ :

(੧) ਅਕਸ਼ਰ (੨) ਕਾਲ (੩) ਕਰਮ (੪) ਸੁਭਾਵ—ਇਹ ਅਕਸ਼ਰ ਬ੍ਰਹਮ ਹੀ ਫਿਰ ਪ੍ਰਕ੍ਰਿਤੀ ਤੇ ਪੁਰਸ਼ ਦੇ ਰੂਪ ਵਿਚ ਪਰਗਟ ਹੁੰਦਾ ਹੈ ਅਤੇ ਹਰ ਵਸਤੂ ਦੀ ਹੋਂਦ ਦਾ ਕਾਰਨ ਬਣਦਾ ਹੈ।

ਜਗਤ-ਪੁਰਸ਼ੋਤਮ ਕੇਵਲ ਇਕ ਹੈ ਅਤੇ ਓਹੀਓ ਇਕ ਤੋਂ ਅਨੇਕ ਹੋਣ ਦੀ ਇਛਾ ਕਰਦਾ ਹੈ। ਜਗਤ ਸਿਰਜਣਾ ਉਸ ਦੀ ਲੀਲਾ ਹੈ ਤੇ ਉਹ ਇਸ ਲੀਲਾ ਲਈ ਹੀ ਜਗਤ ਸਿਰਜਦਾ ਹੈ। ਵਲਭ, ਸ਼ੰਕਰ, ਰਾਮਾਨੁਜ, ਨਿੰਬਾਰਕ ਆਦਿ ਸ਼ਾਸਤਰਕਾਰਾਂ ਦੇ ਮਾਇਆ ਵਾਦ ਨੂੰ ਨਹੀਂ ਮੰਨਦਾ। ਉਸਦੇ ਖਿਆਲ ਵਿਚ ਉਹ ਮਕੜੀ ਵਾਂਗ ਆਪਣੇ ਸਰੂਪ ਵਿਚੋਂ ਹੀ ਜਗਤ ਸਾਜਦਾ ਹੈ, ਉਹ ਮਾਇਆ ਜਾਂ ਸ਼ਕਤੀ ਦਵਾਰਾ ਇਸਦੀ ਸਾਜਨਾ ਨਹੀਂ ਕਰਦਾ। ਵਲਭ ਕਹਿੰਦਾ ਹੈ ਭਾਵੇਂ ਇਹ ਗਲ ਠੀਕ ਹੈ ਕਿ ਪਰਿਣਾਮ ਰਾਹੀਂ ਹੀ ਬ੍ਰਹਮ ਸ੍ਰਿਸ਼ਟੀ ਦਾ ਰੂਪ ਧਾਰਦਾ ਹੈ, ਪਰ ਆਪ ਉਹ ਪਰਿਣਾਮ ਰਹਿਤ ਹੈ। ਜਗਤ ਪਾਰਬ੍ਰਹਮ ਦਾ ਸੱਤ ਰੂਪ ਹੈ। ਪਰ ਚਿਤ ਤੇ ਆਨੰਦ ਇਸ ਵਿਚ ਧੁੰਧ ਹੇਠਾਂ ਆਏ ਹੋਏ ਹਨ ਤੇ ਇਹ ਸਭ ਕੁਝ

ਉਸਦੀ ਮਰਜ਼ੀ ਅਨੁਸਾਰ ਹੀ ਹੋਇਆ ਹੈ। ਜਗਤ ਮਾਇਆ ਨਹੀਂ ਸਗੋਂ ਪਾਰ-ਬ੍ਰਹਮ ਦਾ ਅਧਿਭੌਤਿਕ ਸਰੂਪ ਹੈ। ਅਸਲ ਵਿਚ ਜਗਤ ਸਾਨੂੰ ਸਿਰਜਨਹਾਰ ਦੀ ਵਡਿਆਈ ਸੁਝਾਂਦਾ ਹੈ ਤੇ ਜਿਸਨੂੰ ਇਸ ਵਡਿਆਈ ਦੀ ਸੂਝ ਆ ਜਾਂਦੀ ਹੈ, ਉਹ ਉਸਦੀ ਪੂਜਾ ਵਿਚ ਅਵੱਸ਼ ਹੀ ਲਗ ਜਾਂਦੇ ਹਨ।

ਜਗਤ ਦੀ ਕੋਈ ਵੀ ਵਸਤੂ ਬ੍ਰਹਮ ਤੋਂ ਵਖਰੀ ਨਹੀਂ। ਅੱਡ-ਅੱਡ ਵਸਤਾਂ ਵਿਚ ਵਖੋ-ਵਖਰੇ ਗੁਣ ਬ੍ਰਹਮ ਦੀ ਆਪਨੀ ਮਰਜ਼ੀ ਅਨੁਸਾਰ ਹੀ ਪ੍ਰਗਟ ਹੁੰਦੇ ਹਨ ਤੇ ਇਹ ਅਡਰੇ-ਅਡਰੇ ਗੁਣ ਹੀ ਇਨ੍ਹਾਂ ਦੇ ਵਖੋ-ਵਖਰੇ ਨਾਵਾਂ ਦਾ ਕਾਰਨ ਹਨ। ਅਵਿਦਆ ਕਰਕੇ ਆਤਮਾਵਾਂ ਵਿਚ ਧੁੰਧਲਾਪਨ ਆ ਜਾਂਦਾ ਹੈ ਤੇ ਉਹਨਾਂ ਦੇ ਮਨ ਵਿਚ ਇਸ ਧੁੰਧਲਾਪਨ ਦੇ ਕਾਰਨ ਹੀ ਜਗਤ ਦੀ ਅਸਲ ਵਸਤੂਆਂ ਦੀ ਥਾਵੇਂ ਉਨ੍ਹਾਂ ਦਾ ਮਾਇਕ ਸਰੂਪ ਪੈਦਾ ਹੋ ਜਾਂਦਾ ਹੈ। ਤੇ ਇਸਦੇ ਨਤੀਜੇ ਦੇ ਤੌਰ ਤੇ ਆਤਮਾਵਾਂ ਅਸਲੀਅਤ ਨੂੰ ਨਹੀਂ ਵੇਖਦੀਆਂ, ਸਗੋਂ ਉਹਨਾਂ ਵਿਚ ਵਿਆਮਹਿਕਾ ਮਾਇਆ ਦੇ ਦਰਸਾਏ ਗੁਣ ਵੇਖਦੀਆਂ ਹਨ ਤੇ ਅਸਲੀ ਜਗਤ ਦੀ ਥਾਂ ਤੇ ਆਪਣਾ ਵਖਰਾ ਸੰਸਾਰ ਰਚ ਲੈਂਦੀਆਂ ਹਨ। ਅਸਲ ਵਿਚ ਸ਼ਾਸਤਰਕਾਰਾਂ ਨੇ ਜਿਸ ਸੰਸਾਰ ਨੂੰ ਮਾਇਆ ਕਿਹਾ ਹੈ, ਉਹ ਵਿਅਕਤੀ ਦੇ ਗਲਤ ਅਨੁਭਵ ਕਰਕੇ ਉਪਜਿਆ ਸੰਸਾਰ ਹੀ ਹੈ। ਅਸਲੀ ਸੰਸਾਰ ਜੋ ਈਸ਼ਵਰ ਦਾ ਰੂਪ ਹੈ, ਉਸ ਨੂੰ ਮਾਇਆ ਨਹੀਂ ਆਖਿਆ।

ਇਹੀ ਸੰਸਾਰ ਹਉਮੈ ਤੇ ਮਮਤਾ ਦੀ ਉਪਜ ਹੈ ਤੇ ਬ੍ਰਹਮ ਦਾ ਗਿਆਨ ਹੋਣ ਪੁਰ ਆਪਣੇ ਆਪ ਨਾਸ਼ ਹੋ ਜਾਂਦਾ ਹੈ,ਜਗਤ ਸਿਰਜਨ ਸਮੇਂ ਅਕਸ਼ਰ ਬ੍ਰਹਮ ਵਿਚੋਂ ਆਤਮਾਵਾਂ ਇਸ ਤਰਾਂ ਉਪਜਦੀਆਂ ਹਨ, ਜਿਵੇਂ ਅਗ ਵਿਚੋਂ ਚੰਗਾਰੀਆਂ। ਆਤਮਾਵਾਂ ਅਣਗਿਣਤ ਹਨ। ਇਹ ਸਦੀਵੀ ਹਨ। ਅਣੂ ਰੂਪ ਹਨ ਤੇ ਬ੍ਰਹਮ ਅੰਸ਼ ਹਨ। ਮਾਲਕ ਦੀ ਮਰਜ਼ੀ ਅਨੁਸਾਰ ਹੀ ਆਨੰਦ ਦਾ ਗੁਣ ਧੁੰਧ ਹੇਠਾਂ ਹੋਇਆ ਹੈ, ਸਤ ਤੇ ਚਿਤ, ਇਹ ਦੋ ਗੁਣ ਪ੍ਰਗਟ ਹਨ। ਆਤਮਾ ਇਕ ਚੇਤਨ ਸੱਤਾ ਹੈ। ਬ੍ਰਹਮ ਦੀ ਅੰਸ਼ ਹੈ। ਵਲਭ ਜੀ ਸੰਕਰ ਦੇ ਇਸ ਖਿਆਲ ਨਾਲ ਸਹਿਮਤ ਨਹੀਂ ਕਿ ਬ੍ਰਹਮ ਉਤੇ ਮਾਇਆ ਦਾ ਆਵਰਣ ਆਤਮਾ ਉਪਜਾਂਦਾ ਹੈ। ਆਤਮਾ ਅਣੂ ਹੈ, ਪਰ ਜਦੋਂ ਦਬਿਆ ਆਨੰਦ ਪਰਗਟ ਹੋ ਜਾਂਦਾ ਹੈ, ਤਾਂ ਆਤਮਾ ਵੀ ਬ੍ਰਹਮ ਵਾਂਗ ਸਰਬ ਵਿਆਪੀ ਹੋ ਜਾਂਦੀ ਹੈ। ਅਸਲ ਵਿਚ ਧਰਮ ਪੁਸਤਕਾਂ ਦੇ ਆਤਮਾ ਨੂੰ ਸਰਵ-ਵਿਆਪੀ ਦਸਣ ਵਾਲੇ ਵਿਚਾਰ ਆਤਮਾ ਦੀ ਇਸ ਅਵਸਥਾ ਲਈ ਹੀ ਹਨ। ਆਤਮਾ ਦੇ ਦੁਖ ਸੁਖ ਪੂਰਬਲੇ ਕਲਪਾਂ ਦੇ ਕਰਮਾਂ ਦਾ ਫਲ ਹੈ।

ਵਲਭ ਜੀ ਅਨੁਸਾਰ ਆਤਮਾਵਾਂ ਤਿੰਨ ਪਰਕਾਰ ਦੀਆਂ ਹਨ :

(੧) ਪੁਸ਼ਟੀ (੨) ਮਰਯਾਦਾ (੩) ਪਰਵਾਹ

ਪਰਵਾਹ:–ਉਹ ਆਤਮਾ, ਜੋ ਲਕਸ਼-ਹੀਣ ਹਨ ਤੇ ਸੰਸਾਰ ਵਿਚ ਪੂਰਨ ਤੌਰ ਤੇ ਖਚਿਤ ਹੋਈਆਂ ਹੋਈਆਂ ਚਕਰ ਕਟ ਰਹੀਆਂ ਹਨ, ਤੇ ਜਿਨ੍ਹਾਂ ਨੂੰ ਕਦੇ ਵੀ ਈਸ਼ਵਰ ਦਾ ਖਿਆਲ ਨਹੀਂ ਆਇਆ।

ਮਰਯਾਦਾ–ਉਹ ਆਤਮਾਵਾਂ, ਜੋ ਧਰਮ ਪੁਸਤਕਾਂ ਪੜਦੀਆਂ ਹਨ। ਈਸ਼ਵਰ ਦੇ ਅਸਲੀ ਰੂਪ ਨੂੰ ਸਮਝਦੀਆਂ ਹਨ ਅਤੇ ਉਸ ਦੀ ਉਸੇ ਪਰਕਾਰ ਪੂਜਾ ਕਰਦੀਆਂ ਹਨ।

ਪੁਸ਼ਟੀ :—ਉਹ ਆਤਮਾਵਾਂ ਹਨ, ਜਿਨ੍ਹਾਂ ਉਤੇ ਈਸ਼ਵਰ ਦੀ ਪੂਰਨ ਕਿਰਪਾ ਹੋ ਚੁਕੀ ਹੈ। ਉਸਦੀਆਂ ਬਰਗਜ਼ੀਦਾ ਹਨ ਅਤੇ ਜੋ ਅਥਾਹ ਪਰੇਮ ਦੁਆਰਾ ਉਸ ਨੂੰ ਪੂਜਦੀਆਂ ਹਨ।

ਉਪਰੋਕਤ ਹੋਈਆਂ ਵਿਚਾਰਾਂ ਤੋਂ ਅਸੀਂ ਇਸ ਨਿਰਣੇ ਤੇ ਪੁਜੇ ਹਾਂ, ਜੋ ਵੈਸ਼ਨਵ ਸ਼ਾਸ਼ਤਰਕਾਰਾਂ ਵਿਚ ਖਿਆਲ ਦੀ ਇਕਸਾਰਤਾ ਨਹੀਂ। ਦ੍ਵੈਤ ਵਾਦੀ, ਅਦ੍ਵੈਤ ਵਾਦੀ ਤੇ ਦ੍ਵੈਤ-ਅਦ੍ਵੈਤ ਵਾਦੀ, ਤਿੰਨ ਤਹੁਾਂ ਦੇ ਵਿਚਾਰ, ਇਸ ਮੱਤ ਵਿਚ ਮਿਲਦੇ ਹਨ। ਵਲਭ ਸ਼ੁਧ ਅਦ੍ਵੈਤ-ਵਾਦੀ ਹੈ ਤੇ ਗੁਰਮਤਿ ਦੀ ਰੋਸ਼ਨੀ ਵਿਚ ਇਸ ਮੱਤ ਦੀ ਕੀਤੀ ਗਈ ਪੜਚੋਲ ਇਸ ਦੇ ਸਿਧਾਂਤਾਂ ਨੂੰ ਗੁਰਮਤ ਦੇ ਕਾਫੀ ਨੇੜੇ ਸਾਬਤ ਕਰਦੀ ਹੈ। ਇਤਿਹਾਸ ਦਸਦਾ ਹੈ, ਜੋ ਵਲਭ ਤੇ ਗੁਰੂ ਨਾਨਕ ਦੋਵੇਂ ਸਮਕਾਲੀ ਸਨ। ਇਹ ਵੀ ਸੰਭਵ ਹੈ ਕਿ ਇਨ੍ਹਾਂ ਦੋਹਾਂ ਦਾ ਪਰਸ਼ਪਰ ਮੇਲ ਤੇ ਵਿਚਾਰ ਵਟਾਂਦਰਾ ਵੀ ਹੋਇਆ ਹੋਵੇ। ਇਹ ਵੀ ਇਤਿਹਾਸਕ ਸਚਾਈ ਹੈ, ਦੋਹਾਂ ਮਹਾਨ ਵਿਅਕਤੀਆਂ ਨੇ ਦੇਸ-ਪ੍ਰਦੇਸ ਵਿਚ ਪਰਚਾਰ ਦੌਰੇ ਵੀ ਕੀਤੇ ਹਨ। ਕੁਝ ਸਮਝ ਲਵੇ, ਇਸ ਗਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਗੁਰਮਿੱਤ ਤੇ ਵਲਭ ਸ਼ੁਧ ਅਦ੍ਵੈਤ ਵਿਚ ਬਹੁਤ ਨੇੜ ਦਾ ਸ਼ਿਧਾਂਤਕ ਸਬੰਧ ਹੈ।

ਵੈਸ਼ਨੋ ਮਤਿ ਦੇ ਖਾਸ ਖਾਸ ਲਛਣ

(੧) ਵੇਦਾਂ ਦੀ ਪ੍ਰਮਾਣੀਕਤ ਪਰਧਾਨ ਹੈ ਤੇ ਵੈਸ਼ਨੂ ਬਾਣੀ ਦਾ ਆਧਾਰ ਵੀ ਵੇਦ ਬਾਣੀ ਹੀ ਹੈ।

(੨) ਪੁਰਾਣਿਕ ਸਾਖੀਆਂ ਹੀ ਭਗਤੀ ਦਾ ਥੰਮ ਬਣ ਗਈਆਂ ਜਾਪਦੀਆਂ ਹਨ।

(੩) ਸ੍ਰਗੁਣ ਬ੍ਰਹਮ ਦੀ ਪੂਜਾ ਪਰਮਾਣਿਤ ਹੋਣ ਕਰਕੇ ਇਹ ਅਵਤਾਰ ਵਾਦ, ਹਨ। ਅਵਤਾਰ ਪੂਜਾ ਵਾਸਦੇਵ ਤੋਂ ਅਰੰਭ ਹੋ ਕੇ ਸ੍ਰੀ ਕ੍ਰਿਸ਼ਨ, ਗੋਪਾਲ: ਸ੍ਰੀ ਰਾਮ ਚੰਦਰ ਆਦਿ ਅਵਤਾਰਾਂ ਤੋਂ ਵਧਦੀ ਵਧਦੀ ਪਹਿਲੇ ਛੇ, ਫੇਰ ਦਸ ਤੇ ਅੰਤ ਨੂੰ ੨੪ ਤਕ ਅਪੜ ਜਾਂਦੀ ਹੈ। ਮੁਖ ਅਵਤਾਰ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਜੀ ਮੰਨੇ ਜਾਂਦੇ ਹਨ।

(੪) ਅਵਤਾਰਾਂ ਦੀਆਂ ਮੂਰਤੀਆਂ ਮੰਦਰਾਂ ਵਿਚ ਸਥਾਪਨ ਕਰਕੇ ਉਨ੍ਹਾਂ ਦੀ ਪੂਜਾ ਕਰਨੀ ਵਸ਼ੇਸ਼ ਅੰਗ ਹੈ।

(੫) ਗ੍ਰਹਿਸਥ ਦਾ ਤਿਆਗ ਕਰਕੇ ਨਿਵਿਰਤੀ ਮਾਰਗ ਅਪਨਾਣਾ ਤੇ ਸਾਧੂ ਬਣ ਕੇ ਜੀਵਨ ਬਤੀਤ ਕਰਨਾ ਜ਼ਰੂਰੀ ਹੈ।

(੬) ਅਮਲੀ ਪਖ ਵਿਚ ਕਈ ਕਿਸਮ ਦੇ ਕਰਮ ਕਾਂਡ ਤੇ ਪੂਜਾ ਅਰਚਾ ਸ਼ਾਮਲ ਹਨ। ਸ੍ਰੀ ਰਾਮਾਨੁਜ ਜੀ ਨੇ ਹੇਠ ਲਿਖੇ ੧੬ ਸਾਧਨਾਂ ਦਾ ਜ਼ਿਕਰ ਕੀਤਾ ਹੈ:

(੧) ਰੱਬ ਦਾ ਸਿਮਰਨ।
(੨) ਰੱਬ ਦੇ ਗੁਣ ਗਾਉਣਾ ਤੇ ਨਾਮ ਲੈਣਾ।
(੩) ਲਗਾਤਾਰ ਇਕ ਰੱਸ ਭਗਤੀ।
(੪) ਹੁਕਮ ਪਾਲਣਾ ਤੇ ਸੇਵਾ।
(੫) ਸੰਗਤਿ।
(੬) ਹਰੀ ਭਗਤਾਂ ਦੀ ਸੇਵਾ ਕਰਨੀ।
(੭) ਡੰਡੌਤ ਕਰਨਾ।
(੮) ਭਗਵਾਨ ਦੀ ਚਰਨ ਸੇਵਾ।
(੯) ਦੇਹੀ ਉਤੇ ਸੰਖ, ਤ੍ਰੈਸੂਲ ਆਦਿ ਦੇ ਨਿਸ਼ਾਨ ਲਗਾਉਣੇ।
(੧੦) ਮਥੇ ਤੇ ਤਿਲਕ ਲਗਾਣਾ।

(੧੧) ਮੰਤ੍ਰਾਂ ਦਾ ਪਾਠ ਸਮੇਂ ਸਮੇਂ ਕਰਨਾ।
(੧੨) ਜੀਵ ਅਰਪਨ ਕਰਨਾ (ਬਲੀ ਦੇਣੀ)।
(੧੩) ਹਰੀ ਚਰਨਾਂ ਦੇ ਇਸ਼ਨਾਨ ਵਾਲੇ ਪਾਣੀ ਨੂੰ ਪੀਣਾ।
(੧੪) ਹਰੀ ਨੂੰ ਭੋਗ ਲਵਾਈਆਂ ਵਸਤੂਆਂ ਦਾ ਸੀਤ ਪ੍ਰਸਾਦਿ ਲੈਣਾ ਤੇ ਛਕਣਾ।
(੧੫) ਇਕਾਦਸ਼ੀ ਦਾ ਵਰਤ ਰਖਣਾ।
(੧੬) ਹਰੀ ਦੀ ਮੂਰਤੀ ਅਗੇ ਤੁਲਸੀ ਪਤਰ ਭੇਟ ਕਰਨੇ।

ਇਹ ਹਨ ਸੰਖੇਪ ਵਿਚ ਵੈਸ਼ਨੂੰ ਮੱਤ ਦੇ ਖਾਸ ਖਾਸ ਲਛਣ। ਹੁਣ ਅਸੀਂ ਗੁਰਮਿੱਤ ਵਿਚ ਇਨ੍ਹਾਂ ਦੀ ਵਰਤੋਂ ਦਾ ਵਿਚਾਰ ਪੇਸ਼ ਕਰਦੇ ਹਾਂ :

ਗੁਰਮੱਤਿ

(੧) ਵੇਦਾਂ ਦੀ ਪ੍ਰਮਾਣੀਕਤਾ

ਗੁਰਮੱਤਿ ਵਿਚ ਸ੍ਰੇਸ਼ਟ ਵਿਚਾਰਾਂ ਦਾ ਸਤਿਕਾਰ ਸਦਾ ਹੀ ਕੀਤਾ ਜਾਂਦਾ ਹੈ ਤੇ ਇਸੇਤਰ੍ਹਾਂ ਵੇਦਾਂ ਨੂੰ ਸ੍ਰੇਸ਼ਟ ਵਿਚਾਰਾਂ ਦਾ ਸੰਗ੍ਰਹਿ ਜਾਣ ਕੇ ਸਤਿਕਾਰਿਆ ਜਾਂਦਾ ਹੈ, ਪਰ ਜਿਥੇ ਤਕ ਵੇਦਾਂ ਦੀ ਪਰਮਾਣੀਕਤਾ ਜਾਂ ਸਰਵ-ਸ੍ਰੇਸ਼ਟ ਹੋਣ ਦਾ ਸਵਾਲ ਹੈ, ਗੁਰਮੱਤਿ ਇਸ ਦੀ ਕਾਇਲ ਨਹੀਂ ਤੇ ਨਾ ਹੀ ਨਿਰੀ ਪੁਰੀ ਵੇਦਾਂ ਤੇ ਨਿਰਭਰ ਕਰਦੀ ਹੈ। ਹੇਠ ਲਿਖੇ ਪਰਮਾਣ ਵੇਦਾਂ ਸਬੰਧੀ ਗੁਰਮਤਿ ਦੀ ਰਾਏ ਸਪਸ਼ਟ ਕਰਨ ਲਈ ਕਾਫੀ ਸਹਾਇਕ ਸਾਬਤ ਹੋ ਸਕਦੇ ਹਨ :

(ੳ) ਦਿਨੁਸ ਰੈਣਿ ਬਰਤ ਅਰ ਬੇਦਾ ॥
ਸਾਸਤ੍ਰ ਸਿਮ੍ਰਿਤਿ ਬਿਨਸਹਿਗੇ ਬੇਦਾ ॥ ੩ ॥ ੪ ॥
(ਗਉੜੀ ਮ: ੫)

(ਅ) ਬੇਦ ਕਤੇਬ ਸੰਸਾਰ ਹਭਾਹੂੰ ਬਾਹਿਰਾ ॥
ਨਾਨਕ ਕਾ ਪਾਤਸਾਹੁ ਦਿਸੈ ਜਾਹਿਰਾ ॥
(ਆਸਾ ਮ: ੫)

(ੲ) ਬੇਦ ਕਤੇਬੀ ਭੇਦ ਨਾ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ ੨ ॥
(ਮਾਰੂ ਸੋਲਹੇ ਮ: ੧)

(ਸ) ਬੇਦ ਬਾਦਿ ਸਭਿ ਆਖਿ ਵਿਖਾਣਹਿ ॥
ਨ ਅੰਤਰੁ ਭੀਜੈ ਨ ਸ਼ਬਦੁ ਪਛਾਣਹਿ ॥
ਪੁੰਨ ਪਾਪ ਸਭੁ ਬੇਦਿ ਦ੍ਰਿੜਾਇਆ ॥
ਗੁਰਮੁਖਿ ਅਮ੍ਰਿਤ ਪੀਜੈ ਹੇ ॥

(ਹ) ਮਹਿਮਾ ਨ ਜਾਨਹਿ ਬੇਦ ।। ਬ੍ਰਹਮੇ ਨਹਿ ਜਾਨਹਿ ਭੇਦ ।।
ਅਵਤਾਰ ਨ ਜਾਨਹਿ ਅੰਤੁ ।। ਪਰਮੇਸੁਰ ਪਾਰਬ੍ਰਹਮ ਬੇਅੰਤੁ ।। ੧ ।। ੨੫ ।।
੨੬ ।। (ਰਾਮਕਲੀ ਮ: ੫)

(ਕ) ਪੜੇ ਰੇ ਸਗਲ ਬੇਦ, ਨਹ ਚੂਕੇ ਮਨ ਭੇਦ,
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ।। ੩ ।।
(ਧਨਾਸਰੀ ਮ: ੫)

(ਖ) ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ ਪੜਿਆ ਮੁਕਤਿ ਨ ਹੋਈ ।। ੫੦ ।।
(ਸੂਹੀ ਮ: ੫)

(ਗ) ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ ।। ੩ ।। ੨੪ ।।
(ਅਕਾਲ ਉਸਤਤਿ ਪਾ: ੧੦)

(ਘ) ਬੇਦ ਪੁਰਾਨ ਕਤੇਬ ਕੁਰਾਨ; ਅਭੇਦ ਨ੍ਰਿਪਾਨ ਸਭੈ ਪਚਹਾਰੇ ।।
ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ ।।
੯ ।। ੨੫੧ ।। (ਅਕਾਲ ਉਸਤਤਿ ਪਾ: ੧੦)

(ਙ) ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਵਾਰੀ ।।
ਨਾਉ ਵਿਸਾਰਹਿ ਬੇਦ ਸਮਾਲਹਿ ਬਿਖੁ ਭੂਲੇ ਲੇਖਾਰੀ ।। ੧੧ ।।
(ਮਾਰੂ ਅਸਟਪਦੀਆਂ ਮ: ੧)

(੨) ਪੁਰਾਣਿਕ ਸਾਖੀਆਂ

ਗੁਰਮਤਿ ਵਿਚ ਪੁਰਾਣਿਕ ਸਾਖੀਆਂ ਭਗਤੀ ਭਾਵਨਾਂ ਦਾ ਏਂਮ ਤਾਂ ਨਹੀਂ ਮੰਨੀਆਂ ਗਈਆਂ, ਪਰ ਦ੍ਰਿਸ਼ਟਾਂਤ ਮਾਤ੍ਰ ਜਾਂ ਨਵੇਂ ਮਹਿਨਿਆਂ ਵਿਚ ਕਈ ਥਾਈਂ ਵਰਤੀਆਂ ਗਈਆਂ ਹਨ । ਬਿਬੇਕ-ਵਿਚਾਰ ਨਾਲ ਸਬੰਧਤ ਵਿਸ਼ੇ ਅਨੁਸਾਰ ਨਵੇਂ ਮਹਿਨਿਆਂ ਵਿਚ ਵਰਤੀਆਂ ਹਨ, ਪਰ ਨਿਸਚਿਤ ਰੂਪ ਵਿਚ ਨਹੀਂ ।

ਮਿਸਾਲ ਦੇ ਤੌਰ ਤੇ ਪ੍ਰਹਿਲਾਦ, ਨਰ ਸਿੰਘ ਤੇ ਹਰਨਾਕਸ਼ ਦਾ ਜ਼ਿਕਰ ਜਿਸ ਥਾਂ ਤੇ ਵੀ ਕੀਤਾ ਗਿਆ ਹੈ, "ਹਰਿ ਜੀਉ ਅਹੰਕਾਰੁ ਨ ਭਾਵਈ" ਦੇ ਅਰਥ ਭਾਵ ਨੂੰ ਸਪਸ਼ਟ ਕਰਨ ਲਈ ਹੀ ਕੀਤਾ ਗਿਆ ਹੈ । ਜੁਗਾਂ ਨੂੰ ਸਮੇਂ ਦੀ ਲੜੀ ਦੇ ਚਾਰ ਭਾਗਾਂ ਦੇ ਅਰਥਾਂ ਵਿਚ ਨਹੀਂ, ਸਗੋਂ ਵਖੋ ਵਖ ਬਿਰਤੀਆਂ ਤੇ ਸੁਭਾਵਾਂ ਅਨੁਸਾਰ ਚਾਰ ਟੋਲੇ ਕਰਕੇ ਦਰਸਾਇਆ ਹੈ । ਪੁਰਾਣੇ ਧਉਲੇ ਬਲਦ ਵਾਲੀ ਸਾਖੀ ਨੂੰ ਵਰਤਿਆ ਤਾਂ ਹੈ, ਪਰ ਪੁਰਾਣਾਂ ਵਿਚ ਦਸੀ ਸਾਖੀ ਵਾਂਗ ਨਹੀਂ, ਸਗੋਂ ਨਵੇਂ ਭਾਵਾਂ ਵਿਚ । 'ਧਰਮ' ਨੂੰ ਸ੍ਰਿਸ਼ਟੀ ਦਾ ਇਕ ਅਟਲ ਨਿਯਮ ਕਰਕੇ ਬਿਆਨਿਆ ਹੈ ਤੇ "ਧੌਲੁ ਧਰਮੁ ਦਇਆ ਕਾ ਪੂਤੁ" ਆਖ ਕੇ 'ਧੌਲ' ਨੂੰ ਵਾਸਤਵਿਕ ਬਣਾ ਦਿਤਾ ਹੈ । ਪੁਰਾਨਾਂ ਵਿਚ ਬਿਆਨ ਕੀਤੀ ਗਈ

ਸਾਖੀ ਨੂੰ ਦਲੀਲ ਨਾਲ, ਸਗੋਂ ਇੰਝ ਕਹਿ ਕੇ ਝੁਠਲਾਇਆ ਹੈ :

ਜੇ ਕੋ ਬੁਝੈ ਹੋਵੈ ਸਚਿਆਰੁ ॥ ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥ ਤਿਸਤੇ ਭਾਰੁ ਤਲੈ ਕਵਣ ਜੋਰੁ ॥ ੧੬ ॥
(ਜਪੁ ਮ: ੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਦਸਿਆ ਸੀ ਕਿ ਉਹ ਕਿਸੇ ਧਰਮ ਦੇ ਵਿਰੁਧ ਨਹੀਂ, ਸਗੋਂ ਪ੍ਰਾਣੀ ਮਾਤਰ ਨੂੰ ਉਸਦੇ ਅਕੀਦੇ ਅਨੁਸਾਰ ਹੀ ਉਪਦੇਸ਼ ਦੇਂਦੇ ਹਨ। ਇਹ ਗਲ ਸਿਖ ਗੁਰੂਆਂ ਦੇ ਪ੍ਰਚਾਰਕ ਦ੍ਰਿਸ਼ਟੀ-ਕੋਨ ਨੂੰ ਸਪਸ਼ਟ ਕਰਦੀ ਹੈ। ਸਿਖ ਗੁਰੂ ਜਿਸ ਕਿਸੇ ਨੂੰ ਵੀ ਉਪਦੇਸ਼ ਦੇਂਦੇ ਸਨ, ਉਸਨੂੰ ਉਸਦੇ ਆਪਣੇ ਨਿਸਚੇ ਤੇ ਇਤਿਹਾਸ ਅਨੁਕੂਲ ਹੀ ਪ੍ਰਮਾਣ ਦੇ ਕੇ ਅਸਲੀ ਸਚ ਨੂੰ ਦਰਸਾਂਦੇ ਸਨ। ਸ੍ਰੀ ਗੁਰੂ ਰਾਮਦਾਸ ਜੀ ਵੀ ਇਹੋ ਗਲ ਆਖਦੇ ਹਨ ਕਿ ਉਹ ਸਰਬ ਸਾਂਝੀ ਸਚਿਆਈ ਨੂੰ ਕਿਸੇ ਦੇ ਪਰਥਾਏ ਕਿਸੇ ਸਾਖੀ ਰਾਹੀਂ ਹੀ ਦ੍ਰਿੜਾਂਦੇ ਹਨ :

ਪਰਥਾਇ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ ਸਗਲ ਜਹਾਨੈ ॥
(ਸੋਰਠ ਕੀ ਵਾਰ ਮ: ੪)

ਇਸਦਾ ਇਹ ਮਤਲਬ ਨਹੀਂ ਉਨ੍ਹਾਂ ਦਾ ਆਪਣਾ ਅਕੀਦਾ, ਉਸ ਸਾਖੀ ਦੀ ਸਚਿਆਈ ਲਈ ਦ੍ਰਿੜ ਹੈ। ਜਿਥੇ ਤਕ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੇਵਤਿਆਂ ਦਾ ਗੁਰਮਤਿ ਨਾਲ ਸਬੰਧ ਹੈ, ਉਥੇ ਗੁਰਮਤਿ ਉਨ੍ਹਾਂ ਨੂੰ ਸਾਧਾਰਣ ਮਨੁਖਾਂ ਵਾਂਗ ਹੀ ਵਿਚਰਦੇ, ਦੁਖ ਸੁਖ ਵਿਚ ਗ਼ਲਤਾਨ ਤੜਪਦੇ ਤੇ ਕੁਰਲਾਂਦੇ ਦਰਸਾਂਦੇ ਹਨ। ਜੋ ਹੇਠ ਲਿਖੇ ਗੁਰਬਾਣੀ ਦੇ ਪਰਮਾਣਾਂ ਤੋਂ ਸਾਫ ਦਿਸ ਆਉਂਦਾ ਹੈ :

ਬ੍ਰਹਮਾ ਬਿਸਨੁ ਮਹੇਸੁ ਦੁਆਰੇ ॥ ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰ ਦੀਸੈ ਬਿਲਲਾਂਦੀ ਮੈ ਗਣਤ ਨ ਆਵੈ ਕਾਈ ਹੇ ॥ ੧੪ ॥ ੨ ॥
(ਮਾਰੂ ਸੋਲਹੇ ਮ: ੧)
ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ । ਅੰਤੁ ਨ ਪਾਵਹਿ ਅਲਖ ਅਭੇਵਾ ॥੧੦॥
(ਮਾਰੂ ਸੋਲਹੇ ਮ: ੩)
ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰ ਤਾਮਸੁ ਆਪ ਨ ਪਛਾਣੈ ॥ ੭ ॥ ੫ ॥
(ਗਉੜੀ ਮ: ੩)
ਰੋਗੀ ਬ੍ਰਹਮਾ ਬਿਸਨੁ ਸ ਰੁਦ੍ਰਾ ਰੋਗੀ ਸਗਲ ਸੰਸਾਰਾ ॥
ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥ ੪ ॥ ੧ ॥
(ਭੈਰਉ ਅਸਟਪਦੀਆਂ ਮ: ੧)
ਸਨਤ ਕੁਮਾਰ ਸਨਕਾਦਿ ਸਰਬ ਜਉਸਮਾ ਨ ਪਾਵਹਿ ॥
ਲਖ ਲਖਮੀ ਲਖ ਬਿਸਨੁ ਕਿਸਨ ਕਈ ਨੇਤਿ ਬਤਾਵਹਿ ॥ ੧ ॥ ੩੨ ॥
(ਗਯਾਨ ਪ੍ਰਬੋਧ ਪਾ: ੧੦)

ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ ॥ ੧ ॥ ੧੦ ॥ ੩੪ ॥
(ਰਾਗ ਦੇਵ ਗੰਧਾਰੀ ਪਾ: ੧੦)

ਸੋ ਉਪਰੋਕਤ ਵਿਚਾਰ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ, ਜੋ ਗੁਰੂ ਸਾਹਿਬਾਨ ਨੇ ਪੁਰਾਨਿਕ ਸਾਖੀਆਂ ਦੀ ਵਰਤੋਂ ਨਿਸਚੇ ਦੇ ਰੂਪ ਵਿਚ ਨਹੀਂ ਕੀਤੀ, ਸਗੋਂ ਕੇਵਲ ਪਰਮਾਣ ਰੂਪ ਵਿਚ ਹੀ ਕੀਤੀ ਹੈ, ਉਨ੍ਹਾਂ ਨੂੰ ਇਨ੍ਹਾਂ ਸਾਖੀਆਂ ਦੇ ਸਚੇ ਜਾਂ ਝੂਠੇ ਹੋਣ ਨਾਲ ਵੀ ਕੋਈ ਸਬੰਧ ਨਹੀਂ ਸੀ। ਉਹ ਇਨ੍ਹਾਂ ਸਾਖੀਆਂ ਦੇ ਬਹੁਤੇ ਕਾਇਲ ਵੀ ਨਹੀਂ ਸਨ। ਪਰ ਵਿਚਾਰ ਦੀ ਗਲ ਇਹ ਹੈ, ਜੋ ਜਿਸ ਸਚਾਈ ਨੂੰ ਸਤਿਗੁਰੂ ਦ੍ਰਿੜਾਨਾ ਚਾਹੁੰਦੇ ਸਨ, ਜੇਕਰ ਉਹ ਕਿਸੇ ਧਰਮ ਦੇ ਆਪਣੇ ਮਿਥਿਹਾਸ ਵਿਚੋਂ ਹੀ ਸਿਧ ਹੁੰਦੀ ਹੋਵੇ, ਤਾਂ ਫਿਰ ਉਸਨੂੰ ਖਾਹ-ਮਖਾਹ ਝੁਠਲਾਣ ਨਾਲੋਂ ਉਹ ਉਸਨੂੰ ਉਸੇ ਰਾਹੀਂ ਹੀ ਅਸਲੀਅਤ ਦਾ ਗਿਆਨ ਦੇ ਦਿਤਾ ਕਰਦੇ ਸਨ। ਮਤਲਬ ਤਾਂ ਸਚ ਉਪਦੇਸ਼ਨ ਦਾ ਹੈ, ਕਿਸੇ ਦੀ ਹੇਠੀ ਕਰਕੇ ਆਪਣੇ ਆਸ਼ੇ ਨੂੰ ਉਚਾ ਸਿਧ ਕਰਨ ਦਾ ਨਹੀਂ। ਮਹਾਂਪੁਰਸ਼ ਸਦਾ ਫਲ ਲੋਚਦੇ ਹਨ, ਕੰਡੇ ਨਹੀਂ ਬੋਚਦੇ।

(੩) ਅਵਤਾਰ ਪੂਜਾ

ਅਸੀਂ ਪਿਛੇ 'ਗੀਤਾ ਮੱਤ' ਤੇ 'ਗੁਰਮੱਤ' ਦੇ ਸਿਰਲੇਖ ਹੇਠਾਂ ਅਵਤਾਰਾਂ ਦੀ ਹੋਂਦ ਤੇ ਪੂਜਾ ਸਬੰਧੀ ਗੁਰਮੱਤ ਦੇ ਵਿਚਾਰ ਦਸ ਚੁਕੇ ਹਾਂ। ਗੁਰਮੱਤ ਅਵਤਾਰ-ਵਾਦੀ ਖਿਆਲਾਂ ਨਾਲ ਸਹਿਮਤ ਨਹੀਂ। ਗੁਰਬਾਣੀ ਵਿਚ ਬਹੁਤ ਥਾਈਂ ਵਾਸੁਦੇਵ, ਰਾਮ ਜਾਂ ਕ੍ਰਿਸ਼ਨ ਦੇ ਨਾਮ ਵਰਤੇ ਗਏ ਹਨ, ਪਰ ਉਹ ਅਕਾਲ ਪੁਰਖੀ ਅਰਥਾਂ ਵਿਚ ਵਰਤੇ ਹਨ। ਕਿਸੇ ਕੁਸ਼ਲਿਆ, ਦੇਵਕੀ ਜਾਂ ਦਸ਼ਰਥ, ਵਾਸਦੇਵ ਦੇ ਪੁਤਰਾਂ ਲਈ ਨਹੀਂ। ਸਾਨੂੰ ਅਜਿਹੇ ਅਣਗਿਣਤ ਪਰਮਾਣ ਗੁਰਬਾਣੀ ਵਿਚੋਂ ਮਿਲਦੇ ਹਨ, ਜਿਨ੍ਹਾਂ ਤੋਂ ਅਵਤਾਰਾਂ ਸਬੰਧੀ ਗੁਰਮੱਤ ਦੀ ਰਾਇ ਜਾਨਣ ਵਿਚ ਕੋਈ ਕਠਨਤਾਈ ਨਹੀਂ ਜਾਪਦੀ। ਪਰਮਾਣ ਵਜੋਂ ਕੁਝ ਕੁ ਸ਼ਬਦ ਹੇਠਾਂ ਦਿਤੇ ਜਾਂਦੇ ਹਨ:

(ੳ) ਜੁਗਹਿ ਜੁਗਹਿ ਕੇ ਰਾਜੇ ਕੀਏ ਗਾਵਹਿ ਕਰ ਅਵਤਾਰੀ ॥
ਤਿਨ ਭੀ ਅੰਤ ਨ ਪਾਇਆ ਤਾਕਾ ਕਿਆ ਕਰ ਆਖ ਵੀਚਾਰੀ ॥
(ਆਸਾ ਮ: ੧ ਅਸਟਪਦੀਆਂ)

(ਅ) ਅੰਸਾ ਅਉਤਾਰ ਉਪਾਇਓਨੁ ਭਾਉ ਦੂਜਾ ਕੀਆ ॥
ਜਿਉ ਰਾਜੇ ਰਾਜ ਕਮਾਂਵਦੇ ਦੁਖ ਸੁਖ ਭਿੜੀਆ ॥
ਈਸਰੁ ਬ੍ਰਹਮਾ ਸੇਵਦੇ ਅੰਤ ਤਿਨ੍ਹੀ ਨ ਲਹੀਆ ॥
ਨਿਰਭਉ ਨਿਰੰਕਾਰ ਅਲਖੁ ਹੈ ਗੁਰਮੁਖਿ ਪ੍ਰਗਟੀਆ ॥
ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰ ਜਗਿ ਥੀਆ ॥
(ਵਾਰ ਗ਼ੁਜਰੀ ਮ: ੩)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਅਸ਼ਟਮੀ ਦੇ ਤਿਉਹਾਰ ਵਲ ਇਸ਼ਾਰਾ ਕਰਕੇ ਠਾਕਰ (ਵਾਹਿਗੁਰੂ) ਦੇ ਜਨਮ ਲੈਣ ਵਾਲੇ ਖਿਆਲ ਦੀ ਕਚਿਆਈ ਬਾਰੇ ਆਪਣੇ ਵਿਚਾਰ ਏਸ ਧੁਰੀ ਫੁਰਮਾਣ ਰਾਹੀਂ ਦਰਸਾਂਦੇ ਹਨ :

(ੲ) ਸਗਲੀ ਥੀਤਿ ਪਾਸਿ ਡਾਰਿ ਰਾਖੀ ॥ ਅਸਟਮ ਥੀਤਿ ਗੋਵਿੰਦ ਜਨਮਾਸੀ ॥੧॥
ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥
ਰਹਾਉ ॥ ਕਰ ਪੰਜੀਰੁ ਖਵਾਇਓ ਚੋਰ ॥ ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥
ਸਗਲ ਪਰਾਧ ਦੇਹਿ ਲੋਰੋਨੀ ॥ ਸੋ ਮੁਖ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥
ਜਨਮਿ ਨ ਮਰੈ ਨ ਆਵੈ ਨ ਜਾਇ ॥ ਨਾਨਕ ਕਾ ਪ੍ਰਭੁ ਰਹਿਓ ਸਮਾਇ ॥ ੪ ॥ ੧ ॥
(ਭੈਰਉ ਮ: ੫)

(ਸ) ਰੋਵੈ ਰਾਮ ਨਿਕਾਲਾ ਭਇਆ ॥ ਸੀਤਾ ਲਖਮਣ ਵਿਛੜਿ ਗਿਆ ॥
(ਰਾਮਕਲੀ ਕੀ ਵਾਰ ਮ: ੧)

ਸ੍ਰੀ ਦਸ਼ਮੇਸ਼ ਜੀ ਤਾਂ ਕਰੜੇ ਸ਼ਬਦਾਂ ਵਿਚ ਅਵਤਾਰਵਾਦ ਦਾ ਖੰਡਨ ਕਰਦੇ ਹਨ :

(ਹ) ਕਾਹੂੰ ਲੈ ਠੋਕ ਬਧੇ ਉਰ ਠਾਕਰ ਕਾਹੂੰ ਮਹੇਸ ਕੋ ਏਸ ਬਖਾਨਿਯੋ ॥
ਕਾਹੂੰ ਕਹਿਯੋ ਹਰਿ-ਮੰਦਰ ਮੈਂ ਹਰਿ ਕਾਹੂੰ ਮਸੀਤ ਕੇ ਬੀਚ ਪ੍ਰਮਾਨਿਯੋ ॥
ਕਾਹੂੰ ਨੇ ਰਾਮ ਕਹਿਬੋ ਕ੍ਰਿਸਨਾ ਕਾਹੂੰ ਮਨੇ ਅਵਤਾਰਨ ਮਾਨਿਯੋ ॥
ਫੋਕਟ ਧਰਮ ਬਿਸਾਰ ਸਭੈ ਕਰਤਾਰ ਹੀ ਕਉ ਕਰਤਾ ਜੀਅ ਜਾਨਿਯੋ ॥ ੧੨ ॥
(੩੩ ਸਵੱਯੇ ਪਾ: ੧੦)

(ਕ) ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸ਼ਰ ਜਾਨੋ ॥ ੧ ॥ ਰਹਾਉ ॥
ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ ॥
ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮ ਕਹਾਏ ॥ ੧ ॥
ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਸੋ ਕਿਮ ਜਾਤਿ ਗਿਨਾਯੋ ॥
ਤਾਂਤੇ ਸਹਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਆਯੋ ॥ ੨ ॥
ਕੈਸੇ ਤੋਹਿ ਤਾਰਿ ਹੈ ਸੁਨਿ ਜੜ ਆਪ ਡੁਬਿਯੋ ਭਵ ਸਾਗਰ ॥
ਛੂਟਿਹੋ ਕਾਲ ਫਾਸ ਤੇ ਤਬ ਹੀ ਗਹੋ ਸਰਨਿ ਜਗਤਾਗਰ ॥ ੩ ॥ ੫ ॥
(ਰਾਗ ਕਲਿਆਣ ਪਾ: ੧੦)

(ਖ) ਕੇਵਲ ਕਾਲ ਹੀ ਕਰਤਾਰ ॥
ਆਦਿ ਅੰਤ ਅਨੰਤ ਮੂਰਤਿ ਗੜ੍ਹਨ ਭੰਜਨ ਹਾਰ ॥ ੧ ॥ ਰਹਾਉ ॥
ਨਿੰਦ ਉਸਤਤਿ ਜੌਨ ਕੇ ਸਮ ਸਤ੍ਰ ਮਿਤ੍ਰ ਨ ਕੋਇ ॥
ਕੌਨ ਬਾਟ ਪਰੀ ਤਿਸੈ ਪਥ ਸਾਰਥੀ ਰਥ ਹੋਇ ॥
ਤਾਤ ਮਾਤ ਨ ਜਾਤ ਜਾਕਰ ਪੁਤ੍ਰ ਪੋਤ੍ਰ ਮੁਕੰਦ ॥

ਕਉਨ ਕਾਜ ਕਹਾਹਿਗੇ ਤੇ ਆਨ ਦੇਵਕਿ ਨੰਦ ॥
ਦੇਵ ਦੈਤ ਦਿਸਾ ਵਿਸਾ ਜਿਹ ਕੀਨ ਸਰਬ ਪਸਾਰ ॥
ਕੌਨ ਉਪਮਾਂ ਤੌਨ ਕੋ ਮੁਖ ਲੇਤ ਨਾਮ ਮੁਰਾਰ ॥ ੩ ॥ ੭ ॥ ੩੧ ॥
(ਬਿਲਾਵਲ ਪਾ: ੧੦)

(ਗ) ਕਿਤੇ ਕ੍ਰਿਸ਼ਨ ਸੇ ਕੀਟ ਕੋਟੋਂ ਬਨਾਇ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਇ ॥
ਮਹਾਦੀਨ ਕੇਤੇ ਪ੍ਰਿਥੀ ਮਾਝ ਹੂਏ ॥ ਸਮੈਂ ਆਪਨੀ ਆਪਨੀ ਅੰਤ ਮੂਏ ॥
ਜਿਤੇ ਅਉਲੀਆ ਅੰਬੀਆ ਹੋਏ ਬੀਤੇ ॥ ਤਿਤਿਓ ਕਾਲ ਜੀਤਾ ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸ਼ਨ ਹੋਇ ਬਿਸਨ ਆਇ ॥ ਤਿਤਿਓ ਕਾਲ ਖਪਿਓ ਨ ਤੇ
ਕਾਲ ਘਾਇ ॥
(ਬਚਿਤ੍ਰ ਨਾਟਕ ਪਾ: ੧੦)

(੪) ਮੂਰਤੀ ਪੂਜਾ

ਮੂਰਤੀ ਪੂਜਾ ਸਬੰਧੀ ਗੁਰਮਤਿ ਦੇ ਵਿਚਾਰ ਪਿਛੇ 'ਗੀਤਾ ਮੱਤ ਤੇ ਗੁਰਮੱਤ' ਦੇ ਸਿਰਲੇਖ ਹੇਠਾਂ ਵਿਸਥਾਰੇ ਜਾ ਚੁਕੇ ਹਨ । ਇਥੇ ਦੋਬਾਰਾ ਦੇਣ ਦੀ ਲੋੜ ਨਹੀਂ ਭਾਸਦੀ ।

(੫) ਗ੍ਰਿਹਸਥ ਦਾ ਤਿਆਗ ਕਰਕੇ ਨਵਿਰਤੀ ਮਾਰਗ ਅਪਨਾਣਾ

ਇਸ ਸਬੰਧ ਵਿਚ ਵੀ 'ਵੇਦਾਂਤ ਮੱਤ ਤੇ ਗੁਰਮੱਤ' ਦੇ ਸਿਰਲੇਖ ਹੇਠ ਚੰਗੀ ਤਰ੍ਹਾਂ ਵਿਚਾਰ ਹੋ ਚੁਕੀ ਹੈ । ਇਸ ਲਈ ਇਥੇ ਇਨਾਂ ਹੀ ਕਹਿਣਾ ਕਾਫੀ ਹੈ, ਜੋ ਗੁਰਮੱਤ ਪਰਵਿਰਤੀ ਮਾਰਗ ਵਿਚ ਹੀ ਨਿਵਿਰਤੀ ਦੀ ਰੁਚੀ ਰਖਣ ਦਾ ਉਪਦੇਸ਼ ਦੇਂਦੀ ਹੈ । ਗ੍ਰਿਹਸਥ ਵਿਚ ਰਹਿੰਦਿਆਂ ਗੁਰਮੁਖ ਉਸ ਵਿਚ ਖਚਤ ਨਹੀਂ ਹੁੰਦਾ, ਨਿਰਮੋਹ ਜੀਵਨ ਬਤੀਤ ਕਰਦਾ ਹੈ ਤੇ ਇਸਤਰ੍ਹਾਂ ਨਿਰਲੇਪ ਰਹਿੰਦਾ ਹੈ, ਜਿਸ ਤਰ੍ਹਾਂ ਪਾਣੀ ਵਿਚ ਰਹਿੰਦਾ ਕੰਵਲ ਫੁਲ, ਜਾਂ ਜਲ ਵਿਚ ਚੁਭੀਆਂ ਲਾਂਦੀ ਮੁਰਗਾਬੀ ।

(੬) ਅਮਲੀ ਪੱਖ ਤੇ ਕਰਮ ਕਾਂਡ

ਹੇਠ ਲਿਖਿਆ ਮੇਲ ਵਿਰੋਧ ਇਸ ਪੱਖ ਵਿਚ ਕਾਫੀ ਸਹਾਇਕ ਸਾਬਤ ਹੋ ਸਕਦਾ ਹੈ :

ਵੈਸ਼ਨਵ ਮੱਤ	ਗੁਰਮੱਤ
(੧) ਰਬ ਦਾ ਸਿਮਰਨ	ਵਾਹਿਗੁਰੂ ਸਿਮਰਨ ਤੇ ਸਭ ਤੋਂ ਵਧੇਰੇ ਜ਼ੋਰ ਦਿਤਾ ਗਿਆ ਹੈ।
(੨) ਗੁਣ ਗਾਉਣੇ	ਅਕਾਲ ਪੁਰਖ ਦੇ ਗੁਣ ਗਾਉਣੇ ਗੁਰਮੱਤ ਦੀ ਵਿਸ਼ੇਸ਼ ਜੁਗਤ ਹੈ। ਬਾਣੀ ਦਾ ਨਿਤਨੇਮ ਨਾਲ ਪਾਠ ਕਰਨਾ, ਕੀਰਤਨ ਕਰਨਾ ਤੇ ਸੁਨਣਾ, ਨਿਤਨੇਮ ਦੇ ਜ਼ਰੂਰੀ ਅੰਗ ਹਨ ਤੇ ਇਹ ਕੇਵਲ ਗੁਣ ਗਾਉਣ ਦੇ ਹੀ ਅਸੂਲ ਨੂੰ ਮੁਖ ਰਖਕੇ ਬਣਾਏ ਗਏ ਹਨ। ਸਿਮਰਨ ਦੇ ਗੁਣ ਗਾਉਣ ਸਬੰਧੀ ਵਿਸ਼ੇਸ਼ ਵਿਚਾਰ ਛੇਵੇਂ ਭਾਗ ਵਿਚ ਨਾਮ ਦੇ ਪ੍ਰਕਰਣ ਵਿਚ ਵੇਖੋ।
(੩) ਲਗਾਤਾਰ ਇਕ ਰਸ ਭਗਤੀ।	ਗੁਰਮੁਖ ਦਾ ਇਹ ਇਕ ਮੁਖ ਸਿਧਾਂਤ ਹੈ ਤੇ ਅਮਲੀ ਪੱਖ ਹੈ।
(੪) ਹੁਕਮ ਪਾਲਣਾ ਤੇ ਸੇਵਾ।	ਗੁਰੂ ਦੇ ਹੁਕਮ ਦੀ ਪਾਲਣਾ ਕਰਨੀ। ਅਕਾਲ ਪੁਰਖ ਦਾ ਹੁਕਮ ਬੁਝਣਾ ਤੇ ਭਾਣੇ ਵਿਚ ਸ਼ਾਕਰ ਰਹਿਣਾ, ਸਾਧ ਸੰਗਤ ਤੇ ਜਗਤ ਨੂੰ ਹਰਿ ਦਾ ਰੂਪ ਸਮਝ ਕੇ ਨਿਸ਼ਕਾਮ ਸੇਵਾ ਕਰਨੀ, ਗੁਰੂ ਕੀ ਸੇਵਾ ਹੈ, ਤੇ ਗੁਰਮੱਤ ਦਾ ਅਮਲੀ ਪੱਖ ਹੈ।
(੫) ਸੰਗਤਿ।	ਸਿਖ ਲਈ ਸਤਿ ਸੰਗਤ ਕਰਨੀ ਉਤਨੀ ਹੀ ਜ਼ਰੂਰੀ ਹੈ, ਜਿਤਨੀ ਕਿ ਭੋਜਨ ਕਰਨਾ, ਜਾਂ ਜ਼ਰੂਰੀ ਕੁਦਰਤੀ ਨਿਯਮ ਨਿਭਾਣੇ। ਪਰ ਸਾਧ ਸੰਗਤ ਵਿਚ ਗੁਰੂ ਦਾ ਸਾਖੀ ਰੂਪ ਵਿਚ ਹੋਣਾ ਤੇ

ਵੈਸ਼ਨਵ ਮੱਤ

(੬) ਹਰੀ ਭਗਤਾਂ ਦੀ ਸੇਵਾ ।
(੭) ਡੰਡੌਤ ਕਰਨਾ ।

ਗੁਰਮੱਤ

ਇਕੋ ਨਾਮ ਦੀ ਵਿਚਾਰ ਜ਼ਰੂਰੀ ਹੈ। ਇਸ ਸਬੰਧ ਵਿਚ ਛੇਵੇਂ ਭਾਗ ਵਿਚ ਸੰਗਤਿ ਦਾ ਪਰਕਰਣ ਪੜ੍ਹੋ ।

ਸਿਖੀ ਦਾ ਮੁਖ ਆਦਰਸ਼ ਹੈ ।

ਭਾਵੇਂ ਅਗਿਆਨਤਾ ਕਰਕੇ ਕਈ ਇਕ ਗੁਰਸਿਖ ਵੀ ਸਤਿਕਾਰ ਵਜੋਂ ਡੰਡੌਤ ਕਰਨ ਲਗ ਪਏ ਹਨ, ਪਰ ਵਾਸ਼ਤਵ ਵਿਚ ਨਿਮਰਤਾ ਧਾਰਨ ਕਰਨਾ ਤੇ ਉਪਦੇਸ਼ ਮੰਨਣਾ ਤੇ ਉਸ ਤੇ ਚਲਣਾ ਹੀ ਸਚਾ ਸਤਿਕਾਰ ਹੈ । ਸਤਿਗੁਰੂ ਅਗੇ ਸੀਸ ਨਿਵਾਣਾ ਦਿਲੀ-ਸਤਿਕਾਰ ਦਾ ਕੁਦਰਤੀ ਪ੍ਰਤੀ ਕਰਮ ਹੈ। ਉਸਤਰ੍ਹਾਂ ਮਨ ਵਿਚ ਕਸੁਧਤਾ ਰਖ ਕੇ ਸੀਸ ਨਿਵਾਣਾ ਤੇ ਡੰਡੌਤਾਂ ਕਰਨੀਆਂ, ਗੁਰਮੱਤ ਨੇ ਨਹੀਂ ਮੰਨੀਆਂ। ਹੇਠ ਲਿਖੇ ਗੁਰਬਾਣੀ ਦੇ ਪ੍ਰਮਾਣ ਇਸ ਵਿਸ਼ੇ ਤੇ ਕਾਫੀ ਰੋਸ਼ਨੀ ਪਾਂਦੇ ਹਨ :

(ੳ) ਅਪਰਾਧੀ ਦੂਣਾ ਨਿਵੈ ਜੋ ਹੰਤਾ
ਮਿਰਗਾਹਿ ॥ ਸੀਸਿ ਨਿਵਾਈਐ ਕਿਆ
ਥੀਐ ਜਾ ਰਿਦੈ ਕਸੁਧੇ ਜਾਹਿ ॥ ੧੪ ॥
(ਆਸਾ ਦੀ ਵਾਰ ਸਲੋਕ ਮ: ੧)

(ਅ) ਪੂਜਾ ਅਰਚਾ ਬੰਧਨ ਡੰਡਉਤ ਖਟੁ
ਕਰਮਾ ਰਤੁ ਰਹਤਾ ॥ ਹਉ ਹਉ ਕਰਤ
ਬੰਧਨ ਮਹਿ ਪਰਿਆ ਨਹਿ ਮਿਲੀਐ
ਇਹ ਜੁਗਤਾ ॥ ੫ ॥
(ਸੋਰਠ ਮਃ ੫ ਅਸਟਪਦੀਆਂ)

(ੲ) ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ
ਪੋਸਤੀ ਅਨੇਕਦਾ ਨਿਵਾਵਤ ਹੈ ਸੀਸ ਕੋ ॥
ਕਹਾਂ ਭਯੋ ਗਲ ਜੋ ਪੈ ਕਾਢਤ ਅਨੇਕ ਡੰਡ
ਸੋ ਤੌ ਨ ਡੰਡੌਤ ਅਸਟਾਂਗ ਅਥਤੀਸ ਕੋ ॥
ਕਹਾਂ ਭਯੋ ਰੋਗੀ ਜੋਪੈ ਡਾਰਿਯੋ ਰਹਯੋ ਉਰਧ
ਮੁਖ ਮਨ ਤੇ ਨ ਮੂੰਡ ਨਿਹੁਰਾਯੋ ਆਦਿ
ਈਸ ਕੋ ॥ ਕਾਮਨਾ ਅਧੀਨ ਸਦਾ
ਦਾਮਨਾ ਪ੍ਰਬੀਨ ਏਕ ਭਾਵਨਾ ਬਿਹੀਨ
ਕੈਸੇ ਪਾਵੈ ਜਗਦੀਸ਼ ਕੋ ॥ ੯ ॥ ੧੯ ॥
[ਅਕਾਲ ਉਸਤਤਿ ਪਾ: ੧੦]

ਵੈਸ਼ਨਵ ਮੱਤ	ਗੁਰਮੱਤ
(੮) ਭਗਵਾਨ ਦੀ ਚਰਨ ਸੇਵਾ !	ਇਸ ਤੋਂ ਭਾਵ ਮੂਰਤੀ ਪੂਜਾ ਹੈ, ਜੋ ਗੁਰਮੱਤ ਵਿਰੁਧ ਹੈ ।
(੯) ਦੇਹੀ ਉਤੇ ਸੰਖ, ਤ੍ਰਿਸੂਲ ਆਦਿ ਨਿਸ਼ਾਨ ਲਾਣੇ । (੧੦) ਮਥੇ ਤੇ ਤਿਲਕ ਲਾਣਾ । (੧੧) ਮੰਤ੍ਰਾਂ ਦੇ ਪਾਠ ਸਮੇਂ ਸਮੇਂ ਕਰਨੇ ।	ਇਹ ਤਿੰਨੇ ਗੁਰਮਤ ਵਿਰੁਧ ਹਨ । ਇਨ੍ਹਾਂ ਦੀ ਥਾਂ ਤੇ ਗੁਰਸਿਖ ਨੇ ਸ਼ਸਤਰ ਧਾਰੀ ਹੋਣਾ ਹੈ ਤੇ ਪੰਜ ਕਕਾਰਾਂ ਦੀ ਰਹਿਤ ਰਖਣੀ ਹੈ ।
(੧੨) ਜੀਵ ਅਰਪਨ ਕਰਨਾ (ਬਲੀ ਦੇਣੀ) ।	ਕਿਸੇ ਮੂਰਤੀ ਨੂੰ ਜੀਵ ਅਰਪਨ ਕਰਨਾ ਯਾ ਸਾਧੂ ਹਠ ਦਾ ਸ਼ਿਕਾਰ ਹੋਣਾ, ਗੁਰਮੱਤ ਵਿਰੁਧ ਹੈ । ਅਕਾਲ ਪੁਰਖ ਦੇ ਹੁਕਮ ਵਿਚ ਦੇਸ, ਧਰਮ ਤੇ ਕੌਮ ਲਈ ਜਾਂ ਇਨ੍ਹਾਂ ਦੇ ਮਹਾਂਪੁਰਖਾਂ ਦੇ ਸਤਿਕਾਰ ਨੂੰ ਕਾਇਮ ਰਖਣ ਦੇ ਖਿਆਲ ਨਾਲ ਅਸੂਲ ਦੀ ਪਾਲਣਾ ਕਰਨ, ਜਾਂ ਅਧਰਮ ਨੂੰ ਨਾਸ ਕਰਨ ਹਿਤ ਸਰੀਰ ਨਿਛਾਵਰ ਕਰ ਦੇਣਾ ਜਾਂ ਭੇਟ ਕਰ ਦੇਣਾ, ਗੁਰਸਿਖੀ ਦੀ ਮੁਖ ਨਿਸ਼ਾਨੀ ਹੈ ।
(੧੩) ਹਰੀ ਚਰਨਾਂ ਦੇ ਇਸ਼ਨਾਨ ਵਾਲੇ ਪਾਣੀ ਨੂੰ ਪੀਣਾ ।	ਇਹ ਮੂਰਤੀ ਪੂਜਾ ਦਾ ਹੀ ਅੰਗ ਹੈ, ਇਸ ਲਈ ਗੁਰਮੱਤ ਵਿਰੁਧ ਹੈ ।
(੧੪) ਹਰੀ ਨੂੰ ਭੋਗ ਲਵਾਈਆਂ ਵਸਤਾਂ ਦਾ ਸੀਤ ਪ੍ਰਸ਼ਾਦਿ ਲੈਣਾ ਤੇ ਛਕਣਾ ।	ਗੁਰਮੱਤ ਵਿਚ ਪਾਏ ਰਲੇ ਦੇ ਕਾਰਨ ਭਾਵੇਂ ਕੁਝ ਕੁ ਗੁਰਸਿਖ ਪ੍ਰਸ਼ਾਦਿ ਦਾ ਭੋਗ ਲਵਾਣਾ ਤੇ ਸੀਤ ਪ੍ਰਸ਼ਾਦਿ ਛਕਣ ਦਾ ਅਰਦਾਸਾ ਕਰਨ ਲਗ ਪਏ ਹਨ, ਪਰ ਇਹ ਗੁਰਮੱਤ ਵਿਰੁਧ ਹੈ । ਸਿਖ ਅਸੂਲਾਂ ਅਨੁਸਾਰ ਅਰਦਾਸ ਰਾਹੀਂ ਗੁਰੂ ਜੀ ਪਾਸੋਂ ਪਰਵਾਨਗੀ ਲੈ ਕੇ ਇਸ ਨੂੰ ਕਰਦ ਭੇਟ ਕੀਤਾ ਜਾਂਦਾ ਹੈ । ਇਹ ਪਰਵਾਨ ਹੋਇਆ ਪ੍ਰਸ਼ਾਦਿ ਫੇਰ ਸੰਗਤਾਂ ਵਿਚ ਵਰਤਾਇਆ ਜਾਂਦਾ ਹੈ । ਇਸ ਨੂੰ ਛਕਣਾ ਗੁਰੂ ਦੀ ਮਿਹਰ ਮੰਨੀ ਜਾਂਦੀ ਹੈ ।

ਵੈਸ਼ਨਵ ਮੱਤ	ਗੁਰਮਤ
(੧੫) ਏਕਾਦਸ਼ੀ ਦਾ ਵਰਤ ਰਖਣਾ।	ਗੁਰਮੱਤ ਹਰ ਤਰ੍ਹਾਂ ਦੇ ਵਰਤ ਰਖਣ ਦੇ ਵਿਰੁਧ ਹੈ, 'ਅਲਪ ਅਹਾਰ ਸੁਲਿਪ ਸੀ ਨਿੰਦ੍ਰਾ' ਜਾਂ 'ਖੰਡਤ ਨਿੰਦਰਾ ਅਲਪ ਅਹਾਰੰ ॥' ਦੇ ਅਸੂਲ ਤੇ ਚਲਣਾ ਹੈ।
(੧੬) ਹਰੀ ਦੀ ਮੂਰਤੀ ਅਗੇ ਤੁਲਸੀ ਦੇ ਪੱਤੇ ਭੇਟ ਕਰਨੇ।	ਮੂਰਤੀ ਪੂਜਾ ਦਾ ਹਰ ਕਰਮ ਸਿਖ ਲਈ ਵਿਵਰਜਤ ਹੈ। ਸਿਖੀ ਵਿਚ ਕਿਸੇ ਪਸ਼ੂ ਜਾਂ ਬੂਟੇ ਨੂੰ ਵਿਸ਼ੇਸ਼ਤਾ ਨਹੀਂ ਦਿਤੀ ਜਾਂਦੀ। ਸਭਨਾਂ ਵਿਚ ਸਮਾਨਤਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਅਗੇ ਜੇ ਕਰ ਪੁਸ਼ਪ ਆਦਿ ਚੜ੍ਹਾਏ ਜਾਂਦੇ ਹਨ, ਤਾਂ ਉਹ ਪੂਜਾ ਦੇ ਖਿਆਲ ਨਾਲ ਨਹੀਂ, ਸਗੋਂ ਸਜਾਵਟ ਦੇ ਖਿਆਲ ਨੂੰ ਮੁਖ ਰਖ ਕੇ ਚੜ੍ਹਾਏ ਜਾਂਦੇ ਹਨ।

ਉਤੇ ਕੀਤੇ ਗਏ ਮੁਕਾਬਲੇ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਗ ਸਕਦਾ ਹੈ ਕਿ ਗੁਰਮੱਤ ਉਤੇ ਵੈਸ਼ਨੋ ਧਰਮ ਦਾ ਅਸਰ ਕਿਸੇ ਨਾ ਕਿਸੇ ਸ਼ਕਲ ਵਿਚ ਜ਼ਰੂਰ ਹੋਇਆ ਹੈ। ਅਸਲ ਵਿਚ ਸੁਧਾਰਕ ਜਿਸ ਵਾਤਾਵਰਨ ਵਿਚ ਆਪਣਾ ਨੀਯਤ ਕੰਮ ਅਰੰਭਦੇ ਹਨ, ਉਸ ਵਾਤਾਵਰਨ ਨੂੰ ਉਹ ਬਿਲਕੁਲ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਕੁਝ ਗਲਾਂ ਉਨ੍ਹਾਂ ਨੂੰ ਚੰਗੀਆਂ ਲਗਦੀਆਂ ਹਨ, ਉਨ੍ਹਾਂ ਨੂੰ ਕਬੂਲ ਲੈਣਾ ਵੀ ਸੁਭਾਵਕ ਹੀ ਹੁੰਦਾ ਹੈ। ਕੁਝ ਗਲਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਉਨ੍ਹਾਂ ਨੂੰ ਮੂਲੋਂ ਹੀ ਨਹੀਂ ਭਾਂਦੀਆਂ। ਉਹ ਉਨ੍ਹਾਂ ਤੋਂ ਉਲਟ ਅਵਾਜ਼ ਉਠਾਂਦੇ ਹਨ। ਨਾ ਭਾਵਣ ਵਾਲੀਆਂ ਗਲਾਂ ਦਾ ਸੁਧਾਰ ਕਰਨਾ ਵੀ ਅਸਰ ਕਬੂਲਣਾ ਹੀ ਹੁੰਦਾ ਹੈ। ਭਾਵੇਂ ਕੋਈ ਚੰਗਾ ਅਸਰ ਕਬੂਲੇ, ਜਾਂ ਮੰਦਾ, ਹੈ ਤਾਂ ਅਸਰ ਹੀ। ਬੋਲੀ ਭਾਵੇਂ ਇਹ ਕਹਿ ਕੇ ਸਮਝਾਏ, ਕਿ ਅਮਕੀ ਗਲ ਨੇ ਸੁਧਾਰਕ ਦੇ ਮਨ ਨੂੰ ਟੁੰਬਿਆ ਜਾਂ ਉਸ ਦੇ ਮਨ ਤੇ ਕੋਝਾ ਅਸਰ ਪਾਇਆ, ਪਰ ਅਸਰ ਦੋਹਾਂ ਹੀ ਹਾਲਤਾਂ ਵਿਚ ਹੋਇਆ ਹੈ।

ਕਈ ਗਲਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਕਬੂਲੀਆਂ ਤਾਂ ਜਾਂਦੀਆਂ ਹਨ, ਪਰ ਸੁਧਾਰਕ ਉਨ੍ਹਾਂ ਦੇ ਭਾਵਾਂ ਵਿਚ ਤਬਦੀਲੀ ਲੈ ਆਂਵਦੇ ਹਨ। ਮਿਸਾਲ ਵਜੋਂ ਦੇਖੋ। ਅਰਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਪੈਗੰਬਰੀ ਤੋਂ ਪਹਿਲਾਂ ਅਲਾ ਇਕ ਮਾਮੂਲੀ ਦੇਵਤੇ ਦਾ ਨਾਂ ਸੀ, ਪਰ ਹਜ਼ਰਤ ਸਾਹਿਬ ਨੇ ਉਸ ਨੂੰ ਰੱਬੀ ਭਾਵਾਂ ਵਿਚ ਬਦਲ ਦਿਤਾ ਤੇ ਅਜ ਉਹ ਕੇਵਲ ਰਬ ਲਈ ਹੀ ਵਰਤਿਆ

ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਰਾਮ, ਜੋ ਅਯੁਧਿਆ ਪਤੀ ਰਾਜਾ ਦਆ ਰਥ ਦੇ ਪੁਤਰ ਸ੍ਰੀ ਰਾਮ ਚੰਦਰ ਲਈ ਵਿਸ਼ਨੂੰ ਦੇ ਅਵਤਾਰ ਸਮਝ ਕੇ ਵਰਤਿਸ਼-ਜਾਂਦਾ ਸੀ, ਨੂੰ ਕੇਵਲ ਅਕਾਲ ਪੁਰਖ ਦੇ ਮਹਨਿਆਂ ਵਿਚ ਵਰਤਿਆ ਹੈ।

ਅਸਲੀ ਪਖ ਵਿਚ ਵੀ ਕੁਝ ਕੁ ਅਸਰ ਗੁਰਮੱਤ ਨੇ ਵੈਸ਼ਨੂੰ ਮੱਤ ਤੋਂ ਜ਼ਰੂਰ ਕਬੂਲੇ ਹਨ, ਪਰ ਸਿਧਾਂਤਿਕ ਤੌਰ ਤੇ ਇਨ੍ਹਾਂ ਦੋਹਾਂ ਵਿਚ ਕਾਫੀ ਅੰਤਰ ਹੈ। ਰਾਮਾਨੁਜ ਦਾ ਪੂਜਯ-ਪਾਤਰ (Object of worship) ਮੂਰਤੀ ਹੈ ਤੇ ਗੁਰਮੱਤ ਦਾ ਨਿਰਗੁਣ ਸਰੂਪ ਵਾਹਿਗੁਰੂ। ਇਹ ਇਕ ਬੁਨਿਆਦੀ ਤੇ ਬਹੁਤ ਵਡਾ ਵਖੇਵਾਂ ਹੈ।

ਕੁਝ ਅਜਿਹੇ ਕਰਮ ਵੀ ਹਨ, ਜੋ ਗੁਰਮੱਤ ਨੇ ਭਾਵ ਬਦਲ ਕੇ ਕਬੂਲੇ ਵੀ ਹਨ। ਮਸਲਨ ਮੂਰਤੀ ਦੇ ਚਰਨਾਮ੍ਰਿਤ ਦੀ ਥਾਂ ਤੇ ਗੁਰੂ ਦੀ ਚਰਨ ਪਾਹੁਲ ਜਾਂ "ਚਰਨ ਸਾਧ ਕੇ ਧੋਇ ਧੋਇ ਪੀਉ" ਦਾ ਅਸੂਲ ਗੁਰਮੱਤ ਨੇ ਅਪਨਾਇਆ ਸੀ, ਪਰ ਇਸ ਨੂੰ ਬਾਹਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਵਿਚ ਬਦਲ ਦਿਤਾ ਸੀ ਤੇ ਅਜ ਤਕ "ਸਤਿਗੁਰ ਕੇ ਜਨਮੇ ਗਵਨ ਮਿਟਾਇਆ" ਇਸ ਖੰਡੇ ਦੇ ਅੰਮ੍ਰਿਤ ਨੂੰ ਛਕਣ ਨਾਲ ਹੀ ਅਰੰਭ ਹੁੰਦਾ ਹੈ।

ਇਸੇ ਤਰ੍ਹਾਂ ਡੰਡੌਤ ਦੀ ਥਾਵੇਂ ਚਰਨੀ ਸੀਸ ਰਖਣ, ਜਾਂ "ਤਿਸ ਨਿਵ ਨਿਵ ਲਾਗਾ ਪਾਇ ਜੀਉ" ਦਾ ਅਸੂਲ ਆ ਗਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਥਾਵੇਂ ਵੀ ਤਬਦੀਲੀ ਲਿਆ ਕੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ" ਕਹਿ ਕੇ ਮਿਲਣ ਜੁਲਣ ਦਾ ਢੰਗ ਅਪਨਾਇਆ।

ਵੈਸ਼ਨਵ ਮਤਿ ਦੇ ਦੇਵਤਾ ਵਿਸ਼ਨੂੰ ਨੂੰ ਦੇਵਾਨ ਦੇਵ ਅਕਾਲ ਪੁਰਖ ਦੇ ਮਹਿਨਿਆਂ ਵਿਚ ਗੁਰਮੱਤ ਨੇ ਵਰਤਿਆ।

ਪਰ ਫੇਰ ਵੀ ਇਹ ਮੰਨਣਾ ਪਵੇਗਾ, ਕਿ ਸਿਧਾਂਤਕ ਪਖ ਤੇ ਇਨ੍ਹਾਂ ਦੋਹਾਂ ਮਤਾਂ ਦਾ ਕਾਫੀ ਅੰਤਰ ਹੈ।

ਸ਼ੈਵਯ ਮੱਤ ਤੇ ਗੁਰਮੱਤ

ਸ਼ੈਵਯ ਦੇ ਅਰਥ ਸ਼ਿਵਜੀ ਨਾਲ ਸਬੰਧ ਰਖਣ ਵਾਲਾ ਹੈ । ਸ਼ੈਵਯ ਮੱਤ ਵੀ ਸ਼ਿਵਜੀ ਨਾਲ ਸਵੰਧ ਰਖਣ ਵਾਲਾ ਮੱਤ ਹੀ ਹੈ ।

ਭਾਰਤ ਦੇ ਮੁਢਲੇ ਰਿਸ਼ੀਆਂ ਨੇ ਕੁਦਰਤੀ ਪ੍ਰਬੰਧ ਨੂੰ ਤਿੰਨ ਵਖ ਵਖ ਵਿਭਾਗਾਂ ਵਿਚ ਵੰਡਿਆ ਸੀ :

(ੳ) ਰਚਨਾ ਵਿਭਾਗ ।
(ਅ) ਪਾਲਨ ਵਿਭਾਗ ।
(ੲ) ਸੰਘਾਰਨ ਵਿਭਾਗ ।

ਇਹ ਤਿੰਨ ਵਿਭਾਗ ਇਕ ਇਕ ਕਰਕੇ ਤਿੰਨਾਂ ਦੇਵਤਿਆਂ ਦੀ ਸਪੁਰਦਗੀ ਵਿਚ ਚਲ ਰਹੇ ਹਨ ਤੇ ਉਹ ਦੇਵਤੇ ਰਿਸ਼ੀਆਂ ਦੀ ਮਨੌਤ ਅਨੁਸਾਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਨਾਵਾਂ ਨਾਲ ਪ੍ਰਸਿਧ ਹਨ । ਬ੍ਰਹਮਾ ਰਚਨਹਾਰ ਹੈ, ਵਿਸ਼ਨੂੰ ਜੀ ਪ੍ਰਿਤਪਾਲਕ ਹਨ ਤੇ ਸ਼ਿਵਜੀ ਦੇ ਵਸ ਮਾਰਨਾ ਤਥਾ ਸੰਘਾਰਨਾ ਹੈ ।

ਆਪਣੀਆਂ ਊਣਤਾਈਆਂ, ਤਰੁਟੀਆਂ, ਕਮਜ਼ੋਰੀਆਂ ਨੂੰ ਹਰ ਸੰਭਵ ਅਸੰਭਵ ਢੰਗ ਨਾਲ ਪੂਰਾ ਕਰਨਾ ਮਨੁਖੀ ਫਿਤਰਤ ਹੈ । ਇਸ ਲਈ ਪਾਲਣ ਕਰਨ ਵਾਲੇ ਵਿਸ਼ਨੂੰ ਤੇ ਸੰਘਾਰਨ ਵਾਲੇ ਸ਼ਿਵਜੀ ਦਾ ਇਨਸਾਨੀ ਦੁਖ ਸੁਖ ਅਥਵਾ ਜੀਵਨ ਭਾਵਾਂ ਨਾਲ ਜੁੜ ਜਾਣਾ ਵੀ ਕੁਦਰਤੀ ਹੈ ।

ਵਿਸ਼ਨੂੰ ਜੀ ਇਕ ਦਿਆਲੂ ਪਿਤਾ ਵਾਂਗ ਪਾਲਦੇ ਪੋਸਦੇ ਹਨ,ਇਸ ਲਈ ਉਹ ਇਛਾ ਪੂਰਕ ਵੀ ਕਹੇ ਜਾ ਸਕਦੇ ਹਨ । ਇਹੀ ਕਾਰਨ ਹੈ ਕਿ ਮਨੁਖ ਨੇ ਆਪਣੀਆਂ ਲੋੜਾਂ ਤੇ ਥੋੜਾਂ ਨੂੰ ਪੂਰਾ ਕਰਨ ਤੇ ਸੁਖੀ ਜੀਵਨ ਬਸਰ ਕਰਨ ਦੇ ਇਰਾਦੇ ਨੂੰ ਪੂਰਾ ਕਰਨ ਵਾਸਤੇ ਸਦਾ ਵਿਸ਼ਨੂੰ ਨੂੰ ਪ੍ਰਸੰਨ ਰਖਣ ਦਾ ਯਤਨ ਕੀਤਾ ਹੈ, ਤਾਂ ਜੋ ਦਿਆਲੂ ਪ੍ਰਿਤਪਾਲਕ ਪ੍ਰਸੰਨ ਹੋ ਕੇ ਇਸ ਦੀਆਂ ਮੰਗਾਂ ਕਬੂਲੇ ਤੇ ਥੁੜ ਪੂਰੀ ਕਰੇ ।

ਜੀਵਨ ਦੇ ਅਰੰਭ ਹੋਣ ਦੇ ਨਾਲ ਨਾਲ ਹੀ ਮੌਤ ਦਾ ਡਰ ਵੀ ਅਰੰਭ ਹੋ ਜਾਂਦਾ ਹੈ। ਇਸ ਲਈ ਸੁਖ ਤੇ ਦੁਖ ਦੋਵੇਂ ਖਿਆਲ ਹੀ ਨਾਲ ਨਾਲ ਚਲਦੇ ਰਹਿੰਦੇ ਹਨ। ਪਾਲਨ ਵਾਲੇ ਦੇ ਨਾਲ ਨਾਲ ਮਾਰਨ ਵਾਲੇ ਦੀ ਭੀ ਪ੍ਰਸੰਨਤਾ ਲੈਣੀ ਜ਼ਰੂਰੀ ਹੈ। ਜਿਥੇ ਵਿਸ਼ਨੂੰ ਦਿਆਲੂ ਪਿਤਾ ਵਾਂਗ ਸੁਖ ਮੁਹੱਈਆ ਕਰਦੇ

ਹਨ, ਉਥੇ ਮਾਰਣ ਵਾਲੇ ਸ਼ਿਵਜੀ ਦੁਖ ਤੇ ਬੀਮਾਰੀਆਂ ਘਲ ਦੇਂਦੇ ਹਨ। ਆਫ਼ਤਾਂ ਤੇ ਮੁਸੀਬਤਾਂ ਦਾ ਕਾਰਨ ਸ਼ਿਵਜੀ ਬਣਦੇ ਹਨ। ਇਸ ਲਈ ਕੇਵਲ ਵਿਸ਼ਨੂੰ ਜੀ ਦੀ ਪ੍ਰਸੰਨਤਾ ਲੈਣੀ ਹੀ ਕਾਫੀ ਨਹੀਂ, ਸ਼ਿਵ ਜੀ ਦੀ ਪੂਜਾ ਵੀ ਕਰਨੀ ਪੈਂਦੀ ਹੈ।

ਬ੍ਰਹਮਾ ਜੀ ਦਾ ਮੱਤ ਬ੍ਰਾਹਮਣ ਜਾਂ ਬ੍ਰਾਹਮਣੀ ਮੱਤ ਹੈ। ਬ੍ਰਹਮਾ ਜੀ ਨੂੰ ਅਕਾਲ ਪੁਰਖ ਨੇ ਵੇਦ ਸੌਂਪੇ ਸਨ, ਇਸੇ ਕਰਕੇ ਇਨ੍ਹਾਂ ਦੇ ਮੱਤ ਨੂੰ ਵੇਦਿਕ ਕਿਹਾ ਗਿਆ ਹੈ। ਵੇਦਿਕ ਮੱਤ ਦਾ ਜ਼ਿਕਰ ਅਸੀਂ ਪੁਸਤਕ ਦੇ ਅਰੰਭ ਵਿਚ 'ਗੁਰਮੱਤ ਦਾ ਪਿਛੋਕੜ' ਦੇ ਪਰਕਰਣ ਵਿਚ ਕਰ ਚੁਕੇ ਹਾਂ।

ਸ਼ਿਵ ਪਦ ਸੁੰਦਰਮ ਆਪਣੀ ਪੁਸਤਕ, "ਦੀ ਸ਼ੈਵ ਸਕੂਲ ਆਫ ਹਿੰਦੂ ਇਜ਼ਮ" ਵਿਚ ਹਿੰਦੂ ਧਰਮ ਨੂੰ ਕਈ ਧਰਮਾਂ ਦਾ ਸੰਗਠਨ ਬਿਆਨਦਾ ਹੈ। ਪਰ ਫਿਰ ਭੀ ਹੇਠ ਲਿਖੇ ਤਿੰਨ ਅੰਗ ਮੁਖੀ ਅੰਗ ਕਰਕੇ ਮੰਨਦਾ ਹੈ :

੧. ਸ਼ੈਵ ਇਜ਼ਮ
੨. ਵੈਸ਼ਨਵ ਇਜ਼ਮ
੩. ਸ਼ਾਕਤਿ ਇਜ਼ਮ

ਮਹਿੰਜੋ ਦਾਰੋ (ਮੋਹਨ ਜੋਦੜੋ) ਦੀਆਂ ਥੇਹਾਂ ਦੀ ਖੁਦਾਈ ਤੋਂ ਨਿਕਲੀਆਂ ਵਸਤਾਂ ਤੋਂ ਪ੍ਰਤੀਤ ਹੁੰਦਾ ਹੈ, ਜੋ ਸ਼ੈਵ-ਮੱਤ ਭਾਰਤ ਦਾ ਸਭ ਤੋਂ ਪੁਰਾਣਾ ਮੱਤ ਹੈ। ਸਰ ਮਾਰਸ਼ਲ ਦਾ ਖਿਆਲ ਵੀ ਇਹੋ ਹੈ, ਪਰ ਡਾਕਟਰ ਪ੍ਰਾਣ ਨਾਥ ਇਸ ਮਤਿ ਨੂੰ ਈਸਵੀ ਸੰਨ ਤੋਂ ਕੋਈ ਦੋ ਹਜ਼ਾਰ ਵਰ੍ਹੇ ਪਹਿਲਾਂ ਦਾ ਜਨਮਿਆਂ ਮੰਨਦੇ ਹਨ।

ਭਾਵੇਂ ਇਹ ਮਤਿ ਕਿੰਨਾ ਵੀ ਪੁਰਾਣਾ ਕਿਉਂ ਨਾ ਹੋਵੇ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜੋ ਇਹ ਮੱਤ ਮਨੁਖ ਅੰਦਰ ਪੈਦਾ ਹੋਏ ਸੁਭਾਵਕ ਡਰ ਦੀ ਹੀ ਉਪਜ ਹੈ। ਕਿਸੇ ਆਦਮ ਖੋਰ ਕੋਲੋਂ ਜਾਣ ਬਖਸ਼ੀ ਕਰਾਣ ਲਈ ਦੋ ਤਰ੍ਹਾਂ ਦੇ ਢੰਗ ਵਰਤਣੇ ਪੈਂਦੇ ਹਨ। ਉਸ ਨੂੰ ਕਿਸੇ ਤਰ੍ਹਾਂ ਪ੍ਰਸੰਨ ਕਰਕੇ ਜਾਂ ਆਪਣੇ ਵਟੇ ਕਿਸੇ ਹੋਰ ਨੂੰ ਦੇ ਕੇ ਉਨ੍ਹਾਂ ਨੂੰ ਰਾਜ਼ੀ ਕਰ ਲਿਆ ਜਾਵੇ। ਕਾਲ ਦੀ ਪ੍ਰਸੰਤਾ ਲੈਣ ਲਈ ਕਿਸੇ ਕਾਲ ਦੇ ਅੰਗ ਨੂੰ ਹੀ ਲਭਣਾ ਪੈਂਦਾ ਹੈ।

ਪਾਰਬਤੀ ਸ਼ਿਵ ਜੀ ਦੀ ਪ੍ਰਿਯ ਪਤਨੀ ਹੈ। ਇਸਨੂੰ ਪ੍ਰਸੰਨ ਕਰ ਲੈਣਾ ਵੀ ਸ਼ਿਵ ਜੀ ਦੀ ਪ੍ਰਸੰਨਤਾ ਦਾ ਕਾਰਨ ਬਣ ਸਕਦਾ ਹੈ। ਸੋ ਪਾਰਬਤੀ ਮਾਈ ਦੀ ਪੂਜਾ ਪਿਛੇ ਵੀ ਸ਼ਿਵ ਜੀ ਨੂੰ ਹੀ ਪ੍ਰਸੰਨ ਕਰਨ ਦਾ ਖਿਆਲ ਕੰਮ ਕਰ ਰਿਹਾ ਜਾਪਦਾ ਹੈ, ਅਤੇ ਇਹ ਪੂਜਾ ਪਸ਼ੂਆਂ ਦੀ ਕੁਰਬਾਨੀ ਦੇਣ ਤੋਂ ਅਰੰਭ ਹੋ ਕੇ ਮਨੁਖੀ ਬਲੀਦਾਨ ਦੇਣ ਤਕ ਵੀ ਅਪੜ ਜਾਂਦੀ ਹੈ। ਪਾਰਬਤੀ, ਕਾਲਕਾ ਆਦਿ ਦੇਵੀਆਂ ਦੀ ਪੂਜਾ ਕਰਨ ਵਾਲਿਆਂ ਨੂੰ ਹੀ ਸ਼ਾਕਤਿ ਮਤੀਏ ਕਿਹਾ ਜਾਂਦਾ ਹੈ। ਕਈ ਥਾਂਈ ਸ਼ਿਵ ਜੀ ਤੇ ਪਾਰਬਤੀ ਦੀ ਸਾਂਝੀ ਪੂਜਾ ਵੀ ਕੀਤੀ ਜਾਂਦੀ ਹੈ।

ਗੁਰਮਤ ਦਾ ਇਨ੍ਹਾਂ ਸ਼ਕਤੀਆਂ ਬਾਰੇ ਖਿਆਲ ਸ੍ਰੀ ਜਪੁ ਸਾਹਿਬ ਜੀ ਦੀ ੩੦ਵੀਂ ਪਉੜੀ ਤੋਂ ਸਪਸ਼ਟ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਪਉੜੀ ਵਿਚ ਇਸ ਭਾਵ ਦੇ ਵਿਚਾਰ ਅੰਕਤ ਕਰਦੇ ਹਨ :–

(ਕੁਝ ਲੋਕਾਂ ਦਾ ਖਿਆਲ ਹੈ) ਇਕੱਲੀ ਮਾਇਆ (ਕਿਸੇ ਢੰਗ ਨਾਲ) ਪਰ ਸੂਤ ਹੋਈ ਤੇ ਪ੍ਰਤੱਖ ਰੂਪ ਵਿਚ ਉਸ ਨੇ ਤਿੰਨ ਪੁਤਰ ਜਮੇ। ਉਨ੍ਹਾਂ ਵਿਚੋਂ (ਬ੍ਰਹਮਾ) ਸੰਸਾਰੀ ਜਾਂ ਘਰ ਬਾਰੀ ਬਣ ਗਿਆ ਭਾਵ ਜੀਵਾਂ ਦਾ ਰਚਨ-ਹਾਰ ਬਣਿਆ। ਦੂਜਾ (ਵਿਸ਼ਨੂੰ ਅਖਵਾਇਆ) ਤੇ ਪਾਲਣ ਪੋਸਣ ਭਾਵ 'ਸਿਰੁ ਸਿਰੁ ਰਿਜਕ' ਪਹੁੰਚਾਵਣ ਦੇ ਆਹਰੇ ਲਗ ਪਿਆ। ਤੀਜਾ ਸ਼ਿਵ ਜੀ ਹੈ ਜਿਸ ਦੇ ਜ਼ਿਮੇ ਕਚਹਿਰੀ ਲਾਣ ਦਾ ਪ੍ਰਬੰਧ ਹੈ ਭਾਵ ਸੰਘਾਰਨ ਜਾਂ ਦੰਡ ਦੇਣ ਦਾ ਕੰਮ ਹੈ।

ਪਰ ਵਾਸਤਵ ਵਿਚ ਇਹ ਤਾਂ ਸਭ ਕੁਝ ਅਕਾਲ ਪੁਰਖ ਦੀ ਆਪਣੀ ਰਜ਼ਾ ਹੀ ਹੈ। ਉਹ ਜਿਸ ਤਰ੍ਹਾਂ ਚਾਹੁੰਦਾ ਹੈ ਸੰਸਾਰ ਦੀ ਕਾਰ ਚਲਾਉਂਦਾ ਹੈ। ਉਸ ਦੇ ਹੁਕਮ ਅਨੁਸਾਰ ਹੀ ਸੰਸਾਰ ਦੀ ਕਾਰ ਚਲਦੀ ਹੈ। ਕਿਸੇ (ਬ੍ਰਹਮਾ, ਵਿਸ਼ਨੂੰ ਜਾਂ ਸ਼ਿਵ) ਦੇ ਵਸ ਦੀ ਇਹ ਗਲ ਨਹੀਂ। ਇਹ ਸਭ ਤਾਂ ਪਰਤੰਤਰ ਹਨ, ਸੁਤੰਤਰ ਨਹੀਂ। ਇਨ੍ਹਾਂ ਪਾਸੋਂ ਕੰਮ ਲੈਣ ਵਾਲਾ ਅਕਾਲ ਪੁਰਖ ਆਪ ਹੈ ਤੇ ਆਪਣੀ ਰਜ਼ਾ ਅਨੁਸਾਰ ਹੁਕਮਨ ਇਨ੍ਹਾਂ ਪਾਸੋਂ ਕੰਮ ਲੈਂਦਾ ਹੈ। ਸਗੋਂ ਹੈਰਾਨੀ ਤਾਂ ਇਸ ਗਲ ਦੀ ਹੈ ਕਿ ਉਹ ਆਪ ਤਾਂ ਇਨ੍ਹਾਂ ਸਾਰਿਆਂ ਨੂੰ ਵੇਖਦਾ, ਚਲਾਉਂਦਾ ਤੇ ਧੰਧੇ ਲਾਉਂਦਾ ਹੈ, ਪਰ ਇਹ ਸਾਰੇ ਇਹਨੂੰ ਵੇਖ ਵੀ ਨਹੀਂ ਸਕਦੇ।

ਫੇਰ ਕਿਉਂ ਨਾ ਇਨ੍ਹਾਂ ਦੀ ਥਾਂ ਤੇ ਕੇਵਲ ਉਸ ਅਕਾਲ ਪੁਰਖ ਨੂੰ ਹੀ ਪੂਜੀਏ ਅਥਵਾ ਆਦੇਸ ਕਰੀਏ ਜੋ ਸਭ ਦਾ ਮੁਢ ਹੈ, ਸ਼ੁਧ ਸਰੂਪ ਹੈ ਤੇ ਆਦਿ ਤੋਂ ਰਹਿਤ ਹੈ। ਜੋ ਕਦੇ ਨਾਸ ਵੀ ਨਹੀਂ ਹੁੰਦਾ ਸਗੋਂ ਇਕ ਰਸ ਰਹਿੰਦਾ ਹੈ :–

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾਂ ਨਦਰਿ ਨਾ ਆਵੈ ਬਹੁਤਾ ਏਹੁ ਵਿਡਾਣੁ ॥
ਆਦੇਸੁ ਤਿਸੈ ਆਦੇਸ ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥ ੩੦ ॥ (ਜਪੁਜੀ ਮ: ੧)

ਗੁਰਮੱਤ ਅਨੁਸ਼ਾਰ ਇਹ ਸਾਰੇ ਦੇਵਤੇ ਆਮ ਜੀਵਾਂ ਵਾਂਗ ਹੀ ਅਕਾਲ ਪੁਰਖ ਦੇ ਉਪਾਏ ਹੋਏ ਹਨ। ਆਮ ਜੀਵਾਂ ਵਾਂਗ ਹੀ ਇਹ ਵੀ ਉਸਦੀ ਸੇਵਾ ਵਿਚ ਜੁਟੇ ਹੋਏ ਹਨ :–

ਬ੍ਰਹਮਾ ਬਿਸਨੁ ਮਹੇਸ ਦੇਵ ਉਪਾਇਆ ॥ (ਮਲਾਰ ਕੀ ਵਾਰ ਮ:੧)
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਅਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸ ਉਪਾਏ, ਮਾਇਆ ਮੋਹ ਵਧਾਇੰਦਾ ॥ ੧੪ ॥
(ਮਾਰੂ ਅੰਜਲੀ ਮ: ੧)

ਬ੍ਰਹਮਾ ਬਿਸ਼ਨ ਰੁਦ੍ਰ ਤਿਸ ਕੀ ਸੇਵਾ ॥ ਅੰਤ ਨ ਪਾਵਹਿ ਅਲਖ ਅਭੇਵਾ ॥ ੧੦ ॥
(ਮਾਰੂ ਸੋਲਹੇ ਮ: ੩)

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰ ਦੀਸੈ ਬਿਲ-ਲਾਂਦੀ ਮੈਂ ਗਣਤ ਨ ਆਵੈ ਕਾਈ ਹੇ ॥ ੧੪ ॥ ੨
(ਮਾਰੂ ਸੋਲਹੇ ਮ: ੧)

ਬ੍ਰਹਮ ਬਿਸਨੁ ਮਹੇਸੁ ਵੀਚਾਰੀ ॥ ਤ੍ਰੈਗੁਣ ਬਧਕ ਮੁਕਤ ਨਿਰਾਰੀ ॥ ੬ ॥
(ਮਾਰੂ ਸੋਲਹੇ ਮ: ੧)

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾਕੇ ਧ੍ਰਮਸਾਲ ॥
ਕੋਟਿ ਮਹੇਸ਼ ਉਪਾਇ ਸਮਾਇ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਇ ॥
ਐਸੋ ਧਨੀ ਗੋਵਿੰਦ ਹਮਾਰਾ ਬਰਨਿ ਨਾ ਸਾਕਉ ਗੁਣ ਬਿਸ਼ਥਾਰਾ ॥੧॥ ਰਹਾਉ ॥੨॥੫॥
(ਭੈਰਉ ਅਸਟਪਦੀਆਂ ਮ: ੫)

ਕਾਹੇ ਕੋ ਏਸ ਮਹੇਸਹਿ ਭਾਖਤ ਕਾਹੇ ਦਿਜੇਸ ਕੋ ਏਸ ਬਖਾਨਯੋ ॥
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ ਤੈ ਜਿਨਕੋ ਬਿਸਵਨਾਥ ਪਛਾਨਿਯੋ ॥
ਏਕ ਕੋ ਛਾਡ ਅਨੇਕ ਭਜੈ ਸੁਕਦੇਵ ਪਰਾਸਰ ਬਿਯਾਸ ਝੁਠਾਨਿਯੋ ॥
ਫੋਕਟ ਧਰਮ ਸਜੈ ਸਬ ਹੀ ਹਮ ਏਕ ਹੀ ਕੋ ਬਿਧ ਨੇਕ ਪ੍ਰਮਾਨਿਯੋ ॥੧੫॥
(੩੩ ਸਵਯੇ ਪਾ ੧੦)

ਸ੍ਰੀ ਦਸਮੇਸ਼ ਜੀ ਤਾਂ ਇਥੋਂ ਤਕ ਕਹਿ ਦੇਂਦੇ ਹਨ ਕਿ ਜੇਕਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਆਪ ਹੀ ਕਾਲ ਦੇ ਅਧੀਨ ਹਨ, ਤਾਂ ਫੇਰ ਉਹ ਕਿਸੇ ਦੂਜੇ ਨੂੰ ਕਾਲ ਤੋਂ ਕਿਸ ਤਰ੍ਹਾਂ ਛੁੜਾ ਸਕਦੇ ਹਨ :

ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸ਼ਿਵਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸ਼ਾ ॥੭॥
(ਚੌਪਈ ਪਾ: ੧੦)

ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥ ਬ੍ਰਹਮਾ ਰੁਦ੍ਰ ਉਪਾਏ ਖਪਾਏ ॥
ਲੋਕ ਚਤ੍ਰ ਦਸ ਖੇਲ ਰਚਾਇਓ ॥ ਬਹੁਰ ਆਪ ਹੀ ਬੀਚ ਮਿਲਾਇਓ ॥੬॥
(ਅਕਾਲ ਉਸਤਤਿ ਪਾ: ੧੦)

ਕਈ ਮੇਟ ਡਾਰੇ ਉਸਾਰੇ ਬਨਾਏ ॥ ਉਪਾਰੇ ਗੜੇ ਫੇਰ ਮੇਟੇ ਉਪਾਏ ॥
ਕ੍ਰਿਯਾ ਕਾਲ ਜੂ ਕੀ ਕਿਨੂ ਨ ਪਛਾਨੀ ॥ ਘਨਿਯੋ ਪੈ ਬਿਹੈ ਹੈ ਘਨਿਯੋ ਪੈ ਬਿਹਾਨੀ ॥
ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਇ ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਇ ॥
ਮਹਾਦੀਨ ਕੇਤੇ ਪ੍ਰਿਥੀ ਮਾਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥
ਜਿਤੇ ਅਉਲੀਆ ਅੰਬੀਆ ਹੋਇ ਬੀਤੇ ॥ ਤਿਤਿਓ ਕਾਲ ਜੀਤਾ ਨਾ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸ਼ਨ ਹੋਇ ਬਿਸਨ ਆਏ ॥ ਤਿਤਿਓ ਕਾਲ ਖਪਿਓ ਨ ਤੇ ਕਾਲ ਘਾਏ ॥
(ਬਚਿਤ੍ਰ ਨਾਟਕ ਪਾ: ੧੦)

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,
ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ ।
ਬ੍ਰਹਮਾ ਅਰੁ ਬਿਸਨੁ ਕੇਤੇ ਬੇਦ ਔ ਪੁਰਾਨ ਕੇਤੇ,
ਸਿਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ ।
ਮੋਨਦੀ ਮਦਾਰ ਕੇਤੇ ਅਸਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ।
ਪੀਰ ਔ ਪਿਕਾਂਬ੍ਰ ਕੇਤੇ ਗਨੇ ਨ ਪਰਤ ਏਤੇ,
ਭੂਮ ਹੀ ਤੇ ਹੋਇ ਕੈ ਫੇਰਿ ਭੂਮਿ ਹੀ ਮਿਲਏ ਹੈਂ ॥੭॥੭੭॥
(ਅਕਾਲ ਉਸਤਤਿ ਪਾ: ੧੦ ਤ੍ਵਪ੍ਰਸਾਦਿ ਕਬਿਤ)

ਕਈ ਕੋਟਿ ਇੰਦ੍ਰ ਜਿਹ ਪਾਨ ਹਾਰ ॥ ਕਈ ਕੋਟਿ ਰੁਦ੍ਰ ਜੁਗੀਆ ਦੁਆਰ ॥
ਕਈ ਬੇਦ ਬਿਆਸ ਬ੍ਰਹਮਾ ਅਨੰਤ ॥ ਜਿਹ ਨੇਤ ਨੇਤ ਨਿਸ ਦਿਨ ਉਪਰੰਤ ॥
(ਤ੍ਵਪ੍ਰਸਾਦਿ ਪਾਧੜੀ ਛੰਦ ਅਕਾਲ ਉਸਤਤਿ ਪਾ: ੧੦)

ਕਾਲ ਹੀ ਪਾਇ ਭਯੋ ਭਗਵਾਨ, ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ।
ਕਾਲ ਹੀ ਪਾਇ ਭਯੋ ਬ੍ਰਹਮਾ ਸ਼ਿਵ, ਕਾਲ ਹੀ ਪਾਇ ਭਯੋ ਜੁਗੀਆ ਹੈ ।
ਕਾਲ ਹੀ ਪਾਇ ਸੁਰਾ ਸੁਰ ਗੰਧ੍ਰਬ, ਜਛ ਭੁਜੰਗ ਦਿਸਾ ਬਿਦਿਸਾ ਹੈ ।
ਔਰ ਸੁ ਕਾਲ ਸਭੈ ਬਸ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ ।
(ਬਚਿਤ੍ਰ ਨਾਟਕ ਸਵੈਯਾ ਪਾ: ੧੦)

ਉਪ੍ਰੋਕਤ ਦ੍ਰਿਸ਼ਟਾਂਤ ਇਸ ਗੱਲ ਦੇ ਗਵਾਹ ਹਨ ਕਿ ਗੁਰਮੱਤ ਕੇਵਲ ਇਕ ਅਕਾਲ ਨੂੰ ਹੀ ਆਪਣਾ ਪਰਮ ਪੂਜਯ ਸਮਝਦੀ ਹੈ ਤੇ ਕਿਸੇ ਹੋਰ ਨੂੰ ਆਪਣੀ ਅੱਖ ਤਲੇ ਨਹੀਂ ਲਿਆਉਂਦੀ ਤੇ ਸਮੁਚੇ ਤੌਰ ਤੇ ਹਰ ਕਿਸਮ ਦੀ ਦੇਵ ਪੂਜਾ ਤੋਂ ਵਰਜਦੀ ਹੈ । ਸੋ ਸ਼ੈਵ ਇਜ਼ਮ ਤੇ ਗੁਰਮੱਤ ਵਿਚ ਬੁਨਿਆਦੀ ਅੰਤਰ ਹੈ ।

ਗੋਰਖ ਮੱਤ ਤੇ ਗੁਰਮੱਤ

ਗੋਰਖ ਮੱਤ ਦਾ ਆਦਿ ਮਛੰਦਰ ਨਾਥ ਤੋਂ ਮੰਨਿਆਂ ਜਾਂਦਾ ਹੈ। ਮਛੰਦਰ ਨਾਥ ਇਕ ਨੀਪਾਲੀ ਯੋਗੀ ਆਦੀ ਨਾਥ ਦਾ ਸ਼ਿਸ਼ ਵੀ ਕਿਹਾ ਜਾਂਦਾ ਹੈ। ਪਰ ਗੋਰਖ ਬਾਣੀ ਵਿਚੋਂ ਸਿਧ ਹੋਂਦਾ ਹੈ ਜੋ ਮਛੰਦਰ ਆਦਿ ਨਾਥ (ਸ਼ਿਵ ਜੀ) ਦਾ ਚੇਲਾ ਸੀ। ਮਛੰਦਰ ਬਾਬਤ ਇਹ ਵੀ ਕਿਹਾ ਜਾਂਦਾ ਹੈ, ਜੋ ਇਹ ਇਕ ਬ੍ਰਾਹਮਣ ਦਾ ਪੁਤਰ ਸੀ। ਜੋਤਿਸ਼ ਅਨੁਸਾਰ ਉਸ ਦੀ ਜਮਣ ਘੜੀ ਇਕ ਵਡਾ ਅਪ-ਸ਼ਗਨ ਸੀ। ਇਸ ਲਈ ਉਸ ਦੇ ਪਿਤਾ ਨੇ ਉਸ ਨੂੰ ਸਮੁੰਦਰ ਭੇਟ ਕਰ ਦਿਤਾ ਸੀ। ਇਕ ਮੱਛ ਨੇ ਉਸ ਨੂੰ ਨਿਗਲ ਲਿਆ। ਸ਼ਿਵ ਜੀ ਜਦੋਂ ਪਾਰਬਤੀ ਨੂੰ ਯੋਗ ਦੀ ਸਿਖਿਆ ਦੇ ਰਹੇ ਸਨ ਤਾਂ ਸੁਕਦੇਵ ਨੇ ਸੁਣ ਲਈ। ਓਦੋਂ ਹੀ ਸ਼ਿਵ ਜੀ ਨੇ ਮਛ ਦੇ ਪੇਟ ਵਿਚੋਂ ਮਛੰਦਰ ਨੂੰ ਕਢਿਆ ਤੇ ਉਸ ਦਾ ਉਧਾਰ ਵੀ ਕੀਤਾ। ਜੇ ਇਹ ਗੱਲ ਮੰਨ ਲਈ ਜਾਵੇ ਤਾਂ ਮਛੰਦਰ ਦਾ ਹੋਣਾ ਦੁਆਪਰ ਵਿਚ ਸਿਧ ਹੁੰਦਾ ਹੈ। ਪਰੰਤੂ ਰਾਂਮੇਯ ਰਾਘੁਣ ਆਪਨੀ ਪੁਸਤਕ ਦੇ ਸਫਾ ੨੯ ਪੁਰ ਇਸ ਨੂੰ ਨਾਵੀਂ ਸਦੀ ਈਸਵੀ ਦੇ ਮਧ ਵਿਚ ਹੋਇਆ ਦਸਦੇ ਹਨ। ਗੋਰਖ ਨਾਥ ਉਨ੍ਹਾਂ ਦਾ ਸ਼ਿਸ਼ ਹੋਣ ਦੇ ਨਾਤੇ ਉਨ੍ਹਾਂ ਦੇ ਜੀਵਨ ਦੇ ਪਿਛਲੇ ਹਿਸੇ ਵਿਚ ਹੋਇਆ ਜਾਪਦਾ ਹੈ।

ਨੀਪਾਲੀਆਂ ਦਾ ਨਿਸਚਾ ਹੈ ਜੋ ਆਦੀ ਨਾਥ ਅਸਲ ਵਿਚ ਬੋਧੀ ਦੇਵਤਾ ਆਰਯ ਅਵਲੋਕਿਤੇਸ਼੍ਵਰ ਹੀ ਸੀ।

ਗੋਰਖ ਮਛੰਦਰ ਦੇ ੨੨ (ਬਾਈ) ਚੇਲਿਆਂ ਵਿਚੋਂ ਇਕ ਸੀ। ਆਮ ਇਤਿਹਾਸਕਾਰ ਗੋਰਖ ਨੂੰ ਮਛੰਦਰ ਤੋਂ ਕਈ ਗੁਣਾਂ ਵਧੀਕ ਆਤਮਕ ਬਲ ਵਾਲਾ ਗਿਣਦੇ ਹਨ। ਜੋਗੀਆਂ ਵਿਚ ਕੰਨ ਪਾੜਨ ਦਾ ਰਿਵਾਜ ਗੋਰਖ ਤੋਂ ਹੀ ਪਰਚਲਤ ਹੋਇਆ ਕਿਹਾ ਜਾਂਦਾ ਹੈ। ਕਈ ਨੀਪਾਲੀ ਵਿਦਵਾਨ ਗੋਰਖ ਨੂੰ ਪਹਿਲਾਂ ਸ਼ੰਕਰਾਚਾਰੀਆ ਦਾ ਚੇਲਾ ਮੰਨਦੇ ਹਨ। ਉਨ੍ਹਾਂ ਦਾ ਖਿਆਲ ਹੈ ਕਿ ਕਿਸੇ ਕਾਰਨ ਸ੍ਵਾਮੀ ਸ਼ੰਕਰ ਗੋਰਖ ਨਾਲ ਨਾਰਾਜ਼ ਹੋ ਗਏ ਤੇ ਉਨ੍ਹਾਂ ਉਸ ਨੂੰ ਆਪਨੀ ਸਿਖੀ ਵਿਚੋਂ ਖਾਰਜ ਕਰ ਦਿਤਾ। ਗੋਰਖ ਜੀ ਨੇ ਹੀ ਬੋਧ ਧਰਮ ਦੀ ਮਹਾਯਾਨ ਸ਼ਾਖਾ ਨੂੰ ਸ਼ੈਵ ਵਿਚ ਪਲਟਿਆ। ਅਸਲ ਵਿਚ ਗੋਰਖ ਮੱਤ ਜਿਸ ਨੂੰ ਅਸੀਂ ਕੰਨ ਪਾਟੇ ਜੋਗੀਆਂ ਦਾ ਵੀ ਮੱਤ ਕਹਿ ਸਕਦੇ ਹਾਂ, ਬੁਧ ਤੇ ਸ਼ੈਵ ਮੱਤ

ਦਾ ਗਠ-ਜੋੜ ਹੀ ਹੈ।

ਨਾਥ ਪੰਥੀਆਂ ਦਾ ਪਿਛੋਕੜ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਬੋਧੀ ਭਿਕਸ਼ੂ ਮਾਨਸਕ ਉੱਨਤੀ ਦੇ ਨਾਲ ਨਾਲ ਤ੍ਰਾਂਟਕ ਕ੍ਰਿਆਵਾਂ ਤਥਾ ਤੰਤ੍ਰਾਂ ਮੰਤ੍ਰਾਂ ਦੀ ਬ੍ਰਿਧੀ ਰਾਹੀਂ ਜਨ ਸਾਧਾਰਨ ਨੂੰ ਆਪਣੇ ਵਲ ਖਿਚਣ ਲਗ ਪਏ ਸਨ ਤੇ ਆਪਣੇ ਭਗਤਾਂ ਵਿਚ ਸ਼੍ਰਧਾ ਭਗਤੀ ਵਧਾਉਣ ਲਈ ਹਜ਼ਾਰਾਂ ਨਵੇਂ ਦੇਵਤਿਆਂ ਦੀ ਸਾਜਨਾ ਕਰਨੀ ਉਨ੍ਹਾਂ ਅਰੰਭ ਦਿਤੀ ਸੀ। ਗੋਰਖ ਜੀ ਨੇ ਹੀ ਬੁਧ ਧਰਮ ਦੀ ਮਹਾਯਾਨ ਸ਼ਾਖਾ ਨੂੰ ਸ਼ੈਵ ਵਿਚ ਪਲਟਿਆ ਸੀ। ਇਵੇਂ ਪਰਤੀਤ ਹੁੰਦਾ ਹੈ ਕਿ ਨਾਥ ਪੰਥੀ, ਵਜਰਯਾਨੀ ਭਿਕਸ਼ੂਆਂ ਦਾ ਹੀ ਹੌਲੀ ਹੌਲੀ ਬਦਲਿਆ ਤੇ ਫੈਲਿਆ ਹੋਇਆ ਨਵਾਂ ਰੂਪ ਸਨ। ਪ੍ਰਸਿਧ ਨਾਥਾਂ ਦੀ ਨਾਮਾਵਲੀ ਇਸ ਪ੍ਰਕਾਰ ਹੈ:

ਮਛੰਦਰ ਨਾਥ, ਗੋਰਖ ਨਾਥ, ਜਵਾਲੇਂਦ੍ਰ ਨਾਥ, ਕਾਰਿਣਪਾ ਨਾਥ, ਗਹਿਨ ਨਾਥ, ਚਰਪਟ ਨਾਥ, ਰਵੇਨ ਨਾਥ, ਭਾਗ ਨਾਥ, ਭਰਥਰੀ ਨਾਥ, ਗੋਪੀ ਚੰਦ ਨਾਥ, ਲੋਹਾਰੀਪਾ ਨਾਥ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਵਿਚ ਇਹ ਮਤ ਕਈ ਇਕ ਧਰਮਾਂ ਦਾ ਮਿਲਗੋਭਾ ਜਿਹਾ ਬਣ ਚੁਕਿਆ ਸੀ ਤੇ ਇਸ ਵਿਚੋਂ ਸ਼ੈਵ-ਇਜ਼ਮ, ਬੁਧ-ਇਜ਼ਮ, ਪਤੰਜਲ ਜੀ ਦੇ ਯੋਗ-ਇਜ਼ਮ ਤੇ ਵੇਦਾਂਤ-ਇਜ਼ਮ ਦੀਆਂ ਝਲਕਾਂ ਪੈਂਦੀਆਂ ਸਨ। ਹੁਣ ਇਸ ਮੱਤ ਨੇ ਵੈਸ਼ਨੂੰ ਭਗਤੀ ਦਾ ਢੰਗ ਅਪਨਾਣ ਲਈ ਵਿਸ਼ਨੂੰ ਦੀ ਥਾਂ ਤੇ ਸ਼ਿਵਲਿੰਗ ਦੀ ਪੂਜਾ ਅਟੰਭ ਦਿਤੀ ਸੀ। ਹੌਲੀ ਹੌਲੀ ਇਹ ਖਿਆਲ ਵੀ ਦ੍ਰਿੜ੍ਹ ਹੋਂਦਾ ਜਾ ਰਿਹਾ ਸੀ ਕਿ ਵਿਸ਼ਨੂੰ ਤੇ ਸ਼ਿਵ ਇਕ ਰੂਪ ਹੀ ਹਨ। ਇਸ ਮਨੌਤ ਅਨੁਸਾਰ ਹਰਿ ਹਰ ਦਾ ਬੋਲਾ, ਜਿਸ ਦਾ ਭਾਵ ਇਹ ਹੈ ਕਿ ਮਾਰਣ ਤੇ ਰਖਣ ਵਾਲਾ ਰੱਬ ਇਕ ਹੀ ਹੈ, ਪਰਚਲਤ ਹੋ ਚੁਕਾ ਸੀ। ਜਿਸ ਤੋਂ ਜ਼ਾਹਿਰ ਹੋਂਦਾ ਹੈ ਜੋ ਸ਼ੈਵ ਤੇ ਗੋਰਖ ਦੋਹਾਂ ਮਤਾਂ ਵਿਚ ਕਈਆਂ ਮਤਾਂ ਦੀ ਮਿਲਾਵਟ ਹੈ। ਸ੍ਰੀ ਜੇ. ਐਨ. ਫਰਕੂਹਰ ਦਾ ਖਿਆਲ ਹੈ ਕਿ ਕੰਨ ਪਾਟੇ ਜੋਗੀ, ਨਾਥਾਂ ਵਿਚੋਂ ਹੀ ਨਿਕਲੇ ਹਨ ਤੇ ਨਾਥ ਅਜੇ ਤਕ ਵੀ ਸ਼ਾਕਤਿ ਮਤਿ ਨੂੰ ਮੰਨਦੇ ਹਨ।

ਗੁਰੂ ਨਾਨਕ ਜੀ ਦਾ ਵਾਹ ਬਹੁਤ ਕਰਕੇ ਇਨ੍ਹਾਂ ਕੰਨ ਪਾਟੇ ਜੋਗੀਆਂ ਨਾਲ ਹੀ ਪਿਆ ਸੀ ਤੇ ਕਈ ਇਕ ਗੋਸ਼ਟੀਆਂ ਵੀ ਹੋਈਆਂ ਸਨ। ਗੁਰੂ ਨਾਨਕ ਜੀ ਨੇ ਇਨ੍ਹਾਂ ਜੋਗੀਆਂ ਨੂੰ ਹੀ ਸਿਧ ਕਿਹਾ ਹੈ। ਅਸਲ ਵਿਚ ਸਿਧ ਉਸ ਨੂੰ ਕਿਹਾ ਜਾਂਦਾ ਹੈ, ਜੋ ਯੋਗ ਅਭਿਆਸ ਰਾਹੀਂ ਆਪਣੇ ਤਨ, ਮਨ ਤੇ ਜਿਤ ਪਰਾਪਤ ਕਰਕੇ ਰਿਧੀਆਂ ਸਿਧੀਆਂ ਪਰਾਪਤ ਕਰ ਲੈਣ।

ਪਾਠਕਾਂ ਦੀ ਗਿਆਤ ਲਈ ਇਨ੍ਹਾਂ ਰਿਧੀਆਂ ਤੇ ਸਿਧੀਆਂ ਦਾ ਸੰਖੇਪ ਜਿਹਾ ਵੇਰਵਾ ਦੇਣਾ ਕੋਈ ਕੁਥਾਂ ਨਹੀਂ ਹੋਵੇਗਾ :

ਰਿਧੀਆਂ ਜਾਂ ਨਿਧੀਆਂ ਗਿਣਤੀ ਵਿਚ ੯ ਹਨ। ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(੧) ਪਦਮ : ਧਾਤਾਂ ਦਾ ਲਾਭ ਹੋਣਾ, ਸੋਨਾਂ ਆਦਿ ਕੀਮਤੀ ਧਾਤਾਂ ਪ੍ਰਾਪਤ ਹੋਣੀਆਂ।
(੨) ਮਹਾਂ ਪਦਮ : ਲਾਲ, ਹੀਰੇ, ਜਵਾਹਰਾਤ ਆਦਿ ਦੀ ਪ੍ਰਾਪਤੀ।
(੩) ਮਕਰ : ਰਾਜ ਦਰਬਾਰ ਵਿਚ ਉਚਾ ਮਰਤਬਾ ਪ੍ਰਾਪਤ ਹੋਣਾ।
(੪) ਕਛੱਪ : ਬੇਅੰਤ ਮਾਇਆ ਦਬਾ ਕੇ ਰਖਣ ਲਈ ਮਿਲ ਜਾਣੀ।
(੫) ਮੁਕੰਦ : ਰਾਗ ਰੰਗ ਤੇ ਦਿਲ ਬਹਿਲਾਵੇ ਦੇ ਸਾਧਨਾਂ ਦੀ ਪ੍ਰਾਪਤੀ।
(੬) ਕੁੰਦ : ਇੰਦਰ ਜਿਡਾ ਵਡਾ ਮੁਰਾਤਬਾ ਤੇ ਹੁਲਾਸ ਮੁਯਸਰ ਹੋਣਾ।
(੭) ਨੀਲ : ਸਾਗਰਾਂ ਦੀ ਬਾਦਸ਼ਾਹੀ ਮਿਲ ਜਾਣੀ।
(੮) ਸੰਖ : ਹਉਮੈ ਦੀ ਸਿਖਰ।
(੯) ਖਰਭ : ਅਰਬਾਂ ਖਰਬਾਂ ਦੌਲਤ।

ਮੁਕਦੀ ਗੱਲ ਇਹ ਹੈ ਕਿ ਨਿਧੀਆਂ ਮਾਇਕ ਸ਼ਕਤੀਆਂ ਹਨ।

ਸਿਧੀਆਂ : ਵੈਸੇ ਤਾਂ ਇਹ ਗਿਣਤੀ ਵਿਚ ਅਠਾਰਾਂ ਹਨ, ਪਰ ੮ ਵਸ਼ੇਸ਼ ਤੌਰ ਤੇ ਪ੍ਰਧਾਨ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

(੧) ਅਣਿਮਾ—ਬਹੁਤ ਛੋਟਾ ਹੋ ਜਾਣਾ ਭਾਵ ਅਣੂ ਵਰਗਾ ਬਣ ਜਾਣਾ।
(੨) ਮਹਿਮਾ—ਸ਼ਰੀਰ ਦਾ ਅਕਾਰ ਬਹੁਤ ਵਡਾ ਕਰ ਲੈਣਾ।
(੩) ਲਘੁਮਾ—ਰੂਈ ਵਾਂਗੂੰ ਹੋ ਜਾਣਾ।
(੪) ਪ੍ਰਾਪਤੀ—ਮਨ ਭਾਂਵਦੇ ਪਦਾਰਥ ਭੋਗਣੇ।
(੫) ਪ੍ਰਾਕਾਮਯ—ਮਨ ਦੀ ਅੰਦਰਲੀ ਗਲ ਬੁਝ ਲੈਣੀ।
(੬) ਈਸ਼ਤਾ—ਆਪਣੀ ਇਛਾ ਅਨੁਸਾਰ ਸਭ ਨੂੰ ਪ੍ਰੇਰਨਾ।
(੭) ਬਸਿਤਾ—ਸਭ ਨੂੰ ਕਾਬੂ ਕਰ ਲੈਣਾ।
(੮) ਗਰਿਮਾ—ਭਾਰੀ ਹੋ ਜਾਣਾ, ਸਰੀਰ ਦਾ ਭਾਰ ਬੇਇੰਤਹਾ ਕਰ ਲੈਣਾ।

ਇਸਤੋਂ ਇਲਾਵਾ ਦਸ ਹੋਰ ਸਿਧੀਆਂ ਵੀ ਹਨ :

(੧) ਅਨਰੂਮਾ—ਭੁਖ ਤ੍ਰਿਹ ਨੂੰ ਰੋਕ ਲੈਣਾ।
(੨) ਸ਼੍ਰਵਣ ਸਿਧੀ—ਦੂਰ ਬੈਠ ਕੇ ਸਭ ਦੀ ਬਾਤ ਸੁਣ ਲੈਣੀ।
(੩) ਦੂਰ ਦਰਸ਼ਨ ਸਿਧੀ—ਦੂਰ ਤੋਂ ਸਭ ਨੂੰ ਅਖੀਂ ਵੇਖਣਾ।
(੪) ਮਨੋ ਵੇਗ ਸਿਧੀ—ਜਿਥੇ ਚਾਹੁਣਾ ਓਥੇ ਹੀ ਚਲੇ ਜਾਣਾ।
(੫) ਕਾਮ ਰੂਪ ਸਿਧੀ—ਹੋਰ ਰੂਪ ਧਾਰ ਲੈਣਾ।
(੬) ਪਰਵੇਸ਼ ਸਿਧੀ—ਦੂਸਰੇ ਦੇ ਸਰੀਰ ਵਿਚ ਵੜ ਜਾਣਾ।

(੭) ਮ੍ਰਿਤਯੁ ਸਿਧੀ–ਆਪਣੇ ਇਰਾਦੇ ਅਨੁਸਾਰ ਮਰਨਾ (ਇਸਨੂੰ ਸ੍ਵੈ-ਛੰਦ ਮ੍ਰਿਤੂ ਭੀ ਕਹਿੰਦੇ ਹਨ)

(੮) ਸੁਰ ਕ੍ਰੀੜਾ ਦਰਸ਼ਨ ਸਿਧੀ-ਅਪਛਰਾਂ ਨਾਲ ਮਿਲਣਾ, ਦੇਵਤੇ ਦੇਖਣੇ ।

(੯) ਸੰਕਲਪ ਸਿਧੀ–ਚਿਤਵਨੀ ਪੂਰੀ ਕਰ ਲੈਣੀ ।

(੧੦) ਅਪ੍ਰਿਤਿਹਤ ਗਤਿ ਸਿਧੀ--ਜਿਥੇ ਜੀ ਚਾਹੇ ਉਥੇ ਚਲੇ ਜਾਣਾ ।

ਕੁਲ ਅਠਾਰਾਂ ਸਿਧੀਆਂ ਹੋਈਆਂ ।

ਗੁਰੂ ਨਾਨਕ ਜੀ ਨਾਲ ਇਨ੍ਹਾਂ ਦੀਆਂ ਹੋਈਆਂ ਡੂੰਘੀਆਂ ਵਿਚਾਰਾਂ ਨੂੰ ਸਮਝਣ ਤੇ ਵਿਸਥਾਰ ਪੂਰਬਕ ਗੁਰਮਤ ਦੀ ਰੋਸ਼ਨੀ ਵਿਚ ਪੜਚੋਲ ਕਰਨ ਤੋਂ ਪਹਿਲਾਂ ਇਸ ਮਤ ਨੂੰ ਸਮਝ ਲੈਣਾ ਜ਼ਰੂਰੀ ਹੈ। ਸੋ ਹੇਠ ਲਿਖੀ ਸੰਖੇਪ ਜਹੀ ਜਾਣਕਾਰੀ ਕਰਾਣ ਦਾ ਯਤਨ ਕੀਤਾ ਜਾਂਦਾ ਹੈ।

ਅਸੀਂ ਉਤੇ ਦਸ ਆਏ ਹਾਂ ਜੋ ਗੁਰੂ ਨਾਨਕ ਜ਼ੀ ਦੇ ਸਮੇਂ ਇਹ ਮੱਤ ਬੁਧ ਇਜ਼ਮ, ਸ਼ੈਵ ਇਜ਼ਮ, ਅਦ੍ਵੈਤ ਇਜ਼ਮ ਤੇ ਰਾਜ ਯੋਗ ਦਾ ਇਕ ਮਿਲ ਗੋਭਾ ਜਿਹਾ ਬਣ ਚੁਕਾ ਸੀ। ਅਸੀਂ ਉਪਰੋਕਤ ਸਾਰੇ ਮਤਾਂ ਦੀ ਜਾਣ ਪਛਾਣ ਪਿਛਲੇ ਸਫਿਆਂ ਵਿਚ ਕਰਵਾ ਚੁਕੇ ਹਾਂ ।

ਸਿਧ ਰਾਜ ਯੋਗ ਦੇ ਨਾਲ ਨਾਲ ਹਠ ਯੌਗੀ ਵੀ ਹਨ। ਇਸ ਲਈ ਇਥੇ ਹਠ ਯੋਗ ਦਾ ਵਰਨਨ ਕਰਨਾ ਲਾਭਦਾਇਕ ਹੋਵੇਗਾ ।

ਹਠ ਯੋਗੀ ਪ੍ਰਾਣਾਯਾਮ ਨੂੰ ਹੀ ਸਮਾਧੀ ਦਾ ਸਾਧਨ ਬਣਾਨ ਤੇ ਜ਼ੋਰ ਦੇਂਦਾ ਹੈ। ਹਠ ਯੋਗੀਆਂ ਦਾ ਖਿਆਲ ਹੈ ਇੰਦ੍ਰੇ ਪ੍ਰਾਣਾਂ ਨਾਲੋਂ ਅੱਡ ਹੋਣ ਕਰਕੇ ਬੇ ਹਿਸ ਹੋ ਜਾਣਗੇ ਤੇ ਵਿਸ਼ਿਆਂ ਵਲ ਜਾ ਹੀ ਨਹੀਂ ਸਕਣਗੇ। ਪਰ ਤਜਰਬੇ ਨੇ ਓਹਨਾਂ ਨੂੰ ਇਹ ਵੀ ਦਸਿਆ, ਜੋ ਮਨ ਵਿਚ ਫੁਰਨੇ ਜਾਂ ਲਹਿਰਾਂ ਕੇਵਲ ਬਹਿਰੂਨੀ ਠੋਹਕਰਾਂ ਜਾਂ ਰਗੜਾਂ ਨਾਲ ਹੀ ਨਹੀਂ, ਸਗੋਂ ਅੰਦਰੋਂ ਹੀ ਸਿਮਰਤੀ (ਚੇਤਾ, ਯਾਦ) ਨਾਲ ਵੀ ਜਾਗ ਪੈਂਦੀਆਂ ਹਨ। ਇਸ ਲਈ ਇਨ੍ਹਾਂ ਅੰਦਰੂਨੀ ਕਾਰਨਾਂ ਨੂੰ ਵੀ ਰੋਕਣਾ ਲਾਜ਼ਮੀ ਹੈ। ਇਨ੍ਹਾਂ ਅੰਦਰੂਨੀ ਲਹਿਰਾਂ ਨੂੰ ਰੋਕਣ ਲਈ ਉਨ੍ਹਾਂ 'ਨਾਦ ਲਯ' ਦਾ ਢੰਗ ਅਪਨਾਇਆ। 'ਨਾਦ ਲਯ' ਤੋਂ ਭਾਵ ਸਰੀਰ ਦੇ ਅੰਦਰ ਦੀਆਂ ਆਵਾਜ਼ਾਂ ਨੂੰ ਸੁਣਨਾ ਤੇ ਉਨ੍ਹਾਂ ਆਵਾਜ਼ਾਂ ਉਤੇ ਚਿੱਤ ਨੂੰ ਟਿਕਾਣਾ ਹੈ । ਪਾਤੰਜਲ ਜੀ ਤਾਂ ਕਿਸੇ ਅੰਦਰੂਨੀ ਜਾਂ ਬਹਿਰੂਨੀ ਚੀਜ਼ ਤੇ ਚਿਤ ਨੂੰ ਟਿਕਾਣ ਦਾ ਰਾਹ ਦਸਦੇ ਹਨ, ਪਰ ਹੱਠ ਯੋਗੀ ਜੋ ਪ੍ਰਾਣ ਚੜ੍ਹਾ ਕੇ ਇੰਦ੍ਰੀਆਂ ਨੂੰ ਏਹਿਸ ਕਰਦਾ ਹੈ ਤੇ ਇਸਤਰ੍ਹਾਂ ਬੈਹਰੂਨੀ ਪਰਕ੍ਰਿਤਕ ਲਹਿਰਾਂ ਦੀਆਂ ਠੋਕਰਾਂ ਨੂੰ ਰੋਕਦਾ ਹੈ। ਅੰਦਰੂਨੀ ਠੋਕਰਾਂ ਨੂੰ ਰੋਕਣ ਲਈ 'ਨਾਦ ਲਯ' ਦੇ ਢੰਗ ਨੂੰ ਪਰਚਾਰਦਾ ਹੈ।

ਇਸ ਵਿਸ਼ੇ ਤੇ ਵਧੇਰੇ ਰੋਸ਼ਨੀ ਪਾਣ ਲਈ ਹੇਠ ਲਿਖੀਆਂ ਵਿਚਾਰਾਂ ਸਫਲ ਹੋ ਸਕਦੀਆਂ ਹਨ :

ਯੋਗੀ ਮੁਕਤਾਸ਼ਨ ਲਗਾ ਕੇ ਸਾਂਭਵੀਂ ਮੁੰਦਰਾ ਧਾਰਨ ਕਰੇ ਤੇ ਫੇਰ ਇਕਾਗਰ ਚਿਤ ਹੋ ਕੇ ਅੰਦਰ ਦੀਆਂ ਆਵਾਜ਼ਾਂ ਸੁਣੇ । ਇਹ ਸਜੇ ਕੰਨ ਕੋਲ ਸੁਣੀਆਂ ਜਾਣਗੀਆਂ । ਇਹ ਕੁਝ ਕਰਨ ਤੋਂ ਪਹਿਲਾਂ ਯੋਗੀ ਪ੍ਰਾਣਾਯਾਮ ਰਾਹੀਂ ਸੁਖਮਨਾ ਨੂੰ ਮਲ ਰਹਿਤ ਕਰ ਲਵੇ ਤੇ ਫੇਰ ਕੰਨ, ਨਕ, ਮੂੰਹ, ਅੱਖਾਂ ਬੰਦ ਕਰ ਲਵੇ । ਹੁਣ ਉਸਨੂੰ ਸਾਫ ਆਵਾਜ਼ਾਂ ਸੁਣੀਨਗੀਆਂ ।

ਇਸ ਯੋਗਿਕ ਕ੍ਰਿਆ ਦੀਆਂ ਵੀ ਹੇਠ ਲਿਖੀਆਂ ਚਾਰ ਅਵਸਥਾਂ ਹਨ । ਇਹ ਹਨ :

੧. ਅਰੰਭ ੨. ਘਟ ੩. ਪ੍ਰਿਚਯ ੪. ਨਿਸ਼ਪਤੀ

(੧) ਅਰੰਭ : ਪ੍ਰਾਣਾਯਾਮ ਦਵਾਰਾ (ਅਨਹਤ ਚਕਰ ਵਿਚ ਦੀ) ਬ੍ਰਹਮ ਗ੍ਰੰਥੀ ਨੂੰ ਵਿੰਨਣ ਨਾਲ ਰਿਦੇ ਆਕਾਸ਼ ਵਿਚ ਗਹਿਣਿਆਂ ਦੀ ਛੰਕਾਰ ਵਾਂਗ ਅਨੰਦ ਦਾਇਕ ਧੁੰਨੀ ਸੁਣਾਈ ਦੇਂਦੀ ਹੈ । ਇਸ ਨਾਦ ਦੇ ਅਰੰਭ ਹੋਣ ਤੇ ਯੋਗੀ ਦਿਵ ਦੇਹੀ ਵਾਲਾ, ਤੇਜੱਸਵੀ, ਉਤਮ ਸੁਗੰਧ ਵਾਲਾ ਤੇ ਅਰੋਗੀ ਹੋ ਜਾਂਦਾ ਹੈ । ਉਸ ਵੇਲੇ ਉਸਦਾ ਹਿਰਦਾ ਆਨੰਦ ਭਰਪੂਰ ਹੋ ਜਾਂਦਾ ਹੈ ।

(੨) ਘਟ : ਸਵਾਸ ਮੱਧ ਚਕਰ (ਜੋ ਕੰਠ ਵਿਚ ਹੈ) ਵਿਚ ਜਾਂਦੇ ਹਨ ਤਾਂ ਜੋਗੀ ਦ੍ਰਿੜ੍ਹਾਸਨ ਤੇ ਦੇਵਤਿਆਂ ਦੇ ਗਿਆਨ ਵਾਲਾ ਹੋ ਜਾਂਦਾ ਹੈ । ਵਿਸ਼ਨੂੰ ਗ੍ਰੰਥੀ ਨੂੰ ਵਿੰਨ ਲੈਣਾ ਪਰਮਾਨੰਦ ਦਾ ਸੂਚਕ ਹੈ । ਇਸਤੋਂ ਬਾਹਦ ਪ੍ਰਾਨ ਕੰਠ ਦੇ ਵਿਚਲੇ ਪੁਲਾੜ ਜਿਸਨੂੰ ਅਤੀ ਸ਼ੂਨਯ ਕਿਹਾ ਜਾਂਦਾ ਹੈ ਵਿਚ ਪੁਜਦੇ ਹਨ । ਇਥੇ ਭੇਰੀ ਵਰਗਾ ਸ਼ਬਦ ਸੁਣਾਈ ਦੇਂਦਾ ਹੈ ।

(੩) ਪਰਿਚਯ : ਪ੍ਰਾਣ ਭੜਵੱਟਿਆਂ ਦੇ ਵਿਚ ਦੇ ਪੁਲਾੜ 'ਮਹਾਂ ਸ਼ੂਨਯ' ਵਿਚ ਚਲੇ ਜਾਂਦੇ ਹਨ । ਇਸ ਅਵਸਥਾ ਤੇ ਅਪੜੇ ਹੋਏ ਯੋਗੀ ਨੂੰ ਮਰਦਲ, ਜੋ ਇਕ ਪ੍ਰਕਾਰ ਦੀ ਢੋਲਕ ਹੁੰਦੀ ਹੈ, ਵਰਗੀ ਆਵਾਜ਼ ਸੁਣਾਈ ਦੇਂਦੀ ਹੈ । ਇਹ ਅਸਥਾਨ ਸਾਰੀਆਂ ਸਿਧੀਆਂ ਦਾ ਅਸਥਾਨ ਹੈ । ਨਾਦ ਸੁਣਨ ਤੇ ਜੋ ਆਨੰਦ ਚਿਤ ਨੂੰ ਪ੍ਰਾਪਤ ਹੋਇਆ ਹੈ ਉਹਨੂੰ ਜਿਤਕੇ ਉਹ ਸਹਿਜ ਆਨੰਦ ਨੂੰ ਪ੍ਰਾਪਤ ਹੁੰਦਾ ਹੈ । ਦੋਸ਼, ਦੁਖ, ਬੁਢੇਪਾ ਰੋਗ, ਭੁਖ, ਨੀਂਦ ਪੁਰ ਗ਼ਾਲਬ ਹੋ ਜਾਂਦਾ ਹੈ ।

ਨਿਸ਼ਪਤੀ : ਇਹ ਈਸ਼ਵਰ ਦਾ ਅਸਥਾਨ ਹੈ, ਜਦੋਂ ਪ੍ਰਾਣ ਅਗਿਆ ਚੱਕ੍ਰ ਵਿਚ ਦੀ ਰੁਦਰ ਗ੍ਰੰਥੀ ਨੂੰ ਵਿੰਨ ਕੇ ਪ੍ਰਾਣ ਇਸ ਅਸਥਾਨ ਤੇ ਪੁਜਦੇ ਹਨ ਤਾਂ ਬੰਸ਼ਰੀ ਤੇ ਵੀਣਾ ਦੀ ਆਵਾਜ਼ ਸੁਣਾਈ ਦੇਂਦੀ ਹੈ।

ਨਾਦ ਉਪਾਸ਼ਨਾ ਦੀ ਵਡਿਆਈ ਕਰਦਿਆਂ ਹਠ ਯੋਗ ਪ੍ਰਦੀਪਕਾ ਦਾ ਕਰਤਾ ਲਿਖਦਾ ਹੈ, "ਜਦ ਤਕ ਅਨਾਹਤ ਸ਼ਬਦ ਸੁਣੀਦਾ ਹੈ ਅਕਾਸ਼ ਦਾ ਸੰਕਲਪ ਰਹਿੰਦਾ ਹੈ। ਸ਼ਬਦ ਰਹਿਤ ਨੂੰ ਪਾਰਬ੍ਰਹਮ ਤੇ ਪ੍ਰਮਾਤਮਾ ਕਹਿੰਦੇ ਹਨ। ਜੋ ਸਭ ਕੁਝ ਨਾਦ ਦੇ ਰੂਪ ਵਿਚ ਸੁਣੀਦਾ ਹੈ ਓਹ ਸ਼ਕਤੀ ਹੈ। ਜਿਥੇ ਤਤ ਮੁਕ ਜਾਂਦੇ ਹਨ ਓਹ ਨਿਰੰਕਾਰ ਹੈ ਓਹੋ ਪਰਮੇਸ਼੍ਵਰ ਹੈ।"

ਉਨਮਨੀ ਅਵਸਥਾ ਦਾ ਜ਼ਿਕਰ ਕਰਦਿਆਂ ਹੋਇਆਂ ਲੇਖਕ ਕਹਿੰਦਾ ਹੈ, "ਉਨਮਨੀ ਅਵਸਥਾ ਵਿਚ ਨਿਸ਼ਚੇ ਜਾਣੋ ਸਰੀਰ ਸੁਕ ਕੇ ਲਕੜੀ ਦੇ ਕੁੰਦੇ ਵਾਂਗ ਹੋ ਜਾਂਦਾ ਹੈ। ਜੋਗੀ ਸੰਖ ਦੇ ਧੌਂਸੇ ਦਾ ਆਵਾਜ਼ ਕਦਾਚਿਤ ਨਹੀਂ ਸੁਣ ਸਕਦਾ। ਸਾਰੀਆਂ ਅਵਸਥਾ ਤੋਂ ਖਾਲਸ, ਸਾਰੀਆਂ ਚਿੰਤਾਂ ਤੋਂ ਪਾਕ ਮੁਰਦੇ ਵਾਂਗ ਯੋਗੀ ਰਹਿੰਦਾ ਹੈ। ਨਿਰਸੰਦੇਹ ਉਹ ਮੁਕਤ ਹੈ।"

[ਹਠ ਯੋਗ ਪ੍ਰਦੀਪਕਾ ਤੇ ਗੁਰਮਤਿ ਨਿਰਣੈ ਕਿਰਤ
ਡਾ: ਭਾਈ ਜੋਧ ਸਿੰਘ ਜੀ ਦੇ ਆਧਾਰ ਤੇ]

ਯੋਗੀਆਂ ਦੇ ਮੰਨੇ ਹੋਏ ਛੇ ਚਕ੍ਰ :

(੧) ਮੂਲਾਧਰ–ਗੁਦਾ ਮੰਡਲ ਦਾ ਚਕ੍ਰ ਹੈ। ਇਸ ਵਿਚ ਮੂਧੇ ਮੂੰਹ ਚਾਰ ਪੰਖੜੀਆਂ ਵਾਲਾ ਪੀਲਾ ਕਮਲ ਹੈ।

(੨) ਸਾਧਿਸਠਾਨ--ਲਿੰਗ ਦੇ ਮੂਲ ਵਿਚ ਇਸਦੇ ਵਿਚ ਉਲਟੇ ਮੂੰਹ ਲਾਲ ਰੰਗ ਦਾ ਛਾਦਲ ਕਮਲ ਹੈ।

(੩) ਮਣਿ ਪੂਰ–ਨਾਭੀ ਦੇ ਮੂਲ ਵਿਚ ਹੈ। ਇਸ ਵਿਚ ਨੀਲ ਰੰਗਾ ਦਸ ਪੰਖੜੀਆਂ ਵਾਲਾ ਉਰਧ ਮੁਖ ਕੰਵਲ ਹੈ।

(੪) ਅਨਾਹਤ ਚਕ੍ਰ--ਹਿਰਦੇ ਵਿਚ ਸ੍ਵਰਨ ਰੰਗਾ ੧੨ ਪੰਖੜੀਆਂ ਵਾਲਾ ਕਮਲ ਹੈ।

(੫) ਵਿਸ਼ੁਧ ਚਕ੍ਰ--ਉਰਧ ਮੁਖ ਸੋਲ੍ਹਾਂ ਕਲੀਆਂ ਲਾਲ ਰੰਗਾ ਕੰਵਲ ਕੰਠ'ਚ ਹੈ।

(੬) ਅਗਿਆ ਚਕ੍ਰ--ਭਰਵਟਿਆਂ ਦੇ ਵਿਚਕਾਰ ਉਰਧ ਮੁਖ ਦੋ ਪਤੀਆਂ ਚਿਟਾ ਉਰਧ ਮੁਖ ਕੰਵਲ ਹੈ।

ਇਨ੍ਹਾਂ ਖਟ ਚਕਰਾਂ ਤੋਂ ਉਤੇ ਦਸਮ ਦੁਆਰ ਹੈ, ਜਿਥੇ ਹਜ਼ਾਰ ਪਤੀਆਂ ਵਾਲਾ ਸਫੈਦ ਕਮਲ ਹੈ, ਜਿਸਨੂੰ ਯੋਗੀ ਜੋਤੀ ਸਰੂਪ ਦਾ ਸਿੰਘਾਸਨ ਕਹਿੰਦੇ ਹਨ।

ਜੋਗੀ ਸਰੀਰ ਵਿਚ ਬਹੱਤਰ ਹਜ਼ਾਰ ਨਾੜੀਆਂ ਮੰਨਦੇ ਹਨ, ਭਾਵੇਂ ਇਨ੍ਹਾਂ ਵਿਚੋਂ ਕੰਮ ਦੀ ਸੁਖਮਨਾ ਹੀ ਹੈ। ਇਸ ਨਾੜੀ ਦਾ ਹੇਠਲਾ ਸਿਰਾ ਕੁੰਡਲਨੀ

ਵਿਚ ਬੰਦ ਰਹਿੰਦਾ ਹੈ। ਕੁੰਡਲਨੀ ਵੀ ਇਕ ਨਾੜੀ ਹੈ, ਜੋ ਸਪ ਵਾਂਗ ਆਪਣੀ ਪੂਛ ਮੂੰਹ ਵਿਚ ਲਈ ਕੁੰਡਲ ਮਾਰੀ ਬੈਠੀ ਹੈ। ਪ੍ਰਾਣਾਂ ਦਾ ਰੋਕਣਾ (ਭਾਵ ਪੂਰਕ, ਰੇਚਕ ਤੇ ਕੁੰਭਕ ਕਰਨਾ) ਮੁਖ ਮੰਤਵ ਇਸ ਸੁਖਮਨਾ ਦੇ ਹੇਠਲੇ ਸਿਰੇ ਨੂੰ ਖੋਲ੍ਹਣਾ ਹੈ। ਇਸਨੂੰ ਕੁੰਡਲਨੀ ਦਾ ਜਗਾਣਾ ਕਿਹਾ ਜਾਂਦਾ ਹੈ।

ਕੁੰਡਲਨੀ ਦੇ ਜਗਾਣ ਦਾ ਤਰੀਕਾ ਕੁਝ ਇਸਤਰਾਂ ਦਾ ਹੈ : ਗੁਦਾ ਨੂੰ ਪੈਰ ਦੇ ਅੰਗੂਠੇ ਨਾਲ ਦਬਾ ਕੇ ਗੁਦਾ ਨੂੰ ਸੁਕੇੜ ਲਵੋ, ਫੇਰ ਹੇਠਾਂ ਜਾਂਦੇ ਸਾਹ ਨੂੰ ਉਪਰ ਵਲ ਖਿਚੋ ਭਾਵ ਅਪਾਨ ਕਰੋ। ਇਸ ਢੰਗ ਨੂੰ ਮੂਲ ਬੰਧ ਕਹਿੰਦੇ ਹਨ । ਹੁਣ ਖੇਚਰੀ ਮੁੰਦਰਾ ਰਾਹੀਂ ਪ੍ਰਾਣ ਰੋਕੋ ਭਾਵ ਜੀਭ ਨੂੰ ਉਲਟਾ ਕੇ, ਜੋ ਮੋਰੀ ਸੰਘ ਦੇ ਉਪਰੋਂ ਦੀ ਆਂਵਦੀ ਹੈ, ਉਸਨੂੰ ਬੰਦ ਕਰੋ ਤੇ ਧਿਆਨ ਭਰਵੱਟਿਆਂ ਵਿਚਕਾਰ ਰਖੋ, ਇਸਤਰਾਂ ਪ੍ਰਾਨ ਤੇ ਅਪਾਨ ਦੋਵੇਂ ਮਿਲ ਜਾਣਗੇ ਤੇ ਇੰਨ੍ਹਾਂ ਦੇ ਸੰਗਮ ਕਰਕੇ ਅੰਦਰ ਅਥਾਹ ਗਰਮੀ ਪੈਦਾ ਹੋ ਜਾਵੇਗੀ ਤੇ ਕੁੰਡਲਨੀ ਦਾ ਮੂੰਹ ਖੁਲ੍ਹ ਜਾਵੇਗਾ। ਇਸ ਸਾਰੀ ਤਰਤੀਬ ਨੂੰ ਖੇਚਰੀ ਮੁੰਦਰਾ ਕਿਹਾ ਜਾਂਦਾ ਹੈ। ਜਦ ਕੁੰਡਲਨੀ ਸੁਲਝ ਜਾਵੇਗੀ ਤਾਂ ਉਸਦੀ ਪੂਛ ਉਸਦੇ ਮੂੰਹ ਵਿਚੋਂ ਨਿਕਲ ਜਾਵੇਗੀ, ਉਸਦਾ ਮੂੰਹ ਖੁਲ ਜਾਵੇਗਾ ਤੇ ਪ੍ਰਾਣ ਉਸਦੇ ਅੰਦਰ ਦਾਖਲ ਹੋ ਜਾਣਗੇ।

ਸੁਖਮਨਾ ਦਾ ਪਛਮੀ ਦਰਵਾਜ਼ਾ ਇਸ ਸੰਘ ਵਾਲੀ ਮੋਰੀ ਵਿਚ ਹੀ ਖੁਲ੍ਹਦਾ ਹੈ ਤੇ ਏਹੀ ਮੋਰੀ ਇੜਾ, ਪਿੰਗਲਾ ਤੇ ਸੁਖਮਨਾ ਦਾ ਸੰਗਮ ਅਸਥਾਨ ਹੈ। ਇਸ ਮੋਰੀ ਦੇ ਐਨ ਉਪਰ ਮਗਜ਼ ਦੇ ਹੇਠਾਂ ਚੰਦਰਮਾ ਹੈ, ਜਿਸ ਵਿਚੋਂ ਅੰਮ੍ਰਿਤ ਚੋਂਦਾ ਹੈ, ਪਰ ਆਮ ਤੌਰ ਤੇ ਇਹ ਅੰਮ੍ਰਤ ਸੰਘ ਥਾਣੀ ਮਿਹਦੇ ਵਿਚ ਪੁਜ ਜਾਂਦਾ ਹੈ, ਜਿਥੇ ਇਸਨੂੰ ਸੂਰਜ ਭਾਵ ਜਠਰਾ ਅਗਨੀ, ਦਗਧ ਕਰ ਦੇਂਦੀ ਹੈ। ਜੀਭ ਨੂੰ ਉਲਟਾ ਕੇ ਮੋਰੀ ਬੰਦ ਕਰ ਦੇਣ ਨਾਲ ਇਹ ਮਿਹਦੇ ਵਿਚ ਨਹੀਂ ਜਾ ਸਕਦਾ, ਸਗੋਂ ਸਰੀਰ ਨੂੰ ਰਿਸ਼ਟ ਪੁਸ਼ਟ ਕਰਦਾ ਹੈ।

ਉਪਰ ਜਹੇ ਹਠ ਯੋਗ ਦੀ ਸਾਧਨਾ ਦਾ ਵਰਨਣ ਕਰਦਿਆਂ ਸ਼ਾਂਭਵੀਂ ਮੁੰਦ੍ਰਾ ਤੇ ਮੁਕਤਾਸਨ ਦਾ ਜ਼ਿਕਰ ਕੀਤਾ ਗਿਆ ਹੈ, ਇਸ ਲਈ ਪਾਠਕਾਂ ਦੀ ਗਿਆਤ ਲਈ ਇੰਨ੍ਹਾਂ ਦਾ ਸੰਖੇਪ ਜਿਹਾ ਵੇਰਵਾ ਦੇਣਾ ਵੀ ਉਚਿਤ ਹੈ।

ਮੁਕਤ ਆਸਨ ਇਕ ਅਡੀ ਨਾਲ ਸੀਉਣ ਨੂੰ ਦਬਾਓ ਤੇ ਦੂਜੀ ਅਡੀ ਨੂੰ ਇੰਦ੍ਰੀ ਦੀ ਜੜ੍ਹ ਤੇ ਰਖੋ। ਠੋਡੀ ਨੂੰ ਛਾਤੀ ਉਪਰ ਪਕੀ ਤਰ੍ਹਾਂ ਟਿਕਾਉ। ਇੰਦ੍ਰੀਆਂ ਨੂੰ ਰੋਕੋ ਤੇ ਸੁਕੜ ਬੈਠਕੇ ਦੋਹਾਂ ਭਰਵੱਟਿਆਂ ਦੇ ਵਿਚਕਾਰ ਧਿਆਨ ਜਮਾਓ। ਇਹ ਮੁਕਤ ਆਸਨ ਹੈ। ਇਸ ਨੂੰ ਸਿਧ ਆਸਨ ਵੀ ਕਹਿੰਦੇ ਹਨ।

ਸਾਂਭਵੀਂ ਮੁੰਦ੍ਰਾ ਮਨ ਨੂੰ ਕਿਸੇ ਅੰਦਰਲੇ ਚੱਕਰ ਤੇ ਜਮਾਣਾ ਤੇ ਅੱਖ ਨੂੰ ਕਿਸੇ ਬਾਹਰਲੀ ਵਸਤ ਤੇ ਬਿਨਾ ਝਮਕੇ ਟਿਕਾਣਾ ਸਾਂਭਵੀ ਮੁੰਦ੍ਰਾ ਹੈ।

ਹੁਣੇ ਹੁਣੇ ਅਸੀਂ ਹੱਠ ਯੋਗ ਪ੍ਰਦੀਪਕਾ ਵਿਚ ਦਿਤੀਆਂ ਸਾਧਨਾਵਾਂ ਦਾ ਸਾਰ ਦਿਤਾ ਹੈ, ਹੁਣ ਗੋਰਖ ਬੋਧ ਦਾ ਨਿਚੋੜ ਵੀ ਆਪ ਜੀ ਦੇ ਦ੍ਰਿਸ਼ਟੀ ਗੋਚਰ ਹੈ। ਗੋਰਖ ਬੋਧ ਅਨੁਸਾਰ ਸੂਖਮ ਪ੍ਰਾਣਾਂ ਦਾ ਅਸਥਾਨ ਨਾਭੀ ਹੈ (ਧੁਨੀ ਨੂੰ ਨਾਭੀ ਕਹਿੰਦੇ ਹਨ) । ਮੰਨ ਚੰਦਰਮਾ ਦੇ ਜ਼ੇਰ ਅਸਰ ਹੈ। ਚੰਦਰਮਾ ਅਕਾਸ਼ ਵਿਚ ਰਹਿੰਦਾ ਹੈ । ਪ੍ਰਾਣ ਸੂਰਜ ਤੇ ਆਕਾਸ਼ ਦੇ ਅਸਰ ਹੇਠ ਹਨ। ਸ਼ਬਦ ਦਾ ਨਿਵਾਸ ਰੂਪ ਵਿਚ ਹੈ ਤੇ ਇਹ ਵੀ ਇਕ ਤਤ੍ਵ ਹੈ । ਜਦੋਂ ਅੰਤਰ ਕਰਣ, ਨਾਭੀ ਤੇ ਅਕਾਸ਼ ਹੋਂਦ ਵਿਚ ਨਹੀਂ ਸਨ, ਓਦੋਂ ਮਨ (ਸ਼ੂਨਯ) ਪਲਾੜ ਵਿਚ ਸੀ, ਪ੍ਰਾਣ ਨਿਰਾਕਾਰ ਸੀ ਤੇ ਸ਼ਬਦ ਦੀ ਨਾ ਹੋਂਦ ਸੀ। ਚੰਦਰਮਾ ਪ੍ਰਿਥ੍ਵੀ ਤੇ ਆਕਾਸ਼ ਵਿਚਾਲੇ ਸੀ (ਸਿਧ ਗੋਸ਼ਟ ਦੀ ੬੫ਵੀਂ, ੬੬ਵੀਂ, ਤੇ ੬੭ਵੀਂ ਪਉੜੀ ਵਿਚ ਉਪ੍ਰੋਕਤ ਵਿਚਾਰ ਤੇ ਹੀ ਗੋਸ਼ਟੀ ਹੋਈ ਜਾਪਦੀ ਹੈ। ਜਿਸਦਾ ਜ਼ਿਕਰ ਅਗੇ ਕੀਤਾ ਜਾਵੇਗਾ) ਪੁਲਾੜ ਚਾਰ ਕਿਸਮ ਦਾ ਹੈ :

(੧) ਸਹਿਜ (੨) ਅਨੁਭਵ (੩) ਪ੍ਰਾਣ (੪) ਅਤੀਤ-ਸ਼ੂਨਯ।

ਨੋਟ–ਨੀਂਦਰ ਤੇ ਮੌਤ ਸਮੇਂ ਪ੍ਰਾਣ ਅਤੀਤ ਸ਼ੂਨਯ ਵਿਚ ਵਾਪਸ ਆ ਜਾਂਦੇ ਹਨ।

ਪੰਜ ਤਤ ਜਿਨ੍ਹਾਂ ਵਿਚੋਂ ਇਕ ਨਿਰਵਾਣ ਤੇ ਦਸ ਦੁਆਰੇ ਹਨ। ਇਨ੍ਹਾਂ ਰਾਹੀਂ ਹੀ ਪਰਮ-ਪਦ ਦੀ ਪਰਾਪਤੀ ਹੁੰਦੀ ਹੈ ਤੇ ਇਹ ਜੋਗ ਮਤ ਦੇ ਹੀ ਪਦਾਰਥ ਹਨ।

ਸ਼ਬਦ ਦਾ ਖਿਆਲ ਸ਼ਾਕਤਿ ਮੱਤ ਨਾਲ ਸਬੰਧ ਰਖਦਾ ਹੈ। ਸ਼ਕਤੀ ਦਾ ਅਸਲ ਸਬੂਤ ਸ਼ਬਦ ਹੀ ਹੈ। ਵੇਦਾਂ ਵਿਚ ਇਕ 'ਵਾਕ' ਨਾਂ ਦੀ ਦੇਵੀ ਦਾ ਜ਼ਿਕਰ ਆਉਂਦਾ ਹੈ। (ਗੁਰਮਤਿ ਵਿਚ ਵਾਕ ਭਿੰਨ ਭਿੰਨ ਅਰਥਾਂ ਵਿਚ ਵਰਤਿਆ ਗਿਆ ਹੈ)।

ਸ਼ਾਕਤਿ ਯੋਗੀ ਵੀ ਹਠ ਯੋਗੀ ਨਾਲ ਮਿਲਦਾ ਜੁਲਦਾ ਹੈ। ਸ਼ਾਕਤੀ ਯੋਗੀ ਦੀ ਨੀਂਹ ਸ਼ਬਦ ਹੈ । ਸਾਇੰਸ ਵੇਤਾ ਤਾਂ ਨਾੜੀਆਂ ਵਿਚਲੀ ਹਵਾ ਦੀ ਆਵਾਜ਼ ਨੂੰ ਹੀ ਸ਼ਬਦ ਕਹਿੰਦੇ ਹਨ। ਵਾਸਤਵ ਵਿਚ ਸ਼ਬਦ ਦਾ ਕਾਰਨ ਹਵਾ ਹੀ ਕਹੀ ਜਾ ਸਕਦੀ ਹੈ।

ਇੜਾ, ਪਿੰਗਲਾ ਤੇ ਸੁਖਮਨਾ ਜਿੰਨਾ ਦਾ ਜ਼ਿਕਰ ਭਲੀ ਪ੍ਰਕਾਰ ਪਿਛੇ ਆ ਚੁਕਾ ਹੈ ਤੇ ਜਿੰਨ੍ਹਾ ਦੀ ਚਰਚਾ ਗੁਰਬਾਣੀ ਵਿਚ ਵੀ ਅਕਸਰ ਕਰਕੇ ਆਈ

ਹੈ, ਨਾਲ ਅੰਦਰਲੇ ਸ਼ਬਦ ਦਾ ਸਬੰਧ ਹੈ। ਸੁਖਮਨਾ ਇਕ ਵਿਸ਼ੇਸ਼ ਅਹਿਮੀਅਤ ਰਖਦੀ ਹੈ। ਇਸਦਾ ਸਬੰਧ ਕੰਗ੍ਰੋੜ ਦੀ ਹਡੀ (ਮੇਰੂ ਦੰਡ Spinalcard) ਨਾਲ ਹੈ। ਛੇ ਚਕਰ, ਜਿੰਨਾਂ ਦਾ ਵੇਰਵਾ ਉਪਰ ਦਿਤਾ ਗਿਆ ਹੈ ਤੇ ਜੋ ਗੈਬੀ ਤਾਕਤ ਦਾ ਭੰਡਾਰ ਹਨ, ਦਾ ਸਬੰਧ ਵੀ ਇਸ ਨਾੜੀ ਨਾਲ ਹੀ ਹੈ ਤੇ ਇਹ ਇਸਦੇ ਅੰਦਰ ਹੀ ਹੇਠ ਉਤੇ ਕਰਕੇ ਕਾਇਮ ਹਨ। ਇਹ ਵੀ ਦਸਿਆ ਜਾ ਚੁਕਾ ਹੈ ਜੋ ਹਰ ਚਕ੍ਰ ਘਟ ਵਧ ਪੰਖੜੀਆਂ ਵਾਲੇ ਕੰਵਲ ਫੁਲ ਦਾ ਰੂਪ ਰਖਦਾ ਹੈ। ਸੱਭ ਤੋਂ ਹੇਠਲਾ ਮੂਲਾਧਾਰ ਹੈ ਤੇ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਹੈ ਤੇ ਇਸ ਵਿਚ ਬ੍ਰਹਮ ਸ਼ਿਵਲਿੰਗ ਦੇ ਰੂਪ ਵਿਚ ਆਸਨ ਜਮਾਈ ਬੈਠਾ ਹੈ। ਇਸ ਸ਼ਿਵਲਿੰਗ ਦੁਆਲੇ ਸਰਪਣੀ ਦੇਵੀ (ਕੁੰਡਲਨੀ) ਸਾਢੇ ਤਿੰਨ ਚਕਰ ਪਾਈ ਸੁਤੀ ਹੈ। ਇਹ ਯੋਗ ਅਭਿਆਸ ਰਾਹੀਂ ਜਗਾਈ ਜਾਂਦੀ ਹੈ ਤੇ ਸਭ ਤੋਂ ਉਪਰਲੇ ਚਕਰ ਤਕ ਚੜ੍ਹਾਈ ਜਾ ਸਕਦੀ ਹੈ। ਇਹ ਸਾਰੇ ਚਕਰ ਕਰਾਮਾਤੀ ਸ਼ਕਤੀਆਂ ਦਾ ਭੰਡਾਰ ਹਨ ਤੇ ਯੋਗ ਅਭਿਆਸੀ ਇਨ੍ਹਾਂ ਤੇ ਵਸੀਕਾਰ ਪ੍ਰਾਪਤ ਕਰਦਾ ਹੈ।

ਇਸ ਵਿਸ਼ੇ ਤੇ ਗੁਰਮਤ ਦੀ ਰਾਏ ਦੇਣ ਤੋਂ ਪਹਿਲੇ ਕੁਝ ਹੋਰ ਪਖਾਂ ਤੇ ਵੀ ਵਿਚਾਰ ਕਰਨੀ ਜ਼ਰੂਰੀ ਹੈ।

ਯੋਗੀ ਗ੍ਰਸਤੀ ਜੀਵਨ ਦੇ ਉਲਟ ਹੈ। ਉਨ੍ਹਾਂ ਇਸਤ੍ਰੀ ਦੀ ਖਾਸੀ ਨਿੰਦਿਆ ਕੀਤੀ ਹੈ ਤੇ ਇਹ ਗਾਲਬਨ ਮਛੰਦਰ ਨਾਥ ਦੇ ਕਾਮ ਵੱਸ ਹੋ ਇਸਤ੍ਰੀ ਪ੍ਰੇਮ ਵਿਚ ਫਸ ਜਾਣ ਦੇ ਕਾਰਨ ਹੀ ਇਸਤ੍ਰੀ ਨਾਲ ਇਸ ਕਦਰ ਨਫ਼ਰਤ ਹੋਈ ਜਾਪਦੀ ਹੈ।

ਕਹਿੰਦੇ ਨੇ ਗੋਰਖ ਦਾ ਗੁਰੂ ਮਛੰਦਰ ਨਾਥ ਸਿੰਘਲ ਦੇਸ ਵਿਚ ਯੋਗ ਸਾਧਨ ਲਈ ਗਿਆ ਤੇ ਉਥੇ ਜਾਕੇ ਤ੍ਰਿਯਾ ਜਾਲ ਵਿਚ ਫਸ ਗਿਆ। ਉਥੇ ਦਾ ਰਾਜਾ ਬੇਸੰਤਾਨ ਮਰ ਗਿਆ ਸੀ ਤੇ ਉਸਦੀ ਰਾਣੀ ਵਿਆਕੁਲ ਹੋਈ ਵਿਰਲਾਪ ਕਰ ਰਹੀ ਸੀ ਕਿ ਹੁਣ ਉਸਦਾ ਰਾਜ ਖੁਸ ਜਾਵੇਗਾ ਤੇ ਓਹ ਦਰ ਦਰ ਰੁਲ਼ੇਗੀ। ਮਛਿੰਦ੍ਰ ਨੇ ਪ੍ਰਵੇਸ਼ ਸਿਧੀ ਦਵਾਰਾ ਆਪਣੀ ਆਤਮਾ ਦਾ ਵਾਸਾ ਰਾਜਾ ਦੇ ਮਿਰਤਕ ਸਰੀਰ ਵਿਚ ਕਰ ਲਿਆ, ਰਾਜ਼ਾ ਜਾਗ ਉਠਿਆ ਤੇ ਰਾਜ ਕਰਨ ਲਗ ਗਿਆ। ਉਸ ਰਾਣੀ ਵਿਚੋਂ ਉਸਦੇ ਦੋ ਪੁਤਰ ਹੋਏ। ਓਹ ਹੁਣ ਅਜਿਹਾ ਕਾਮ ਤੇ ਮੋਹ ਜਾਲ ਵਿਚ ਫਸਿਆ ਕਿ ਉਸਦਾ ਜੀਅ ਉਸ ਸਰੀਰ ਵਿਚੋਂ ਨਿਕਲਣ ਦਾ ਨਾਂ ਵੀ ਨਾ ਲਵੇ। ਆਖਰ ਗੋਰਖ ਨੇ ਹੇਠ ਲਿਖਿਆ ਮਿਹਣਾ ਮਾਰਕੇ ਉਸਨੂੰ ਫੇਰ ਹੁਸ਼ਿਆਰ ਕੀਤਾ :

> ਰੂਪੇ ਰੂਪੇ ਕਰੂਪੇ ਗੁਰਦੇਵ ਬਾਘਨਿ ਭੋਲੇ ਭੋਲੇ ॥
> ਜਿਨ ਜਨਨੀ ਸੰਸਾਰ ਦਿਖਾਯਾ ਤਾਕੋ ਲੇ ਸੂਤੇ ਖੋਲੇ ॥ ਟੇਕ ॥

ਗੁਰੂ [illegible] ॥
ਮੁਖ ਹੋਇ ਤੁਮ੍ਹੇ ਬੰਧਨਿ ਪੜ੍ਹਿਯਾ, ਯੇ ਜਗ ਹੈ ਕੈਸਾ ॥੧॥
ਚਾਮ ਹੀ ਚਾਮ ਘਸੰਤਾ ਗੁਰਦਵ ਦਿਨ ਦਿਨ ਛੀਜੈ ਕਾਯਾ ॥
ਬੂੜ੍ਹੇ ਹੋਇ ਤੁਮ੍ਹੇ ਰਾਜ ਕਮਾਯਾ, ਨ ਤਜੀ ਮੋਹ ਮਾਯਾ ॥
ਬੰਦਤ ਗੋਰਖ ਨਾਥ ਸੁਨਹੁ ਮਛਿੰਦ੍ਰ ਤੁਮ੍ਹੇ ਈਸ੍ਵਰ ਕੇ ਪੂਤਾ ॥
ਬ੍ਰਹਮ ਝਰੰਤਾ ਜੇ ਨਰ ਰਾਖੈ, ਸੋ ਬੋਲੈ ਅਵਧੂਤਾ ॥ ੪ ॥ ੪੯ ॥

ਪੀਤਾਬਰ ਬੜਥਵਾਲ ਨੇ ਆਪਣੀ ਪੁਸਤਕ 'ਗੋਰਖ ਵਾਣੀ' ਵਿਚ ਲਿਖਿਆ ਹੈ ਕਿ ਸ੍ਰੀ ਮਛਿੰਦ੍ਰ ਨਾਥ ਸਿੰਘਲ ਦੀਆਂ ਪਦਮਨੀਆਂ ਵਿਚ ਯੋਗ ਸਾਧਨ ਲਈ ਗਏ ਤੇ ਉਥੇ ਹੀ ਫਸ ਗਏ । ਗੋਰਖ ਨੇ ਹੇਠ ਲਿਖੇ ਪਦ ਰਾਹੀਂ ਆਪਣੇ ਗੁਰੂ ਨੂੰ ਸੰਬੋਧਨ ਕਰਕੇ ਆਖਿਆ :

ਗੁਰੂ ਜੀ ਐਸਾ ਕਰਮ ਨ ਕੀਜੈ ॥ ਤਾ ਥੈ ਅਮੀ ਮਹਾਂ ਰਸ ਛੀਜੈ ॥ ਟੇਕ ॥
ਦਿਵਸੈਂ ਬਾਘਣਿ ਮਨ ਮੋਹੈ ਗਤਿ ਸਰੋਵਰ ਸੋਖੈ ।
ਨਦੀ ਤੀਰੈ ਬਿਰਖਾ ਨਾਰੀ ਸੰਗ ਪੁਰਖਾ ਅਲਪ ਜੀਵਨ ਕੀ ਆਸਾ ।
ਮਨ ਥੈਂ ਉਪਜ ਮੇਰ ਖਿਸਿ ਪੜਈ ਨਾਥੇਂ ਕੰਧ ਬਿਨਾਸਾ ॥ ੧ ॥
ਗੋੜ ਭ੍ਰਏ ਡਗ ਮਗ ਪੇਟ ਭਯਾ ਢੀਲਾ, ਸਿਰ ਬਗਲਾਂ ਦੀ ਪੰਖਣਾ ।
ਅਮੀਂ ਮਹਾ ਰਸ ਬਾਘਣੀ ਸੋਖਯਾ ਘੋਰ ਮਥਨ ਸੀ ਅਖਿਯਾਂ ।
ਬਾਘਨਿ ਕੌਂ ਨਿੰਦਲੈ ਬਾਘਨਿ ਕੌ ਬਿੰਦਲੈ ਬਾਘਨੀ ਹਮਾਰੀ ਕਾਯਾ ।
ਬਾਘਨੀਂ ਘੋਖਿ ਘੋਖਿ ਸੁੰਦਰ ਖਾਏ ਭਣਤ ਗੋਰਖ ਗਯਾ ॥ ੩ ॥ ੪੩ ॥
(ਗੋਰਖ ਵਾਣੀ ਪੰਨਾ ੧੩੭)

ਹੁਣ ਉਪ੍ਰੋਕਤ ਵਿਚਾਰ ਦੁਆਰਾ ਅਸੀਂ ਇਹ ਸਿਟੇ ਕੱਢੇ ਹਨ :

(੧) ਯੋਗ ਅਭਿਆਸ ਰਾਹੀਂ ਮਨ ਤੇ ਤਨ ਤੇ ਜਿਤ ਪ੍ਰਾਪਤ ਕਰ ਲੈਣ ਵਾਲਾ ਸਿਧ ਪੁਰਖ ਹੈ ।

(੨) ਹਠ ਯੋਗ ਰਾਹੀਂ 'ਨਾਦ ਲਯ' ਦਾ ਢੰਗ ਅਪਨਾ ਕੇ ਸਿਧ ਸਜਨ ਅੰਦਰ ਦੀਆਂ ਆਵਾਜ਼ਾਂ ਸੁਣੇ ਤੇ ਨਿਸ਼ਪਤੀ ਵਿਚ ਪੁਜ ਕੇ ਈਸ਼ਵਰ ਦੇ ਅਸਥਾਨ ਨੂੰ ਪ੍ਰਾਪਤ ਕਰੇ ।

(੩) ਜਦੋਂ ਸਰੀਰ ਸੁਕ ਕੇ ਲਕੜ ਦੇ ਕੁੰਦੇ ਵਾਂਗ ਹੋ ਜਾਵੇ । ਅਕਾਸ਼ ਦਾ ਸੰਕਲਪ ਵੀ ਮੁਕ ਜਾਵੇ ਭਾਵ ਅਨਹਦ ਸ਼ਬਦ ਵੀ ਨਾ ਸੁਣੀਵਣਾ ਬਾਹਰ ਵਜਦੇ ਸੰਖਾਂ ਤੇ ਧੌਂਸਿਆਂ ਦਾ ਵੀ ਉਸਨੂੰ ਆਵਾਜ਼ ਨਾ ਪੌਹੇ । ਓਦੋਂ ਓਹ ਸਾਰੀਆਂ ਅਵਸਥਾਵਾਂ ਤੋਂ ਖਾਲਸ, ਸਾਰੀਆਂ ਚਿੰਤਾਵਾਂ ਤੋਂ ਪਾਕ, ਨਿਰਜਿੰਦ ਵਰਗਾ ਹੋ ਕੇ ਉਨਮਨਿ ਹੋ ਜਾਂਦਾ ਹੈ । ਜਾਣੋ ਓਹ ਮੁਕਤ ਹੈ ।

(੪) ਯੋਗੀ ਇਸਤ੍ਰੀ ਦਾ ਮੂਲੋਂ ਤਿਆਗ ਕਰ ਤੇ ਭੁਲਕੇ ਵੀ ਗ੍ਰਸਤੀ ਨਾ ਬਣੇ ।

ਹੁਣ ਅਸੀਂ ਗੁਰਮਤ ਸ਼ਬੰਧੀ ਇਸ ਮਸਲੇ ਤੇ ਵਿਚਾਰ ਕਰਨ ਦਾ ਯਤਨ ਕਰਦੇ ਹਾਂ :

ਗੁਰਮੱਤ

ਭਾਵੇਂ ਇੜਾ, ਪਿੰਗਲਾ, ਸੁਖਮਨਾ, ਪੂਰਕ, ਰੇਚਕ, ਕੁੰਭਕ, ਖਟ ਚਕ੍ਰ, ਆਸਨ, ਧਿਆਨ, ਕੁੰਡਲਨੀ, ਦਸ਼ਮ ਦੁਆਰ ਆਦਿ ਸ਼ਬਦ ਗੁਰਬਾਣੀ ਵਿਚ ਵਰਤੇ ਗਏ ਹਨ ਪਰ ਗੁਰਮਤ ਨੇ ਯੋਗ ਅਭਿਆਸਾਂ ਨੂੰ ਅਪਨਾਇਆ ਨਹੀਂ ਸਗੋਂ ਸਹਿਜ ਮਾਰਗ ਰਾਹੀਂ, ਨਾਮ ਪ੍ਰਾਪਤ ਕਰਕੇ ਨਾਮੀ ਵਿਚ ਲੀਨ ਹੋ ਜਾਣਾ ਹੀ ਪਰਮ ਲਕਸ਼ ਮੰਨਿਆ ਹੈ । ਗੁਰਸਿਖ ਨਾਮ ਅਭਿਆਸੀ ਹੈ ਪਰ ਨਾਮ ਦੀ ਪ੍ਰਾਪਤੀ ਲਈ ਕਠਨ ਤਪ ਨਹੀਂ ਸਾਧਦਾ, ਸਗੋਂ ਆਪਣੀ ਆਚਰਨ ਉਸਾਰੀ ਗੁਰਮਤ ਅਨੁਸਾਰ ਕਰਦਾ ਹੈ । ਹਉਮੈ ਨਾਲ ਲੜਾਈ ਕਰਦਾ ਹੈ । ਗੁਰੂ ਉਪਦੇਸ਼ ਤੇ ਚਲਕੇ ਮੰਨ ਨੂੰ ਇਓਂ ਥੰਮ ਲੈਂਦਾ ਹੈ ਜਿਵੇਂ ਮੰਦਰ ਨੂੰ ਥੰਮ :

> ਜਿਉ ਮੰਦਰ ਕਉ ਥਾਮੈ ਥੰਮਨੁ ॥
> ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥੩॥੧੫॥
> (ਗਉੜੀ ਸੁਖਮਨੀ ਮ: ੫)

ਮਨ ਵਸ ਵਿਚ ਕਰਕੇ ਓਹ ਰਿਧੀਆਂ ਸਿਧੀਆਂ ਦੇ ਮਗਰ ਨਹੀਂ ਪੈਂਦਾ ਸਗੋਂ ਇਨ੍ਹਾਂ ਮਾਨਸਕ ਸ਼ਕਤੀਆਂ ਨੂੰ ਓਹ ਨਾਮ ਦੇ ਰਸਤੇ ਵਿਚ ਰੁਕਾਵਟ ਸਮਝਦਾ ਹੈ :

> ਬਿਨੁ ਨਾਵੈ ਪੈਨਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥
> ਸਾ ਸਿਧਿ ਸਾ ਕਰਮਾਤਿ ਹੈ ਅਚਿੰਤ ਕਰੇ ਜਿਸ ਦਾਤਿ ॥
> ਨਾਨਕ ਗੁਰਮੁਖਿ ਹਰਿਨਾਮ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥੨੦॥
> (ਸਲੋਕ ਮ: ੩ ਵਾਰ ਸੋਰਠ ਮ: ੪)

> ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
> ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
> ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥੧॥
> (ਸਿਰੀ ਰਾਗ ਮ: ੧)

> ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨ ਸਾਰੁ ਕਰਾਈ ।
> ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕਿ ਚਲਾਈ ।
> ਧਰਿ ਤਰਾਜੀ ਅੰਬਰ ਤੋਲੀ ਪਿਛੈ ਟੰਕ ਚੜਾਈ ॥
> ਏਵਡੁ ਵਧਾ ਮਾਵਾ ਨਾਹੀ ਸਭ ਸੈ ਨਥਿ ਚਲਾਈ ॥
> ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥

ਜੇਵਡੁ ਸਾਹਿਬੁ ਤੇਵਡੁ ਦਾਤੀ ਦੇ ਦੇ ਕਰੇ ਰਜਾਈ ॥
ਨਾਨਕ ਨਦਰਿ ਕਰੈ ਜਿਸੁ ਊਪਰਿ ਸਚਿ ਨਾਮਿ ਵਡਿਆਈ ॥੧॥੧੯॥
(ਸਲੋਕ ਮ: ੧ ਵਾਰ ਮਾਝ ਮ: ੧)

ਆਪਿ ਨਾਥ ਨਾਥੀ ਜਭ ਜਾਕੀ ਰਿਧਿ ਸਿਧਿ ਅਵਰਾ ਸ ਦ ॥੨੯॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ ॥੩॥੨॥
(ਸਿਰੀ ਰਾਗ ਮ: ੧)

(੨) ਗੁਰਮਤ ਹਠ ਯੋਗ ਯਾ ਯੋਗਾ ਅਭਿਆਸ ਦੀ ਹਾਮੀ ਨਹੀਂ। ਗੁਰਮਤਿ ਦਾ ਮਾਰਗ ਸਹਿਜ ਯੋਗ, ਨਾਮ ਮਾਰਗ ਯਾ ਵਿਸਮਾਦ ਮਾਰਗ ਹੈ। ਸਤਿਗੁਰ ਫੁਰਮਾਂਦੇ ਹਨ :

ਸ਼ਿਧਾ ਕੇ ਆਸਨ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥
(ਵਡਹੰਸ ਮ: ੩)

ਗੁਰਮੁਖ ਨੇ ਤਾਂ ਨਿਵਲੀ ਕਰਮ, ਪਰਾਣਾਯਾਮ ਰਾਹੀਂ ਕੁੰਡਲਨੀ ਨੂੰ ਜਗਾਣਾ ਆਦਿ ਢੰਗ ਫੋਕਟ ਜਾਣ ਛਡ ਦਿਤੇ ਹਨ। ਇਨ੍ਹਾਂ ਨਾਲ ਨਾ ਅੰਦਰ ਹੀ ਹਉਮੈ ਮਰਦੀ ਹੈ, ਨਾ ਨਾਮ ਦੀ ਹੀ ਪ੍ਰਾਪਤੀ ਹੁੰਦੀ ਹੈ।

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥
ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥
ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮ ਭੁਲੈ ॥
[ਪਰਭਾਤੀ ਮ: ੧ ਅਸਟਪਦੀਆਂ]

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥
ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ ॥
ਮੇਰੇ ਮਨ ਮਨ ਹੀ ਉਲਟਿ ਸਮਾਨਾ ॥
ਗੁਰ ਪ੍ਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ ॥੧॥ਰਹਾਉ॥
[ਗਉੜੀ ਬੈਰਾਗਣ ਤਿਪਦੇ-ਕਬੀਰ ਜੀ]

ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ ॥
ਅਬਲ ਬਲ ਤੋੜਿਆ ਅਚਲ ਚਲੁ ਥਾਪਿਆ ਅਘੜੁ ਘੜਿਆ ਤਹਾ
ਅਪਿਉ ਪੀਆ ॥ ੧ ॥
ਮਨ ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸ਼ਟਿ ਸੰਮਾਨਿਆ ॥੧॥ਰਹਾਉ॥

ਅਰਧਿ ਕੌਉ ਅਰਧਿਆ ਸਰਧਿ ਕਉ ਸਰਧਿਆ ਸਲਲ ਕੋ ਸਲਲ ਸੰਮਾਨਿ
ਆਇਆ ॥ ਬਦਿਤ ਜੈ ਦੇਵ ਕਉ ਰੰਮਿਆ ਬ੍ਰਹਮ ਨਿਰਬਾਣੁ ਲਿਵ ਲੀਣ
ਪਾਇਆ ॥ ੨ ॥ ੧ ॥ (ਰਾਗ ਮਾਰੂ ਬਾਣੀ ਜੈਦੇਵ ਜੀ ਕੀ)

ਜੇ ਕਰ ਹੇਠ ਲਿਖਿਆ ਇਸੇ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦਿ ਜੈਦੇਵ ਜੀ ਦੇ ਉਪਰ ਦਿਤੇ ਸ਼ਬਦ ਨਾਲ ਰਲਾ ਕੇ ਪੜੀਏ ਤਾਂ ਗੁਰਮੱਤ ਦਾ ਆਸ਼ਾ ਸਪਸ਼ਟ ਹੋ ਜਾਂਦਾ ਹੈ। ਇਹ ਪ੍ਰਾਣਾਯਾਮ ਅਰਥਾਤ ਪ੍ਰਾਣਾਂ ਦੇ ਕੁੰਭਕ ਪੂਟਕ ਰੇਚਕ ਕਰਨ ਦੀ ਥਾਂ ਗੁਣ ਗਾ ਕੇ ਸਹਿਜ ਅਨੰਦ ਨੂੰ ਪ੍ਰਾਪਤ ਕਰਨ ਦੀ ਜੁਗਤ ਦਰਸਾਂਦਾ ਹੈ।

ਸੁਰ ਸਰੁ ਸੱਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧ
ਛੀਜ ॥ ੧ ॥ ਮੂੜੇ ਕਾਇ ਚੇ ਭਰਮਿ ਭੁਲਾ ॥
ਨਹਿ ਚੀਨਿਆ ਪਰਮਾਨੰਦ ਬੈਰਾਗੀ ॥ ੧ ॥ ਰਹਾਉ ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ
ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ
ਨਹ ਕੰਧ ਛੀਜੈ ॥ ੨ ॥
ਭਣਤਿ ਨਾਨਕੁ ਜਨੋ ਰਵੈ ਹਰਿ ਮਨੋ ਮਨ ਪਵਨ ਸਿਉ ਅਮ੍ਰਿਤੁ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧ ਛੀਜੈ ॥
(ਮਾਰੂ ਮ: ੧)

ਨੋਟ:—ਅਰਥ ਰਹਾਉ ਦੀ ਤੁਕ ਤੋਂ ਚੁਕਣ ਨਾਲ ਗੁਰਮੱਤ ਦਾ ਮੁਖ ਸਿਧਾਂਤ 'ਸਿਫਤ ਸਲਾਹ ਕਰਨੀ' ਜਿਸਨੂੰ ਸਹਿਜ ਯੋਗ ਕਹਿ ਸਕਦੇ ਹਾਂ, ਹੀ ਅਪਨਾਇਆ ਜਾਵੇਗਾ। ਬਾਕੀ ਚਕ੍ਰ ਆਦਿ ਵਿਨੰਣੇ ਜਾਂ ਪ੍ਰਾਣਾਯਾਮ ਦਾ ਅਭਿਆਸ ਗੁਣ ਗਾਉਣ ਵਿਚ ਆਪ ਮੁਹਾਰਾ ਆ ਜਾਵੇਗਾ। ਜੇ ਸਿਫਤ ਸਲਾਹ ਨਾਲ ਹੀ ਗੁਣ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਫਿਰ :

ਨਾਨਕ ਹਰਿ ਗੁਣ ਗਾਇ ਲੇ ਛਾਡਿ ਸਗਲ ਜੰਜਾਲ ॥ ੫੨ ॥
(ਸਲੋਕ ਮ: ੯)

ਇਸੇਤਰ੍ਹਾਂ 'ਸ਼ਕਤੀ ਯੋਗ' ਦੇ ਸਿਧਾਂਤ ਨੂੰ 'ਸਿਧ ਗੋਸ਼ਟ' ਵਿਚ ਆਈ ਹੇਠ ਲਿਖੀ ਪ੍ਰਸ਼ਨੋਤਰੀ ਵਿਚ ਬੇਸੂਦ ਸਾਬਤ ਕੀਤਾ ਗਿਆ ਹੈ।

ਪ੍ਰਸ਼ਨ:—ਇਹ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥
ਕਹਾ ਬਸੈ ਸੁ ਸ਼ਬਦ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥
ਉਤਰ:—ਨਦਰਿ ਕਰੇ ਤਾਂ ਸਤਿਗੁਰੁ ਮੇਲੇ ਤਾ ਨਿਜਿ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਿਜ ਰਹਾਏ ॥

ਪ੍ਰਸ਼ਨ:—ਕਿਉ ਮੂਲ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥

ਉਤਰ:—ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥ ੬੪ ॥
ਇਹ ਮਨ ਨਿਹਚੁਲ ਹਿਰਦੈ ਵਸੀਅਲੇ ਗੁਰਮੁਖਿ ਮੂਲ ਪਛਾਣਿ ਰਹੈ ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤ ਲਹੈ ॥

ਉਤਰ:—ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਨ ਜੋਤਿ ਸੁ ਸਬਦਿ ਲਹੈ ॥
ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸ ਰਹੈ ॥
ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
ਨਾਨਕੁ ਆਖੈ ਸਚੁ ਸੁ ਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥ ੬੫ ॥

ਪ੍ਰਸ਼ਨ:—ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈ ਠੈ ਰਹਿਤਾ ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨ ਕਵਨ ਘਰਿ ਸਹਤਾ ॥
ਰੂਪ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥
ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥
ਵਰਨ ਭੇਖ ਅਸਰੂਪ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥

ਉਤਰ:—ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥

ਵਿਸਥਾਰ:—ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁਨਿ ਰਹੈ ਬੈਰਾਗੀ ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨ ਅਨਰਾਗੀ ॥
ਰੂਪ ਨ ਰੇਖਿਆ ਜਾਤਿ ਨ ਹੋਤੀ ਤਉ ਅਕਲੀਣ ਰਹਤਉ ਸਬਦ ਸੁ ਸਾਰੁ ॥
ਗਉਨ ਗਗਨ ਜਬ ਤਬਹਿ ਨ ਹੋਤਉ ਤ੍ਰਿਭਵਨ ਜੋਤਿ ਆਪੇ ਨਿਰੰਕਾਰੁ ॥
ਵਰਨੁ ਭੇਖ ਅਸਰੂਪ ਸੁ ਏਕੋ ਏਕੋ ਸਬਦੁ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥
(ਸਿਧ ਗੋਸ਼ਟਿ ਰਾਮਕਲੀ ਮ: ੧)

ਸਿਧ ਗੋਸ਼ਟ ਵਿਚ ਆਈ ਗੋਸ਼ਟੀ ਵਿਚ ਸਤਿਗੁਰੂ ਨਾਨਕ ਦੇਵ ਜੀ ਗੁਰਮੱਤ ਤੇ ਗੋਰਖ ਮਤੀਆਂ ਦਾ ਅੰਤਰ ਬਹੁਤ ਚੰਗੀ ਤਰ੍ਹਾਂ ਖੋਹਲਦੇ ਹਨ । ਸਿਧਾਂ ਦਾ ਖਿਆਲ ਹੈ ਕਿ ਕਾਰ ਵਿਹਾਰ ਤਿਆਗ ਕੇ ਬਨਬਾਸ ਲੈਣਾ ਹੀ ਉਚਿਤ ਹੈ। ਚੰਗੇ ਭੋਜਨਾਂ ਨੂੰ ਛਡ ਕੇ ਜੋ ਕੰਦਮੂਲ ਆਦਿ ਆਹਾਰ ਕਰਦਾ ਹੈ, ਤੀਰਥ ਇਸ਼ਨਾਨ ਕਰਕੇ ਸਦਾ ਲਈ ਨਿਰਮਲ ਹੋ ਜਾਂਦਾ ਹੈ, ਅਸਲ ਵਿਚ ਓਹੀਓ ਹੀ ਜੋਗ ਦੀ ਜੁਗਤ ਨੂੰ ਜਾਣ ਸਕਦਾ ਹੈ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥
ਕੰਦ ਮੂਲ ਆਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਤੀਰਥਿ ਨਾਈਐ ਸੁਖ ਫਲੁ ਪਾਈਐ ਮੈਲੁ ਨ ਲਾਗੈ ਕਾਈ ॥
ਗੋਰਖ ਪੂਤ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥ ੭ ॥

ਗੁਰੂ ਜੀ ਉਤਰ ਦੇਂਦੇ ਹਨ ਕਿ ਗੁਰਮੁਖ ਨੂੰ ਕਾਰੋਬਾਰ ਕਰਦਿਆਂ ਹੋਇਆਂ ਨਾਮ ਦੀ ਟੇਕ ਲੈ ਕੇ ਸੰਸਾਰੀ ਆਜ਼ਮਾਇਸ਼ਾਂ ਵਿਚੋਂ ਪਾਸ ਹੋਣਾ ਚਾਹੀਦਾ ਹੈ। ਥੋੜਾ ਖਾਣਾ, ਥੋੜਾ ਸੌਣਾ ਤੇ ਸਹਿਜ ਮਾਰਗ ਤੇ ਚਲਿਆਂ ਸਚ ਦਾ ਵਪਾਰੀ ਬਨਣ ਨਾਲ ਹੀ ਸੰਸਾਰਿਕ ਔਕੜਾਂ ਤੋਂ ਛੁਟਕਾਰਾ ਪਾ ਸਕੀਦਾ ਹੈ:

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥ ੮ ॥
(ਰਾਮਕਲੀ ਮ: ੧ ਸਿਧ ਗੋਸਟਿ)

ਇਸੇਤਰ੍ਹਾਂ ਸਿਧਾਂ ਪ੍ਰਸ਼ਨ ਕੀਤਾ—ਹੇ ਨਾਨਕ ਜੀ ! ਮਾਇਆ ਤਾਂ ਲੋਹੇ ਸਮਾਨ ਕਰੜੀ ਹੈ ਤੇ ਸਾਡੇ ਦੰਦ ਮੋਮ ਵਰਗੇ ਲਚਕਦਾਰ ਤੇ ਕਮਜ਼ੋਰ ਹਨ। ਫੇਰ ਦਸੋ, ਇਹ ਲੋਹਾ ਮੋਮੀ ਦੰਦਾਂ ਨਾਲ ਕਿਵੇਂ ਚਬਾਈਏ।

ਮੇਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ ਸੁ ਕਵਣ ਆਹਾਰੁ ॥
ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ਕਵਨ ਗੁਫਾ ਜਿਤੁ ਰਹੈ ਅਵਾਹਨੁ ॥
ਇਤੁ ਉਤੁ ਕਿਸ ਕਉ ਜਾਣਿ ਸਮਾਵੈ ॥ ਕਵਨੁ ਧਿਆਨੁ ਮਨ ਮਨਹਿ ਸਮਾਵੈ ॥ ੪੧ ॥

ਗੁਰੂ ਜੀ ਉਤਰ ਦੇਂਦੇ ਹਨ, ਜੋ ਸਜਨ ਗੁਰ ਉਪਦੇਸ਼ ਤੇ ਚਲ ਕੇ ਹਉਮੈ ਦਾ ਤਿਆਗ ਕਰ ਲੈਂਦਾ ਹੈ, ਉਹ ਲੋਹਾ ਚਬ ਲੈਂਦਾ ਹੈ:

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥
ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥
ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਿਟੈ ਸਤਿਗੁਰ ਕੈ ਭਾਣੈ ॥ ੪੬ ॥
(ਰਾਮਕਲੀ ਸਿਧ ਗੋਸਟਿ ਮ: ੧)

ਅਸਲ ਗਲ ਤਾਂ ਆਚਰਨ ਉਤਮਤਾ ਦੀ ਹੈ। ਜਦੋਂ ਕੇਵਲ ਭੇਖ ਤੇ ਜਿਸਮਾਨੀ ਆਸਨਾਂ ਵਲ ਤਾਂ ਵਿਸ਼ੇਸ਼ ਧਿਆਨ ਦਿਤਾ ਜਾਏ, ਪਰ ਆਚਰਨ ਉਸ਼ਾਰੀ ਨੂੰ ਮੁਤਲਿਕ ਨਜ਼ਰ ਅੰਦਾਜ਼ ਕੀਤਾ ਜਾਏ, ਤਾਂ ਉਹ ਨਿਰਾ ਪਾਖੰਡ ਹੀ ਬਣਕੇ ਰਹਿ ਜਾਂਦਾ ਹੈ। ਆਚਰਨਿਤ ਖੁਬਸੂਰਤੀ ਤੋਂ ਬਿਨਾ ਜੋਗ ਅਭਿਆਸ ਨਿਰੀ ਪੁਰੀ ਜਿਸਮਾਨੀ ਕਵਾਇਦ ਹੀ ਕਹੀ ਜਾ ਸਕਦੀ ਹੈ। ਗੁਰੂ ਸਾਹਿਬ ਨੇ ਵਿਖਾਵੇ ਦੀ ਹਰ ਥਾਂ ਮੁਖਾਲਫਤ ਕੀਤੀ ਹੈ। ਨਿਰੇ ਪੁਰੇ ਭੇਖ ਨੂੰ ਨਿੰਦਿਆ ਹੈ। ਤੇ ਇਸਦੇ ਉਲਟ ਆਚਰਨ ਉਸਾਰੀ ਵਲ ਵਧੇਰੇ ਧਿਆਨ ਦਿਤਾ ਹੈ। ਸਾਨੂੰ ਇਸ ਗਲ ਦੇ ਮੰਨਣ ਤੋਂ ਇਨਕਾਰ ਨਹੀਂ, ਜੋ ਗੁਰਮੱਤ ਨੇ ਸਾਨੂੰ ਜੋਗ ਤਾਂ ਦਿਤਾ ਹੈ, ਪਰ ਇਹ ਜੋਗ ਜੋਗੀਆਂ ਵਾਲਾ ਜੋਗ ਨਹੀਂ। ਇਹ ਰਾਜ ਜੋਗ ਤਾਂ

ਹੈ, ਪਰ ਨਿਰੇ ਪੁਰੇ ਆਸਨਾਂ ਤੇ ਪ੍ਰਾਣਾਯਾਮ ਵਾਲਾ ਯੋਗ ਨਹੀਂ, ਸਗੋਂ ਇਹ ਸਹਿਜ ਮਾਰਗ ਦਾ ਰਾਜ ਯੋਗ ਹੈ। ਇਹ ਸਹਿਜ ਯੋਗ ਹੈ। ਇਹ ਤੱਤ ਯੋਗ ਹੈ। ਇਹ ਭਗਤ ਜੋਗ ਹੈ। ਇਸ਼ ਗੁਰਮੱਤ ਯੋਗ ਦੇ ਸਾਧਨ, ਆਸਨ, ਧਾਰਨਾ, ਧਿਆਨ ਆਦਿ ਸਭੋ ਕੁਝ ਨਿਰਾਲਾ ਹੈ। ਗੁਰਬਾਣੀ ਦੇ ਕੁਝ ਹੇਠਾਂ ਦਿਤੇ ਪਰਮਾਣ ਗੁਰਮੱਤ ਯੋਗ ਨੂੰ ਦਰਸਾਣ ਲਈ ਕਾਫ਼ੀ ਸ਼ਹਾਇਕ ਹੋ ਸਕਦੇ ਹਨ :

ਸਹਿਜ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ ੬ ॥
(ਸ੍ਰੀ ਰਾਗ ਮ: ੩ ਅਸਟਪਦੀਆਂ)

(ਸਹਿਜ ਸਮਾਧਿ ਤੋਂ ਭਾਵ ਨਾਮ ਅਭਿਆਸ ਰਾਹੀਂ ਕੀਤੀ ਗਈ ਮਨ ਦੀ ਇਕਾਗਰਤਾ ਤੋਂ ਹੈ)

ਰਾਜ ਜੋਗ

ਰਸਨਾ ਜਪੀਐ ਏਕ ਨਾਮ ॥ ਈਹਾਂ ਸੁਖੁ ਅਨੰਦ ਘਣਾ ਆਗੈ ਜੀਅ ਕੈ ਸੰਗਿ ਕਾਮ ॥
ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ **ਰਾਜੁ ਜੋਗੁ** ॥
ਹਰਿ ਰਸੁ ਜਿਨਿ ਜਿਨਿ ਚਾਖਿਆ ॥ ਤਾਕੀ ਤ੍ਰਿਸਨਾ ਲਾਥੀਆ ॥
ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤਹੀ ਧਾਇਆ ॥
(ਗਉੜੀ ਮ: ੫)

ਰਾਜੁ ਲੀਲਾ ਤੇਰੇ ਨਾਮਿ ਬਨਾਈ ॥ **ਜੋਗੁ** ਬਨਿਆ ਤੇਰਾ ਕੀਰਤਨੁ ਗਾਈ ॥
ਸਰਬ ਸੁਖਾ ਬਨੇ ਤੇਰੇ ਓਲ੍ਹੈ ॥ ਭਰਮ ਕੇ ਪਰਦੇ ਸਤਿਗੁਰ ਖੋਲ੍ਹੇ ॥ ੫੭ ॥
(ਆਸਾ ਮ: ੫)

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ ਇਸਹਿ ਮਾਰਿ **ਰਾਜ ਜੋਗੁ** ਕਮਾਵੈ ॥
(ਗਉੜੀ ਮ: ੫ ਅਸਟਪਦੀਆਂ)

ਗੁਰੁ ਕੈ ਬਚਨਿ ਕੀਨੋ **ਰਾਜ ਜੋਗੁ** ॥ ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ ੮ ॥
(ਗਉੜੀ ਮ: ੫ ਅਸਟਪਦੀਆਂ)

ਸਹਿਜ ਜੋਗ

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਿਜ ਜੋਗ ਨਿਧਿ ਪਾਵਉ ॥
ਬਾਬਾ, ਜੁਗਤਾ ਜੀਉ ਜੁਗਹਿ ਜੁਗ ਜੋਗੀ ਪਰਮਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆਂ ਰਸ ਭੋਗੰ ॥੧॥
ਰਹਾਉ ॥ ਸ਼ਿਵ ਨਗਰੀ ਮੈ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸ ਪੂਰੈ ਨਾਦੰ ॥੨॥

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਵਿਭੂਤੰ ॥
ਹਰਿ ਕੀਰਤਿ ਰਹਿਰਾਸ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩੭॥

(ਆਸਾ ਮ: ੧)

ਔਖੇ ਸ਼ਬਦਾਂ ਦੇ ਅਖਰੀ ਅਰਥ :

ਜੋਗੀ=ਪਰਮ ਤਤ ਵਿਚ ਜੁੜਿਆ ਹੋਇਆ ।
ਸ਼ਿਵ ਨਗਰੀ=ਅੰਤਹ ਕਰਣਾ, ਆਤਮ ਸਰੂਪ ।
ਕਲਪ=ਕਲਪਣਾ, ਮੰਦ ਵਿਰਲਾਪ ।   ਪਤੁ=ਪਾਤ੍ਰ ।
ਸੰਮਿਆ=ਪੱਧਤਿ ਦੀ ਸੰਗਿਆ ।   ਲਿਵ=ਸਮਾਧੀ ।
ਵਰਤਮਾਨ ਵਿੱਭੂਤੰ=ਜੋ ਕੁਝ ਵਾਹਿਗੁਰੂ ਦੇ ਭਾਣੇ ਵਿਚ ਹੋ ਰਿਹਾ ਹੈ ਉਸ ਨੂੰ ਭਲਾ ਜਾਣਨਾ ।
ਅਤੀਤੰ=ਸਭ ਪੰਥਾਂ ਤੋਂ ਕਾਣ ਰਹਿਤ ਹੋ ਗੁਰਮੁਖਤਾ ਧਾਰਣੀ ਸਾਡਾ ਯੋਗੀ ਪੰਥ ਹੈ ।

ਥਿਰ ਥਿਰ ਚਿਤ ਹਾਂ ॥ ਬਨ ਗ੍ਰਿਹੁ ਸਮਸਰਿ ਹਾਂ ਰਾਜਨ ਜੋਗੁ ਕਰ ਹਾਂ ॥੧੫੭॥

(ਆਸਾ ਮ: ੫)

ਸਹਿਜ ਜੋਗ ਤੇ ਭਗਤ ਜੋਗ

ਗੁਰਿ ਮਨੁ ਗਹਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੈ ਭਗਤਿ ਜੋਗੁ ॥
ਗੁਰ ਸੰਤ ਸਭਾ ਦੁਖੁ ਮਿਟੈ ਰੋਗ ॥ ਜਨ ਨਾਨਕ ਹਰਿ ਵਰੁ ਸਹਿਜ ਜੋਗ ॥ ੬ ॥

(ਬਸੰਤ ਮ: ੧)

ਤਤ ਜੋਗ

ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕੁ **ਤਤ ਜੋਗ** ਕਉ ਬੇਤੈ ॥
ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬੁਰਾ ਨਾਹੀ ਸਭੁ ਭਲਾ ਹੀ ਹੈ ਰੇ ਹਾਰ ਨਾਹੀ ਸਭ ਜੇਤੈ ॥
ਸੋਗੁ ਨਾਹੀ ਸਦਾ ਹਰਖ ਹੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੩॥੨੨॥

(ਕਾਨੜਾ ਮ: ੫)

ਸਤਿਗੁਰ ਸਹੀ ਯੋਗ ਦਾ ਰਸਤਾ ਕੇਵਲ ਗੁਰ ਉਪਦੇਸ਼ ਅਨੁਸਾਰ ਜੀਵਨ ਘੜਨਾ ਹੀ ਦਸਦੇ ਹਨ । ਗੁਰ ਸ਼ਬਦ ਤੇ ਚਲਣਾ ਤੇ ਗੁਰਮੱਤ ਦੀ ਦਸੀ ਰਹਿਣੀ ਬਹਿਣੀ ਹੀ ਗਾਡੀ ਰਾਹ ਹੈ । ਵਿਖਾਵਾ ਵਿਖਾਵਾ ਹੀ ਹੈ ਅਸਲ ਨਹੀਂ ਹੋ ਸਕਦਾ । ਅਸਲਾ ਜੀਵਨ ਵਿਚੋਂ ਝਲਕ ਪੈਂਦਾ ਹੈ । ਇਸ ਲਈ

ਗੁਰ ਉਪਦੇਸ਼ ਰਾਹੀਂ ਜੀਵਨ ਨੂੰ ਅਸਲੀਅਤ ਵਿਚ ਢਾਲਣਾ ਹੀ ਪਰਮ ਧਰਮ ਹੈ। ਬਾਕੀ ਸਭ ਫੋਕਟ ਕਰਮ ਹਨ। ਪਾਖੰਡ ਹੈ :

ਕਰਹਿ ਬਿਭੂਤ ਲਗਾਵਹਿ ਭਸਮੈ ॥ ਅੰਤਰ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੋ ਜੋਗੁ ਨ ਪਾਈਐ ॥ ਬਿਨ ਸਤਿਗੁਰ ਅਲਖੁ ਨ ਪਾਇਆ ॥੧੨॥
ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ, ਕੁੰਭਕ, ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸ ਪਾਇਆ ॥੧੩॥

(ਮਾਰੂ ਮ: ੧)

ਭਾਈ ਗੁਰਦਾਸ ਜੀ ਜੋਗੀਆਂ ਦੇ ਦਿਖਾਵੇ ਵਾਲੇ ਤੇ ਸਖਣੇ ਭੇਖੀ ਜੀਵਨ ਨੂੰ ਇਹ ਆਖਕੇ, "ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤ ਨ ਕਾਈ" ਨੰਗਾ ਕਰਦੇ ਹਨ। ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਪਣੇ ਸਮ-ਕਾਲੀ ਜੋਗੀਆਂ ਨੂੰ ਜੁਗਤ ਹੀਨ ਤੇ ਦੇਸ਼ ਤੇ ਸਮਾਜ ਦੇ ਉਜਾੜੇ ਦਾ ਕਾਰਨ ਦਸਦੇ ਹਨ :

ਕਾਦੀ ਕੂੜ ਬੋਲਿ ਮਲੁ ਖਾਇ ॥ ਬ੍ਰਹਮਣੁ ਨਾਵੈ ਜੀਆਂ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥

(ਧਨਾਸਰੀ ਮ: ੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਗੁਰੂ ਨਾਨਕ) ਜੋਗ ਕਮਾਣ ਦਾ ਢੰਗ ਇਸ ਤਰ੍ਹਾ ਦਰਸਾਂਦੇ ਹਨ :

ਰੇ ਮਨ ਇਹ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ ਅਕਪਟ ਕੰਠਲਾ ਧਿਆਨ ਬਿਭੂਤਿ ਚੜਾਓ ॥੧॥ਰਹਾਉ ॥
ਤਾਂਤੀ ਗਹੁ ਆਤਮ ਬਸਿ ਕਰ ਕੀ ਭਿੱਛਾ ਨਾਮ ਅਧਾਰੰ ॥
ਬਾਜੇ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ ॥੧॥
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਯੋਮ ਬਿਵਾਨੰ ॥੨।
ਆਤਮ ਉਪਦੇਸ ਭੇਸੁ ਸੰਜਮ ਕੋ ਜਾਪ ਸੁ ਅਜਪਾ ਜਾਪੇ ॥
ਸਦਾ ਰਹੇ ਕੰਚਨ ਸੀ ਕਾਯਾ ਕ ਲ ਨ ਕਬਹੂ ਬਯਾਪੇ ॥੩॥੨॥

(ਰਾਮਕਲੀ ਪਾ: ੧੦)

(੩) ਗੁਰਮੱਤ ਦਾ ਪਰਮ ਪਦ ਯੋਗੀਆਂ ਵਾਂਗ ਉਨਮਨੀ ਅਵਸਥਾ ਵਿਚ ਪੁਜ ਕੇ ਨਿਸਕ੍ਰਿਆ ਹੋਣਾ ਨਹੀਂ ਤੇ ਨਾ ਹੀ ਤਨ ਨੂੰ ਸੁਕਾ ਕੇ ਮੁਰਦਾ ਕਰਨਾ ਹੈ ਕਿ ਨਾ ਤਾਂ ਅੰਦਰ ਦੀਆਂ ਆਵਾਜ਼ਾਂ ਹੀ ਸੁਣ ਸਕੇ ਤੇ ਨਾ ਹੀ ਬਾਹਰੋਂ ਧੌਂਸੇ ਜਾਂ ਢੋਲ ਵਜਦੇ ਵੀ ਓਹਨੂੰ ਸੁਣੀਨ। ਗੁਰਮੱਤ ਦਾ ਪਰਮ ਪਦ ਤਾਂ ਜੀਂਦੇ ਜਾਗਦਿਆਂ ਦਾ ਮੱਤ ਹੈ। ਗੁਰਮੱਤ ਦਾ ਪੰਧਾਊ ਸ਼ਬਦ ਰਾਹੀਂ ਭਾਵ

ਗੁਰ ਉਪਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲਦਾ ਹੈ। ਗੁਰੂ ਦੀ ਦਸੀ ਰਹਿਣੀ ਰਹਿ ਕੇ ਆਚਰਨ ਉਸਾਰੀ ਕਰਦਾ ਹੈ। ਓਹ ਹਉਮੈ ਨੂੰ ਮਾਰ ਨਾਮ ਵਿਗਾਸੀ ਜੀਵਨੀ ਜੀਂਦਾ ਹੈ। ਤਨ ਨੂੰ ਨਹੀਂ ਸੁਕਾਂਦਾ ਮਨ ਵਿਚੋਂ ਹਉਮੈ ਦੇ ਨਿਤ ਫੁਟਦੇ ਸੋਮੇ ਸੁਕਾ ਦੇਂਦਾ ਹੈ। ਹਉਮੈ ਦੇ ਸੋਮੇ ਸੁਕਣ ਤੇ ਨਾਮ ਦੇ ਉਮਾਹ ਖੁਲ ਜਾਂਦੇ ਹਨ। ਹੁਣ ਓਹਨੂੰ ਆਪਣੀ ਚਿੰਤਾ ਨਹੀਂ ਸਤਾਂਦੀ ਓਹ ਦੂਜਿਆਂ ਦੀ ਚਿੰਤਾ ਦੂਰ ਕਰਨ ਲਈ ਉਪਰਾਲੇ ਕਰਨ ਲਗ ਜਾਂਦੀ ਹੈ। ਓਹਦੇ ਅੰਦਰ ਹੁਣ ਸਵਾਰਥ ਨਿਸ਼ਕਿਰਿਆ ਹੋ ਜਾਂਦਾ ਹੈ ਤੇ ਪਰਉਪਕਾਰ ਦੇ ਉਮਾਹ ਫੁਟ ਪੈਂਦੇ ਹਨ। ਹੁਣ ਓਹ ਪਰਉਪਕਾਰ ਲਈ ਹੀ ਜੀਂਦਾ ਹੈ। ਆਪਣੇ ਲਈ ਨਹੀਂ :

ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥੮॥
(ਗਉੜੀ ਸੁਖਮਨੀ ਮ: ੫)

ਪਰਉਪਕਾਰ ਨਿਤ ਚਿਤਵਤੇ ਨਾਹੀ ਕਿਛੁ ਪੋਚ ॥੨॥੨੯॥੫੯॥

(੪) ਗੁਰਮੱਤ ਇਸਤ੍ਰੀ ਤਿਆਗਣ ਦਾ ਉਪਦੇਸ਼ ਨਹੀਂ ਦੇਂਦਾ, ਸਗੋਂ ਗ੍ਰਹਿਸਤੀ ਜੀਵਨ ਨੂੰ ਸ੍ਰੇਸ਼ਟ ਤੇ ਗੁਣਕਾਰੀ ਸਮਝਦਾ ਹੈ। ਸਤਿ ਗੁਰੂ ਗ੍ਰਹਿਸਥ ਵਿਚ ਰਹਿ ਕੇ ਸਚੁ ਸੰਜਮ ਦੁਆਰਾ ਵਰਤਣ ਦਾ ਉਪਦੇਸ਼ ਦੇਂਦੇ ਹਨ :

ਬਹੁ ਭੇਖ ਕਰਿ ਭਰਮਾਈਐ ਮਨ ਹਿਰਦੈ ਕਪਟੁ ਕਮਾਇ ॥
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥
ਮਨ ਰੇ ਗ੍ਰਿਹ ਹੀ ਮਹਿ ਉਦਾਸ ॥
ਸਚ ਸੰਜਮੁ ਕਰਣੀ ਸੋ ਕਰੇ ਗੁਰਮੁਖ ਹੋਇ ਪ੍ਰਗਾਸੁ ॥੧॥ ਰਹਾਉ ॥
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥
ਹਰਿ ਕਾ ਨਾਮੁ ਧਿਆਈਐ ਸਤਿ ਸੰਗਤਿ ਮੇਲ ਮੇਲਾਇ ॥੨॥੩॥੩੫॥
(ਸ੍ਰੀ ਰਾਗ ਮ: ੩)

ਸਤਿਗੁਰ ਪਰਵਿਰਤੀ ਮਾਰਗ ਵਿਚ ਹੀ ਨਿਵਿਰਤੀ ਦੀ ਰੁਚੀ ਰਖਣ ਦਾ ਉਪਦੇਸ਼ ਦ੍ਰਿੜਾਂਦੇ ਹਨ। ਸਿਧਾਂ ਦੇ ਪੁਛਣ ਤੇ :

ਦੁਨੀਆਂ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਆਉਧੂ ਨਾਨਕ ਦੇਹੁ ਸਚਾ ਬੀਚਾਰੋ ॥

ਸਤਿਗੁਰੂ ਉਤਰ ਦੇਂਦੇ ਹਨ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੈ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੈ ॥
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾਕਾ ਦਾਸੋ ॥੫॥
(ਰਾਮਕਲੀ ਮ: ੧ ਸਿਧ ਗਸਟਿ)

ਤਿਆਗਣਾ ਤੇ ਕਾਮ, ਕ੍ਰੋਧ ਤੇ ਲੋਭ ਹੈ।

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥੧॥੩॥
(ਮਾਰੂ ਮ: ੩ ਅਸ਼ਟਪਦੀਆਂ)

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੇ ਬਿਕਾਰੁ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰੁ ॥੧॥
ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨ ਆਚਾਰ ॥੧॥ਰਹਾਉ॥
ਦੁਖ ਸੁਖ ਦੋਊ ਸਮਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਿ ਸੰਗਤਿ ਗੁਰ ਪਿਆਰ ॥੨॥੫॥
(ਮਲਾਰ ਮ: ੧)

ਸਾਹਿਬ ਕਹਿੰਦੇ ਹਨ ਓਹ ਕਾਹਦਾ ਜੋਗੀ ਹੋਇਆ ਜਿਸ ਦੇ ਮਨ ਵਿਚ ਮਾਇਆ ਦਾ ਮੋਹ ਤੇ ਮਮਤਾ ਭਰੀ ਪਈ ਹੈ ? ਅਸਲ ਜੋਗੀ ਤਾਂ ਓਹ ਹੈ ਜੋ ਹਰਖ ਸੋਗ ਤੋਂ ਨਿਆਰਾ ਰਹੇ :

ਤਿਹ ਜੋਗੀ ਕਉ ਜੁਗਤਿ ਨ ਜਾਨਉ ।
ਲੋਭੁ ਮੋਹ ਮਾਇਆ ਮਮਤਾ ਫੁਨਿ ਜਿਹਿ ਘਟ ਮਾਹਿ ਪਛਾਨਉ ॥੧॥ਰਹਾਉ॥
ਪਰ ਨਿੰਦਾ ਉਸਤਤਿ ਨਹ ਜਾਕੈ ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥੨॥੩॥
(ਧਨਾਸਰੀ ਮ: ੯)

ਦੂਜੇ ਪਾਸੇ ਰੁਰਮੁਖ ਆਪਣੇ ਜੀਵਨ ਦਾ ਤਜਰਬਾ ਇਸ ਪ੍ਰਕਾਰ ਦਸਦੇ ਹਨ :

ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥
ਲੋਭੁ ਮੋਹੁ ਸਭੁ ਕੀਨੋ ਦੂਰ ॥ ਪਰਮ ਬੈਸਨੋ ਪ੍ਰਭਿ ਪੇਖਿ ਹਜੂਰ ॥੧॥
ਐਸੋ ਤਿਆਗੀ ਬਿਰਲਾ ਕੋਇ ॥ ਹਰਿ ਹਰਿ ਨਾਮ ਜਪੈ ਜਨੁ ਸੋਇ ॥੧॥ਰਹਾਉ॥
ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥
ਨਾਮੁ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥੨॥
ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨੁ ॥
ਪ੍ਰਭ ਕੀ ਆਗਿਆ ਮਾਨਿ ਸੁਖ ਪਾਇਆ ॥ ਗੁਰਿ ਪੂਰੇ ਹਰਿ ਨਾਮੁ ਦ੍ਰਿੜਾਇਆ ॥੩॥
ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮੁ ਜਾਪਿ ॥
ਮਨਿ ਪਰਗਾਸ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾਕੀ ਪੂਰੀ ਪਈ ॥੪॥੨੭॥੪੦॥
(ਭੈਰਉ ਮ: ੫)

ਸੋ ਗੁਰਮੱਤ ਗ੍ਰਿਹੀ ਜੀਵਨ ਹੀ ਸਹੀ ਜੀਵਨ ਦਰਸਾਂਦਾ ਹੈ । ਤੇ ਸਤਿਗੁਰੂ ਸਿਦਕੀ ਸਿਖ ਨੂੰ ਭਰਮ ਜਾਣ ਤੇ ਸਹੀ ਅਗਵਾਈ ਵੀ ਕਰਦਾ ਹੈ । ਜੋਗੀ ਤਾਂ ਸ਼ਿਵ ਜੀ ਤੋਂ ਸਿਧਾ ਉਪਦੇਸ਼ ਲੈ ਰਿਧੀਆਂ ਸਿਧੀਆਂ ਦੇ ਫੇਰ ਵਿਚ

ਪਿਆ ਸਿੰਘਲ ਦੀਆਂ ਪਦਮਨੀਆਂ ਵਿਚ ਯੋਗ ਸਾਧਨ ਗਇਆ ਆਪ ਹੀ ਪਦਮਨੀਆਂ ਦੇ ਵੇਰ ਵਿਚ ਗ੍ਰਸਿਆ ਜਾਂਦਾ ਹੈ ਪਰ ਆਦਿ ਗੁਰੂ ਦਾ ਸਿਖ ਸ੍ਰੀ ਗੁਰੂ ਨਾਨਕ ਵੀ ਸਿੰਘਲ ਜਾਂਦਾ ਹੈ। ਸ਼ਿਵਨਾਭ ਵਲੋਂ ਘਲੀਆਂ ਗਈਆਂ ਪਦਮਨੀਆਂ ਨੂੰ ਕਹਿੰਦਾ ਹੈ, "ਹੇ ਰਾਜ ਕਮਾਰੀਓ ! ਬੱਚੀਓ ਜਾਓ। ਅੰਮ੍ਰਿਤ ਵੇਲੇ ਉਠ ਕੇ ਉਸ ਵਾਹਿਗੁਰੂ ਦਾ ਜਾਪ ਜਪੋ ਤੇ ਪ੍ਰਭੂ ਪਿਆਰੇ ਦੀ ਪ੍ਰੇਮ ਪੂਰਬਕ ਸੇਵਾ ਕਰੋ। ਗੁਰੂ ਦੇ ਉਪਦੇਸ਼ ਰਾਹੀਂ ਮਨ ਵਿਚ ਉਠ ਰਹੀਆਂ ਵਿਸ਼ਿਆਂ ਦੀਆਂ ਤਰੰਗਾਂ ਨੂੰ ਸ਼ਾਂਤ ਕਰੋ। ਤੁਸੀਂ ਮੈਨੂੰ ਮੋਹ ਨਹੀਂ ਸਕਦੀਆਂ। ਮੇਰਾ ਮਨ ਤਾਂ ਪਹਿਲਾਂ ਹੀ ਮਨੋਹਰ ਨਿਰੰਕਾਰ ਨੇ ਮੋਹਿਆ ਹੋਇਆ ਹੈ। ਹੇ ਨਿਰੰਕਾਰ ! ਮੈਂ ਤੈਨੂੰ ਸ਼ਬਦ ਰਾਹੀਂ ਪਛਾਤਾ ਹੈ। ਨਾਨਕ ਪ੍ਰਭੂ ਦੇ ਦਰ ਤੇ ਖੜੋਤਾ ਮੰਗ ਕਰਦਾ ਹੈ, ਹੇ ਪ੍ਰਭੂ ਤੇਰੇ ਨਾਮ ਨੇ ਸਭ ਖਵਾਹਿਸ਼ਾਂ ਮਿੱਟਾ ਦਿਤੀਆਂ। ਹੁਣ ਤੂੰ ਮੇਰੇ ਉਤੇ ਕ੍ਰਿਪਾ ਧਾਰ।"

> ਗਾਛਹੁ ਪੁਤ੍ਰੀ ਰਾਜ ਕਵਾਰਿ। ਨਾਮ ਭਣਹੁ ਸਚ ਦੋੱਤੁ ਸਵਾਰਿ ॥
> ਪ੍ਰਿਉ ਸੇਵਹ ਪ੍ਰਭ ਪ੍ਰੇਮ ਆਧਰਿ। ਗੁਰ ਸ਼ਬਦੀ ਬਿਖ ਤਿਆਸ ਨਿਵਾਰਿ ॥ ੭ ॥
> ਮੋੱਹਨਿ ਮੋੱਹਿ ਲੀਆ ਮਨ ਮੋੱਹਿ। ਗੁਰ ਕੈ ਸਬਦਿ ਪਛਾਨਾ ਤੋੱਹਿ ॥
> ਨਾਨਕ ਠਾਡੇ ਚਾਹਹਿ ਪ੍ਰਭੁ ਦੁਆਰਿ। ਤੇਰੋ ਨਾਮਿ ਸੰਤੋੱਖੇ ਕਿਰਪਾ ਧਾਰਿ ॥ ੮ ॥ ੧॥
>
> (ਬਸੰਤ ਅਸਟਪਦੀਆਂ ਮ: ੧)

ਸਿਖ ਇਤਿਹਾਸ ਵਿਚ ਭਾਈ ਜੋਗਾ ਸਿੰਘ ਦੇ ਗੁਰੂ ਹੁਕਮ ਵਿਚ ਅਧੂਰਾ ਵਿਆਹ ਛੱਡ ਅਨੰਦਪੁਰ ਚਲੇ ਆਉਣ ਦੀ ਸਾਖੀ ਆਉਂਦੀ ਹੈ। ਰੂਪ ਵਸ ਆਇਆ ਸਿਖ ਵੇਸ਼ਵਾ ਦੇ ਦਰ ਤੇ ਭਟਕਦਾ ਵੇਖ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਵਿਸ਼ੇ ਅਗ ਵਿਚ ਸੜਨ ਤੋਂ ਪਹਿਲਾਂ ਹੀ ਬਚਾ ਲੈਂਦੇ ਹਨ। ਪਰ ਸਿਰ ਮੋਰ ਸਿਧ ਗੁਰੂ ਮਛੰਦਰ ਕਾਮ ਵੱਸ ਆਇਆ ਆਪਣੀਆਂ ਰਿਧੀਆਂ ਸਿਧੀਆਂ ਦੇ ਆਸਰੇ ਪਰ ਇਸਤ੍ਰੀ ਗਮਨ ਕਰ ਰਿਹਾ ਹੈ। ਦੋ ਨਾਜਾਇਜ਼ ਪੁਤਰ ਵੀ ਪੈਦਾ ਕਰ ਲਏ ਹਨ ਤੇ ਫੇਰ ਵੀ ਇਸ ਫਾਹੀ ਵਿਚੋਂ ਨਿਕਲਣਾ ਨਹੀਂ ਚਾਹੁੰਦਾ। ਆਖਰ ਚੇਲੇ (ਗੋਰਖ) ਨੂੰ ਹੀ ਸ਼ਰਮ ਲਾਹੁਣੀ ਪੈਂਦੀ ਹੈ ਤੇ ਉਹ ਮੇਹਣੇ ਤਾਹਨੇ ਮਾਰਕੇ ਉਸ ਨੂੰ ਤ੍ਰਿਆ ਜਾਲ ਤੋਂ ਛੁਡਾਂਦਾ ਹੈ। ਫੇਰ ਦਸੋ ਅਜਿਹੇ ਤਿਆਗ ਦਾ ਕੀ ਲਾਭ ਹੋਇਆ ?

ਹੁਣ ਤਕ ਹੋ ਚੁਕੀ ਵਿਚਾਰ ਤੋਂ ਅਸੀਂ ਇਹ ਸਿੱਟਾ ਕਢਿਆ ਹੈ ਜੋ ਗੁਰਮਤ ਨੇ ਗੋਰਖ ਮੱਤ ਦਾ ਬਹੁਤ ਸਾਰਾ ਅਸਰ ਕਬੂਲਿਆ ਹੈ। ਭਾਵੇਂ ਇਹ ਅਸਰ ਉਲਟੇ ਭਾਵਾਂ ਵਿਚ ਬਾਹਲਾ ਤੇ ਸਿਧੇ ਭਾਵਾਂ ਵਿਚ ਕੇਵਲ ਨਾਮ ਮਾਤਰ ਹੈ। ਪਰ ਇਹ ਮੰਨਣਾ ਪਵੇਗਾ ਕਿ ਕਈ ਗਲਾਂ ਤਾਂ ਸਿਖ ਮੱਤ ਵਿਚ ਸਿਧੀਆਂ ਗੋਰਖ ਮੱਤ ਤੋਂ ਹੀ ਆਈਆਂ ਹਨ ਭਾਵੇਂ ਅਪਨਾਣ ਲਗਿਆਂ ਕਾਫੀ ਸੁਧਾਰ ਕੇ ਅਪਨਾਇਆ ਗਿਆ ਹੈ। ਕੁਝ ਕੁ ਦਾ ਵੇਰਵਾ ਇਸ ਪ੍ਰਕਾਰ ਹੈ :

(ੳ) ਗੁਰੂ ਚੇਲੇ ਦਾ ਰਿਸ਼ਤਾ।

(ਅ) ਖਾਣ ਪੀਣ ਦੀ ਖੁਲ੍ਹ।

(ੲ) ਦੋਵੇਂ ਵਕਤ ਦਾ ਲੰਗਰ, ਵਖੇਵਾਂ ਵੀ ਬਹੁਤ ਹੈ।

(ੳ) ਸਿਧਾਂਤ ਬਿਲਕੁਲ ਅਡਰੇ ਹਨ।

(ਅ) ਰੱਬ ਹੀ ਕੇਵਲ ਅਨਾਦੀ ਹੈ। ਸ਼ਿਵ ਰੱਬ ਨਹੀਂ ਉਸ ਦੀ ਕਿਰਤ ਹੈ। ਸਗੋਂ ਸ਼ਿਵ ਆਦਿ ਦੇਵਤੇ ਉਹਦੇ ਪਾਣੀ ਹਾਰ ਹਨ।

(ੲ) ਜੋਗੀ ਦਾ ਸ਼ਿਵ ਕਰਤਾ ਨਹੀਂ। ਗੁਰਮੱਤ ਦਾ ਅਕਾਲ ਪੁਰਖ ਕਰਤਾ ਵੀ ਹੈ।

(ਸ) ਜੋਗੀ (ਸ਼ੈਵ ਤੇ ਗੋਰਖ ਮਤੀਏ ਦੋਵੇਂ) ਆਤਮਾ, ਮਾਇਆ (ਅਵਿਦਿਆ) ਤੇ ਸ਼ਿਵ ਤਿੰਨੇ ਅਨਾਦੀ ਮੰਨਦੇ ਹਨ ਪਰ ਗੁਰਮਤ ਪੱਕਾ ਅਦ੍ਵੈਤ ਵਾਦੀ ਹੈ। ਕੇਵਲ ਅਕਾਲ ਪੁਰਖ ਨੂੰ ਹੀ ਅਨਾਦੀ ਮੰਨਦਾ ਹੈ, ਬਾਕੀ ਸਭ ਕੁਝ ਅਕਾਲ ਪੁਰਖ ਦੀ ਕਿਰਤ ਹੈ।

(ਹ) ਗੁਰਮਤ ਸਰੀਰਕ ਆਸਨਾਂ ਨਾਲੋਂ ਆਤਮਕ ਗੁੰਝਲਾਂ ਨੂੰ ਸੁਲਝਾਣ ਵਲ ਵਧੇਰੇ ਜ਼ੋਰ ਦੇਂਦੀ ਹੈ। ਗੁਰ ਉਪਦੇਸ਼ ਤੇ ਚਲਣ ਨਾਲ ਇੰਦ੍ਰੇ ਆਪਣਾ ਸੁਭਾਉ ਹੀ ਸ਼ਬਦ ਅਨਕੂਲ ਘੜ ਲੈਂਦੇ ਹਨ। ਜਿਉਂ ਜਿਉਂ ਆਚਰਨਕ ਉਚਤਾ ਆਉਂਦੀ ਜਾਂਦੀ ਹੈ ਤਿਉਂ ਤਿਉਂ ਮਨ ਆਪਣੇ ਆਪ ਟਿਕਾਉ ਪਕੜਦਾ ਜਾਂਦਾ ਹੈ। ਹਉਮੈ ਦੂਰ ਹੋਣ ਨਾਲ ਆਸਾ, ਮਨਸਾ, ਤ੍ਰਿਸ਼ਨਾ, ਇੱਛਾ, ਲਾਲਸਾ ਮਿਟ ਜਾਂਦੀਆਂ ਹਨ ਤੇ ਉਨ੍ਹਾਂ ਦੀ ਥਾਂ ਸੰਤੋਖ ਲੈ ਲੈਂਦਾ ਹੈ। ਸੱਤ ਗ੍ਰਹਿਣ ਕਰਨ ਨਾਲ ਕਰਮਾਂ ਰਾਹੀਂ ਵੀ ਸੱਤ ਪ੍ਰਗਟ ਹੋਣ ਲਗ ਪੈਂਦਾ ਹੈ। ਹਉਮੈ ਰਹਿਤ ਅਵਸਥਾ ਵਿਚ ਹੀ ਨਾਮ ਪਰਗਾਸਦਾ ਹੈ ਤੇ ਨਾਮ ਪਰਗਾਸੀ ਆਤਮਾ ਅਨੰਤ ਨਾਲ ਅਭੇਦ ਹੋ ਅਨੰਤ ਰਬੀ ਸ਼ਕਤੀਆਂ ਦੀ ਮਾਲਕ ਬਣ ਜਾਂਦੀ ਹੈ। ਇਸ ਲਈ ਗੁਰਮਤ ਦਾ ਯੋਗ ਨਾਮ ਮਾਰਗ ਹੈ। ਇਹ ਵਿਸਮਾਦ ਮਾਰਗ ਵੀ ਹੈ ਜਿਸ ਦੀ ਮੰਜ਼ਲ ਖੇੜੇ ਭਰਪੂਰ ਹੈ। ਸਦਾ ਅਨੰਦ ਦੀ ਅਵਸਥਾ। ਇਹ ਨਿਹਚਲ ਥਾਂ ਤੇ ਮੁਕਦਾ ਹੈ, ਜਿਥੇ ਨਿਰੰਕਾਰ ਆਪ ਹੈ।

(ਕ) ਗੁਰਮਤ ਹਠ ਯੋਗ ਰਾਹੀਂ ਪ੍ਰਾਪਤ ਕੀਤੀਆਂ ਗਈਆਂ ਰਿਧੀਆਂ ਸਿਧੀਆਂ ਦਾ ਹਾਮੀ ਨਹੀਂ ਸਗੋਂ ਇਨ੍ਹਾਂ ਨੂੰ ਸੱਤ ਮਾਰਗ ਦੀ ਰੁਕਾਵਟ

ਸਮਝਦਾ ਹੈ। ਅਨੰਤ ਸ਼ਕਤੀਆਂ ਦਾ ਮਾਲਕ ਹੋ ਕੇ ਵੀ ਇਨ੍ਹਾਂ ਦੀ ਵਰਤੋਂ ਕਿਸੇ ਜ਼ਾਤੀ ਗਰਜ਼ ਲਈ ਨਹੀਂ ਕਰਦਾ।

ਇਹ ਸਭ ਕੁਝ ਹੁੰਦਿਆਂ ਵੀ ਅਮਲੀ ਪੱਖ ਤੋਂ ਗੁਰਮਤ ਤੇ ਗੋਰਖ ਮੱਤ ਵਿਚ ਕਾਫੀ ਸਾਂਝ ਹੈ। ਹਾਂ ਇਹ ਵੀ ਠੀਕ ਹੈ ਜੋ ਗੁਰਮਤ ਨੇ ਜੋਗੀਆਂ ਵਿਚ ਵੇਖੀਆਂ ਊਣਤਾਈਆਂ ਨੂੰ ਆਪਣੇ ਵਿਚ ਨਹੀਂ ਆਉਣ ਦਿਤਾ।

ਭਾਗ ਚੌਥਾ

ਅਨ ਭਾਰਤੀ ਮੱਤ ਤੇ ਗੁਰਮਤ

ਜ਼ਰਤੁਸ਼ੀ ਮੱਤ
ਯਹੂਦੀ ਮੱਤ
ਈਸਾਈ ਮੱਤ
ਇਸਲਾਮੀ ਮੱਤ
ਸੂਫੀ ਮੱਤ

ਜ਼ਰਤੁਸ਼ੀ ਮੱਤ ਤੇ ਗੁਰਮੱਤ

ਪਾਰਸੀਆਂ ਦੇ ਮੱਤ ਦਾ ਹੀ ਦੂਜਾ ਨਾਮ ਜ਼ਰਤੁਸ਼ੀ ਮੱਤ ਹੈ। ਇਹ ਮੱਤ, ਇਸ ਮੱਤ ਦੇ ਬਾਨੀ ਸ੍ਰੀ ਜ਼ਰਤੁਸ਼ਤ ਦੇ ਨਾਮ ਤੇ ਚਲਿਆ ਹੈ । ਸ੍ਰੀ ਜ਼ਰਤੁਸ਼ਤ ਹਜ਼ਰਤ ਈਸਾ ਜੀ ਤੋਂ ਕੋਈ ਇਕ ਹਜ਼ਾਰ ਵਰ੍ਹੇ ਪਹਿਲਾਂ ਈਰਾਨ ਵਿਚ ਹੋਏ ਸਨ। ਪਿਤਾ ਪੋਰੋਸ਼ਾਸ਼ਟ ਤੇ ਮਾਤਾ ਦਗਦਵਾ ਦੇ ਘਰ ਇਨ੍ਹਾਂ ਦਾ ਜਨਮ ਹੋਇਆ। ਇਨ੍ਹਾਂ ਦੇ ਮੱਤ ਅਵਲੰਭੀਆਂ ਨੂੰ ਪਾਰਸੀ ਜੋ ਫਾਰਸੀ ਦਾ ਹੀ ਵਿਗੜਿਆ ਹੋਇਆ ਰੂਪ ਹੈ, ਕਿਹਾ ਜਾਂਦਾ ਹੈ।

ਉਸ ਸਮੇਂ ਜਦ ਜ਼ਰਤੁਸ਼ਤ ਜੀ ਨੇ ਆਪਣੇ ਨਵੇਂ ਮੱਤ ਦਾ ਪੈਗ਼ਾਮ ਦਿਤਾ। ਈਰਾਨ ਉਤੇ ਕੈਖਸਰੋ ਨਾਂ ਦਾ ਬਾਦਸ਼ਾਹ ਰਾਜ ਕਰ ਰਿਹਾ ਸੀ। ਇਨ੍ਹਾਂ ਦਾ ਮੱਤ ਉਸ ਵੇਲੇ ਦੇ ਈਰਾਨ ਵਿਚ ਪਰਚਲਤ ਹੋਏ ਹੋਏ ਮੱਤ ਨਾਲੋਂ ਬਹੁਤ ਅਡਰਾ ਸੀ। ਬਾਦਸ਼ਾਹ ਕੈਖਸਰੋ ਇਸ ਨਵੇਂ ਮੱਤ ਦੇ ਪਰਚਾਰਨ ਦੇ ਕਾਰਨ ਜ਼ਰਤੁਸ਼ਤ ਨਾਲ ਨਾਰਾਜ਼ ਹੋ ਗਿਆ। ਇਨ੍ਹਾਂ ੩੦ ਸਾਲ ਦੀ ਉਮਰ ਵਿਚ ਆਪਣਾ ਮੱਤ ਪਰਚਾਰਨਾ ਅਰੰਭਿਆ ਤੇ ਜਦੋਂ ਇਨ੍ਹਾਂ ਇਹ ਮਤ ਸ਼ਾਹ ਗੁਸਤਾਪ ਦੇ ਸਾਹਮਣੇ ਰਖਿਆ ਓਹ ਬੜਾ ਪਰਭਾਵਤ ਹੋਇਆ ਤੇ ਅੰਤ ਨੂੰ ਉਸ ਨੇ ਇਹ ਮੱਤ ਧਾਰਨ ਕਰ ਹੀ ਲਿਆ।

ਇਸ ਮੱਤ ਦਾ ਪਹਿਲਾ ਪਰਚਾਰਕ ਅਸਫੰਦ ਯਾਰ ਹੋਇਆ ਹੈ । ਬਾਕਟ੍ਰੀਆ ਦਾ ਰਾਜਾ ਵੀ ਜ਼ਰਤੁਸ਼ੀ ਬਣ ਗਿਆ ਤੇ ਅਜਿਹਾ ਹੋ ਜਾਣ ਕਰਕੇ ਇਹ ਮੱਤ ਰਾਜ ਧਰਮ ਬਣ ਗਿਆ । ਰਾਜ ਧਰਮ ਬਣਨ ਕਰਕੇ ਜ਼ਰਤੁਸ਼ਤ ਕਾਮਯਾਬ ਤਾਂ ਹੋ ਗਿਆ ਪਰ ਸਿਬੀਆਂ ਦੇ ਰਾਜੇ ਨੇ ਹਮਲਾ ਕਰਕੇ ਉਸਨੂੰ ਸਾਥੀਆਂ ਸਣੇ ਮਰਵਾ ਦਿਤਾ। ਉਸਦੇ ਮਰਨ ਨਾਲ ਇਹ ਮੱਤ ਖਤਮ ਨ ਹੋਇਆ ਸਗੋਂ ਈਰਾਨ ਦੇ ਸ਼ਹਿਨਸ਼ਾਹ ਸੀਰਿਯਸ਼ ਨੇ ਇਹ ਮੱਤ ਧਾਰਨ ਕਰ ਲਿਆ। ਸਿਕੰਦਰ ਆਜ਼ਮ ਦੇ ਈਰਾਨ ਜਿਤ ਲੈਣ ਮਗਰੋਂ ਭਾਵੇਂ ਇਸਦੇ ਵਾਧੇ ਤੇ ਪਰਚਾਰ ਨੂੰ ਕਾਫੀ ਧੱਕਾ ਲਗਾ ਪਰ ਇਸਤੋਂ ਝਟ ਹੀ ਬਾਹਦ ਬਾਦਸ਼ਾਹ ਅਰਦਸੀਰ ਬਾਬਕਾਨ ਨੇ ਇਹ ਮੱਤ ਧਾਰਨ ਕਰ ਲਿਆ ਤੇ ਉਸਨੇ ਆਪਣੇ ਪੂਰੇ ਤਰਾਣ ਤੇ ਹਾਰਦਿਕ ਭਾਵ ਨਾਲ ਇਸ ਮੱਤ ਨੂੰ ਪਰਚਾਰਿਆ । ਮਹਾਂ ਦਾਨੀ

ਨੌਸ਼ੀਰਵਾਂ ਜਿਸਦੀ ਸਖ਼ਾਵਤ ਤੇ ਦਾਨੀ ਸੁਭਾ ਬਾਰੇ ਅਨੇਕ ਗਲਾਂ ਪਰਸਿਧ ਹਨ ਜ਼ੁਰਤੁਸ਼ਤੀ ਹੀ ਸੀ।

ਜ਼ਰਤੁਸ਼ਤ ਨਸਲ ਦਾ ਆਰੀਆਨ ਸੀ ਤੇ ਈਰਾਨੀ ਸਬਦ ਵੀ ਆਰੀਯਨ ਦਾ ਹੀ ਵਿਗੜਿਆ ਹੋਇਆ ਰੂਪ ਕਹਿਆ ਜਾ ਸਕਦਾ ਹੈ। ਇਹ ਗਲ ਸੰਸਾਰ ਇਤਿਹਾਸ ਨੇ ਭਲੀ ਪਰਕਾਰ ਮੰਨੀ ਹੈ ਕਿ ਆਰੀਅਨ ਨਸਲ ਦੇ ਲੋਕ ਜਦੋਂ ਜਨ ਸੰਖਿਆ ਦੇ ਵਧ ਜਾਣ ਦੇ ਕਾਰਣ ਮਧ ਏਸ਼ੀਆ ਵਿਚੋਂ ਵਸੇਬੇ ਲਈ ਥਾਂ ਲਭਣ ਲਈ ਨਿਕਲੇ ਤਾਂ ਹਿਮਾਲੀਆ ਪਾਰ ਕਰਨ ਤੋਂ ਪਹਿਲਾਂ ਦੋ ਟੋਲਿਆਂ ਵਿਚ ਵੰਡੇ ਗਏ। ਉਨ੍ਹਾਂ ਵਿਚੋਂ ਇਕ ਟੋਲਾ ਤਾਂ ਖੈਬਰ ਦਰਾ ਪਾਰ ਕਰਕੇ ਭਾਰਤ ਵਿਚ ਆਣ ਵੜਿਆ ਤੇ ਦੂਜੇ ਨੇ ਈਰਾਨ ਵਲ ਦਾ ਰੁਖ਼ ਕਰ ਲਿਆ ਤੇ ਦੋਵੇਂ ਟੋਲੇ ਆਪਣੇ ਨਾਲ ਸਬੰਧਤ ਕਬੀਲਿਆਂ ਨੂੰ ਨਾਲੋਂ ਨਾਲ ਹੀ ਬੁਲਾਂਦੇ ਤੇ ਵਸਾਂਦੇ ਰਹੇ। ਜੋ ਈਰਾਨ ਵਿਚ ਵਸ ਗਏ ਓਹ ਈਰਾਨੀ ਅਖਵਾਣ ਲਗ ਪਏ।

ਪਿਛੋਕੜ ਇਕ ਹੋਣ ਕਰਕੇ ਇਹ ਮੱਤ ਵੀ ਬਹੁਤਾ ਹਿੰਦੂ ਗ੍ਰੰਥਾਂ ਵਿਚ ਦਰਸਾਏ ਗਏ ਧਰਮ ਨਾਲ ਹੀ ਮਿਲਦਾ ਜੁਲਦਾ ਹੈ ਤੇ ਉਪਜਿਨਸ਼ਦਾਂ ਦੇ ਧੁਰੇ ਤੋਂ ਹੀ ਖੜਾ ਜਾਪਦਾ ਹੈ। ਪਰ ਜ਼ਰਤੁਸ਼ਤ ਵੀ ਮਾਨਸਕ ਉਸਾਰੀ ਗ਼ੈਰ ਭਾਰਤੀ ਵਾਤਾਵਰਨ ਵਿਚ ਹੋਣ ਦੇ ਕਾਰਨ ਕਈ ਰੰਗ ਢੰਗ ਅੱਡਰੇ ਵੀ ਅਪਨਾਏ ਗਏ ਹਨ ਜੋ ਹਿੰਦੂ ਰਵਾਇਤਾਂ ਅਨੁਸਾਰ ਨਹੀਂ।

ਇਸ ਧਰਮ ਦੇ ਹੇਠ ਲਿਖੇ ਦੋ ਮੁਖ ਗ੍ਰੰਥ ਹਨ :

(੧) ਯੰਦਾ ਅਵਸਤਾ
(੨) ਬੰਦੀ ਦਾਦ

ਬੰਦੀ ਦਾਦ ਨੂੰ ਇਸ ਧਰਮ ਦੀ ਸ਼ਰੀਅਤ ਕਿਹਾ ਜਾ ਸਕਦਾ ਹੈ।

ਇਹ ਮੱਤ ਬਹੁਤਾ ਗੁੰਝਲਦਾਰ ਨਹੀਂ। ਇਕ ਸਾਦ ਮੁਰਾਦਾ ਜਿਹਾ ਮੱਤ ਕਿਹਾ ਜਾ ਸਕਦਾ ਹੈ। ਬਹੁਤਾ ਧਿਆਨ ਆਚਰਨ ਉਸਾਰੀ ਵਲ ਦਿਤਾ ਗਿਆ ਹੈ। ਉਚਾ ਇਖਲਾਕ ਤੇ ਇਕ ਵਾਹਿਗੁਰੂ ਦੀ ਪੂਜਾ ਇਸ ਧਰਮ ਦੇ ਮੁਖ ਸਿਧਾਂਤ ਹਨ।

ਇਸ ਨੇ ਰੱਬੀ ਨਿਜ਼ਾਮ ਨੂੰ ਦੋ ਰਬਾਂ ਅਧੀਨ ਵੰਡਿਆ ਹੈ ਇਕ ਰਬ ਨੇਕੀ ਦਾ ਰੱਬ ਹੈ ਤੇ ਦੂਜਾ ਬਦੀ ਦਾ :

(੧) ਅਹਰਮੁਜ਼ਦ ਨੇਕੀ ਦਾ ਮਾਲਕ ਹੈ।
(੨) ਅਹਿਰਮਨ ਬਦੀ ਦਾ ਮਾਲਕ ਹੈ।

ਅਰੰਭ ਵਿਚ ਤਾਂ ਇਹ ਭੇਦਵਾਦ ਹੈ। ਪਰ ਅੰਤ ਵਿਚ ਨੇਕੀ ਬਦੀ ਨੂੰ ਜਿਤ

ਕੇ ਅਭੇਦਵਾਦ ਵਿਚ ਬਦਲ ਜਾਂਦੀ ਹੈ ਤੇ ਕੇਵਲ ਅਹਰਮੁਜ਼ਦ ਹੀ ਪ੍ਰਧਾਨ ਰਹਿ ਜਾਂਦਾ ਹੈ।

ਜ਼ਰਤੁਸ਼ਤ ਧਰਮ ਯੁਧ ਦਾ ਹਾਮੀ ਹੈ। ਇਹ ਹੁਕਮ ਦੇ ਸਿਧਾਂਤ ਦਾ ਪੂਰਨ ਪੱਖੀ ਹੈ ਤੇ ਸਭੋ ਕੁਝ ਹੁਕਮ ਆਸ੍ਰਿਤ ਹੀ ਮੰਨਦਾ ਹੈ।

ਯੰਦਾ ਆਵਸਤਾ ਵਿਚ ਹੁਕਮ ਦੇ ਸਿਧਾਂਤ ਉਤੇ ਚਾਨਣ ਪਾਂਦਿਆਂ ਦਸਿਆ ਹੈ, "ਰਬ ਦੇ ਹੁਕਮ ਤੋਂ ਬਿਨਾਂ ਤੋਂ ਕੋਈ ਚੀਜ਼ ਵੀ ਵਜੂਦ ਵਿਚ ਨਹੀਂ ਆਉਂਦੀ।" ਇਥੋਂ ਤਕ ਕਿ, "ਉਸਦੇ ਹੁਕਮ ਬਿੰਨਾ ਪਤਾ ਵੀ ਨਹੀਂ ਝੁਲ ਸਕਦਾ।"

ਸਚ ਬੋਲਣਾ, ਗਊ ਰਖਿਆ ਕਰਨੀ, ਜੀਵ ਹਿੰਸਾ ਨਾ ਕਰਨੀ, ਮੰਦ ਕਰਮਾਂ ਤੋਂ ਬਚਣਾ, ਰੋਜ਼ ਮਰਾ ਦਾ ਸਤਿਸੰਗ। ਇਹ ਸਾਰੇ ਚੰਗੇ ਅਸੂਲ ਇਸ ਮੱਤ ਵਿਚ ਪਾਏ ਜਾਂਦੇ ਹਨ।

ਇਹ ਅਗਨੀ-ਪੂਜ ਹਨ। ਨਰਕ ਸਵਰਗ ਨੂੰ ਮੰਨਦੇ ਹਨ। ਲੱਕ ਨਾਲ ਕਸ਼ਤੀ ਬੰਨ੍ਹਦੇ ਹਨ। ਮ੍ਰਿਤਕ ਸਰੀਰ ਨੂੰ ਸਾੜਦੇ ਵੀ ਨਹੀਂ ਤੇ ਦਬਦੇ ਵੀ ਨਹੀਂ। ਜਲ ਪਰਵਾਹ ਵੀ ਨਹੀਂ ਕਰਦੇ ਸਗੋਂ ਖੁਲੀ ਫਜ਼ਾ ਵਿਚ ਮਾਸ ਖੋਰੇ ਪਸ਼ੂ ਪੰਛੀਆਂ ਲਈ ਰਖ ਦੇਂਦੇ ਹਨ ਤਾਂ ਜੋ ਕਿਸੇ ਦੇ ਕੰਮ ਆਵੇ।

ਇਸ ਮਤ ਦੇ ਧਾਰਨੀ (ਮੁਸਲਮਾਨਾਂ ਦੇ ਅਨ ਧਰਮਾਂ ਨਾਲ ਕੀਤੇ ਧਕੇ ਤੋਂ ਡਰਕੇ) ੭੨੧ ਈਸਵੀ ਸੰਨ ਵਿਚ ਹਿੰਦ ਵਿਚ ਦਾਖਲ ਹੋਏ। ਭਾਵੇਂ ਇਹ ਮੱਤ ਹਿੰਦ ਵਿਚ ਪੁਜਕੇ ਆਪਣਾ ਵਾਧਾ ਪਰਚਾਰ ਰਾਹੀਂ ਤਾਂ ਨਾ ਕਰ ਸਕਿਆ ਪਰ ਆਪਸੀ ਪਿਆਰ ਤੇ ਆਪਣੇ ਧਰਮ ਭਰਾਵਾਂ ਦੀ ਹਮਦਰਦੀ ਨੇ ਇਨ੍ਹਾਂ ਨੂੰ ਹੁਣ ਤਕ ਜੀਵਤ ਰਖਿਆ ਹੋਇਆ ਹੈ।

ਪਾਰਸੀ ਲੋਕ ਆਮ ਤੌਰ ਤੇ ਤਿਜਾਰਤ ਪੇਸ਼ਾ ਹਨ। ਕਾਫੀ ਧੰਨੀ ਹਨ। ਬੰਬਈ, ਅਹਿਮਦਾਬਾਦ, ਸੂਰਤ, ਬੜੋਦਾ ਆਦਿ ਸ਼ਹਿਰਾਂ ਵਿਚ ਇਨ੍ਹਾਂ ਦੀ ਕਾਫੀ ਵਸੋਂ ਹੈ।

ਗੁਰਮੱਤ

(੧) ਗੁਰਮੱਤ ਨੇਕੀ ਤੇ ਬਦੀ ਦੇ ਦੋ ਵਖ ਵਖ ਰਬ ਨਹੀਂ ਮੰਨਦਾ ਤੇ ਨਾ ਹੀ ਧਾਰਮਿਕ ਪੱਖ ਨੂੰ ਮਸ਼ੀਨੀ ਢੰਗ ਨਾਲ ਜਿਤਾ ਕੇ ਅੰਤ ਨੂੰ ਨੇਕੀ ਨੂੰ ਪ੍ਰਧਾਨ ਕਰਦਾ ਹੈ, ਸਗੋਂ ਹਰ ਯੁਧ ਵਿਚ ਆਉਂਦੇ ਕੁਦਰਤੀ ਉਤਾਰ ਚੜ੍ਹਾ ਵੇਖਦਾ ਹੈ। ਇਸ ਤਰ੍ਹਾਂ ਨੇਕੀ ਤੇ ਬਦੀ ਦੇ ਘੋਲ ਵਿਚ ਵੀ ਜਿਤ ਤੇ ਹਾਰ ਦਾ ਸਿਲਸਲਾ ਜਾਰੀ ਰਹਿੰਦਾ ਹੈ ਤੇ ਇਹ ਘੋਲ਼ ਓਦੋਂ ਤਕ ਜਾਰੀ ਰਹਿੰਦਾ ਹੈ ਜਦ ਤਕ ਸਚ ਵਿਜੇਈ ਨਹੀਂ ਹੋ ਜਾਂਦਾ। ਗੁਰਮੱਤ ਦਾ ਇਹਤਕਾਦ ਹੈ ਜੋ ਨੇਕੀ

ਬਦੀ ਦੀ ਜ਼ੰਗ ਵਿਚ ਆਖਰ ਜਿਤ ਸਚ ਦੀ ਹੀ ਹੁੰਦੀ ਹੈ :

"ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ"

(੨) ਧਰਮ ਯੁਧ ਦਾ ਚਾ ਵੀ ਗੁਰਮੱਤ ਦਾ ਇਕ ਵਿਸ਼ੇਸ਼ ਅੰਗ ਹੈ। ਪਰ ਇਹ ਧਰਮ ਯੁਧ ਆਪਣੇ ਮੱਤ ਦੇ ਫੈਲਾਓ ਲਈ ਨਹੀਂ ਕੀਤਾ ਜਾਂਦਾ। ਨਾ ਹੀ ਇਸ ਧਰਮ ਯੁਧ ਨੂੰ ਇਸਲਾਮ ਵਾਂਗ ਪਰਚਾਰ ਦਾ ਇਕ ਢੰਗ ਸਮਝ ਕੇ ਕੀਤਾ ਜਾਂਦਾ ਹੈ। ਇਹ ਧਰਮ ਯੁਧ ਆਪਣੀ ਕੌਮ ਨੂੰ ਉਚਾ ਚੁਕਣ ਤੇ ਸੁਖਾਲਾ ਕਰਨ ਲਈ ਦੂਜਿਆਂ ਤੇ ਰਾਜ ਕਰਨ ਲਈ ਵੀ ਨਹੀਂ ਕੀਤਾ ਜਾਂਦਾ ਸਗੋਂ ਆਪਣੇ ਜਾਂ ਦੂਜੇ ਦੇਸ਼ ਵਾਸੀਆਂ ਦੇ ਧਰਮ ਵਿਚ ਨਾਜਾਇਜ਼ ਤੇ ਹਿੰਸਕ ਵਿਹਾਰ ਕਰਨ ਵਾਲੇ ਜਾਬਰ ਹਾਕਮ, ਰਾਜੇ ਜਾਂ ਆਕਰਮਣੀ ਨਾਲ ਕੀਤਾ ਜਾਂਦਾ ਹੈ। ਵਧੀਕੀ ਕਰਕੇ ਪਹਿਲ ਨਹੀਂ ਕੀਤੀ ਜਾਂਦੀ ਸਗੋਂ ਸਦਾ ਬਚਾਓ ਦੀ ਸੂਰਤ ਇਖਤਿਆਰ ਕੀਤੀ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇਸ਼ ਵਿਚ ਮਾਯੂਸ ਹੋਈ ਗ਼ੁਲਾਮ ਜੰਤਾ ਨੂੰ ਉਤੇਜਤ ਕਰਨ ਲਈ ਵੀਰ ਗਾਥਾਵਾਂ ਲਿਖਦੇ ਹਨ ਤੇ ਅਨ ਧਰਮ ਦੇ ਵੀਰਾਂ ਦੇ ਸੋਹਿਲੇ ਵੀ ਗਾਂਦੇ ਹਨ ਪਰ ਜੇ ਕਰ ਉਹਨਾਂ ਕੋਲੋਂ ਪੁਛਿਆ ਗਿਆ ਕਿ ਉਨ੍ਹਾਂ ਇਹ ਕੁਝ ਕਿਉਂ ਕੀਤਾ ਹੈ ਤਾਂ ਯੁਕਤੀ ਪੂਰਬਕ ਉਤਰ ਦੇਂਦੇ ਹਨ :

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ ॥
ਅਵਰ ਵਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ ॥

(ਬ: ਨਾ: ਪਾ: ੧੦)

ਪਰ ਧਰਮ ਯੁਧ ਦੀ ਨੌਬਤ ਓਦੋਂ ਹੀ ਆਣੀ ਹੈ ਜਦੋਂ ਬਾਕੀ ਦੇ ਸਾਰੇ ਉਪਾਉ ਕਾਰਗਰ ਸਾਬਤ ਨਾ ਹੋ ਸ਼ਕਣ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

(ਜ਼ਫਰਨਾਮਾ ਪਾ: ੧੦)

(੩) ਹੁਕਮ ਦਾ ਸਿਧਾਂਤ

ਹੁਕਮ ਦਾ ਸਿਧਾਂਤ ਭਾਵੇਂ ਗੁਰਮੱਤ ਵਿਚ ਆਪਣੀ ਨਵੇਕਲੀ ਥਾਂ ਰਖਦਾ ਹੈ। ਇਹ ਗੁਰਮੱਤ ਵਿਚ ਹਿੰਦੂ ਮੱਤ ਦੇ ਪਰਭਾਵ ਹੇਠਾਂ ਨਹੀਂ ਆਇਆ ਕਿਉਂਕਿ ਹਿੰਦੂ ਮੱਤ ਕਰਮਾਂ ਦੇ ਸਿਧਾਂਤ ਨੂੰ ਦ੍ਰਿੜਾਂਦਾ ਹੈ ਤੇ ਹਰ ਘਟਨਾ ਨੂੰ ਕਰਮਾਂ ਨਾਲ ਜੋੜਦਾ ਹੈ। ਗੁਰਮੱਤ ਰਜ਼ਾ ਤੇ ਭਾਣੇ ਉਤੇ ਵਿਸ਼ਵਾਸ਼ ਰਖਦਾ ਹੈ ਤੇ ਕਰਮਾਂ ਨੂੰ ਵਾਹਿਗੁਰੂ ਜੀ ਦੇ ਅਟੱਲ ਹੁਕਮ ਨਾਲ ਹੀ ਸਬੰਧਤ ਕਰਦਾ ਹੈ। ਭਾਣਾ ਮੰਨਣਾ ਜਾਂ ਹੁਕਮ ਰਜ਼ਾਈ ਚਲਣਾ ਗੁਰਮੱਤ ਦਾ ਮੁਖ ਸਿਧਾਂਤ ਹੈ।

ਅਸੀਂ 'ਹੁਕਮ' ਦੇ ਸਿਰਲੇਖ ਹੇਠ ਪੰਜਵੇਂ ਭਾਗ ਵਿਚ ਉਚੇਚੀ ਵਿਚਾਰ ਕਰਾਂਗੇ। ਇਥੇ ਕੇਵਲ ਇਤਨਾ ਲਿਖਣਾ ਹੀ ਕਾਫੀ ਹੋਵੇਗਾ ਕਿ ਹੁਕਮ ਦੇ ਮਸਲੇ ਤੇ ਗੁਰਮੱਤ ਜਰਤੁਸ਼ਤ ਨਾਲ ਕਈ ਹਾਲਤਾਂ ਵਿਚ ਮਿਲਦਾ ਜੁਲਦਾ ਹੈ ਭਾਵੇਂ ਇਹ ਮੇਲ ਸੁਭਾਵਕ ਹੀ ਹੋ ਗਿਆ ਹੋਵੇ। ਹੁਕਮ ਦੇ ਸਿਧਾਂਤ ਤੇ ਸਵਿਸਥਾਰ ਗੁਰਮੱਤ ਦੇ ਵਿਚਾਰ ਛੇਵੇਂ ਭਾਗ ਵਿਚ ਪੜ੍ਹੋ।

(੪) ਰੋਜ਼ਮਰਾ ਦਾ ਸਤਿਸੰਗ ਕਰਨਾ ਗੁਰਮੱਤ ਦਾ ਇਕ ਵਿਸ਼ੇਸ਼ ਅੰਗ ਹੈ। ਜਿਥੇ ਸਿਖ ਲਈ ਜ਼ਾਤੀ ਤੌਰ ਤੇ ਨਿਤਨੇਮ ਕਰਨਾ ਜ਼ਰੂਰੀ ਹੈ ਉਥੇ ਸਤਿਸੰਗ ਕਰਨਾ ਵੀ ਓਨਾਂ ਹੀ ਲਾਜ਼ਮੀ ਹੈ। ਗੁਰੂ ਸਾਹਿਬ ਸਦਾ ਈਹੋ ਪਰਚਾਰ ਕਰਦੇ ਸਨ ਜਿਥੇ ਹੋ ਸਕੇ ਧਰਮਸਾਲ ਬਣਾਓ, ਸੰਗਤ ਕਾਇਮ ਕਰੋ, ਆਏ ਗਏ ਦੀ ਸੇਵਾ ਕਰੋ, ਵੰਡ ਛਕੋ, ਦਸਾਂ ਨੌਹਾਂ ਦੀ ਕਿਰਤ ਕਰੋ ਤੇ ਨਾਮ ਜਪੋ। ਨਾਮ ਜਪਣਾ, ਵੰਡ ਛਕਣਾ ਤੇ ਕਿਰਤ ਕਰਨੀ ਇਹ ਸਹਿਜ ਤੇ ਤ੍ਰੈ ਅੰਗੀ ਗੁਰੂ ਮਾਰਗ ਹੈ।

(੫) ਗੁਰਮੱਤ ਵਿਚ ਅਗਨੀ ਪੂਜਾ ਲਈ ਕੋਈ ਥਾਂ ਨਹੀਂ। ਮੁਰਦੇ ਨੂੰ ਸਾੜਨ, ਦਬਾਣ, ਜਲ ਪਰਵਾਹ ਕਰਨ, ਜਾਂ ਪਸ਼ੂਆਂ ਪੰਛੀਆਂ ਲਈ ਛਡ ਦੇਣ ਦਾ ਕੋਈ ਵਿਸ਼ੇਸ਼ ਸਿਧਾਂਤਕ ਪੱਖ ਨਹੀਂ। ਅਮੂਮਨ ਅਗਨ ਭੇਟ ਕਰ ਦੇਣਾ ਹੀ ਢੰਗਾ ਸਮਝਿਆ ਜਾਂਦਾ ਹੈ, ਜੋ ਧਾਰਮਕ ਨਹੀਂ ਸਗੋਂ ਸਫਾਈ ਤੇ ਸਿਹਤ ਦੇ ਅਸੂਲਾਂ ਅਨੁਸਾਰ ਵਧੇਰੇ ਵਿਗਿਆਨਕ ਹੈ।

◆

ਯਹੂਦੀ ਮੱਤ ਤੇ ਗੁਰਮੱਤ

ਯਹੂਦੀ ਮੱਤ ਵੀ ਕਤੇਬੀ ਮੱਤਾਂ ਵਿਚੋਂ ਇਕ ਨਾਮੀ ਮੱਤ ਹੈ। ਇਸ ਮੱਤ ਦੇ ਬਾਨੀ ਹਜ਼ਰਤ ਮੂਸਾ ਜੀ ਨੂੰ ਮਿਥਿਆ ਜਾਂਦਾ ਹੈ। ਤੌਟੇਤ ਇਸ ਮੱਤ ਦੀ ਧਾਰਮਕ ਪੁਸਤਕ ਹੈ।

ਹਜ਼ਰਤ ਮੂਸਾ, ਹਜ਼ਰਤ ਈਸ਼ਾ ਜੀ ਤੋਂ ਲਗਭਗ ਪੌਣੇ ਸੋਲ੍ਹਾਂ ਸਦੀਆਂ ਪਹਿਲੇ ਮਿਸਰ ਵਿਚ ਪੈਦਾ ਹੋਏ ਸਨ। ਇਹ ਹਜ਼ਰਤ ਇਸਮਾਈਲ ਜੀ ਦੀ ਵੰਸ ਵਿਚੋਂ ਸਨ। ਇਨ੍ਹਾਂ ਦੇ ਪਿਤਾ ਜੀ ਦਾ ਨਾਂ ਅਮਰਾਨ ਸੀ। ਜਦ ਆਪ ਪੈਦਾ ਹੋਏ ਤਾਂ ਉਸ ਸਮੇਂ ਫਰਔਨ ਬਾਦਸ਼ਾਹ ਮਿਸਰ ਤੇ ਰਾਜ ਕਰਦਾ ਸੀ। ਫਰਔਨ ਇਸਰਾਈਲ ਵੰਸ ਦੇ ਬਾਲਕਾਂ ਨੂੰ ਜਮਦਿਆਂ ਹੀ ਮਰਵਾ ਦੇਂਦੇ ਸੀ, ਇਸ ਕਰਕੇ ਇਨ੍ਹਾਂ ਦੀ ਮਾਤਾ ਨੇ ਇਨ੍ਹਾਂ ਨੂੰ ਤਿੰਨ ਮਹੀਨੇ ਲੁਕ ਛਿਪ ਕੇ ਪਾਲਣ ਮਗਰੋਂ ਇਕ ਸੰਦੂਕ ਵਿਚ ਬੰਦ ਕਰਕੇ ਨੀਲ ਦਰਿਆ ਵਿਚ ਟੋੜ ਦਿਤਾ ਸੀ। ਸਖੀਆਂ ਨਾਲ ਨੀਲ ਕੰਢੇ ਸੈਰ ਕਰਨ ਆਈ ਫਰਊਨ ਦੀ ਸ਼ਾਹਜ਼ਾਦੀ ਦੀ ਨਜ਼ਰ ਅਚਾਨਕ ਇਸ ਰੁੜ੍ਹਦੇ ਜਾਂਦੇ ਸੰਦੂਕ ਤੇ ਪੈ ਗਈ। ਉਸ ਨੇ ਜਦ ਸੰਦੂਕ ਖੋਹਲ ਕੇ ਇਸ ਖ਼ੂਬਸੂਰਤ ਮੁੰਡੇ ਨੂੰ ਵੇਖਿਆ ਤਾਂ ਘਰ ਲੈ ਗਈ ਤੇ ਆਪਣਾ ਪਾਲਿਤ ਬਣਾ ਲਿਆ। ਇਬਰਾਨੀ ਭਾਸ਼ਾ ਵਿਚ ਮਾਸ਼ਾਹ ਦੇ ਅਰਥ 'ਖਿਚਿਆ' ਹੈ। ਇਸ ਲਈ ਪਾਣੀ ਵਿਚੋਂ ਖਿਚ ਕੇ ਲਿਆਣ ਦੇ ਕਾਰਨ ਹੀ ਇਸ ਦਾ ਨਾਮ 'ਮੂਸਾ' ਰਖਿਆ ਗਿਆ।

ਚਾਲ੍ਹੀ ਵਰ੍ਹੇ ਦੀ ਉਮਰ ਵਿਚ ਹਜ਼ਰਤ ਮੂਸਾ ਅਰਬ ਵਲ ਆਏ ਤੇ ਘਰ ਗ੍ਰਸਥੀ ਬਣੇ। ਇਨ੍ਹਾਂ ਦਾ ਵਿਆਹ 'ਸਫੂਰ' ਨਾਂ ਦੀ ਇਕ ਕੁੜੀ ਨਾਲ ਹੋਇਆ ਜਿਸ ਵਿਚੋਂ ਆਪ ਜੀ ਦੇ ਘਰ ਇਕ ਬੇਟਾ ਜਨਮਿਆ ਜਿਸ ਦਾ ਨਾਮ 'ਗੋਰਸੋ' ਰਖਿਆ ਗਿਆ।

ਹਜ਼ਰਤ ਮੂਸਾ ਜੀ ਕੋਹਤੂਰ ਰਬ ਨਾਲ ਦਰ ਪਰਦਾ ਗੱਲਾਂ ਕੀਤਾ ਕਰਦੇ ਸਨ। ਇਸੇ ਪਰਬਤ ਤੇ ਆਪ ਜੀ ਨੂੰ ਗਿਆਨ ਹੋਇਆ ਸੀ। ਬਾਈਬਲ ਤੇ ਕੁਰਾਨ ਅਨੁਸਾਰ ਆਪ ਤੇ ਰੱਬੀ ਹੁਕਮ ਨਾਜ਼ਲ ਹੁੰਦੇ ਸਨ। ਇਹ ਵੀ ਲਿਖਿਆ ਹੈ ਜੋ ਹਜ਼ਰਤ ਨੇ ਇਕ ਵਾਰ ਲਗਾਤਾਰ ੪੦ ਦਿਨ ਰੋਜ਼ੇ ਰਖੇ ਸਨ ਤੇ ਰੱਬ

ਨਾਲ ਇਸ ਦੌਰਾਨ ਵਿਚ ਬੇਸ਼ੁਮਾਰ ਗਲਾਂ ਵੀ ਕੀਤੀਆਂ ਸਨ। ਕਹਿੰਦੇ ਨੇ ਰੱਬ ਨੇ ਪ੍ਰਸੰਨ ਹੋ ਕੇ ਆਪ ਜੀ ਨੂੰ ਆਪਣੀਆਂ ਉਂਗਲਾਂ ਨਾਲ ਲਿਖੀਆਂ ਸਲੇਟਾਂ ਤੇ ਇਕ ਕਰਾਮਾਤੀ ਸੋਟਾ ਵੀ ਬਖਸ਼ਿਆ ਸੀ।

ਬਾਈਬਲ ਵਿਚ ਖੁਦਾ ਵਲੋਂ ਇਨ੍ਹਾਂ ਨੂੰ ਹੇਠ ਲਿਖੀਆਂ ਦਸ ਹਦਾਇਤਾਂ ਮੌਸੂਲ ਹੋਈਆਂ :

(੧) ਕੇਵਲ ਮੈਨੂੰ ਹੀ ਰੱਬ ਜਾਣੀ। ਮੇਰੇ ਤੁਲ ਕਿਸੇ ਹੋਰ ਨੂੰ ਨਾ ਸਮਝੀਂ।
(੨) ਮੂਰਤੀ ਪੂਜਾ ਨਾ ਕਰੀਂ।
(੩) ਖੁਦਾ ਦਾ ਨਾਂ ਅਕਾਰਥ ਨਾ ਲਈਂ।
(੪) ਸਨਿਚਰ ਦਾ ਦਿਨ ਪਵਿਤ੍ਰ ਜਾਣ ਕੇ ਕੋਈ ਕੰਮ ਨਾ ਕਰੀਂ ਕਿਉਂਕਿ ਇਸ ਦਿਨ ਦੁਨੀਆਂ ਰਚਕੇ ਮੈਂ ਆਰਾਮ ਕੀਤਾ ਹੈ।
(੫) ਮਾਂ ਪਿਓ ਦਾ ਪੂਰਨ ਸਤਕਾਰ ਕਰੀਂ।
(੬) ਚੋਰੀ ਯਾਰੀ ਨਾ ਕਰੀਂ।
(੭) ਕਿਸੇ ਨੂੰ ਗ਼ੁਲਾਮ ਨਾ ਕਰੀਂ।
(੮) ਖ਼ੂਨ ਨਾ ਕਰੀਂ।
(੯) ਕਿਸੇ ਗਵਾਂਢੀ ਤੇ ਝੂਠੀ ਗਵਾਹੀ ਨਾ ਦੇਈਂ।
(੧੦) ਗਵਾਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰੀਂ।

ਯਹੂਦੀਆਂ ਨੂੰ ਮੋਜਜ਼ੇ ਵਿਖਾਣ ਕਰਕੇ ਹਜ਼ਰਤ ਮੂਸਾ ਨਬੀ ਮੰਨੇ ਗਏ। ਤੌਰੇਤ ਇਨ੍ਹਾਂ ਦੀ ਇਲਹਾਮੀ ਪੁਸਤਕ ਹੈ ਜੋ ਖੁਦਾ ਵਲੋਂ ਆਪ ਜੀ ਤੇ ਪਰਗਟ ਹੋਈ। ਹਾਰੂਨ ਆਪ ਦਾ ਪਹਿਲਾ ਚੇਲਾ ਸੀ।

ਯਹੂਦੀਆਂ ਦਾ ਪਹਿਲਾ ਬਾਦਸ਼ਾਹ 'ਸਾਲ' ਮੰਨਿਆਂ ਜਾਂਦਾ ਹੈ। ਸਾਲ ਦੀ ਸਲਤਨਤ ਮੂਸਾ ਦੇ ੧੨੦ ਵਰ੍ਹੇ ਦੀ ਉਮਰ ਭੋਗ ਕੇ ਉਸ ਦੇ ਮਰ ਜਾਣ ਬਾਹਦ ਕਾਇਮ ਹੋਈ। ਸਾਲ ਦੇ ਮਗਰੋਂ ਦੂਜਾ ਬਾਦਸ਼ਾਹ ਹਜ਼ਰਤ ਦਾਊਦ ਮਿਥਿਆ ਜਾਂਦਾ ਹੈ। ਹਜ਼ਰਤ ਦਾਊਦ ਨੇ ਵੀ ਪੈਗੰਬਰੀ ਦਾ ਦਾਹਵਾ ਕੀਤਾ। ਬਾਈਬਲ ਦੇ ਪੁਰਾਣੇ ਅਹਿਦਨਾਮੇ ਹਜ਼ਰਤ ਦਾਊਦ ਦੇ ਹੀ ਲਿਖੇ ਮੰਨੇ ਜਾਂਦੇ ਹਨ। ਇਸ ਤੋਂ ਮਗਰੋਂ ਸੁਲੇਮਾਨ ਹੁਕਮਰਾਨ ਹੋਇਆ। ਇਸ ਨੇ ਵੀ ਆਪਣੇ ਆਪ ਨੂੰ ਪੈਗੰਬਰ ਅਖਵਾਇਆ।

ਯਹੂਦੀ ਬਪਾਰ ਦੇ ਮੈਦਾਨ ਵਿਚ ਸਭ ਤੋਂ ਅਗੇ ਗਿਣੇ ਜਾਂਦੇ ਹਨ। ਆਮ ਤੌਰ ਤੇ ਇਹ ਲੋਕ ਹਜ਼ਰਤ ਇਬਰਾਹੀਮ, ਯਾਕੂਬ ਅਤੇ ਅਜ਼ਹਾਕ ਨੂੰ ਆਪਣਾ ਮੁਖੀ ਮਨਦੇ ਹਨ। ਸੁੰਨਤ ਕਰਦੇ ਹਨ। ਸਿਰ ਤੇ ਵਾਲਾਂ ਦਾ ਇਕ ਗੁਛਾ ਰਖਦੇ

ਹਨ। ਇਨ੍ਹਾਂ ਦੇ ਸਿਧਾਂਤ ਇਸ ਪ੍ਰਕਾਰ ਹਨ :

(ੳ) ਖ਼ੁਦਾ ਇਕ ਹੈ ਤੇ ਉਸ ਦਾ ਨਾਮ ਯਹੋਵਾ ਹੈ।

(ਅ) ਬਨੀ ਇਸਰਾਈਲ ਦੇ ਨਬੀ ਹਜ਼ਰਤ ਮੂਸਾ ਹਨ। ਉਨ੍ਹਾਂ ਰਬ ਨਾਲ ਗੱਲਾਂ ਕੀਤੀਆਂ ਸਨ। ਇਸਰਾਈਲੀ ਕੌਮ ਰਬ ਦੀ ਚੁਣੀ ਹੋਵੀ ਤੇ ਸਰਬ ਸ੍ਰੇਸ਼ਟ ਕੌਮ ਹੈ।

(ੲ) ਹਜ਼ਰਤ ਯਾਕੂਬ ਜੋ ਕੌਮ ਦੇ ਮੋਢੀ ਹਨ, ਨੂੰ ਰਬ ਨੇ ਕਈ ਵਰ ਦਿਤੇ ਸਨ ਜਿਨ੍ਹਾਂ ਤੋਂ ਇਹ ਸਪਸ਼ਟ ਸੀ ਕਿ ਉਹ ਇਸਰਾਈਲੀਆਂ ਦੀ ਸਦਾ ਹੀ ਰਖਿਆ ਕਰੇਗਾ ਤੇ ਵਧਦਾ ਫੁਲੇਦਾ ਰਖੇਗਾ।

(ਸ) ਜ਼ਾਨਵਰਾਂ ਦੀ ਕੁਰਬਾਨੀ ਦੇਣੀ ਇਕ ਅਧਿਆਤਮਕ ਕਰਮ ਹੈ। ਯਹੂਦੀ ਗ੍ਰੰਥਾਂ ਵਿਚ ਲਿਖਿਆ ਹੈ, ਹਾਰੂਨ ਨੇ ਕੁਰਬਾਨੀ ਦੇਣ ਲਈ ਕੁਰਬਾਨ ਗਾਹ ਬਣਾਈ ਉਸ ਨੇ ਇਹ ਕਹਿ ਕੇ ਢੰਡੋਰਾ ਦਿਤਾ ਕਿ ਕਲ ਖੁਦਾ ਦੀ ਈਦ ਹੈ। ਯਹੂਦੀ ਸਵੇਰੇ ਉਠੇ ਤੇ ਕੁਰਬਾਨੀਆਂ ਚੜ੍ਹਾਵੇ। ਉਨ੍ਹਾਂ ਸੇਖਤਨੀ ਕੁਰਬਾਨੀਆਂ ਚੜ੍ਹਾਈਆਂ। ਫਿਰ ਸਲਾਮਤੀ ਦੀਆਂ ਕੁਰਬਾਨੀਆਂ ਦਿਤੀਆਂ ਤੇ ਖਾਣ ਪੀਣ ਲਈ ਬੈਠ ਗਏ।

(ਹ) ਊਠ, ਸਿਹਾ ਅਤੇ ਸੂਰ ਦਾ ਮਾਸ ਅਪਵਿੱਤਰ ਹੈ ਇਸ ਲਈ ਹਰਾਮ ਹੈ। ਉਕਾਬ, ਇਲ, ਗਿਰਝ, ਕਾਂ, ਸ਼ੁਤਰ ਮੁਰਗ, ਬਗਲਾ, ਉਲੂ, ਚਕੀਰਾਹ, ਚਮਗਿਦੜ ਦਾ ਮਾਸ ਖਾਣਾ ਵਵਰਜਿਤ ਹੈ। ਹੋਰ ਹਰ ਤਰ੍ਹਾਂ ਦਾ ਮਾਸ ਖਾਣਾ ਹਲਾਲ ਹੈ।

(ਕ) ੪੦ ਰੋਜ਼ੇ ਰਖਣੇ ਜ਼ਰੂਰੀ ਹਨ।

(ਖ) ਸੁੰਨਤ ਕਰਵਾਣੀ ਜ਼ਰੂਰੀ ਅਮਰ ਹੈ।

(ਗ) ਹਰ ਮਸੱਈ ਲਈ ਸੱਤ ਨਮਾਜ਼ਾਂ ਪੜ੍ਹਨੀਆਂ ਲਾਜ਼ਮੀ ਹਨ।

ਨੋਟ—(੧) ਹਜ਼ਰਤ ਮੂਸਾ ਤੇ ਹਜ਼ਰਤ ਈਸਾ ਦੇ ਵਿਚਲੇ ਹਜ਼ਾਰ ਕੁ ਵਰ੍ਹੇ ਵਿਚ ਖ਼ੁਦਾ ਵਲੋਂ ਪਰਜਾ ਲਈ ਜੋ ਹੁਕਮ ਨਾਜ਼ਲ ਹੋਏ। ਉਨ੍ਹਾਂ ਦੇ ਸੰਗ੍ਰਹਿ ਦਾ ਨਾਮ ਜ਼ੰਬੂਰ ਹੈ।

(੨) ਯਹੂਦੀ ਲੋਕ ਹਜ਼ਰਤ ਈਸਾ ਤੇ ਮੁਹੰਮਦ ਸਾਹਿਬ ਨੂੰ ਆਪਨਾ ਪੈਗੰਬਰ ਨਹੀਂ ਮੰਨਦੇ ਪਰ ਮੁਸਲਮਾਨ ਤੇ ਈਸਾਈ ਹਜ਼ਰਤ ਮੂਸਾ ਨੂੰ ਨਬੀ ਮੰਨਦੇ ਹਨ।

(ਘ) ਦਾਨ। ਆਪਨੇ ਖੇਤਾਂ ਵਿਚ ਹੋਏ ਅਨਾਜ ਦਾ ਦਸਵਾਂ ਹਿਸਾ ਵਫ਼ਾਦਾਰੀ ਨਾਲ ਖ਼ੁਦਾ ਦੇ ਨਾਂ ਤੇ ਇਕ ਪਾਸੇ ਕਢਣਾ।

(ਙ) ਜੇ ਕਦੀ ਕੋਈ ਗੁਲਾਮ ਮੁਲ ਖਰੀਦੋ ਤਾਂ ਉਸਨੂੰ ਛੇ ਸਾਲ ਰਖ ਕੇ ਸਤਵੇਂ ਸਾਲ ਆਜ਼ਾਦ ਕਰ ਦਿਓ।

(ਚ) ਕਿਸੇ ਕੁਆਰੀ ਲੜਕੀ ਤੇ ਝੂਠਾ ਦੋਸ਼ ਲਾਣ ਵਾਲੇ ਨੂੰ ੧੦੦) ਰੁਪਏ ਡੰਡ ਲਾਕੇ ਲੜਕੀ ਦੇ ਪਿਓ ਨੂੰ ਦਿਵਾਓ ਪਰ ਜੇ ਲੜਕੀ ਦੋਸ਼ੀ ਨਿਕਲੇ ਤਾਂ ਉਸ ਨੂੰ ਸੰਗਸਾਰ ਕਰੋ।

(ਛ) ਯਹੂਦੀਆਂ ਦਾ ਇਕ ਬਾਦਸ਼ਾਹ ਕਾਇਮ ਕਰੋ।

ਗੁਰਮਤ

ਗੁਰਮੱਤ ਦਾ ਸਿਧਾ ਬਬੰਧ ਯਹੂਦੀ ਮਤ ਨਾਲ ਭਾਵੇਂ ਕੋਈ ਨਹੀਂ, ਪਰ ਫੇਰ ਵੀ ਕਿਧਰੇ ਕਿਧਰੇ ਸੁਭਾਵਕ ਮੇਲ ਜਾਪਦਾ ਹੈ:

ਜਿਵੇਂ ਯਹੂਦੀ ਰੱਬ ਨੂੰ ਵਾਹਿਦੁੱਲਸ਼ਰੀਕ ਸਮਝਦਾ ਹੈ, ਜੋ ਹਦਾਇਤ ਨੰ: ੧ "ਕੇਵਲ ਮੈਨੂੰ ਹੀ ਰਬ ਜਾਣੀ, ਮੇਰੇ ਤੁਲ ਕਿਸੇ ਹੋਰ ਨੂੰ ਨਾ ਸਮਝੀਂ।" ਗੁਰਮੱਤ ਵੀ ਅਕਾਲ ਪੁਰਖ ਨੂੰ ਲਾ-ਸ਼ਰੀਕ ਤੇ ਇਕੋ ਇਕ ਹੀ ਮੰਨਦਾ ਹੈ। ਪਰ ਗੁਰਮੱਤ ਦਾ ਰੱਬ ਅਰੂਪ ਤੇ ਅਨਾਮ ਹੈ:

ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨ ਕੋ ਹੋਇ ॥੩॥
(ਆਸਾ ਮ: ੧)

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ।
(ਰਾਮਕਲੀ ਮ: ੧ ਦਖਣੀ ਓਅੰਕਾਰ)

ਇਕ ਬਿਨ ਦੂਸਰ ਸੋਨ ਚਿਨਾਰ ॥
(ਦੇਵਗੰਧਾਰੀ ਪਾ: ੧੦)

ਤਿਸਹਿ ਸਰੀਕੁ ਨਾਹੀ ਰੇ ਕੋਈ ॥ ਕਿਸ ਹੀ ਬੂਤੈ ਜਬਾਬੁ ਨ ਹੋਈ ॥
(ਮਾਰੂ ਸੋਲਹੇ ਮ: ੫)

ਤਿਸਕਾ ਸਰੀਕੁ ਕੋ ਨਾਹੀ ਨਾ ਕੋ ਕੰਟਕ ਵੈਰਾਈ ॥
(ਵਾਰ ਵਡਹੰਸ ਮ: ੩)

ਮੂਰਤੀ ਪੂਜਾ

ਗੁਰਮੱਤ ਵਿਚ ਵੀ ਮੂਰਤੀ ਪੂਜਾ ਵਿਵਰਜਤ ਹੈ। ਪਿਛੇ ਗੀਤਾ ਤੇ ਗੁਰਮੱਤ ਦਾ ਵਿਚਾਰ ਕਰਦਿਆਂ ਇਸ ਮਸਲੇ ਤੇ ਅਸੀਂ ਕਾਫੀ ਵਿਚਾਰ ਕਰ ਚੁਕੇ ਹਾਂ। ਮੁੜ ਕੇ ਦੋਹਰਾਣਾ ਠੀਕ ਨਹੀਂ। ਵਿਸਥਾਰ ਲਈ ਉਪਰੋਕਤ ਲੇਖ ਪੜ੍ਹ ਲੈਣਾ।

(੩) ਖ਼ੁਦਾ ਦਾ ਨਾਂ ਲੈਣਾ ਕਦੇ ਵੀ ਅਕਾਰਥ ਨਹੀਂ ਹੁੰਦਾ। ਸਿਖ ਨੇ ਅਠੇ

ਪਹਿਰ ਹਰੀ ਦੇ ਗੁਣ ਗਾਣੇ ਹਨ ਤੇ ਸ੍ਵਾਸ ਸ੍ਵਾਸ ਸਿਮਰਨ ਕਰਨਾ, ਸਗੋਂ ਰੋਮ ੨ ਹਰ ਧਿਆਵਣਾ ਹੈ।

ਸਿਮਰਿ ਸਿਮਰਿ ਨਾਮ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥ ੨ ॥ ੨੪ ॥
(ਗਉੜੀ ਸੁਖਮਨੀ ਮ: ੫)

ਉਠੰਦਿਆਂ ਬਹੰਦਿਆਂ ਸਵੰਦਿਆਂ ਸੁਖ ਹੋਇ ॥
ਨਾਨਕ ਨਾਮਿ ਸਾਲਾਹੀਐ ਮਨੁ ਤਨੁ ਸੀਤਲੁ ਹੋਇ ॥
(ਸਲੋਕ ਮ: ੫ ਵਾਰ ਗਉੜੀ ਮ: ੫)

ਜੋ ਪ੍ਰਾਨੀ ਨਿਸਦਿਨ ਭਜੈ ਰੂਪ ਰਾਮ ਤਿਹ ਜਾਨੁ ॥
ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨ ॥ ੨੯ ॥
(ਸਲੋਕ ਮ: ੯)

ਗੁਰਮੁਖੁ ਰੋਮ ਰੋਮ ਹਰਿ ਧਿਆਵੈ ॥ ਗੁਰਮੁਖ ਸਗਲੀ ਗਣਤ ਮਿਟਾਵੈ ॥
(ਰਾਮ ਕਲੀ ਸਿਧਗੋਸਟ ਮ: ੧)

(੪) ਸਨੀਚਰਵਾਰ ਦੀ ਪਵਿਤਰਤਾ

ਗੁਰਮਤਿ ਅਨੁਸਾਰ ਕਿਸੇ ਇਕ ਦਿਨ, ਵਾਰ, ਮਹੀਨੇ ਯਾ ਥਿਤ ਨੂੰ ਪਵਿਤ੍ਰ ਨਹੀਂ ਮੰਨਿਆ ਜਾਂਦਾ। ਸਾਰੇ ਦਿਨ ਵਾਰ, ਥਿਤਾਂ ਇਕੋ ਜਹੀਆਂ ਹਨ। ਲੋੜ ਹੈ ਅਕਾਲ ਪੁਰਖ ਦੀ ਮੇਹਰ ਦੀ।

ਮਾਹ ਦਿਵਸ ਮੂਰਤ ਭਲ਼ੇ ਜਿਨ ਕਉ ਨਦਰਿ ਕਰੇ ॥
ਨਾਨਕ ਮੰਨੈ ਦਰਸੁ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ ॥
(ਬਾਰਹ ਮਾਹਾ ਮਾਝ ਮ: ੫)

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ ॥
ਘੜੀ ਮੂਰਤ ਪਰਤ ਪਲ ਸਾਹੇ ਆਏ ਸਹਜਿ ਮਿਲੇ ॥ ੧੭ ॥ ੧ ॥
(ਬਾਰਾਮਾਹ ਤੁਖਾਰੀ ਮ: ੧)

(੫) ਮਾਂ ਪਿਓ ਦਾ ਸਤਿਕਾਰ

ਮਾਤਾ ਪਿਤਾ ਦਾ ਸਤਿਕਾਰ ਇਕ ਆਚਰਨਕ ਤੇ ਸਮਾਜਿਕ ਫਰਜ਼ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

ਮਾ ਪਿਉ ਪਰਹਰ ਸੁਣੈ ਵੇਦ ਭੇਦ ਨ ਜਾਣੈ ਕਥਾ ਕਹਾਣੀ ॥
ਮਾ ਪਿਉ ਪਰਹਰ ਕਰੈ ਤਪ ਵਣਖੰਡ ਭੁਲਾ ਫਿਰਾ ਬਿਬਾਣੀ ॥
ਮਾ ਪਿਉ ਪਰਹਰ ਕਰੈ ਪੂਜ ਦੇਵੀ ਦੇਵ ਨ ਸੇਵ ਕਮਾਣੀ ॥
ਮਾ ਪਿਉ ਪਰਹਰ ਨ੍ਹਾਵਣਾ ਅਠਸਠ ਤੀਰਥ ਘੂਮਣਵਾਣੀ ॥

ਮਾ ਪਿਉ ਪਰਹਰ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ ॥
ਮਾਂ ਪਿਉ ਪਰਹਰ ਵਰਤ ਕਰ ਮਰ ਮਰ ਜਮੈ ਭਰਮ ਭੁਲਾਣੀ ॥
ਗੁਰ ਪਰਮੇਸ਼ਰ ਸਾਰ ਨ ਜਾਣੀ ॥ ੧੩ ॥ ੩੭ ॥

ਪਿਤਾ ਨੂੰ ਤ੍ਰਿਸਕਾਰ ਭਰੇ ਬਚਨ ਕਹਿਣਾ ਗੁਨਾਹ ਮੰਨਿਆ ਗਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਉਪਦੇਸ਼ਦੇ ਹਨ।

ਕਾਹੇ ਪੂਤ ਝਗਰਤ ਹੌ ਸੰਗ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥
(ਸਾਰੰਗ ਮ: ੪)

(੬) ਚੋਰੀ ਯਾਰੀ ਨਾ ਕਰਨੀ

ਚੋਰੀ ਯਾਰੀ ਨਾ ਕਰਨੀ ਸਦਾਚਾਰਕ ਲਕਸ਼ ਹਨ। ਗੁਰਮੱਤ ਵਿਚ ਇਨ੍ਹਾਂ ਨੂੰ ਕੇਵਲ ਵਵਰਜਿਤ ਹੀ ਨਹੀਂ ਕੀਤਾ ਗਿਆ, ਸਗੋਂ ਭਾਰੀ ਗੁਨਾਹ ਸਮਝਿਆ ਗਿਆ। ਇਥੋਂ ਤਕ ਕਿ ਪਰ-ਇਸਤ੍ਰੀ ਗਮਨ ਇਕ ਸਿਖ ਨੂੰ ਪੱਤਤ ਕਰ ਦੇਂਦਾ ਹੈ ਤੇ ਸਿਖੀਉਂ ਖਾਰਜ ਕਰ ਦੇਂਦਾ ਹੈ। ਇਸ ਲਈ ਇਥੋਂ ਤਕ ਹਦਾਇਤ ਹੈ:

ਪਰ ਤ੍ਰਿਆ ਰੂਪ ਨ ਪੇਖੈ ਨੇਤ੍ਰ ॥ ੧ ॥ ੬ ॥
(ਗਉੜੀ ਸੁਖਮਨੀ ਮ: ੫)
ਜੈਸੇ ਸੰਗੁ ਬਿਸੀਅਰੁ ਸਿਉ ਹੈ ਰੇ ਤੈਸੇ ਹੀ ਇਹ ਪਰ ਗ੍ਰਿਹੁ ॥ ੨ ॥

ਹੋਰ ਤਾਂ ਹੋਰ, ਸਿਖ ਲਈ ਸੁਪਨਾਤਰ ਪਰਤ੍ਰਿਅ ਸੇਜ ਮਾਣਨੀ ਵੀ ਵਿਵਰਜਿਤ ਹੈ:

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤਾ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸੰਗ ਨੇਹ ਤੁਮ ਨਿਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂ ਨ ਜੈਯਹੁ ॥ ੫੧ ॥

ਜਿਥੇ ਤਕ ਪਰਾਏ ਧਨ ਦੀ ਗਲ ਹੈ, ਉਸ ਵਲ ਅੱਖ ਚੁਕ ਕੇ ਵੇਖਣਾ ਵੀ ਵਿਵਰਜਤ ਹੈ:

ਅਖੀ ਸੂਤਕੁ ਵੇਖਣਾ ਪ੍ਰਤ੍ਰਿਯ ਪਰਧਨ ਰੂਪ ॥ ੩ ॥ ੧੮ ॥
(ਵਾਰ ਆਸਾ ਮ: ੧)

ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥
ਉਸ ਸੂਅਰ ਉਸ ਗਾਇ ਹੈ ਪਰਧਨ ਹਿੰਦੂ ਮੁਸਲਮਾਣੈ ॥ ੧੫ ॥ ੧੯ ॥

(ਵਾਰ ਭਾਈ ਗੁਰਦਾਸ ਜੀ ਦੀ)

ਪਰ ਧਨ ਪਰ ਦਾਰਾ ਪਰ ਹਰੀ ॥ ਤਾਕੈ ਨਿਕਟਿ ਬਸੈ ਨਰ ਹਰੀ ॥

[ਭੈਰਉ ਨਾਮਦੇਵ ਜੀ]

(੭) ਜਿਥੇ ਤਕ ਕਿਸੇ ਨੂੰ ਗੁਲਾਮ ਕਰਨ ਦਾ ਸਵਾਲ ਹੈ। ਸਿਖ ਗਰੀਬ ਪਰਵਰ ਹੈ, ਉਸ ਨੂੰ ਜੀਅ ਤੇ ਦਯਾ ਕਰਨ ਦਾ ਉਪਦੇਸ਼ ਦਿਤਾ ਗਿਆ ਹੈ। ਉਹ ਨਾ ਕਿਸੇ ਦਾ ਭੈ ਮੰਨਦਾ ਹੈ ਤੇ ਨਾ ਕਿਸੇ ਨੂੰ ਭੈ ਦੇਂਦਾ ਹੈ। ਉਹ ਵਡਿਆਂ ਕੋਲੋਂ ਨੀਵਿਆਂ ਨਾਲ ਪਿਆਰ ਕਰਦਾ ਹੈ ਤੇ ਨੀਚਾਂ ਦਾ ਸਾਥੀ ਹੈ, ਇਸ ਲਈ ਕਿਸੇ ਨੂੰ ਗੁਲਾਮ ਬਨਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ :

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ੧੨ ॥

[ਬਾਰਹ ਮਾਝ ਮ: ੫)

ਖਾਲਸਾ ਹੋ ਹੀ ਉਹ ਸਕਦਾ ਹੈ ਜੋ :

ਖਾਲਸਾ ਸੋਇ ਜੁ ਨਿੰਦਾ ਤਿਆਗੇ ॥ ਖਾਲਸਾ ਸੋਇ ਲੜੇ ਹ੍ਵੈ ਆਗੇ ॥
ਖਾਲਸਾ ਸੋ ਪਰਦ੍ਰਿਸਟ ਤਿਆਗੇ ॥ ਖਾਲਸਾ ਸੋਇ ਨਾਮ ਰਤਿ ਲਾਗੇ ॥
ਖਾਲਸਾ ਸੋਇ ਗੁਰੂ ਹਿਤ ਲਾਵੈ ॥ ਖਾਲਸਾ ਸੋਇ ਸਾਰ ਮੁਖ ਖਾਵੈ ॥
ਖਾਲਸਾ ਸੋ ਨਿਰਧਨ ਕੋ ਪਾਲੈ ॥ ਖਾਲਸਾ ਸੋਇ ਦੁਸ਼ਟ ਕੋ ਗਾਲੈ ॥

[ਤਨਖਾਹ ਨਾਮਾ ਭਾਈ ਨੰਦ ਲਾਲ]

ਖਾਲਸਾ ਤਾਂ ਸਾਰੇ ਸੰਸਾਰ ਨਾਲ ਇਕੋ ਜਿਹਾ ਹਿਤ ਰਖਦਾ ਹੈ। ਜਿਸ਼ਦਾ ਆਦਰਸ਼ ਹੋਵੇ :

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਂਹ ਲੁਡਾਈਐ ॥ ੪ ॥ ੩੩ ॥

(ਸ੍ਰੀ ਰਾਗ ਮ: ੧ ਚਉਪਦਾ)

ਭਲਾ ਉਹ ਖ਼ੂਨ ਕਿਵੇਂ ਕਰ ਸਕਦਾ ਹੈ, ਗਵਾਂਢੀ ਜਾਂ ਅਣਗਵਾਂਢੀ ਨਾਲ ਕਿਵੇਂ ਧ੍ਰੋਹ ਕਰ ਸਕਦਾ ਹੈ, ਜਾਂ ਉਸਦੀ ਕਿਸੀ ਚੀਜ਼ ਦਾ ਲਾਲਚ ਕਿਸਤਰ੍ਹਾਂ ਕਰ ਸਕਦਾ ਹੈ।

ਕੁਰਬਾਨੀ

ਸਿਖ ਧਰਮ, ਭਾਵ ਗੁਰਮਤ ਵਿਚ ਹਰ ਕਿਸਮ ਦੀ ਜੀਵ ਕੁਰਬਾਨੀ ਜਾਂ ਬਲੀ ਦੇਣੀ ਮਨ੍ਹਾ ਹੈ। ਗੁਰਸਿਖ ਨੇ ਤਾਂ ਪਰਉਪਕਾਰ ਹਿਤ ਸਗਵਾਂ ਆਪਣਾ ਆਪ ਕੁਰਬਾਨ ਕਰ ਦੇਣਾ ਹੈ। ਸੇਵਾ ਕਰਕੇ ਵੀ ਕਿਸੇ ਫਲ ਦੀ ਇਛਾ

ਨਹੀਂ ਕਰਨੀ। ਜਿਸਦਾ ਮਾਰਗ ਹੀ ਪ੍ਰੇਮ ਹੈ। ਜਿਸ ਲਈ ਹੁਕਮ ਹੀ ਇਹ ਹੈ ਕਿ ਉਹ ਸਤਿਗੁਰੂ ਦੀ ਪ੍ਰੇਮ ਗਲੀ ਵਿਚ ਸਿਰ ਤਲੀ ਤੇ ਰਖਕੇ ਆਏ, ਉਹ ਤਾਂ ਆਪ ਹੀ ਕੁਰਬਾਨ ਹੋ ਗਿਆ ਹੈ, ਜਿਸਦਾ ਆਪਣਾ ਰਿਹਾ ਹੀ ਕੁਝ ਨਹੀਂ। ਜਿਸ ਨੇ ਤਨ, ਮਨ ਤੇ ਧਨ ਪਹਿਲਾਂ ਹੀ ਗੁਰੂ ਨੂੰ ਸੌਂਪ ਦਿਤਾ ਹੈ। ਜਿਸਦਾ ਸਭੋ ਕੁਝ ਗੁਰੂ ਦੀ ਮਲਕੀਅਤ ਹੈ। ਉਸ ਨੇ ਫੇਰ ਹੋਰ ਕਿਹੜੀ ਕੁਰਬਾਨੀ ਦੇਣੀ ਹੈ।

ਰੋਜ਼ੇ

ਸਿਖ ਧਰਮ ਵਿਚ ਅੰਨ ਛਡ ਵਰਤ ਰਖਣੇ ਜਾਂ ਫਾਕੇ ਕਟਣੇ ਵਿਵਰਜਤ ਹਨ:

> ਵਰਤ ਨ ਰਹਉ ਨ ਮੈ ਰਮਦਾਨਾ '।
>
> (ਭੈਰਉ ਮਃ ੫)

ਗੁਰਮਤ, ਸੀਲ, ਸੰਜਮ ਤੇ ਸੰਤੋਖ ਧਾਰਨ ਕਰਨ ਨੂੰ ਅਸਲੀ ਰੋਜ਼ਾ ਤਸੱਵਰ ਕਰਦੀ ਹੈ।

ਸੁੰਨਤ

ਸੁੰਨਤ ਕਰਨ ਨੂੰ ਮੂਸਾਈ (ਯਹੂਦੀ) ਖੁਦਾਈ ਨੇਮ ਸਮਝਦੇ ਹਨ। ਉਹਨਾਂ ਦੀ ਧਰਮ ਪੁਸ਼ਤਕ ਤੌਰੇਤ ਵਿਚ ਲਿਖਿਆ ਹੈ।

ਯਹੋਵਾ (ਖੁਦਾ) ਨੇ ਹਜ਼ਰਤ ਇਬਰਾਹੀਮ ਨੂੰ ਆਖਿਆ ਕਿ ਤੂੰ ਤੇ ਤੇਰੇ ਸਾਰੇ ਹੋਣ ਵਾਲੇ ਵੰਸੀ ਪੀੜ੍ਹੀ ਦਰ ਪੀੜ੍ਹੀ ਮੇਰਾ ਨੇਮ ਮੰਨੋ। ਤੇ ਮੇਰਾ ਉਹ ਨੇਮ, ਜਿਸ ਨੂੰ ਤੂੰ ਤੇ ਤੇਰੀ ਵੰਸ ਨੇ ਮੰਨਣਾ ਹੈ, ਉਹ ਇਹ ਹੈ ਕਿ ਤੁਹਾਤੇ ਵਿਚ ਹਰ ਕੋਈ ਖੁਤਨਾ ਕਰੇ, ਭਾਵ ਆਪਨੇ ਨਫਸੀ ਲਿੰਗ ਦੀ ਵਧੀ ਹੋਈ ਖਲੜੀ ਕਟੇ। ਤੇ ਇਹ ਮੇਰੇ ਤੁਹਾਡੇ ਸਬੰਧ ਦੀ ਨਿਸ਼ਾਨੀ ਮੰਨੀ ਜਾਏਗੀ। ਅਰ ਤੁਹਾਡੀ ਨਸਲ ਵਿਚ ਰਹੇਗੀ। ਘਰ ਜੰਮੇ ਨਰ ਬਚੇ ਦਾ ਖੁਤਨਾ ੬੧ਵੇਂ ਦਿਨ ਕੀਤਾ ਜਾਣਾ ਲਾਜ਼ਮੀ ਹੈ। ਮੁਲ-ਖਰੀਦ ਗੈਰ ਵੰਸੀ ਪੁਰਖ ਦਾ ਖੁਤਨਾ ਹੋਣਾ ਵੀ ਜ਼ਰੂਰੀ ਹੈ। ਇਹ ਨੇਮ ਮੇਰੇ ਤੇ ਤੁਹਾਡੇ ਸਬੰਧ ਦਾ ਸੂਚਕ ਹੋਵੇਗਾ ਤੇ ਪਕੀ ਨਿਸ਼ਾਨੀ ਠਹਿਰਾਈ ਜਾਵੇਗੀ। ਖੁਤਨਾ ਨਾ ਕਰਨ ਵਾਲਾ ਮੇਰੇ ਨੇਮ ਨੂੰ ਤੋੜੇਗਾ, ਇਸ ਲਈ ਉਸਦਾ ਨਾਮ ਮੇਰੇ ਸਬੰਧਕਾਂ ਵਿਚੋਂ ਕਟਿਆ ਜਾਵੇਗਾ।

(ਤੌਰੇਤ ਪੁਰਵ ੧੦ ਅ: ੯ ਤੇ ੧੫ ਤਕ ਦੇ ਆਧਾਰ ਤੇ)

ਗੁਰਮਤ ਅਨੁਸਾਰ ਸਰੀਰ ਨੂੰ ਕਿਸੇ ਪਰਕਾਰ ਵੀ ਛੇਦਣਾ ਵਿਵਰਜਿਤ

ਹੈ । ਅਗਲੀ ਸੁੰਨਤ ਤਾਂ "ਸ਼ਰਮ" ਦੀ ਹੈ । ਗੁਰਮਤ "ਸੁੰਨਤਿ ਸੀਲ ਬੰਧਾਨ ਬਰਾ" ਦੀ ਲਖਾਇਕ ਹੈ ।

ਦਾਨ

ਗੁਰਮਤ ਵਿਚ ਵੀ ਦਸਵੰਦ ਗੁਰੂ ਹਿਤ ਦੇਣ ਦੀ ਹਦਾਇਤ ਹੈ । ਇਹ ਦਸਵੰਦ ਕੇਵਲ ਖੇਤਾਂ ਵਿਚ ਪੈਦਾ ਹੋਏ ਅਨਾਜ ਤਕ ਹੀ ਸੀਮਤ ਨਹੀਂ, ਸਗੋਂ ਕੁਲ ਆਮਦਨ ਦਾ ਦਸਵਾਂ ਹਿਸਾ ਗੁਰੂ ਨਮਿਤ ਕਢਣਾ ਹੈ ।

ਸੰਖੇਪ ਵਿਚ ਇਹ ਕਹਿਣਾ ਉਚਿਤ ਹੈ ਜੋ ਗੁਰਮਤ ਵਿਚ ਯਹੂਦੀ ਮੱਤ ਦੀਆਂ ਕਈ ਗਲਾਂ ਸੁਭਾਵਕ ਹੀ ਆ ਗਈਆਂ ਹਨ, ਪਰ ਫੇਰ ਵੀ ਗੁਰਮੱਤ ਇਕ ਨਵੀਨ, ਦਾਰਸ਼ਨਕ ਤੇ ਅਧਿਆਤਮਕ ਮਤ ਹੈ ।

●

ਈਸਾਈ ਮਤ ਤੇ ਗੁਰਮਤ

ਆਦਮ ਗਿਣਤੀ ਦੇ ਲਿਹਾਜ਼ ਤੇ ਈਸਾਈ ਮਤ ਸੰਸਾਰ ਦੇ ਸਮੂਹ ਧਰਮਾਂ ਨਾਲੋਂ ਵਡਾ ਕਿਹਾ ਜਾ ਸਕਦਾ ਹੈ। ਈਸਾਈਆਂ ਦੀ ਜਨ ਸੰਖਿਆ ਲਗ ਭਗ ਇਕ ਅਰਬ ਕਹੀ ਜਾਂਦੀ ਹੈ ਜੋ ਸਾਰੀ ਦੁਨੀਆਂ ਦੀ ਆਦਮ-ਗਿਣਤੀ ਦਾ ੨੮.੫੦ ਪ੍ਰਤੀਸ਼ਤ ਹੈ। ਬਾਕੀ ਮਤਾਂ ਵਾਂਗ ਇਹ ਧਰਮ ਵੀ ਏਸ਼ੀਆ ਦਾ ਹੀ ਜਮੌੜ ਹੈ।

ਏਸ਼ੀਆ ਨੂੰ ਸਾਰੇ ਸੰਸਾਰ ਵਿਆਪੀ ਧਰਮਾਂ ਦੀ ਮਾਂ ਕਿਹਾ ਜਾਂਦਾ ਹੈ। ਇਸ ਮਹਾਂ ਦੀਪ ਨੂੰ ਇਸ ਗੱਲ ਦਾ ਫਖਰ ਹਾਸਲ ਹੈ ਕਿ ਸਾਰੇ ਵਿਸ਼ਵ ਧਰਮਾਂ ਦਾ ਜਨਮ ਇਸ ਦੀ ਕੁਖੋਂ ਹੀ ਹੋਇਆ ਹੈ। ਇਸ ਲਈ ਇਨ੍ਹਾਂ ਨੂੰ ਏਸ਼ੀਆ ਦੇ ਬੱਚੇ (Children of Asia) ਆਖ ਕੇ ਸਨਮਾਨਿਆਂ ਜਾਂਦਾ ਹੈ। ਈਸਾਈ ਮਤ ਵੀ ਅਜ ਤੋਂ ਕੋਈ ਦੋ ਹਜ਼ਾਰ ਵਰ੍ਹੇ ਪਹਿਲਾਂ ਏਸ਼ੀਆ ਵਿਚੋਂ ਹੀ ਜਨਮਿਆ।

ਸੰਸਾਰ ਦੇ ਸਾਰੇ ਧਰਮਾਂ ਦੀਆਂ ਦੋ ਮੁਖ ਵੰਡਾਂ ਕੀਤੀਆਂ ਜਾ ਸਕਦੀਆਂ ਹਨ ਤੇ ਓਹ ਇਸ਼ ਪ੍ਰਕਾਰ ਹਨ :

(੧) ਭਾਰਤ ਦਾ ਬ੍ਰਾਹਮਣ ਜਾਂ ਆਰੀਅਨ ਮਤ।

(੨) ਸੋਮੈਟਿਕ, ਇਬ੍ਰਾਨੀ ਜਾਂ ਇਸਮਾਈਲੀ, ਇਬ੍ਰਾਹੀਮ ਤੇ ਯਾਕੂਬ ਦੀ ਸੰਤਾਨ ਨੂੰ ਬਨੀ (ਔਲਾਦ) ਇਸਮਾਈਲ ਵੀ ਕਿਹਾ ਜਾਂਦਾ ਹੈ। ਕਿਨਾਨ ਦੀ ਬੋਲੀ ਵਿਚ ਹਜ਼ਰਤ ਇਬ੍ਰਾਹੀਮ ਦੀ ਔਲਾਦ ਨੂੰ ਇਬ੍ਰੀ ਕਹਿੰਦੇ ਸਨ ਇਸ ਲਈ ਬਾਹਦ ਵਿਚ ਇਬ੍ਰੀ ਦਾ ਰੂਪ ਵਿਗੜ ਕੇ ਹੈਬ੍ਰਿਊ ਬਣ ਗਿਆ ਤੇ ਇਨ੍ਹਾਂ ਨੂੰ ਹੈਬ੍ਰਿਊਜ਼ ਕਿਹਾ ਜਾਣ ਲਗ ਪਿਆ। ਯਹੂਦੀ, ਈਸਾਈ ਤੇ ਮੁਸਲਮਾਨ ਇਸ ਇਬ੍ਰਾਨੀ ਮਤ ਦੀਆਂ ਹੀ ਸ਼ਾਖਾਂ ਹਨ।

ਯਹੂਦੀ ਮਤ ਦਾ ਜਨਮ ਈਸਾਈ ਮਤ ਤੋਂ ਕੋਈ ਪੌਣੇ ਸੋਲ੍ਹਾਂ ਸਦੀਆਂ ਪਹਿਲਾਂ ਹੋਇਆ ਸੀ ਤੇ ਮੁਸਲਮਾਨੀ ਧਰਮ ਜਾਂ ਇਸਲਾਮ ਇਸ ਤੋਂ ਲਗਭਗ ਛੇ ਸ਼ਤਾਬਦੀਆਂ ਮਗਰੋਂ ਹੋਇਆ ਹੈ।

ਕਿਸੇ ਧਰਮ ਨੂੰ ਵਿਚਾਰਨ ਲਗਿਆਂ ਹੇਠ ਲਿਖੀਆਂ ਤਿੰਨ ਚੀਜ਼ਾਂ ਦਾ ਜਾਣੂ ਹੋਣਾ ਜ਼ਰੂਰੀ ਹੁੰਦਾ ਹੈ :

(੧) ਮਤ ਦਾ ਬਾਨੀ। (੨) ਮਤ ਦੀ ਧਰਮ ਪੁਸਤਕ। (੩) ਮਤ ਦੇ ਸਿਧਾਂਤ। ਸੋ ਹੁਣ ਅਸੀਂ ਇਨ੍ਹਾਂ ਤਿੰਨਾਂ ਪਖਾਂ ਤੇ ਵਿਚਾਰ ਕਰਾਂਗੇ :

ਮਤ ਦਾ ਬਾਨੀ

ਈਸਾਈ ਮਤ ਦੇ ਬਾਨੀ ਹਜ਼ਰਤ ਈਸਾ ਜੀ ਸਨ ਜਿਨ੍ਹਾਂ ਦਾ ਇਬਰਾਨੀ ਨਾਮ ਤਾਂ ਯਾਹੋਸ਼ੀਆ ਸੀ ਪਰ ਬਾਹਦ ਵਿਚ ਈਸਾਈ ਸੰਤਾਂ ਨੇ ਵਿਚਾਰ ਕੇ ਜੀਸਸ ਕਰਾਈਸਟ ਰਖਿਆ।

ਜੀਸਸ ਕਰਾਈਸਟ ਦਾ ਜਨਮ ਯਹੂਦੀ ਕੌਮ ਵਿਚ ਹੋਇਆ। ਆਪ ਦੇ ਪਿਤਾ ਯੂਸਫ ਬੈਤਲਹਮ (ਫਿਲਸਤੀਨ) ਵਿਚ ਤਰਖਾਣਾ ਕੰਮ ਕਰਦੇ ਸਨ। ਇਨ੍ਹਾਂ ਦੀ ਮਾਂ ਦਾ ਨਾਂ ਮਰੀਯਮ ਸੀ। ਹਜ਼ਰਤ ਈਸਾ ਜੀ ਦੇ ਜਨਮ ਸਮੇਂ ਓਹ ਅਜੇ ਯੂਸਫ ਦੀ ਮੰਗੇਤਰ ਹੀ ਸੀ। ਵਿਆਹੀ ਨਹੀਂ ਸੀ ਗਈ ਸਗੋਂ ਅਜੇ ਕੰਵਾਰੀ ਹੀ ਸੀ।

ਕਹਿੰਦੇ ਨੇ ਓਹਦੇ ਗਰਭਵਤੀ ਹੋਣ ਤੋਂ ਪਹਿਲਾਂ ਜਬਰਾਈਲ ਫਰਿਸ਼ਤੇ ਨੇ ਉਸ ਨੂੰ ਆਕੇ ਆਖਿਆ, "ਮਰੀਯਮ ਤੂੰ ਰੂਹਓਲ-ਕੁਦਸ ਰਾਹੀਂ ਗਰਭਵਤੀ ਹੋਵੇਂਗੀ ਅਤੇ ਬੈਤਲਹਮ ਵਿਚ ਇਕ ਧਰਮ ਪਰਚਾਰਕ ਪੁਤਰ ਜਣੇਗੀ"। ਉਸ ਦੀ ਇਹ ਭਵਿਖ ਬਾਣੀ ਸਚ ਹੋਈ ਤੇ ਈਸਾ ਦਾ ਜਨਮ ਕੰਵਾਰੀ ਮਰੀਅਮ ਦੀ ਕੁਖੋਂ ਹੋਇਆ। ਯੂਸਫ ਨੇ ਮਰੀਅਮ ਤੇ ਸ਼ਕ ਕੀਤਾ। ਪਰ ਫਰਿਸ਼ਤੇ ਜਬਰਾਈਲ ਨੇ ਯੂਸਫ ਨੂੰ ਸਮਝਾ ਬੁਝਾ ਕੇ ਉਸ ਦੀ ਤਸੱਲੀ ਕਰਾ ਦਿਤੀ ਤੇ ਓਹ ਆਪਨੀ ਮੰਗੇਤਰ ਨੂੰ ਸਣੇ ਨਵ-ਜੰਮੇ ਬਾਲਕ ਦੇ ਆਪਣੇ ਘਰ ਲੈ ਆਇਆ। ਜਦੋਂ ਲੋਕਾਂ ਵਿਚ ਇਸ਼ ਕੁਦਰਤੀ ਅਮਰ ਦੀ ਚਰਚਾ ਛਿੜੀ ਤਾਂ ਕੁਰਾਨ ਵਿਚ ਲਿਖਿਆ ਹੈ,"ਜਦ ਲੋਕਾਂ ਨੇ ਪੁਛਿਆ ਮਰੀਅਮ ਤੂੰ ਕੰਵਾਰੀ ਨੇ ਪੁਤਰ ਕਿਵੇਂ ਜਣਿਆ ? ਤਾਂ ਉਸ ਨੇ ਬਾਲਕ ਵਲ ਇਸ਼ਾਰਾ ਕਰਕੇ ਆਖਿਆ "ਤੁਸੀਂ ਇਸ ਕੋਲੋਂ ਹੀ ਪੁਛ ਲਵੋ।" ਇਸ ਤਰ੍ਹਾਂ ਬਾਲਕ ਨੇ ਆਪਣਾ ਖ਼ੁਦਾ ਵਲੋਂ ਘਲੇ ਜਾਣਾ ਦਸ ਕੇ ਲੋਕਾਂ ਦੀ ਨਿਸ਼ਾ ਕਰਵਾਈ।

ਹਜ਼ਰਤ ਈਸਾ, ਹਜ਼ਰਤ ਇਬ੍ਰਾਹੀਮ ਜੀ ਦੀ ਬਾਈਵੀਂ ਪੀੜ੍ਹੀ ਵਿਚੋਂ ਸਨ।

ਈਸਾ ਜੀ ਦੇ ਜਨਮ ਸਮੇਂ ਫਿਲਸਤੀਨ ਦਾ ਹੁਕਮਰਾਨ ਬਾਦਸ਼ਾਹ ਹੀਰੋਡ ਸੀ। ਓਹ ਯਹੂਦੀਆਂ ਦਾ ਵੈਰੀ ਸੀ ਤੇ ਉਨ੍ਹਾਂ ਤੇ ਨਿਤ ਨਵੇਂ ਜ਼ੁਲਮ ਢਾ ਰਿਹਾ ਸੀ ਇਸ ਲਈ ਯੂਸਫ ਈਸਾ ਨੂੰ ਨਾਲ ਲੈ ਮਿਸ਼ਰ ਜਾ ਵਸਿਆ।

ਹੀਰੋਡ ਦੇ ਮਰਨ ਮਗਰੋਂ ਓਹ ਮੁੜ ਫਿਲਸ਼ਤੀਨ ਪਰਤ ਆਇਆ ਤੇ

ਗਲੀਲ ਦੇ ਇਲਾਕੇ ਵਿਚ ਨੇਜ਼ਰਬ ਸ਼ਹਿਰ ਵਿਚ ਆ ਟਿਕਾਣਾ ਜਮਾਇਆ। ਹਜ਼ਰਤ ਈਸਾ ਵੀ ਇਸ ਨਗਰ ਵਿਚ ਆਪਣੇ ਪਿਓ ਨਾਲ ਰਹਿ ਕੇ ਤਰਖਾਣਾ ਕੰਮ ਸਿਖਦੇ ਤੇ ਕਰਦੇ ਰਹੇ। ਕਿਹਾ ਜਾਂਦਾ ਹੈ ਕਿ ਬਾਰ੍ਹਾਂ ਸਾਲਾਂ ਮਗਰੋਂ ਜਦ ਓਹੋ ਕਿਸੇ ਮੇਲੇ ਤੇ ਯੋਰੋਸ਼ਲੇਮ ਗਏ ਤਾਂ ਉਨ੍ਹਾਂ ਨੂੰ ਦੁਨੀਆਂ ਦੀ ਕੁਝ ਸੋਝੀ ਪਈ।

ਜਦ ਆਪ ਤੀਹ ਸਾਲ ਦੇ ਹੋਏ ਤਾਂ ਆਪ ਜੀ ਨੇ ਯੁਹੱਨਾ ਨਾਂ ਦੇ ਇਕ ਸਾਧੂ ਪਾਸੋਂ ਯਰੂਨ ਦਰਿਆ ਦੇ ਪਾਣੀ ਨਾਲ ਬਿਪਤਿਸਮਾ ਲਿਆ। ਯੁਹਨਾ ਇਕ ਉਨਪੋਸ਼ ਸਾਧੂ ਸੀ ਤੇ ਸਿਰ ਤੇ ਚੰਮ ਦਾ ਪਟਕਾ ਬੰਨਦਾ ਸੀ। ਅਕਸਰ ਟਿਡੀਆਂ ਖਾ ਕੇ ਪੇਟ ਭਰਦਾ ਸੀ। ਇਹ ਮਸਤ ਸਾਧੂ ਆਮ ਲੋਕਾਂ ਨੂੰ ਭਵਿਸ਼ ਬਾਣੀ ਸੁਣਾਂਦਾ ਰਹਿੰਦਾ ਸੀ ਕਿ "ਮੇਰੇ ਮਗਰੋਂ ਇਕ ਹੋਰ ਬੜਾ ਭਾਰੀ ਪੈਗੰਬਰ ਹੋਵੇਗਾ ਜੋ ਪਾਣੀ ਦੀ ਥਾਵੇਂ ਰੂਹਉਲ-ਕੁਦਸ ਨਾਲ ਬਿਪਤਿਸਮਾ ਦੇਵੇਗਾ।"

ਈਸਾ ਜੀ ਦਾ ਯਹੂਦੀ ਹੋਣ ਦੇ ਕਾਰਨ ਖ਼ਤਨਾ (ਸੁੰਨਤ) ਵੀ ਹੋਇਆ ਹੋਇਆ ਸੀ। ਤੀਹ ਸਾਲ ਦੀ ਉਮਰ ਤਕ ਓਹ ਨੇਜ਼ਰਬ ਵਿਚ ਹੀ ਤਰਖਾਣਾ ਕੰਮ ਕਰਦੇ ਰਹੇ ਪਰ ਯਹੁਨਾ ਪਾਸੋਂ ਬਿਪਤਿਸਮਾ ਲੈਣ ਮਗਰੋਂ ਉਨ੍ਹਾਂ ਇਹ ਧੰਦਾ ਤਿਆਗ ਦਿਤਾ।

ਲਿਖਿਆ ਹੈ ਜਦ ਯਹੁਨਾ ਨੇ ਆਪ ਨੂੰ ਬਿਪਤਿਸਮਾ ਦਿਤਾ ਤਾਂ ਠੀਕ ਉਸੀ ਸਮੇਂ ਰਬ ਦੀ ਆਤਮਾ (ਰੂਹਉਲ-ਕੁਦਸ) ਨੇ ਕਬੂਤਰ ਦਾ ਰੂਪ ਧਾਰ ਕੇ ਆਪ ਦੇ ਅੰਦਰ ਪਰਵੇਸ਼ ਕੀਤਾ ਤੇ ਨਾਲ ਹੀ ਇਹ ਅਕਾਸ਼ ਬਾਣੀ ਵੀ ਹੋਈ, 'ਇਹ ਮੇਰਾ ਪਿਆਰਾ ਪੁਤਰ ਹੈ, ਮੈਂ ਇਸ ਤੇ ਬਹੁਤ ਪ੍ਰਸੰਨ ਹਾਂ।"

ਇਸ ਤੋਂ ਬਾਹਦ ਈਸਾ ਜੀ ਬਨ ਵਿਚ ਤਪ ਸਾਧਣ ਲਈ ਚਲੇ ਗਏ। 'ਜੰਗਲ ਵਿਚ ਪੁਜ ਕੇ ਆਪ ਜੀ ਨੇ ਪੂਰੇ ੪੦ ਦਿਨ ਤੇ ਚਾਲ੍ਹੀ ਰਾਤ ਰੋਜ਼ਾ ਰਖਿਆ ਤੇ ਕਠਨ ਤਪਸਿਆ ਸਾਧੀ। ਆਪਣੇ ਮਨ ਨੂੰ ਪੂਰੇ ਜ਼ੋਰ ਤੇ ਸਾਧ ਕੇ ਉਨ੍ਹਾਂ ਲੋਕਾਂ ਵਿਚ ਉਪਦੇਸ਼ ਦੇਣਾ ਸ਼ੁਰੂ ਕੀਤਾ।

ਬਾਰ੍ਹਾਂ ਤੋਂ ਤੀਹ ਸਾਲ ਵਿਚਾਲੇ ਗੁਜ਼ਰੇ ੧੮ ਸਾਲਾਂ ਬਾਰੇ ਵਿਦਵਾਨਾਂ ਦੀਆਂ ਭਿੰਨ ਭਿੰਨ ਰਾਵਾਂ ਹਨ। ਕੋਈ ਤਾਂ ਕਹਿੰਦੇ ਹਨ ਈਸਾ ਜੀ ਇਸ ਕਾਲ ਵਿਚ ਮਿਸਰੀ ਕਾਹਨਾਂ ਪਾਸੋਂ ਵਿਦਿਆ ਪ੍ਰਾਪਤ ਕਰਦੇ ਰਹੇ ਸਨ। ਕਈਆਂ ਦਾ ਖਿਆਲ ਹੈ ਓਹ ਨੇਜ਼ਰਬ ਵਿਚ ਆਪਣਾ ਪਿਤਾ ਪੁਰਖੀ ਧੰਦਾ ਹੀ ਕਰਦੇ ਰਹੇ ਸਨ। ਸ਼ਿਵ ਸ਼ੰਕਰ ਦਾ ਕਥਨ ਹੈ ਜੋ ਆਪ ਵਪਾਰੀਆਂ ਨਾਲ ਸਿੰਧ (ਭਾਰਤ) ਵਿਚ ਆਏ। ਫੇਰ ਬੋਧੀਆਂ ਦੇ ਨਾਲੰਦਾ ਵਿਸ਼ੂ ਵਿਦਿਆਲੇ ਵਿਚ ਗਏ। ਰੂਸੀ ਸਿਆਹ ਜ਼ਾਊਚ ਕਹਿੰਦੇ ਹਨ ਓਹ ਤਿਬਤ ਦੇ ਬ੍ਰਾਹਮਣਾਂ ਤੇ

ਬੋਧੀ ਪੁਜਾਰੀਆਂ ਦੀ ਸੰਗਤ ਕਰਦੇ ਰਹੇ ਤੇ ਉਨ੍ਹਾਂ ਦਾ ਚੇਲਾ ਬਣਕੇ ਤਾਂਤ੍ਰਿਕ ਵਿਦਿਆ ਸਿਖਦੇ ਰਹੇ ਤੇ ਇਸ ਵਿਚ ਕਮਾਲ ਹਾਸਲ ਕੀਤਾ। ਕੁਝ ਵੀ ਕਹੋ ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਉਹਨਾਂ ਦਾ ਪ੍ਰਚਾਰਕ ਜੀਵਨ ਯੂਹਨਾਂ ਪਾਸੋਂ ਬਿਪਤਿਸਮਾ ਲੈਣ ਮਗਰੋਂ ਤੀਹ ਸਾਲ ਦੀ ਉਮਰ ਵਿਚ ਹੀ ਸ਼ੁਰੂ ਹੋਇਆ।

ਅਰੰਭ ਵਿਚ ਆਪ ਨੇ ਆਪਣੇ ੧੨ ਚੇਲੇ ਬਣਾਇ ਜੋ ਪੀਟਰ ਐਂਡਰਸ, ਯਾਕੂਬ, ਯੂਹਨਾਂ, ਫਿਜਿਪਸ, ਮਤੀ, ਲੂਕਾ, ਯਹੁਦਾ, ਅਸਕਰੂਤੀ ਆਦਿ ਦੇ ਨਾਮਾਂ ਤੋਂ ਪ੍ਰਸਿਧ ਹਨ।

ਈਸਾ ਦੇ ਪ੍ਰਚਾਰ ਦੇ ਮੁਖ ਅੰਗ ਇਹ ਸਨ :

(ੳ) ਪ੍ਰਚਲਤ ਧਰਮ ਮੰਦਰਾਂ ਤੇ ਉਨ੍ਹਾਂ ਦੇ ਪੁਜਾਰੀਆਂ ਦਾ ਸੁਧਾਰ।
(ਅ) ਪੁਰਾਣੇ ਧਰਮ ਦੇ ਸੁਧਾਰ ਸਬੰਧੀ ਆਪਣੇ ਨਵੇਂ ਵਿਚਾਰ।
(ੲ) ਮੂਰਤੀ ਪੂਜਾ ਦਾ ਖੰਡਨ।

ਇਕ ਦਿਨ ਸਹਿਜ ਸੁਭਾ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਓਹੋ ਇਕ ਪਹਾੜੀ ਉਤੇ ਜਾ ਨਿਕਲੇ ਤੇ ਆਪਣੇ ਚੇਲਿਆਂ ਨੂੰ ਹੇਠ ਲਿਖੀਆਂ ਗੱਲਾਂ ਸਮਝਾਈਆਂ :

(੧) ਧੰਨ ਹਨ ਓਹ ਸਜਨ ਜੋ ਦਿਲੋਂ ਨਿਰਮਾਣ ਹਨ। ਅਸਮਾਨੀ ਬਾਦਸ਼ਾਹਤ ਉਨ੍ਹਾਂ ਦਿਲ ਦੇ ਗਰੀਬਾਂ ਲਈ ਹੈ।
(੨) ਧੰਨ ਹਨ ਓਹ ਜੋ ਨੀਵੇਂ ਹਨ। ਓਹ ਧਰਤੀ ਦੇ ਮਾਲਕ ਹੋਣਗੇ।
(੩) ਧੰਨ ਹਨ ਓਹ ਜੋ ਸੱਚ ਦੇ ਭੁਖੇ ਤੇ ਸਚਿਆਈ ਦੇ ਪਿਆਸੇ ਹਨ।
(੪) ਧੰਨ ਹਨ ਓਹ ਜਿਨ੍ਹਾਂ ਦਾ ਹਿਰਦਾ ਦਿਆ ਭਰਪੂਰ ਹੈ। ਉਨ੍ਹਾਂ ਤੇ ਖ਼ੁਦਾ ਵਲੋਂ ਉਸੇ ਤਰ੍ਹਾਂ ਦਾ ਤਰਸ ਕੀਤਾ ਜਾਵੇਗਾ।
(੫) ਕ੍ਰੋਧ ਤੇ ਵਿਭਚਾਰ ਨੂੰ ਤਿਆਗ ਦਿਓ। ਮੰਦ ਭਾਵਨਾ ਨਾਲ ਕਿਸੇ ਇਸਤ੍ਰੀ ਨੂੰ ਮੁਤਲਿਕ ਨਾ ਤਕੋ। ਝੂਠੀ ਕਸਮ ਕਤੱਈ ਨਾ ਚੁਕੋ। ਗਵਾਂਢੀ ਨਾਲ ਪਿਆਰ ਕਰੋ। ਵੈਰੀ ਦੇ ਵੀ ਭਲੇ ਲਈ ਰਬ ਅਗੇ ਅਰਦਾਸ ਕਰੋ। ਇਕੋ ਸਮੇਂ ਤੇ ਰਬ ਤੇ ਧੰਨ ਦੀ ਪੂਜਾ ਨਹੀਂ ਕੀਤੀ ਜਾ ਸਕਦੀ।
(੬) ਕਲ ਦੀ ਚਿੰਤਾ ਕਰਨੀ ਉਚਿਤ ਨਹੀਂ ਕਿਉਂਕਿ ਕਲ ਦੀ ਚਿੰਤਾ ਕਲ ਆਪ ਕਰੇਗਾ। ਅਜ ਲਈ ਅਜ ਦਾ ਦੁਖ ਹੀ ਕਾਫੀ ਹੈ।
(੭) ਇਕ ਹਾਥੀ ਤਾਂ ਸੂਈ ਦੇ ਨੱਕੇ ਵਿਚੋਂ ਲੰਘ ਸਕਦਾ ਹੈ। ਪਰ ਇਕ ਦੌਲਤਮੰਦ ਦਾ ਖ਼ੁਦਾਈ ਬਾਦਸ਼ਾਹਤ ਵਿਚ ਦਾਖ਼ਲ ਹੋਣਾ ਸੰਭਵ ਨਹੀਂ।

(੮) ਤੁਸੀਂ ਇਸਰਾਈਲ ਦੇ ਘਰ ਦੀਆਂ ਗਵਾਚੀਆਂ ਹੋਈਆਂ ਭੇਡਾਂ ਵਿਚ ਜਾ ਕੇ ਪ੍ਰਚਾਰ ਕਰੋ ਤੇ ਇਹ ਮੁਨਾਦੀ ਕਰੋ ਕਿ ਆਸਮਾਨ ਦੀ ਬਾਦਸ਼ਾਹਤ ਨੇੜੇ ਆ ਗਈ ਹੈ।

ਇਹ ਉਪਦੇਸ਼ ਤੇ ਪ੍ਰਚਾਰ ਪੁਜਾਰੀ ਤਬਕੇ ਦੇ ਪੁਰਾਤਨਤਾ ਦੇ ਹਾਮੀਆਂ ਨੂੰ ਇਸ ਲਈ ਨਹੀਂ ਚੁਭਿਆ ਕਿ ਇਸ ਵਿਚ ਦੇਵਤਿਆਂ ਦੀ ਨਿਰਾਦਰੀ ਹੋਂਦੀ ਸੀ। ਸਗੋਂ ਉਨ੍ਹਾਂ ਦੇ ਵਿਚਾਰ ਇਹ ਸਨ ਕਿ ਆਪਣੀ ਨਿਰਾਦਰੀ ਦਾ ਬਦਲਾ ਦੇਵਤੇ ਆਪ ਲੈ ਸਕਦੇ ਹਨ ਤੇ ਲੈ ਵੀ ਲੈਣਗੇ। ਜੇਕਰ ਉਨ੍ਹਾਂ ਨੂੰ ਕੋਈ ਤੋਖਲਾ ਸੀ ਤਾਂ ਓਹ ਇਹ ਕਿ ਈਸਾ ਗ਼ਰੀਬਾਂ ਨੂੰ ਆਸਮਾਨੀ ਬਾਦਸ਼ਾਹਤ ਦਾ ਭਰੋਸਾ ਦਿਵਾ ਕੇ ਮੁਫਤ ਵਿਚ ਉਨ੍ਹਾਂ ਦੇ ਵਿਰੁਧ ਉਕਸਾਂਦਾ ਹੈ। ਰੋਮਨ ਬਾਦਸ਼ਾਹ ਪੇਈਬੇਰੀਯਨ ਨੇ ਉਕਤਿ ਖਿਆਲਾਂ ਦੀ ਪੁਸ਼ਟੀ ਕੀਤੀ ਹੈ।

ਯੋਰੋਸ਼ਲੇਮ ਦੇ ਪਰਮੁਖ ਖੁਦਾਈ ਮਹੰਤ ਨੇ ਮਹਿਸੂਸਿਆ ਕਿ ਉਸ ਦੀ ਪ੍ਰਭੁਤਾ ਨੂੰ ਖਤਰਾ ਆ ਬਣਿਆ ਹੈ ਤਾਂ ਉਸ ਨੇ ਈਸਾ ਜੀ ਦੀ ਵਿਰੋਧਤਾ ਕਰਨੀ ਤੇਜ਼ ਕਰ ਦਿਤੀ। ਉਸ ਨੇ ਈਸਾ ਤੇ ਆਪਣੇ ਆਪ ਨੂੰ ਰਬ ਦਾ ਪੁਤਰ ਦਸਣ ਤੇ ਮੁਲਕ ਵਿਚ ਬਦ-ਅਮਨੀ ਫੈਲਾਉਣ ਦਾ ਦੋਸ਼ ਲਗਾਇਆ। ਯਹੂਦੀਆਂ ਤੇ ਪੁਜਾਰੀਆਂ ਨੇ ਇਕ ਮੁਠ ਹੋ ਕੇ ਉਸ ਨੂੰ ਗ੍ਰਿਫਤਾਰ ਕਰਵਾਣ ਦਾ ਯਤਨ ਕੀਤਾ ਤੇ ਆਖਰ ਈਸਾ ਦੇ ਮੁਢਲੇ ਬਾਰਾਂ ਚੇਲਿਆਂ ਵਿਚੋਂ ਅਸਕਰੂਤੀ ਨਾਂ ਦੇ ਇਕ ਯਹੂਦੀ ਚੇਲੇ ੩੦) ਰੁਪਏ ਲੈ ਕੇ ਮੁਖਬਰੀ ਕੀਤੀ ਤੇ ਉਸ ਨੂੰ ਪਕੜਵਾ ਦਿਤਾ। ਰਵਾਇਤ ਹੈ ਕਿ ਹਜ਼ਰਤ ਈਸਾ ਜੀ ਨੂੰ ਇਸ ਗਲ ਦਾ ਪਹਿਲਾਂ ਹੀ ਇਲਮ ਸੀ ਤੇ ਓਹਨਾਂ ਇਹ ਪੇਸ਼ੀਨਗੋਈ ਆਪਣੇ ਚੇਲਿਆਂ ਦੇ ਸਾਹਮਣੇ ਪਹਿਲਾਂ ਹੀ ਕਰ ਦਿਤੀ ਸੀ ਕਿ ਉਨ੍ਹਾਂ ਵਿਚੋਂ ਹੀ ਇਕ ਸਜਨ ਉਨ੍ਹਾਂ ਨੂੰ ਪਕੜਾਵੇਗਾ। ਸੋ ਓਹੋ ਪੇਸ਼ੀਨਗੋਈ ਸਹੀ ਸਾਬਤ ਹੋਈ।

ਈਸ਼ਾ ਦਾ ਮੁਕਦਮਾ ਕਾਹਨਾ ਦੇ ਹਾਕਮ ਕਾਇਫਾ ਦੇ ਪੇਸ਼ ਕੀਤਾ ਗਿਆ। ਗਵਾਹੀਆਂ ਉਹਨੂੰ ਦੋਸ਼ੀ ਸਾਬਤ ਨਾ ਕਰ ਸਕੀਆਂ ਪਰ ਵਿਰੋਧੀਆਂ ਦੇ ਬਹੁਤਾ ਜ਼ੋਰ ਦੇਣ ਤੇ ਉਸਨੇ ਮੁਕਦਮਾ ਗਵਰਨਰ ਪਾਈਲੇਟ (Pilate) ਦੇ ਸਪੁਰਦ ਕਰ ਦਿਤਾ। ਗਵਰਨਰ ਪਾਈਲੇਟ ਨੇ ਸਰਦਾਰਾਂ ਦੀ ਜੀਊਰੀ ਪਾਸੋਂ ਪੁਛਿਆ, "ਈਸਾ ਦੋਸ਼ੀ ਤਾਂ ਸਾਬਤ ਨਹੀਂ ਹੋਇਆ ਫੇਰ ਮੈਂ ਇਸਨੂੰ ਕੀ ਸਜ਼ਾ ਦੇਵਾਂ ?" ਸਰਦਾਰਾਂ ਦੀ ਜੀਊਰੀ ਨੇ ਉਤਰ ਦਿਤਾ, "ਇਸਨੂੰ ਮੌਤ ਦੀ ਸਜ਼ਾ ਦਿਤੀ ਜਾਵੇ।" ਪਾਈਲੇਟ ਨੇ ਪਹਿਲਾਂ ਹਥ ਧੋਤੇ ਤੇ ਫੇਰ ਸਰਦਾਰਾਂ ਨੂੰ ਸੰਬੋਧਨ ਕਰਕੇ ਆਖਿਆ, "ਮੈਂ ਇਸ ਚੰਗੇ ਆਦਮੀ ਦੇ ਖ਼ੂਨ ਤੋਂ ਬਰੀ-ਅਲ-ਜ਼ਿਮਾ ਹਾਂ। ਤੁਹਾਡੇ ਮਜਬੂਰ ਕਰਨ ਤੇ ਮੈਂ

ਇਸ ਨੂੰ ਸੂਲੀ ਚਾੜ੍ਹੇ ਜਾਣ ਦੀ ਸਜ਼ਾ ਦੇਂਦਾ ਹਾਂ।”

ਯਹੂਦੀ ਸਰਦਾਰਾਂ ਨੇ ਉਸਦਾ ਇਹ ਫੈਸਲਾ ਠੀਕ ਤਸਲੀਮ ਕੀਤਾ ਤੇ ਆਖਿਆ ਕਿ ਈਸਾ ਦੇ ਖ਼ੂਨ ਦੀ ਜ਼ਿਮਾਵਾਰੀ ਉਨ੍ਹਾਂ ਤੇ ਉਨ੍ਹਾਂ ਦੀ ਸੰਤਾਨ ਦੇ ਸਿਰ ਹੈ।

ਰੋਮਨ ਸਿਪਾਹੀ ਈਸਾ ਨੂੰ ਸੂਲੀ ਚੜ੍ਹਾਵਣ ਲਈ ਗੋਲਗੋਥ ਲੈ ਗਏ। ਉਹਨਾਂ ਨੂੰ ਕਿਰਮਚੀ ਰੰਗ ਦੀ ਪੋਸ਼ਾਕ ਤੇ ਲੋਹੇ ਦਾ ਤਾਜ ਸਿਰ ਤੇ ਪਹਿਨਵਾ ਕੇ ਸੂਲੀ ਦੇ ਸਾਹਮਣੇ ਖੜ੍ਹਾ ਕਰ ਦਿਤਾ ਗਿਆ। ਸੂਲੀ ਸਾਹਮਣੇ ਖੜੇ ਈਸ਼ਾ ਨੇ ਜ਼ੋਰ ਨਾਲ ਕਿਹਾ, “ਹੇ ਪ੍ਰਭੂ ਤੂੰ ਮੈਨੂੰ ਕਿਉਂ ਵਿਸਾਰ ਦਿਤਾ ਹੈ।” ਈਸਾ ਜੀ ਦੇ ਹਥਾਂ ਤੇ ਪੈਰਾਂ ਵਿਚ ਕਿਲਾਂ ਗਡ ਦਿਤੀਆਂ ਗਈਆਂ ਤੇ ਉਸਨੂੰ ਸੂਲੀ ਚਾੜ੍ਹ ਦਿਤਾ ਗਿਆ। ਤੇ ਇੰਝ ਇਸ ੩੩ ਵਰ੍ਹੇ ਦੇ ਭਰ ਜਵਾਨ ਮਹਾਂਪੁਰਸ਼ ਦਾ ਦੇਹਾਂਤ ਹੋਇਆ।

ਈਸਾ ਜੀ ਨੇ ੩੦ ਸਾਲ ਦੀ ਉਮਰ ਬਿਤਾ ਚੁਕਣ ਮਗਰੋਂ ਆਪਣੇ ਧਰਮ ਦਾ ਪ੍ਰਚਾਰ ਅਰੰਭਿਆ ਤੇ ੩੩ ਸਾਲ ਦੀ ਉਮਰ ਭੋਗਣ ਮਗਰੋਂ ਅਨਿਆਇ ਦਾ ਸ਼ਿਕਾਰ ਹੋ ਸ਼ਹੀਦ ਕਰ ਦਿਤੇ ਗਏ। ਇਸ ਤਿੰਨ ਸਾਲ ਦੇ ਕਲੀਲ ਅਰਸੇ ਵਿਚ ਆਪ ਨੇ ਨਾ ਕੇਵਲ ਧਰਮ ਪ੍ਰਚਾਰ ਹੀ ਕੀਤਾ ਸਗੋਂ ਅਣਗਿਣਤ ਨੇਤਰ ਹੀਨਾਂ ਨੂੰ ਨੇਤਰ ਵੀ ਬਖਸ਼ੇ ਤੇ ਬੇਸ਼ੁਮਾਰ ਅਸਾਧ ਰੋਗੀਆਂ ਨੂੰ ਅਰੋਗ ਵੀ ਕੀਤਾ। ਆਪ ਜੀ ਦੇ ਹਿਰਦੇ ਵਿਚ ਦੁਖੀਆਂ ਲਈ ਦਰਦ ਤੇ ਗੁਨਾਹਗਾਰਾਂ ਲਈ ਦਿਆ ਸੀ। ਆਪ ਬੁਰੇ ਤੇ ਵਿਰੋਧੀ ਸਜਨ ਲਈ ਵੀ ਭਲਾ ਸੋਚਦੇ ਸਨ।

ਆਮ ਰਵਾਇਤ ਹੈ ਕਿ ਹਜ਼ਰਤ ਸੂਲੀ ਚਾੜ੍ਹੇ ਜਾਣ ਦੇ ਵਕੂਹੇ ਤੋਂ ਤਿੰਨ ਦਿਨ ਬਾਹਦ ਮੁੜ ਸੁਰਜੀਤ ਹੋ ਗਏ ਸਨ। ਉਹ ਇਸ ਤੋਂ ਮਗਰੋਂ ਆਪਣੇ ਚੇਲਿਆਂ ਨੂੰ ਮਿਲੇ ਵੀ ਸਨ ਤੇ ਉਨ੍ਹਾਂ ਨੂੰ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਕੇ ਸਾਰੇ ਸੰਸਾਰ ਵਿਚ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਪ੍ਰੇਰਿਆ ਵੀ ਸੀ:–

ਨੋਟ:–ਲੰਕਾ ਦੇਸ ਜਿਸਦਾ ਦੂਜਾ ਨਾਮ ਸੀਲੋਨ (Ceylon) ਹੈ ਵਿਚ ਅਬੂ ਨਾਂ ਦੀ ਇਕ ਪਹਾੜੀ ਦੀ ਚੋਟੀ ਤੇ ਦੋ ਆਦਮ ਪੈਰਾਂ ਦਾ ਨਿਸ਼ਾਨ ਉਕਰਿਆ ਹੋਇਆ ਹੈ। ਭਾਵੇਂ ਇਨ੍ਹਾਂ ਨਿਸ਼ਾਨਾਂ ਬਾਰੇ ਹਿੰਦੂ, ਮੁਸਲਮਾਨ ਤੇ ਈਸਾਈ ਵਖੋ ਵਖ ਬਿਆਨ ਦੇਂਦੇ ਹਨ, ਪਰ ਈਸਾਈ ਰਵਾਇਤ ਹੈ ਕਿ ਸਲੀਬ ਤੇ ਚਾੜ੍ਹੇ ਜਾਣ ਦੇ ਤਿੰਨ ਦਿਨ ਮਗਰੋਂ ਹਜ਼ਰਤ ਮੁੜ ਸੁਰਜੀਤ ਹੋ ਕੇ ਆਪਣੇ ਚੇਲਿਆਂ ਨੂੰ ਮਿਲੇ ਤੇ ਫੇਰ ਉਡਾਰੀ ਲਾ ਇਸ ਥਾਂ ਤੇ ਆ ਟਿਕੇ। ਪਵਨ ਹੁਲਾਰਿਉਂ ਉਤਰਨ ਸਮੇਂ ਆਪ ਨੇ ਆਪਣੇ ਚਰਨ ਪਹਿਲਾਂ ਇਸ ਥਾਂ ਤੇ ਹੀ ਟਿਕਾਏ ਸਨ। ਇਹ ਪੈਰਾਂ ਦੇ ਨਿਸ਼ਾਨ ਉਸ ਸਮੇਂ ਤੋਂ ਹੀ ਕਾਇਮ ਚਲੇ ਆ ਰਹੇ ਹਨ।

ਇਸ ਵਿਚ ਸ਼ਕ ਨਹੀਂ ਹਜ਼ਰਤ ਈਸਾ ਜੀ ਦੇ ਜੀਵਨ ਤੇ ਪੁਰਾਣੇ ਯਹੂਦੀ ਮੱਤ ਦਾ ਢੇਰ ਅਸਰ ਜਾਪਦਾ ਹੈ। ਕਈ ਵਿਦਵਾਨ ਤਾਂ ਨਿਰਸੰਕੋਚ ਇਹ ਗਲ ਕਹਿੰਦੇ ਹਨ ਜੋ ਹਜ਼ਰਤ ਨੇ ਪੁਰਾਣੀ ਰੱਟ ਹੀ ਲਗਾਈ ਹੈ ਤੇ ਹਜ਼ਰਤ ਮੂਸਾ ਤੋਂ ਮਗਰੋਂ ਹੋਏ ਪੈਗੰਬਰਾਂ ਦੀ ਸਿਖਿਆ ਨੂੰ ਦੋਹਰਾਇਆ ਹੈ। ਓਲਡ ਟੈਸਟੇਮੈਂਟ ਭਾਵ ਤੌਰੇਤ ਤੇ ਜੰਬੂਰ ਨੂੰ ਸੌਖੀ ਭਾਸ਼ਾ ਵਿਚ ਆਪਣੇ ਭਾਵਾਂ ਅਨੁਸਾਰ ਢਾਲ ਕੇ ਬਿਆਨਿਆ ਹੈ। ਆਪਣੇ ਵਲੋਂ ਕੋਈ ਨਵੀਂ ਗਲ ਨਹੀਂ ਆਖੀ ਸਗੋਂ ਮੂਸੇਈ ਸ਼ਰੀਅਤ ਨੂੰ ਹੀ ਆਖਰੀ ਸ਼ਕਲ ਦਿਤੀ ਹੈ। ਪਰ ਪੜਚੋਲੀ ਅਖਾਂ ਪ੍ਰਤੱਖ ਅੰਤਰਾ ਵੇਖਦੀਆਂ ਹਨ। ਤੇ ਉਹ ਹੈ :—

(ੳ) ਪੁਰਾਣੇ ਪੈਗੰਬਰ ਹਰ ਗਲ ਨੂੰ ਖੁਦਾ ਵਲੋਂ ਆਖੀ ਦਸਦੇ ਸਨ। ਈਸਾ ਜੀ ਰਬ ਵਲੋਂ ਨਹੀਂ, ਆਪਣੇ ਵਲੋਂ ਕਹੀ ਦਸਦੇ ਹਨ। ਇਸੇ ਤਰ੍ਹਾਂ ਤਰਜ਼ੇ ਬਿਆਨੀ ਵਿਚ ਖਾਸਾ ਅੰਤਰ ਪੈ ਗਿਆ ਹੈ।

(ਅ) ਜਿਥੇ ਦੂਜਿਆਂ ਨੇ ਪੈਗੰਬਰ ਹੋਣ ਦਾ ਦਾਹਵਾ ਕੀਤਾ ਹੈ ਉਥੇ ਹਜ਼ਰਤ ਈਸਾ ਨੇ ਪੈਗੰਬਰ ਹੋਣ ਦੇ ਨਾਲ ਨਾਲ ਖੁਦਾ ਦਾ ਇਕਲੋਤਾ ਬੇਟਾ ਹੋਣ ਦਾ ਵੀ ਦਾਹਵਾ ਕੀਤਾ ਹੈ।

(ੲ) ਜਿਥੇ ਬਾਕੀ ਪੈਗੰਬਰਾਂ ਨੇ ਆਪਣੀ ਉਮਤ ਦੀ ਹਾਮੀ ਭਰਨ ਦਾ ਖਿਆਲ ਦਿਤਾ ਹੈ ਉਥੇ ਈਸਾ ਜੀ ਨੇ ਆਖਿਆ ਹੈ, "ਜੋ ਦੁਨੀਆਂ ਦੇ ਸਾਹਮਣੇ ਮੇਰਾ ਇਕਰਾਰ ਕਰੇਗਾ। ਮੈਂ ਆਪਣੇ ਆਸਮਾਨੀ ਬਾਪ ਦੇ ਸਾਹਮਣੇ ਉਸਦਾ ਇਕਰਾਰ ਕਰਾਂਗਾ।"

ਹੁਣ ਅਸੀਂ ਈਸਾਈ ਮਤ ਦੀ ਸਿਧਾਂਤਕ ਵਿਚਾਰ ਪੇਸ਼ ਕਰਦੇ ਹਾਂ :—

(੧) ਰੱਬ

ਹਜ਼ਰਤ ਈਸਾ ਦਾ ਰਬ ਆਮ ਫਿਲਾਸਫਰਾਂ, ਵਿਦਵਾਨਾਂ ਜਾਂ ਵਿਗਿਆਨੀਆਂ ਵਰਗਾ ਨਹੀਂ ਸਗੋਂ ਇਕ ਸਾਧਾਰਨ ਆਦਮੀ ਦਾ ਰੱਬ ਹੈ। ਉਹ ਇਬਰਾਨੀ ਮਤਾਂ ਦੀ ਮਨੌਤ ਅਨੁਸਾਰ ਜਗਤ ਦੀ ਪਹੁੰਚ ਤੋਂ ਪਰ੍ਹੇ ਹੈ। ਆਪਣੀ ਕੁਦਰਤ ਤੋਂ ਨਿਆਰਾ ਹੋ ਉਚੇ ਆਸਮਾਨਾਂ ਵਿਚ ਵਸਦਾ ਹੈ। ਆਰੀਆਂ ਦੇ ਰਬ ਰਬ ਵਾਂਗ ਕੁਦਰਤ ਵਿਚ ਓਤ ਪੋਤ ਨਹੀਂ। ਉਹ ਇਕ ਹੈ। ਕੁਦਰਤ ਤੋਂ ਨਿਆਰਾ ਹੈ, ਕ੍ਰਿਪਾਲੂ ਤੇ ਦਿਆਲੂ ਹੈ।

(੨) ਰੱਬ ਤੇ ਈਸਾ ਦਾ ਸਬੰਧ

ਈਸਾ ਰੱਬ ਦਾ ਪਿਆਰਾ ਪੁਤਰ ਹੈ, ਜਿਸ ਤੇ ਉਹ ਪੂਰਨ ਤੌਰ ਤੇ ਪ੍ਰਸੰਨ ਹੈ ਅਤੇ ਉਹ ਆਸਮਾਨ ਦੀ ਬਾਦਸ਼ਾਹਤ ਦਾ ਮਾਲਿਕ ਵੀ ਹੈ।

ਈਸਾ ਅੰਦਰ ਰੱਬ ਦੀ ਆਪਣੀ ਰੂਹ (ਰੂਹਉਲ-ਕੁਦੁਸ) ਨੇ ਪ੍ਰਵੇਸ਼ ਕੀਤਾ ਹੈ। ਉਹ ਰੂਹ ਪਾਪ ਤੋਂ ਰਹਿਤ ਹੈ। ਪਿਤਾ, ਪੁਤਰ ਤੇ ਰੂਹਉਲ-ਕੁਦੁਸ, ਤਿੰਨ ਈਸ਼ਵਰੀ ਹੋਂਦ ਦੇ ਤਿੰਨ ਪਹਿਲੂ ਹਨ। ਤਸਲੀਸ ਭਾਵ ਤ੍ਰਿਗੜਾ ਅਰਥਾਤ ਟ੍ਰਿੰਨਟੀ (Trinity) ਹੈ।

(੩) ਮਨੁਖੀ ਫਿਤਰਤ

ਸ਼ੈਤਾਨ ਨੇ ਹਵਾ ਨੂੰ ਵਰਗਲਾਇਆ ਤੇ ਹਵਾ ਨੇ ਆਦਮ ਨੂੰ ਬਦਰਾਹਿਆ। ਉਸਨੇ ਖ਼ੁਦਾ ਦੀ ਹੁਕਮ ਅਦੂਲੀ ਕਰਕੇ ਬਹਿਸ਼ਤੀ ਫਲ ਅਰਥਾਤ ਕਣਕ ਦਾ ਦਾਣਾ ਖਾ ਲਿਆ, ਜਿਸ ਕਰਕੇ ਗੁਨਾਹ ਦਾ ਬੀਜ ਆਦਮ ਤੇ ਹਵਾ ਵਿਚ ਬੀਜਿਆ ਗਿਆ ਤੇ ਉਹੀ ਗੁਨਾਹ ਆਦਮ ਦੀ ਸੰਤਾਨ ਹੋਣ ਕਰਕੇ ਮਨੁਖੀ ਵਿਰਸੇ ਵਿਚ ਫਿਤਰਤ ਬਣਕੇ ਆ ਗਿਆ ਤੇ ਚਲਿਆ ਆਉਂਦਾ ਹੈ। ਸੋ ਪਾਪ ਮਨੁਖ ਦੇ ਸੁਭਾਵ ਵਿਚ ਦਾਖਲ ਹੈ ਤੇ ਆਦਮ ਦੀ ਸੰਤਾਨ ਹੋਣ ਕਰਕੇ ਕੋਈ ਮਨੁਖ ਵੀ ਇਸ ਤੋਂ ਬਰੀ ਨਹੀਂ ਹੋ ਸਕਦਾ।

ਈਸਾ ਨੂੰ ਖੁਦਾ ਨੇ ਮਨੁਖ ਨੂੰ ਇਸ ਵਿਰਾਸਤ ਵਿਚ ਆਏ ਗੁਨਾਹ ਤੋਂ ਛੁਟਕਾਰਾ ਦਿਵਾਣ ਲਈ ਘਲਿਆ ਸੀ। ਉਹ ਰੂਹਉਲ-ਕੁਦੁਸ (ਰਬ ਦੀ ਆਤਮਾ) ਸੀ, ਇਸ ਲਈ ਕੰਵਾਰੀ ਦੇ ਪੇਟੋਂ ਜੰਮਿਆ ਸੀ। ਉਹ ਮਨੁਖ ਨਹੀਂ, ਸਗੋਂ ਮਨੁਖਾਂ ਨੂੰ ਗੁਨਾਹਾਂ ਤੋਂ ਨਿਜਾਤ ਦਿਵਾਣ ਲਈ ਆਇਆ ਸੀ। ਇਸ ਲਈ ਜੋ ਸਜਣ ਉਸ ਉਤੇ ਈਮਾਨ ਲਿਆਉਣਗੇ, ਉਹ ਬਖਸ਼ੇ ਜਾਣਗੇ। ਇਸ ਤੋਂ ਬਿਨਾ ਕੋਈ ਹੋਰ ਸਾਧਨ ਨਿਜਾਤ ਹਾਸਲ ਕਰਨ ਦਾ ਨਹੀਂ।

ਨੋਟ—ਗਿਆਨੀ ਪਰਤਾਪ ਸਿੰਘ ਜੀ ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਆਪਣੀ ਪੁਸਤਕ 'ਸੰਸਾਰ ਦਾ ਇਤਿਹਾਸ' ਵਿਚ ਲਿਖਦੇ ਹਨ ਕਿ ਮਰੀਅਮ ਵੀ ਤਾਂ ਆਦਮ ਤੇ ਹਵਾ ਦੀ ਹੀ ਸੰਤਾਨ ਸੀ, ਇਸ ਲਈ ਉਹ ਵੀ ਤਾਂ ਗੁਨਾਹਗਾਰ ਸੀ। ਫੇਰ ਉਸਦੀ ਕੁਖ ਵਿਚ ਆਉਣ ਵਾਲਾ ਬਚਾ ਪਾਪ ਰਹਿਤ ਕਿਸਤਰ੍ਹਾਂ ਹੋਇਆ ? ਇਸ ਪ੍ਰਸ਼ਨ ਦਾ ਈਸਾਈਆਂ ਪਾਸ ਕੋਈ ਉਤਰ ਨਹੀਂ।

(੪) ਸੂਲੀ ਜਾਂ ਕਫਾਰਾ (ਪ੍ਰਾਸਚਿਤ)

ਈਸਾ ਦੀ ਕੁਰਬਾਨੀ ਉਸਨੂੰ ਆਪਣੇ ਕਿਸੇ ਗੁਨਾਹ ਦੇ ਇਵਜ਼ਾਨੇ ਵਜੋਂ ਨਹੀਂ ਦੇਣੀ ਪਈ, ਸਗੋਂ ਉਸ ਨੇ ਜੋ ਕਸ਼ਟ ਸਹਾਰਿਆ, ਉਹ ਆਦਮ ਦੇ ਗੁਨਾਹ ਦੀ ਲਿਖਤ ਨੂੰ ਆਪਣੇ ਖੂਨ ਨਾਲ ਧੋ ਕੇ ਮਨੁਖ ਨੂੰ ਜੀਵਨ ਫਲ ਲੈ ਕੇ ਦੇਣ ਲਈ ਸਹਿਨ ਕੀਤਾ। ਇਸ ਤੋਂ ਬਿਨਾਂ ਮਨੁਖ ਨੇ ਹਮੇਸ਼ਾਂ ਲਈ ਦੋਜ਼ਖ ਦੀ ਅਗ ਵਿਚ ਸੜਦੇ ਰਹਿਣਾ ਸੀ। ਇਸ ਲਈ ਇਹ ਮਨੁਖ ਦੇ ਗੁਨਾਹਾਂ ਲਈ ਕੀਤਾ ਗਿਆ ਕਫਾਰਾ ਸੀ।

(੫) ਈਸਾ ਮੋਇਆ ਨਹੀਂ ਅਮਰ ਹੈ

ਈਸਾ ਸੂਲੀ ਤੇ ਚੜ੍ਹ ਕੇ ਮਰਿਆ ਨਹੀਂ, ਸਗੋਂ ਸਣ ਦੇਹ ਆਕਾਸ਼ ਵਿਚ ਚਲਿਆ ਗਿਆ। ਸੂਲੀ ਚੜਨ ਤੋਂ ਤਿੰਨ ਦਿਨ ਬਾਹਦ ਉਹ ਕਬਰ ਵਿਚੋਂ ਉਠ ਨਿਕਲਿਆ। ਆਪਣੇ ਸ਼ਾਗਿਰਦਾਂ ਨੂੰ ਮਿਲਿਆ। ਚਾਲ੍ਹੀ ਦਿਨ ਬਾਹਰ ਫਿਰਦਾ ਰਿਹਾ, ਫਿਰ ਅਕਾਸ਼ਾਂ ਵਿਚ ਅਲੋਪ ਹੋ ਗਿਆ। ਹੁਣ ਵੀ ਉਹ ਖੁਦਾ ਦੇ ਸਜੇ ਪਾਸੇ ਬੈਠਾ ਹਕੂਮਤ ਕਰ ਰਿਹਾ ਹੈ ਤੇ ਹਰ ਕੰਮ ਨੂੰ ਵੇਖ ਰਿਹਾ ਹੈ। ਉਹ ਰਬੀ ਕੰਮਾਂ ਵਿਚ ਵੀ ਦਖ਼ਲ ਦੇਂਦਾ ਹੈ।

(ਸੇਂਟ ਪੇਟਰ ਆ: ੩-੨੨)

(੬) ਸ੍ਰਿਸ਼ਟੀ ਰਚਨਾ

ਸਾਰੇ ਕਤੇਬੀ ਮਤ ਸ੍ਰਿਸ਼ਟੀ ਰਚਨਾ ਬਾਰੇ ਲਗ ਪਗ ਇਕੋ ਹੀ ਖਿਆਲ ਦਰਸਾਂਦੇ ਹਨ। ਉਨ੍ਹਾਂ ਸਭ ਦਾ ਇਹ ਖ਼ਿਆਲ ਹੈ ਕਿ ਪਹਿਲਾਂ ਰੱਬ ਨੇ 'ਕੁੰਨ' ਆਖਿਆ, ਜਿਸ ਤੋਂ ਸਾਰੀ ਰਚਨਾ ਰਚੀ ਗਈ। ਬਾਈਬਲ ਵਿਚ ਆਏ ਖਿਆਲਾਂ ਦਾ ਕੁਝ ਕੁ ਨਮੂਨਾ ਅਸੀਂ ਪਾਠਕਾਂ ਦੀ ਗਿਆਤ ਲਈ ਹੇਠ ਦੇਂਦੇ ਹਾਂ :

(ੳ) ਆਰੰਭ ਵਿਚ ਖ਼ੁਦਾ ਨੇ ਆਕਾਸ਼ ਤੇ ਪ੍ਰਿਥਵੀ ਨੂੰ ਰਚਿਆ। ਪ੍ਰਿਥਵੀ ਬੇਡੌਲ ਤੇ ਸੁੰਨੀ ਸੀ, ਉਪਰ ਡੂੰਘਾ ਹਨੇਰਾ ਸੀ। ਪ੍ਰਮੇਸ਼੍ਵਰ ਦੀ ਆਤਮਾ ਪਾਣੀ ਉਪਰ ਡੋਲ ਰਹੀ ਸੀ।

(ਪਰਵ ੧ ਅ: ੧)

(ਅ) ਖ਼ੁਦਾ ਨੇ ਕਿਹਾ, ਜਲ ਤੋਂ ਜਲ ਨੂੰ ਨਿਖੇੜਨ ਲਈ ਵਿਚਾਲੇ ਆਸਮਾਨ ਹੋਣਾ ਚਾਹੀਦਾ ਹੈ। ਸੋ ਉਸ ਨੇ ਅਕਾਸ਼ ਬਣਾਇਆ ਤੇ ਹੇਠਲੇ ਤੇ ਉਤਲੇ

ਪਾਣੀਆਂ ਨੂੰ ਵਖ ਵਖ ਕੀਤਾ। ਜਦ ਅਜਿਹਾ ਹੋ ਗਿਆ, ਤਾਂ ਈਸ਼੍ਵਰ ਨੇ ਆਕਾਸ਼ ਨੂੰ ਜਨਤ ਆਖਿਆ। ਸਾਂਝ ਤੇ ਸਵੇਰ ਮਗਰੋਂ ਦੂਜਾ ਦਿਨ ਹੋਇਆ।

(ਪਰਵ ੧ ਅਯਨ ੭)

(ੲ) ਈਸ਼੍ਵਰ ਨੇ ਆਖਿਆ ਚਾਨਣਾ ਹੋਵੇ ਤਾਂ ਚਾਨਣਾ ਹੋ ਗਿਆ। ਈਸ਼ਵਰ ਨੂੰ ਚਾਨਣਾ ਚੰਗਾ ਲਗਾ।

[ਪਰਵ ੧ ਅਯਨ ੩ ਤੇ ੪]

ਇਕ ਹੋਰ ਥਾਂ ਬਾਈਬਲ ਵਿਚ ਜ਼ਿਕਰ ਆਇਆ ਹੈ:

ਆਰੰਭ ਵਿਚ ਰੱਬ ਦਾ ਆਤਮਾ ਪਾਣੀ ਉਪਰ ਡੋਲਦਾ ਸੀ। ਉਸ ਨੇ ਕਿਹਾ ਕਿ ਚਾਨਣਾ ਹੋਵੇ, ਉਸੇ ਘੜੀ ਪ੍ਰਕਾਸ਼ ਹੋ ਗਿਆ। ਫੇਰ ਰਬ ਨੇ ਚਾਨਣੇ ਨੂੰ ਹਨੇਰੇ ਪਾਸੋਂ ਵਖ ਕਰਕੇ ਦਿਨ ਅਰ ਰਾਤ ਦਾ ਨਾਮ ਦਿਤਾ। ਦੂਜੇ ਦਿਨ ਖ਼ੁਦਾ ਨੇ ਆਕਾਸ਼ ਬਣਾਇਆ ਤੇ ਤੀਜੇ ਦਿਨ ਸਾਰੀ ਬਨਾਸਪਤੀ ਦੀ ਸਾਜਨਾ ਕੀਤੀ। ਚੌਥੇ ਦਿਨ ਚੰਨ, ਸੂਰਜ ਅਤੇ ਤਾਰੇ ਰਚੇ। ਪੰਜਵੇਂ ਦਿਨ ਜਲ, ਜੀਵ ਤੇ ਪੰਛੀ ਸਾਜੇ। ਛੇਵੇਂ ਦਿਨ ਕੀੜੇ, ਮਕੌੜੇ, ਪਸ਼ੂ, ਇਸਤ੍ਰੀ ਤੇ ਪੁਰਸ਼ ਬਣਾਏ। ਸਤਵੇਂ ਦਿਨ ਸਾਰਾ ਕੰਮ ਖਤਮ ਕਰਕੇ ਆਰਾਮ ਕੀਤਾ।

(ਬਾਈਬਲ ਅਧਿਆਏ ਪਹਿਲਾ ਤੇ ਦੂਜਾ)

ਜਿਹਾ ਕਿ ਪਿਛੇ ਦਸ ਚੁਕੇ ਹਾਂ ਕਿ ਸਾਰੇ ਕਤੇਬੀ ਮੱਤ ਬਾਬਾ ਆਦਮ ਨੂੰ ਪਹਿਲਾ ਮਨੁਖ ਮੰਨਦੇ ਹਨ। ਇਸਦੀ ਇਸਤ੍ਰੀ, ਜਿਸ ਨੂੰ ਖੁਦਾਵੰਦ ਤੁਆਲਾ ਨੇ ਆਦਮ ਨੂੰ ਸਵਾ ਕੇ ਉਸਦੀ ਖਬੀ ਪਸਲੀ ਵਿਚੋਂ ਕਢ ਕੇ ਬਣਾਇਆ ਸੀ, ਦਾ ਨਾਂ ਹਵਾ ਸੀ। ਸਾਰੀ ਮਨੁਖ ਜਾਤੀ ਬਾਬਾ ਆਦਮ ਤੇ ਮਾਈ ਹਵਾ ਦੀ ਸੰਤਾਨ ਹੈ। ਈਸਾਈਆਂ ਦਾ ਇਹ ਵੀ ਵਿਚਾਰ ਹੈ ਕਿ ਆਦਮ ਤੇ ਹਵਾ ਨੂੰ ਹੁਕਮ ਅਦੂਲੀ ਦੇ ਜੁਰਮ ਵਿਚ ਗੁਨਾਹਗਾਰ ਜਾਣਕੇ ਖ਼ੁਦਾ ਨੇ ਬਹਿਸ਼ਤੋਂ ਕਢ ਦਿਤਾ ਸੀ ਤੇ ਇਸਦੇ ਸਿਟੇ ਵਜੋਂ ਗੁਨਾਹਗਾਰ ਆਦਮ ਤੇ ਹਵਾ ਦੀ ਕੁਲ ਸੰਤਾਨ ਵੀ ਗੁਨਾਹਗਾਰ ਹੈ। ਇਸ ਲਈ ਸ੍ਰਿਸ਼ਟੀ ਦੇ ਸਾਰੇ ਮਨੁਖ ਹੀ ਗੁਨਾਹਗਾਰ ਹਨ। ਜਦ ਬਾਬਾ ਆਦਮ ਦੀ ਦਸਵੀਂ ਪੀੜ੍ਹੀ ਵਿਚੋਂ ਹਜ਼ਰਤ ਨੂਹ ਦਾ ਸਮਾ ਆਇਆ ਤਾ ਪਾਪ ਹੱਦ ਤੋਂ ਵਧੇਰੇ ਪਸਰ ਚੁਕਾ ਸੀ, ਇਸ ਲਈ ਖ਼ੁਦਾ ਸਾਰੀ ਪ੍ਰਿਥਵੀ ਤੇ ਕਿਆਮਤ-ਬਰਪਾ ਕਰਨ ਲਗਾ ਸੀ, ਪਰ ਨੂਹ ਤੇ ਮਿਹਰਬਾਨ ਹੋ ਕੇ ਉਸਨੇ ਉਸਨੂੰ ਦਸ ਦਿਤਾ, ਜੋ ਇਕ ਭਾਰੀ ਤੂਫਾਨ ਆਵਣ ਵਾਲਾ ਹੈ, ਜਿਸ ਨਾਲ ਪਰਲੋ ਆ ਜਾਵੇਗੀ। ਤੇ ਉਹ ਜੇਕਰ ਆਪਣੀ ਜਾਨ ਬਚਾਉਣਾ ਚਾਹੁੰਦਾ ਹੈ ਤਾਂ ਇਕ ਕਿਸ਼ਤੀ ਬਣਾ ਕੇ ਆਪਣੇ ਪਰਵਾਰ ਸਮੇਤ ਉਸ ਤੇ ਚੜ੍ਹ ਬੈਠੇ, ਹਰ

ਚੀਜ਼ ਦਾ ਇਕ ਇਕ ਜੋੜਾ ਵੀ ਉਸ ਵਿਚ ਚੜਾ ਲਵੇ। ਉਸਦੀ ਕਿਸ਼ਤੀ ਤੂਫਾਨੀ ਮਾਰ ਤੋਂ ਬਚ ਜਾਵੇਗੀ। ਉਸਨੇ ਅਜਿਹਾ ਹੀ ਕੀਤਾ ਤੇ ਲੋੜਵੰਦੀ ਖੁਰਾਕ ਆਦਿ ਵੀ ਬੇੜੀ ਵਿਚ ਰਖ ਲਈ ਤੇ ਕਿਸ਼ਤੀ ਦਾ ਮੂੰਹ ਬੰਦ ਕਰ ਲਿਆ। ਫੇਰ ੪੦ ਦਿਨ ਲਗਾਤਾਰ ਮੂਸਲਾਧਾਰ ਬਾਰਸ਼ ਪਈ। ਸਾਰੀ ਪ੍ਰਿਥਵੀ ਜਲ ਵਿਚ ਡੁਬ ਗਈ। ਪਾਣੀ ਪਹਾੜਾਂ ਦੀਆਂ ਟੀਸੀਆਂ ਤੋਂ ਵੀ ਪੰਦਰਾਂ ਪੰਦਰਾਂ ਹਥ ਉਚਾ ਹੋ ਗਿਆ ਤੇ ਉਸਨੂੰ ਨੀਵਾਂ ਹੁੰਦਿਆਂ ਤੇ ਆਪਣੀ ਥਾਂ ਸਿਰ ਆਂਵਦਿਆਂ ਪੂਰਾ ਸਾਲ ਲਗਾ।

ਹਜ਼ਰਤ ਨੂਹ ਦੀ ਕਿਸ਼ਤੀ ਇਕ ਕੰਢੇ ਲਗ ਕੇ ਬਚ ਨਿਕਲੀ। ਹੁਣ ਜੋ ਰਚਨਾ ਦਿਸ ਰਹੀ ਹੈ, ਇਹ ਹਜ਼ਰਤ ਨੂਹ ਦੀ ਕਿਸ਼ਤੀ ਵਿਚੋਂ ਬਚੇ ਹੋਏ ਜੀਵਾਂ ਤੋਂ ਹੀ ਵਾਧਾ ਹੋਇਆ ਹੈ।

ਯਹੂਦੀਆਂ ਤੇ ਈਸਾਈਆਂ ਦਾ ਸ੍ਰਿਸ਼ਟੀ ਰਚਨਾ ਬਾਰੇ ਕੇਵਲ ਇਨਾਂ ਹੀ ਅੰਤਰ ਹੈ ਕਿ ਯਹੂਦੀ ਤਾਂ ਰਬ ਦਾ ਸ਼ਨਿਚਰਵਾਰ ਨੂੰ ਆਰਾਮ ਕਰਨਾ ਦਸਦੇ ਹਨ, ਪਰ ਈਸਾਈ ਖੁਦਾ ਦਾ ਆਰਾਮ ਦਿਵਸ ਐਤਵਾਰ ਨੂੰ ਮਿਥਦੇ ਹਨ।

(੭) ਕਲਮਾ

"ਮੈਂ ਪ੍ਰਮੇਸ਼੍ਵਰ ਤੇ ਈਮਾਨ ਲਿਆਉਂਦਾ ਹਾਂ, ਜੋ ਧਰਤੀ ਤੇ ਆਸਮਾਨ ਦਾ ਕਰਤਾ ਹੈ। ਮੈਂ ਈਸਾ ਤੇ ਈਮਾਨ ਲਿਆਉਂਦਾ ਹਾਂ, ਜੋ ਖੁਦਾ ਦਾ ਬੇਟਾ ਤੇ ਸਾਡਾ ਰਾਖਾ ਹੈ। ਮੈਂ ਰੂਹਉਲ-ਕੁਦੁਸ ਤੇ ਪਾਕ ਕਲੀਸਾ ਪੁਰ ਵਿਸ਼ਵਾਸ਼ ਰਖਦਾ ਹਾਂ।"

ਉਪਰੋਕਤ ਭਾਵ ਦਾ ਕਲਮਾ ਹੈ ਈਸਾਈ ਮੱਤ ਦਾ। ਇਸ ਕਲਮੇ ਦੇ ਆਪ ਮੁਹਾਰੇ ਦੋ ਭਾਗ ਬਣ ਜਾਂਦੇ ਹਨ :

(੧) ਖ਼ੁਦਾ, ਬੇਟਾ ਤੇ ਰੂਹਉਲ ਕੁਦੁਸ
(੨) ਕਲੀਸਾ (ਪੋਪ ਤੇ ਸੰਗਤ)

ਰਸਮਾਂ

(੧) ਬਿਪਤਿਸਮਾ

ਈਸਾਈਆਂ ਦੀ ਇਹ ਰਸਮ ਇਕ ਕਿਸਮ ਦੀ ਪ੍ਰਤੱਗਿਆ ਲੈਣਾ ਹੈ, ਜੋ ਹਰ ਈਸਾਈ ਮੱਤ ਧਾਰਨੀ ਨੂੰ ਈਸਾਈ ਬਣਨ ਲਗਿਆਂ ਲੈਣੀ ਪੈਂਦੀ ਹੈ। ਹਜ਼ਰਤ ਈਸਾ ਨੇ ਆਪ ਸੇਂਟ ਯਹੁੰਨਾ ਪਾਸੋਂ 'ਯਰੂਨ' ਨਦੀ ਦੇ ਪਾਣੀ ਨਾਲ ਬਿਪਤਿਸਮਾ ਲਿਆ ਸੀ। ਉਹ ਗਲੀਲ ਤੋਂ ਯਰੂਨ ਨਦੀ ਦੇ ਕੰਢੇ ਰਹਿੰਦੇ

ਯਹੁਨਾਂ ਪਾਸੋਂ ਬਿਪਤਿਸਮਾ ਲੈਣ ਗਿਆ, ਤਾਂ ਅਗੋਂ ਯਹੁੰਨਾ ਨੇ ਈਸ਼ਾ ਨੂੰ ਆਖਿਆ, "ਤੂੰ ਮੇਰੇ ਪਾਸੋਂ ਬਿਪਤਿਸਮਾ ਲੈਣ ਲਈ ਆਇਆ ਹੈਂ, ਮੈਂ ਤਾਂ ਸਗੋਂ ਆਪ ਤੇਰੇ ਪਾਸੋਂ ਬਿਪਤਿਸ਼ਮਾ ਲੈਣ ਦਾ ਜਾਚਕ ਹਾਂ।" ਈਸਾ ਨੇ ਉਤਰ ਦਿਤਾ, "ਮੈਨੂੰ ਵੀ ਇਹ ਮਿਰਯਾਦਾ ਪੂਰੀ ਕਰਨੀ ਚਾਹੀਦੀ ਹੈ।" ਇਹ ਉਤਰ ਸੁਣ ਕੇ ਯਹੁੰਨਾ ਨੇ ਈਸਾ ਨੂੰ ਬਿਪਤਿਸ਼ਮਾ ਦੇ ਦਿਤਾ ਸੀ।

(੨) ਹੋਲੀ ਕਮਯੂਨੀਅਨ (Holy communoin)

'ਹੋਲੀ ਕਮਯੂਨੀਅਨ' ਨੂੰ 'ਲਾਰਡਜ਼ ਸਪਰ' ਵੀ ਆਖਦੇ ਹਨ। ਇਹ ਰਸਮ ਉਸ ਭੋਜਨ ਦੀ ਯਾਦ ਵਿਚ ਮਨਾਈ ਜਾਂਦੀ ਹੈ, ਜੋ ਹਜ਼ਰਤ ਈਸਾ ਜੀ ਨੇ ਆਪਣੇ ਸ਼ਹੀਦ ਹੋਣ ਤੋਂ ਇਕ ਦਿਨ ਅਗੇ ਆਪਣੇ ਚੇਲਿਆਂ ਨਾਲ ਮਿਲ ਕੇ ਖਾਧਾ ਸੀ, ਤੇ ਆਖਿਆ ਸੀ, "ਇਹ ਰੋਟੀ, ਜੋ ਤੁਸੀਂ ਖਾ ਰਹੇ ਹੋ, ਮੇਰਾ ਤਨ ਹੈ ਤੇ ਜਿਹੜੇ ਪਿਆਲੇ ਨੋਸ਼ ਕਰ ਰਹੇ ਹੋ, ਇਹ ਮੇਰਾ ਖੂਨ ਹੈ।"

ਨੋਟ—ਸੁੰਨਤ ਕਰਾਣਾ ਤੇ ਰੋਜ਼ੇ ਰਖਣੇ ਪੁਰਾਣੇ ਈਸਾਈਆਂ ਵਿਚ ਪਹਿਲ ਪਰਚਲਤ ਸਨ, ਪਰ ਹੁਣ ਇਹ ਦੋਵੇਂ ਰਸਮਾਂ ਇਨ੍ਹਾਂ ਵਿਚੋਂ ਨਿਕਲ ਗਈਆਂ ਹਨ।

ਪੁਰਬ

ਈਸਾਈਆਂ ਦੇ ਤਿੰਨ ਵਡੇ ਪੁਰਬ ਹਨ:

(੧) ਈਸਾ ਜੀ ਦਾ ਜਨਮ ਦਿਨ। ਇਹ ੨੫ ਦਸੰਬਰ ਵਾਲੇ ਦਿਨ ਹੁੰਦਾ ਹੈ। ਇਸ ਨੂੰ 'ਵਡਾ ਦਿਨ' ਕਹਿੰਦੇ ਹਨ। ਇਹ ਬੜੇ ਜੋਸ਼ ਤੇ ਚਾ ਨਾਲ ਮਨਾਇਆ ਜਾਂਦਾ ਹੈ।

(੨) ਮੂਸਾ ਦਾ ਆਸਮਾਨ ਤੇ ਜਾਣ ਦਾ ਦਿਨ।

(੩) ਈਦੁਲ ਕਿਆਮਤ ਅਰਥਾਤ ਸੂਲੀ ਚੜ੍ਹਣ ਮਗਰੋਂ ਮੁੜ ਸੁਰਜੀਤ ਹੋ ਜਾਣ ਵਾਲਾ ਦਿਨ।

ਬਾਈਬਲ

ਇਹ ਪੁਸਤਕ ਈਸਾਈਆਂ ਦਾ ਧਰਮ ਗ੍ਰੰਥ ਹੈ। ਈਸਾਈ ਇਸ ਨੂੰ ਇਲਹਾਮੀ ਗ੍ਰੰਥ ਮੰਨਦੇ ਹਨ। ਇਹ ਕਈ ਭਾਗਾਂ ਵਿਚ ਵੰਡਿਆ ਹੋਇਆ ਹੈ, ਪਰ ਮੁਖ ਭਾਗ ਦੋ ਹੀ ਹਨ:

(੧) ਪੁਰਾਣਾ ਅਹਿਦਨਾਮਾ ਜਾਂ ਔਲਡ ਟੈਸਟੈਮੈਂਟ (Old Testament)

ਇਹ ਵੀ ਕਈ ਭਾਗਾਂ ਵਿਚ ਹੈ। ਇਨ੍ਹਾਂ ਵਿਚ ਪੰਜ ਭਾਗ ਹਜ਼ਰਤ ਮੂਸਾ ਜੀ ਦੇ ਨਾਮ ਤੇ ਹਨ ਤੇ ਇਨ੍ਹਾਂ ਨੂੰ ਤੌਰੇਤ ਦਾ ਨਾਂ ਦਿਤਾ ਗਿਆ ਹੈ।

(੨) ਨਵਾਂ ਅਹਿਦਨਾਮਾਂ ਜਾ ਨੀਊ ਟੈਸਟਾਮੈਂਟ (New Testament) ਇਹ ਅਹਿਦਨਾਮਾ ਈਸਾ ਜੀ ਦੀ ਆਪਣੀ ਕਿਰਤ ਨਹੀਂ, ਸਗੋਂ ਉਨ੍ਹਾਂ ਦੇ ਖ਼ੂਨ ਬਹਾਉਣ ਤੇ ਖ਼ੁਦਾ ਨਾਲ ਜੋੜਣ ਦੀ ਯਾਦ ਵਿਚ ਕਾਇਮ ਕੀਤਾ ਗਿਆ ਹੈ। ਇਹ ਈਸ਼ਾ ਜੀ ਦੇ ਚੇਲੇ ਮਤੀ, ਮਾਰਕਸ, ਲੂਕਾ, ਯੂਹਨਾਂ ਦੀਆਂ ਹਡ ਬੀਤੀਆਂ, ਅਰਥਾਤ ਈਸਾ ਜੀ ਨਾਲ ਜਾਂ ਉਸਦੀ ਸੰਗਤ ਵਿਚ ਰਹਿਕੇ ਸੁਣੇ ਹੋਏ ਉਪਦੇਸ਼ ਤੇ ਬਚਨ ਤੇ ਸੰਤਾਂ ਦੇ ਅਨਭਵ, ਚੇਤੇ ਕੀਤੀਆਂ ਗਲ੍ਹਾਂ ਦਾ ਸੰਗ੍ਰਹਿ ਹੈ। ਇਸਦੇ ਵੀ ਅਗੇਂ ਕਈ ਹਿਸੇ ਹਨ। ਜਨਮ ਸਾਥੀ, ਅਹਿਮਾਲਨਾਮਾਂ, ਚੇਲਿਆਂ ਦੇ ਖਤ ਤੇ ਯਹੁਨਾ ਦੇ ਇਲਹਾਮ ਵੀ ਇਸ ਵਿਚ ਸ਼ਾਮਲ ਹਨ। ਇਨ੍ਹਾਂ ਵਿਚੋਂ ਕਈ ਪੁਸਤਕਾਂ ਯੂਨਾਨੀ ਤੇ ਲਾਤੀਨੀ ਜ਼ਬਾਨ ਵਿਚ ਹਨ। ਮਤੀ ਦੀ ਅੰਜੀਲ ਪਹਿਲੇ ਸ਼ਾਮੀ ਜ਼ਬਾਨ ਵਿਚ ਸੀ। ਮਾਰਕਸ, ਲੂਕਾ ਤੇ ਯੂਹਨਾ ਗ੍ਰੰਥ ਗ੍ਰੀਕ ਵਿਚ ਲਿਖੇ ਗਏ। ਅਰੀਨੀਅਸ ਦਸਦਾ ਹੈ ਕਿ ਈਸਾ ਦੇ ਚਾਰ 'ਗਾਸਪਲ' ਹੀ ਮਿਲਦੇ ਹਨ ਬਾਕੀਆਂ ਵਿਚ ਅਦਲਾ-ਬਦਲੀ ਹੁੰਦੀ ਰਹੀ ਹੈ। ਅਰੀਨੀਅਸ ਈਸਾ ਤੋਂ ਪਿਛੋਂ ਤੀਸਰੀ ਸਦੀ ਵਿਚ ਹੋਇਆ ਸੀ।

ਅੰਜੀਲਾਂ ਵੀ ਕਈ ਹਨ, ਹਰ ਇਕ ਵਿਚ ਅੰਤਰਾ ਵੀ ਹੈ ਪਰ ਕਹਾਣੀ ਇਕੋ ਹੈ ਤੇ ਈਸਾ ਜੀ ਦੇ ਮੋਹਜਜ਼ਿਆਂ, ਕੋੜ੍ਹਿਆਂ ਨੂੰ ਰਾਜ਼ੀ ਕਰਨ ਤੇ ਅਨ੍ਹਿਆਂ ਨੂੰ ਅੱਖਾਂ ਦੇਣ ਦੀਆਂ ਸਾਖੀਆਂ ਨਾਲ ਭਰਪੂਰ ਹੈ।

ਕਹਿੰਦੇ ਨੇ ਅੰਜੀਲ ਈਸਾ ਜੀ ਦੀ ਸ਼ਹੀਦੀ ਤੋਂ ਕੋਈ ੬੦ ਵਰ੍ਹੇ ਮਗਰੋਂ ਲਿਖਤ ਵਿਚ ਆਈ। ਇਕ ਵਾਰੀ ਈਸਾਈਆਂ ਨੇ ੫੦੦ ਅੰਜੀਲਾਂ ਕਠੀਆਂ ਕੀਤੀਆਂ ਜਦੋਂ ਇਕ ਦੂਜੀ ਨਾਲ ਮੇਲ ਕੇ ਵੇਖਿਆ ਤਾਂ ੮ ਹਜ਼ਾਰ ਸ਼ਬਦਾਂ ਦਾ ਹੇਰ-ਫੇਰ ਨਿਕਲਿਆ। ਇਨ੍ਹਾਂ ਸਾਰੀਆਂ ਵਿਚ ਇਕ ਨੁਸਖਾ ਪਰਵਾਨ ਕੀਤਾ ਜਿਸਨੂੰ ਰਖਕੇ ਬਾਕੀਆਂ ਸ਼ਾਰੀਆਂ ਅਗਨ ਭੇਟ ਕਰ ਦਿਤੀਆਂ ਗਈਆਂ। ਅੰਜੀਲ ਦਾ ਲਿਖਤੀ ਰੂਪ ਲਗ-ਭਗ ੧੬ ਸਦੀਆਂ ਤੋਂ ਵਜੂਦ ਵਿਚ ਆਇਆ ਹੈ। ੪੦ ਆਦਮੀ ਇਸਦੇ ਲੇਖਕ ਸਨ। ਇਸ ਵੇਲੇ ਤਕ ਇਹ ਯਾਰਾਂ ਸੌ ਬੋਲੀਆਂ ਵਿਚ ਉਲਥਾਈ ਜਾ ਚੁਕੀ ਹੈ। ਇਕ ਵਕਤ ਉਹ ਵੀ ਸੀ ਜਦੋਂ ਇਸਨੂੰ ਉਲਥਾਣਾ ਜਾਂ ਨੁਕਤਾਚੀਨੀ ਕਰਨੀ ਕੁਫਰ ਸੀ।

ਮੂਸਾ ਦੀ ਤੌਰਤੇ (ਪੁਰਾਣੇ ਅਹਿਦਨਾਮੇ) ਤੇ ਈਸਾ ਦੀ ਅੰਜੀਲ (ਨਵੇਂ ਅਹਿਦਨਾਮੇ) ਵਿਚ ਸਿਧਾਂਤਕ ਅੰਤਰ ਵੀ ਬਹੁਤ ਹੈ। ਮਿਸਾਲ ਵਜੋਂ ਮੂਸਾ ਕਹਿੰਦਾ

ਹੈ "ਅਖ ਦੇ ਬਦਲੇ ਅਖ ਤੇ ਦੰਦ ਦੇ ਬਦਲੇ ਦੰਦ ਕਢ ਦਿਉ।" ਉਹ ਕਈ ਕੁਕਰਮਾਂ ਦੀ ਸਜ਼ਾ ਮੌਤ ਨੀਅਤ ਕਰਦਾ ਹੈ ਪਰ ਈਸਾ ਸਹਿਨ ਸੀਲਤਾ, ਪ੍ਰੇਮ ਤੇ ਸ਼ਾਂਤਮਈ ਦੇ ਰਾਹ ਨੂੰ ਅਪਨਾਉਂਦਾ ਹੈ। ਉਹ ਕਹਿੰਦਾ ਹੈ, "ਜੇ ਕੋਈ ਤੁਹਾਡੀ ਸਜੀ ਗਲ੍ਹ ਤੇ ਚਪੇੜ ਮਾਰੇ ਤਾਂ ਖੱਬੀ ਗਲ ਉਸ ਵਲ ਕਰ ਦਿਓ।" ਮੂਸਾ ਵਿਰੋਧੀਆਂ ਨਾਲ ਲੜਨ ਦੀ ਸਿਖਿਆ ਦੇਂਦਾ ਹੈ। ਈਸਾ ਖਿਮਾ ਦੀ।

ਹਜ਼ਾਰਾਂ ਦੀ ਤਹਿਦਾਦ ਵਿਚ ਬੜੀਆਂ ਸੁੰਦਰ ਅੰਜੀਲਾਂ ਈਸਾਈ ਮਿਸ਼ਨਾਂ ਵਲੋਂ ਮੁਫਤ ਵੰਡੀਆਂ ਜਾਂਦੀਆਂ ਹਨ ਭਾਵੇਂ ਕੋਈ ਪੜ੍ਹੇ ਜਾਂ ਨਾ ਪੜ੍ਹੇ ਇਸ ਗਲ ਦਾ ਉਹ ਕੋਈ ਵਿਚਾਰ ਨਹੀਂ ਕਰਦੇ। ਉਨ੍ਹਾਂ ਦਾ ਵਿਚਾਰ ਹੈ ਕਿ ਕੋਈ ਪੜ੍ਹੇ ਜਾਂ ਨਾ ਪੜ੍ਹੇ ਸੁੰਦਰ ਕਿਤਾਬ ਹੋਣ ਕਰਕੇ ਉਸਨੂੰ ਉਹ ਆਪਣੀਆਂ ਪੁਸਤਕਾਂ ਵਿਚ ਰਖ ਦੇਵੇਗਾ। ਉਸ ਦੀ ਆਉਣ ਵਾਲੀ ਸੰਤਾਨ ਉਸ ਪੁਸਤਕ ਨੂੰ ਵੇਖੇਗੀ ਤਾਂ ਆਖੇਗੀ, ਸਾਡਾ ਬਜ਼ੁਰਗ ਈਸਾਈ ਹੋਣਾ ਏ ਤਦੇ ਉਹ ਅੰਜੀਲ ਪੜ੍ਹਦਾ ਸੀ। ਇਹ ਸੋਚ ਕੇ ਆਖੇਗੀ ਉਨ੍ਹਾਂ ਦੇ ਅੰਦਰ ਵੀ ਇਹ ਚਾ ਪੈਦਾ ਹੋਵੇਗੀ ਕਿ ਉਹ ਵੀ ਈਸਾਈ ਬਣਨ। ਇਸ ਤਰ੍ਹਾਂ ਸਮਾਂ ਪਾ ਕੇ ਮਿਸ਼ਨ ਦਾ ਉਦੇਸ਼ ਪੂਰਾ ਹੋ ਜਾਵੇਗਾ।

ਗਿਰਜਾ ਜਾਂ ਕਲੀਸਾ

ਚਰਚ ਦੇ ਸ਼ਬਦਾਰਥ 'ਪ੍ਰਭੂ ਦਾ ਘਰ' ਕੀਤਾ ਜਾ ਸਕਦਾ ਹੈ। ਇਹ ਸ਼ਬਦ ਆਮ ਤੌਰ ਤੇ ਈਸਾਈਆਂ ਦੀ ਧਾਰਮਕ ਜਥੇਬੰਦੀ ਤੇ ਧਾਰਮਕ ਅਸਥਾਨਾਂ ਭਾਵ ਗਿਰਜਾ ਘਰਾਂ ਲਈ ਵਰਤਿਆ ਜਾਂਦਾ ਹੈ। ਈਸਾਈਆਂ ਦੇ ਤਿੰਨ ਪ੍ਰਧਾਨ ਚਰਚ ਗਿਣੇ ਜਾਂਦੇ ਹਨ।

(੧) ਗ੍ਰੀਕ, (੨) ਕੈਥੋਲਿਕ, (੩) ਪ੍ਰਾਟਿਸਟੈਂਟ।

(੧) ਗ੍ਰੀਕ ਚਰਚ

ਗ੍ਰੀਕ ਚਰਚ ਦਾ ਮੋਢੀ ਸੇਂਟ ਪਾਲ ਨੂੰ ਮੰਨਿਆ ਜਾਂਦਾ ਹੈ। ਸੇਂਟਪਾਲ ਨੇ ਦੇਸ ਦੇਸ਼ਾਂਤਰਾਂ, ਦਾ ਰਟਨ ਕਰਕੇ ਈਸਾਈ ਮੱਤ ਨੂੰ ਪ੍ਰਚਾਰਿਆ ਸੀ। ਅਰਬ, ਦਮਿਸ਼ਕ ਸ਼ਾਮ ਆਦਿ ਏਸ਼ੀਆਟਿਕ ਮੁਲਕਾਂ ਤੋਂ ਇਲਾਵਾ ਇਸ ਨੇ ਆਪਣੀ ਮੰਡਲੀ ਸਣੇ ਟਾਰਮਸ, ਮਕਦੂਨੀਆਂ, ਕ੍ਰੀਟ, ਸਪੇਨ, ਫਰਾਂਸ ਆਦਿ ਯੂਰਪੀਨ ਮੁਲਕਾਂ ਵਿਚ ਵੀ ਪਰਚਾਰ ਦੌਰਾ ਕੀਤਾ ਸੀ। ਯੂਨਾਨ ਵਿਚ ਇਸ ਦੇ ਪਰਚਾਰ ਦੇ ਸਿਟੇ ਵਜੋਂ ਹੀ ਗ੍ਰੀਕ ਚਰਚ ਦੀ ਸਥਾਪਤੀ ਹੋਈ ਸੀ। ਹੁਣ ਵੀ ਬਹੁਤ ਸਾਰੇ ਏਸ਼ਿਆਈ ਤੇ ਯੂਰਪੀਨ ਬਾਸ਼ਿੰਦੇ ਇਸੇ ਚਰਚ ਦੇ ਪੈਰੋਕਾਰ ਹਨ।

ਸੈਂਟਪਾਲ ਦਾ ਯਹੂਦੀ ਨਾਮ 'ਸਾਲ' ਸੀ। ਇਹ ਪਹਿਲਾਂ ਈਸਾਈਆਂ ਦਾ

ਸਖਤ ਵਿਰੋਧੀ ਸੀ ਤੇ ਉਨ੍ਹਾਂ ਨੂੰ ਤੰਗ ਵੀ ਬਹੁਤ ਕਰਦਾ ਸੀ। ਪਰ ਬਾਹਦ ਵਿਚ ਈਸਾਈ ਮੱਤ ਧਾਰਨ ਕਰਕੇ ਇਸਨੇ ਅਸਰ ਭਰਪੂਰ ਪਰਚਾਰ ਕੀਤਾ। ਕਹਿੰਦੇ ਨੇ ਇਸਨੂੰ ਹਜ਼ਰਤ ਈਸਾ ਜੀ ਦੇ ਸੁਪਨਾਂਤਰ ਦਰਸ਼ਨ ਹੋਏ ਸਨ ਤੇ ਉਸ ਸੁਪਨ ਦਰਸ਼ਨ ਨੇ ਹੀ ਇਸਦੀ ਕਾਇਆਂ ਪਲਟੀ ਸੀ ਤੇ ਇਸ ਨੇ ਈਸਾ ਜੀ ਦਾ ਉਪਦੇਸ਼ ਗ੍ਰਹਿਨ ਕਰਕੇ 'ਸੇਂਟ ਪਾਲ' ਬਣ ਇਕ ਪੂਰਨ ਪਰਮਾਤਮਾ ਹੋਣ ਦੀ ਪਰਸਿਧਤਾ ਹਾਸਲ ਕੀਤੀ ਸੀ।

ਸੇਂਟ ਪਾਲ ਨੂੰ ਹਜ਼ਰਤ ਈਸਾ ਜੀ ਤੋਂ ਪਿਛੋਂ ਦੂਜੀ ਥਾਂ ਤੇ ਮੰਨਿਆ ਜਾਂਦਾ ਹੈ। ਵਾਸਤਵ ਵਿਚ ਸੇਂਟ ਪਾਲ ਇਕ ਰੋਮਨ ਸ਼ਹਿਰੀ ਸਨ। ਟਾਰਸੱਸ ਦੇ ਵਸਨੀਕ ਸਨ ਤੇ ਯੂਨਾਨੀ ਫਿਲਾਸਫੀ ਤੋਂ ਭਲੀ ਪਰਕਾਰ ਜਾਣੂ ਸਨ। ਵਿਚਾਰ-ਵਾਨ ਹੋਣ ਕਰਕੇ ਇਨ੍ਹਾਂ ਮਜ਼੍ਹਬ ਸਬੰਧੀ ਆਪਣੇ ਵਿਚਾਰ ਵਿਸ਼ਾਲ ਬਣਾ ਲਏ ਸਨ ਤੇ ਉਹ ਸਨ "ਮਜ਼੍ਹਬ ਕਿਸੇ ਇਕ ਕੌਮ ਲਈ ਨਹੀਂ ਸਗੋਂ ਸਰਬ ਸਾਂਝਾ ਹੋਣਾ ਚਾਹੀਦਾ ਹੈ।" ਇਸ਼ ਖਿਆਲ ਨੇ ਹੀ ਉਸਨੂੰ ਇਕ ਅਸਰ ਭਰਪੂਰ ਪਰਚਾਰਕ ਬਣਾ ਦਿਤਾ ਸ਼ੀ ਤੇ ਰੋਮਨ ਸ਼ਹਿਰੀ ਹੋਣ ਦੇ ਕਾਰਨ ਉਸਦੇ ਦਿਲ ਵਿਚ ਗ੍ਰੀਕ ਚਰਚ ਦੀ ਸਥਾਪਤੀ ਦੀ ਉਮੰਗ ਵੀ ਬਣੀ ਸੀ।

ਸੇਂਟ ਪਾਲ ਦੇ ਖਤਾਂ ਨੂੰ ਧਿਆਨ ਪੂਰਬਕ ਪੜ੍ਹਨ ਨਾਲ ਉਸਦੇ ਜੀਵਨ ਸਬੰਧੀ ਕਈ ਸਚਾਈਆਂ ਸਾਹਮਣੇ ਆ ਜਾਂਦੀਆਂ ਹਨ। ਜਵਾਨੀ ਵਿਚ ਉਸ ਨੇ ਟਾਰਸਸ ਤੋਂ ਯੋਰੋਸ਼ਲੇਮ ਵਿਚ ਜਾ ਨਿਵਾਸ ਕੀਤਾ ਸੀ ਪਰ ਉਦੋਂ ਅਜੇ ਉਹਦੇ ਧਰਮ ਵਿਚਾਰ ਬਹੁਤੇ ਸੁਲਝੇ ਹੋਏ ਨਹੀਂ ਸਨ। ਦੂਜੀ ਵੇਰ ਸੰਨ ੪੫-੪੬ ਈ: ਵਿਚ ਈਸਾਈ ਮੁਖੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਉਹ ਫੇਰ ਯੋਰੋਸ਼ਲੇਮ ਗਿਆ ਪਰ ਉਨ੍ਹਾਂ ਮੁਖੀਆਂ ਤੇ ਯਹੂਦੀ ਮੱਤ ਦੇ ਖਿਆਲਾਂ ਦਾ ਅਸਰ ਕੁਝ ਵਧੇਰੇ ਹੋਇਆ ਹੋਇਆ ਸੀ ਇਸ ਲਈ ਉਨ੍ਹਾਂ ਦੀ ਉਹ ਸੰਮਤੀ ਨਾ ਲੈ ਸਕਿਆ। ਇਸ ਦੌਰਾਨ ਵਿਚ ਉਹ ਈਸਾ ਜੀ ਦੇ ਮੁਖੀ ਸੇਵਕ ਸੇਂਟ ਪੀਟਰ ਨੂੰ ਵੀ ਮਿਲਿਆ ਤੇ ਫੇਰ ਕਈ ਇਕ ਏਸ਼ਿਆਈ ਤੇ ਯੂਰਪੀਨ ਮੁਲਕਾਂ ਦਾ ਵੀ ਰਟਨ ਕੀਤਾ। ਉਹ ਕਾਰਿਥ ਵਿਚ ਡੇਢ ਸਾਲ ਰਿਹਾ। ਸੰਨ ੫੬ ਈ: ਵਿਚ ਉਸ ਨੇ ਲੋਕਾਂ ਨੂੰ ਦਸਿਆ ਕਿ ਓਦੋਂ ਤੋਂ ਤੇਰ੍ਹਾਂ ਵਰ੍ਹੇ ਪਹਿਲਾਂ ਉਸਨੂੰ ਇਹ ਇਲਹਾਮ ਹੋਇਆ ਸੀ ਕਿ ਓਹ ਖੁਦਾ ਦੇ ਬੇਟੇ ਮਸੀਹ ਦਾ ਪਰਚਾਰ ਕਰੇ।

ਉਸਨੇ ਯੋਰੋਸ਼ਲੇਮ ਦੇ ਮੁਖੀਆਂ ਦਾ ਇਹ ਵਿਚਾਰ ਕਿ ਈਸਾ ਕੇਵਲ ਯਹੂਦੀ ਕੌਮ ਲਈ ਆਇਆ ਸੀ ਗਲਤ ਸਾਬਤ ਕੀਤਾ ਤੇ ਈਸਾਈ ਧਰਮ ਨੂੰ ਸਮੂਹ ਮਨੁਖ ਜਾਤੀ ਲਈ ਦਸਿਆ। ਇਸ ਖਿਆਲ ਨੇ ਈਸਾਈ ਮੱਤ ਨੂੰ ਪੁਰਾਣੇ

ਯਹੂਦੀ ਮਤ ਨਾਲੋਂ ਬਿਲਕੁਲ ਅਡਰਾ ਕਰ ਦਿਤਾ । ਈਸਾਈਅਤ ਦਾ ਰੂਪ ਸੇਂਟਪਾਲ ਨੇ ਬਦਲ ਦਿਤਾ ਤੇ ਇਹ ਹੁਣ ਗ੍ਰੀਕ ਤੇ ਯਹੂਦੀ ਵਿਚਾਰਾਂ ਦਾ ਸਮੇਲ ਜਿਹਾ ਹੋ ਗਿਆ । ਈਸਾਈਅਤ ਦਾ ਇਸਰਾਈਲੀਆਂ ਲਈ ਵਕਫ ਹੋਣ ਦੀ ਥਾਂ ਸਰਬ ਸਾਂਝਾ ਹੋਣਾ ਮੰਨਿਆ ਗਿਆ । ਅਨਜਾਤੀਆਂ ਵਿਚ ਪਰਚਾਰ, ਆਤਮਾ ਦੀ ਅਮਰਤਾ ਤੇ ਈਸ਼ਾ ਸਬੰਧੀ ਨਵੀਆਂ ਤਾਵੀਲਾਂ ਹੋਈਆਂ । ਭਾਵੇਂ ਪਾਲ ਦੀ ਟਕਰ ਪੁਰਾਣੇ ਯਹੂਦੀ ਖਿਆਲਾਂ ਨਾਲ ਹੋਈ ਪਰ ਅੰਤ ਵਿਚ ਇਸਦੀ ਜਿਤ ਹੋਈ ਤੇ ਉਸਨੇ ਬਾਈਬਲ ਨੂੰ ਆਪਣੀ ਮਰਜ਼ੀ ਅਨੁਸਾਰ ਅਰਥਾਇਆ । ਜਿਸ ਕਰਕੇ ਪੁਰਾਣਾ ਰੋਮਨ ਮੱਤ ਈਸਾਈ ਮੱਤ ਦਾ ਕਰੜਾ ਵਿਰੋਧੀ ਬਣ ਗਿਆ ਤੇ ਇਸਦਾ ਫਲ ਸਰੂਪ ਸੰ: ੬੬ ਵਿਚ ਪਾਲ ਨੂੰ ਰੋਮ ਦੇ ਵਿਚ ਪ੍ਰਾਣ ਦੰਡ ਦਿਤਾ ਗਿਆ ।

ਸੇਂਟ ਪਾਲ ਅਨੁਸਾਰ ਈਸਾਈ ਮੱਤ ਦੀ ਰੂਪ ਰੇਖਾ ਕੁਝ ਇਸ ਪ੍ਰਕਾਰ ਦੀ ਬਣ ਗਈ ਸੀ ਕਿ ਉਸ ਵਿਚੋਂ ਯਹੂਦੀ ਮੱਤ ਦੀ ਪੁਰਾਤਨਤਾ ਦਾ ਰੂਪ ਪਛਾਣਿਆ ਹੀ ਨਾ ਜਾ ਸਕੇ । ਈਸਾ ਦੀ ਮੌਤ, ਸਲੀਬ, ਮੁੜ ਜੀਅ ਉਠਣ, ਰੂਹਉਲ ਕੁਦਸ ਤੇ ਮੁਕਤੀ ਬਾਰੇ ਇਸਨੇ ਨਿਰੋਲ ਨਵੇਂ ਖਿਆਲ ਦਿਤੇ । ਉਸ ਨੇ ਖੁਦਾ ਦੇ ਬੇਟੇ ਦੀਆਂ ਕਈ ਤਾਵੀਲਾਂ ਕੀਤੀਆਂ । ਉਸ ਨੇ ਇਹ ਵੀ ਦਸਿਆ ਕਿ ਈਸਾ ਆਦਿ ਵਿਚ ਵੀ ਸੀ । ਰੱਬ ਦਾ ਪੁਤਰ ਪਹਿਲੇ ਭੀ ਰੱਬ ਦੇ ਨਾਲ ਸੀ । ਓਹ ਰਬੀ ਅਵਤਾਰ ਬਣਕੇ ਆਪਣੇ ਆਪ ਨੀਵਾਂ ਹੋ ਕੇ ਸੰਸਾਰ ਵਿਚ ਉਤਰਿਆ । ਅਸੀਂ ਈਸਾ ਵਿਚ ਹਾਂ ਤੇ ਈਸਾ ਸਾਡੇ ਵਿਚ ਹੈ । ਪੁਰਾਣੇ ਅਹਿਦਨਾਮੇ ਵਿਚਲੇ ਦਸੇ ਗਏ ਰਬੀ ਕਾਨੂੰਨਾਂ ਦੀ ਵੀ ਨਵੀਂ ਤਸ਼ਰੀਹ ਕੀਤੀ । ਮਸੀਹ ਦੇ ਆਉਣ ਸਬੰਧੀ ਪਹਿਲੇ ਦਿਤੇ ਖਿਆਲਾਂ ਨੂੰ ਅਗੇ ਨਾਲੋਂ ਵਧੇਰੇ ਵਿਸਥਾਰਿਆ ਤੇ ਬਿਆਨਿਆ । ਆਸਮਾਨੀ ਬਾਦਸ਼ਾਹਤ ਦੇ ਭਾਵਕ ਅਰਥ ਕਰਕੇ ਹਕ ਪ੍ਰਸਤੀ, ਸ਼ਾਂਤੀ ਤੇ ਖੁਸ਼ੀ ਦੀ ਪ੍ਰਾਪਤੀ ਦਸੀ । ਉਸਨੇ ਯਹੂਦੀਆਂ ਦੀ ਸੰਮਤੀ ਦੀ ਰੋਈ ਪਰਵਾਹ ਨਾ ਕੀਤੀ ਸਗੋਂ ਉਨ੍ਹਾਂ ਦੇ ਇਸ ਨਿਸਚੇ ਨੂੰ ਕਿ ਓਹ ਰਬ ਦੀ ਖਾਸ ਕੌਮ ਹਨ, ਝੁਠਲਾਇਆ ਤੇ ਈਸਾਈ ਮੱਤ ਨੂੰ ਜਨ ਸਾਧਾਰਨ ਲਈ ਦਸਕੇ ਦੂਜੀਆਂ ਕੌਮਾਂ ਵਿਚ ਫੈਲਾਣਾ ਸ਼ੁਰੂ ਕਰ ਦਿਤਾ । ਪਾਲ ਦੀ ਮਾਤ੍ਰੀ ਭਾਸ਼ਾ ਯੂਨਾਨੀ ਸੀ । ਓਹ ਭਾਵੇਂ ਬੋਲਦਾ ਯਹੂਦੀ ਜ਼ਬਾਨ ਵਿਚ ਸੀ ਪਰ ਉਸਦੇ ਖਿਆਲ ਯੂਨਾਨੀ ਸਨ । ਇਹ ਸਿਹਰਾ ਪਾਲ ਦੇ ਸਿਰ ਹੀ ਬੱਝਦਾ ਹੈ ਕਿ ਉਸਨੇ ਅਣਥਕ ਮਿਹਨਤ ਕਰਕੇ ਈਸਾਈ ਮੱਤ ਦਾ ਪਸਾਰਾ ਏਸ਼ੀਆ ਹੀ ਨਹੀਂ ਸਗੋਂ ਸਾਰੇ ਯੂਰਪ ਵਿਚ ਵੀ ਫੈਲਾ ਦਿਤਾ । ਪਾਲ ਪਹਿਲਾ ਆਦਮੀ ਸੀ ਜੋ ਪਰਚਾਰ ਲਈ ਯੂਰਪ ਵਿਚ ਗਿਆ । ਰੋਮ ਵਿਚ ਈਸਾਈਤ ਦਾ ਮੁਢ ਉਸਨੇ ਲਦੀਆ ਨਾਂ ਦੀ ਇਕ ਯਹੂਦੀ

ਇਸਤ੍ਰੀ ਨੂੰ ਈਸਾਈ ਬਣਾ ਕੇ ਬੰਨਿਆ । ਭਾਵੇਂ ਉਸਨੂੰ ਮਤਿ ਦੀ ਵਿਰੋਧਤਾ ਦੇ ਕਾਰਨ ਮਾਰ ਦਿਤਾ ਗਿਆ ਪਰ ਉਸਨੇ ਆਪਣੀ ਸ਼ਹਾਦਤ ਦੇ ਕੇ ਗ੍ਰੀਕ ਚਰਚ ਦੀਆਂ ਜੜ੍ਹਾਂ ਪਕੀਆਂ ਕਰ ਦਿਤੀਆਂ ।

(੨) ਕੈਥੋਲਿਕ ਚਰਚ

ਕੈਥੋਲਿਕ ਚਰਚ ਦਾ ਮੁਢ ਸੇਂਟ ਪੀਟਰ ਨੇ ਬੰਨਿਆ । ਈਸਾ ਜੀ ਦੀ ਮੌਤ ਤੋਂ ੪੪ ਵਰ੍ਹੇ ਮਗਰੋਂ ਵਿਰੋਧੀਆਂ ਨੇ ਇਸਨੂੰ ਵੀ ਕਤਲ ਕਰ ਦਿਤਾ । ਪੋਪ ਦੀ ਗਦੀ ਦਾ ਅਰੰਭ ਵੀ ਇਸਤੋਂ ਹੀ ਹੋਇਆ । ਇਸ ਲਈ ਇਸਨੂੰ ਕੈਥੋਲਿਕ ਚਰਚ ਦਾ ਪਹਿਲਾ ਪੋਪ ਮੰਨਿਆ ਜਾਂਦਾ ਹੈ ।

ਸੇਂਟ ਪੀਟਰ ਦੇ ਜੀਵਨ ਵਿਚ ਕਈ ਇਕ ਅਚੰਭੇ ਵੇਖਣ ਵਿਚ ਆਉਂਦੇ ਹਨ । ਇਹ ਈਸਾ ਜੀ ਦੇ ਪਹਿਲੇ ਹੋਏ ੧੨ ਮੁਖੀ ਚੇਲਿਆਂ ਵਿਚੋਂ ਇਕ ਸੀ । ਕਿਹਾ ਜਾਂਦਾ ਹੈ ਕਿ ਜਦ ਮਸੀਹ ਇਸ ਨੂੰ ਪਹਿਲੀ ਵੇਰ ਮਿਲਿਆ ਤਾਂ ਉਸ ਵੇਲੇ ਇਹ ਝੀਲ ਵਿਚੋਂ ਮਛੀਆਂ ਫੜ ਰਿਹਾ ਸੀ । ਈਸਾ ਨੇ ਆਖਿਆ, "ਪੀਟਰ ਤੂੰ ਮਛੀਆਂ ਫੜਨੀਆਂ ਛਡ ਦੇਹ । ਮੈਂ ਤੈਨੂੰ ਮਨੁਖਾਂ ਦੇ ਫੜਨ ਵਾਲਾ ਬਣਾਵਾਂਗਾ ।" ਪੀਟਰ ਨੇ ਸੁਣ ਕੇ ਮੰਨ ਲਿਆ ਤੇ ਮਸੀਹ ਦੇ ਨਾਲ ਟੁਰ ਪਿਆ । ਈਸਾ ਨੇ ਇਹ ਵੀ ਕਿਹਾ, "ਪੀਟਰ, ਇਕ ਚਟਾਨ ਹੋਵੇਗੀ, ਜਿਸ ਉਤੇ ਮੈਂ ਈਸਾਈ ਮਤ ਦੀ ਇਮਾਰਤ ਖੜੀ ਕਰਾਂਗਾ । ਸਵਰਗ ਦੀ ਕੁੰਜੀ ਮੈਂ ਪੀਟਰ ਨੂੰ ਦਿਤੀ ਹੈ ।"

ਮਤੀ ਦੀ ਅੰਜੀਲ ਵਿਚ ਇਹ ਵੀ ਲਿਖਿਆ ਹੈ ਕਿ ਜਦੋਂ ਈਸਾ ਪਕੜਿਆ ਗਿਆ ਓਦੋਂ ਪੀਟਰ ਵੀ ਨਾਲ ਸੀ । ਪਰ ਰੋਮਨ ਹਾਕਮਾਂ ਦੇ ਇਹ ਪੁਛਣ ਤੇ ਕੀ ਓਹ ਈਸਾ ਨੂੰ ਆਪਣਾ ਮੁਰਸ਼ਦ ਮੰਨਦਾ ਹੈ । ਉਸ ਨੇ ਤਿੰਨ ਵਾਰੀ ਕਸਮ ਚੁਕ ਕੇ ਇਨਕਾਰ ਕੀਤਾ । ਫੇਰ ਉਨ੍ਹਾਂ ਸਰਦਾਰਾਂ ਨੇ ਪੀਟਰ ਨੂੰ ਆਖਿਆ ਕਿ ਜੇਕਰ ਓਹ ਅਸਲੋਂ ਈਸਾ ਦਾ ਚੇਲਾ ਨਹੀਂ ਤਾਂ ਉਸਨੂੰ ਲਾਅਨਤ ਭੇਜੇ ਤਾਂ ਪੀਟਰ ਨੇ ਇਸੇਤਰਾਂ ਹੀ ਕੀਤਾ । ਉਸ ਵੇਲੇ ਕੁਕੜ ਨੇ ਬਾਂਗ ਦਿਤੀ ਤੇ ਈਸਾ ਦਾ ਓਹ ਵਚਨ ਪੂਰਾ ਹੋਇਆ, "ਪੀਟਰ ਜੋ ਮੇਰੇ ਪਿਆਰੇ ਸ਼ਾਗਿਰਦਾਂ ਵਿਚੋਂ ਹੈ ਕੁਕੜ ਦੀ ਬਾਂਗ ਤੋਂ ਪਹਿਲਾਂ ਤਿੰਨ ਵੇਰਾਂ ਮੇਰਾ ਇਨਕਾਰ ਕਰੇਗਾ ।"

ਕਈ ਵਿਦਵਾਨ ਕਹਿੰਦੇ ਹਨ ਕਿ ਪੀਟਰ ਜਦ ਰੋਮ ਵਿਚ ਗਿਆ ਤਾਂ ਉਸ ਵੇਲੇ ਈਸਾਈਆਂ ਤੇ ਕਈ ਤਰਾਂ ਦੇ ਜ਼ੁਲਮ ਢਾਹੇ ਜਾ ਰਹੇ ਸਨ । ਇਕ ਲਕੜੀ ਥੱਲੇ ਨਾਲ੍ਹ ਬੰਨ੍ਹ ਕੇ ਈਸਾਈਆਂ ਨੂੰ ਮਾਰਿਆ ਜਾਂਦਾ ਸੀ । ਈਸਾਈ ਇਸਤ੍ਰੀਆਂ ਦੇ ਸਿਰਾਂ ਤੇ ਚੋਖਾ ਭਾਰ ਚੁਕਵਾ ਕੇ ਉਨ੍ਹਾਂ ਨੂੰ ਖੜੇ ਰਖਿਆ ਜਾਂਦਾ ਸੀ ਪਰ ਫਿਰ ਵੀ ਲੋਕ ਧੜਾਂ ਧੜ ਈਸਾਈ ਬਣ ਰਹੇ ਸਨ । ਇਸ ਸਖਤੀ ਦੇ

ਸਮੇਂ ਕਈ ਈਸਾਈਆਂ ਨੇ ਪੀਟਰ ਨੂੰ ਕਿਹਾ ਕਿ ਜੇਕਰ ਓਹ ਰੋਮ ਤੋਂ ਚਲਿਆ ਜਾਵੇ ਤਾਂ ਸ਼ਾਇਦ ਇਹ ਬਿਪਤਾ ਟਲ ਜਾਵੇ । ਪੀਟਰ ਚਲਿਆ ਗਿਆ ਪਰ ਅਜੇ ਥੋੜੀ ਹੀ ਵਾਟ ਗਿਆ ਹੋਵੇਗਾ ਕਿ ਉਸਨੂੰ ਸਾਹਮਣਿਓ ਹਜ਼ਰਤ ਈਸਾ ਆਉਂਦੇ ਮਿਲੇ। ਪੀਟਰ ਨੇ ਪੁਛਿਆ, “ਆਪ ਕਿਧਰ ਜਾ ਰਹੇ ਹੋ ?” ਈਸਾ ਨੇ ਉਤਰ ਦਿਤਾ, “ਰੋਮ ਨੂੰ।” ਉਸਨੇ ਫੇਰ ਪੁਛਿਆ, “ਕਿਓਂ ?” ਈਸਾ ਨੇ ਆਖਿਆ, “ਆਪਣੀਆਂ ਭੇਡਾਂ ਪਾਸ ਜਾ ਰਿਹਾ ਹਾਂ ਜਿਨ੍ਹਾਂ ਦਾ ਰਖਵਾਲਾ ਮੈਂ ਤੈਨੂੰ ਬਣਾਇਆ ਸੀ ਪਰ ਤੂੰ ਛਡਕੇ ਜਾ ਰਿਹਾ ਏਂ ।” ਈਸਾ ਦਾ ਇਹ ਬਚਨ ਸੁਣਕੇ ਪੀਟਰ ਮੁੜ ਰੋਮ ਨੂੰ ਪਰਤ ਗਿਆ ਤੇ ਈਸਾਈ ਮੱਤ ਦਾ ਪਰਚਾਰ ਕਰਨ ਲਗ ਪਿਆ ਤੇ ਅੰਤ ਵਿਚ ਉਥੇ ਹੀ ਮਾਰਿਆ ਗਿਆ। ਪਰ ਰੋਮ ਦੇ ਗਿਰਜੇ ਦੀ ਬੁਨਿਆਦ ਉਸਦੀ ਮੌਤ ਨਾਲ ਰਖੀ ਗਈ । ਪੀਟਰ ਨੂੰ ਇਸ ਲਈ ਪਿਤਕਮ ਵੀ ਕਹਿੰਦੇ ਹਨ।

ਪੋਪ ਦਾ ਅਰਥ ਪਿਤਾ ਬਜ਼ੁਰਗ ਜਾਂ ਵਡਾ ਹੈ। ਸੇਂਟ ਪੀਟਰ ਨੂੰ ਰੋਮ ਵਿਚ ਪੋਪ ਮੰਨਿਆ ਇਸ ਲਈ ਗਿਆ ਸੀ ਕਿ ਇਹ ਈਸ਼ਾ ਜੀ ਦੇ ਖਾਸ ਉਲ ਖਾਸ ਰਸੂਲਾਂ ਵਿਚੋਂ ਸੀ ਤੇ ਇਸਨੂੰ ਈਸਾ ਜੀ ਦੀ ਭਰਵੀਂ ਸੰਗਤ ਪ੍ਰਾਪਤ ਹੋਈ ਸੀ। ਓਹ ਰੱਬੀ ਕਲਾਮ ਦੇ ਗੁਝੇ ਭੇਦਾਂ ਨੂੰ ਭਲੀ ਪ੍ਰਕਾਰ ਜਾਣਦਾ ਸੀ। ਇਸ ਲਈ ਗ਼ਲਤੀ ਨਹੀਂ ਸੀ ਕਰ ਸਕਦਾ। ਜੇਕਰ ਕਿਸੇ ਨੂੰ ਕਿਸੇ ਗਲ ਦਾ ਕੋਈ ਭਰਮ ਪੈ ਜਾਂਦਾ ਤਾਂ ਓਹ (ਪੀਟਰ) ਉਸਦਾ ਨਿਰਣਾ ਕਿਸੇ ਰਸੂਲ ਪਾਸੋਂ ਕਰਾਂਦਾ ਸੀ ਤੇ ਇਸ ਨਿਰਣੇ ਨੂੰ ਸਚਾ ਨਿਬੇੜਾ ਸਮਝਕੇ ਪ੍ਰਵਾਨ ਕੀਤਾ ਜਾਂਦਾ ਸੀ । ਇਹ ਵੀ ਮਨੌਤ ਸੀ ਕਿ ਪੀਟਰ ਨੂੰ ਈਸਾ ਨੇ ਖਾਸ ਵਰ ਦਿਤੇ ਸਨ ਤੇ ਉਸ ਲਈ ਖਾਸ ਅਰਦਾਸਾਂ ਵੀ ਕੀਤੀਆਂ ਸਨ।

ਈਸਾ ਦਾ ਇਹ ਵੀ ਕਥਨ ਸੀ, “ਮੈਂ ਬਾਪ (ਰੱਬ) ਅਗੇ ਪ੍ਰਾਰਥਨਾ ਕਰਾਂਗਾ ਤੇ ਓਹ ਤੁਹਾਨੂੰ ਹੋਰ ਵਿਚੋਲਾ ਦੇਵੇਗਾ ਜੋ ਤੁਹਾਡੇ ਨਾਲ ਰਹਿ ਸਕੇ। (ਸੇਂਟ ਜੋਨ ੧੫-੧੬) ਅਜਿਹੀਆਂ ਗਲਾਂ ਕਰਕੇ ਹੀ ਇਹ ਗਲ ਮੰਨੀ ਗਈ ਕਿ ਇਕ ਅਜਿਹਾ ਆਦਮੀ ਹਰ ਸਮੇਂ ਚਾਹੀਦਾ ਹੈ ਜੋ ਅਭੁਲ ਹੋਵੇ ਅਤੇ ਜਿਸਦਾ ਈਮਾਨ ਸਦਾ ਕਾਇਮ ਰਹੇ । ਜਦ ਪੀਟਰ ਮਰ ਗਿਆ ਤਾਂ ਉਸਦਾ ਜਾਨਸ਼ੀਨ ਨੀਯਤ ਕੀਤਾ ਗਿਆ ਤੇ ਉਸਨੂੰ ਪੋਪ ਦੀ ਪਦਵੀ ਮਿਲੀ।

ਰੋਮਨ ਕੈਥੋਲਿਕ ਚਰਚ ਦੇ ਪੈਰੋਕਾਰਾਂ ਦਾ ਇਹ ਯਕੀਨ ਹੈ ਕਿ ਪੋਪ ਧਾਰਮਕ ਤੌਰ ਤੇ ਸਭ ਤੋਂ ਮਹਾਨ ਵਿਅਕਤੀ ਹੈ । ਪੋਪ ਤੇ ਉਸ ਨਾਲ ਸਬੰਧਤ ਸਾਰੇ ਬਿਸ਼ਪ ਭੀ ਅਭੁਲ ਹਨ। ਇਸ ਖਿਆਲ ਨੇ ਆਹਿਸਤਾ ਆਹਿਸਤਾ ਯੂਰਪ ਵਿਚ ਪੋਪ ਦੀ ਧਾਰਮਕ ਤੇ ਰਾਜਨੀਤਕ ਮਹਾਨਤਾ ਵਿਚ ਬਹੁਤ ਵਾਧਾ ਕਰ ਦਿਤਾ।

ਪੀਟਰ ਦੇ ਜਾਨਸ਼ੀਨਾਂ ਨੇ ਲਗ ਪਗ ਹਜ਼ਾਰ ਬਾਰਾਂ ਸੌ ਵਰ੍ਹੇ ਯੂਰਪ ਤੇ ਮੰਨ ਮਨੀ ਹਕੂਮਤ ਕੀਤੀ। ਮੌਜੂਦਾ ਪੋਪ ਪਾਲ ਛੇਵਾਂ ਹੈ।

(੩) ਪ੍ਰੋਟੈਸਟੈਂਟ ਚਰਚ

ਪ੍ਰੋਟੈਸਟੈਂਟ ਚਰਚ ਦੀ ਸਥਾਪਤੀ ਕੈਥਾਲਿਕ ਚਰਚ ਤੋਂ ਲਗ ਪਗ ਡੇਢ ਹਜ਼ਾਰ ਵਰ੍ਹਿਆਂ ਬਾਹਦ ਹੋਈ। ਇਸਦਾ ਕਾਰਨ ਪੋਪਾਂ ਵਿਚ ਅਤਿ ਦਰਜੇ ਦੀ ਆਈ ਆਚਰਨ ਗਿਰਾਵਟ ਸੀ। ਪੋਪ ਦਿਨੋ ਦਿਨ ਪਖੰਡੀ, ਲੋਭੀ, ਝੂਠੇ, ਕੁਟਲ ਤੇ ਦੁਰਾਚਾਰੀ ਹੋ ਰਹੇ ਸਨ। ਨਿਤ ਨਵੀਂ ਸਾਜ਼ਸ਼ ਨਵੇਂ ਸੂਰਜ ਨਵੀਆਂ ਮਕਾਰੀਆਂ ਤੇ ਭ੍ਰਿਸ਼ਟਾਚਾਰੀਆਂ ਨੇ ਸੂਝਵਾਨਾਂ ਨੂੰ ਸਿਦਕ ਹੀਣ ਬਣਾ ਦਿਤਾ ਸੀ। ਇਨੋਸੈਂਟ ਅਠਵਾਂ, ਐਲਗਜ਼ੈਂਡਰ ਛੇਵਾਂ, ਜੂਲੀਅਸ ਦੂਸਰਾ, ਲੀਊ ਦਸਵਾਂ, ਕਲੈਮੈਂਟ ਸਤਵਾਂ ਆਦਿਕ ਪੋਪ ਤਾਂ ਇਸ ਕਦਰ ਵਸ਼ੇਈ ਹੋ ਚੁਕੇ ਸਨ ਕਿ ਉਨ੍ਹਾਂ ਦਾ ਨਾਂ ਲੈਂਦਿਆਂ ਵੀ ਸਾਊਆਂ ਦੇ ਦਿਲ ਕੰਬ ਜਾਂਦੇ ਸਨ। ਇਆਸ਼ੀ ਇੰਨਾ ਪਸ਼ੂ ਪੁਣਾ ਅਖ਼ਤਿਆਰ ਕਰ ਚੁਕੀ ਸੀ ਕਿ ਕਾਮ ਵੱਸ ਹੋਏ ਅੰਨਿਆਂ ਨੂੰ ਧੀ ਭੈਣ ਦੀ ਪਛਾਣ ਵੀ ਜਾਂਦੀ ਰਹੀ ਸੀ। ਐਲਗਜ਼ੈਂਡਰ ਛੇਵੇਂ ਦਾ ਆਪਣਾ ਪੁਤਰ ਆਪਣੀ ਭੈਣ ਨਾਲ ਹੀ ਮਾੜਾ ਸਬੰਧ ਰਖੀ ਬੈਠਾ ਸੀ। ਉਸ ਵੇਲੇ ਦੀ ਪੋਪਾਂ ਵਿਚ ਆਈ ਬਦਇਖ਼ਲਾਕੀ ਦਾ ਅਸਰ ਇਸ ਹੇਠ ਲਿਖੀ ਮਿਸ਼ਾਲ ਤੋਂ ਪ੍ਰਤੱਖ ਹੋ ਜਾਂਦਾ ਹੈ :

ਰੋਮ ਦਾ ਇਕ ਯਹੂਦੀ ਈਸਾਈ ਹੋ ਗਿਆ। ਲੋਕਾਂ ਨੇ ਉਸਨੂੰ ਉਸਦੇ ਮਜ਼ੁਬ ਬਦਲਣ ਦਾ ਕਾਰਨ ਪੁਛਿਆ। ਉਸ ਨੇ ਉਤਰ ਵਿਚ ਆਖਿਆ, "ਮੈਂ ਸਮਝਦਾ ਹਾਂ ਜੋ ਮਜ਼ੁਬ ਹੱਦ ਦਰਜੇ ਦਾ ਦੁਰਾਚਾਰੀ ਹੋ ਕੇ ਵੀ ਵੱਧ ਰਿਹਾ ਹੈ ਉਸ ਤੇ ਰੱਬ ਦੀ ਖਾਸ ਕ੍ਰਿਪਾ ਹੈ, ਨਹੀਂ ਤਾਂ ਹੋਰ ਕੀ ਹੈ ? ਫਿਰ ਜਿਸ ਧਰਮ ਤੇ ਰੱਬ ਇਤਨਾ ਮਿਹਰਬਾਨ ਹੋਵੇ, ਮੈਂ ਓਹ ਮੱਤ ਕਿਓਂ ਨਾ ਧਾਰਨ ਕਰਾਂ।"

ਰੱਬ ਨੂੰ ਅਤਿ ਨਹੀਂ ਭਾਂਵਦੀ। ਇਹ ਗਲ ਸੋਲ੍ਹਾਂ ਆਨੇ ਸਹੀ ਕਹੀ ਜਾ ਸਕਦੀ ਹੈ "ਹਰ ਫਰਔਨੇ ਰਾ ਮੂਸਾ"। ਜਦੋਂ ਬਦੀ ਸਿਖਰ ਫੜ ਲਵੇ ਤਾਂ ਕੁਦਰਤ ਉਸਦੇ ਸੁਧਾਰ ਲਈ ਵੀ ਨਵੀਂ ਸ਼ਕਤੀ ਵਜੂਦ ਵਿਚ ਲੈ ਆਉਂਦੀ ਹੈ। ਸੋ ਪੋਪ ਸੁਧਾਰ ਦਾ ਬਾਨ੍ਹਣੂ ਵੀ ਕੁਦਰਤ ਵਲੋਂ ਹੀ ਬਝਾ। ਤੇ ਮਾਰਟਨ ਲੂਥਰ ਨਾਂ ਦੇ ਇਕ ਸੁਧਾਰਕ ਦੀ ਅਗਵਾਈ ਹੇਠ ਇਸ ਲਹਿਰ ਨੇ ਜਰਮਨ ਵਿਚੋਂ ਜਨਮ ਲਿਆ। ਪੇਸ਼ਤਰ ਇਸਦੇ ਕਿ ਲਹਿਰ ਦੇ ਵਧਨ ਫੁਲਣ ਤੇ ਕਾਮਯਾਬ ਹੋਣ ਦਾ ਜ਼ਿਕਰ ਕੀਤਾ ਜਾਵੇ ਮਾਰਟਨ ਲੂਥਰ ਬਾਰੇ ਸੰਖੇਪ ਜਹੀ ਜਾਣ ਪਛਾਣ ਕਰਾਣੀ ਵੀ ਕੋਈ ਕੁਥਾਂ ਨਹੀਂ ਹੋਵੇਗੀ।

ਮਾਰਟਨ ਲੂਥਰ

੧੦ ਨਵੰਬਰ ੧੪੮੩ ਵਾਲੇ ਦਿਨ ਮਿਸਿਜ਼ ਮਾਰਗ੍ਰੇਟ ਲੂਥਰ ਦੀ ਕੁਖੋਂ ਜਾਨ ਲੂਥਰ ਨਾਂ ਦੇ ਇਕ ਜ਼ਿਮੀਦਾਰ ਦੇ ਘਰ ਇਕ ਬਾਲਕ ਨੇ ਜਨਮ ਲਿਆ । ਇਸੇ ਦਿਨ ਹੀ ਮਾਰਟਿਨ ਨਾਂ ਦੇ ਇਕ ਈਸਾਈ ਸਾਧੂ ਦੀ ਵਰ੍ਹੇ ਗੰਢ ਵੀ ਮਨਾਈ ਜਾ ਰਹੀ ਸੀ। ਇਸ ਲਈ ਜਾਨ ਲੂਥਰ ਨੇ ਇਸ ਬਾਲਕ ਦਾ ਨਾਂ ਮਾਰਟਿਨ ਲੂਥਰ ਰਖਿਆ ।

ਮਾਰਟਨ ਲੂਥਰ ਬੜਾ ਹੋਨਹਾਰ ਮੁੰਡਾ ਨਿਕਲਿਆ । ਪਿਤਾ ਨੇ ਆਪਣੀ ਵਿਤ ਤੋਂ ਬਾਹਰਾ ਹੋ, ਕਈ ਜਫਰ ਜਾਲ ਕੇ ਵੀ ਇਸਨੂੰ ਪੜ੍ਹਾਇਆ। ੧੫੦੫ ਈ: ਵਿਚ ਮਾਰਟਿਨ ਨੇ ਆਕਸਫੋਰਡ ਵਿਸ਼੍ਵ ਵਿਦਿਆਲੇ ਤੋਂ ਐਮ. ਏ. ਪਾਸ ਕਰ ਲਈ। ਬਾਵਜੂਦ ਇੰਨੀ ਸ਼ਫਲਤਾ ਦੇ ਕੁਦਰਤ ਨੇ ਇਸਦਾ ਮਨ ਦੁਨੀਆਂ ਵਲੋਂ ਉਚਾਟ ਹੀ ਰਖਿਆ । ਉਸਦੇ ਸੰਸਾਰ ਵਲੋਂ ਉਚਾਟ ਹੋਣ ਦਾ ਮੁਖ ਕਾਰਨ ਉਸਦੇ ਇਕ ਅਤਿ ਸਨੇਹੀ ਮਿਤਰ ਦੀ ਮੌਤ ਸੀ । ਆਖਰ ਓਹ ਇਕ ਅਗਸਟਨ ਸਾਧੂਆਂ ਦੇ ਟੋਲੇ ਵਿਚ ਸ਼ਾਮਲ ਹੋ ਗਿਆ ਤੇ ਅੰਜੀਲ ਵਿਚਾਰਦਾ ਤੇ ਪਰਚਾਰਦਾ ਰਿਹਾ ।

ਸੰਨ ੧੫੧੦ ਈ: ਵਿਚ ਓਹ ਰੋਮ ਪੁਜਾ ਪਰ ਪੋਪਾਂ ਦੇ ਪਾਖੰਡ ਨੂੰ ਵੇਖ ਕੇ ਸਗੋਂ ਨਿਰਾਸ ਹੋ ਗਿਆ । ਸਿਧੇ ਸਾਦੇ ਲੋਕਾਂ ਦੇ ਅੰਧ ਵਿਸ਼੍ਵਾਸ ਤੇ ਪੋਪਾਂ ਦੇ ਪਰਪੰਚ, ਪਾਖੰਡ ਤੇ ਵਿਕਾਰੀ ਜੀਵਨ ਨੂੰ ਵੇਖਕੇ ਉਸਦਾ ਦਿਲ ਪੋਪ ਵਲੋਂ ਘ੍ਰਿਣਤ ਹੋ ਗਿਆ ।

ਪੋਪ ਲੀਊਸ ਦਸਵੇਂ ਨੇ ੧੫੧੩ ਵਿਚ ਸੇਂਟ ਪੀਟਰ ਦੇ ਗਿਰਜੇ ਨੂੰ ਨਵੇਂ ਸਿਰੋਂ ਉਸਾਰਨ ਦਾ ਪ੍ਰੋਗਰਾਮ ਬਣਾਇਆ। ਇਸ ਲਈ ਬਹੁਤ ਸਾਰੀ ਮਾਇਆ ਚਾਹੀਦੀ ਸੀ ਤੇ ਇਸਦੇ ਇਕੱਤ੍ਰ ਕਰਨ ਲਈ ਉਸਨੇ ਮੁਆਫੀ ਨਾਮੇ ਜਾਰੀ ਕੀਤੇ ਤੇ ਉਨ੍ਹਾਂ ਵਿਚ ਲਿਖਿਆ ਕਿ ਇਨ੍ਹਾਂ ਮੁਆਫੀ ਨਾਮਿਆਂ ਨੂੰ ਖਰੀਦਣ ਵਾਲਿਆਂ ਦੇ ਅਗਲੇ ਪਿਛਲੇ ਸਾਰੇ ਗੁਨਾਹ ਮੁਆਫ ਹੋ ਜਾਣਗੇ। ਜੋ ਵਧ ਰੁਪਿਆ ਦੇਣਗੇ ਉਨ੍ਹਾਂ ਦੇ ਸਾਕ ਸ਼ਬੰਧੀ ਵੀ ਬਖਸ਼ੇ ਜਾਣਗੇ। ਜੋ ੩੦) ਰੁਪਏ ਦੇਵੇਗਾ ਉਸ ਨੂੰ ਇਕ ਤੋਂ ਵਧੀਕ ਇਸਤ੍ਰੀ ਭੋਗਣ ਦਾ ਪਾਪ ਮੁਆਫ ਹੋਵੇਗਾ । ੪੫) ਰੁਪਏ ਦੇਣ ਵਾਲੇ ਨੂੰ ਚੋਰੀ ਤੇ ਡਾਕਾਜ਼ਨੀ ਮੁਆਫ ਹੋਵੇਗੀ। ਇਸ ਤੋਂ ਵਧ ਦੇਣ ਵਾਲੇ ਨੂੰ ਖੂਨ ਮੁਆਫ ਹੋਵੇਗਾ ।

ਇਨ੍ਹਾਂ ਮੁਆਫੀ ਨਾਮਿਆਂ ਦੀ ਵਿਕਰੀ ਦਾ ਕੰਮ ਪਾਦਰੀ ਟਿਟਜ਼ਲ ਨੂੰ ਸੌਂਪਿਆ ਗਿਆ ਜੋ ਮਾਰਟਿਨ ਲੂਥਰ ਨੂੰ ਟਿਟਜ਼ਲ ਵਿਟਨ ਬਰਗ ਵਿਚ ਮਿਲਿਆ । ਲੂਥਰ ਉਸਨੂੰ ਮੁਆਫੀ ਨਾਮੇ ਵੇਚਦਾ ਵੇਖਕੇ ਬੜਾ ਦੁਖੀ

ਹੋਇਆ। ਉਹ ਤਿੰਨ ਸਾਲ ਪਹਿਲੇ ਰੋਮ ਵਿਚ ਪੋਪ ਦੇ ਕੁਚੀਲ ਲਛਣ ਵੇਖ ਚੁਕਾ ਸੀ। ਹੁਣ ਇਹ ਵੇਖਕੇ ਉਸਨੂੰ ਹੋਰ ਵੀ ਦੁਖ ਹੋਇਆ ਤੇ ਉਸਨੇ ਪੋਪ ਦੇ ਸੁਧਾਰ ਕਰਨ ਦਾ ਮਨ ਵਿਚ ਤਹੱਈਆ ਕਰ ਲਿਆ। ੧੫੧੬ ਈ: ਵਿਚ ਉਸਨੇ ਪੋਪ ਤੇ ਮਜ਼੍ਹਬ ਦੇ ਸੁਧਾਰ ਲਈ **੯੯** ਅਸੂਲ ਛਾਪ ਕੇ ਵੰਡੇ ਅਤੇ ਵਿਟਨ ਬਰਗ ਦੇ ਗਿਰਜੇ ਦੇ ਬਾਹਰ ਵੀ ਚਸਪਾਨ ਕਰ ਦਿਤੇ। ਇਸ ਨਾਲ ਲੋਕਾਂ ਵਿਚ ਡਾਢੀ ਹਲ ਚਲ ਮਚ ਗਈ। ਪਹਿਲਾਂ ਤਾਂ ਪੋਪ ਇਸ ਗਲੋਂ ਲਾਪਰਵਾਹ ਤੇ ਅਵੇਸਲਾ ਰਿਹਾ ਪਰ ਮਗਰੋਂ ਉਹਨੂੰ ਡਾਢੀ ਚਿੰਤਾ ਲਗ ਗਈ।

ਕਹਿੰਦੇ ਨੇ ਪੋਪ ਲੀਉਸ ਦਸਵੇਂ ਨੇ ਲੂਥਰ ਨੂੰ ਤਾੜਿਆ ਤੇ ਆਖਿਆ ਕਿ ਉਹ ਕੀ ਉਸਨੂੰ ਤੇ ਉਸਦੀ ਪੋਜ਼ੀਸ਼ਨ ਨੂੰ ਜਾਣਦਾ ਨਹੀਂ? ਫੇਰ ਉਸਨੇ ਉਸਦਾ ਕੀ ਵਿਗਾੜ ਲੈਣਾ ਹੈ? ਮਾਰਟਿਨ ਨੇ ਉਸਨੂੰ ਨਿਧੜਕ ਹੋ ਕੇ ਉਤਰ ਦਿਤਾ, "ਮੇਰਾ ਤੇ ਕੁਝ ਹੈ ਹੀ ਨਹੀਂ, ਮੇਰੇ ਪਰਚਾਰ ਨਾਲ ਤੇਰੀ ਪੋਜ਼ੀਸ਼ਨ ਹੀ ਖਰਾਬ ਹੋਣੀ ਹੈ।" ਆਖਰ ੧੫ ਜੂਨ ੧੫੨੦ ਨੂੰ ਪੋਪ ਨੇ ਮਾਰਟਿਨ ਲੂਥਰ ਨੂੰ ਛੇਕਣ ਦਾ ਐਲਾਨ ਕਰ ਹੀ ਦਿਤਾ।

ਈਸਵੀ ਸੰਨ ੧੫੨੯ ਨੂੰ ਜਰਮਨੀ ਵਿਚ ਈਸਾਈ ਪਾਦਰੀਆਂ ਤੇ ਸਾਧੂਆਂ ਦੀ ਇਕ ਸਾਂਝੀ ਸਭਾ ਹੋਈ, ਜਿਸ ਵਿਚ ਮਤਾ ਪਾਸ ਕੀਤਾ ਗਿਆ ਕਿ ਜਦ ਤਕ ਦੂਜੀ ਸਭਾ ਨਾ ਬੈਠੇ ਓਦੋਂ ਤਕ ਲੋਕਾਂ ਨੂੰ ਆਪਣਾ ਮੱਤ ਨਹੀਂ ਬਦਲਣਾ ਚਾਹੀਦਾ। ਲੂਥਰ ਤੇ ਉਸਦੇ ਸਾਥੀਆਂ ਨੇ ਇਸੇ ਮੱਤੇ ਵਿਰੁਧ ਰੋਸ (Protest) ਕੀਤਾ। ਇਸ ਪ੍ਰੋਟੈਸਟ ਤੋਂ ਹੀ ਉਨ੍ਹਾਂ ਨੂੰ ਪ੍ਰੋਟੈਸਟੈਂਟ ਕਿਹਾ ਜਾਣ ਲਗ ਪਿਆ।

ਜਦ ਸਮਝਾਣ-ਬੁਝਾਣ ਤੇ ਵੀ ਲੂਥਰ ਨੇ ਆਪਣਾ ਰਵੀਆ ਨਾ ਬਦਲਿਆ ਤਾਂ ਬਾਦਸ਼ਾਹ ਚਾਰਲਸ ਨੇ ਲੂਥਰ ਨੂੰ ਸਾਫ ਲਫਜ਼ਾਂ ਵਿਚ ਕਹਿ ਦਿਤਾ ਕਿ ਹੁਣ ਜੇਕਰ ਕਿਸੇ ਨੇ ਉਸ ਨੂੰ ਜਾਨੋਂ ਮਾਰ ਦਿਤਾ ਤਾਂ ਕਾਨੂੰਨ ਉਸ ਦੀ ਕੋਈ ਰਖਿਆ ਨਹੀਂ ਕਰ ਸਕੇਗਾ।

ਲੂਥਰ ਦੀਆਂ ਪੁਸਤਕਾਂ ਫੂਕ ਦਿਤੀਆਂ ਗਈਆਂ। ਜਰਮਨੀ ਦੇ ਲੋਕ ਲੂਥਰ ਨੂੰ ਚਾਹੁੰਦੇ ਸਨ ਤੇ ਦਿਲੋਂ ਉਸ ਦੇ ਹਮਦਰਦ ਸਨ। ਬਾਦਸ਼ਾਹ ਚਾਰਲਸ ਵੀ ਧਾਰਮਕ ਤੌਰ ਤੇ ਉਸ ਦੇ ਹਕ ਵਿਚ ਸੀ ਭਾਂਵੇਂ ਰਾਜਨੀਤਕ ਕਾਰਨਾਂ ਕਰਕੇ ਓਹ ਉਸ ਦੀ ਹਾਮੀ ਨਹੀਂ ਸੀ ਭਰ ਸਕਦਾ। ਡੀਯੂਕ ਆਫ ਸੈਕਸੈਨੀ ਲੂਥਰ ਦੇ ਪਕੇ ਹਾਮੀਆਂ ਵਿਚੋਂ ਸੀ। ਉਸ ਨੇ ਲੂਥਰ ਦੀ ਰਖਿਆ ਲਈ ਇਕ ਸੌ ਸਵਾਰ ਘਲੇ। ਇਨ੍ਹਾਂ ਰਾਖਿਆਂ ਨੇ ਲੂਥਰ ਨੂੰ ਚੁਕ ਲਿਆ ਦੁਸ਼ਮਨਾਂ ਤੋਂ ਬਚਾ ਕੇ ਰਖਣ ਲਈ ਉਨ੍ਹਾਂ ਉਸ ਨੂੰ ਵਾਰਟ ਬਰਮ ਦੇ ਕਿਲ੍ਹੇ ਵਿਚ ਲੁਕਾ ਲਿਆ। ਇਥੇ ਹੀ ਇਸ ਨੇ ਸਾਧਾਰਨ ਬੋਲੀ ਵਿਚ ਬਾਈਬਲ ਦਾ ਅਨੁਵਾਦ ਕੀਤਾ।

ਆਮ ਲੋਕ ਲੂਥਰ ਦੇ ਪ੍ਰਚਾਰ ਤੋਂ ਚੰਗੇ ਪ੍ਰਭਾਵਤ ਹੋਏ। ਪੋਪ ਨੇ ਲੂਥਰ ਲਈ ਹੁਕਮ ਜਾਰੀ ਕੀਤਾ ਕਿ ਓਹ ੬੦ ਦਿਨਾਂ ਦੇ ਅੰਦਰ-ਅੰਦਰ ਰੋਮ ਵਿਚ ਪੋਪ ਸਾਹਮਣੇ ਹਾਜ਼ਰ ਹੋਵੇ। ਲੂਥਰ ਰੋਮ ਵਲ ਟੁਰ ਪਿਆ ਪਰ ਆਗਸਬਰਗ ਦੇ ਸ਼ਹਿਰ ਵਿਚ ਪੁਜ ਕੇ ਬੀਮਾਰ ਹੋ ਗਿਆ। ਇਥੇ ਉਸ ਨੂੰ ਇਕ ਕਾਰਡੀਨਲ ਨੇ ਮਸ਼ਵਰਾ ਦਿਤਾ ਕਿ ਓਹ ਆਪਣੀ ਭੁਲ ਦੀ ਮੁਆਫੀ ਮੰਗ ਲਵੇ ਪਰ ਲੂਥਰ ਨੇ ਇਸ ਵਲ ਕੋਈ ਕੰਨ ਨਾ ਧਰਿਆ ਤੇ ਸੁਣੀ-ਅਨਸੁਣੀ ਕਰ ਦਿਤੀ। ਓਹ ਰੋਮ ਪੁਜ ਗਿਆ ਤੇ ਸ਼ਾਹਜ਼ਾਦਿਆਂ ਦੇ ਸਾਹਮਣੇ ਉਸ ਨੇ ਸਪਸ਼ਟ ਸ਼ਬਦਾਂ ਵਿਚ ਪੋਪ ਦੇ ਮਤ ਦਾ ਖੰਡਨ ਕੀਤਾ।

ਚਾਰਲਸ ਸਪੇਨ ਦਾ ਸੀ ਤੇ ਪੋਪ ਰੋਮ ਦਾ ਸੀ ਇਸ ਲਈ ਲੋਕਾਂ ਨੇ ਲੂਥਰ ਦੀ ਲਹਿਰ ਨੂੰ ਵਿਦੇਸ਼ੀਆਂ ਦੇ ਵਿਰੁਧ ਇਕ ਲਹਿਰ ਸਮਝ ਲਿਆ।

ਇਨ੍ਹਾਂ ਹੀ ਦਿਨਾਂ ਵਿਚ ਜਰਮਨੀ ਵਿਚ ਸਰਦਾਰਾਂ ਤੇ ਕਿਸਾਨਾਂ ਨੇ ਵਿਦਰੋਹ ਕਰ ਦਿਤਾ। ਲੂਥਰ ਨੇ ਬਾਦਸ਼ਾਹ ਦੀ ਸਹਾਇਤਾ ਕੀਤੀ। ਉਸ ਨੇ ਇਹ ਵਿਦਰੋਹ ਸੁਧਾਰ ਤੇ ਪ੍ਰਚਾਰ ਲਈ ਹਾਨੀਕਾਰਕ ਸਮਝਿਆ। ਕਿਉਂਕਿ ਵਿਦਰੋਹ ਦਾ ਮੁਖ ਕਾਰਨ ਲੂਥਰ ਦਾ ਪ੍ਰਚਾਰ ਹੀ ਸੀ। ਉਸ ਦੇ ਪ੍ਰਚਾਰ ਨੂੰ ਸੁਣ ਕੇ ਹੀ ਉਨ੍ਹਾਂ ਦਾ ਧਾਰਮਕ ਜਜ਼ਬਾ ਭੜਕਿਆ ਸੀ ਤੇ ਉਨ੍ਹਾਂ ਵਿਦਰੋਹ ਕੀਤਾ ਸੀ। ਲੂਥਰ ਦੀ ਬਾਦਸ਼ਾਹ ਨੂੰ ਸਹਾਇਤਾ ਦੇਣੀ ਲੋਕਾਂ ਨੂੰ ਚੰਗੀ ਨਾ ਲਗੀ। ਬਗ਼ਾਵਤ ਦਬਾ ਦਿਤੀ ਗਈ। ਜੋਸ਼ ਠੰਡਾ ਪੈ ਗਿਆ ਪਰ ਇਤਿਹਾਸਕਾਰ ਹੁਣ ਵੀ ਲੂਥਰ ਨੂੰ ਦੋਸ਼ੀ ਠਹਿਰਾਉਂਦੇ ਹਨ।

ਪ੍ਰੋਟੈਸਟੈਂਟ ਚਰਚ ਦੀ ਸਥਾਪਤੀ ਮਾਰਟਿਨ ਲੂਥਰ ਦੇ ਪ੍ਰਚਾਰ ਦਾ ਹੀ ਸਿਟਾ ਸੀ। ਫਰਾਂਸ ਦੇ ਕਾਲਵਿਨ ਨੇ ਵੀ ਇਸ ਦਾ ਚੰਗਾ ਪ੍ਰਚਾਰ ਕੀਤਾ ਤੇ ਇਸ ਦਾ ਨਤੀਜਾ ਸਤਾਰ੍ਹਵੀਂ ਸਦੀ ਵਿਚ ਪੋਪ ਦੀ ਤਾਕਤ ਦਾ ਖਤਮ ਹੋ ਜਾਣਾ ਨਿਕਲਿਆ।

ਮੌਜੂਦਾ ਸਮੇਂ ਵਿਚ ਰੋਮਨ ਕੈਥੋਲਿਕ ਤੇ ਪ੍ਰੋਟੈਸਟੈਂਟ ਦੋ ਹੀ ਪ੍ਰਮੁਖ ਚਰਚ ਗਿਣੇ ਜਾਂਦੇ ਹਨ। ਤੇ ਇਨ੍ਹਾਂ ਦੋਹਾਂ ਵਿਚ ਹੇਠ ਲਿਖਿਆ ਵਡਾ ਮਤ ਭੇਦ ਹੈ :

ਰੋਮਨ ਕੈਥੋਲਿਕ	ਪ੍ਰੋਟੈਸਟੈਂਟ
੧. ਪੋਪ ਨੂੰ ਧਾਰਮਿਕ ਪ੍ਰਤੀਨਿਧ ਤੇ ਸਰਵ ਸ੍ਰੇਸ਼ਟ ਪੁਰਸ਼ ਮੰਨਦੇ ਹਨ।	ਪੋਪ ਦੀ ਪ੍ਰਤੀਨਿਧਤਾ ਨੂੰ ਨਹੀਂ ਮੰਨਦੇ ਤੇ ਨਾ ਹੀ ਸ੍ਰੇਸ਼ਟ ਜਾਣਦੇ ਹਨ।

੨. ਬਾਈਬਲ ਦੇ ਸਿਧਾਂਤ ਤੇ ਧਰਮ ਗ੍ਰੰਥਾਂ ਦੀ ਵਿਆਖਿਆ ਕੇਵਲ ਪੋਪ ਤੇ ਪਾਦਰੀਆਂ ਦਵਾਰਾ ਹੀ ਕੀਤੀ ਗਈ ਸਹੀ ਮੰਨਦੇ ਹਨ ।	ਬਾਈਬਲ ਦੇ ਸਿਧਾਂਤਾਂ ਤੇ ਧਰਮ ਗ੍ਰੰਥਾਂ ਦੀ ਵਿਆਖਿਆ ਹਰ ਪੜ੍ਹਿਆ ਲਿਖਿਆ ਸਜਨ ਕਰ ਸਕਦਾ ਹੈ। ਜ਼ਰੂਰੀ ਨਹੀਂ ਕਿ ਕੇਵਲ ਪੋਪ ਜਾਂ ਪਾਦਰੀ ਹੀ ਕਰਨ ।
੩. ਪੋਪ ਨੂੰ ਅਭੁਲ ਮੰਨਦੇ ਹਨ ।	ਪੋਪ ਨੂੰ ਆਮ ਲੋਕਾਂ ਦੀ ਤਰ੍ਹਾਂ ਭੁਲਣਹਾਰ ਮੰਨਦੇ ਹਨ । ਆਪਣਾ ਧਾਰਮਕ ਆਗੂ ਬਿਸ਼ੱਪ ਆਫ ਕੈਨਟ੍ਰਬਰੀ ਨੂੰ ਮੰਨਦੇ ਹਨ ।
੪. ਪੋਪ ਤੋਂ ਬਿਨਾਂ ਧਾਰਮਕ ਮੁਖੀਆਂ ਲਈ ਹੋਰ ਵੀ ਕਈ ਪਦਵੀਆਂ ਹਨ। ਮਰਨ ਪਿਛੋਂ 'ਸੇਂਟ' ਦੀ ਪਦਵੀ ਕਿਸੇ ਚੰਗੇ ਆਦਮੀ ਨੂੰ ਦਿਤੀ ਜ਼ਾਂਦੀ ਹੈ । ਇਸ ਦਾ ਫੈਸਲਾ ਪਾਦਰੀਆਂ ਦੀ ਸਰਬ-ਸੰਮਤੀ ਨਾਲ ਹੁੰਦਾ ਹੈ । ਬਿਸ਼ਪ (ਪਾਦਰੀ) ਵਡੇ ਵੀ ਹੁੰਦੇ ਹਨ ਤੇ ਛੋਟੇ ਵੀ। ਇਨ੍ਹਾਂ ਦੀ ਨਾਮਜ਼ਦਗੀ ਰੋਮ ਦਾ ਪੋਪ ਹੀ ਕਰਦਾ ਹੈ ।	ਪ੍ਰੋਟੈਸਟੈਂਟ ਦਾ ਮੁਖੀ ਚਰਚ, 'ਚਰਚ ਆਫ ਇੰਗਲੈਂਡ' ਹੈ ਤੇ ਇਸ ਦੇ ਵਡੇ ਪਾਦਰੀ ਨੂੰ ਆਰਕ ਬਿਸ਼ੱਪ ਕਿਹਾ ਜਾਂਦਾ ਹੈ। ਇਸ ਦਾ ਨਿਵਾਸ ਅਸਥਾਨ ਕੈਂਟ੍ਰਬਰੀ ਹੈ।

ਨੋਟ:--ਰੋਮ ਵਿਚ ਪੋਪ ਦਾ ਮਹਿਲ ਜਿਸਨੂੰ ਵਿਟਕੀਨ ਵੀ ਕਿਹਾ ਜਾਂਦਾ ਹੈ ਬਹੁਤ ਪੁਰਾਣਾ ਤੇ ਵਡਾ ਹੈ। ਇਸਦਾ ਖੇਤਰ ਫਲ ੧੦੮.੭ ਐਕੜ ਹੈ। ਇਥੇ ਇਕ ਹਜ਼ਾਰ ਆਦਮੀ ਵਸਦਾ ਹੈ। ਪੋਪ ਦੀ ਆਪਣੀ ਪੁਲਿਸ, ਆਪਣੀ ਅਦਾਲਤ ਤੇ ਆਪਣੀ ਹੀ ਕਰੰਸੀ ਹੈ। ਮੋਹਰ ਵੀ ਆਪਣੀ ਹੈ। ਇਹ ਮਾਨੋ ਇਕ ਫਰੀ ਸਟੇਟ (ਸੁਤੰਤਰ ਹਕੂਮਤ) ਹੈ ਜਿਸ ਤੇ ਪਿਛਲੇ ੧੯੦੦ ਸਾਲਾਂ ਵਿਚ ਹੋਏ ਅਨੇਕਾਂ ਉਤਰਾਵਾਂ ਚੜ੍ਹਾਵਾਂ ਦਾ ਕੋਈ ਅਸਰ ਨਹੀਂ ਪਿਆ।

ਅਸਲ ਗਲ ਤਾਂ ਇਹ ਹੈ ਕਿ ਯੂਰਪ ਨੇ ਭਾਵੇਂ ਈਸਾਈ ਮਤ ਧਾਰਨ ਤਾਂ ਕਰ ਲਿਆ ਹੈ ਪਰ ਅਸਲੀ ਤੌਰ ਤੇ ਉਸਦੀ ਸਿਖਿਆ ਨੂੰ ਨਹੀਂ ਕਬੂਲਿਆ। ਇਸ ਕਾਰਣ ਕਰਕੇ ਲੁਟ ਖਸੁਟ ਤੇ ਪਿਛਲੀਆਂ ਦੋ ਜੰਗਾਂ ਲੜੀਆਂ ਗਈਆਂ।

ਏਸ਼ੀਆ ਵਿਚ ਈਸਾਈ ਮਤ ਦਾ ਪਰਚਾਰ ਕੇਵਲ ਰਾਜਸੀ ਹਿਤਾਂ ਕਰਕੇ ਹੀ ਹੋਇਆ ਹੈ ਤੇ ਹੁਣ ਵੀ ਹੋ ਰਿਹਾ ਹੈ। ਪਰੋਫੈਸਰ ਆਟੋ ਸਟਰਾਸ ਦੇ ਕਥਨ ਅਨੁਸਾਰ ਭਾਰਤ ਵਿਚ ਈਸਾਈਤ ਪਛਮੀ ਸਭਯਤਾ ਦੀ ਪ੍ਰਤੀਨਿਧ ਹੈ। ਸੇਂਟ ਥਾਮਸ ੫੨ ਈ: ਵਿਚ ਪਹਿਲੇ ਪਰਚਾਰਕ ਦੇ ਰੂਪ ਵਿਚ ਭਾਰਤ ਵਿਚ ਦਖਨ ਦੇ ਮਾਲਾਬਾਰ ਇਲਾਕੇ ਵਿਚ ਆਇਆ ਸੀ। ਇਸ ਅਨੁਸਾਰ ਲਗ ਪਗ ੧੯ ਸੌ ਸਾਲ ਤੋਂ ਭਾਰਤ ਵਿਚ ਈਸਾਈ ਮਤ ਦਾ ਪਰਚਾਰ ਹੋ ਰਿਹਾ ਹੈ। ਦਖਣੀ ਭਾਰਤ ਵਿਚ ਮਾਲਾਬਾਰ, ਮਦਰਾਸ ਤੇ ਗਵਾ ਵਿਚ ਅਨੇਕ ਭਾਰਤੀਆਂ ਨੂੰ ਈਸਾਈ ਬਣਾਇਆ ਗਿਆ ਹੈ। ਹੋਰ ਇਲਾਕਿਆਂ ਵਿਚ ਨੀਯਮ ਬੱਧ ਜਥੇਬੰਦੀਆਂ ਈਸਾਈ ਪਰਚਾਰ ਕਰ ਰਹੀਆਂ ਹਨ। ਅਗਰੇਜ਼ੀ ਰਾਜ ਵੇਲੇ ਸਰਕਾਰੀ ਪੱਧਰ ਤੇ ਵੀ ਇਸ ਪਰਚਾਰ ਨੂੰ ਕਾਫੀ ਸਹਾਇਤਾ ਮਿਲਦੀ ਸੀ। ਉਸ ਵੇਲੇ ਭਾਰਤ ਵਿਚ ੨੨੭੦ ਬਦੇਸ਼ੀ ਈਸਾਈ ਮਿਸ਼ਨਰੀ ਸਨ ਤੇ ੧੯੬੪ ਵਿਚ ੪੨੮੦ ਸਨ। ਹੁਣ ਸ਼ਾਇਦ ਇਸ ਤੋਂ ਵੀ ਵਧ ਹਨ।

ਈਸਾਈ ਮਿਸ਼ਨ ਕੇਵਲ ਭਾਰਤ ਵਿਚ ਪਰਚਾਰ ਲਈ ੯ ਕਰੋੜ ਰੁਪਏ ਸਾਲਾਨਾ ਖਰਚ ਕਰਦੇ ਹਨ। ਹੁਣ ਰਾਜਨੀਤਕ ਪ੍ਰਭਾਵ ਵੀ ਪਾਇਆ ਜਾ ਰਿਹਾ ਹੈ। ਆਸਾਮ ਦੇ ਨਾਂਗਿਆਂ ਦਾ ਲੀਡਰ ਸਕਾਟ ਨਾਂ ਦਾ ਇਕ ਪਾਦਰੀ ਹੀ ਹੈ।

ਪਿਛੇ ਜਿਹੇ ਸੰਨ ੧੯੬੪ ਈਸਵੀ ਵਿਚ ਦਸੰਬਰ ਦੇ ਮਹੀਨੇ ਭਾਰਤ ਦੇ ਬੰਬਈ ਸ਼ਹਿਰ ਵਿਚ ੨੮ਵੀਂ ਇੰਟਰਨੈਸ਼ਨਲ ਕਾਨਫਰੰਸ ਹੋਈ ਸੀ। ਇਸ ਕਾਨਫਰੰਸ ਵਿਚ ਮੌਜੂਦਾ ਪੋਪ ਪਾਲ ਛੇਵਾਂ ਵੀ ਸ਼ਾਮਲ ਹੋਇਆ ਸੀ। ਉਸਦਾ ਸਰਕਾਰੀ ਤੌਰ ਤੇ ਵੀ ਸ਼ਾਹੀ ਸਵਾਗਤ ਕੀਤਾ ਗਿਆ ਸੀ।

ਇਸ ਵੇਲੇ ਭਾਰਤ ਦੀ ਕੁਲ ਆਬਾਦੀ ਦਾ ਪੰਝਾਵਾਂ ਹਿਸਾ ਈਸਾਈ ਹਨ। ਭਾਵੇਂ ਈਸਾਈ ਸਿਧਾਂਤ ਹਿੰਦ ਵਾਸੀਆਂ ਨੂੰ ਪਸੰਦ ਨਹੀਂ ਆਉਂਦੇ, ਵੇਰ ਵੀ ਗਰੀਬੀ ਦੇ ਕਾਰਨ ਕਈ ਲੋਕ ਇਸ ਨੂੰ ਮਜਬੂਰੀ ਅਪਨਾ ਲੈਂਦੇ ਹੈਨ।

ਈਸਾਈਆਂ ਨੇ ਰਾਜਨੀਤੀ ਵਿਚ ਕਿਸਤਰ੍ਹਾਂ ਤਾਕਤ ਫੜੀ ਤੇ ਆਪਣੇ ਧਰਮ ਨੂੰ ਕਿਸਤਰ੍ਹਾਂ ਦੂਜੇ ਮੁਲਕਾਂ ਵਿਚ ਪਰਚਾਰਿਆ ਜਾਂ ਉਨ੍ਹਾਂ ਦੇ ਵਸਨੀਕਾਂ ਤੇ ਠੋਸਿਆ, ਇਸ ਲੇਖ ਵਿਚ ਸਾਡਾ ਵਿਸ਼ਾ ਨਹੀਂ। ਕੇਵਲ ਇਸ ਮਤ ਨਾਲ ਜਾਨ ਪਛਾਣ ਕਰਾਣ ਲਈ ਹੀ ਇਨਾਂ ਕੁਝ ਲਿਖਿਆ ਹੈ। ਸਾਡਾ ਅਸਲ ਵਿਸ਼ਾ ਤਾਂ ਈਸਾਈ ਮੁਖ ਸਿਧਾਤਾਂ ਨੂੰ ਸਮਝਣਾ ਹੈ ਤੇ ਇਹ ਵੇਖਣਾ ਹੈ ਕਿ ਗੁਰਮੱਤ ਨੇ ਈਸਾਈ ਮੱਤ ਦੀ ਦੀਨੀਆਤ ਤੇ ਉਲਟੇ ਜਾਂ ਸਿਧੇ ਕੀ ਕੁਝ ਅਸਰ ਕਬੂਲੇ ਹਨ। ਇਸ ਲਈ ਹੁਣ ਅਸੀਂ ਪਾਠਕਾਂ ਦਾ ਧਿਆਨ ਇਸ ਵਿਸ਼ੇ ਤੇ ਖਿਚਾਂਗੇ।

ਗੁਰਮਤ

(੧) ਰੱਬ

ਰੱਬ ਸਬੰਧੀ ਗੁਰਮਤ ਦੇ ਖਿਆਲ ਅਸਾਂ ਪਿਛੇ ‘ਗੁਰਮੱਤ ਦਾ ਬ੍ਰਹਮ’ ਦੇ ਸਿਰਲੇਖ ਹੇਠਾਂ ਬੜੇ ਵਿਸਥਾਰ ਨਾਲ ਦਿਤੇ ਹਨ। ਇਥੇ ਸੰਖੇਪ ਵਿਚ ਕੇਵਲ ਇਤਨਾ ਹੀ ਕਹਿ ਦੇਣਾ ਕਾਫੀ ਹੋਵੇਗਾ, ਕਿ ਗੁਰਮਤ ਦਾ ਰੱਬ ਵੀ ਵਾਹਿਦ-ਉਲ-ਲਾਸ਼ਰੀਕ ਹੈ (ਕੇਵਲ ਇਕ ਜਿਸਦਾ ਹੋਰ ਕੋਈ ਸ਼ਰੀਕ ਨਹੀਂ) । ਸ੍ਰਿਸ਼ਟੀ ਦਾ ਕਰਤਾ ਹੈ, ਪਰ ਆਪਣੀ ਕੁਦਰਤ ਤੋਂ ਨਿਆਰਾ ਹੋ ਕੇ ਕਿਤੇ ਸਤਵੇਂ ਆਕਾਸ਼ ਜਾਂ ਪਾਤਾਲ ਵਿਚ ਨਹੀਂ ਬੈਠਾ ਹੋਇਆ, ਸਗੋਂ ਆਪਣੀ ਕੁਦਰਤ ਵਿਚ ਓਤ ਪੋਤ ਸਮਾਇਆ ਹੋਇਆ ਹੈ। ਅਗਮ ਤੇ ਅਗੋਚਰ, ਤੇ ਅਰੂਪ ਹੁੰਦਿਆਂ ਵੀ ਘਟ ਘਟ ਵਿਚ ਵਿਆਪਕ ਹੈ :

ਏਕਮ ਏਕੰਕਾਰੁ ਨਿਰਾਲਾ ॥ ਅਮਰ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥
(ਬਿਲਾਵਲ ਮ: ੧ ਥਿਤਿ)

ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥
ਅੰਤਰਿ ਬਾਹਰਿ ਸੰਗ ਹੈ ਨਾਨਕ ਕਾਇ ਦੁਰਾਇ ॥ ੪੬ ॥
(ਗਉੜੀ ਬਾਵਨ ਅਖਰੀ ਮ: ੫)

ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥
ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ ੨ ॥ ੪ ॥ ੩੭ ॥
(ਸ੍ਰੀ ਰਾਗ ਮ: ੩)

ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤ ਨ ਜਾਈ ਲਖਿਆ ॥ ੧ ॥ ਰਹਾਉ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥੨॥੧੨॥
(ਵਾਰ ਆਸਾ ਮ: ੧)

(੨) ਰੱਬ ਤੇ ਉਸਦਾ ਈਸਾ ਨਾਲ ਸਬੰਧ

ਗੁਰਮੱਤ ਅਨੁਸਾਰ ਰੱਬ ਅਜੋਨੀ ਹੈ। ਉਹ ਜਨਮ ਨਹੀਂ ਲੈਂਦਾ, ਨਾ ਉਹ ਗਰਭ ਵਿਚ ਆਉਂਦਾ ਹੈ। ਇਸ ਲਈ ਰੱਬ ਦਾ ਕੋਈ ਬੇਟਾ ਨਹੀਂ। ਉਸਤਰ੍ਹਾਂ ਸਾਰਾ ਹੀ ਜਗਤ ਉਸਦਾ ਰਚਿਆ ਹੋਇਆ ਹੈ ਤੇ ਇਸ ਹਿਸਾਬ ਤੇ ਉਹ ਸਾਰੇ ਜਗਤ ਦਾ ਹੀ ਮਾਤਾ ਪਿਤਾ ਹੈ । ਪਰ ਵਿਸ਼ੇਸ਼ ਰੂਪ ਵਿਚ ਉਹ ਕਿਸੇ ਦਾ ਬਾਪ ਨਹੀਂ ਤੇ ਨਾ ਹੀ ਉਸ ਦਾ ਕੋਈ ਬਿੰਦੀ ਬੇਟਾ ਹੈ । ਇਥੇ ਇਕ ਪ੍ਰਸ਼ਨ ਉਠ ਸਕਦਾ ਹੈ ਸਿਖਾਂ ਵਿਚ ਵੀ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ, “ਮੈਨੂੰ ਅਕਾਲ ਪੁਰਖ ਨੇ ਆਖਿਆ:—

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥

ਜਾਹਿ ਤਹਾਂ ਤੈ ਧਰਮੁ ਚਲਾਇ ॥ ਕੁਬੁਧਿ ਕਰਨ ਤੇ ਲੋਕ ਹਟਾਇ ॥

(ਬਚਿਤ੍ਰ ਨਾਟਕ)

ਪਹਿਲੇ ਕਹਿ ਕੇ ਕੁਆਰੀ ਦੇ ਪੇਟੋਂ ਏਟਾ ਜਣਨਾ ਕੁਝ ਹੋਰ ਗੱਲ ਹੈ ਤੇ ਪ੍ਰਸੰਨ ਹੋ ਕੇ ਕਿਸੇ ਨੂੰ ਬੇਟਾ ਹੋਣ ਦਾ ਮਾਣ ਬਖਸ਼ਣਾ ਕੁਝ ਹੋਰ। ਇਥੇ ਅਧਿਕ ਤਪ ਸਾਧਣ ਤੇ ਰੀਝ ਕੇ ਅਕਾਲ ਪੁਰਖ ਨੇ ਇਸ ਮਹਾਨ ਤਪਸਵੀ ਨੂੰ ਪਿਆਰ ਵਿਚ ਆਕੇ ਇਹ ਵਡਿਆਈ ਬਖਸ਼ੀ ਹੈ। ਇਹ ਜੀਵ ਆਤਮਾ ਜਿਸ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਘਰ ਜਨਮ ਲਿਆ। ਜਿਸ ਨੇ ਮਾਤਾ ਗੁਜਰੀ ਜੀ ਦੀ ਕੁਖ ਨੂੰ ਸਫਲਾ ਕੀਤਾ, ਇਕ ਹੇਮਕੁੰਟ ਦੇ ਤਪਸਵੀ ਦੀ ਜੀਵ ਆਤਮਾ ਸੀ। ਇਹ ਵਾਹਿਗੁਰੂ ਨਾਲ ਅਭੇਦ ਹੋਈ ਆਤਮਾ ਸੀ। ਰੱਬ ਦੀ ਆਪਣੀ ਆਤਮਾ ਰੂਹ-ਉਲ-ਕੁਦਸ ਨਹੀਂ ਸੀ। ਇਸ ਲਈ ਇਹ ਪ੍ਰਸ਼ਨ ਨਿਰਮੂਲ ਹੈ।

ਗੁਰਮਤ ਵਿਚ ਤ੍ਰਿਗੜੇ, ਤਸਲੀਸ ਜਾਂ ਟ੍ਰਿਨਿਟੀ ਦੇ ਅਸੂਲ ਨੂੰ ਨਹੀਂ ਮੰਨਿਆ ਗਿਆ। ਗੁਰਮਤ ਤਾਂ 'ਇਕ ਬਿਨ ਦੂਸਰ ਸੋ ਨ ਚਿਨਾਰ' ਦੀ ਪ੍ਰਚਾਰਕ ਹੈ। ਗੁਰਮਤਿ ਦੇ ਰਬ ਦਾ ਸਾਰਾ ਪਸਾਰਾ ਹੈ। ਪਰ ਓਹ ਅਨੇਕ ਹੋ ਕੇ ਵੀ ਫਿਰ ਇਕ ਹੈ :

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥

(ਆਸਾ ਮ: ੧)

ਤੂ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥
ਤੁਧੁ ਬਿਨ ਦੂਜਾ ਕੋ ਨਹੀ ਤੂ ਰਹਿਆ ਸਮਾਈ ॥
ਤੇਰੀ ਗਤਿ ਮਿਤਿ ਤੂ ਹੈ ਜਾਣਦਾ ਤੁਧੁ ਕੀਮਤ ਪਾਈ।
ਤੂ ਅਲਖ ਅਗੋਚਰ ਅਗਮੁ ਹੈ ਗੁਰਮਤਿ ਦਿਖਾਈ ॥੨੯॥ ਪਉੜੀ ॥

(ਵਾਰ ਮਲਾਰ ਮ: ੧)

(੩) ਮਨੁੱਖ ਫਿਤਰਤ

ਗੁਰਮਤ ਸ਼ੈਤਾਨ ਦੀ ਕੋਈ ਵਖਰੀ ਹਸਤੀ ਨਹੀਂ ਮੰਨਦੀ ਤੇ ਨਾ ਹੀ ਆਦਮੀ ਨੂੰ ਬਾਬਾ ਆਦਮ ਦੀ ਸੰਤਾਨ ਹੀ ਮੰਨਦੀ ਹੈ। ਇਸ ਲਈ ਆਦਮ ਦੇ ਕੀਤੇ ਹੋਏ ਗੁਨਾਹ ਦਾ ਆਦਮੀ ਦੀ ਫਿਤਰਤ ਵਿਚ ਆ ਜਾਣਾ ਬੇ-ਮਹਿਨੀ ਹੋ ਜਾਂਦਾ ਹੈ।

ਆਦਮੀ ਦੀ ਜ਼ਾਤ ਰੱਬੀ ਕ੍ਰਿਤ ਹੈ। ਇਹ ਦੋ ਚੀਜ਼ਾਂ ਦਾ ਮਜਮੂਹਾ ਹੈ। ਸਰੀਰ ਤੇ ਜੋਤ। ਸਰੀਰ ਤੱਤਾਂ ਦਾ ਸੁਮੇਲ ਹੈ ਤੇ ਇਸ ਵਿਚ ਰਬੀ ਜੋਤ ਦੀ

ਚੇਤੰਨਤਾ ਹੈ। ਮਾਨੋ ਸਰੀਰ ਇਕ ਰਥ ਹੈ ਤੇ ਰਬੀ ਜੋਤ ਇਸ ਦੀ ਰਥਵਾਨ ਹੈ। ਰਥਵਾਨ ਤਾਂ ਸਦਾ ਇਕ ਹੀ ਰਹਿੰਦਾ ਪਰ ਰਥ ਕਰਮਾਂ ਅਨੁਸਾਰ ਬਦਲਦਾ ਰਹਿੰਦਾ ਹੈ :

ਨਾਨਕੁ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥੧॥੧੩॥
(ਸਲੋਕ ਮ: ੧-ਆਸਾ ਦੀ ਵਾਰ)

ਇਸ ਸਰੀਰ ਵਿਚ ਆਪਣੀ ਜੋਤ ਅਕਾਲ ਪੁਰਖ ਨੇ ਆਪ ਰਖੀ ਹੈ :

ਏ ਸਰੀਰਾ ਮੇਰਿਆ ਹਰਿ ਤੁਮ੍ ਮਹਿ ਜੋਤਿ ਰਖੀ ਤਾਂ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥੩੩॥
(ਰਾਮ ਕਲੀ ਮ: ੩ ਅਨੰਦ)

ਇਕ ਸਮਾ ਅਜਿਹਾ ਵੀ ਸੀ ਜਦੋਂ ਜੋਤਿ ਤਾਂ ਸੀ ਪਰ ਸਰੀਰ ਨਹੀਂ ਸੀ। ਓਦੋਂ ਜੋਤਿ ਅਫੁਰ ਨਿਰੰਕਾਰ ਵਿਚ ਹੀ ਵੈਰਾਗੀ ਬਣ ਕੇ ਬੈਠੀ ਹੋਈ ਸੀ।

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥

ਓਦੋਂ ਇਹ ਮਾਇਆ ਦੇ ਅਸਰ ਹੇਠ ਨਹੀਂ ਸੀ ਆਇਆ ਸਗੋਂ ਨਿਰੰਕਾਰ ਵਾਂਗ ਹੀ ਪਵਿਤ੍ਰ ਸੀ :

ਪਹਿਲੇ ਪੂਤੁ ਪਿਛੈ ਰੀ ਮਾਈ ॥
(ਗਉੜੀ ਕਬੀਰ)

ਸੋ ਇਸ ਦੀ ਅਸਲੀ ਫਿਤਰਤ (ਸੁਭਾਓ) ਪ੍ਰੇਮ ਕਰਨਾ ਅਥਵਾ ਵੈਰਾਗੀ ਹੈ।

ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨੁਰਾਗੀ ॥੫॥
(ਭੈਰਉ ਮ: ੩)

ਵਾਹਿਗੁਰੂ ਦੇ ਹੁਕਮ ਅਨੁਸਾਰ ਮਾਂ ਦੇ ਗਰਭ ਵਿਚ ਆਇਆ, ਦੇਹ-ਧਾਰੀ ਤੇ ਇਸ ਸੰਸਾਰ ਵਿਚ ਜਨਮਿਆ :

ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿਤਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤਰਾ ਖਸਮ ਸੇਤੀ ਅਰਦਾਸਿ ॥

ਸਰੀਰ ਵਿਚ ਆਉਂਦਿਆਂ ਹੀ ਸੰਸਾਰਕ ਝਲਕ ਨੇ ਇਸ ਦੇ ਅੰਦਰ ਹਉਮੈ ਪੈਦਾ ਕਰ ਦਿਤੀ ਜਿਸ ਨੇ ਉਸ ਨੂੰ ਪ੍ਰਭੂ ਵਲੋਂ ਹਟਾ ਕੇ ਮਾਇਆ ਵਲ ਲਗਾ ਦਿਤਾ ਤੇ ਜੀਵ ਕਰਮ ਬੰਧਨ ਵਿਚ ਪੈ ਗਿਆ।

ਦੂਜੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥੨॥
(ਸ੍ਰੀ ਰਾਗ ਮ: ੧)

ਇਹ ਹਉਮੈ ਹੀ ਸ਼ੈਤਾਨ ਹੈ। ਇਸ ਸ਼ੈਤਾਨ ਨੇ ਹੀ ਹਵਾ (ਜੀਵ ਆਤਮਾ) ਨੂੰ ਵਰਗਲਾ ਕੇ ਆਦਮ (ਸਰੀਰ) ਤੂੰ ਹੁਕਮ ਅਦੂਲੀ ਕਰਵਾਈ ਤੇ ਗੁਨਾਹਾਂ ਵਲ ਉਕਸਾਇਆ ਤੇ ਬੈਰਾਗੀ ਆਤਮਾ ਗੁਨਾਹਗਾਰ ਹੋ ਗਈ। ਸੋ ਫਿਤਰਤਨ ਤਾਂ ਮਨੁੱਖ ਆਤਮਾ ਪਵਿਤਰ ਸੀ ਹਉਮੈ ਅੜੇ ਚੜ੍ਹ ਕੇ ਗੁਨਾਹਗਾਰ ਹੋਈ।

(੪) ਸੂਲੀ ਜਾਂ ਕਫਾਰਾ (ਪ੍ਰਾਸਚਿਤ)

ਗੁਰਮਤ ਅਨੁਸਾਰ ਮੰਦ-ਕਰਮਾਂ ਜਾਂ ਗੁਨਾਹਾਂ ਦਾ ਪ੍ਰਾਸਚਿਤ ਜ਼ਾਤੀ ਜਤਨਾਂ ਤੇ ਨਿਰਭਰ ਹੈ। ਕੋਈ ਕਿਸੇ ਲਈ ਪ੍ਰਾਸਚਿਤ ਨਹੀਂ ਕਰ ਸਕਦਾ। ਰੋਜ਼ ਦੇ ਕੁਕਰਮ ਕਰੀ ਜਾਣੇ ਤੇ ਤੌਬਾ ਵੀ ਕਰੀ ਜਾਣੀ ਮੁਆਫੀ ਦਾ ਕਾਰਨ ਨਹੀਂ ਬਣ ਸਕਦੀ। ਸਚੀ ਤੋਬਾ ਹੀ ਛੁਟਕਾਰਾ ਦਵਾ ਸਕਦੀ ਹੈ :

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥੧੪॥
(ਵਾਰ ਆਸਾ ਮ: ੧)

ਦੋਸ ਨ ਦੀਜੈ ਕਾਹੂ ਲੋਗ ॥ ਜੋ ਕਮਾਵਨ ਸੋਈ ਹੋਗੁ ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥੧॥੧੯॥
(ਰਾਮਕਲੀ ਮ: ੫)

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥੧੯॥
(ਵਾਰ ਆਸਾ ਮ: ੧)

ਜੈਸਾ ਕਰੈ ਸੁ ਤੈਸਾ ਪਾਵੈ ।' ਆਪਿ ਬੀਜਿ ਆਪੇ ਹੀ ਖਾਵੈ ॥੫॥੭॥
(ਧਨਾਸਰੀ ਮ: ੧)

ਜਦ ਕਰਮਾਂ ਦਾ ਭੁਗਤਾਨ ਕਰਨਾ ਹੀ ਪੈਣਾ ਹੈ, ਤਾਂ ਕਿਸੇ ਦੂਜੇ ਦੇ ਕੀਤੇ ਹੋਏ ਪ੍ਰਾਸਚਿਤ ਦਾ ਗੁਨਾਹਗਾਰ ਨੂੰ ਕੀ ਲਾਭ ? ਗੁਰਮਤ ਅਜਿਹੇ ਪ੍ਰਾਸਚਿਤ ਦਾ ਕੋਈ ਲਾਭ ਨਹੀਂ ਮੰਨਦੀ। ਕਿਉਂਕਿ :

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣ ਹਾਰੁ ॥੧੯॥੧॥੩॥
(ਸੂਹੀ ਮ: ੩ ਅਸਟਪਦੀਆਂ)

ਨਾਨਕ ਪਇਆ ਕਿਰਤਿ ਕਮਾਵਣਾ ਕੋਇ ਨ ਮੇਟਣ ਹਾਰੁ ॥੨॥੧॥੧੭)
(ਸਲੋਕ ਮ: ੧ ਵਾਰ ਸੂਹੀ)

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥
(ਮਾਰੂ ਮ: ੩ ਸੋਲਹੇ)

ਗੁਰਮਤ ਅਨੁਸਾਰ ਕਰਮਾਂ ਦਾ ਅੰਤ੍ਰੀਵ ਅਸਰ ਤਾਂ ਇਕ ਖਾਸ ਕਿਸਮ ਦਾ ਸੁਭਾਵ ਪੈਦਾ ਕਰਨਾ ਹੈ ਤੇ ਜਦ ਤਕ ਅਸੀਂ ਉਸ ਸੁਭਾਵ ਦੇ ਮਗਰ ਲਗਕੇ ਤੁਰਦੇ ਹਾਂ ਅਸੀਂ ਪਿਛਲੇ ਕਰਮਾਂ ਦੇ ਅਸਰ ਤੋਂ ਕਦਾਚਿਤ ਬਚ ਨਹੀਂ ਸਕਦੇ

ਪਰ ਜੇ ਕਰ ਅਸੀਂ ਸੁਭਾਵ ਨੂੰ ਬਦਲਨ ਦਾ ਜਤਨ ਕਰੀਏ ਤੇ ਮਨ-ਮਤ ਨੂੰ ਤਿਆਗ ਕੇ ਗੁਰਮਤ ਤੇ ਤੁਰਨ ਦਾ ਪ੍ਰਣ ਕਰ ਲਈਏ ਤਾਂ ਸਾਡਾ ਪਿਛਲਾ ਸੁਭਾਵ ਹੌਲੀ-ਹੌਲੀ ਖਤਮ ਹੋ ਜਾਂਦਾ ਹੈ। ਗੁਰੂ ਦੇ ਹੁਕਮ ਵਿਚ ਟੁਰਨ ਦੇ ਸਦਕੇ ਚੰਗੇ ਤੇ ਗੁਰੂ ਦੇ ਦਸੇ ਉਚੇ ਸੁਭਾਵ ਵਾਲੇ ਹੋ ਜਾਂਦੇ ਹਾਂ ਤੇ ਕਰਮ ਜਾਲ ਦੇ ਫੰਧੇ ਵਿਚੋਂ ਨਿਕਲ ਜਾਂਦੇ ਹਾਂ :

ਸਤਿਗੁਰ ਮਿਲਿਐ ਫਲ ਪਾਇਆ ॥ ਜਿਨਿ ਵਿਚਹੁ ਅਹਕਰਣੁ ਚੁਕਾਇਆ ॥
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥੧॥
(ਸ੍ਰੀ ਰਾਗ ਮ: ੫ ਅਸਟਪਦੀਆਂ)

ਚੂਕਾ ਭਾਰਾ ਕਰਮੇ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥੫॥੧੪॥
(ਮਾਰੂ ਮਾ ੫)

ਸੋ ਗੁਰਮਤਿ ਅਨੁਸਾਰ ਸਿਖ ਨੇ ਸਤਿਗੁਰੂ ਦੀ ਸ਼ਰਨ ਵਿਚ ਆ ਉਸ ਦੇ ਹੁਕਮ ਵਿਚ ਟੁਰ ਕੇ ਕਰਮ-ਮੁਕਤ ਹੋਣਾ ਹੈ। ਕਿਸੇ ਦੂਜੇ ਦੇ ਕੀਤੇ ਕਫਾਰੇ ਨਾਲ ਕਰਮਾਂ ਤੋਂ ਨਿਜਾਤ ਨਹੀਂ ਪਾਈ ਜਾ ਸਕਦੀ :

ਕਹਤੁ ਨਾਨਕੁ ਇਹੁ ਜੀਉ ਕਰਮ ਬੰਧੁ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥
(ਭੈਰਉ ਮ: ੩)

(੫) ਈਸਾ ਮੋਇਆ ਨਹੀਂ ਅਮਰ ਹੈ

ਗੁਰਮਤ ਅਨੁਸਾਰ ਮੌਤ ਤਾਂ ਇਕ ਸਰੀਰਕ ਜਾਮਾ ਛਡਣ ਦਾ ਨਾਂ ਹੈ। ਆਤਮਾਂ ਤਾਂ 'ਰਾਮ ਕੀ ਅੰਸ਼' ਹੋਣ ਕਰਕੇ ਅਬਨਾਸੀ ਹੈ। ਹਉਮੈ ਸਹਿਤ ਕਰਮ ਕਰਨ ਕਰਕੇ ਜੰਮਦੀ-ਮਰਦੀ ਰਹਿੰਦੀ ਹੈ। ਜੋ ਸਜਨ ਮਨੁੱਖੀ ਜਾਮਾ ਧਾਰਨ ਕਰਕੇ ਪਰਉਪਕਾਰ ਕਰਦਾ ਹੈ, ਸਤਿਵਾਦੀ ਅਥਵਾ ਈਸ਼੍ਵਰੀ ਗੁਣਾਂ ਨੂੰ ਧਾਰਨ ਕਰਦਾ ਹੈ ਓਸ ਦਾ ਨਾਂ ਵੀ ਰਹਿੰਦੀ ਦੁਨੀਆਂ ਤਕ ਅਮਰ ਹੋ ਜਾਂਦਾ ਹੈ। ਜੇਕਰ ਉਪ੍ਰੋਕਤ ਖਿਆਲ ਅਨੁਸਾਰ ਹਜ਼ਰਤ ਈਸਾ ਜੀ ਦੀ ਜ਼ਿੰਦਗੀ ਨੂੰ ਪ੍ਰਖੀਏ ਤਾਂ ਸਚ-ਮੁਚ ਉਨ੍ਹਾਂ ਦਾ ਨਾਂ ਅਮਰ ਹੈ ਪਰ ਈਸਾਈ ਕਥਨ ਅਨੁਸਾਰ ਉਸ ਦਾ ਖ਼ੁਦਾ ਦੇ ਸਜੇ ਪਾਸੇ ਬੈਠ ਹਕੂਮਤ ਕਰਨਾ ਤੇ ਹਰ ਕੰਮ ਨੂੰ ਵੇਖਣਾ ਨਹੀਂ ਜਚਦਾ। ਇਸ ਵਿਚ ਦ੍ਵੈਤ ਝਲਕਦੀ ਹੈ। ਖ਼ੁਦਾ ਤੇ ਈਸਾ ਦੋ ਹਨ। ਪਰ ਗੁਰਮਤ ਅਨੁਸਾਰ ਪੁਗੀ ਹੋਈ ਆਤਮਾ ਆਪਨੀ ਵਖਰੀ ਹੋਂਦ ਨੂੰ ਰਬੀ ਹੋਂਦ ਵਿਚ ਇਵੇਂ ਲੀਨ ਕਰ ਦੇਂਦੀ ਹੈ। ਜਿਵੇਂ ਪਾਣੀ ਵਿਚ ਪਾਣੀ :

ਜਲ ਤਰੰਗ ਜਿਉ ਜਲਹਿ ਸਮਾਇਆ ॥

ਤਿਉ ਜੋਤਿ ਸੰਗਿ ਜੋਤਿ ਮਿਲਾਇਆ ॥੪॥੧੯॥੨੬॥

(ਮਾਝ ਮ: ੫)

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

(ਸੋਰਠ ਮ: ੯)

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥
ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥ ੧੧॥

(ਗਉੜੀ ਸੁਖਮਨੀ ਮ: ੫)

(੬) ਸ੍ਰਿਸ਼ਟੀ ਰਚਨਾ

ਜਿਥੇ ਤਕ ਸ੍ਰਿਸ਼ਟੀ ਲਗਾਤਾਰ ਛੇ ਦਿਨ ਵਿਚ ਸਾਜਣ ਦਾ ਸਵਾਲ ਹੈ ਗੁਰਮਤ ਇਸ ਨਾਲ ਮੁਤਫਿਕ ਨਹੀਂ। ਗੁਰਮਤ ਦਾ ਖਿਆਲ ਹੈ ਕਿ ਸ੍ਰਿਸ਼ਟੀ ਵਾਹਿਗੁਰੂ ਦੇ ਇਕੋ ਹੁਕਮ ਨਾਲ ਹੀ ਹੋਂਦ ਵਿਚ ਆ ਗਈ ਸੀ ਤੇ ਇਕੋ ਵਾਰ ਹੀ ਰਚੀ ਗਈ ਸੀ :

ਕੀਤਾ ਪਸਾਉ ਏਕੋ ਕਵਾਉ ॥ ਤਿਸਤੇ ਹੋਏ ਲਖ ਦਰੀਆਉ ॥

(ਜਪ ਮ: ੧)

ਭਾਵ ਇਹ ਕਿ ਸਾਰਾ ਜਗਤ ਪਸਾਰਾ ਇਕੋ ਬੋਲ ਤੋਂ ਹੋਇਆ ਹੈ। ਹੋ ਜਾ ਕਹਿਣ ਤੇ ਹੋ ਗਿਆ ਹੈ। ਤੇ ਉਸ ਬੋਲ ਤੋਂ ਹੀ ਜੀਵਨ ਦੇ ਲਖਾਂ ਦਰਿਆ ਹੋਂਦ ਵਿਚ ਆ ਗਏ ਹਨ।

ਗੁਰਮਤ ਦਾ ਇਹ ਵੀ ਖਿਆਲ ਹੈ ਕਿ ਇਹ ਰਚਨਾ ਬੇ-ਔੜਕ ਹੈ :

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥੧੯॥

(ਜਪੁ ਮ: ੧)

ਅਮਿਤ ਹੈ। ਮਿਤ ਨਹੀਂ ਪਾਈ ਜਾ ਸਕਦੀ :

ਜਾਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥੧॥੧੬॥

(ਗਉੜੀ ਸੁਖਮਨੀ ਮ: ੫)

ਤੇ ਇਹ ਪਸਾਰਾ ਕੋਈ ਇਕ ਵਾਰੀ ਨਹੀਂ ਪਸਾਰਿਆ ਗਿਆ ਸਗੋਂ ਕਈ ਵਾਰੀ ਪਸਾਰਿਆ ਗਿਆ ਹੈ :

ਕਈ ਬਾਰ ਪਸਰਿਓ ਪਾਸਾਰਾ ॥ ਸਦਾ ਸਦਾ ਇਕ ਏਕੰਕਾਰਾ ॥੭॥੧੦॥

(ਗਉੜੀ ਸੁਖਮਨੀ ਮ: ੫)

ਸ੍ਰਿਸ਼ਟੀ ਰਚਣ ਦਾ ਵੀ ਕੋਈ ਪ੍ਰਯੋਜਨ ਸੀ ਤੇ ਓਹ ਪ੍ਰਯੋਜਨ ਕੇਵਲ ਆਦਮ ਦੀ ਸੰਤਾਨ ਦੇ ਦਿਲ ਪ੍ਰਚਾਵੇ ਜਾਂ ਉਸਦੇ ਗੁਨਾਹ ਦਾ

ਭੁਗਤਾਨ ਕਰਨ ਲਈ ਨਹੀਂ ਸੀ ਤੇ ਨਾ ਅਪਰਸਨ ਹੋ ਕੇ ਉਸਨੂੰ ਗ਼ਰਕ ਕਰਨ ਜਾਂ ਪ੍ਰਸੰਨ ਹੋਕੇ ਹਜ਼ਰਤ ਨੂਹ ਨੂੰ ਬਚਾ ਕੇ ਉਸਦੀ ਸੰਤਾਨ ਨੂੰ ਹਰਿਆ ਭਰਿਆ ਕਰਨ ਲਈ ਸੀ, ਸਗੋਂ ਇਸ਼ ਲਈ ਸੀ ਕਿ ਬੀਜ ਰੂਪ ਕਰਕੇ ਜੋ ਜੋਤ ਸਭ ਜੀਵਾਂ ਵਿਚ ਹੈ ਉਸਨੂੰ ਮਨੁਖੀ ਆਤਮਾ ਪਰਫੁਲਤ ਕਰਕੇ ਨਿਰੰਕਾਰ ਵਿਚ ਅਭੇਦ ਹੋ ਜਾਵੇ :

ਸੰਤਿ ਹੇਤ ਪ੍ਰਭਿ ਤ੍ਰਿਭਵਨ ਧਾਰੇ ॥ (ਗਉੜੀ ਗੁਆਰੇਰੀ ਮ: ੫)

ਤੇ ਇਹ ਵਾਧਾ ਗੁਰਮੱਤ ਅਨੁਸਾਰ ਸਿਮਰਨ ਦੁਆਰਾ ਹੁੰਦਾ ਹੈ। ਇਸ ਲਈ ਦੂਜੇ ਸ਼ਬਦਾਂ ਵਿਚ ਇਸਦਾ ਪ੍ਰਯੋਜਨ ਇਹ ਵੀ ਹੈ :

ਹਰਿ ਸਿਮਰਨਿ ਧਾਰੀ ਸਭ ਧਰਨਾ ॥੮॥੧॥ (ਗਉੜੀ ਸੁਖਮਨੀ ਮ: ੫)

ਸੋ ਈਸਾਈਆਂ ਦੇ ਸ੍ਰਿਸ਼ਟੀ ਰਚਨਾ ਬਾਰੇ ਦਸੇ ਗਏ ਸਿਧਾਂਤ ਨਾਲ ਗੁਰਮਤ ਦੀ ਸੰਮਤੀ ਨਹੀਂ ।

ਇਥੇ ਇਹ ਵੀ ਦਸ ਦੇਣਾ ਕੁਥਾਂ ਨਹੀਂ ਹੋਵੇਗਾ ਕਿ ਗੁਰਮਤ ਰੂਹਾਂ ਦੇ ਕਰਮਾਂ ਅਨੁਸਾਰ ਦੋਜ਼ਖ ਯਾ ਬਹਿਸ਼ਤ ਵਿਚ ਰਹਿਣ ਜਾਂ ਪੁਤਰ ਦੀ ਸਿਫਾਰਸ਼ ਤੇ ਗੁਨਾਹਾਂ ਤੋਂ ਮੁਕਤ ਹੋ ਸਦਾ ਲਈ ਬਹਿਸ਼ਤ ਮਿਲ ਜਾਣ ਦੀ ਹਾਮੀ ਨਹੀਂ। ਗੁਰਮਤ ਆਵਾਗਵਨ ਦੇ ਮਸਲੇ ਨੂੰ ਮੰਨਦੀ ਹੈ । ਇਸ ਲਈ ਰੂਹ ਲਈ ਅੰਤਮ ਨਿਸ਼ਾਨਾ ਨਿਰੰਕਾਰ ਨਾਲ ਅਭੇਦ ਹੋਣਾ ਹੈ। ਇਹ ਅਭੇਦਤਾ ਹੀ ਮੁਕਤੀ ਹੈ ਜੋ ਕਰਮ ਮੁਕਤ ਹੋਣ ਤੇ ਹੀ ਪ੍ਰਾਪਤ ਹੋ ਸਕਦੀ ਹੈ ਤੇ ਜਦੋਂ ਤਕ ਇਸ ਨਿਸ਼ਾਨੇ ਤੀਕ ਅਪੜਿਆ ਨਹੀਂ ਜਾ ਸਕਦਾ ਓਦੋਂ ਤਕ ਇਸਨੇ ਚੰਗੀਆਂ ਮੰਦੀਆਂ ਜੂਨਾਂ ਵਿਚ ਹੀ ਜੰਮਦੇ ਮਰਦੇ ਰਹਿਣਾ ਹੈ । ਇਹ ਚੰਗੇ ਮੰਦੇ ਜਨਮ ਹੀ ਇਸ ਲਈ ਸਵਰਗ ਨਰਕ ਜਾਂ ਬਹਿਸ਼ਤ ਦੋਜ਼ਖ ਹਨ ।

ਗੁਰਮੱਤ ਦਾ ਕਲਮਾ (ਮੂਲ ਮੰਤ੍ਰ)

ਗੁਰਮੱਤ ਦਾ ਨਿਸਚਾ ਕੇਵਲ ਇਕ ਅਕਾਲ ਪੁਰਖ ਤੇ ਹੈ ਦੂਜੇ ਕਿਸੇ ਤੇ ਨਹੀਂ ਤੇ ਉਸ ਅਕਾਲ ਪੁਰਖ ਨੂੰ ਗੁਰੂ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸ ਲਈ ਉਸ ਇਕ ਦੀ ਹੀ ਸਿਫਤ ਸਨਾਹ ਕਰਨੀ ਗੁਰਮਤ ਦਾ ਕਲਮਾ ਹੈ ਜਿਸਨੂੰ ਗੁਰ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਦ੍ਰਿੜਾਇਆ ਹੈ :

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਮੂਲ ਮੰਤ੍ਰ ਦੀ ਵਿਸਥਾਰ ਸਹਿਤ ਵਿਆਖਿਆ 'ਗੁਰਮੱਤ ਅਨੁਸਾਰ ਬ੍ਰਹਮ' ਦੇ ਸ਼ਿਰਲੇਖ ਹੇਠਾਂ ਕੀਤੀ ਜਾ ਚੁਕੀ ਹੈ ।

ਈਸਾਈਆਂ ਵਿਚ ਬਿਪਤਿਸਮਾ ਲੈਣ ਦੀ ਰਸਮ ਵਾਂਗ ਹੀ ਗੁਰਮੱਤ ਵਿਚ ਅੰਮ੍ਰਿਤ ਸੰਚਾਰ ਕਰਨ ਦੀ ਰਸਮ ਹੈ। ਜੋ ਹਠ ਸਿਖ ਲਈ ਸ਼ਿਖੀ ਧਾਰਨ ਕਰਨ ਲਈ ਪ੍ਰਤੱਗਿਆ ਹੈ। ਪਹਿਲੇ ਨੌਂ ਗੁਰੂ 'ਚਰਨ ਪਾਹੁਲ' ਭਾਵ ਚਰਨ ਧੋ ਕੇ ਧੋਣ ਵਾਲੇ ਪਾਣੀ ਨੂੰ ਪਿਲਾਕੇ ਪ੍ਰਤੱਗਿਆ ਲੈਂਦੇ ਸਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਸਨੂੰ ਖੰਡੇ ਦੇ ਅੰਮ੍ਰਿਤ ਦਾ ਰੂਪ ਬਖਸ਼ਿਆ ਸੀ। ਆਪ ਜੀ ਨੇ ਪਹਿਲਾਂ ਪੰਜਾਂ ਦੀ ਇਕ ਨਿਰਾਲੇ ਜਹੇ ਪ੍ਰੀਖਯਕ ਢੰਗ ਨਾਲ ਚੋਣ ਕੀਤੀ। ਉਨ੍ਹਾਂ ਨੂੰ ਫੇਰ ਅੰਮ੍ਰਿਤ ਛਕਾਇਆ ਤੇ ਫੇਰ ਉਨ੍ਹਾਂ ਪੰਜਾਂ ਪਾਸੋਂ ਆਪ ਵੀ ਛਕਿਆ ਤੇ ਇਸ ਰਸਮ ਨੂੰ ਮੁਕੰਮਲ ਕੀਤਾ ਸੀ।

ਅੰਮ੍ਰਿਤ ਲੋਹੇ ਦੇ ਬਾਟੇ ਵਿਚ ਜਲ ਤੇ ਪਤਾਸੇ ਪਾ ਕੇ ਤਿਆਰ ਕੀਤਾ ਜਾਂਦਾ ਹੈ ਪਹਿਲੇ ਇਸ ਬਾਟੇ ਨੂੰ ਇਕ ਦੌਰੀ ਤੇ ਅਡੋਲ ਟਿਕਾ ਦੇਂਦੇ ਹਨ। ਫੇਰ ਪੰਜ ਅੰਮ੍ਰਿਤਧਾਰੀ ਤੇ ਰਹਿਤ ਬਹਿਤ ਵਿਚ ਪੱਕੇ ਸਿੰਘ ਬੀਰ ਆਸਨ ਤੇ ਬਾਟੇ ਦੇ ਗਿਰਦੇ ਚਕਰ ਬੰਨ੍ਹ ਕੇ ਬੈਠ ਜਾਂਦੇ ਹਨ ਤੇ ਆਪਣੇ ਹਥ ਬਾਟੇ ਉਤੇ ਟਿਕਾ ਨੇਤ੍ਰ ਜਲ ਵਿਚ ਗੱਡ ਦੇਂਦੇ ਹਨ। ਸੁਰਤ ਅਕਾਲ ਪੁਰਖ ਵਿਚ ਟਿਕਾ ਕੇ ਫੇਰ ਵਾਰੋ ਵਾਰੀ ਅੰਮ੍ਰਿਤ ਦੀਆਂ ਨੀਯਤ ਬਾਣੀਆਂ ਦਾ ਵਾਰੋ ਵਾਰੀ ਪਾਠ ਕਰਦੇ ਹਨ। ਇਕ ਆਪਣੀ ਵਾਰੀ ਸਿਰ ਉਚਾ ਪਾਠ ਕਰਦਾ ਹੈ ਤੇ ਦੂਜੇ ਸਹਿਜੇ ਸਹਿਜੇ ਪਾਠ ਕਰਦੇ ਉਸਦਾ ਸਾਥ ਦੇਂਦੇ ਹਨ। ਬਾਣੀਆਂ ਖਤਮ ਹੋਣ ਤੇ ਅੰਮ੍ਰਿਤ ਤਿਆਰ ਹੋ ਜਾਂਦਾ ਹੈ। ਅੰਮ੍ਰਿਤ ਤਿਆਰ ਕਰਨ ਤੋਂ ਪਹਿਲਾਂ ਤੇ ਪਿਛੋਂ ਸਤਿਗੁਰੂ ਤੇ ਅਕਾਲ ਪੁਰਖ ਸਾਹਮਣੇ ਅਰੰਭਤਾ ਤੇ ਸਮਾਪਤੀ ਦਾ ਅਰਦਾਸਾ ਸੋਧਿਆ ਜਾਂਦਾ ਹੈ।

ਅੰਮ੍ਰਿਤ ਤਿਆਰ ਹੋ ਜਾਣ ਉਪਰੰਤ ਜਾਚਕ ਨੂੰ ਜੋ ਪਹਿਲਾਂ ਅੰਮ੍ਰਿਤ ਤਿਆਰ ਹੋਣ ਸਮੇਂ ਇਕ ਪਾਸੇ ਸਤਿਗੁਰ ਦੇ ਸਨਮੁਖ ਖੜਾ ਅਕਾਲ ਪੁਰਖ ਦੇ ਧਿਆਨ ਵਿਚ ਜੁੜਿਆ ਸਿਮਰਨ ਕਰ ਰਿਹਾ ਹੁੰਦਾ ਹੈ, ਨੂੰ ਸੰਬੋਧਨ ਕੀਤਾ ਜਾਂਦਾ ਹੈ। ਉਸ ਪਾਸੋਂ ਸਿਖੀ ਵਟੇ ਤਨ ਮਨ ਧਨ ਗੁਰੂ ਨੂੰ ਸੌਂਪਣ ਦੀ ਪ੍ਰਤੱਗਿਆ ਲੈ ਕੇ ਗੁਰਮਰਯਾਦਾ ਤੇ ਸਿਖੀ ਰਹਿਣੀ (ਰਹਿਤ ਬਹਿਤ) ਦਸੀ ਜਾਂਦੀ ਹੈ ਤੇ ਉਸਨੂੰ ਪਾਲਣ ਦਾ ਉਸ ਪਾਸੋਂ ਪ੍ਰਣ ਲੈਕੇ ਉਸ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਛਕਾਣ ਸਮੇਂ ਪੰਜਾਂ ਵਿਚੋਂ ਚੁਣਿਆ ਗਿਆ ਜਥੇਦਾਰ (ਜਿਸਨੇ ਪਹਿਲਾਂ ਜਾਚਕ ਨੂੰ ਸੰਬੋਧਨ ਕਰਕੇ ਰਹਿਤ ਬਹਿਤ ਦਸੀ ਸੀ) ਉਸ ਨੂੰ ਅੰਮ੍ਰਿਤ ਛਕਾਂਦਾ ਹੈ। ਪਹਿਲਾਂ ਪੰਜ ਛੱਟੇ ਉਸਦੇ ਨੇਤ੍ਰਾਂ ਵਿਚ ਮਾਰਦਾ ਹੈ, ਫਿਰ ਓਹ ਕੇਸਾਂ ਵਿਚੇ ਪੰਜ ਛੱਟੇ ਲਾਂਦਾ ਹੈ ਤੇ ਅੰਤ ਨੂੰ ਉਹਨੂੰ ਪੰਜ ਚੂਲੇ ਪਿਆਉਂਦਾ ਹੈ। ਹਰ

ਛੱਟੇ ਤਥਾ ਚੁਲ੍ਹਾ ਲੈਣ ਤੇ ਜਥੇਦਾਰ ਹੁਕਮ ਦੇਂਦਾ ਹੈ :

ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ।।

ਤੇ ਜਾਚਕ ਉਤਰ ਦੇਂਦਾ ਹੈ :

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ।।

ਇਸ ਸਾਰੀ ਕਾਰਵਾਈ ਗੁਰੂ ਗ੍ਰੰਥ ਸਾਹਿਬ (ਜੋ ਐਸ ਵੇਲੇ ਦੇ ਗੁਰੂ ਹਨ) ਦੇ ਸਨਮੁਖ ਹੀ ਹੁੰਦੀ ਹੈ ।

ਰਸਮ ਅਦਾ ਹੋਣ ਉਪ੍ਰੰਤ ਫਿਰ ਅਰਦਾਸਾ ਹੁੰਦਾ ਹੈ । ਕੜਾਹ ਪ੍ਰਸ਼ਾਦਿ ਦੀ ਦੇਗ ਪ੍ਰਵਾਨ ਹੋਣ ਉਪ੍ਰੰਤ ਵੰਡੀ ਜਾਂਦੀ ਹੈ ਤੇ ਸਾਰੇ ਅੰਮ੍ਰਿਤਧਾਰੀ ਜਿਨ੍ਹਾਂ ਨੂੰ ਹੁਣੇ ਹੁਣੇ ਅੰਮ੍ਰਿਤ ਛਕਾਇਆ ਗਿਆ ਹੈ ਨੂੰ ਇਕੋ ਬਾਟੇ ਵਿਚ ਦੇਗ ਛਕਾਈ ਜਾਂਦੀ ਹੈ । ਅੰਮ੍ਰਿਤ ਛਕਣ ਉਪ੍ਰੰਤ ਓਹ ਸਿਖ ਬ੍ਰਾਦਰੀ ਦੇ ਮੁਕੰਮਲ ਅੰਗ ਬਣ ਜਾਂਦੇ ਹਨ ।

ਹੋਲੀ ਕਮਯੂਨੀਅਨ

ਹੋਲੀ ਕਮਯੂਨੀਅਨ ਦੀ ਥਾਵੇਂ ਗੁਰਮਤ ਵਿਚ ਗੁਰੂ ਕਾ ਲੰਗਰ (Guru's Free Kitchen) ਨੇ ਲਈ ਹੈ । ਇਹ ਵਡੇ ਗੁਰਦਵਾਰਿਆਂ ਵਿਚ ਗੁਰੂ ਪਿਆਰ ਦੇ ਸਦਕੇ ਰੋਜ਼ਾਨਾ ਦੋਵੇਂ ਵਕਤ ਹੁੰਦਾ ਹੈ । ਛੋਟੇ ਛੋਟੇ ਲੋਕਲ ਗੁਰਦਵਾਰਿਆਂ ਵਿਚ ਹਤਲਵਸਾ ਜਾਰੀ ਰਖਣ ਦਾ ਯਤਨ ਕੀਤਾ ਜਾਂਦਾ ਹੈ । ਇਨ੍ਹਾਂ ਲੰਗਰਾਂ ਵਿਚ ਹਰ ਸ਼੍ਰੇਣੀ, ਜ਼ਾਤ, ਧਰਮ ਦਾ ਸਜਨ ਬਿਨਾਂ ਵਿਤਕਰੇ ਇਕੋ ਪੰਗਤ ਵਿਚ ਬੈਠਕੇ ਪ੍ਰਸ਼ਾਦ ਛਕ ਸਕਦਾ ਹੈ ।

ਗੁਰੂਆਂ ਦੇ ਜਨਮ ਉਤਸ਼ਵਾਂ ਤਥਾ ਗੁਰਪੁਰਬਾਂ ਤੇ ਇਹ ਲੰਗਰ ਵਿਸ਼ਾਲ ਪੈਮਾਨੇ ਤੇ ਹੁੰਦਾ ਹੈ ਕਿ ਜਿਸ ਵਿਚ ਹਰ ਅਮੀਰ ਗਰੀਬ ਬਿਨਾ ਮਜ਼੍ਹਬ, ਜ਼ਾਤ, ਰੰਗ ਦੇ ਤਫਰਕੇ ਦੇ ਇਕੋ ਪੰਗਤ ਵਿਚ ਪ੍ਰਸ਼ਾਦਿ ਛਕ ਸਕਦਾ ਹੈ ਇਸ ਵਿਚ ਸਰਬਤ ਦਾ ਭਲਾ ਲੋਚਿਆ ਜਾਂਦਾ ਹੈ । ਹਰ ਖਾਣ ਵਾਲਾ ਉਸ ਦਾਤੇ ਵਾਹਿਗੁਰੂ ਦਾ ਧੰਨਵਾਦ ਕਰਦਾ ਹੈ ਤੇ ਉਸਦੀ ਦਾਤ ਸਮਝ ਕੇ ਵਰਤਦਾ ਤੇ ਵਰਤਾਂਦਾ ਹੈ ।

ਇਲਹਾਮੀ ਪੁਸਤਕ

ਸਿਖ ਧਰਮ ਦੀ ਇਲਹਾਮੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ । ਇਸ ਵਿਚ ਆਈ ਬਾਣੀ ਰੱਬੀ ਫੁਰਮਾਨ ਹਨ, ਧੁਰ ਤੋਂ ਆਏ ਅਕਾਲੀ ਵਚਨ ਹਨ ਜੋ ਗੁਰੂ ਦੇ ਹਿਰਦੇ ਅਕਾਸ਼ ਵਿਚੋਂ ਉਲਰ ਉਲਰ ਰਸੀਲੇ ਪਰਮਾਣ ਬਣ ਜਗਤ ਉਧਾਰ ਲਈ ਤਪਤ ਹਿਰਦਿਆਂ ਵਿਚ ਠੰਡ ਵਰਤਾਣ ਲਈ ਸੰਸਾਰ ਤਕ ਅਪੜੇ ਹਨ । ਜਾਂ ਇਵੇਂ ਸਮਝ ਲਵੋ ਕਿ ਗੁਮਰਾਹ ਹੋਏ ਦਿਲਾਂ ਨੂੰ ਸਹੀ ਸੇਧ ਦਸਣ

ਲਈ ਜਦ ਦਾਤਾ ਗੁਰੂ ਜੀ ਨੇ ਅੰਦਰ ਦੀਆਂ ਡੂੰਘਾਈਆਂ ਵਿਚ ਗੋਤਾ ਲਾਇਆ ਤੇ ਨਿਜ ਘਰ ਵਸਦੇ ਪ੍ਰੀਤਮ ਦੇ ਵਸਲ ਮਾਣ ਰਤਨਾਂ, ਜ੍ਵਾਹਰਾਂ, ਮੋਤੀਆਂ ਨਾਲ ਡੁਲ ਡੁਲ ਪੈਂਦੇ ਅਰਸ਼ੀ ਸੁੰਦਰਤਾ ਨਾਲ ਚਮਕਦੇ ਤੇ ਸੂਰਜ ਵਰਗੇ ਤੇਜ ਨਾਲ ਦਮਕਦੇ ਬਾਹਰ ਨਿਕਲੇ ਤਾਂ ਛਿੜ ਪਈ ਇਕ ਸੰਗੀਤਕ ਲਹਿਰ, ਜਿਸ ਨੇ ਧਾਰ ਲਿਆ ਰੂਪ ਅਰਸ਼ੋਂ ਆਈ ਬਾਣੀ ਦਾ ਜੋ ਗੁਰੂ ਅਰਜਨ ਦੇਵ ਜੀ ਸੰਪਾਦਿਕ ਨੇ ਇਕ ਥਾਂ ਜੋੜ ਕੇ ਦੇ ਦਿਤਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ।

ਇਹ ਹੈ ਅਰਸ਼ਾਂ ਤੋਂ ਆਈ ਅਕਾਲੀ ਬਾਣੀ ਸਮੂਹ ਅੰਮ੍ਰਿਤਾਂ ਨਾਲ ਭਰਪੂਰ ਤੇ ਪ੍ਰਤੱਖ ਗੁਰੂ।

ਚਰਚ ਜਾਂ ਕਲੀਸਾ

ਅਗਵਾਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੀ ਲੈਣੀ ਹੈ ਪਰ ਗੁਰਮੱਤ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸੰਗਤ ਤਥਾ ਖਾਲਸਾ ਨੂੰ ਵਸ਼ੇਸ਼ ਥਾਂ ਦੇਂਦਾ ਹੈ। ਜਿਵੇਂ ਸਿਖ ਨੂੰ ਗੁਰੂ ਦੇ ਦਰਸ਼ਨ ਹਰ ਰੋਜ਼ ਕਰਨੇ ਅਵਸ਼ਯਕ ਹਨ ਤਿਵੇਂ ਹੀ ਹਰ ਰੋਜ਼ ਬਿਲਾ ਨਾਗ਼ਾ ਸੰਗਤ ਕਰਨੀ ਵੀ ਲਾਜ਼ਮੀ ਹੈ। ਸਿਖ ਧਰਮ ਦੀਆਂ 'ਸੰਗਤਾਂ' ਗੁਰੂ ਨਾਨਕ ਤੋਂ ਹੀ ਕਾਇਮ ਹੋਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸੰਗਤਾਂ ਨੂੰ ਹੀ ਜਥੇਬੰਦ ਕਰਕੇ ਖਾਲਸਾ ਕਿਹਾ ਹੈ। ਇਹ ਸੰਗਤਾਂ ਦਾ ਸਮਦਾਇ ਹੀ ਪੰਥ ਖਾਲਸਾ ਹੈ। ਇਹ ਖਾਲਸਾ ਹੀ ਗੁਰੂ ਗ੍ਰੰਥ ਦੀ ਤਾਬਿਆ ਗੁਰੂ ਹੈ।

ਸੰਗਤ ਦੇ ਇਕਤਰ ਹੋਕੇ ਪ੍ਰਭੂ ਅਰਾਧਣ ਤੇ ਹਰੀ ਜਸ ਕਰਨ ਵਾਲੇ ਅਸਥਾਨ ਨੂੰ ਗੁਰਦਵਾਰਾ ਕਹਿੰਦੇ ਹਨ। ਪਰ ਇਹ ਗੁਰਦਵਾਰੇ ਗੁਰਮਤ ਦੇ ਸੋਧੇ ਹੋਏ ਨਿਯਮਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਆਤਮਕ ਅਗਵਾਈ ਹੇਠਾਂ ਹੀ ਚਲਦੇ ਹਨ। ਗੁਰਦਵਾਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਸੰਭਾਲ ਤੇ ਬਾਣੀ ਪਰਚਾਰ ਕਰਨ ਵਾਲੇ ਨੂੰ ਗ੍ਰੰਥੀ ਕਿਹਾ ਜਾਂਦਾ ਹੈ। ਇਸਦੀ ਪਦਵੀ ਗੁਰੂ ਕੇ ਵਜ਼ੀਰ ਦੀ ਹੁੰਦੀ ਹੈ। ਗ੍ਰੰਥੀ ਦੀ ਚੋਣ ਯੋਗਤਾ ਤੇ ਅਚਾਰਨਕ ਉਚਤਾ ਅਨੁਸਾਰ ਸਥਾਨਕ ਸਿਖ ਕਮੇਟੀਆਂ ਕਰਦੀਆਂ ਹਨ ਤੇ ਕਮੇਟੀਆਂ ਦੀ ਚੋਣ ਸਥਾਨਕ ਸਿਖ ਵਸਨੀਕ ਕਰਦੇ ਹਨ।

ਸੋ. ਉਪਰੋਕਤ ਵਿਚਾਰ ਤੋਂ ਅਸੀਂ ਇਸ ਸਿਟੇ ਤੇ ਪੁਜੇ ਹਾਂ ਕਿ ਗੁਰਮੱਤ ਨੇ ਈਸਾਈ ਮੱਤ ਦੇ ਕੁਝ ਕੁ ਅਸੂਲਾਂ ਨੂੰ ਨਵੇਂ ਢੰਗ ਤੇ ਨਵੇਂ ਰੂਪ ਵਿਚ ਅਪਨਾਇਆ ਹੈ ਪਰ ਫੇਰ ਵੀ ਅਮਲੀ ਪਖ ਤੇ ਸਿਧਾਂਤਕ ਪਖ ਤੋਂ ਦੋਹਾਂ ਮੱਤਾਂ ਵਿਚ ਜ਼ਿਮੀ ਤੇ ਅਸਮਾਨ ਵਾਲਾ ਅੰਤਰ ਹੈ।

ਇਸਲਾਮ ਤੇ ਗੁਰਸੱਤ

ਇਸਲਾਮ ਵੀ ਇਕ ਏਸ਼ਿਆਈ ਤੇ ਸੇਮੈਟਿਕ ਮੱਤ ਹੈ । ਪਰਚਾਰਕ ਮੱਤ ਹੋਣ ਕਰਕੇ ਇਸਨੇ ਪਿਆਰ ਤੇ ਤਲਵਾਰ ਦੋਵੇਂ ਢੰਗਾਂ ਨਾਲ ਪਰਚਾਰ ਕੀਤਾ ਹੈ ਤੇ ਏਸ ਵੇਲੇ ਸੰਸਾਰ ਪ੍ਰਸਿਧ ਤੇ ਵਡੇ ਮੱਤਾਂ ਵਿਚੋਂ ਇਕ ਹੈ । ਮੁਢਲੀਆਂ ਲੀਹਾਂ ਤਾਂ ਭਾਵੇਂ ਇਸਨੇ ਯਹੂਦੀ ਤੇ ਈਸਾਈ ਮੱਤ ਦੀਆਂ ਅਪਨਾਈਆਂ ਹਨ, ਪਰ ਦੀਨੀਆਤ ਕਰਕੇ ਇਸ ਦਾ ਇੰਨਾਂ ਮੱਤਾਂ ਨਾਲ ਅੰਤਰ ਵੀ ਸਪੱਸ਼ਟ ਹੈ। ਇਸਦਾ ਜਨਮ ਭਾਵੇਂ ਅਰਬ, ਜਿਸ ਨੂੰ ਬਦੂਆਂ ਦਾ ਦੇਸ਼ ਕਿਹਾ ਜਾਂਦਾ ਸੀ, ਵਿਚ ਹੋਇਆ । ਪਰ ਏਸ਼ ਵੇਲੇ ਕਈਆਂ ਦੇਸ਼ਾਂ ਵਿਚ ਫੈਲਿਆ ਹੋਇਆ ਹੈ। ਇਸਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਜੀ ਸਨ ।

ਹਜ਼ਰਤ ਮੁਹੰਮਦ ਸਾਹਿਬ ਦਾ ਜੀਵਨ

ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਕੁਰੈਸ਼ੀ ਵੰਸ ਦੇ ਬਾਨੀ ਹਾਸ਼ਮ ਦੇ ਘਰਾਣੇ ਵਿਚ ਅਪ੍ਰੈਲ ੫੭੦ ਈਸਵੀ ਵਿਚ ਹੋਇਆ। ਆਪ ਅਬਦੁਲਾ ਕੁਰੈਸ਼ੀ ਦੇ ਘਰ, ਮਾਤਾ ਆਮਿਨਾ ਦੀ ਕੁਖੋਂ ਜਨਮੇ। ਕਾਬ੍ਹਾ, ਜੋ ਉਸ ਵੇਲੇ ਮੂਰਤੀਆਂ ਨਾਲ ਭਰਪੂਰ ਸੀ । ਇਨ੍ਹਾਂ ਦੇ ਦਾਦੇ ਅਬਦੁਲ ਮਤਲਿਬ ਦੀ ਸਪੁਰਦਗੀ ਵਿਚ ਸੀ। ਇਨ੍ਹਾਂ ਦਾ ਵੰਸ਼ ਮਕੇ ਦਾ ਇਕ ਪ੍ਰਤਿਸ਼ਠ ਵੰਸ਼ ਗਿਣਿਆ ਜਾਂਦਾ ਸੀ। ਮੁਹੰਮਦ ਸਾਹਿਬ ਦਾ ਜਨਮ ਇਨ੍ਹਾਂ ਦੇ ਪਿਤਾ ਦੇ ਕਾਲਵੱਸ ਹੋ ਜਾਣ ਤੋਂ ਮਗਰੋਂ ਹੋਇਆ ਸੀ। ਦਾਦਾ ਹੀ ਪਾਲਕ ਬਣਿਆ ਤੇ ਉਸਨੇ ਆਪਣਾ ਪੋਤਾ ਹੋਣ ਦੀ ਬੜੀ ਖੁਸ਼ੀ ਮਨਾਈ । ਤੇ ਇਸ ਦਾਤ ਲਈ ਕਾਬੇ ਵਿਚ ਜਾ ਕੇ ਰਬ ਦਾ ਧੰਨਵਾਦ ਵੀ ਕੀਤਾ ।

ਉਮਰ ਦੇ ਪਹਿਲੇ ਦੋ ਸਾਲ ਆਪ ਨੂੰ ਹਲੀਮਾਂ ਨਾਂ ਦੀ ਇਕ ਦਾਈ ਦੇ ਸਪੁਰਦ ਕੀਤਾ ਗਿਆ ਤੇ ਅਰਬ ਦੇ ਪਰਚੱਲਤ ਰਿਵਾਜ ਅਨੁਸਾਰ ਉਸ ਨੇ ਇਸ ਬਚੇ ਨੂੰ ਆਪਣਾ ਦੁਧ ਪਿਲਾਇਆ। ਬਾਹਦ ਵਿਚ ਆਪਣੀ ਮਾਂ ਆਮਿਨਾ ਨੂੰ ਹੀ ਪਰਵਰਸ਼ ਕਰਨੀ ਪਈ। ਛੇ ਸਾਲ ਦੀ ਉਮਰ ਵਿਚ ਉਹ ਇਨ੍ਹਾਂ ਨੂੰ ਆਪਣੇ ਪੇਕੇ ਘਰ ਮਦੀਨੇ ਲੈ ਗਈ। ਮਦੀਨੇ ਤੋਂ ਵਾਪਸ ਆਉਂਦੀ ਜਦ ਉਹ ਪਿੰਡ

‘ਅਥੋਹਾ’ ਪੁਜੀ ਤਾਂ ਅਚਾਨਕ ਕਾਲ ਦਾ ਸਦਾ ਆ ਗਿਆ ਤੇ ਵਿਚਾਰੀ ਇਸ ਬਾਲ ਨੂੰ ਮਾਂ ਮਹਿਟਰ ਕਰ ਸਦਾ ਲਈ ਮੌਤ ਦੀ ਨੀਂਦਰੇ ਸੌਂ ਗਈ। ਹਜ਼ਰਤ ਮੁਹੰਮਦ ਅਜੇ ਮਸਾਂ ਅਠਾਂ ਕੁ ਵਰ੍ਹਿਆਂ ਦੇ ਹੀ ਹੋਏ ਸਨ ਕਿ ਚਾਚੇ ਅਬੂ ਤਾਲਬ ਨੂੰ ਬਾਂਹ ਫੜਾ, ਦਾਦਾ ਵੀ ਗੁਜ਼ਰ ਗਿਆ ਤੇ ਉਸਦੀ ਪਾਲਣਾ ਹੁਣ ਚਾਚੇ ਨੂੰ ਹੀ ਕਰਨੀ ਪਈ।

ਅਬੂ ਤਾਲਬ ਇਕ ਵਪਾਰੀ ਸੀ ਤੇ ਵਪਾਰ ਕਰਨ ਲਈ ਆਲੇ ਦੁਆਲੇ ਦੇ ਦੇਸਾਂ ਵਿਚ ਰਟਨ ਕਰਦਾ ਰਹਿੰਦਾ ਸੀ। ਉਹ ਅਕਸਰ ਆਪਣੇ ਭਤੀਜੇ ਮੁਹੰਮਦ ਨੂੰ ਵੀ ਅਜਿਹੇ ਵਪਾਰ ਦੌਰਿਆਂ ਵਿਚ ਨਾਲ ਹੀ ਰਖਦਾ ਸੀ। ਇਨ੍ਹਾਂ ਦੌਰਿਆਂ ਵਿਚ ਇਸ ਧਾਰਮਕ ਰੁਚੀ ਦੇ ਬਾਲਕ ਨੂੰ ਦੂਜੇ ਧਰਮਾਂ ਦੀ ਕਾਫੀ ਸੋਝੀ ਹੋ ਗਈ। ਖਾਸ ਕਰਕੇ ਈਸਾਈ ਪਾਦਰੀਆਂ ਨਾਲ ਹੋਈ ਗਲ ਬਾਤ ਨੇ ਈਸਾਈ ਸਿਧਾਂਤਾਂ ਵਲ ਆਪ ਦੀ ਰੁਚੀ ਨੂੰ ਪ੍ਰੇਰਤ ਕੀਤਾ ਤੇ ਆਪ ਨੇ ਮੂਸੇਈ ਤੇ ਈਸਾਈ ਪਰਚਾਰਕਾਂ ਪਾਸੋਂ ਢੇਰ ਗਲਾਂ ਸਿਖੀਆਂ ਤੇ ਇਨ੍ਹਾਂ ਨੂੰ ਹੀ ਨਵਾਂ ਰੂਪ ਦੇ ਕੇ ਆਪਣੇ ਇਸਲਾਮ ਦੇ ਸਿਧਾਤ ਘੜੇ।

ਆਮ ਖਿਆਲ ਹੈ ਕਿ ਆਪ ਉਮੀ (ਅਨਪੜ) ਸਨ, ਪਰ ਇਸ ਗਲੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਉਨ੍ਹਾਂ ਦੀ ਬੁਧੀ ਬੜੀ ਤੀਖਣ ਸੀ ਤੇ ਸੂਝ ਬੂਝ ਚੰਗੇ ਪੜਿਆਂ ਹੋਇਆਂ ਨਾਲੋਂ ਵੀ ਬੇਹਤਰ ਸੀ। ਤਜਰਬੇਕਾਰ ਹੋਣ ਦੇ ਇਲਾਵਾ ਚੰਗੇ ਸਾਊ ਤੇ ਈਮਾਨਦਾਰ ਸਨ। ਦਿਆਨਤਦਾਰੀ ਇਨ੍ਹਾਂ ਦਾ ਸੁਭਾਵਕ ਗੁਣ ਸੀ। ਆਪ ਸਬਰ ਤੇ ਸਿਦਕ ਦਾ ਮੁਜਸਮਾ ਸਨ। ਆਮ ਲੋਕ ਆਪ ਨੂੰ ਸਾਦਕ ਤੇ ਅਮੀਨ ਕਿਹਾ ਕਰਦੇ ਸਨ।

੨੦ ਵਰ੍ਹੇ ਦੀ ਉਮਰ ਹੋਈ ਤਾਂ ਆਪ ਨੇ ਇਕ ਖਦੀਜਾ ਨਾਂ ਦੀ ਧਨਾਢ ਵਿਧਵਾ ਦੀ ਮੁਲਾਜ਼ਮਤ ਅਖਤਿਆਰ ਕਰ ਲਈ। ਇਸ ਵਿਧਵਾ ਵਲੋਂ ਆਪ ਬਸਰੇ ਤੇ ਦਮਸ਼ਿਕ ਆਦਿ ਥਾਵਾਂ ਵਿਚ ਵਪਾਰ ਕਰਦੇ ਰਹੇ। ਖਦੀਜਾ ਇਨ੍ਹਾਂ ਦੀ ਕਾਰਗੁਜ਼ਾਰੀ ਤੇ ਈਮਾਨਦਾਰੀ ਤੇ ਬਹੁਤ ਪ੍ਰਸੰਨ ਹੋਈ ਤੇ ਉਸਨੇ ੨੫ ਸਾਲ ਦੇ ਹਜ਼ਰਤ ਮੁਹੰਮਦ ਸਾਹਿਬ ਨਾਲ ਪੁਨਰ ਵਿਆਹ ਕਰ ਲਿਆ। ਵਿਆਹ ਕਰਨ ਸਮੇਂ ਉਸਦੀ ਉਮਰ ਚਾਹਲੀ ਸਾਲ ਦੀ ਸੀ। ਖਦੀਜਾ ਵਿਚੋਂ ਹਜ਼ਰਤ ਸਾਹਿਬ ਦੇ ੪ ਪੁਤਰ ਤੇ ੪ ਧੀਆਂ ਪੈਦਾ ਹੋਈਆਂ :

ਲੜਕੇ :–ਕਾਸਮ, ਅਬਦੁਲਾ, ਤਾਹਿਰ ਤੇ ਤੈਬ।

ਲੜਕੀਆਂ :–ਫਾਤਮਾ, ਜ਼ੈਨਬ, ਕਲਯੂਮ ਤੇ ਰਕੀਆ।

ਖਦੀਜਾ ਵਿਆਹ ਤੋਂ ਮਗਰੋਂ ੨੫ ਸ਼ਾਲ ਜੀਉਂਦੀ ਰਹੀ। ੬੫ ਸਾਲ ਦੀ

ਉਮਰ ਭੋਗ ਕੇ ਉਸਦੇ ਕੋਲ ਮਰੀ । ਇਸਦੀ ਮੌਤ ਤੋਂ ਬਾਹਦ ਹਜ਼ਰਤ ਨੇ ਹੋਰ ਵੀ ਕਈ ਸ਼ਾਦੀਆਂ ਕੀਤੀਆਂ ।

ਖਦੀਜਾ ਦੀ ਮੌਤ ਦੇ ਛੇਤੀ ਹੀ ਬਾਹਦ ਚਾਹਲੀ ਵਰ੍ਹਿਆਂ ਦੀ ਉਮਰ ਵਿਚ ਇਨ੍ਹਾਂ ਇਕ ਹੋਰ ਸੌਦਾਹ ਨਾਮਕ ਵਿਧਵਾ ਨਾਲ ਵਿਆਹ ਕਰ ਲਿਆ । ਫੇਰ ਇਨ੍ਹਾਂ ਦੀ ਮੰਗਣੀ ਅਬੂ ਬਕਰ ਦੀ ਸੱਤ ਸਾਲਾ ਲੜਕੀ ਨਾਲ ਹੋ ਗਈ । ਇਸ ਲੜਕੀ ਦਾ ਨਾਂ ਆਇਸ਼ਾਂ ਸੀ । ਅਜੇ ਆਇਸ਼ਾਂ ਮਸਾਂ ੯ ਵਰ੍ਹਿਆਂ ਦੀ ਹੀ ਹੋਈ ਸੀ ਕਿ ਵਿਆਹ ਵੀ ਹੋ ਗਿਆ । ਆਇਸ਼ਾਂ ਹਜ਼ਰਤ ਦੀ ਸਭ ਤੋਂ ਪਿਆਰੀ ਬੀਵੀ ਸੀ । ਇਹ ਹਜ਼ਰਤ ਦੇ ਗੁਜ਼ਰ ਜਾਣ ਮਗਰੋਂ ੬੭ ਸਾਲ ਦੀ ਉਮਰ ਭੋਗ ਕੇ ਹਿਜਰੀ ਸੰਨ ੫੮ ਵਿਚ ਪੂਰੀ ਹੋਈ । ਮੁਸਲਮਾਨਾਂ ਵਿਚ ਆਇਸ਼ਾਂ ਦਾ ਰੁਤਬਾ 'ਅਮੁਲ ਮੋਮਨੀਨ' ਭਾਵ 'ਵਿਸ਼੍ਵਾਸ਼ੀਆਂ ਦੀ ਮਾਂ' ਕਰਕੇ ਪ੍ਰਸਿਧ ਹੈ ।

ਹਜ਼ਰਤ ਦੀਆਂ ਹੋਰ ਵੀ ਸ਼ਾਦੀਆਂ ਹੋਈਆਂ ਸਨ । ਕਈ ਇਤਿਹਾਸਕਾਰ ਆਪ ਦੀਆਂ ਕੁਲ ਸ਼ਾਦੀਆਂ ਦੀ ਗਿਣਤੀ ੯ ਤੇ ਕੁਝ ੧੧ ਦਸਦੇ ਹਨ । ਇਨ੍ਹਾਂ ਤੋਂ ਛੁਟ ਦੋ ਦਾਸੀਆਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ । ਦਾਸੀਆਂ ਵਿਚੋਂ 'ਮੇਰੀ' ਈਸਾਇਨ ਸੀ ਤੇ 'ਰਿਹਾਨਾ' ਯਹੂਦਣ । ਇਨ੍ਹਾਂ ਵਿਚੋਂ 'ਮੇਰੀ' ਦੀ ਕੁਖੋਂ ਆਪ ਦਾ ਇਕ ਪੁਤਰ ਜਨਮਿਆ ਸੀ, ਪਰ ਉਹ ਕੇਵਲ ਦੋ ਸਾਲ ਹੀ ਉਮਰ ਭੋਗ ਕੇ ਹੀ ਮਰ ਗਿਆ ਸੀ ।

ਜਿਸ ਵੇਲੇ ਹਜ਼ਰਤ ਸਾਹਿਬ ਦਾ ਦੇਹਾਂਤ ਹੋਇਆ, ਉਸ ਵੇਲੇ ਉਨ੍ਹਾਂ ਦੀਆਂ ੯ ਵਿਆਹਤਾ ਤੇ ਦੋ ਦਾਸੀਆਂ ਜੀਂਦੀਆਂ ਸਨ । ਇਨ੍ਹਾਂ ਦੇ ਗਿਆਰਾਂ ਵਿਆਹਵਾਂ ਵਿਚੋਂ ੯ ਵਿਧਵਾ ਇਸਤ੍ਰੀਆਂ ਨਾਲ ਹੋਏ ਸਨ । ਦੂਜੀਆਂ ਵਿਹਾਂਦੜਾਂ ਵਿਚੋਂ ਇਕ ਆਇਸ਼ਾਂ ਸੀ, ਜਿਸਦੀ ਵਿਆਹ ਸਮੇਂ ਉਮਰ ਕੇਵਲ ੯ ਵਰ੍ਹਿਆਂ ਦੀ ਸੀ । ਦੂਜੀ ਸੀ ਜ਼ੈਨਬ । ਇਹ ਹਜ਼ਰਤ ਦੇ ਮੁਤਬੰਨੇ ਪੁਤਰ ਜ਼ੈਦ ਦੀ ਤਲਾਕੀ ਹੋਈ ਸੀ । ਇਹ ਵਿਆਹ ਸ਼ਰ੍ਹਾ ਵਿਰੁਧ ਸੀ, ਪਰ ਖੁਦਾ ਵਲੋਂ ਇਸ ਸ਼ਾਦੀ ਲਈ ਖਾਸ ਹੁਕਮ ਆ ਗਿਆ ਸੀ ।

ਆਪ ਦੇ ਸਿਆਣੇ, ਸੁਲਾਹਕੁਨ ਤੇ ਹਰਮਨ ਪਿਆਰੇ ਹੋਣ ਸਬੰਧੀ ਕਈ ਰਵਾਇਤਾਂ ਹਨ । ਕਹਿੰਦੇ ਹਨ ਇਕ ਵਾਰ ਅਰਬੀ ਸਰਦਾਰਾਂ ਨੇ ਮਕੇ ਦੀ ਇਮਾਰਤ ਦੀ ਨਵ ਉਸਾਰੀ ਅਰੰਭੀ । ਜਦ ਸੰਗੇ ਅਸਵਦ ਦੇ ਲਗਾਣ ਦੀ ਵਾਰੀ ਆਈ ਤਾਂ ਹਰ ਸਰਦਾਰ ਉਸ ਨੂੰ ਆਪਣੀ ਹਥੀਂ ਨਵੀਂ ਥਾਂ ਤੇ ਟਿਕਾਣਾ ਚਾਹੁੰਦਾ ਸੀ । ਇਸ ਗੱਲ ਤੇ ਕਿ ਕੌਣ ਇਸ ਨੂੰ ਉਠਾਏ ਤੇ ਨਵੀਂ ਥਾਂ ਤੇ ਟਿਕਾਏ ਸ਼ੀ । ਇਸ ਗੱਲ ਤੇ ਕਿ ਕੌਣ ਇਸ ਨੂੰ ਉਠਾਏ ਤੇ ਨਵੀਂ ਥਾਂ ਤੇ ਟਿਕਾਏ ਆਪਸ ਵਿਚ ਝਗੜਾ ਹੋ ਪਿਆ । ਝਗੜਾ ਲੜਾਈ ਦੀ ਸੂਰਤ ਇਖਤਿਆਰ ਕਰਨ ਹੀ ਵਾਲਾ ਸੀ ਕਿ ਉਤੋਂ ਹਜ਼ਰਤ ਸਾਹਿਬ ਆ ਪਹੁੰਚੇ । ਇਨ੍ਹਾਂ ਸਾਰੀ

ਗੱਲ ਤਹੱਮਲ ਨਾਲ ਸੁਣੀ ਤੇ ਫੇਰ ਇਕ ਚਾਦਰ ਮੰਗਵਾ ਕੇ ਸੰਗੇ ਅਸਵਦ ਨੂੰ ਵਿਚਾਲੇ ਟਿਕਾਇਆ। ਚਾਦਰ ਦੀ ਇਕ-ਇਕ ਚੁਕ ਚੌਹਾਂ ਝਗੜਨ ਵਾਲੇ ਸ਼ਰਦਾਰਾਂ ਨੂੰ ਫੜਾ ਦਿਤੀ ਗਈ ਤੇ ਸੰਗੇ ਅਸਵਦ ਨੂੰ ਚੌਹਾਂ ਦੇ ਹਥੋਂ ਲੋੜੀਂਦੀ ਥਾਂ ਤੇ ਰਖਵਾ ਦਿਤਾ।

ਹਜ਼ਰਤ ਨਾਲ ਵਿਰੋਧਤਾ ਬਾਹਦ ਵਿਚ ਉਸ ਵੇਲੇ ਸ਼ੁਰੂ ਹੋਈ ਜਦ ਕਿ ਆਪਨੇ ਆਪਣੀ ਪੈਗੰਬਰੀ ਦਾ ਇਜ਼ਹਾਰ ਕੀਤਾ ਤੇ ਨਵੇਂ ਮਤ ਦਾ ਮੁਢ ਬੰਨਿਆ।

ਜਦ ਆਪ ਦੀ ਉਮਰ ੩੫ ਵਰ੍ਹਿਆਂ ਦੀ ਹੋਈ ਤਾਂ ਕਾਬ੍ਹੇ ਨੂੰ ਮੁੜ ਤਾਮੀਰ ਕਰਨ ਦੀ ਲੋੜ ਪਈ ਕਿਉਂਕਿ ਓਹ ਬਹੁਤ ਨੀਵੇਂ ਥਾਂ ਤੇ ਬਣਿਆ ਹੋਇਆ ਸੀ। ਜਦ ਲੋਕਾਂ ਨੇ ਇਕਠੇ ਹੋ ਕੇ ਨਵੀਂ ਉਸਾਰੀ ਅਰੰਭੀ ਤਾਂ ਇਹ ਸਵਾਲ ਮੁੜ ਉਠਿਆ ਕਿ 'ਸੰਗੇ ਅਸਵਦ' ਨੂੰ ਕੌਣ ਆਪਣੇ ਹਥ ਨਾਲ ਨਵੇਂ ਮੰਦਰ ਵਿਚ ਰਖੇ। ਸਰਬ ਸੰਮਤੀ ਨਾਲ ਹਜ਼ਰਤ ਸਾਹਿਬ ਹੀ ਚੁਣੇ ਗਏ ਤੇ ਉਨ੍ਹਾਂ ਨੇ ਹੀ ਇਹ ਸਿਆਹ ਪਥਰ ਉਠਾ ਕੇ ਕਾਬੇ ਦੀ ਕੰਧ ਵਿਚ ਰਖਿਆ। ਮੰਦਰ ਤਿਆਰ ਹੋਣ ਤੇ ਪਹਿਲੇ ਵਾਂਗ ਹੀ ਮੁੜ 'ਹਬਲ' ਦੇਵਤਾ ਵਿਚਕਾਰ ਥਾਪਿਆ ਗਿਆ ਤੇ ਉਸ ਦੇ ਆਸ਼-ਪਾਸ ਹੋਰ ਬੁਤ ਰਖੇ ਗਏ।

੩੯ ਸਾਲ ਦੀ ਉਮਰ ਵਿਚ ਆਪ ਬੜੇ ਉਦਾਸ ਚਿਤ ਤੇ ਧਿਆਨ ਪਰਾਇਣ ਜਾਪਦੇ ਸਨ। ਆਮ ਤੌਰ ਤੇ ਇਕਾਂਤ ਵਿਚ ਬਹੁਤਾ ਸਮਾਂ ਬਾਹਰ ਹੀ ਗੁਜ਼ਾਰਦੇ ਸਨ ਤੇ ਕੁਝ ਮਸਤਾਨੀ-ਦੀਵਾਨੀ ਹਾਲਤ ਵਿਚ ਹੀ ਰਹਿੰਦੇ ਸਨ। ਮਕੇ ਦੇ ਲਾਗਲਾ 'ਹਿਰਾ' ਦਾ ਪਹਾੜ ਉਨ੍ਹਾਂ ਨੂੰ ਬੜਾ ਪਿਆਰਾ ਲਗਦਾ ਸੀ। ਜਦ ਆਪ ਚਾਲ੍ਹੀ ਵਰ੍ਹਿਆਂ ਦੇ ਹੋਏ ਤਾਂ ਇਕ ਦਿਨ ਘਬਰਾਏ ਹੋਏ ਘਰ ਆਏ। ਖਦੀਜਾ ਨੇ ਪਿਆਰ ਨਾਲ ਘਬਰਾਹਟ ਦਾ ਕਾਰਨ ਪੁਛਿਆ ਤਾਂ ਆਪ ਨੇ ਦਸਿਆ ਕਿ ਓਹ ਹਿਰਾ ਦੀ ਗੁਫਾ ਵਿਚ ਅੰਤਰ-ਧਿਆਨ ਹੋਏ ਬੈਠੇ ਸਨ ਕਿ ਇਕ ਫਰਿਸ਼ਤਾ ਉਨ੍ਹਾਂ ਦੇ ਸਾਹਮਣੇ ਆਇਆ ਅਤੇ ਉਸ ਨੇ ਉਨ੍ਹਾਂ ਨੂੰ ਗਲਵਕੜੀ ਵਿਚ ਲੈ ਕੇ ਬੜੇ ਜ਼ੋਰ ਨਾਲ ਆਖਿਆ ਕਿ ਓਹ ਪੜ੍ਹਨ, ਪਰ ਉਨ੍ਹਾਂ ਉਤਰ ਦਿਤਾ ਕਿ ਓਹ ਅਨਪੜ੍ਹ ਹਨ। ਉਸ ਨੇ ਦੂਜੀ ਵੇਰ ਉਸੇ ਜ਼ੋਰ ਨਾਲ ਫੇਰ ਆਖਿਆ ਕਿ ਓਹ ਪੜ੍ਹਨ, ਆਪਣੇ ਪਾਲਣਹਾਰ ਦੇ ਨਾਮ ਨਾਲ ਜਿਸ ਨੇ ਸਿਖਾਇਆ ਆਦਮ ਨੂੰ ਜੋ ਕੁਝ ਨਹੀਂ ਜਾਣਦਾ ਸੀ। ਇਹ ਕਹਿਕੇ ਫਰਿਸ਼ਤਾ ਅਲੋਪ ਹੋ ਗਿਆ। ਖਦੀਜਾ ਨੇ ਸਾਰਾ ਮਾਜਰਾ ਸੁਣਿਆ ਤੇ ਬੜੀਆਂ ਤਸੱਲੀਆਂ ਵੀ ਦਿਤੀਆਂ ਪਰ ਉਨ੍ਹਾਂ ਦੀ ਘਬਰਾਹਟ ਨਾ ਗਈ। ਖਦੀਜਾ ਉਨ੍ਹਾਂ ਨੂੰ ਆਪਣੇ ਦਾਦੇ ਪੋਤੇ ਭਰਾ 'ਵਿਰਕਾ' ਪਾਸ ਲੈ ਗਈ। ਵਿਰਕਾ ਈਸਾਈ

ਸੀ, ਉਸ ਨੇ ਅੰਜੀਲ ਦੀ ਅਰਬੀ ਵਿਚ ਅਨੁਵਾਦੀ ਸੀ। ਵਿਰਕਾ ਨੇ ਵੀ ਹਜ਼ਰਤ ਨੂੰ ਸਮਝਾਇਆ ਤੇ ਦਸਿਆ ਕਿ ਰੱਬ ਉਨ੍ਹਾਂ ਨੂੰ ਪੈਗੰਬਰ ਬਣਾਨ ਲਗਾ ਹੈ ਤਾਂ ਕਿਤੇ ਉਨ੍ਹਾਂ ਨੂੰ ਕੁਝ ਧੀਰਜ ਆਇਆ। ਇਸੇ ਤਰ੍ਹਾਂ ਇਕ ਵੇਰ ਓਹ ਫੇਰ ਘਬਰਾਏ ਹੋਏ ਘਰ ਪੁਜੇ। ਖਦੀਜਾ ਨੇ ਪੁਛਿਆ, "ਅਜ ਕੀ ਹੋਇਆ ਹੈ ?" ਹਜ਼ਰਤ ਨੇ ਦਸਿਆ, "ਮੁੜ ਓਹੀ ਆਵਾਜ਼ਾਂ ਆਈਆਂ ਹਨ।" ਖਦੀਜਾ ਨੇ ਉਨ੍ਹਾਂ ਨੂੰ ਕਪੜੇ ਉਤੇ ਪਾ ਕੇ ਛੁਪਾ ਦਿਤਾ ਪਰ ਫਰਿਸ਼ਤਾ ਫੇਰ ਬੋਲਿਆ, "ਐ ਆਪਣੇ ਉਤੇ ਕਪੜਾ ਲੈਣ ਵਾਲੇ, ਖੜਾ ਹੋ ਅਤੇ ਪਾਲਣਹਾਰ ਦੀ ਵਡਿਆਈ ਕਰ। ਆਪਣੇ ਕਪੜਿਆਂ ਨੂੰ ਪਵਿਤਰ ਕਰ ਤੇ ਗੰਦਗੀ ਛਡ ਦੇਹ।"

ਇਹ ਸਭ ਕੁਝ ਸੁਣ ਕੇ ਖਦੀਜਾ ਉਨ੍ਹਾਂ ਨੂੰ ਦੋਖਾਰਾ 'ਵਿਰਕਾ' ਪਾਸ ਲੈ ਗਈ ਤੇ ਮਹੰਮਦ ਸਾਹਿਬ ਨੇ ਉਸ ਨੂੰ ਸਾਰੀ ਹੱਡ ਬੀਤੀ ਸੁਣਾਈ। ਵਿਰਕਾ ਨੇ ਕਿਹਾ, "ਅਜਿਹੇ ਫਰਿਸ਼ਤੇ ਕੇਵਲ ਪੈਗੰਬਰਾਂ ਪਾਸ ਹੀ ਆਉਂਦੇ ਹਨ।" ਵਿਰਕਾ ਦੇ ਏਸ ਉਤਰ ਨੇ ਉਨ੍ਹਾਂ ਦਾ ਸਾਰਾ ਬੋਝ ਹਲਕਾ ਕਰ ਦਿਤਾ ਤੇ ਓਹ ਨਿਡਰ ਹੋ ਘਰ ਪਰਤੇ ਤੇ ਆਪਣੇ ਪੈਗੰਬਰ ਹੋਣ ਦਾ ਐਲਾਨ ਕਰਕੇ ਆਪਣੇ ਮਤ ਦਾ ਪ੍ਰਚਾਰ ਅਰੰਭਿਆ। ਇਸ ਮਤ ਦਾ ਨਾਂ ਉਨ੍ਹਾਂ 'ਇਸਲਾਮ' ਰਖਿਆ।

ਇਸਲਾਮ ਦੇ ਅਰਥ ਹਨ ਖੁਦਾ ਦੀ ਰਜ਼ਾ ਨੂੰ ਸਲਮ (ਅੰਗੀਕਾਰ) ਕਰਨਾ ਅਰਥਾਤ ਭਾਣਾ ਮੰਨਣਾ। ਇਸਲਾਮ ਧਾਰਨ ਵਾਲੇ ਨੂੰ ਮੁਸਲਿਮ ਜਾਂ ਮੁਸਲਮਾਨ ਦਾ ਨਾਂ ਦਿਤਾ ਗਿਆ। ਸਭ ਤੋਂ ਪਹਿਲਾਂ ਮੁਸਲਮਾਨ ਜ਼ੈਦ ਨਾਂ ਦਾ ਇਕ ਗ਼ੁਲਾਮ ਹੋਇਆ। ਇਸ ਤੋਂ ਮਗਰੋਂ ਖਦੀਜਾ ਨੇ ਇਸਲਾਮ ਕਬੂਲਿਆ। ਤੀਜਾ ਮੋਮਨ ਵਿਰਕਾ ਬਣਿਆ ਤੇ ਹਜ਼ਰਤ ਮਹੰਮਦ ਸਾਹਿਬ ਦੀ ਪੈਗੰਬਰੀ ਤਸਲੀਮ ਕਰਕੇ ਉਨ੍ਹਾਂ ਤੇ ਈਮਾਨ ਲਿਆਇਆ। ਫੇਰ ਚਾਚੇ ਦੇ ਪੁਤਰ ਅਲੀ ਨੇ ਜੋ ਮਗਰੋਂ ਹਜ਼ਰਤ ਦਾ ਦਾਮਾਦ ਵੀ ਬਣਿਆ) ਇਨ੍ਹਾਂ ਦਾ ਮਤ ਧਾਰਨ ਕੀਤਾ। (ਅਬੂਤਾਲਬ ਜਿਸ ਨੇ ਹਜ਼ਰਤ ਦੇ ਦਾਦੇ ਦੇ ਕਾਲ ਵਸ ਹੋ ਜਾਣ ਮਗਰੋਂ ਇਨ੍ਹਾਂ ਦੀ ਬਾਂਹ ਫੜੀ ਸੀ ਤੇ ੮ ਸਾਲ ਦੇ ਯਤੀਮ ਨੂੰ ਆਪਣੇ ਪਾਸ ਰਖਕੇ ਸਿਖਾਇਆ ਪੜ੍ਹਾਇਆ ਤੇ ਹਰ ਤਰ੍ਹਾਂ ਦੀ ਪਰਵਰਿਸ਼ ਦਿਤੀ ਸੀ ਆਖੀਰ ਤਕ ਮੁਨਕਰ ਹੀ ਰਿਹਾ। ਕਹਿੰਦੇ ਨੇ ਇਕ ਦਿਨ ਹਜ਼ਰਤ, ਖਦੀਜਾ ਤੇ ਅਲੀ ਬੈਠੇ ਹੋਏ ਸਨ ਕਿ ਅਚਾਨਕ ਉਪਰੋਂ ਅਬੂ ਤਾਲਬ ਵੀ ਆ ਗਿਆ। ਉਸ ਨੇ ਹਜ਼ਰਤ ਮਹੰਮਦ ਸਾਹਿਬ ਪਾਸੋਂ ਪੁਛਿਆ, "ਤੇਰਾ ਕੀ ਮਤ ਹੈ ?" ਹਜ਼ਰਤ ਨੇ ਉਤਰ ਦਿਤਾ, "ਜੋ ਖੁਦਾ, ਉਸ ਦੇ ਫਰਿਸ਼ਤਿਆਂ ਤੇ ਇਬਰਾਹੀਮ ਦਾ ਸੀ।" ਫਿਰ ਉਸ ਨੇ ਏਹੀ ਸਵਾਲ ਆਪਣੇ ਪੁਤਰ ਅਲੀ ਤੋਂ ਵੀ ਪੁਛਿਆ ਤੇ

ਉਸ ਨੇ ਜਵਾਬ ਦਿਤਾ, "ਮੈਂ ਮਹੰਮਦ ਨੂੰ ਖੁਦਾ ਦਾ ਰਸੂਲ ਮੰਨਦਾ ਹਾਂ।" ਇਹ ਉਤਰ ਸੁਣ ਕੇ ਉਸ ਨੇ ਖਿਝ ਕੇ ਆਪਣੇ ਪੁਤਰ ਨੂੰ ਕਿਹਾ, "ਤੂੰ ਇਸ ਮਜ਼ੂਬ ਵਿਚ ਰਹੋ, ਮੈਂ ਇਸ ਨੂੰ ਹਰਗਿਜ਼ ਕਬੂਲਣ ਲਈ ਤਿਆਰ ਨਹੀਂ। ਮੈਂ ਆਪਣੇ ਪੁਰਾਣੇ ਮਤ ਤੋਂ ਨਿਸ਼ਚਾ ਨਹੀਂ ਡੋਲਾਵਾਂਗਾ।"

ਇਕ ਵੇਰ ਫੇਰ ਹਜ਼ਰਤ ਮਹੰਮਦ ਉਚੇਚੇ ਆਪਣੇ ਚਾਚੇ ਅਬੂ ਤ਼ਾਲਬ ਪਾਸ ਗਏ ਤੇ ਓਹਨਾਂ ਨੂੰ ਇਸਲਾਮ ਧਾਰਨ ਲਈ ਪ੍ਰੇਰਿਆ। ਉਨ੍ਹਾਂ ਉਸ ਨੂੰ ਇਹ ਵੀ ਆਖਿਆ ਕਿ ਜਦ ਉਨ੍ਹਾਂ ਦੇ ਸਾਰੇ ਵਿਸ਼ਵਾਸ਼ੀ ਉਨ੍ਹਾਂ ਤੇ ਈਮਾਨ ਲਿਆ ਕੇ ਬਹਿਸ਼ਤ ਵਿਚ ਜਾਣਗੇ ਤਦ ਉਨ੍ਹਾਂ ਨੂੰ ਇਹ ਵੇਖਕੇ ਕਿ ਉਸ ਦਾ ਆਪਣਾ ਹਮਦਰਦ ਤੇ ਸੁਹਿਰਦ ਚਾਚਾ ਦੋਜ਼ਖ ਭੋਗ ਰਿਹਾ ਹੈ ਬਹੁਤ ਭਾਰੀ ਦੁਖ ਹੋਵੇਗਾ। ਪਰ ਅਬੂ ਤਾਲਬ ਨੇ ਬੜੀ ਮਜ਼ਬੂਤੀ ਨਾਲ ਉਨ੍ਹਾਂ ਦੀ ਏਸ ਪੇਸ਼ਕਸ਼ ਨੂੰ ਠੁਕਰਾਂਦੇ ਹੋਏ ਆਖਿਆ, "ਮਹੰਮਦ, ਜੇ ਕਰ ਮੈਂ ਤੈਨੂੰ ਪਾਲਦਾ ਰਿਹਾ ਹਾਂ ਜਾਂ ਇਮਦਾਦ ਕਰਦਾ ਰਿਹਾ ਹਾਂ ਤਾਂ ਓਹ ਕੇਵਲ ਤੇਰਾ ਚਾਚਾ ਹੋਣ ਦੇ ਨਾਤੇ ਆਪਣਾ ਅਜ਼ੀਜ਼ ਭਤੀਜਾ ਜਾਣਕੇ। ਪੈਗੰਬਰ ਸਮਝ ਕੇ ਨਹੀਂ। ਮੈਨੂੰ ਕਿਸੇ ਹੀਲੇ ਵੀ ਤੇਰਾ ਮਜ਼ੁਬ ਕਬੂਲ ਨਹੀਂ। ਮੈਨੂੰ ਤੇਰਾ ਬਹਿਸ਼ਤ ਨਹੀਂ ਚਾਹੀਦਾ। ਮੈਨੂੰ ਮੇਰੀ ਦੋਜ਼ਖ ਹੀ ਪ੍ਰਵਾਨ ਹੈ। ਮੈਂ ਆਪਣਾ ਪੁਰਾਣਾ ਮਤ ਕਦਾਚਿਤ ਨਹੀਂ ਛਡਾਂਗਾ।"

੪੦ ਤੋਂ ੪੩ ਸਾਲ ਦੀ ਉਮਰ ਤਕ ਨਾ ਤਾਂ ਆਪ ਨੂੰ ਕੋਈ ਨਵੀਂ ਵਹੀ ਉਤਰੀ ਤੇ ਨਾ ਹੀ ਉਨ੍ਹਾਂ ਕੋਈ ਵਿਸ਼ੇਸ਼ ਕਦਮ ਆਪਣੇ ਮਤ ਦੇ ਪ੍ਰਚਾਰਨ ਲਈ ਚੁਕਿਆ। ੪੩ਵੇਂ ਸਾਲ ਵਿਚ ਮੁੜ ਉਨ੍ਹਾਂ ਆਪਣਾ ਮਤ ਪ੍ਰਚਾਰਨਾ ਸ਼ੁਰੂ ਕੀਤਾ। ਪਿਛਲੇ ਗੁਜ਼ਰੇ ਤਿੰਨ ਸਾਲਾਂ ਵਿਚ ਗਿਣਤੀ ਦੇ ਕੁਲ ੪੦ ਮੁਸਲਮਾਨ ਹੀ ਬਣ ਸਕੇ ਸਨ। ਜ਼ੈਦ, ਅਬੂ ਬਕਰ ਤੇ ਸਦੀਕ ਨੇ ਵੀ ਇਸਲਾਮ ਧਾਰਨ ਕਰ ਲਿਆ ਸੀ ਤੇ ਇਹ ਵੀ ਉਨ੍ਹਾਂ ੪੦ਆਂ ਵਿਚ ਸ਼ਾਮਲ ਸਨ।

ਇਸ ਤੋਂ ਮਗਰੋਂ ਹਜ਼ਰਤ ਨੂੰ ਸਮੇਂ-ਸਮੇਂ ਜਬਰਾਈਲ ਫਰਿਸ਼ਤੇ ਰਾਹੀਂ ਵਹੀ ਉਤਰਦੀ ਰਹੀ ਕਦੇ-ਕਦੇ ਧਿਆਨ ਮਗਨ ਹੋਣ ਤੇ ਖੁਦਾ ਵਲੋਂ ਸਿਧਾ ਪੈਗਾਮ ਵੀ ਨਾਜ਼ਲ ਹੁੰਦਾ ਰਿਹਾ ਸੀ ਤੇ ਇਨ੍ਹਾਂ ਪੈਗਾਮਾਂ ਦਾ ਪ੍ਰਚਾਰ ਓਹ ਜੰਤਾ ਵਿਚ ਕਰਦੇ ਰਹਿੰਦੇ ਸਨ। ਜਿੰਨਾ ਸ਼ਬਦਾਂ ਵਿਚ ਪੈਗਾਮ ਉਤਰਦਾ ਸੀ ਉਨ੍ਹਾਂ ਦੀ ਸੰਗਯਾ 'ਆਯਤ' ਹੈ। ਕੁਰਾਨ ਇਨ੍ਹਾਂ ਆਯਤਾਂ ਦਾ ਹੀ ਮਜਮੂਹਾ ਹੈ।

ਜਦੋਂ ਖਦੀਜਾ ਦਾ ਦੇਹਾਂਤ ਹੋਇਆ ਓਦੋਂ ਹਜ਼ਰਤ ਆਪ ਪੰਜਾਹ ਵਰ੍ਹਿਆਂ ਦੇ ਸਨ। ਇਸ ਦੇ ਮਰਨ ਮਗਰੋਂ ਆਪ ਪ੍ਰਚਾਰ ਦੇ ਕੰਮ ਵਿਚ ਜੁਟ ਗਏ। ਹਜ਼ਰਤ ਮੂਰਤੀ ਪੂਜਾ ਦੇ ਵਿਰੁਧ ਪ੍ਰਚਾਰ ਕਰਦੇ ਸਨ ਤੇ ਮਕੇ ਵਿਚ ਪ੍ਰਚਲਤ

ਕੁਰੀਤੀਆਂ ਦੇ ਸਖਤ ਵਿਰੋਧੀ ਸਨ।

ਮਕਾ ਕੁਰੈਸ਼ੀਆਂ ਦਾ ਧਾਰਮਿਕ ਮੰਦਰ ਸੀ। ਇਸ ਵਿਚ ੩੬੦ ਦੇਵਤਿਆਂ ਦੀਆਂ ਮੂਰਤੀਆਂ ਤੇ ਕਿਸੇ ਟੁਟੇ ਹੋਏ ਤਾਰੇ ਦਾ ਇਕ ਟੁਕੜਾ ਜੋ ਕਾਲੇ ਰੰਗ ਦਾ ਸੀ ਤੇ 'ਸੰਗੇ ਅਸਵਦ' ਦੇ ਨਾਂ ਤੋਂ ਪ੍ਰਸਿਧ ਸੀ, ਦੀ ਪੂਜਾ ਹੁੰਦੀ ਸੀ। ਭਾਵੇਂ ਹਜ਼ਰਤ ਮਹੰਮਦ ਤੋਂ ਪਹਿਲੇ ਹੋਏ ਹਜ਼ਰਤ ਮੂਸਾ ਤੇ ਈਸਾ ਬੁਤ-ਪ੍ਰਸਤੀ ਜਾਂ ਮੂਰਤੀ ਪੂਜਾ ਦੇ ਮੁਖਾਲਫ ਸਨ ਤੇ ਉਨ੍ਹਾਂ ਮੂਰਤੀ ਪੂਜਾ ਦੀ ਨਿਖੇਧੀ ਵੀ ਕੀਤੀ ਸੀ ਪਰ ਇਹ ਪ੍ਰਚਾਰ ਆਲੇ-ਦਵਾਲੇ ਦੇ ਦੇਸ਼ਾਂ ਵਿਚ ਹੋਇਆ ਸੀ। ਅਜੇ ਹਾਲ ਅਰਬ ਵਿਚ ਮੂਰਤੀ ਪੂਜਾ ਹੀ ਪ੍ਰਧਾਨ ਸੀ। ਮਕੇ ਦੇ ਮੁਜਾਵਰ ਭਲਾ ਕਦੋਂ ਚਾਹੁੰਦੇ ਸਨ ਜੋ ਉਨ੍ਹਾਂ ਦੀ ਮਾਨ ਪ੍ਰਤਿਸ਼ਠਾ ਘਟੇ ਤੇ ਉਨ੍ਹਾਂ ਦੀ ਪੂਜਾ ਭੇਟ ਵਿਚ ਫਰਕ ਪਵੇ? ਓਹ ਤਾਂ ਪੁਰਾਣੇ ਮਤ ਵਿਚ ਕਿਸੇ ਕਿਸਮ ਦੀ ਤਬਦੀਲੀ ਹੋਣ ਦੇ ਸਖਤ ਵਿਰੋਧੀ ਸਨ। ਇਸ ਵਿਚ ਵੀ ਸ਼ਕ ਨਹੀਂ ਕਿ ਓਸ ਵੇਲੇ ਦੇ ਅਰਬੀ ਕਬੀਲੇ ਮੂਰਤੀ ਪੂਜਕ ਤੇ ਬਹੁਤੇ ਦੇਵਤਿਆ ਨੂੰ ਮੰਨਣ ਵਾਲੇ ਸਨ ਪਰ ਹੁਣ ਓਹ ਇਹ ਵੀ ਮੰਨਣ ਲਗ ਪਏ ਸਨ ਕਿ ਇਕ ਸਰਬ ਸ੍ਰੇਸ਼ਟ ਦੇਵਤਾ 'ਅਲਾਹ' ਵੀ ਹੈ। ਪਰ ਇਸ ਨੂੰ ਵੀ ਇਹ ਇਕ ਦੇਵਤੇ ਤੋਂ ਵਧ ਨਹੀਂ ਸਨ ਮੰਨਦੇ। ਕੇਵਲ ਇਕ ਈਸ਼ਵਰ ਦੀ ਪੂਜਾ ਤੇ ਖੁਦਾ ਵਲੋਂ ਭੇਜੇ ਗਏ ਨਬੀ, ਪੈਗੰਬਰ ਜਾਂ ਰਸੂਲ ਦਾ ਖਿਆਲ ਇਨ੍ਹਾਂ ਲਈ ਬਿਲਕੁਲ ਨਵਾਂ ਸੀ ਤੇ ਇਸ ਨੂੰ ਸਵੀਕਾਰ ਕਰਨ ਲਈ ਇਹ ਮੁਤਲਿਕ ਤਿਆਰ ਨਹੀਂ ਸਨ।

ਜਿਉਂ-ਜਿਉਂ ਆਪ ਨੇ ਖੁਦਾ-ਪ੍ਰਸਤੀ ਤੇ ਮੂਰਤੀ ਨਿਖੇਧਕ ਨੀਤੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਤਿਉਂ-ਤਿਉਂ ਮਕੇ ਵਿਚ ਆਪ ਦੀ ਮੁਖਾਲਫਤ ਵਧਦੀ ਗਈ ਤੇ ਆਖਰ ਸ਼ਹਿਰ ਦੇ ਲੋਕ ਆਪ ਦੇ ਵੈਰੀ ਹੋ ਗਏ ਤੇ ਵਿਰੋਧੀ ਦਲ ਦਿਨੋਂ-ਦਿਨ ਵਾਧਾ ਪਕੜਦਾ ਗਿਆ। ਮਦੀਨੇ ਦੇ ਲੋਕ ਵੀ ਯਾਤ੍ਰਾ ਕਰਨ ਲਈ ਕਾਬੇ ਆਉਂਦੇ ਸਨ ਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਉਨ੍ਹਾਂ ਦੇ ਸ਼ਰਧਾਲੂ ਤੇ ਇਸਲਾਮ ਦੇ ਪ੍ਰੇਮੀ ਹੋ ਗਏ ਸਨ। ਇਸ ਲਈ ਮਕੇ ਨਾਲੋਂ ਮਦੀਨੇ ਵਿਚ ਮੁਸਲਮਾਨਾਂ ਦੀ ਗਿਣਤੀ ਵਧ ਰਹੀ ਸੀ।

ਹਜ਼ਰਤ ਮਹੰਮਦ ਸਾਹਿਬ ਹੁਣ ਖੁਲ੍ਹੇ-ਡੁਲ੍ਹੇ ਸ਼ਬਦਾਂ ਵਿਚ ਨਿਡਰ ਹੋ ਕੇ ਮੂਰਤੀ ਪੂਜਾ ਤੇ ਦੇਵ ਪੂਜਾ ਦੀ ਵਿਰੋਧਤਾ ਕਰਦੇ ਸਨ ਤੇ ਗਲੀਆਂ, ਬਾਜ਼ਾਰਾਂ ਤੇ ਚੁਰਾਹਿਆਂ ਵਿਚ ਵਾਹਜ਼ ਕੀਤਾ ਕਰਦੇ ਸਨ। ਇਹ ਰਵਿਸ਼ ਅਰਬੀ ਦੇਵ-ਪੁਜਾਰੀਆਂ ਤੇ ਮੂਰਤੀ-ਪੂਜਕਾਂ ਲਈ ਅਸਹਿ ਹੋ ਗਈ ਤੇ ਉਨ੍ਹਾਂ ਹਜ਼ਰਤ ਦੀ ਮੁਖਾਲਫਤ ਵੀ ਡਟ ਕੇ ਕਰਨੀ ਸ਼ੁਰੂ ਕਰ ਦਿਤੀ। ਮਕੇ ਦੇ ਮੁਜਾਵਰ ਤਾਂ ਡਾਢੇ ਦੁਸ਼ਮਣ ਬਣ ਗਏ। ਉਚ ਸ਼੍ਰੇਣੀ ਦੇ ਨਵ ਬਣੇ ਮੁਸਲਮਾਨਾਂ ਤੇ ਤਾਂ ਭਾਵੇਂ ਉਨ੍ਹਾਂ

ਦਾ ਬਹੁਤਾ ਜ਼ੋਰ ਨਹੀਂ ਚਲ ਸਕਦਾ ਪਰ ਗ਼ਰੀਬ ਤੇ ਨੀਵੀਂ ਸ਼੍ਰੇਣੀ ਦੇ ਵਿਚੋਂ ਹੋਏ ਮੁਸਲਮਾਨਾਂ ਨੂੰ ਅਤਿ ਦਾ ਤੰਗ ਕਰਨਾ ਸ਼ੁਰੂ ਕਰ ਦਿਤਾ। ਇਸ ਤੰਗੀ ਤੋਂ ਮਜਬੂਰ ਹੋ ਕਈਆਂ ਨੂੰ ਇਸਲਾਮ ਤਿਆਗ ਮੁੜ ਪੁਰਾਣਾ ਮਤ ਧਾਰਨ ਕਰਨਾ ਪਿਆ। ਇਸ ਸ਼ੁਰੂ-ਸ਼ੁਰੂ ਦੀ ਮੁਸਲਮਾਨਾਂ ਤੇ ਹੁੰਦੀ ਸਖਤੀ ਨੂੰ ਵੇਖਕੇ ਉਨ੍ਹਾਂ ਇਸ ਪ੍ਰਕਾਰ ਦੀ ਆਯਤ ਪੜ੍ਹਕੇ ਉਨ੍ਹਾਂ ਨੂੰ ਧੀਰਜ ਦਿਤਾ :

> "ਜਿਸ ਆਦਮੀ ਨੇ ਮੁਸਲਮਾਨ ਹੋਣ ਤੋਂ ਪਿਛੋਂ ਖੁਦਾ ਦਾ ਇਨਕਾਰ ਕੀਤਾ, ਜਦੋਂ ਕਿ ਓਹ ਤੰਗ ਕੀਤਾ ਗਿਆ ਅਤੇ ਓਹ ਦਿਲੋਂ ਈਮਾਨ ਤੇ ਕਾਇਮ ਰਿਹਾ, ਇਸ ਦੇ ਵਿਚ ਉਸ ਦਾ ਕੋਈ ਕਸੂਰ ਨਹੀਂ।"

ਹਜ਼ਰਤ ਸਾਹਿਬ ਨੇ ਕੁਰੈਸ਼ਾਂ ਨੂੰ ਸਮਝਾਣ-ਬੁਝਾਣ ਦਾ ਬੜਾ ਯਤਨ ਕੀਤਾ ਪਰ ਉਨ੍ਹਾਂ ਹਜ਼ਰਤ ਦੀ ਇਕ ਨਾ ਮੰਨੀ ਸਗੋਂ ਅਰਬਾਂ ਦੀ ਵਿਰੋਧਤਾ ਹੋਰ ਜ਼ੋਰ ਪਕੜ ਗਈ। ਹਜ਼ਰਤ ਜ਼ੈਦ ਨੂੰ ਨਾਲ ਲੈ ਕੇ ਬਾਹਿਰ ਪਿੰਡਾਂ ਵਿਚ ਪ੍ਰਚਾਰ ਲਈ ਨਿਕਲੇ ਪਰ ਜਿਥੇ ਵੀ ਗਏ ਉਥੋਂ ਹੀ ਆਪ ਨੂੰ ਨਿਰਾਸ ਹੋ ਕੇ ਮੁੜਨਾ ਪਿਆ। ਬਨੀ ਬਕਰ ਤੇ ਕੋਹਤਾਨ ਦੇ ਕਬੀਲਿਆਂ ਨੇ ਇਨ੍ਹਾਂ ਦੀ ਗੱਲ ਸੁਨਣ ਤੋਂ ਵੀ ਇਨਕਾਰ ਕਰ ਦਿਤਾ। ਤਾਇਫ ਦੇ ਸ਼ਹਿਰ ਜੋ ਮਕੇ ਤੋਂ ਸਤਰ ਮੀਲ ਦੀ ਦੂਰੀ ਤੇ ਸੀ ਉਥੇ ਵੀ ਇਸ ਖਿਆਲ ਤੇ ਗਏ ਕਿ ਉਥੇ ਉਨ੍ਹਾਂ ਦਾ ਚਾਚਾ ਅਬਾਸ ਜੋ ਇਕ ਤਕੜਾ ਜਾਗੀਰਦਾਰ ਸੀ, ਇਨ੍ਹਾਂ ਦੀ ਸਹਾਇਤਾ ਕਰੇਗਾ ਪਰ ਉਸ ਨੇ ਸਗੋਂ ਵਿਰੋਧਤਾ ਕੀਤੀ। ਓਹ ਲਾਤ ਨਾਮੀ ਮੂਰਤੀ ਦਾ ਪੁਜਾਰੀ ਸੀ।

ਹਜ਼ਰਤ ਤਾਇਫ ਗਏ ਤਾਂ ਇਸ ਲਈ ਸਨ ਕਿ ਉਥੇ ਉਨ੍ਹਾਂ ਨੂੰ ਇਮਦਾਦ ਮਿਲੇਗੀ ਪਰ ਉਲਟਾ ਉਨ੍ਹਾਂ ਮਕੇ ਵਾਲਿਆਂ ਨੂੰ ਦੁਕ ਦਿਤੀ ਤੇ ਉਨ੍ਹਾਂ ਫੈਸਲਾ ਕੀਤਾ ਕਿ ਹੁਣ ਹਜ਼ਰਤ ਨੂੰ ਮਕੇ ਵਿਚ ਵੜਨ ਹੀ ਨਾ ਦਿਤਾ ਜਾਏ। ਪਰ ਮਤਯਿਮ ਕੁਰੈਸ਼ੀ ਨੇ ਮਦਦ ਕਰਕੇ ਇਨ੍ਹਾਂ ਨੂੰ ਆਪਣੇ ਘਰ ਟਿਕਾਇਆ ਤੇ ਉਨ੍ਹਾਂ ਦੀ ਇਛਾ ਅਨੁਸਾਰ ਕਾਹਬੇ ਦੀ ਪ੍ਰਦਖਣਾ ਵੀ ਕਰਵਾ ਦਿਤੀ।

ਅਰਬੀਆਂ ਦੀ ਹਜ਼ਰਤ ਨਾਲ ਅਦਾਵਤ ਦਿਨੋਂ-ਦਿਨ ਵਧਦੀ ਗਈ ਤੇ ਉਨ੍ਹਾਂ ਹਰ ਢੰਗ ਨਾਲ ਉਨ੍ਹਾਂ ਨੂੰ ਤੰਗ ਕਰਨਾ ਆਪਣਾ ਧਰਮ ਬਣਾ ਲਿਆ। ਸਭ ਤੋਂ ਮੁਖੀ ਵਿਰੋਧੀ ਅਬੂ ਜੇਹਲ ਤੇ ਉਮਰ ਸਨ। ਅਬੂ ਜੇਹਲ ਨੇ ਇਕ ਦਿਨ ਉਸ ਆਦਮੀ ਨੂੰ ਜੋ ਹਜ਼ਰਤ ਦਾ ਸਿਰ ਕਲਮ ਕਰਕੇ ਲਿਆਵੇ ਇਕ ਸੌ ਊਠ ਇਨਾਮ ਦੇਣ ਦਾ ਐਲਾਨ ਕੀਤਾ। ਇਸ ਕੰਮ ਲਈ ਉਮਰ ਨੇ ਬੀੜਾ ਚੁਕਿਆ। ਇਸ ਤੋਂ ਕਿਸੇ ਨੇ ਉਸ ਨੂੰ ਤਾਹਨਾ ਮਾਰਿਆ, ਕਿ "ਤੇਰੀ ਤਾਂ ਆਪਣੀ ਭੈਣ ਮੁਸਲਮਾਨ ਹੈ

ਤੂੰ ਕਿਸੇ ਨੂੰ ਕੀ ਆਖ ਸਕਦਾ ਹੈਂ'' । ਇਹ ਸੁਣਕੇ ਪਹਿਲਾਂ ਉਸਨੇ ਆਪਣੀ ਭੈਣ ਦਾ ਸਿਰ ਵਢਣਾ ਮੁਨਾਸਬ ਸਮਝਿਆ । ਇਸ ਮਕਸਦ ਲਈ ਜਦ ਓਹ ਆਪਣੀ ਭੈਣ ਕੋਲ ਪੁਜਾ ਤਾਂ ਉਸਨੇ ਉਸਨੂੰ ਜਿਹਾ ਸਮਝਾਇਆ ਕਿ ਓਹ ਹਜ਼ਰਤ ਪਾਸ ਪੁਜਾ ਤੇ ਉਨ੍ਹਾਂ ਤੇ ਈਮਾਨ ਲਿਆ ਮੁਸਲਮਾਨ ਬਣ ਗਿਆ ।

ਉਮਰ ਦੇ ਮੁਸਲਮਾਨ ਹੋਣ ਨੇ ਮੋਮਨਾਂ ਦੇ ਹੌਂਸਲੇ ਵਧਾ ਦਿਤੇ ਤੇ ਹੁਣ ਓਹ ਨਿਡਰ ਹੋ ਜ਼ਾਹਿਰਾ ਜ਼ਰੀਨ ਨਿਮਾਜ਼ ਪੜ੍ਹਨ ਲਗ ਪਏ । ਇਸਤੋਂ ਪਹਿਲਾਂ ਉਨ੍ਹਾਂ ਨੂੰ ਛਪਕੇ ਨਿਮਾਜ਼ ਪੜ੍ਹਨੀ ਪੈਂਦੀ ਸੀ । ਇਨ੍ਹਾਂ ਦਿਨਾਂ ਵਿਚ ਹੀ ਹਜ਼ਰਤ ਨੇ ਅਬੂਬਕਰ ਦੀ ਧੀ ਆਇਸ਼ਾਂ ਨਾਲ ਨਿਕਾਹ ਪੜ੍ਹਵਾ ਲਿਆ । ਹੁਣ ਅਲੀ, ਅਬੂ ਬਕਰ, ਉਮਰ ਤੇ ਉਸਮਾਨ ਹਜ਼ਰਤ ਦੇ ਚਾਰ ਯਾਰ ਬਣੇ ਤੇ ਇਨ੍ਹਾਂ ਸਾਰਿਆਂ ਨੇ ਇਕ ਮੁਠ ਹੋ ਇਸਲਾਮ ਦਾ ਪਰਚਾਰ ਕਰਨਾ ਅਰੰਭ ਦਿਤਾ । ਇਨ੍ਹਾਂ ਹੀ ਦਿਨਾਂ ਵਿਚ ਮਦੀਨੇ ਦੇ ਛੇ ਵਪਾਰੀ ਮਕੇ ਪੁਜੇ ਤੇ ਪਰਚਾਰ ਤੋਂ ਪ੍ਰਭਾਵਤ ਹੋ ਕੇ ਮੁਸਲਮਾਨ ਬਣ ਗਏ । ਹਜ਼ਰਤ ਦਾ ਉਪਦੇਸ਼ ਸੰਖੇਪ ਜਿਹਾ ਸੀ । ਆਪ ਕਹਿੰਦੇ ਸਨ—'ਇਕ ਰੱਬ ਦੀ ਪੂਜਾ ਕਰੋ । ਕਿਸੇ ਬੁਤ ਨੂੰ ਨਾ ਪੂਜੋ । ਚੋਰੀ, ਯਾਰੀ, ਠਗੀ ਨਾ ਕਰੋ । ਲੜਕੀਆਂ ਨਾ ਮਾਰੋ । ਖੁਦਾ ਤੇ ਰਸੂਲ ਤੇ ਈਮਾਨ ਲਿਆਓ ।''

ਮਦੀਨੇ ਦੇ ਵਾਪਾਰੀਆਂ ਨਾਲ ਹਜ਼ਰਤ ਨੇ ਇਕ ਪਰਚਾਰਕ ਵੀ ਭੇਜ ਦਿਤਾ । ਉਸਨੇ ਮਦੀਨੇ ਵਿਚ ਪੁਜ ਕੇ ਖੂਬ ਪਰਚਾਰ ਕੀਤਾ । ਕੁਰੈਸ਼ਾਂ ਤੋਂ ਤੰਗ ਆਏ ਬਹੁਤ ਸਾਰੇ ਮੋਮਨ ਮਕਾ ਛਡ ਕੇ ਮਦੀਨੇ ਚਲੇ ਗਏ ।

ਕੁਰੈਸ਼, ਹਜ਼ਰਤ ਦੇ ਅਜਿਹੇ ਖਹਿੜੇ ਪਏ ਕਿ ਜਾਨ ਦੇ ਵੈਰੀ ਬਣ ਗਏ । ਇਕ ਦਿਨ ਤਾਂ ਉਨ੍ਹਾਂ ਹਮੇਸ਼ਾਂ ਦਾ ਫਸਤਾ ਵਢਣ ਲਈ ਹਜ਼ਰਤ ਦੇ ਮਕਾਨ ਨੂੰ ਘੇਰਾ ਹੀ ਪਾ ਲਿਆ । ਪਰ ਵਕਤੀ ਸੂਹ ਮਿਲ ਜਾਣ ਤੇ ਹਜ਼ਰਤ ਨੇ ਆਪਣਾ ਬਚਾ ਕਰ ਲਿਆ । ਆਪਣੀ ਥਾਂ ਤੇ ਅਲੀ ਨੂੰ ਸੁਆ ਦਿਤਾ ਤੇ ਆਪ ਅਬੂ ਬਕਰ ਦੇ ਘਰ ਚਲੇ ਗਏ ਤੇ ਉਸਨੂੰ ਨਾਲ ਲੈ ਕੇ ਸੌਰ ਨਾਂ ਦੀ ਇਕ ਗੁਫਾ ਵਿਚ ਜਾ ਲੁਕੇ । ਦੁਸ਼ਮਨਾਂ ਨੂੰ ਵੀ ਸੂਹ ਮਿਲ ਗਈ ਤੇ ਉਨ੍ਹਾਂ ਤਆਕਬ (ਪਿਛਾ) ਕੀਤਾ ਪਰ ਕੁਦਰਤਨ ਇਕ ਮਕੜੀ ਨੇ ਗੁਫ਼ਾ ਦੇ ਮੂੰਹ ਉਤੇ ਜਾਲਾ ਤਣ ਦਿਤਾ ਤੇ ਓਹ ਨਿਰਾਸ ਹੋ ਕੇ ਮੁੜ ਗਏ । ਤਿੰਨਾਂ ਦਿਨਾਂ ਮਗਰੋਂ ਆਪ ਉਸ ਗੁਫ਼ਾ ਤੋਂ ਬਾਹਰ ਨਿਕਲੇ ਤੇ ਮਦੀਨੇ ਵਲ ਚਲੇ ਗਏ । ਥੋੜੇ ਦਿਨਾਂ ਮਗਰੋਂ ਹਜ਼ਰਤ ਅਲੀ ਵੀ ਮਦੀਨੇ ਅਪੜ ਗਏ । ਮਦੀਨੇ ਦੇ ਲੋਕਾਂ ਨੇ ਬੜੇ ਚਾ ਨਾਲ ਆਪ ਨੂੰ ਜੀਉ ਆਇਆਂ ਆਖਿਆ ਤੇ ਪੁਰ ਤਪਾਕ ਸਵਾਗਤ ਕੀਤਾ । ਮੁਹੰਮਦ ਸਾਹਿਬ ਨੇ ਆਪਣੀ ਊਠਣੀ ਦੀ ਨਕੇਲ ਛਡ ਦਿਤੀ ਤੇ ਓਹ ਅਬੀ ਅਯੂਬ ਅਨਸਾਰੀ ਦੇ

ਘਰ ਜਾ ਠਹਿਰੇ । ਇਥੇ ਹੀ ਉਨ੍ਹਾਂ ਸਭ ਤੋਂ ਪਹਿਲੀ ਮਸੀਤ ਬਣਵਾਈ। ਮਦੀਨੇ ਵਿਚ ਜਿਨ੍ਹਾਂ ਇਮਦਾਦ ਕੀਤੀ ਉਨ੍ਹਾਂ ਨੂੰ ਅਨਸਾਰੀ ਕਹਿਕੇ ਸਨਮਾਨਿਆ ਗਿਆ। ਮਕੇ ਤੋਂ ਮਦੀਨੇ ਹਿਜਰਤ ਕਰਨ ਦੇ ਸਾਲ ਤੋਂ ਹਿਜਰੀ ਦਾ ਸੰਨ ਸ਼ੁਰੂ ਹੋਇਆ। ਹਿਜਰਤ ਦੇ ਅਰਥ ਹਨ ਜੁਦਾਈ । ਸੋ ਮਕੇ ਤੋਂ ਵਿਛੜਨ ਵਾਲਾ ਸਾਲ ਹਿਜਰੀ ਦਾ ਪਹਿਲਾ ਸਾਲ ਗਿਣਿਆ ਗਿਆ। ਇਹ ੬੨੨ ਈਸਵੀ ਸੀ।

ਮਦੀਨੇ ਪੁਜਣ ਦੇ ਇਕ ਸਾਲ ਮਗਰੋਂ ਹਜ਼ਰਤ ਨੇ ਆਪਣੀ ਲੜਕੀ ਫਾਤਮਾ ਦਾ ਵਿਆਹ (ਨਕਾਹ) ਅਲੀ ਨਾਲ ਕਰ ਦਿਤਾ । ਦੋ ਹਥਿਆਰ ਦੋ ਮਿਟੀ ਦੇ ਘੜੇ, ਇਕ ਮਿਟੀ ਦਾ ਕੂਜਾ ਤੇ ਇਕ ਬਿਸਤਰਾ ਦਾਜ ਵਿਚ ਦਿਤੇ ।

ਮਕੇ ਦੇ ਲੋਕਾਂ ਨੇ ਮਦੀਨੇ ਵਿਚ ਬੈਠੇ ਹਜ਼ਰਤ ਦਾ ਵੀ ਖਹਿੜਾ ਨ ਛਡਿਆ ਤੇ ਬਹੁਤ ਲੋਕ ਲੜਨ ਲਈ ਆ ਪੁਜੇ। ਕੁਰੈਸ਼ਾਂ ਨੇ ਬੜੇ ਜੋਸ਼ ਵਿਚ ਹਲਾ ਬੋਲਿਆ। ਦੋਵੇਂ ਫੌਜਾਂ 'ਬਦਰ' ਦੇ ਮੁਕਾਮ ਉਤੇ ਆਹਮੋ ਸਾਹਮਣੇ ਹੋਈਆਂ । ਘਮਸਾਨ ਦੀ ਲੜਾਈ ਹੋਈ। ਮੁਸਲਮਾਨ ਭਾਵੇਂ ਗਿਣਤੀ ਵਿਚ ਬਹੁਤ ਥੋੜੇ ਸਨ ਪਰ ਮੈਦਾਨ ਇਨ੍ਹਾਂ ਦੇ ਹੀ ਹਥ ਰਿਹਾ । ਇਸ ਪਹਿਲੀ ਲੜਾਈ ਨੂੰ 'ਬਦਰ ਦੀ ਲੜਾਈ' ਕਹਿੰਦੇ ਹਨ। ਇਹ ਸੰਨ ੨ ਹਿਜਰੀ (੬੨੪ ਈ:) ਵਿਚ ਹੋਈ।

ਕੁਰੈਸ਼ ਹਾਰ ਕੇ ਵੀ ਸ਼ਾਂਤ ਨਾ ਹੋਏ ਸਗੋਂ ਮੁੜ ਇਕੱਠੇ ਹੋਏ ਤੇ ਅਬੂ ਅਫਿਆਨ ਦੀ ਕਮਾਨ ਹੇਠ ਮਦੀਨੇ ਦੇ ਲਾਗੇ 'ਅਹਿਦ' ਨਾਂ ਦੀ ਪਹਾੜੀ ਤੇ ਜਾ ਡਟੇ। ਮੁਸਲਮਾਨ ਵੀ ਲੜਾਈ ਲਈ ਤਿਆਰ ਸਨ। ਉਨ੍ਹਾਂ ਡੱਟ ਕੇ ਮੁਕਾਬਲਾ ਕੀਤਾ। ਦੁਵਲੀ ਚੰਗਾ ਖ਼ੂਨ ਡੁਲਿਆ ਪਰ ਅੰਤ ਕੁਰੈਸ਼ ਜਿਤ ਗਏ ਤੇ ਮੁਸਲਮਾਨਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਨ੍ਹਾਂ ਦਾ ਇਕ ਯੋਧਾ ਅਮੀਰ ਹਮਜ਼ਾ ਵੀ ਮਾਰਿਆ ਗਿਆ ।

ਤੀਜੀ ਲੜਾਈ ਖੰਦਕ ਦੀ ਹੋਈ । ਖੰਦਕ ਦੀ ਲੜਾਈ ਵਿਚ ਮੁੜ ਕੁਰੈਸ਼ ਬੁਰੀ ਤਰ੍ਹਾਂ ਹਾਰੇ। ਹੁਣ ਇਸ ਜਿਤ ਨੇ ਮੁਸਲਮਾਨਾਂ ਦੇ ਹੌਂਸਲੇ ਵਧਾ ਦਿਤੇ ਤੇ ਉਨ੍ਹਾਂ ਦੀ ਤਾਕਤ ਵੀ ਵਧ ਗਈ। ਹਜ਼ਰਤ ਨੇ ਇਸ ਸਾਲ ਹੀ ਰੂਮ ਦੇ ਈਸਾਈ ਕੈਸਰ, ਈਰਾਨ ਦੇ ਪਾਰਸੀ ਬਾਦਸ਼ਾਹ ਤੇ ਐਬਾਸੀਨੀਆਂ ਦੇ ਰਾਜੇ ਨੂੰ ਵੀ ਮੁਸਲਮਾਨ ਬਣਨ ਦੀ ਦਾਹਵਤ ਦਿਤੀ ਪਰ ਉਨ੍ਹਾਂ ਵਲੋਂ ਤ੍ਰਿਸਕਾਰ ਭਰੇ ਉਤਰ ਆਏ। ਇਹ ਹੁੰਦਿਆਂ ਵੀ ਹਜ਼ਰਤ ਦੀ ਉਮਤ ਦਿਨੋਂ ਦਿਨ ਵਧਦੀ ਹੀ ਗਈ।

ਖੰਦਕ ਦੀ ਲੜਾਈ ਤੋਂ ਕੋਈ ੬ ਵਰ੍ਹੇ ਬਾਹਦ ਸੰਨ ੮ ਹਿਜਰੀ (੬੩੦ ਈ:) ਦਸ ਹਜ਼ਾਰ ਮੁਸਲਮਾਨ ਨਾਲ ਲੈਕੇ ਹਜ਼ਰਤ ਨੇ ਮੱਕੇ ਤੇ ਕਬਜ਼ਾ ਕਰ ਲਿਆ। ਮਕੇ ਨੂੰ ਜਿਤ ਕੇ ਆਪ ਨੇ ਸਭ ਤੋਂ ਪਹਿਲਾਂ ਕਾਹਬੇ ਦੀ ਪਰਕਰਮਾ

ਕੀਤੀ ਤੇ 'ਸੰਗੇ ਅਸਵਦ' ਨੂੰ ਚੁਮਿਆ। ਫੇਰ ਉਨ੍ਹਾਂ 'ਹਬਲ' ਨੂੰ ਆਪਣੀ ਹਥੀਂ ਗੁਰਜ ਮਾਰ ਕੇ ਚੂਰ ਕੀਤਾ। ੩੬੦ ਬੁਤ ਤੋੜਕੇ ਕਾਹਬੇ ਤੋਂ ਬਾਹਰ ਸੁਟੇ। ਮੰਦਰਾਂ ਦੀਆਂ ਕੰਧਾਂ ਤੋਂ ਉਕਰੀਆਂ ਹੋਈਆਂ ਤਸਵੀਰਾਂ ਵੀ ਖੁਰਚਵਾ ਕੇ ਮਿਟਾ ਦਿਤੀਆਂ ਤੇ ਇਸਤਰ੍ਹਾਂ ਖਾਨਾ ਏ ਇਬਰਾਹੀਮ ਚੋਂ ਬੁਤ ਪ੍ਰਸਤੀ ਦੀ ਬੀਮਾਰੀ ਨੂੰ ਦੂਰ ਕੀਤਾ।

ਕਾਹਬੇ ਨੂੰ ਬੁਤਾਂ ਤੋਂ ਛੁਟਕਾਰਾ ਦਿਵਾਣ ਉਪਰੰਤ ਉਸਨੇ ਪਹਿਲੀ ਨਿਮਾਜ਼ ਆਪਣੇ ਸੰਗੀਆਂ ਨਾਲ ਪੜ੍ਹ ਕੇ ਕਾਹਬੇ ਦੇ ਮੰਦਰ ਨੂੰ ਕਿਬਲਾ ਥਾਪਿਆ ਅਰ ਖੁਦਾ ਵਲੋਂ ਇਹ ਹੁਕਮ ਸੁਣਾਇਆ, "ਹਮੇਸ਼ਾ ਨਿਮਾਜ਼ ਪੜ੍ਹਨ ਲਗਿਆਂ ਮੂੰਹ ਕਿਬਲੇ ਵਲ ਕਰਕੇ ਪ੍ਰਾਰਥਨਾ ਕਰੋ।"

ਹਜ਼ਰਤ ਨੇ ਅੰਤ ਪ੍ਰਯੰਤ ਇਸਲਾਮ ਦਾ ਪਰਚਾਰ ਨ ਛਡਿਆ। ਇਸਲਾਮ ਦੇ ਪਰਚਾਰ ਲਈ ਜਾਨ ਹੂਲਦੇ ਤੇ ਜੰਗ ਕਰਦੇ ਆਖਰ ੮ ਜੂਨ ੬੩੨ ਈ: ਵਿਚ ਆਪ ਦਾ ਦੇਹਾਂਤ ਮਦੀਨੇ ਵਿਚ ਹੋਇਆ। ਆਪ ਦੀ ਮੌਤ ਨਮੁਨੀਏ ਕਰਕੇ ਹੋਈ। ਦਿਹਾਂਤ ਸਮੇਂ ਆਪ ਦੀ ਉਮਰ ੬੩ ਵਰ੍ਹਿਆਂ ਦੀ ਹੋ ਚੁਕੀ ਸੀ।

ਮਦੀਨੇ ਵਿਚ ਹੀ ਆਪ ਨੂੰ ਦਫਨਾਇਆ ਗਿਆ। ਉਨ੍ਹਾਂ ਦੀ ਕਬਰ ਨੂੰ 'ਹੁਜਰਾ' ਕਹਿੰਦੇ ਹਨ। ਇਸੇ ਹੁਜਰੇ ਵਿਚ ਅਬੂ ਬਕਰ ਤੇ ਉਮਰ ਦੀਆਂ ਕਬਰਾਂ ਵੀ ਹਨ। ਇਕ ਕਬਰ ਦੀ ਥਾਂ ਖਾਲੀ ਪਈ ਹੈ।

ਹਜ਼ਰਤ ਦੀ ਦੂਰ ਅੰਦੇਸ਼ੀ

ਅਰਬੀ ਕਬੀਲੇ ਆਮ ਤੌਰ ਤੇ ਲੁਟ ਮਾਰ ਕਰਕੇ ਹੀ ਆਪਣਾ ਜੀਵਨ ਨਿਰਬਾਹ ਕਰਦੇ ਸਨ। ਵਖੋ ਵਖ ਦੇਵਤਿਆਂ ਦੇ ਪੂਜਕ ਹੋਣ ਕਰਕੇ ਓਹ ਇਕ ਕੌਮ ਬਣਕੇ ਇਕ ਮੁਠ ਨਹੀਂ ਸਨ ਹੋ ਸਕਦੇ ਸਗੋਂ ਇਕ ਦੂਜੇ ਦੇ ਵੈਰੀ ਬਣੇ ਰਹਿੰਦੇ ਸਨ। ਆਚਰਣ ਹੀਨ ਹੋਣ ਕਰਕੇ ਹੀ ਇਨ੍ਹਾਂ ਨੂੰ ਬਦੂ ਕਿਹਾ ਜਾਂਦਾ ਸੀ। ਸਭਯਤਾ ਤੋਂ ਤਾਂ ਇਹ ਬਦੂ ਨਿਰੇ ਕੋਰੇ ਸਨ। ਅਜਿਹੇ ਲੋਕਾਂ ਨੂੰ ਇਕ ਮੁਠ ਕਰਨਾ ਤੇ ਕਿਸੇ ਇਕ ਵਡੇ ਧਰਮ ਵਿਚ ਲਿਆਉਣਾ ਕੋਈ ਸੌਖਾ ਜਿਹਾ ਕੰਮ ਨਹੀਂ ਸੀ।

ਓਹਨਾਂ ਇਹ ਭਲੀ ਭਾਂਤ ਅਨਭਵ ਕਰ ਲਿਆ ਸੀ ਕਿ ਬਦੂਆਂ ਪਾਸੋਂ ਲੁਟ ਮਾਰ ਛੁਡਵਾਣੀ ਨਾ-ਮੁਮਕਿਨ ਹੈ। ਆਚਰਨ ਤੇ ਸਭਯਤਾ ਹੀਨ ਲੋਕਾਂ ਨੂੰ ਉਚੇ ਆਚਰਨ ਤੇ ਉਚੀ ਪਧਰ ਤੇ ਖੜਾ ਕਰਨਾ ਬਿਨਾ ਕਿਸੇ ਚੰਗੀ ਤਰਕੀਬ ਦੇ ਕਠਨ ਹੈ। ਇਸ ਲਈ ਉਨ੍ਹਾਂ ਨੇ ਦੋ ਵਡੇ ਢੰਗ ਅਪਨਾਏ ਜਿਸ ਕਰਕੇ ਆਮ ਲੋਕ ਉਨ੍ਹਾਂ ਵਲ ਛੇਤੀ ਹੀ ਖਿਚੇ ਗਏ। ਤੇ ਓਹ ਸੀ ਹੇਠ ਲਿਖੀਆਂ ਦੋ ਗਲਾਂ ਦੀ ਨਵੀਨ ਵਿਆਖਿਆ:

(੧) ਮਾਲੇ ਗ਼ਨੀਮਤ ।
(੨) ਬਹਿਸ਼ਤ ਦਾ ਤਸੱਵਰ ।

ਮਾਲੇ ਗ਼ਨੀਮਤ

ਮਾਲੇ ਗਨੀਮਤ ਦਾ ਅਰਬੀ ਬਦੂਆਂ ਦੀ ਬੋਲੀ ਵਿਚ ਅਰਥ ਕੀਤਾ ਜਾਂਦਾ ਸੀ 'ਲੁਟ ਮਾਰ ਦਾ ਮਾਲ'। ਲੁਟ ਮਾਰ ਦੀ ਭੈੜੀ ਬਾਣ ਓਦੋਂ ਤਕ ਹਟਣੀ ਕਠਨ ਸੀ ਜਦ ਤਕ ਉਨ੍ਹਾਂ ਦੀ ਆਰਥਕ ਦਿਸ਼ਾ ਚੰਗੀ ਨ ਹੋ ਸਕੇ। ਇਸ ਲਈ ਉਨ੍ਹਾਂ 'ਮਾਲੇ ਗ਼ਨੀਮਤ' ਦੀ ਆਗਿਆ ਤਾਂ ਦੇ ਦਿਤੀ ਪਰ ਨਾਲ ਹੀ ਉਸਦੀ ਵੰਡ ਦੇ ਨਯੀਮ ਵੀ ਕਾਇਮ ਕਰ ਦਿਤੇ :

(੧) ਬੈਤੁਲ ਮਾਲ

ਜਿਤ ਵਿਚ ਹਾਸਲ ਹੋਈ ਦੌਲਤ (ਮਾਲੇ ਗ਼ਨੀਮਤ) ਦਾ ਪੰਜਵਾਂ ਹਿਸਾ ਸਾਂਝੇ ਖਜ਼ਾਨੇ ਵਿਚ ਜਮਾ ਕੀਤਾ ਜਾਵੇ (ਭਾਵ ਹਜ਼ਰਤ ਸਾਹਿਬ ਦੇ ਨਾਮ ਤੇ ਕਢਿਆ ਜਾਵੇ)।

(੨) ਬਾਕੀ ਦੀ ਰਕਮ ਸਾਰੇ ਸਿਪਾਹੀਆਂ ਵਿਚ ਬਰਾਬਰ ਦੀ ਵੰਡ ਦਿਤੀ ਜਾਵੇ।

ਇਸ ਅਸੂਲ ਨੇ ਇਕ ਤਾਂ ਸਾਂਝੇ ਖਜ਼ਾਨੇ ਨੂੰ ਮਜ਼ਬੂਤ ਕਰ ਦਿਤਾ ਤੇ ਦੂਜੇ ਬਰਾਬਰੀ ਦੇ ਅਸੂਲ ਨੇ ਲੋਕਾਂ ਨੂੰ ਇਸਲਾਮ ਵਲ ਵੀ ਪ੍ਰੇਰਤ ਕੀਤਾ ਤੇ ਬਹੁਤ ਸਾਰੇ ਲੋਕ ਮਕੇ ਤੋਂ ਵੀ ਇਸਲਾਮ ਵਲ ਖਿਚੇ ਗਏ । ਪਹਿਲੇ ਤਾਂ ਕੇਵਲ ਅਰਬ ਦੇ ਮੁਸਲਮਾਨਾਂ ਨੇ ਹੀ ਇਸ ਅਸੂਲ ਨੂੰ ਅਪਨਾਇਆ ਪਰ ਬਾਅਦ ਵਿਚ ਦੂਜੇ ਦੇਸ਼ਾਂ ਦੇ ਮੁਸਲਮਾਨਾਂ ਨੇ ਵੀ ਇਸਦੀ ਪਾਲਨਾ ਕੀਤੀ।

ਬਹਿਸ਼ਤ ਦਾ ਤਸੱਵਰ

ਹਜ਼ਰਤ ਨੇ ਬਹਿਸ਼ਤ ਦਾ ਤਸੱਵਰ ਇਹੋ ਜਿਹਾ ਲੋਕਾਂ ਦੇ ਸਾਹਮਣੇ ਰਖਿਆ ਕਿ ਓਹ ਬਦੂ ਕੌਮਾਂ ਨੂੰ ਆਪਨੇ ਵਲ ਖਿਚਣ ਵਿਚ ਬੜਾ ਸਫਲ ਰਿਹਾ । ਉਨ੍ਹਾਂ ਲੋਕਾਂ ਨੂੰ ਆਖਿਆ, "ਜੋ ਲੋਕ ਮੇਰੀ ਦਸੀ ਹੋਈ ਸ਼ਰ੍ਹਾ ਤੇ ਟੁਰਨਗੇ ਜਾਂ ਇਸਲਾਮ ਦੇ ਅਸੂਲਾਂ ਨੂੰ ਪਾਲਣਗੇ, ਉਨ੍ਹਾਂ ਨੂੰ ਮਰਨ ਮਗਰੋਂ ਬਹਿਸ਼ਤ ਨਸੀਬ ਹੋਵੇਗੀ। ਬਹਿਸ਼ਤ ਵਿਚ ਅੰਗੂਰਾਂ ਦੇ ਬਾਗ, ਹੂਰਾਂ, ਸ਼ਰਾਬ ਦੇ ਛਲਕਦੇ ਪਿਆਲੇ, ਸੇਵਾ ਲਈ ਹਥ ਬੰਨ੍ਹ ਖਲੋਤੇ ਨੌਜਵਾਨ ਤਕੀਆ ਲਾਏ ਹੋਏ, ਉਨ੍ਹਾਂ ਦੇ ਸਾਹਮਣੇ ਹੋਣਗੇ। ਉਨ੍ਹਾਂ ਦੇ ਪਾਸ ਲੌਂਡੇ ਹਮੇਸ਼ਾਂ ਰਹਿਣ ਵਾਲੇ ਪਿਆਲੇ ਲਈ ਫਿਰਨਗੇ । ਉਥੇ

ਸਾਫ ਪਾਣੀ ਜੋ ਬਿਲਕੁਲ ਅਛੋਹ ਰਹੇਗਾ ਜਿਸਦੇ ਪੀਣ ਨਾਲ ਸਿਰ ਵੀ ਨਹੀਂ ਦੁਖੇਗਾ ਤੇ ਪੀਣ ਵਾਲਾ ਅੰਟ ਸੰਟ ਵੀ ਨਹੀਂ ਬੋਲੇਗਾ ਹਰ ਸਮੇਂ ਮਿਲਦਾ ਰਹੇਗਾ। ਉਥੇ ਉਨ੍ਹਾਂ ਦੇ ਮਨ ਪਸੰਦ ਮੇਵੇ ਮਿਲਣਗੇ ਅਤੇ ਮਾਸ ਮਛੀਆਂ ਜਾਂ ਜੋ ਓਹ ਚਾਹਣਗੇ ਮਿਲੇਗਾ।

ਉਨ੍ਹਾਂ ਦੀ ਰੋਜ਼ੀ ਨੀਯਤ ਹੈ । ਮੇਵੇ ਉਨ੍ਹਾਂ ਦੀ ਇਜ਼ਤ ਹੈ। ਬਾਗਾਂ ਵਿਚ ਨਿਆਮਤ ਦੇ ਤਖ਼ਤਾਂ ਉਤੇ ਇਕ ਦੂਜੇ ਦੇ ਸਾਹਮਣੇ ਲੋਕ ਫਿਰਦੇ ਹਨ । ਉਨ੍ਹਾਂ ਦੇ ਪਾਸ ਨਿਖਰੀ ਹੋਈ ਸ਼ਰਾਬ ਦੇ ਪਿਆਲੇ ਹਨ । ਜੋ ਇਸ ਸ਼ਰਾਬ ਨੂੰ ਪੀਂਦਾ ਹੈ, ਉਹਨੂੰ ਸਵਾਦ ਆਉਂਦਾ ਹੈ ਤੇ ਉਸਦਾ ਰੰਗ ਸਫੈਦ ਹੋ ਜਾਂਦਾ ਹੈ। ਓਹ ਉਸਦੇ ਨਾਲ ਬਹਿਕਦੇ ਨਹੀਂ। ਉਨ੍ਹਾਂ ਪਾਸ ਹਨ ਤੀਵੀਆਂ ਨੀਵੀਂ ਨਿਗਾਹ ਰਖਣ ਵਾਲੀਆਂ। ਗੋਇਆ ਕਿ ਇਹ ਆਂਡੇ ਹਨ ਛੁਪਾਕੇ ਰਖੇ ਹੋਏ।

ਇਸਦੇ ਉਲਟ ਦੋਜ਼ਖ ਦਾ ਨਕਸ਼ਾ ਬੜਾ ਭਿਆਨਕ ਖਿਚਿਆ ਜਿਸ ਵਿਚ ਕਾਫਰਾਂ ਦਾ ਸੜਨਾ ਦਸਿਆ।

ਇਸ ਲਾਲਚ ਨੇ ਉਨ੍ਹਾਂ ਨੂੰ ਸ਼ਰ੍ਹਾ ਦੀ ਸੇਧ ਵਿਚ ਤੋਰ ਲਿਆ ਤੇ ਬਦੂਆਂ ਦਾ ਖਾਸਾ ਸੁਧਾਰ ਹੋ ਗਿਆ।

ਸ਼ਬੇ ਮਿਅਰਾਜ

ਮਿਅਰਾਜ ਦੇ ਅਰਥ ਹਨ ਪਉੜੀ, ਸੀਹੜੀ ਜਾਂ ਜ਼ੀਨਾ । ਪੈਗੰਬਰੀ ਦੇ ਐਲਾਨ ਕਰਨ ਤੋਂ ੧੨ ਸਾਲ ਪਿਛੋਂ ਮੁਹੰਮਦ ਸਾਹਿਬ ਦਾ ਮਿਅਰਾਜ ਤੇ ਜਾਣ ਦਾ ਪ੍ਰਸੰਗ ਆਉਂਦਾ ਹੈ।

ਇਕ ਰਾਤ ਜਬਰਾਈਲ ਤੇ ਮੈਕਾਈਲ ਦੋ ਫਰਿਸ਼ਤੇ ਉਨ੍ਹਾਂ ਪਾਸ ਆਏ। ਉਨ੍ਹਾਂ ਪਾਸ ਇਕ 'ਬਰਾਕ' ਨਾਮੀ ਘੋੜਾ ਸੀ ਜਿਸਦੀ ਵਾਗ ਤੇ ਰਕਾਬ ਮੇਕਾਈਲ ਨੇ ਫੜੀ ਹੋਈ ਸੀ। ਬਰਾਕ ਤੇ ਸਵਾਰ ਓਹ ਅਕਾਸ਼ ਵਲ ਤੁਰ ਪਏ। ਜਿਉਂ ਜਿਉਂ ਉਹ ਅਕਾਸ਼ ਵਲ ਵਧਦੇ ਸਨ ਦਰਵਾਜ਼ੇ ਆਪ ਮੁਹਾਰੇ ਖੁਲ੍ਹਦੇ ਜਾਂਦੇ ਸਨ। ਦੂਜੇ ਅਮਮਾਨ ਵਿਚ ਉਨ੍ਹਾਂ ਨੂੰ ਈਸਾ ਤੇ ਯਹੀਆ ਪੈਗੰਬਰ ਮਿਲੇ । ਤੀਜੇ ਉਤੇ ਯੂਸਫ, ਚੌਥੇ ਤੇ ਅਦਰੀਸ਼ (ਹਨਕ) ਪੰਜਵੇਂ ਤੇ ਹਾਰੂਨ, ਛੇਵੇਂ ਤੇ ਮੂਸਾ ਤੇ ਸਤਵੇਂ ਤੇ ਇਬਰਾਹੀਮ ਮਿਲਿਆ। ਇਥੇ ਮੁਹੰਮਦ ਸਾਹਿਬ ਨੂੰ ਤਿੰਨ ਪਿਆਲੇ ਪੇਸ਼ ਕੀਤੇ ਗਏ। ਇਕ ਸ਼ਰਾਬ ਦਾ ਦੂਜਾ ਦੁਧ ਦਾ ਤੀਜਾ ਸ਼ਹਿਦ ਦਾ ਪਰ ਉਨ੍ਹਾਂ ਨੇ ਕੇਵਲ ਦੁਧ ਹੀ ਪੀਤਾ।

ਇਸਤੋਂ ਅਗੇ ਚਲਕੇ ਓਹ ਰੱਬ ਦੇ ਤਖਤ ਦੇ ਨੇੜੇ ਪੁਜੇ। 'ਮਿਅਰਾਜੁਲ

ਨਬੱਵਤ' ਵਿਚ ਲਿਖਿਆ ਹੈ ਕਿ ਉਸ ਸਮੇਂ ਖ਼ੁਦਾ ਨੇ ਦੋ ਵਾਰ ਕਿਹਾ, 'ਮੁਹੰਮਦ ਨੇੜੇ ਆ।' ਉਸ ਸਮੇਂ ਮੁਹੰਮਦ ਤੇ ਖੁਦਾ ਵਿਚ ਕੇਵਲ ਦੋ ਕਮਾਨਾ ਦੀ ਵਿਥ ਸੀ। ਇਸ ਤਰ੍ਹਾਂ ਆਪ ਇਕ ਰਾਤ ਵਿਚ ਮਿਅਰਾਜ ਦੀ ਯਾਤਰਾ ਕਰਕੇ ਵਾਪਸ ਵੀ ਆ ਗਏ।

ਤਿਉਹਾਰ

ਇਸ ਮਤ ਵਿਚ ਹੇਠ ਲਿਖੇ ਤਿਉਹਾਰ ਮਨਾਏ ਜਾਂਦੇ ਹਨ:-

(੧) ਈਦੁਲ ਫਿਤਰ

ਮਾਹਿ ਰਮਜ਼ਾਨ ਦੇ ਅੰਤ ਹੋਣ ਤੇ ਜਦੋਂ ਰੋਜ਼ੇ ਮੁਕਦੇ ਹਨ। ਚੰਨ ਵੇਖਕੇ ਈਦ ਦਾ ਐਲਾਨ ਕਰਦੇ ਹਨ। ਜੇ ਕਰ ਚੰਨ ਨ ਦਿਸੇ ਤਾਂ ਇਕ ਅੱਧ ਦਿਨ ਈਦ ਪਿਛੇ ਪਾਈ ਜਾਂਦੀ ਹੈ।

(੨) ਈਦੁਲ ਜ਼ੁਹਾ

ਈਦੁਲ ਜ਼ੁਹਾ ਜੇਅਲ ਹਿਜਾਹ ਮਹੀਨੇ ਦੀ ਦਸਵੀਂ ਤਾਰੀਖ ਨੂੰ ਮਨਾਈ ਜਾਂਦੀ ਹੈ। ਇਸ ਦਿਨ ਪਸ਼ੂਆਂ ਦੀ ਕੁਰਬਾਨੀ ਦਿਤੀ ਜਾਂਦੀ ਹੈ। ਇਸਨੂੰ ਬਕਰਹ ਈਦ ਵੀ ਆਖਦੇ ਹਨ। ਬਕਰਹ ਤੋਂ ਭਾਵ ਗਊ ਦੀ ਕੁਰਬਾਨੀ ਦੇਣ ਤੋਂ ਹੈ। ਇਸ ਦਾ ਇਕ ਹੋਰ ਨਾਂ ਈਦੁਲ ਕਬੀਰ ਵੀ ਹੈ ਜਿਸਤੋਂ ਮੁਦਾ ਵਡੀ ਈਦ ਦਾ ਹੈ। ਜਿਸ ਜਾਨਵਰ ਦੀ ਕੁਰਬਾਨੀ ਦਿਤੀ ਜਾਵੇ ਉਸਦਾ ਇਕ ਹਿਸਾ ਰਿਸ਼ਤੇਦਾਰਾਂ ਨੂੰ। ਇਕ ਹਿਸਾ ਗ਼ਰੀਬਾਂ ਨੂੰ ਦੇ ਕੇ ਤੀਜਾ ਹਿਸਾ ਆਪਣੇ ਪਾਸ ਰਖਿਆ ਜਾਂਦਾ ਹੈ, ਆਮ ਤੌਰ ਤੇ ਗਊ ਦੀ ਕੁਰਬਾਨੀ ਦੇਣੀ ਅਰਬ ਦੇਸ ਵਾਸੀਆਂ ਦੀ ਪੁਰਾਣੀ ਰਸਮ ਹੈ।

(੩) ਸ਼ਬੇ ਬਰਾਤ

ਇਹ ਤਿਉਹਾਰ ਸ਼ਅਬਾਨੀ ਮਹੀਨੇ ਦੀ ੧੫ਵੀਂ ਨੂੰ ਮਨਾਇਆ ਜਾਂਦਾ ਹੈ। ਹਜ਼ਰਤ ਸਾਹਿਬ ਦਾ ਹੁਕਮ ਸੀ ਕਿ ਮੁਸਲਮਾਨ ਇਸ ਰਾਤ ਜਾਗਾ ਕਟਣ ਤੇ ਰੋਜ਼ਾ ਰਖਕੇ ਕੁਰਾਨ ਦੇ ਪੰਜਾਹ ਰੁਕੂ ਜ਼ਰੂਰ ਪੜ੍ਹਨ ਕਿਉਂਕਿ ਇਸ ਰਾਤ ਖ਼ੁਦਾ ਬੰਦਿਆਂ ਦੇ ਸਾਰੇ ਕਰਮ ਵਹੀ ਤੇ ਲਿਖਦਾ ਹੈ।

ਅਜ ਕਲ ਲੋਕੀਂ ਇਸ ਹੁਕਮ ਦੇ ਵਿਰੁਧ ਚਲਕੇ ਆਤਸ਼ਬਾਜ਼ੀ ਤੇ ਖਾਣ-ਪੀਣ ਤੇ ਜ਼ੋਰ ਦੇਂਦੇ ਹਨ।

(੪) ਨੌ ਰੋਜ਼

ਇਹ ਹਿਜਰੀ ਸੰਨ ਦਾ ਪਹਿਲਾ ਦਿਨ ਹੈ ਜੋ ਨਵੇਂ ਈਸਵੀ ਸਾਲ ਦੀ ਤਰ੍ਹਾਂ ਹੀ ਮਨਾਇਆ ਜਾਂਦਾ ਹੈ। ਪੂਰਾ ਇਕ ਹਫਤਾ ਇਸ ਖੁਸ਼ੀ ਵਿਚ ਜਸ਼ਨ ਮਨਾਏ ਜਾਂਦੇ ਹਨ।

(੫) ਆਖਰੀ ਚਹਾਰ ਸ਼ੰਭਾ

ਸਫਰ ਦੇ ਮਹੀਨੇ ਦਾ ਆਖਰੀ ਬੁਧਵਾਰ। ਇਸ ਦਿਨ ਬੀਮਾਰੀ ਤੋਂ ਉਠਕੇ ਹਜ਼ਰਤ ਸਾਹਿਬ ਨੇ ਇਸ਼ਨਾਨ ਕੀਤਾ ਸੀ।

(੬) ਮੌਲੂਦ

ਇਹ ਹਜ਼ਰਤ ਮੁਹੰਮਦ ਸਾਹਿਬ ਦਾ ਜਨਮ ਦਿਨ ਹੈ। ਰਬੀਉਲ ਅਵਲ ਮਹੀਨੇ ਦੀ ਬਾਹਰਵੀਂ ਤਾਰੀਖ ਨੂੰ ਹੁੰਦਾ ਹੈ। ਮੌਲੂਦ ਤੋਂ ਭਾਵ ਤਵੱਲਦ ਹੋਣ ਦਾ ਦਿਨ ਹੈ।

(੭) ਲੈਤੁਰ ਗਾਇਬ

ਇਹ ਰਜਬ ਮਹੀਨੇ ਦਾ ਪਹਿਲਾ ਜੁਮਾ (ਸ਼ੁਕਰਵਾਰ) ਹੈ। ਇਸ ਦਿਨ ਰੋਜ਼ਾ ਰਖਕੇ ਦੁਆ ਮੰਗਣ ਦਾ ਹੁਕਮ ਹੈ। ਇਸਦਾ ਮਤਲਬ ਫਰਜ਼ ਪੂਰਾ ਕਰਨ ਦੀ ਰਾਤ ਹੈ। ਉਕਤ ਸਤ ਤਿਉਹਾਰ ਈਦ ਨਾਲ ਸਬੰਧ ਰਖਦੇ ਹਨ।

ਮੁਸਲਮਾਨਾਂ ਦੇ ਫਿਰਕੇ

ਹਜ਼ਰਤ ਮਹੰਮਦ ਸਾਹਿਬ ਦੇ ਦੇਹਾਂਤ ਤੋਂ ਕੋਈ ਥੋੜਾ ਹੀ ਚਿਰ ਮਗਰੋਂ ਇਸਲਾਮ ਵਿਚ ਧਾਰਮਕ ਮੱਤ ਭੇਦ ਪੈਦਾ ਹੋ ਗਏ। ਕੁਰਾਨ ਤੇ ਪੈਗੰਬਰ ਤਾਂ ਪਹਿਲੇ ਹੀ ਮੰਨੇ ਜਾਂਦੇ ਸਨ ਪਰ ਹੁਣ ਇਸਦੇ ਨਾਲ ਉਨ੍ਹਾਂ ਦੇ ਸੁੰਨਤ ਅਰਥਾਤ ਸਦਾਚਾਰ ਨੂੰ ਵੀ ਰਲਾ ਲਿਆ ਗਿਆ ਤੇ ਇਸ ਅਧਾਰ ਤੇ ਹਦੀਸਾਂ ਲਿਖੀਆਂ ਗਈਆਂ। ਹਦੀਸਾਂ ਗਿਣਤੀ ਵਿਚ ਕਈ ਹਨ ਪਰ ਤਿਰਮਜ਼ੀ, ਬੁਖਾਰੀ ਆਦਿ ਵਧੇਰੇ ਪ੍ਰਸਿਧ ਹਨ। ਜਿਓਂ ਜਿਓਂ ਮੁਸਲਮਾਨਾਂ ਨੇ ਅਰਬ ਚੋਂ ਨਿਕਲ ਦੂਜੇ ਦੇਸ਼ਾਂ ਵਿਚ ਫੈਲਣਾ ਸ਼ੁਰੂ ਕੀਤਾ ਤਿਓਂ ਤਿਓਂ ਹੀ ਉਨ੍ਹਾਂ ਤੇ ਦੂਜੇ ਮੁਲਕਾਂ ਦੀ ਰਹਿਣੀ ਬਹਿਣੀ ਦਾ ਵੀ ਅਸਰ ਪਿਆ। ਉਨ੍ਹਾਂ ਦੀ ਬੁਧ ਵੀ ਇਨ੍ਹਾਂ ਅਸਰਾਂ ਹੇਠ ਵਧੀ ਤੇ ਉਨ੍ਹਾਂ ਵਿਚ ਆਪਣੇ ਧਾਰਮਕ ਗ੍ਰੰਥਾਂ ਦੇ ਅਸਲੀ ਜਾਂ ਨਕਲੀ ਹੋਣ ਦੀ

ਵਿਚਾਰ ਵੀ ਛਿੜ ਪਈ ਤੇ ਇਸ ਵਿਚਾਰ ਨੇ ਇਨਾਂ ਮਤ ਭੇਦ ਪੈਦਾ ਕਰ ਦਿਤਾ ਜੋ ਹਜ਼ਰਤ ਮੁਹੰਮਦ ਸਾਹਿਬ ਦਾ ਕਾਇਮ ਕੀਤਾ ਇਕ ਮਜ਼੍ਹਬ ਤਹਿਤਰ ਫਿਰਕਿਆਂ ਵਿਚ ਵੰਡਿਆ ਗਿਆ।

ਅਸਲ ਵਿਚ ਇਨ੍ਹਾਂ ਫਿਰਕਿਆਂ ਦੀ ਮੁਖ ਵੰਡ ਤਾਂ ਦੋ ਦੀ ਹੈ :–

(੧) ਸੁੰਨੀ। (੨) ਸ਼ੀਆ।

ਕਰਮਵਾਰ ਖਲੀਫਿਆਂ ਦੇ ਨਾਮ ਇਸ ਪ੍ਰਕਾਰ ਹਨ –

(੧) ਹਜ਼ਰਤ ਅਬੂ ਬਕਰ (੬੩੨–੬੪੨ ਈਸਵੀ)

ਆਪ ਹਜ਼ਰਤ ਸਾਹਿਬ ਦੀ ਚਾਹਿਤਾ ਬੀਵੀ ਆਇਸ਼ਾਂ ਦੇ ਪਿਤਾ ਸਨ। ਆਪ ਨੇ ਦਸ ਸਾਲ ਖਲਾਫਤ ਕੀਤੀ ਤੇ ਅਗਸਤ ਸੰਨ ੬੪੨ ਵਿਚ ਕਾਲਵਸ ਹੋ ਗਏ। ਇਨ੍ਹਾਂ ਦਾ ਖਤਾਬ 'ਰਸੂਲ ਅਲਾ' ਸੀ।

(੨) ਹਜ਼ਰਤ ਉਮਰ (੬੪੨–੬੪੪)

ਇਹ ਹਜ਼ਰਤ ਵੀ ਰਿਸ਼ਤੇ ਵਿਚ ਮੁਹੰਮਦ ਸਾਹਿਬ ਦੇ ਸੌਹਰੇ ਸਨ। ਆਪ ਦੀ ਲੜਕੀ 'ਹਫਸ਼ਾਂ' ਹਜ਼ਰਤ ਦੀ ਤੀਸਰੀ ਬੀਵੀ ਸੀ। ਇਹ ਇਸਲਾਮ ਦੇ ਚੰਗੇ ਪ੍ਰਚਾਰਕ ਸਨ। ਮਿਸਰ ਅਤੇ ਉਤਰੀ ਅਫਰੀਕਾ ਇਨ੍ਹਾਂ ਦੇ ਸਮੇਂ ਵਿਚ ਹੀ ਫਤਹ ਕੀਤਾ ਗਿਆ ਸੀ। ਐਲਗਜ਼ੰਡਰੀਆ ਦੀ ਸੰਸਾਰ ਪ੍ਰਸਿਧ ਲਾਏਬ੍ਰੇਰੀ ਇਨ੍ਹਾਂ ਨੇ ਇਹ ਕਹਿਕੇ ਫੂਕਵਾ ਦਿਤੀ ਸੀ ਕਿ ਜੇ ਇਸ ਵਿਚ ਕੁਰਾਨ ਦੇ ਆਸ਼ੇ ਦੀਆਂ ਲਿਖਤਾਂ ਹਨ ਤਾਂ ਓਹ ਅਗੇ ਹੀ ਕੁਰਾਨ ਵਿਚ ਮੌਜੂਦ ਹਨ। ਤੇ ਜੇਕਰ ਉਸਦੇ ਉਲਟ ਹਨ ਤਾਂ ਉਦਾਂ ਏਲੋੜੀਆਂ ਹਨ। ਇਸ ਲਈ ਅਜੇਹੀ ਲਾਇਬ੍ਰੇਰੀ ਨੂੰ ਸਾੜ ਦਿਉ। ਯੋਰੋਸ਼ਿਲਮ ਨੂੰ ਫਤਹ ਕਰਕੇ ਇਸਨੇ ਉਥੇ ਵਡੀ ਮਸਜਿਦ ਬਣਵਾਈ ਸੀ। ਇਸਲਾਮੀ ਸ਼ਰ੍ਹਾ ਅਨੁਸਾਰ ਕਾਨੂੰਨ ਘੜੇ ਸਨ। ਸ਼ਰਾਬ ਪੀਣ ਵਾਲੇ ਲਈ ਇਸ ਨੇ ੧੦੦ ਕੋਰੜੇ ਮਾਰਨ ਦਾ ਕਾਨੂੰਨ ਬਣਾਇਆ ਸੀ। ਤੇ ਇਸ ਅਪਰਾਧ ਵਿਚ ਹੀ ਆਪਣੇ ਲੜਕੇ ਨੂੰ ਕਾਨੂੰਨੀ ਜ਼ਦ ਵਿਚ ਲਿਆਕੇ ਅਜਿਹੇ ਜ਼ੋਰਦਾਰ ਕੋਰੜੇ ਮਾਰੇ ਸਨ ਕਿ ਉਹ ਚਿਤ ਹੋ ਗਿਆ ਸੀ।

ਇਸਦਾ ਖਿਤਾਬ 'ਅਮੀਰੁਲ ਮੋਮਨੀਨ' ਸੀ। ਕਿਧਰੇ ਕਿਧਰੇ ਉਮਰ ਬਿਨ ਖਿਤਾਬ ਵੀ ਲਿਖਿਆ ਮਿਲਦਾ ਹੈ।

੨੩ ਹਿਜਰੀ ਮੁਤਾਬਕ ਤਿੰਨ ਨਵੰਬਰ ੬੪੪ ਨੂੰ ਸਵੇਰ ਦੀ ਨਿਮਾਜ਼ ਪੜ੍ਹਦਿਆਂ ਆਪ ਨੂੰ ਫਿਰੋਜ਼ ਗ਼ਲਾਮ ਨੇ ਖ਼ੰਜਰ ਮਾਰਕੇ ਕਤਲ ਕਰ ਦਿਤਾ ਸੀ।

(੩) ਹਜ਼ਰਤ ਉਸ਼ਮਾਨ (੬੪੪–੬੫੬)

ਹਜ਼ਰਤ ਉਸਮਾਨ ਦੇ ਪਿਤਾ ਦਾ ਨਾਮ ਆਫਾਨ ਸੀ। ਹਜ਼ਰਤ ਮੁਹੰਮਦ ਸਾਹਿਬ ਦੀਆਂ ਦੋ ਧੀਆਂ ਰੁਕੀਆ ਤੇ ਉਮੂਕਲਸੂਮ, ਇਸ ਨਾਲ ਵਿਆਹੀਆਂ ਹੋਈਆਂ ਸਨ। ਇਸਨੂੰ ਹਜ਼ਰਤ ਅਬੂ ਬਕਰ ਦੇ ਪੁਤਰ ਮੁਹੰਮਦ ਨੇ ਗਦੀ ਹਾਸਲ ਕਰਨ ਲਈ ੩੦ ਜੂਨ ੬੫੬ ਨੂੰ ਮਦੀਨੇ ਵਿਚ ਕਤਲ ਕਰ ਦਿਤਾ ਸੀ।

(੪) ਹਜ਼ਰਤ ਅਲੀ (੬੫੬–੬੬੧)

ਇਹ ਹਜ਼ਰਤ ਮੁਹੰਮਦ ਸਾਹਿਬ ਦੇ ਚਾਚੇ ਅਬੂ ਤਾਲਬ ਦਾ ਪੁਤਰ ਸੀ ਤੇ ਨਾਲ ਹੀ ਹਜ਼ਰਤ ਦੀ ਪੁਤਰੀ ਫਾਤਮਾ ਦਾ ਪਤੀ ਹੋਣ ਦੇ ਨਾਤੇ ਆਪ ਦਾ ਦਾਮਾਦ ਵੀ ਸੀ। ਇਹ ਪੰਜ ਸਾਲ ਖਲੀਫਾ ਰਿਹਾ। ੬੬੧ ਈਸਵੀ ਵਿਚ ਮੁਖਾਲਫਤ ਤੋਂ ਤੰਗ ਆ ਕੇ ਇਸ ਨੇ ਖਿਲਾਫਤ ਤਿਆਗ ਦਿਤੀ ਸੀ ਪਰ ਫੇਰ ਵੀ ਇਸੇ ਸਾਲ ਅਬਦੁਲ ਰਹਿਮਾਨ ਨੇ ਇਸ ਨੂੰ ਕੂਫਾ ਵਿਚ ਕਤਲ ਕਰ ਦਿਤਾ ਸੀ। ਇਸਦਾ ਮਕਬਰਾ 'ਨਫਜ਼' ਸ਼ਹਿਰ ਵਿਚ ਹੁਣ ਤਕ ਪੂਜਿਆ ਜਾਂਦਾ ਹੈ। ਇਸਦੇ ੧੮ ਧੀਆਂ ਪੁਤਰ ਸਨ। ਪਰ ਬੀਬੀ ਫਾਤਮਾ ਦੀ ਕੁਖੋਂ ਹਸਨ, ਹੁਸੈਨ ਅਤੇ ਮੁਹਿਸਨ ਤਿੰਨ ਬੇਟੇ ਹੀ ਸਨ। ਜਿਨ੍ਹਾਂ ਨੇ ਕਾਫੀ ਪਰਸਿਧਤਾ ਹਾਸ਼ਲ ਕੀਤੀ ਸੀ।

ਉਪਰੋਕਤ ਖਲੀਫਿਆਂ ਤੋਂ ਇਲਾਵਾਂ ਸੁੰਨੀ ਮੁਸਲਮਾਣ ਇਮਾਮਾਂ ਨੂੰ ਵੀ ਮੰਨਦੇ ਹਨ ਜਿਨ੍ਹਾਂ ਵਿਚੋਂ ਹੇਠ ਲਿਖੇ ਚਾਰ ਇਮਾਮਾਂ ਨੇ ਕਾਫੀ ਪ੍ਰਸਿਧਤਾ ਹਾਸਲ ਕੀਤੀ ਹੈ। ਇਮਾਮ ਪੁਰ ਅਕੀਦਾ ਰਖਣ ਦੇ ਕਾਰਨ ਇਨ੍ਹਾਂ ਨੂੰ 'ਇਮਾਮਸਾਫੀ' ਵੀ ਆਖਿਆ ਜਾਂਦਾ ਹੈ :—

(੧) ਅਬੂ ਹਨੀਫਾ (੮੦-੧੫੦ ਹਿਜਰੀ)

ਅਬੂ ਹਨੀਫਾ ਮਹਾਨ ਮੰਤਕੀ ਦੇ ਉਘੇ ਪਰਚਾਰਕ ਸਨ। ਇਨ੍ਹਾਂ ਦਾ ਜਨਮ ੮੦ ਹਿਜਰੀ ਵਿਚ ਕੂਫਾ (ਈਰਾਨ) ਵਿਖੇ ਹੋਇਆ ਸੀ। ਇਨ੍ਹਾਂ ਕੁਰਾਨ ਦੇ ਅਧਾਰ ਤੇ ਸ਼ਰ੍ਹਾ ਘੜੀ ਸੀ। ਆਪ ਦੇ ਪੈਰੋਕਾਰਾਂ ਨੂੰ 'ਹਨਫੀਯਹ' ਕਿਹਾ ਜਾਂਦਾ ਹੈ। ਹਨਫੀਯਹ ਮੁਸਲਮਾਨ ਭਾਰਤ ਵਰਸ਼ ਵਿਚ ਕਾਫੀ ਗਿਣਤੀ ਵਿਚ ਰਹਿੰਦੇ ਹਨ।

(੨) ਸਾਫੀ (੧੫੦ ਤੋਂ ੨੦੫ ਹਿਜਰੀ)

ਇਨ੍ਹਾਂ ਦਾ ਪੂਰਾ ਨਾਮ ਮੁਹੰਮਦ ਇਬਨ ਇਦਰੀਸ ਸ਼ਾਫਈ ਸੀ। ਆਪ ੧੫੦ ਹਿਜਰੀ ਵਿਚ ਇਕਲਾਨ ਨਗਰ ਵਿਚ ਜਨਮੇ ਤੇ ੨੦੫ ਹਿਜਰੀ ਵਿਚ ਮਿਸ਼ਰ ਦੀ ਰਾਜਧਾਨੀ ਕਾਹਿਰਾ ਵਿਚ ਕਾਲਵਸ ਹੋਏ । ਆਪ ਬੜੇ ਵਿਦਵਾਨ ਸਨ । ਇਨ੍ਹਾਂ ਦੇ ਚਲਾਏ ਫਿਰਕੇ ਦਾ ਨਾਮ 'ਸਾਫਯਹ' ਹੈ। ਇਨ੍ਹਾਂ ਨੇ ਕੁਰਾਨ ਤੇ ਪੈਗੰਬਰ ਦੇ ਸਦਾਚਾਰ ਦੋਹਾਂ ਨੂੰ ਮਿਲਾਕੇ ਸ਼ਰ੍ਹਾ ਦੇ ਕਾਨੂੰਨ ਘੜੇ। ਇਹ ਅਹਿਮਦ ਬਿਨ ਹੰਬਲ ਜੋ 'ਹੰਬਲੀਅਹ' ਫਿਰਕੇ ਦੇ ਬਾਨੀ ਸਨ ਦੇ ਉਸਤਾਦ ਸਨ।

(੩) ਮਾਲਿਕ (੯੪ ਤੋਂ ੧੭੯ ਹਿਜਰੀ)

ਆਪ ਦਾ ਪੂਰਾ ਨਾਮ ਅਬੂ ਅਬਦੁਲਾ ਮਾਲਿਕ ਸੀ। ਆਪ ਮਹਾਨ ਵਿਦਵਾਨ ਤੇ ਕਠਨ ਤਪੁਸਵੀ ਸਨ। ਪੈਗੰਬਰ ਦੇ ਆਚਰਨ ਨੂੰ ਹੀ ਆਦਰਸ਼ ਮੰਨਦੇ ਸਨ । ਆਪਨੇ ਪੈਗੰਬਰ ਸਾਹਿਬ ਦੇ ੩੦੦ ਵਾਕ ਤੇ ਬਿਰਤਾਂਤ ਇਕੱਠੇ ਕੀਤੇ ਸਨ। ਇਨ੍ਹਾਂ ਦੇ ਪੈਰੋਕਾਰਾਂ ਨੂੰ ਮਾਲਿਕੀਯਹ ਕਿਹਾ ਜਾਂਦਾ ਹੈ। ਕਿਉਂਕਿ ਇਮਾਮ ਮਾਲਿਕ ਨੇ ਹਦੀਸ਼ਾਂ ਦੇ ਮੰਨਣ ਤੇ ਖਾਸ ਜ਼ੋਰ ਦਿਤਾ ਹੈ ਇਸ ਲਈ ਮਾਲਕੀਆਂ ਨੂੰ ਅਹਿਲੇ ਹਦੀਸ ਵੀ ਕਿਹਾ ਜਾਂਦਾ ਹੈ । ਆਪ ਮਦੀਨੇ ਵਿਚ ੯੪ ਹਿਜਰੀ ਵਿਚ ਜਨਮੇ ਤੇ ੧੭੯ ਹਿਜਰੀ ਵਿਚ ਫੌਤ ਹੋਏ ।

(੪) ਅਹਿਮਦ ਬਿਨ ਹੰਬਲ (੧੬੪-੨੪੧ ਹਿਜਰੀ)

ਆਪ ਦਾ ਜਨਮ ੧੬੪ ਹਿਜਰੀ ਵਿਚ ਬਗ਼ਦਾਦ ਵਿਖੇ ਹੋਇਆ। ਆਪ ਬਹੁਤ ਭਾਰੀ ਵਿਦਵਾਨ ਸਨ ਤੇ ਇਮਾਮ ਸਾਫੀ ਦੇ ਸ਼ਾਗਿਰਦ ਸਨ । ਇਨ੍ਹਾਂ ਨੇ ਪੈਗੰਬਰ ਦੇ ਆਚਰਨ ਨੂੰ ਹੀ ਕੇਵਲ ਸ਼ਰ੍ਹਾ ਘੜਨ ਲਈ ਵਰਤਿਆ ਹੈ । ਇਨ੍ਹਾਂ ਦਾ ਵਿਚਾਰ ਸੀ ਕਿ ਕੁਰਾਨ ਤਾਂ ਰਬੀ ਕਲਾਮ ਹੈ ਜਿਸ ਦੇ ਸਹੀ ਅਰਥ ਕਰਨੇ ਮਨੁਖੀ ਪਹੁੰਚ ਤੋਂ ਬਹੁਤ ਪਰ੍ਹੇ ਹਨ। ਮਾਲਿਕ ਨੇ ਤਾਂ ਕੇਵਲ ੩੦੦ ਜੀਵਨ ਘਟਨਾਵਾਂ ਨੂੰ ਇਕਠਾ ਕੀਤਾ ਸੀ ਪਰ ਇਨ੍ਹਾਂ ਨੇ ਇਕ ਹਜ਼ਾਰ ਕਾਰਨਾਮੇ ਮੁਖ ਰਖਕੇ ਕਾਨੂੰਨ ਘੜੇ। ਇਨ੍ਹਾਂ ਨੂੰ ਹਜ਼ਰਤ ਦੀਆਂ ਗਲਾਂ ਤੇ ਵਾਕਾਂ ਦੇ ਦਸ ਲਖ ਪਰਮਾਣ ਯਾਦ ਸਨ। ਜਿਨ੍ਹਾਂ ਵਿਚੋਂ ਇਨ੍ਹਾਂ ਤੀਹ ਹਜ਼ਾਰ ਦ੍ਰਿਸ਼ਟਾਂਤਾਂ ਨੂੰ ਹੀ ਆਪਣਾ ਅਧਾਰ ਮੰਨਿਆ ਸੀ।

ਸੁਨੀਆਂ ਵਿਚੋਂ ਹੀ ਸ਼ਅਈਏ ਤੇ ਖਿਲਾਫਤ ਦੇ ਝਗੜੇ

ਅਬਦਲ ਬਿਨ ਸਬਾਕੀ ਦਾ ਇਖਤਲਾਫ ਹਜ਼ਰਤ ਉਸਮਾਨ ਨਾਲ ਹੋ

ਗਿਆ। ਇਸਦਾ ਕਾਰਨ ਉਸਮਾਨ ਦੀ ਕੁੰਬਾ ਪਰਵਰੀ ਸੀ। ਉਸਨੇ ਸਾਰੇ ਵਡੇ ਵਡੇ ਅਹੁਦੇ ਆਪਣੇ ਮਿਤਰਾਂ ਤੇ ਸਬੰਧੀਆਂ ਨੂੰ ਦਿਤੇ ਹੋਏ ਸਨ। ਜਦੋਂ ਉਨ੍ਹਾਂ ਅਬਦੁਲ ਬਿਨ ਸਬਾਕੀ ਦੀ ਸਰਕਰਦਗੀ ਹੇਠ ਇਸ ਗਲ ਦੀ ਸ਼ਕਾਇਤ ਉਸਮਾਨ ਪਾਸ ਕੀਤੀ ਤਾਂ ਉਸਨੇ ਇਸ ਵਲ ਕੋਈ ਕੰਨ ਨਾ ਧਰਿਆ ਜਿਸ ਤੋਂ ਚਿੜ ਕੇ ਉਹਨਾਂ ਖਲ਼ੀਫੇ ਵਿਰੁਧ ਬਗਾਵਤ ਕਰ ਦਿਤੀ। ਅਬਦੁਲ ਬਿਨ ਸਬਾਕੀ ਨੇ ਖੁਲੇ ਡੁਲੇ ਫਿਰ·ਫਿਰਾ ਕੇ ਉਸਮਾਨ ਵਿਰੁਧ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ। ਉਹ ਇਕ ਪਾਸੇ ਤਾਂ ਬਨੀ ਉਮਈਆ ਦੀ ਬੁਰਾਈ ਕਰਦਾ ਤੇ ਦੂਜੇ ਬਨੇ ਬਨੀ ਹਾਸ਼ਮ ਦੀਆਂ ਸਿਫਤਾਂ ਦੇ ਪੁਲ ਬੰਨਦਾ ਰਿਹਾ। ਬਨੀ ਹਾਸ਼ਮ ਹਜ਼ਰਤ ਅਲੀ ਦੀ ਵੰਸ ਨੂੰ ਕਿਹਾ ਜਾਂਦਾ ਹੈ। ਅਸਲ ਵਿਚ ਇਥੋਂ ਹੀ ਬਨੀ ਉੱਮਈਆ ਤੇ ਬਨੀ ਹਾਸ਼ਮ ਦੀ ਅਦਾਵਤ ਦਾ ਮੁਢ ਬਝਾ ਤੇ ਇਹ ਵਿਰੋਧ ਹੀ ਸ਼ਈਆ ਫਿਰਕੇ ਦੇ ਪੈਦਾ ਹੋਣ ਦਾ ਕਾਰਨ ਬਣਿਆ। ਇਹ ਬਗ਼ਾਵਤ ਦਿਨੋ-ਦਿਨ ਜ਼ੋਰ ਪਕੜਦੀ ਗਈ। ਬਾਗ਼ੀ ਮਿਸਰ, ਕੂਫਾ ਤੇ ਬਸਰੇ ਤੋਂ ਜਥੇ ਬਣਾ ਮਦੀਨੇ ਜਾ ਪਹੁੰਚੇ ਤੇ ਹਜ਼ਰਤ ਉਸਮਾਨ ਦੇ ਘਰ ਦਾ ਮੁਹਾਸਰਾ ਕਰ ਲਿਆ। ਬਾਹਰੋਂ ਘਰ ਵਿਚ ਅੰਨ ਪਾਣੀ ਜਾਣਾ ਬੰਦ ਕਰ ਦਿਤਾ ਤੇ ਉਸਮਾਨ ਪਾਸੋਂ ਆਪਣੇ ਵਿਰੋਧੀਆਂ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਣ ਲਈ ਆਖਿਆ। ਉਸਮਾਨ ਨੇ ਐਸਾ ਕਰਨ ਤੋਂ ਇਨਕਾਰ ਕੀਤਾ। ਬਾਗ਼ੀ ਧਿੰਗੋ ਜ਼ੋਰੀ ਉਸਦੇ ਮਕਾਨ ਵਿਚ ਦਾਖਲ ਹੋ ਗਏ, ਤੇ ਹਜ਼ਰਤ ਉਸਮਾਨ ਨੂੰ ਕੁਰਾਨ ਪੜ੍ਹਦਿਆਂ ਵੇਖਕੇ ਉਸਨੂੰ ਕਤਲ ਕਰ ਦਿਤਾ। ਇਹ ਗਲ ਸੰਨ ੬੫੬ ਈਸਵੀ ਮੁਤਾਬਕ ੩੫ ਹਿਜਰੀ ਦੀ ਹੈ। ਉਸ ਵੇਲੇ ਹਜ਼ਰਤ ਉਸਮਾਨ ੮੨ ਵਰ੍ਹਿਆਂ ਦੇ ਸਨ। ਇਸ ਤੋਂ ਬਾਹਦ ਹਾਸ਼ਮ ਵੰਸ਼ੀ ਹਜ਼ਰਤ ਅਲੀ ਖ਼ਲੀਫਾ ਮੰਨੇ ਗਏ।

ਹਜ਼ਰਤ ਅਲੀ ੬੫੬ ਵਿਚ ਗੱਦੀ ਤੇ ਬੈਠੇ। ਅਮੀਰ ਮੁਆਵੀਆ ਦਮਸ਼ਕ ਦਾ ਧੜੱਲੇਦਾਰ ਹਾਕਮ ਸੀ ਤੇ ਉਸਦੀ ਅਲੀ ਨਾਲ ਡਾਢੀ ਅਣ-ਬਣ ਸੀ। ਅਲੀ ਮਦੀਨੇ ਨਿਵਾਸ ਰਖਦੇ ਸਨ ਤੇ ਅਮੀਰ ਮੁਆਵੀਆ ਨੂੰ ਉਸ ਅਹੁਦੇ ਤੋਂ ਹਟਾਣ ਦੇ ਅਸਮਰਥ ਸਨ। ਹਜ਼ਰਤ ਅਲੀ ਭਾਵੇਂ ਉਸਦਾ ਕੁਝ ਵਿਗਾੜਨਾ ਨਹੀਂ ਸਨ ਚਾਹੁੰਦੇ ਤੇ ਨਾ ਹੀ ਉਨ੍ਹਾਂ ਉਸਦਾ ਕੁਝ ਵਿਗਾੜਿਆ ਹੀ ਸੀ ਪਰ ਮੁਆਵੀਆ ਉਨ੍ਹਾਂ ਦਾ ਜਾਨੀ ਦੁਸ਼ਮਣ ਬਣਿਆ ਹੋਇਆ ਸੀ ਤੇ ਆਖਰ ਜ਼ੋਰ ਫੜਨ ਤੇ ਉਸਨੇ ਆਪਣੀ ਫੌਜ ਭੇਜਕੇ ਅਲੀ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਉਸਨੇ ਕ਼ਾਤਲ ਤਿਆਰ ਕਰਕੇ ਉਨ੍ਹਾਂ ਨੂੰ ਜ਼ਹਿਰੀਲੇ ਖੰਜਰਾਂ ਨਾਲ ਸਨਦਬੰਧ ਕੀਤਾ ਤੇ ੧੭ ਰਮਜ਼ਾਨ ੪੦ ਹਿ: ਵਾਲੇ ਦਿਨ ਸਵੇਰ ਦੀ ਨਿਮਾਜ਼ ਪੜ੍ਹਦਿਆਂ ਪੜ੍ਹਦਿਆਂ ਉਨ੍ਹਾਂ ਨੂੰ ਕਤਲ ਕਰਵਾ ਦਿਤਾ।

ਹਜ਼ਰਤ ਅਲੀ ਦੇ ਮਰਨ ਪਿਛੋਂ ਖਿਲਾਫਤ ਦੇ ਜਾਇਜ਼ ਵਾਰਸ ਅਜੇ ਮੌਜੂਦ ਸਨ, ਤੇ ਉਹ ਸਨ ਹਜ਼ਰਤ ਅਲੀ ਦੇ ਦੋ ਪੁਤਰ, ਜੋ ਹਜ਼ਰਤ ਮੁਹੰਮਦ ਸਾਹਿਬ ਦੀ ਸਪੁਤ੍ਰੀ ਬੀਬੀ ਫਾਤਮਾ ਦੀ ਕੁਖੋਂ ਜਨਮੇ ਸਨ। ਭਾਵੇਂ ਖਿਲਾਫਤ ਤੇ ਤਲਵਾਰ ਦੇ ਜ਼ੋਰ ਅਮੀਰ ਮੁਆਵੀਆ ਨੇ ਕਬਜ਼ਾ ਕਰ ਲਿਆ ਸੀ, ਪਰ ਉਸ ਨੂੰ ਇਹ ਤੌਖਲਾ ਹੀ ਰਹਿੰਦਾ ਸੀ ਕਿ ਕਿਧਰੇ ਅਰਬੀ ਕਬੀਲੇ ਹਸਨ ਤੇ ਹੁਸੈਨ ਦੇ ਨਾਂ ਤੇ ਭੜਕ ਨਾ ਪੈਣ। ਇਸ ਲਈ ਇਸ ਭੈ ਤੋਂ ਛੁਟਕਾਰਾ ਪਾਣ ਲਈ ਉਸ ਨੇ ਹਸਨ ਨੂੰ ਜ਼ਹਿਰ ਦੇ ਕੇ ਮਰਵਾ ਦਿਤਾ। ਤੇ ੬੮੦ ਹਿਜਰੀ ਤਕ ਖਲੀਫਾ ਬਣਿਆ ਰਿਹਾ।

ਅਮੀਰ ਮੁਆਵੀਆ ਤੋਂ ਬਾਹਦ ਉਸਦਾ ਪੁਤਰ ਯਜੀਦ ਤਖਤ ਤੇ ਬੈਠਾ। ਉਸਨੇ ਛਲ ਨਾਲ ਝਗੜਾ ਮੁਕਾਣ ਲਈ ਹੁਸੈਨ ਨੂੰ ਆਪਣੀ ਰਾਜਧਾਨੀ ਕੂਫਾ ਵਿਚ ਬੁਲਾਇਆ। ਉਹ ਆਪ ਨੇ ਬਹਤਰ ਸਾਥੀਆਂ ਸਣੇ ਕੂਫੇ ਵਲ ਰਵਾਨਾ ਹੋ ਗਿਆ, ਪਰ ਜਦ ਉਹ ਕਰਬਲਾ ਦੇ ਮਾਰੂ ਥਲ ਵਿਚੋਂ ਲੰਘ ਰਿਹਾ ਸੀ, ਅਚਾਨਕ ਉਸਨੂੰ ਯਜੀਦ ਦੀ ਸਾਜ਼ਸ਼ ਕਰਕੇ ਬਿਠਾਈ ਚਾਰ ਹਜ਼ਾਰ ਫੌਜ ਨੇ ਆ ਘੇਰਿਆ। ਉਸਦਾ ਪਾਣੀ ਬੰਦ ਕਰ ਦਿਤਾ ਗਿਆ ਤੇ ਜੰਗ ਕਰਕੇ ੧੦ ਅਕਤੂਬਰ ੬੮੦ ਈ: ਨੂੰ ਹੁਸੈਨ ਨੂੰ ਤਰਿਹਾਇਆ ਹੀ ਤਰਸਾ ਤਰਸਾ ਕੇ ਮਾਰ ਦਿਤਾ। ਫੌਜੀ ਸਰਦਾਰਾਂ ਨੇ ਹੁਸੈਨ ਤੇ ਉਹਦੇ ੭੨ ਸਾਥੀਆਂ ਦੇ ਸਿਰ ਕਟ ਕੇ ਯਜੀਦ ਪਾਸ ਕੂਫੇ ਘਲ ਦਿਤੇ। ਇਸ ਦੁਰਘਟਨਾ ਨੂੰ 'ਕਰਬਲਾ ਦਾ ਸਾਕਾ' ਆਖ ਕੇ ਵਰਨਨ ਕੀਤਾ ਜਾਂਦਾ ਹੈ। ਇਸ ਸਾਕੇ ਦੀ ਯਾਦ ਤਾਜ਼ਾ ਰਖਣ ਲਈ ਮੁਹਰਮ ਦੇ ਮਹੀਨੇ ਵਿਚ ਪੂਰੇ ਦਸ ਦਿਨ ਸ਼ੋਕ ਮਨਾਇਆ ਜਾਂਦਾ ਹੈ। ਸ਼ਈਏ ਤਾਂ ਦਸੂਰਿਆਂ ਵਿਚ ਆਪਣੇ ਪਿੰਡੇ ਲੋਹੇ ਦੇ ਸੰਗਲਾਂ ਨਾਲ ਕੁਟਦੇ ਹਨ ਤੇ ਮੂੰਹ ਸਿਰ ਪਿਟ ਪਿਟ ਕੇ ਲਾਲ ਕਰ ਲੈਂਦੇ ਹਨ।

ਹੁਣ ਖਿਲਾਫਤ ਤਲਵਾਰ ਦੇ ਜ਼ੋਰ ਹੀ ਹਥਿਆਈ ਜਾਣ ਲਗ ਪਈ। ਹਜ਼ਰਤ ਮਹੰਮਦ ਸਾਹਿਬ ਤੋਂ ੩੯ ਸ਼ਾਲ ਮਗਰੋਂ ਇਹ ਚਾਰ ਯਾਰਾਂ ਤੋਂ ਨਿਕਲ ਅਮੀਰ ਮੁਆਵੀਆ ਨੇ ਸੰਭਾਲੀ। ਇਸ ਪਾਸ ਇਹ ਪੂਰੀ ੧੯ ਸਾਲ (੬੬੧-੬੮੦) ਰਹੀ। ੭੫੦ ਈਸਵੀ ਤਕ ਅਮੀਰ ਮੁਆਵੀਆ ਦਾ ਖਾਨਦਾਨ ਹੀ ਇਸ ਤੇ ਕਾਬਜ਼ ਰਿਹਾ। ਇਸ ਖਿਲਾਫਤ ਨੂੰ ਬਨੀ ਉਮੱਈਆਂ ਦੀ ਖਿਲਾਫਤ ਕਿਹਾ ਜਾਂਦਾ ਹੈ। ਇਹ ਪੂਰੇ ਉਨਾਨਵੇਂ ਵਰ੍ਹੇ ਇਕੋ ਖਾਨਦਾਨ ਵਿਚ ਰਹੀ। ਇਸ ਅਰਸੇ ਵਿਚ ਇਸਨੇ ਦੂਜੀਆਂ ਜਾਤੀਆਂ ਦੀ ਰਹਿਣੀ ਬਹਿਣੀ ਤੇ ਵਿਚਾਰ ਦਾ ਵੇਖਾ ਪ੍ਰਭਾਵ ਕਬੂਲ ਲਿਆ। ਇਸ ਵਿਚ ਸ਼ਾਹੀ ਠਾਠ ਬਾਠ ਆ ਗਿਆ। ਈਰਾਨੀ ਤੇ ਰੋਮਨ ਪ੍ਰਭਾਵਾਂ ਨੇ ਇਹਨੂੰ ਸਾਦਗੀ ਤੇ ਮੁਸਲਮਾਨਾਂ ਵਿਚ ਪਰਸਪਰ

ਸਮਾਨਤਾ ਦੇ ਗੁਣਾਂ ਤੋਂ ਵੀ ਮਹਿਰੂਮ ਕਰ ਦਿਤਾ । ਤੇ ਇਨ੍ਹਾਂ ਹੀ ਪ੍ਰਭਾਵਾਂ ਕਰਕੇ ਇਸਨੇ ਆਪਣੀ ਰਾਜਧਾਨੀ ਮਦੀਨੇ ਦੀ ਥਾਂ ਤੇ ਦਮਸ਼ਿਕ ਬਣਾ ਲਈ। ਮਕਾ ਤੇ ਮਦੀਨਾ ਕੇਵਲ ਧਾਰਮਕ ਮਰਕਜ਼ ਹੀ ਬਣ ਕੇ ਰਹਿ ਗਏ । (੭੪੪-੭੪੯) ਈ: ਅਮੀਰ ਮੁਆਵੀਆ ਦੀ ਅਠਵੀਂ ਪੀੜ੍ਹੀ ਵਿਚੋਂ ਇਬਨ ਮੁਆਵੀਆ ਖਲੀਫਾ ਸੀ । ਇਸਨੂੰ ਕੂਫੇ ਦੇ ਇਕ ਅਰਬੀ ਸੂਦਾਰ ਅਬਦੁਲ ਅਬਾਸ ਨੇ ਕਤਲ ਕਰ ਦਿਤਾ ਤੇ ੭੪੯ ਵਿਚ ਹੀ ਖਿਲਾਫਤ ਤੇ ਕਬਜ਼ਾ ਕਰ ਲਿਆ । ਇਸ ਤੋਂ ਮਗਰੋਂ ਅਬਾਸੀਆ ਖਿਲਾਫਤ ਹੀ ਚਲਦੀ ਰਹੀ । ਅਬਦੁਲ ਅਬਾਸ ਨੇ ਆਪਣੀ ਪੰਜ ਸਾਲਾ ਖਿਲਾਫਤ ਦੇ ਦੌਰਾਨ ਵਿਚ ਬਨੀ ਉਮੱਈਆ ਦੇ ਸਾਰੇ ਰਾਜਕੁਮਾਰ ਕਤਲ ਕਰਵਾ ਦਿਤੇ ਸਨ। ਕੇਵਲ ਇਕ ਸ਼ਹਿਜ਼ਾਦਾ ਅਬਦੁਲ ਰਹਿਮਾਨ ਹੀ ਨਠ ਕੇ ਸਪੇਨ ਜਾ ਨਿਕਲਿਆ ਸੀ ਤੇ ਉਸ ਨੇ ਆਪਣੇ ਪਰਵਾਰ ਦੇ ਕੁਝ ਆਦਮੀ ਵੀ ਬਚਾ ਲਏ ਸਨ। ਅਬਾਸੀਆਂ ਨੇ ਆਪਣੀ ਰਾਜਧਾਨੀ ਕੁਝ ਦਿਨ ਦਮਸ਼ਕ ਹੀ ਰਖੀ। ਉਪਰੰਤ ਅਬਾਸ ਦੇ ਪੁਤਰ ਮਨਸੂਰ ਨੇ ਬਗਦਾਦ ਵਸਾਇਆ ਤੇ ਉਸੇ ਨੂੰ ਆਪਣੀ ਰਾਜਧਾਨੀ ਬਣਾ ਲਿਆ । ਮਨਸੂਰ ੭੫੪ ਤੋਂ ਲੈ ਕੇ ੭੭੪ ਤਕ ਖਲੀਫਾ ਰਿਹਾ । ਇਸ ਨੇ ਬਗਦਾਦ ਨੂੰ ਇਲਮ ਤੇ ਹੁਨਰ ਦਾ ਕੇਂਦਰ ਬਣਾ ਦਿਤਾ ।

ਖਿਲਾਫਤ ਅਬਾਸੀਆਂ ਪਾਸ ੧੦੩੭ ਤਕ ਪੂਰੇ ੨੯੯ ਸਾਲ ਰਹੀ। ਇਸ ਖਾਨਦਾਨ ਦੇ ਕਈ ਖਲੀਫੇ ਬੜੇ ਸਿਆਣੇ, ਕਦਰ-ਸ਼ਨਾਸ ਤੇ ਹੁਨਰਮੰਦ ਹੋਏ ਹਨ। ਅਰਬ ਦਾ ਬਦੂਪੁਣਾ ਦੂਰ ਕਰਨਾ ਵੀ ਇਨ੍ਹਾਂ ਦੇ ਹਿਸੇ ਹੀ ਆਇਆ ਹੈ।

ਖਿਲਾਫਤ ਦਾ ਸਿਲਸਿਲਾ ਕਈ ਸੌ ਸਾਲ ਲਗਾਤਾਰ ਚਲਦਾ ਰਿਹਾ ਤੇ ਅੰਤ ੧੯੧੪-੧੮ ਦੀ ਜੰਗ ਤੋਂ ਬਾਅਦ ਖਲੀਫਾ ਅਬਦੁਲ ਹਮੀਦ ਨੂੰ ਗਦੀਉਂ ਉਤਾਰ ਦਿਤਾ ਗਿਆ। ੧੯੨੧ ਵਿਚ ੨੦੦੦੦ ਮੁਸਲਮਾਨਾਂ ਨੇ ਖਿਲਾਫਤ ਮੁੜ ਜਾਰੀ ਕਰਨ ਲਈ ਜਦੋ-ਜਹਿਦ ਕੀਤੀ ਤੇ ਅੰਗਰੇਜ਼ਾਂ ਵਿਰੁਧ ਰੋਸ ਪਰਗਟ ਕਰਨ ਲਈ ਹਿਜਰਤ ਕਰ ਗਏ। ਪਰ ਅਜੇ ਖਿਲਾਫਤ ਦੀ ਲਹਿਰ ਚਲ ਹੀ ਰਹੀ ਸੀ ਕਿ ੩੧ ਅਗਸਤ ੧੯੨੩ ਨੂੰ ਤੁਰਕੀ ਦੇ ਕਮਾਲ ਪਾਸ਼ਾ ਨੇ ਖਿਲਾਫਤ ਦਾ ਉਕਾ ਹੀ ਖਾਤਮਾ ਕਰ ਦਿਤਾ।

ਸ਼ਈਆ ਮੁਸਲਮਾਨ

ਜਿਹਾ ਕਿ ਉਪਰ ਦਸਿਆ ਜਾ ਚੁਕਾ ਹੈ ਕਿ ਅਬਦੁਲ ਬਿਨ ਸੁਬਾਕੀ ਦਾ ਹਜ਼ਰਤ ਉਸਮਾਨ ਨਾਲ ਵਿਰੋਧ ਹੋਣ ਕਰਕੇ ਉਸ ਨੂੰ (ਉਸਮਾਨ) ੬੫੬ ਈ: ਵਿਚ ਹੀ ਕਤਲ ਕਰ ਦਿਤਾ ਸੀ। ਤੇ ਉਸ ਤੋਂ ਬਾਹਦ ਅਲੀ ਨੇ ਖਿਲਾਫਤ ਸੰਭਾਲੀ ਸੀ। ਅਬਦੁਲ ਬਿਨ ਸਬਾਕੀ ਨੂੰ ਹੀ ਸ਼ਅਈਆ ਫਿਰਕੇ ਦਾ ਬਾਨੀ

ਅਹਾ ਜਾਂਦਾ ਹੈ। ਇਹ ਨਸਲ ਦਾ ਯਹੂਦੀ ਸੀ । ਇਸਦੀ ਸ਼ਰਧਾ ਹਜ਼ਰਤ ਕਲੀ ਤੇ ਖਾਸ ਸੀ। ਇਸਦਾ ਨਿਸਚਾ ਸੀ ਕਿ ਅਸਲੀ ਖਲੀਫਾ ਤਾਂ ਹਜ਼ਰਤ ਮੁਹੰਮਦ ਸਾਹਿਬ ਨੇ ਹਜ਼ਰਤ ਅਲੀ ਨੂੰ ਹੀ ਮੁਕਰਰ ਕੀਤਾ ਸੀ, ਪਰ ਅਬੂਬਕਰ ਤੇ ਉਸਮਾਨ ਨੇ ਛਲ ਛਿਦ੍ਰ ਕਰਕੇ ਉਹਨਾਂ ਨੂੰ ਆਪਨੇ ਹਕ ਤੋਂ ਵਿੰਛਿਤ ਰਖਿਆ ਸੀ। ਇਹੀ ਕਾਰਨ ਸੀ ਕਿ ਸ਼ਅਈਏ ਉਪਰੋਕਤ ਖਲੀਫਿਆਂ ਤੇ ਸਿਦਕ ਨਹੀਂ ਰਖਦੇ।

ਅਬਦੁਲ ਬਿਨ ਸਬਾਕੀ ਨੇ ਰਲੂਲ (ਜੀਵ ਤੇ ਈਸ਼ਵਰ ਦੀ ਏਕਤਾ) ਦਾ ਪਰਚਾਰ ਕੀਤਾ। ਸ਼ਅਈਆ ਮੁਸਲਮਾਨ ਮਸਲਾਇ ਤੌਹੀਦ, ਨੁਬੱਵਤ, ਅਲੀ ਤੇ ਇਮਾਮ ਤੇ ਪੂਰਾ ਨਿਸਚਾ ਰਖਦੇ ਹਨ। ਉਹ ਹਜ਼ਰਤ ਉਸਮਾਨ ਉਤੇ ਦੂਸ਼ਨ ਲਾਂਦੇ ਹਨ ਕਿ ਉਸ ਨੇ ਜਾਣ ਬੁਝ ਕੇ ਹਜ਼ਰਤ ਅਲੀ ਤੇ ਉਸਦੀ ਸੰਤਾਨ ਬਾਰੇ ਨਾਜ਼ਲ ਹੋਈਆਂ ਆਇਤਾਂ ਨੂੰ ਕੁਰਾਨ ਵਿਚੋਂ ਕਢ ਦਿਤਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਕੁਰਾਨ ਦੀ ਮੌਜੂਦਾ ਸ਼ਕਲ ਹਜ਼ਰਤ ਉਸਮਾਨ ਤੇ ਅਬੂਬਕਰ ਦੀ ਸੰਚਿਤ ਹੈ। ਇਹ ਅਸਲੀ ਕੁਰਾਨ ਨਹੀਂ ਜੋ ਖੁਦਾ ਵਲੋਂ ਹਜ਼ਰਤ ਮੁਹੰਮਦ ਤੇ ਅਲੀ ਨੂੰ ਦਿਤਾ ਗਆ ਸੀ।

ਐਸ ਵੇਲੇ ਸ਼ਅਈਆਂ ਦੀਆਂ ਵੀ ਕਈ ਸ਼ਾਖਾਂ ਬਣ ਚੁਕੀਆਂ ਹਨ। ੧੫ਵੀਂ ਸਦੀ ਈ: ਦੇ ਪਹਿਲੇ ਚਾਰ ਦ੍ਹਾਕਿਆਂ ਵਿਚ ਈਰਾਨ ਤੇ ਸਫਾਵੀ ਵੰਸ ਦੀ ਬਾਦਸ਼ਾਹਤ ਰਹੀ ਤੇ ਉਨ੍ਹਾਂ ਨੇ ਸ਼ਅਈਆ ਮਤ ਨੂੰ ਹੀ ਈਰਾਨ ਦਾ ਰਾਜ ਧਰਮ ਬਣਾ ਦਿਤਾ। ਇਸ ਵੇਲੇ ਈਰਾਨ ਵਿਚ ਸ਼ਅਈਆ ਮੁਸਲਮਾਨ ਹੀ ਵਸਦੇ ਹਨ।

ਇਸਲਾਮੀ ਫਿਰਕੇ

ਜਿਹਾ ਕਿ ਉਪਰ ਦਸ ਚੁਕੇ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿਚ ਹੀ ਇਸਲਾਮ ਵਿਚ ਧਾਰਮਕ ਮਤ ਭੇਦ ਸੁਰੂ ਹੋ ਗਏ ਸਨ ਤੇ ਹੌਲੀ ਹੌਲੀ ਇਹ ਵਧਦੇ ਹੀ ਗਏ ਤੇ ਅੰਤ ੭੩ ਵਖੋ ਵਖਰੇ ਫਿਰਕਿਆਂ ਵਿਚ ਵੰਡੇ ਗਏ। ਇਥੇ ਸਾਰੇ ਫਿਰਕਿਆਂ ਦਾ ਜ਼ਿਕਰ ਕਰਨ ਨਾਲ ਲੇਖ ਦੇ ਬਹੁਤ ਲੰਬਾ ਹੋ ਜਾਣ ਦਾ ਡਰ ਹੈ, ਇਸ ਲਈ ਉਨ੍ਹਾਂ ਦਾ ਸੰਖੇਪ ਜਿਹਾ ਜ਼ਿਕਰ ਹੀ ਕੀਤਾ ਜਾਵੇਗਾ।

ਅਸਲ ਵਿਚ ਮੁਖੀ ਫਿਰਕੇ ਹੇਠ ਲਿਖੇ ੯ ਹੀ ਹਨ, ਜੋ ਅਗੋਂ ਆਪਣੀਆਂ ਸ਼ਾਖਾਂ ਛਡਦੇ ਗਏ ਹਨ, ਤੇ ਫਿਰਕੇ ਗਿਣਤੀ ਵਿਚ ੭੩ ਹੋ ਗਏ ਹਨ:

(੧) ਮੁਅਤਜਿਲਹ (੨) ਸ਼ੀਆ (੩) ਖਵਾਰਿਜ (੪) ਮੁਰਜੀਯਹ
(੫) ਨਜ਼ਾਰੀਯਹ (੬) ਜ਼ਬਰੀਯਹ (੭) ਕੁਦਰੀਯਹ (੮) ਮੁਸ਼ਬੀਹ
(੯) ਕਾਗਰੀਯਹ।

(੧) ਮੁਅਤਜ਼ਿਲਹ

ਇਸ ਫਿਰਕੇ ਦਾ ਬਾਨੀ ਵਾਸਿਲ ਬਿਨ ਅਤਾ ਸੀ। ਇਹ ਦੂਜੀ ਹਿਜਰੀ ਵਿਚ ਹੋਇਆ। ਇਸ ਦੀਆਂ ਅਗੋਂ ੨੧ ਸ਼ਾਖਾਂ ਚਲੀਆਂ।

(੨) ਸ਼ਈਆ

ਇਸ ਮਤ ਸਬੰਧੀ ਪਿਛੇ ਵਿਚਾਰ ਦਿਤੇ ਜਾ ਚੁਕੇ ਹਨ। ਇਹ ਅਬਦੁਲ ਬਿਨ ਸਬਾਕੀ ਦਾ ਚਲਾਇਆ ਮਤ ਹੈ। ਇਨ੍ਹਾਂ ਦਾ ਹਜ਼ਰਤ ਅਲੀ ਤੇ ਖਾਸ ਨਿਸਚਾ ਹੈ। ਇਨ੍ਹਾਂ ਦਾ ਖਿਆਲ ਹੈ ਕਿ ਹਜ਼ਰਤ ਅਲੀ ਮਰੇ ਨਹੀਂ ਤੇ ਹਜ਼ਰਤ ਮੁਹੰਮਦ ਫਿਰ ਸੰਸਾਰ ਵਿਚ ਆਉਣਗੇ। ਇਨ੍ਹਾਂ ਦੀਆਂ ਅਗੋਂ ੨੪ ਸ਼ਾਖਾਂ ਹਨ। ਇਸਨੂੰ ਰਾਫਜ਼ੀ ਵੀ ਕਿਹਾ ਜਾਂਦਾ ਹੈ।

(੩) ਖਵਾਰਿਜ

ਇਹ ਫਿਰਕਾ ਅਗੋਂ ਸਤ ਸ਼ਾਖਾਂ ਵਿਚ ਵੰਡਿਆ ਹੋਇਆ ਹੈ।

(੪) ਮੁਰਜੀਅਯਹ

ਇਸਨੂੰ ਹਸਾਨ ਬਿਨ ਬਲਾਲ ਮੁਰਜੀ ਨੇ ਚਲਾਇਖਾ। ਹਜ਼ਰਤ ਅਲੀ ਦੇ ਅਮੀਰ ਮੁਆਵੀਆ ਨਾਲ ਹੋਏ ਜੰਗਾਂ ਸਮੇਂ ਕੁਝ ਲੋਕ ਇਨ੍ਹਾਂ ਤੋਂ ਅਡ ਹੋ ਗਏ ਸਨ। ਇਨ੍ਹਾਂ ਦਾ ਆਗੂ ਹਸਾਨ ਬਿਨ ਬਲਾਲ ਮੁਰਜੀ ਸੀ, ਇਸਨੂੰ ਮੁਰਜੀਯਹ ਦੇ ਫਿਰਕੇ ਦਾ ਨਾਮ ਦਿਤਾ ਗਿਆ। ਇਹ ਕੇਵਲ ਖੁਦਾ ਤੇ ਰਸੂਲ ਤੇ ਹੀ ਨਿਸ਼ਚਾ ਰਖਦੇ ਹਨ। ਜਾ-ਨਸ਼ੀਨ ਨੂੰ ਨਹੀਂ ਮੰਨਦੇ। ਇਸ ਫਿਰਕੇ ਦੀਆਂ ਵੀ ਅਗੇ ਦਸ ਸ਼ਾਖਾਂ ਹਨ।

(੫) ਨਜ਼ਾਰੀਯਹ

ਇਸਨੂੰ ਹੁਸੈਨ ਬਿਨ ਮੁਹੰਮਦ ਬਿਨ ਅਬਦੁਲਾ ਨਜ਼ਾਰ ਨੇ ਚਲਾਇਆ। ਇਨ੍ਹਾਂ ਦੇ ਨਿਜ਼ਾਮ ਖਲੀਫਿਆਂ ਬਾਰੇ ਨੇਮ ਸੁੰਨੀਆਂ ਨਾਲ ਰਲਦੇ ਹਨ। ਇਸ ਫਿਰਕੇ ਦੀਆਂ ਚਾਰ ਸ਼ਾਖਾਂ ਹਨ।

(੬) ਜਬਰੀਯ

ਇਹ ਸ਼ੁਭ ਅਸ਼ੁਭ ਕਰਮ ਕਰਨ ਵਿਚ ਮਨੁਖ ਦੀ ਬੇਵਸੀ ਮੰਨਦੇ ਹਨ। ਇਨ੍ਹਾਂ ਦਾ ਖਿਆਲ ਹੈ ਕਿ ਸ਼ੁਭ ਅਸ਼ੁਭ ਕਰਮ ਕਰਨ ਦੀ ਪ੍ਰੇਰਨਾ ਖੁਦਾ ਵਲੋਂ ਹੀ ਹੁੰਦੀ ਹੈ। ਇਸ ਦੀਆਂ ਵੀ ਚਾਰ ਸ਼ਾਖਾਂ ਹਨ।

(੭) ਜਗਰੀਯਹ

ਇਹ ਫਿਰਕਾ ਜ਼ਗਰ ਬਿਨ ਉਮਰ ਅਨਗਾਮੀ ਤੋਂ ਸ਼ੁਰੂ ਹੋਇਆ ਹੈ। ਇਨ੍ਹਾਂ ਦਾ ਖਿਆਲ ਹੈ ਕਿ ਕਿਆਮਤ ਵਾਲੇ ਦਿਨ ਖ਼ੁਦਾ ਦੇ ਦਰਸ਼ਨ ਹੋਣਗੇ। ਪਰ ਇਨ੍ਹਾਂ ਨੇਤ੍ਰਾਂ ਨਾਲ ਉਸਦੇ ਦੀਦਾਰ ਨਹੀਂ ਹੋ ਸਕਦੇ। ਉਹ ਨੇਤਰ ਹੋਰ ਹੋਣਗੇ। ਇਸਦੀ ਕੋਈ ਸ਼ਾਖ ਨਹੀਂ।

(੮) ਕਦਰੀਯਹ

ਇਸਦਾ ਬਾਨੀ ਮਸ਼ਬਿਕ ਬਿਨ ਖਲਾਲ ਜਰਨੀ ਸੀ। ਇਨ੍ਹਾਂ ਦਾ ਨਿਸਚਾ ਹੈ ਕਿ ਚੰਗੇ ਮੰਦੇ ਕਰਮ ਜੀਵ ਆਪ ਕਰਦਾ ਹੈ, ਇਸ ਵਿਚ ਖ਼ੁਦਾ ਦਾ ਕੋਈ ਦਖਲ ਨਹੀਂ। ਇਹ ਸੰਨ ੮੦ ਹਿਜਰੀ ਵਿਚ ਹੋਇਆ।

(੯) ਮੁਸਬੀਯਹ

ਮੁਸਬੀਯਹ ਤੋਂ ਭਾਵ ਸਮਾਨਤਾ ਜ਼ਾਂ ਬਰਾਬਰੀ ਹੈ। ਇਹ ਖ਼ੁਦਾ ਨੂੰ ਆਦਮੀ ਵਾਂਗ ਹੀ ਬੋਲਣ ਚਾਲਣ ਵਾਲਾ ਮੰਨਦੇ ਹਨ ਤੇ ਉਸਦੀ ਸੂਰਤ ਵੀ ਆਦਮੀ ਵਰਗੀ ਹੀ ਮੰਨਦੇ ਹਨ। ਇਸ ਲਈ ਇਸਦਾ ਨਾਮ ਮੁਸਬੀਯਹ ਹੈ।

ਹਦੀਸੇ ਤਿਅਜ਼ੀ ਵਿਚ ਮੁਹੰਮਦ ਸਾਹਿਬ ਨੇ ਕਿਹਾ ਸੀ ਕਿ ਬਨੀ ਇਜ਼ਰਾਈਲ ਦੇ ਤਿਹਤਰ ਫਿਰਕੇ ਹੋਣਗੇ, ਪਰ ਇਕ ਤੋਂ ਛੁਟ ਸਭ ਹੀ ਦੋਜ਼ਖ ਵਿਚ ਜਾਣਗੇ। ਬਹਿਸ਼ਤ ਵਿਚ ਕੇਵਲ ਇਕੋ ਹੀ ਜਾਵੇਗਾ, ਜੋ ਮੇਰੀ ਤੇ ਮੇਰੇ ਸਰਾਬਾਂ ਦੀ ਮਰਯਾਦਾ ਨੂੰ ਪਾਲਨ ਕਰੇਗਾ।

ਸੁੰਨੀਆਂ ਦਾ ਖਿਆਲ ਹੈ ਕਿ ਇਹ ਪੇਜ਼ੀਨਗੋਈ ਕੇਵਲ ਉਨ੍ਹਾਂ ਤੇ ਹੀ ਲਾਗੂ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਨਯੀਮਾਂ ਤੇ ਕੇਵਲ ਉਹੀਓ ਹੀ ਚਲਦੇ ਹਨ। ਸਗਬਾਂ ਦੀ ਮਰਯਾਦਾ ਵੀ ਉਹੀ ਪਾਲਦੇ ਹਨ।

ਫਿਰਕਿਆਂ ਦੇ ਮੁਕੰਮਲ ਨਾਮ

ਉਪਰੋਕਤ ੯ ਫਿਰਕਿਆਂ ਤੋਂ ਛੁਟ ੬੩ ਹੋਰ ਵੀ ਫਿਰਕੇ ਹਨ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

(੧) ਬਿਸਰੀਯਹ
(੨) ਨਜ਼ਾਮੀਯਹ
(੩) ਅਸਵਾਰੀਯਹ
(੪) ਜਅਫਰੀਯਹ
(੫) ਇਸਕਾਫੀਯਹ
(੬) ਅਮਰੀਯਹ
(੭) ਵਾਸਿਲੀਯਹ
(੮) ਹੁਜੈਲੀਯਹ
(੯) ਬੁਹੱਸ਼ਮੀਯਹ

(੧੦) ਜ਼ਬਾਈਯਹ (੧੧) ਕਅਬੀਯਹ (੧੨) ਮਿਜ਼ਵਾਰੀਯਹ

(੧੩) ਹਿਸ਼ਾਮੀਯਹ (੧੪) ਹਾਬਿਤੀਯਹ (੧੫) ਸਹਾਜ਼ਿਯਹ
(੧੬) ਖੱਯਾਤੀਯਹ (੧੭) ਸਮਾਮੀਯਹ (੧੮) ਮਅਮਰੀਯਹ
(੧੯) ਸਾਲਿਹੀਯਹ (੨੦) ਹਦਸਿਯਹ (੨੧) ਕਰੈਬੀਯਹ
(੨੨) ਹਜ਼ਮੀਯਹ (੨੩) ਬਦਾਈਯਹ (੨੪) ਮੁਖਤਾਰਿਯ
(੨੫) ਕੈਸਾਨੀਯਹ (੨੬) ਖਤਾਬੀਯਹ (੨੭) ਮਨਸੂਰੀਯਹ
(੨੮) ਜਹਾਨੀਯਹ (੨੯) ਨੁਅਮਾਨੀਯਹ (੩੦) ਹਸਨੀਯਹ
(੩੧) ਇਸਨਾ-ਅਸਰੀਯਹ (੩੨) ਜ਼ੈਦੀਯਹ (੩੩) ਮਗਰੀਯਹ
(੩੪) ਕਾਮਲੀਯਹ (੩੫) ਇਸਹਾਕੀਯਹ (੩੬) ਹਰਬੀਯਹ
(੩੭) ਇਸਮਾਇਲੀਯਹ (੩੮) ਕਿਰਾਗਤਹ (੩੯) ਮਹਦਵੀਯਹ
(੪੦) ਮੁਕੰਨਈਯਹ (੪੧) ਨਸੀਰੀਯਹ (੪੨) ਅਬਾਜ਼ੀਯਹ
(੪੩) ਅਸਫਰੀਯਹ (੪੪) ਮੁਹੱਕਿਮਹ (੪੫) ਬੈਹਸੀਯਹ
(੪੬) ਅਜ਼ਾਰਕਯਹ (੪੭) ਨਜਦਾਤੀਯਹ (੪੮) ਬਕਰੀਯਹ
(੪੯) ਜਹਮੀਯਹ (੫੦) ਯੂਨਸੀਯਹ (੫੧) ਉਬੈਦੀਯਹ
(੫੨) ਗੋਸਾਨੀਯਹ (੫੩) ਸੌਬਾਨੀਯਹ (੫੪) ਸੋਮਨੀਯਹ
(੫੫) ਮੁਸੱਬੀਯਹ (੫੬) ਜਿਗਰੀਯਹ (੫੭) ਮੁਰੈਸੀਯਹ
(੫੮) ਗ਼ੀਲਾਨੀਯਹ (੫੯) ਸ਼ੁਬੀਬੀਯਹ (੬੦) ਸਿਮਰੀਯਹ
(੬੧) ਬਰੁਗ਼ੂਸੀਯਹ (੬੨) ਜ਼ੁਅਫਰਾਨੀਯ (੬੩) ਮੁਸਤਦਾਰਕਯ

ਇਸ ਤੋਂ ਛੁਟ ਹੋਰ ਵੀ ਕਈ ਫਿਰਕੇ ਮੁਖੀ ਸ਼ੇਖਾਂ ਤੇ ਪੀਰਾਂ ਦੇ ਨਾਂ ਤੇ ਜਾਰੀ ਹੋਏ ਹਨ, ਪਰ ਆਮ ਪ੍ਰਸਿਧਤਾ ਉਪਰੋਕਤ ੭੨ ਫਿਰਕਿਆਂ ਨੇ ਹੀ ਲਈ ਹੈ।

ਇਸਲਾਮ ਦੇ ਅਸੂਲ ਤੇ ਸਿਧਾਂਤ

(੧) ਰਬ ਇਕ ਹੈ। ਓਹ ਸਤਵੇਂ ਆਕਾਸ਼ ਤੇ ਰਹਿੰਦਾ ਹੈ। ਉਸ ਦਾ ਤਖਤ ਫਰਿਸ਼ਤਿਆਂ ਨੇ ਚੁਕਿਆ ਹੋਇਆ ਹੈ। ਓਹ ਸ੍ਰਿਸ਼ਟੀ ਦਾ ਕਰਤਾ ਹੈ। ਉਸ ਦੇ ਕੇਵਲ 'ਕੁੰਨ' ਕਹਿਣ ਨਾਲ ਹੀ ਸ੍ਰਿਸ਼ਟੀ ਬਣ ਗਈ। ਓਹ ਪਾਲਣਹਾਰ, ਜੱਬਾਰ, ਕਰਾਰ ਤੇ ਰਬ-ਉਲ-ਆਲਮੀਨ ਹੈ। ਉਸ ਤੋਂ ਬਿਨਾਂ ਕਿਸੇ ਦੂਜੇ ਦੀ ਪੂਜਾ ਵਿਵਰਜਤ ਹੈ।

(੨) ਹਜ਼ਰਤ ਮਹੰਮਦ ਰਬ ਦਾ ਭੇਜਿਆ ਹੋਇਆ ਰਸੂਲ ਹੈ। ਉਸ ਤੇ ਈਮਾਨ ਲਿਆਉਣਾ ਜ਼ਰੂਰੀ ਹੈ। ਮੁਅਜਜ਼ਾ (ਕਰਾਮਾਤ) ਪੈਗੰਬਰੀ ਦੀ ਇਕ ਸ਼ਰਤ ਹੈ।

"ਲਾ-ਇਲਾ-ਇਲਿਲਾ ਹੋ ਮਹੰਮਦ ਰਸੂਲ ਅਲਾਹ"

ਭਾਵ—ਮੈਂ ਗਵਾਹੀ ਦੇਂਦਾ ਹਾਂ ਬਿਨਾਂ ਅਲ੍ਹਾ ਦੇ ਹੋਰ ਕੁਝ ਵੀ ਨਹੀਂ। ਓਹ ਇਕ ਹੈ ਤੇ ਮਹੰਮਦ ਉਸ ਦਾ ਰਸੂਲ ਹੈ।

(੩) ਪੰਜ ਨਮਾਜ਼ਾਂ ਹਰ ਰੋਜ਼ ਪੜ੍ਹਨੀਆਂ ਜ਼ਰੂਰੀ ਹਨ :

(ੳ) ਸਲਾਤੁੱਲ ਫਜ਼ਰ ਯਾ ਨਮਾਜ਼ੇ ਸੁਬਹ, ਪੋਹ ਫੁਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਦੀ ਨਮਾਜ਼।

(ਅ) ਸਲਾਤੁੱਲ ਜ਼ਹਰ ਜਾਂ ਨਮਾਜ਼ੇ ਪੇਸ਼ੀਨ—ਜਦ ਸੂਰਜ ਢਲਣ ਲਗੇ ਉਸ ਵੇਲੇ ਦੀ ਨਿਮਾਜ਼।

(ੲ) ਸਲਾਤੁੱਲ ਅਸਰ ਜਾਂ ਨਮਾਜ਼ੇ ਦੀਗਰ—ਤੀਸਰੇ ਪਹਿਰ ਦੀ ਨਮਾਜ਼।

(ਸ) ਸਲਾਤੁੱਲ ਮਗ਼ਰਿਬ ਅਥਵਾ ਨਮਾਜ਼ੇ ਸ਼ਾਮ—ਸੂਰਜ ਛਿਪਣ ਤੋਂ ਲੈ ਕੇ ਸੂਰਜ ਚੜ੍ਹਨ ਤਕ ਦੀ ਨਮਾਜ਼।

(ਹ) ਸਲਾਤੁੱਲ ਇਸ਼ਾ ਜਾਂ ਨਮਾਜ਼ੇ ਖ਼ੁਫਤਨ। ਸੌਣ ਵੇਲੇ ਦੀ ਨਮਾਜ਼। ਉਪਰੋਕਤ ਪੰਜ ਨਿਮਾਜ਼ਾਂ ਤਾਂ ਜ਼ਰੂਰੀ ਫਰਜ਼ ਹੈ। ਪਰ ਇਨ੍ਹਾਂ ਤੋਂ ਛੁਟ ਇਹ ਤਿੰਨ ਨਿਮਾਜ਼ਾਂ ਅਖਤਿਆਰੀ ਵੀ ਹਨ ਜਿਨ੍ਹਾਂ ਦੇ ਪੜ੍ਹਨ ਦਾ ਭਾਰੀ ਸਵਾਬ ਹੁੰਦਾ ਹੈ :

(ੳ) ਸਲਾਤੁੱਲ ਇਸ਼ਰਾਕ ਜਾਂ ਨਮਾਜ਼ੇ ਇਸ਼ਰਾਕ। ਜਦ ਸੂਰਜ ਚੰਗੀ ਤਰ੍ਹਾਂ ਚੜ੍ਹ ਆਵੇ ਉਸ ਵੇਲੇ ਦੀ ਨਮਾਜ਼।

(ਅ) ਸਲਾਤੁੱਲ ਜ਼ੁਹਾ ਜਾਂ ਨਮਾਜ਼ੇ ਚਾਸ਼ਤ–ਕਰੀਬ ੧੧ ਵਜੇ ਦਿਨ ਦੇ।

(ੲ) ਸਲਾਤੁੱਲ ਤਤੱਜੁਦ ਜਾਂ ਨਮਾਜ਼ੇ ਤਤੱਜੁਦ। ਅਧੀ ਰਾਤ ਤੋਂ ਕੁਝ ਪਿਛੋਂ।

ਇਸ ਤੋਂ ਇਲਾਵਾ ਦੋ ਨਮਾਜ਼ਾਂ ਈਦ ਦੀਆਂ ਹਨ। ਇਕ ਈਦਲ-ਫਿਤਰ ਤੇ ਦੂਜੀ ਈਦੁਲ-ਜ਼ੁਹਾ ਦੀ।

'ਸਹੀਰੇ ਮੁਸਲਿਮ' ਵਿਚ ਲਿਖਿਆ ਹੈ, ਹਜ਼ਰਤ ਮੁਹੰਮਦ ਖ਼ੁਦਾ ਦੇ ਪੇਸ਼ ਹੋ ਕੇ ਜਦ ਮੁੜੇ ਤਦ ਰਾਹ ਵਿਚ ਛੇਵੇਂ ਅਸਮਾਨ ਤੇ ਉਨ੍ਹਾਂ ਨੂੰ ਹਜ਼ਰਤ ਮੂਸਾ ਮਿਲੇ। ਉਸ ਨੇ ਪੁਛਿਆ ਕਿ ਖੁਦਾ ਵਲੋਂ ਤੈਨੂੰ ਕੀ ਹੁਕਮ ਮਿਲਿਆ ਹੈ? ਮਹੰਮਦ ਸਾਹਿਬ ਨੇ ਆਖਿਆ ਪੰਜਾਹ ਵੇਲੇ ਨਮਾਜ਼ ਪੜ੍ਹਨ ਦਾ। ਹਜ਼ਰਤ ਮੂਸਾ ਨੇ ਕਿਹਾ ਤੇਰੀ ਉਮਤ ਨੇ ਕਦੇ ਤਾਮੀਲ ਨਹੀਂ ਕਰਨੀ। ਮੈਂ ਆਪਣੀ ਉਮਤ ਨੂੰ ਉਪਦੇਸ਼ ਦੇ ਦੇ ਥਕ ਗਿਆ ਪਰ ਉਸ ਤੋਂ ਅਮਲ ਹੋ ਨਹੀਂ ਸਕਿਆ। ਜਾਹ ਖੁਦਾ ਤੋਂ ਮੁੜ ਕੇ ਫਿਰ ਪੁਛ। ਜਦ ਹਜ਼ਰਤ ਨੇ ਖੁਦਾ ਨੂੰ ਇਹ ਮਜਬੂਰੀ ਦਸੀ, ਤਦ ਖੁਦਾ ਨੇ ਘਟਾਉਂਦੇ-ਘਟਾਉਂਦੇ ਪੰਜ ਵੇਲੇ ਨਮਾਜ਼ ਮੁਕਰਰ ਕੀਤੀ। ਜਦ ਫੇਰ ਪੈਗੰਬਰ ਨੇ ਮੂਸਾ ਪਾਸ ਆ ਕੇ ਸਾਰਾ ਹਾਲ ਦਸਿਆ ਤਾਂ ਉਸ ਨੇ ਆਖਿਆ, ਲੋਕਾਂ ਨੇ ਪੰਜ ਵੇਰ ਵੀ ਨਹੀਂ ਪੜ੍ਹਨੀ। ਜਾਹ ਖੁਦਾ ਪਾਸੋਂ ਕੁਝ ਹੋਰ ਮੁਆਫੀ ਮੰਗ। ਪਰ ਹਜ਼ਰਤ ਮਹੰਮਦ ਨੇ ਆਖਿਆ ਹੁਣ ਬਾਰ-ਬਾਰ ਅਰਜ਼ ਕਰਨ ਤੋਂ ਮੈਨੂੰ ਸ਼ਰਮ ਆਉਂਦੀ ਹੈ। ਹੁਣ ਮੈਂ ਕੁਝ ਨਹੀਂ ਪੁਛਾਂਗਾ।

ਨਮਾਜ਼ ਦਾ ਪੜ੍ਹਨਾ ਕੁਰਾਨ ਦੀਆਂ ਆਇਤਾਂ ਵਿਚ ਜ਼ਰੂਰੀ ਕਰਾਰ ਦਿਤਾ ਗਿਆ ਹੈ। ਇਹ ਅਰਬੀ ਵਿਚ ਜਿਸ ਤਰ੍ਹਾਂ ਲਿਖੀ ਹੋਈ ਹੈ ਉਸੇ ਤਰ੍ਹਾਂ ਪੜ੍ਹਨੀ ਜਾਇਜ਼ ਹੈ। ਤਰਜਮਾਂ ਕਰਕੇ ਕਿਸੇ ਦੂਜੀ ਬੋਲੀ ਵਿਚ ਪੜ੍ਹਨਾ ਵਿਵਰਜਤ ਹੈ। (ਤੁਰਕਾਂ ਨੇ ਹੁਣ ਬਾਂਗ ਤੇ ਨਮਾਜ਼ ਦੋਹਾਂ ਦੀ ਬੋਲੀ ਬਦਲ ਲਈ ਹੈ। ਉਨ੍ਹਾਂ ਦਾ ਖਿਆਲ ਹੈ ਉਸ ਬੋਲੀ ਵਿਚ ਜਿਸ ਦੀ ਸਮਝ ਨਾ ਹੋਵੇ ਉਸ ਵਿਚ ਬੰਦਗੀ ਜਾਂ ਭਜਨ ਪਾਠ ਕਰਨਾ ਲਾਭਦਾਇਕ ਨਹੀਂ। ਹੁਣ ਓਹ ਤੁਰਕੀ ਵਿਚ ਨਮਾਜ਼ ਤੇ ਬਾਂਗ ਪੜ੍ਹਦੇ ਹਨ) ਨਮਾਜ਼ ਤੋਂ ਪਹਿਲਾਂ ਜਿਸਮ ਅਤੇ ਬਸਤ੍ਰ ਚੰਗੀ ਤਰ੍ਹਾਂ ਸ਼ੁਧ ਕਰਨੇ ਚਾਹੀਦੇ ਹਨ। ਨਮਾਜ਼ ਪੜ੍ਹਨ ਲਈ ਜ਼ਮੀਨ ਵੀ ਅਪਵਿਤ੍ਰ ਨਾ ਹੋਵੇ।

ਜੇ ਨਮਾਜ਼ ਮਸਜਿਦ ਵਿਚ ਬਹੁਤਿਆਂ ਨੇ ਇਕਠੇ ਹੋ ਕੇ ਪੜ੍ਹਨੀ ਹੋਵੇ ਤਦ ਮਸੀਤ ਦੇ ਮੀਨਾਰ ਉਪਰ ਚੜ੍ਹ ਕੇ ਅਜ਼ਾਨ (ਬਾਂਗ) ਦਾ ਦੇਣਾ ਜ਼ਰੂਰੀ ਹੈ

ਤਾਂ ਕਿ ਅਜ਼ਾਨ ਸੁਣ ਕੇ ਸਭ ਜਮਾ ਹੋ ਜਾਣ। ਨਮਾਜ਼ ਪੜ੍ਹਨ ਵੇਲੇ ਜੁਤੀ ਦਾ ਉਤਾਰਨਾ ਤੇ ਸਿਰ ਦਾ ਕਜੇ ਹੋਣਾ ਜ਼ਰੂਰੀ ਹੈ।

ਉਪਰ ਲਿਖੀਆਂ ਨਮਾਜ਼ਾਂ ਤੋਂ ਛੁਟ ਕਿਸੇ ਖਾਸ ਕਾਰਜ ਲਈ ਨਮਾਜ਼ ਪੜ੍ਹਨੀ ਅਥਵਾ ਮੁਰਦੇ ਦੇ ਭਲੇ ਲਈ ਪ੍ਰਾਰਥਨਾ ਕਰਨੀ ਵੀ ਇਸਲਾਮ ਵਿਚ ਵਿਧਾਨ ਹੈ।

ਨੋਟ : ਯਹੂਦੀਆਂ ਵਿਚ ਸਤ ਵੇਲੇ ਨਮਾਜ਼ ਪੜ੍ਹਨ ਦੀ ਰੀਤ ਪਾਈ ਜਾਂਦੀ ਹੈ। ਵੇਖੋ ਜ਼ਬੂਰ ਕਾਂਡ ੧੧੯ ਆਯਤ ੧੬੪.

(Seven times a day do I praise Thee)

ਨਮਾਜ਼ ਕਾਹਬੇ ਵਲ ਮੂੰਹ ਕਰਕੇ ਪੜ੍ਹੀ ਜਾਵੇ। ਜੇ ਸਮੇਂ ਤੋਂ ਖੁੰਝ ਜਾਵੇ ਤਾਂ ਕਜ਼ਾ ਹੋ ਜਾਂਦੀ ਹੈ।

(੪) ਰਮਜ਼ਾਨ ਦੇ ਮਹੀਨੇ ਵਿਚ ੩੦ ਰੋਜ਼ੇ ਰਖਣੇ। ਸ਼ੁਕਰਵਾਰ ਨੂੰ ਪਵਿਤਰ ਦਿਨ ਸਮਝਣਾ।

ਹਿਜਰੀ ਸਾਲ ਦੇ ਨੌਵੇਂ ਮਹੀਨੇ ਨੂੰ ਰਮਜ਼ਾਨ ਦਾ ਮਹੀਨਾ ਕਹਿੰਦੇ ਹਨ। ਇਸ ਮਹੀਨੇ ਰੋਜ਼ੇ ਰਖਣੇ ਕਹੇ ਹਨ। ਇਸ ਮਹੀਨੇ ਬਹਿਸ਼ਤਾਂ ਦੇ ਦਰਵਾਜ਼ੇ ਖੁਲ੍ਹੇ ਰਹਿੰਦੇ ਮੰਨੇ ਗਏ ਹਨ। ਕਹਿੰਦੇ ਨੇ ਸ਼ੈਤਾਨ ਇਨ੍ਹਾਂ ਦਿਨਾਂ ਵਿਚ ਕੈਦ ਹੁੰਦਾ ਹੈ। ਰੋਜ਼ਾ ਰਖਣਾ ਪਾਪਾਂ ਦਾ ਨਾਸਕ ਹੈ (ਸੂਰਤ ਬਕਰ ਆਯਤ ੧੮੩ ਤੋਂ ੧੮੭ ਤਕ)।

ਜੇ ਕਰ ਕਿਸੇ ਮਜਬੂਰੀ ਕਰਕੇ ਰੋਜ਼ੇ ਰਖਣ ਵਿਚ ਕੁਝ ਕਮੀ ਰਹਿ ਜਾਏ ਤਾਂ ਓਹ ਫਿਰ ਪੂਰੀ ਕੀਤੀ ਜਾਵੇ। ਰਮਜ਼ਾਨ ਦੀ ੧੭ਵੀਂ ਰਾਤ 'ਲੈਲ ਤੁਲ ਕਦਰ' ਦੀ ਹੈ। ਆਮ ਰਾਏ ਹੈ ਕਿ ਇਸ ਰਾਤ ਲੋਹੇ ਮਹਿਫੂਜ਼ (ਇਕ ਤਖਤਾ) ਉਤੇ ਕੁਰਾਨ ਉਤਰਿਆ ਸੀ। ਲੋਹਿ ਮਹਿਫੂਜ਼ ਹੁਣ ਵੀ ਖੁਦਾ ਦੇ ਪਾਸ ਹੀ ਕਹੀ ਜਾਂਦੀ ਹੈ। ਇਸ ਰਾਤ ਨੂੰ ਜਾਗਾ ਕਰਕੇ ਕੁਰਾਨ ਪੜ੍ਹਿਆ ਜਾਂਦਾ ਹੈ।

ਰਮਜ਼ਾਨ ਦਾ ਮਹੀਨਾ ਹਰ ਸਾਲ ਸੂਰਜ ਦੇ ਹਿਸਾਬ ਤੇ ੧੦ ਦਿਨ ਪਿਛੇ ਹੋ ਜਾਂਦਾ ਹੈ। ਰਮਜ਼ਾਨ ਦੇ ਸ਼ਬਦੀ ਅਰਥ ਧੁਪ ਨਾਲ ਸੜਨਾ ਹੈ। ਇਸ ਮਹੀਨੇ ਦੀ ੧੯, ੨੧, ੨੩ ਤੇ ੨੭ ਨੂੰ ਕੀਤੀਆਂ ਸਾਰੀਆਂ ਅਰਦਾਸਾਂ ਮਨਜ਼ੂਰ ਹੋ ਜਾਂਦੀਆਂ ਹਨ ਕਿਉਂਕਿ ਮੁਸਲਮਾਨਾਂ ਦਾ ਇਹ ਨਿਸ਼ਚਾ ਹੈ ਕਿ ਇਨ੍ਹਾਂ ਦਿਨਾਂ ਵਿਚ ਬਹਿਸ਼ਤ ਦੇ ਦਰਵਾਜ਼ੇ ਖੁਲ੍ਹੇ ਹੁੰਦੇ ਹਨ। ਮਿਸਕਾਤ ਸ਼ਰੀਫ ਵਿਚੋਂ ਵੀ ਉਪਰੋਕਤ ਮਨੌਤ ਦਾ ਹਜ਼ਰਤ ਮਹੰਮਦ ਸਾਹਿਬ ਦੇ ਮੂੰਹੋਂ ਕਿਹਾ ਗਿਆ ਸਹੀ ਤਸਦੀਕ ਹੁੰਦਾ ਹੈ।

ਇਹ ਵੀ ਮਨੌਤ ਹੈ ਕਿ ਰਮਜ਼ਾਨ ਦੇ ਮਹੀਨੇ ਵਿਚ ਸ਼ੈਤਾਨ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਉਸ ਨੂੰ ਕੈਦ ਵਿਚ ਸੁਟਿਆ ਜਾਂਦਾ ਹੈ। ਇਸ ਮਹੀਨੇ ਵਿਚ ਰਖਿਆ ਗਿਆ ਇਕ ਰੋਜ਼ਾ ਭੀ ਹੋਰ ਸੈਂਕੜੇ ਦਿਨਾਂ ਨਾਲੋਂ ਉਤਮ ਹੈ। ਤੌਰੇਤ ਵਿਚ ਇਸ ਮਹੀਨੇ ਨੂੰ 'ਖਤ' ਲਿਖਿਆ ਹੈ ਤੇ ਅੰਜੀਲ ਵਿਚ 'ਤਾਬ'। ਮੁਸਲਮਾਨ ਰਮਜ਼ਾਨ ਦੇ ਅਰਥ ਸਾਰੇ ਹੀ ਗੁਨਾਹਾਂ ਨੂੰ ਨਸ਼ਟ ਕਰਨ ਵਾਲਾ ਮਹੀਨਾ ਮੰਨਦੇ ਹਨ। ਕਹਿੰਦੇ ਹਨ ਇਸ ਮਹੀਨੇ ਦੀ ਦਸਵੀਂ ਤਾਰੀਖ ਤਕ ਰਹਿਮਤ ਵਸਦੀ ਹੈ, ਵੀਹ ਤਾਰੀਖ ਤਕ ਪਦਾਰਥ, ਫਿਰ ਤੀਹ ਤਾਰੀਖ ਤੀਕ ਦੋਜ਼ਖ ਤੋਂ ਨਿਜਾਤ ਮਿਲਦੀ ਹੈ ਤੇ ਹੋਰ ਵੀ ਪੰਦਰਾਂ ਖਾਸ ਰਹਿਮਤਾਂ ਨਾਜ਼ਲ ਹੁੰਦੀਆਂ ਹਨ, ਮਸਲਨ, ਮਾਲ-ਦੌਲਤ, ਖਾਣ-ਪੀਣ ਦੀ ਬਹੁਤਾਤ, ਇਬਾਦਤ ਵਿਚ ਲਗ ਜਾਣਾ ਤੇ ਹੋਰ ਵੀ ਚੰਦ ਨੇਕੀਆਂ ਦਾ ਵਾਧਾ ਹੁੰਦਾ ਹੈ। ਜ਼ਮੀਨ ਤੇ ਆਸਮਾਨ ਦੇ ਫਰਿਸ਼ਤੇ ਰੋਜ਼ੇਦਾਰ ਲਈ ਬਖਸ਼ਸ਼ ਮੰਗਦੇ ਹਨ। ਇਸ ਮਹੀਨੇ ਵਿਚ ਹਰ ਰਾਤ ਨੂੰ ਸਤ ਲਖ ਆਦਮੀ ਦੋਜ਼ਖਾਂ ਤੋਂ ਆਜ਼ਾਦ ਹੁੰਦਾ ਹੈ ਪਰੰਤੂ ਜੁਮੇ (ਸ਼ੁਕਰਵਾਰ) ਨੂੰ ਉਣੰਜਾ ਲਖ। ਬਹਿਸ਼ਤ ਭਰ ਜਾਂਦਾ ਹੈ। ਰੋਜ਼ੇ ਰਖਣ ਵਾਲੇ ਗੁਨਾਹਾਂ ਤੋਂ ਪਾਕ ਹੁੰਦੇ ਹਨ। ਉਨ੍ਹਾਂ ਉਤੇ ਖੁਦਾ ਦੀ ਖੁਸ਼ੀ ਹੁੰਦੀ ਹੈ। ਗੱਲ ਕੀ ਇਸ ਮਹੀਨੇ ਵਿਚ ਸਭ ਰਹਿਮਤਾਂ ਮਿਲਦੀਆਂ ਹਨ। ਜਬਰਾਈਲ ਆਦਿ ਫਰਿਸ਼ਤੇ ਸਠ ਹਜ਼ਾਰ ਫਰਿਸ਼ਤਿਆਂ ਦਾ ਜਥਾ ਲੈ ਕੇ ਨੂਰੀ ਝੰਡੇ ਲਹਿਰਾਂਦੇ ਫਰਸ਼ ਤੇ ਉਤਰਦੇ ਹਨ ਤੇ ਕਾਹਬਾ ਸ਼ਰੀਫ, ਹੁਜਰਾ ਮਹੰਮਦ ਸਾਹਿਬ, ਮਸਜਿਦ ਬੈਤੁਲ ਮੁਕੱਦਸ, ਤੂਰ ਸੈਨਾਂ ਦੀ ਮਸ਼ਜਿਦ ਤੇ ਜਾਂਦੇ ਹਨ ਤੇ ਫਿਰ ਕੁਲ ਜਹਾਨ ਵਿਚ ਪਸਰ ਜਾਂਦੇ ਹਨ ਤੇ ਹਰ ਥਾਂ ਜਿਥੇ ਮੋਮਨ ਮਰਦ ਔਰਤਾਂ ਰਹਿੰਦੇ ਹਨ, ਗਰਜ਼ੇ ਕਿ ਹਰ ਹੁਜਰੇ ਤੇ ਵੀ ਜਾਂਦੇ ਹਨ। ਸਵਾਏ ਉਸ ਘਰ ਦੇ ਜਿਥੇ ਕੁਤੇ, ਸੂਰ ਜਾਂ ਸ਼ਰਾਬੀ ਹੋਣ ਜਾਂ ਜਿਥੇ ਹਰਾਮ ਵਸਤੂਆਂ ਜਾਂ ਤਸਵੀਰ ਹੋਵੇ। ਇਸ ਤਰ੍ਹਾਂ ਸਵਾਏ ਸ਼ਰਾਬੀ, ਮਾਂ-ਬਾਪ ਦੇ ਨਾਫੁਰਮਾਨ, ਦਿਆ-ਹੀਨ, ਤੇ ਮੁਸਲਮਾਨਾਂ ਦੇ ਵੈਰੀਆਂ ਦੇ ਬਾਕੀ ਸਾਰੇ ਮੁਸਲਮਾਨ ਜੋ ਰੋਜ਼ੇਦਾਰ ਹਨ, ਇਸ ਮਹੀਨੇ ਬਖਸ਼ੇ ਜਾਂਦੇ ਹਨ ਤੇ ਉਨ੍ਹਾਂ ਦੇ ਸਭ ਗੁਨਾਹ ਮੁਆਫ ਹੋ ਜਾਂਦੇ ਹਨ।

ਮਾਸੂਮ ਬੱਚੇ, ਦੁਧ ਚੁੰਘਦੇ ਬੱਚੇ ਦੀ ਮਾਂ, ਗਰਭ ਵਤੀ ਇਸਤ੍ਰੀ ਨੂੰ ਰੋਜ਼ਾ ਮੁਆਫ ਹੈ।

ਰੋਜ਼ਿਆਂ ਵਿਚ ਲੜਨਾ-ਝਗੜਨਾ, ਨਿੰਦਾ ਕਰਨੀ ਮਮਨੂਹ ਕਰਾਰ ਦਿਤੀ ਗਈ ਹੈ। ਈਦ ਵਾਲੇ ਦਿਨ ਰੋਜ਼ੇ ਮੁਕਦੇ ਹਨ ਤੇ ਈਦ ਚੰਨ ਵੇਖ ਕੇ ਮਨਾਈ ਜਾਂਦੀ ਹੈ। ਜੇਕਰ ਚੰਨ ਨਾ ਦਿਸ ਸਕੇ ਤਾਂ ਇਕ ਦੋ ਦਿਨ ਅਗੇ ਪਾਈ ਜਾਂਦੀ ਹੈ।

ਸ਼ੁਕਰਵਾਰ

ਸ਼ੁਕਰਵਾਰ ਦਾ ਇਸਲਾਮੀ ਨਾਮ ਜੁਮਾ ਹੈ। ਇਸਲਾਮੀ ਮਨੌਤ ਹੈ ਕਿ ਇਸ ਦਿਨ ਖ਼ੁਦਾ ਬਾਬਾ ਆਦਮ ਨੂੰ ਬਹਿਸ਼ਤ ਦੇ ਬਾਗ ਵਿਚ ਲੈ ਗਿਆ ਸੀ। ਇਹ ਵੀ ਕਹਿੰਦੇ ਨੇ ਕਿ ਇਸੇ ਦਿਨ ਹੀ ਕਬਰਾਂ ਵਿਚੋਂ ਜਾਗੀਆਂ ਰੂਹਾਂ ਦੇ ਹਿਸਾਬ ਹੋ ਕੇ ਫੈਸਲੇ ਹੋਣਗੇ।

ਹਰ ਜੁਮੇ ਨੂੰ ਦੁਪਹਿਰ ਦੀ ਨਮਾਜ਼ ਤੋਂ ਪਹਿਲਾਂ ਖ਼ੁਤਬਾ ਪੜ੍ਹਿਆ ਜਾਂਦਾ ਹੈ। ਜੁਮੇ ਦੀ ਨਮਾਜ਼ ਤੋਂ ਪਹਿਲਾਂ ਤੇ ਈਦ ਦੀ ਨਮਾਜ਼ ਤੋਂ ਬਾਹਦ ਇਮਾਮ ਜੋ ਵਾਹਜ਼ (ਉਪਦੇਸ਼) ਕਰਦਾ ਹੈ ਉਸ ਨੂੰ ਖੁਤਬਾ ਕਿਹਾ ਜਾਂਦਾ ਹੈ। ਜੁਮੇ ਦਾ ਖੁਤਬਾ ਤੇ ਨਮਾਜ਼ ਜੋ ਸ਼ਰੱਈ ਸੁਣਦਾ ਤੇ ਪੜ੍ਹਦਾ ਹੈ ਉਸ ਦੇ ਪੂਰੇ ਸਾਤੇ ਦੇ ਪਾਪ ਨਸ਼ਟ ਹੋ ਜਾਂਦੇ ਹਨ। ਖੁਤਬੇ ਦੇ ਮਗਰੋਂ ਹਰ ਮੋਮਨ ਰਸੂਲ ਅਤੇ ਖਲੀਫਿਆਂ ਲਈ ਖ਼ੁਦਾ ਪਾਸੋਂ ਦੁਆ ਮੰਗਦਾ ਹੈ।

ਰਮਜ਼ਾਨ ਦੇ ਮਹੀਨੇ ਦੇ ਅੰਤਲੇ ਜੁਮੇ ਨੂੰ 'ਜੁਮਾਂ-ਉਲ-ਵਿਦਾ' ਕਹਿੰਦੇ ਹਨ। ਉਂਜ ਤਾਂ ਜੁਮੇ ਦਾ ਦਿਨ ਹੀ ਪਵਿਤਰ ਮੰਨਿਆਂ ਜਾਂਦਾ ਹੈ। ਪਰ ਇਹ ਜੁਮਾ ਤਾਂ ਬਹੁਤ ਮਹੱਤਵ ਰਖਦਾ ਹੈ।

(੫) ਹਜ

ਸਰਬਾਤ ਮਕੇ ਦੀ ਯਾਤਰਾ ਕਰਨੀ।

ਹਜ ਅਕਸਰ ਕਮਰੀ ਸਾਲ ਦੇ ੧੨ਵੇਂ ਮਹੀਨੇ ਕੀਤਾ ਜਾਂਦਾ ਹੈ। ਇਸ ਮਹੀਨੇ ਦਾ ਨਾਮ 'ਜ਼ੁਅਲ ਹਜ' ਹੈ। ਹਜ ਕਰਨ ਵਾਲੇ ਮਕੇ ਪੁਜ ਕੇ ਸੰਗੇ ਅਸਵਦ ਨੂੰ ਚੁਮਦੇ ਹਨ। ਚਾਹਿ ਜ਼ਮਜ਼ਮ (ਗੰਗਾ ਦੀ ਤਰ੍ਹਾਂ ਜਿਸ ਦਾ ਜਲ ਪਵਿਤ੍ਰ ਮੰਨਿਆ ਜਾਂਦਾ ਹੈ) ਤੋਂ ਪਾਣੀ ਮੰਗਾ ਕੇ ਪੀਂਦੇ ਹਨ। ਮਕਾ ਹਜ਼ਰਤ ਇਬ੍ਰਾਹੀਮ ਜੀ ਦਾ ਕਾਇਮ ਕੀਤਾ ਗਿਆ ਮੰਨਦੇ ਹਨ।

ਨੋਟ : ਹਿੰਦੂਆਂ ਦਾ ਖਿਆਲ ਹੈ ਪਹਿਲਾਂ ਇਹ ਸ਼ਿਵ ਮੰਦਰ ਸੀ। ਮਕੇਸ਼ਵਰ ਤੋਂ ਮਕਾ ਨਾਮ ਪਿਆ ਹੈ ਤੇ ਸੰਗੇ ਅਸਵਦ (ਕਾਲਾ ਪਥਰ) ਅਸਲ ਵਿਚ ਸ਼ਿਵ ਲਿੰਗ ਹੈ।

ਐਹਰਾਮ ਬਣਨਾ

ਹਾਜੀਆਂ ਦਾ ਕਾਫਲਾ ਮਕੇ ਤੋਂ ਇਕ ਪੜਾ ਉਰਾਂ ਹੀ ਇਸ਼ਨਾਨ ਕਰਕੇ ਪਵਿਤਰ ਹੁੰਦਾ ਹੈ। ਇਕ ਚਾਦਰ ਤੇੜ ਪਹਿਨਦੇ ਹਨ ਤੇ ਇਕ ਚਾਦਰ ਉਪਰ ਓੜ੍ਹ ਲੈਂਦੇ ਹਨ। ਨੰਗੇ ਪੈਰੀਂ ਜਾਂ ਖੜਾਵਾਂ ਪਾ ਕੇ ਚਲਦੇ ਹਨ। ਇਸ ਮਰਿਯਾਦਾ

ਦੇ ਪਾਲਨ ਕਰਨ ਨੂੰ ਐਹਰਾਮ ਬਣਨਾ ਕਹਿੰਦੇ ਹਨ। ਮਹੰਦ ਸਾਹਿਬ ਦੇ ਵੇਲੇ ਚਾਦਰਾਂ ਨਹੀਂ ਓਹੜੀਆਂ ਜਾਂਦੀਆਂ ਸਨ। ਨੰਗੇ ਹੋ ਕੇ ਯਾਤਰਾ ਕਰਦੇ ਸਨ।

ਇਸ ਪੜਾਓ ਤੋਂ ਚਲ ਕੇ ਸਾਰੇ ਇਕ ਗੀਤ ਗਾਂਦੇ ਹਨ। ਜਿਸ ਦਾ ਭਾਵ ਇਸ ਪ੍ਰਕਾਰ ਹੈ :–"ਮੈਂ ਤੇਰੀ ਸੇਵਾ ਲਈ ਖੜਾ ਹਾਂ। ਤੇਰਾ ਸ਼ਰੀਕ ਕੋਈ ਨਹੀਂ ਹੈ। ਨਿਸ਼ਚੇ ਕਰਕੇ ਤੇਰੀ ਹੀ ਵਡਿਆਈ ਹੈ ਅਤੇ ਤੇਰਾ ਹੀ ਰਾਜ ਹੈ।"

ਕਾਬੇ ਪਾਸ ਇਸ਼ਨਾਨ ਕਰਨ ਮਗਰੋਂ ਸਤ ਪਰਕਰਮਾਂ ਤੇ ਸੰਗੇ ਅਸਵਦ ਨੂੰ ਚੁਮਣਾ ਪੈਂਦਾ ਹੈ। ਪਹਿਲੀਆਂ ਤਿੰਨ ਪਰਕਰਮਾਂ ਕਾਹਬੇ ਨੂੰ ਖਬੇ ਹਥ ਰਖ ਕੇ ਛੇਤੀ-ਛੇਤੀ ਚਲ ਕੇ ਕਰੀ ਦਾ ਹੈ ਤੇ ਮਗਰਲੀਆਂ ਚਾਹ ਹੌਲੀ-ਹੌਲੀ ਚਲ ਕੇ। ਹਰ ਇਕ ਪਰਕਰਮਾ ਮੁਕਾਣ ਤੇ ਸੰਗੇ ਅਸਵਦ ਨੂੰ ਚੁੰਮਣਾ ਪੈਂਦਾ ਹੈ। ਫਿਰ ਹਜ਼ਰਤ ਇਬਰਾਹੀਮ ਦੇ ਘਰ ਦੀ ਯਾਤਰਾ ਕਰਨ ਮਗਰੋਂ ਪਾਸ ਦੀ ਪਹਾੜੀ ਪਰ ਪਹੁੰਚ ਕੇ ਪ੍ਰਾਰਥਨਾ ਕਰਦੇ ਹਨ। ਫੇਰ ਮਰਵਾ ਚੋਟੀ ਪਰ ਚੜ੍ਹਕੇ ਨਿਮਸ਼ਕਾਰ ਕਰਕੇ ਖ਼ੁਤਬਾ ਸੁਣਦੇ ਹਨ। ਇਸਤੋਂ ਬਾਅਦ ਮਿਨਾ ਨਾਂ ਦੇ ਮੈਦਾਨ ਵਿਚ ਅਰਫਾਤ ਦੀ ਪਹਾੜੀ ਵਲ ਚਲ ਪੈਂਦੇ ਹਨ ਤੇ ਉਥੇ ਦੇ ਉਪਦੇਸ਼ ਸੁਣਦੇ ਤੇ ਬੇਨਤੀਆਂ ਕਰਦੇ ਹਨ। ਸ਼ਾਮ ਦੀ ਨਮਾਜ਼ ਮੁਜ਼ਦਿਲ ਲਫਾ ਦੇ ਅਸਥਾਨ ਤੇ ਪੜ੍ਹਦੇ ਹਨ। ਇਹ ਸਭ ਕੁਝ ੯ ਤਾਰੀਖ ਤਕ ਖਤਮ ਕਰਨਾ ਹੁੰਦਾ ਹੈ। ਦਸਵੀਂ ਨੂੰ ਕੁਰਬਾਨੀ ਦੇਣ ਦਾ ਦਿਨ ਹੋਂਦਾ ਹੈ। ਜੋ ਮਿਨਾ ਦੇ ਅਸਥਾਨ ਉਤੇ ਦਿਤੀ ਜਾਂਦੀ ਹੈ। ਕੁਰਬਾਨੀ ਹੇਠ ਲਿਖੇ ਪਸ਼ੂਆਂ ਦੀ ਦਿਤੀ ਜਾਂਦੀ ਹੈ :

ਦੁੰਬਾ, ਊਠ, ਗਊ।

ਜਾਨਵਰ ਦਾ ਸਿਰ ਕਾਬੇ ਵਲ ਕਰਕੇ ਲਿਟਾ ਦੇਂਦੇ ਹਨ ਫੇਰ ਉਸਦੇ ਸਜੇ ਪਾਸੇ ਖਲੋਕੇ 'ਅਲਾ ਹੂ ਅਕਬਰ' ਕਹਿਕੇ ਗਲੇ ਤੇ ਛੁਰੀ ਚਲਾ ਦੇਂਦੇ ਹਨ।

ਹਜ ਦੇ ਦਿਨਾਂ ਵਿਚ ਸਿਰ ਮੁਨਵਾਣਾ, ਨਹੂੰ ਉਤਰਵਾਣੇ ਮਨ੍ਹਾਂ ਹਨ। ਵਾਪਸੀ ਵੇਲੇ ਮੁੜ ਕਾਹਬੇ ਦੀ ਪਰਕਰਮਾ ਕਰਦੇ ਹਨ ਤੇ ਉਥੇ ਸ਼ੈਤਾਨ ਦੇ ਥੰਮ ਨੂੰ ਸਤ ਵਟੇ ਮਾਰਦੇ ਹਨ ਅਤੇ ਫੇਰ ਚਾਹੇ ਜ਼ਮਜ਼ਮ ਦਾ ਜਲ ਛਕਦੇ ਹਨ। ਇਹ ਹੈ ਹੱਜ ਦੀ ਸੰਖੇਪ ਤਸਵੀਰ।

ਜ਼ਕਾਤ

(੬) ਆਪਣੀ ਕਮਾਈ ਦਾ ਚਾਲ੍ਹੀਵਾਂ ਹਿਸਾ ਖ਼ੁਦਾ ਦੇ ਨਾਮ ਤੇ ਦੇਣਾ ਅਰਥਾਤ ਧਰਮ ਅਰਥ ਦੇਣਾ ਜ਼ਰੂਰੀ ਹੈ। ਇਸਨੂੰ ਜ਼ਕਾਤ ਕਹਿੰਦੇ ਹਨ। ਜ਼ਕਾਤ ਅਦਾ ਕਰਨੀ ਹਰ ਮੋਮਨ ਲਈ ਸ਼ਰ੍ਹਾ ਦਾ ਹੁਕਮ ਹੈ।

(੭) ਸੁੰਨਤ ਕਰਾਉਣੀ, ਦਾਹੜੀ ਨਹੀਂ ਕਟਾਣੀ, ਲੱਬ ਕਟਾਣੀਆਂ

ਸੁੰਨਤ

ਇੰਦ੍ਰੀ ਦੇ ਅਗਲੇ ਹਿਸੇ ਦੇ ਦੋ ਕੁ ਉਂਗਲ ਪੜ੍ਹਦੇ ਦੇ ਮਾਸ ਨੂੰ ਕਟ ਦੇਣ ਦਾ ਨਾ ਖੁਤਨਾ·ਕਰਨਾ ਜਾਂ ਸੁੰਨਤ ਕਰਨਾ ਹੈ । ਮੁਸਲਮਾਨ ਹੋਣ ਲਈ ਸੁੰਨਤ ਦੇ ਅਸੂਲ ਦਾ ਪਾਲਨ ਕਰਨਾ ਬਹੁਤ ਜ਼ਰੂਰੀ ਹੈ । ਸੁੰਨਤ ਦਾ ਜ਼ਿਕਰ ਭਾਵੇਂ ਕੁਰਾਨ ਵਿਚ ਨਹੀਂ ਪਰ ਇਹ ਅਮਰ ਵਾਕਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਖੁਤਨਾ ਕਰਵਾਇਆ ਸੀ ਤੇ ਜੋ ਕਰਮ ਵੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੀ ਉਮਤ ਨੂੰ ਸਿਖਿਆ ਦੇਣ ਲਈ ਕੀਤੇ ਸਾਰੇ ਹੀ ਸੁੰਨਤ ਰੂਪ ਕਹੇ ਜਾਂਦੇ ਹਨ । ਇਸ ਰੀਤ ਦਾ ਮੁੱਢ ਹਜ਼ਰਤ ਇਬਰਾਹੀਮ ਜੀ ਤੋਂ ਚਲਿਆ ਸੀ । ਬਾਈਬਲ ਵਿਚ ਵੀ ਸੁੰਨਤ ਦਾ ਜ਼ਿਕਰ ਆਉਂਦਾ ਹੈ ਤੇ ਪੁਰਾਣੇ ਈਸਾਈ ਸੁੰਨਤ ਕਰਾਂਦੇ ਸਿਧ ਹੋਂਦੇ ਹਨ । ਮੁਸਲਮਾਨਾਂ ਵਿਚ ਵੀ ਇਹ ਰਿਵਾਜ ਮੁਸੇਈਆਂ ਤੇ ਈਸਾਈਆਂ ਤੋਂ ਹੀ ਆਇਆ ਹੈ । ਤੌਰੇਤ ਵਿਚ ਲਿਖਿਆ ਹੈ ਕਿ ਖ਼ੁਦਾ ਨੇ ਇਬਰਾਹੀਮ ਨੂੰ ਆਖਿਆ ਕਿ ਤੂੰ ਤੇ ਤੇਰੀ ਵੰਸ ਪੀੜ੍ਹੀ ਦਰ ਪੀੜ੍ਹੀ ਮੇਰੇ ਨੇਮ ਨੂੰ ਮੰਨੇ ਤੇ ਓਹ ਨੇਮ ਇਹ ਹੈ ਕਿ ਹਰ ਇਕ ਦਾ ਖ਼ੁਤਨਾ ਕੀਤਾ ਜਾਵੇ । ਇਹ ਨੇਮ ਤੇਰੀ ਆਪਣੀ ਜਾਂ ਤੇਰੀ ਵੰਸ ਜਾਂ ਪ੍ਰਦੇਸੀ ਮੁਲ ਖਰੀਦੇ ਬਚੇ ਦਾ ਜ਼ਰੂਰ ਖੁਤਨਾ ਕੀਤਾ ਜਾਵੇ । ਅਰ ਜਿਹੜਾ ਅਖ਼ੁਤਨ ਬਾਲਕ (ਜਿਸਦੀ ਖਲੜੀ ਦਾ ਖੁਤਨਾ ਨਾ ਹੋਇਆ ਹੋਵੇ) ਓਹ ਪ੍ਰਾਣੀ ਆਪਣੇ ਲੱਕ-ਥੀਂ ਕਟਿਆ ਜਾਵੇ ਕਿਉਂਕਿ ਉਸਨੇ ਮੇਰਾ ਨੇਮ ਤੋੜਿਆ ਹੈ (ਤੌਰੇਤ ਪੁ: ੧੦ ਅ: ੯ ਤੋਂ ੧੪)

ਇਸੇ ਤਰ੍ਹਾਂ ਲੱਬਾਂ (ਮੁਛਾਂ ਦੇ ਓਹ ਵਾਲ ਜੋ ਲਬਾਂ ਅਰਥਾਤ ਹੋਠਾਂ ਨੂੰ ਢਕਣ) ਦਾ ਕਟਣਾ ਵੀ ਜ਼ਰੂਰੀ ਹੈ ਪਰ ਦਾੜ੍ਹੀ ਸਲਾਮਤ ਰਖਣ ਦਾ ਹੁਕਮ ਹੈ ।

(੮) ਮੁਰਦੇ ਨੂੰ ਸਾੜਨਾ ਨਹੀਂ, ਕਿਉਂਕਿ ਕਿਆਮਤ ਦੇ ਦਿਨ ਕਬਰਾਂ ਵਿਚੋਂ ਮੁਰਦੇ ਜਾਗ ਉਠਣਗੇ । ਫਰਿਸ਼ਤਾ ਬਿਗਲ ਵਜਾਏਗਾ, ਚੰਗੇ ਮੰਦੇ ਕਰਮਾਂ ਦਾ ਹਿਸਾਬ ਹੋਵੇਗਾ । ਪੁੰਨੀ ਸਵਰਗ ਵਿਚ ਭੇਜੇ ਜਾਣਗੇ । ਪਾਪੀ ਦੋਜ਼ਖ ਵਿਚ ਸੜਨਗੇ । ਖ਼ੁਦਾ ਤੇ ਰਸੂਲ ਤੇ ਈਮਾਨ ਲਿਆਏ ਬਿਨਾ ਮੁਕਤੀ ਦਾ ਹੋਰ ਕੋਈ ਰਸਤਾ ਨਹੀਂ ।

ਇਸਲਾਮ ਮਤ ਅਨੁਸਾਰ ਕਿਆਮਤ ਦੇ ਦਿਨ ਤਕ ਰੂਹਾਂ ਕਬਰਾਂ ਵਿਚ ਹੀ ਨਿਵਾਸ ਕਰਦੀਆਂ ਹਨ । ਕਬਰ ਪੁਟਣ ਲਈ ਵੀ ਖਾਸ ਸ਼ਰ੍ਹਾਂ ਹੈ ਤੇ ਓਸ ਅਨੁਸਾਰ ਕਬਰ ਮੁਰਦੇ ਦੀ ਛਾਤੀ ਦੇ ਉਚਾਈ ਜਿਨੀ ਡੂੰਘੀ ਪੁਟੀ ਜਾਂਦੀ ਹੈ । ਮੁਰਦੇ ਦੇ ਖੁਲ੍ਹੇ ਲੇਟਣ ਲਈ ਪਾਸਿਓਂ ਪਾਸਿਓਂ ਹੋਰ ਖੋਦਾਈ ਕਰਦੇ ਹਨ । ਮੁਰਦੇ ਦਾ ਮੂੰਹ ਕਾਹਬੇ (ਪਛਮ) ਵਲ ਰਖਿਆ ਜਾਂਦਾ ਹੈ ਤੇ ਕਬਰ ਭਰਨ

ਵੇਲੇ ਮੁਰਦੇ ਦੇ ਉਪਰ ਮਿਟੀ ਨਹੀਂ ਗਿਰਨ ਦੇਂਦੇ।

ਇਹ ਵੀ ਅਕੀਦਾ ਹੈ ਕਿ ਜਦ ਲੋਕੀ ਮੁਰਦਾ ਦਫਨ ਕਰਕੇ ਵਾਪਸ ਚਲੇ ਜਾਂਦੇ ਹਨ ਤਾਂ ਬਾਅਦ ਵਿਚ 'ਨਕੀਰ' ਤੇ 'ਮੁਨਕਰ' ਨਾਂ ਦੇ ਦੋ ਫਰਿਸ਼ਤੇ ਮੁਰਦੇ ਪਾਸੋਂ ਪੁਛ ਕਰਨ ਲਈ ਆਉਂਦੇ ਹਨ ਕਿ ਕੀ ਓਹ ਮੁਹੰਮਦ ਸਾਹਿਬ ਤੇ ਯਕੀਨ ਰਖਦਾ ਹੈ ਜਾਂ ਨਹੀਂ। ਜੇਕਰ ਓਹ ਮੁਹੰਮਦ ਸਾਹਿਬ ਤੇ ਅਕੀਦਾ ਰਖਦਾ ਹੋਵੇ ਤਾਂ ਉਸਦੀ ਕਬਰ ਸਤਰ ਗਜ਼ ਲੰਮੀ ਤੇ ਸਤਰ ਗਜ਼ ਚੌੜੀ ਹੋ ਜਾਂਦੀ ਹੈ ਅਰ ਉਸ ਅੰਦਰ ਰੋਸ਼ਨੀ ਹੋ ਜਾਂਦੀ ਹੈ। ਫਰਿਸ਼ਤੇ ਉਸਨੂੰ ਕਹਿੰਦੇ ਹਨ ਕਿ ਓਹ ਕਿਆਮਤ ਤਕ ਗਹਿਰੀ ਨੀਂਦਰੇ ਸੁਤਾ ਰਹੇਗਾ ਤੇ ਉਸਨੂੰ ਕਿਸੇ ਕਿਸਮ ਦਾ ਕੋਈ ਦੁਖ ਨਹੀਂ ਹੋਵੇਗਾ। ਇਸਦੇ ਉਲਟ ਜੇਕਰ ਕੋਈ ਮੁਹੰਮਦ ਸਾਹਿਬ ਤੋਂ ਮੁਨਕਰ ਹੋਵੇ ਤਾਂ ਉਸਦੀ ਕਬਰ ਤੰਗ ਹੋ ਜਾਂਦੀ ਹੈ ਅਤੇ ਓਹ ਸ਼ਕੰਜੇ ਦੀ ਤਰ੍ਹਾਂ ਜਕੜਿਆ ਜਾਂਦਾ ਹੈ। ਮੁਸਲਮਾਨਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਕਾਫਰਾਂ ਨੂੰ ਕਬਰ ਵਿਚ ਇਸ ਕਦਰ ਮਾਰ ਪੈਂਦੀ ਹੈ ਕਿ ਵਿਰਲਾਪ ਨੂੰ ਸੁਣਕੇ ਪਸ਼ੂ ਪੰਛੀ ਵੀ ਰੋਂਦੇ ਹਨ ਪਰ ਇਹ ਆਵਾਜ਼ ਆਦਮੀਆਂ ਨੂੰ ਨਹੀਂ ਸੁਣੀਦੀ। ਇਸ ਮਾਰ ਨੂੰ 'ਅਜ਼ਾਬੁਉਲ ਕਬਰ' ਆਖਿਆ ਜਾਂਦਾ ਹੈ।

(੯) ਪਾਪ ਕਰਨ ਲਈ ਮਨੁਖ ਨੂੰ ਸ਼ੈਤਾਨ ਗੁਮਰਾਹ ਕਰਦਾ ਹੈ। ਅਜਾਜ਼ੀਲ, ਅਬਲੀਸ ਅਰਥਾਤ ਸ਼ੈਤਾਨ ਫਰਿਸ਼ਤਿਆਂ ਦਾ ਉਸਤਾਦ ਹੈ। ਉਸਨੇ ਰਬ ਦੇ ਹੁਕਮ ਦੀ ਅਦੂਲੀ ਕਰਕੇ ਆਦਮ ਨੂੰ ਸਿਜਦਾ ਕਰਨੋਂ ਇਨਕਾਰ ਕੀਤਾ ਇਸ ਲਈ ਸਵਰਗ ਚੋਂ ਕਢਿਆ ਗਿਆ। ਸ਼ੈਤਾਨ ਹੀ ਬਦੀ ਦਾ ਮੂਲ ਹੈ।

(੧੦) ਅਜੋੜ ਹੋਣ ਤੇ ਮਰਦ ਇਸਤ੍ਰੀ ਨੂੰ ਤਲਾਕ ਦੇ ਸਕਦਾ ਹੈ ਲੇਕਿਨ ਇਸਤ੍ਰੀ ਲਈ 'ਹਕ ਮੋਹਠ' ਲਾਜ਼ਮੀ ਹੈ।

ਪਤੀ ਵਲੋਂ ਇਸਤ੍ਰੀ ਦੇ ਤਿਆਗ ਕਰਨ ਨੂੰ ਤਲਾਕ ਕਿਹਾ ਜਾਂਦਾ ਹੈ। ਪਰ ਕੇਵਲ ਪਤੀ ਹੀ ਕਰ ਸਕਦਾ ਹੈ, ਇਸਤਰੀ ਤਲਾਕ ਨਹੀਂ ਦੇ ਸਕਦੀ। ਤਲਾਕ਼ ਦੇ ਤਿੰਨ ਭੇਦ ਹਨ:

(ੳ) ਤਲਾਕ ਰਜਈ

ਤਲਾਕ ਰਜਈ ਦੇਣ ਤੇ ਵੀ ਮਰਦ ਇਸਤ੍ਰੀ ਨੂੰ ਨਿਕਾਹ ਤੋਂ ਬਿਨਾ ਵੀ ਆਪਣੇ ਘਰ ਰਖ ਸਕਦਾ ਹੈ।

(ਅ) ਤਲਾਕ ਬਾਯਨ

ਤਲਾਕ ਬਾਯਨ ਦੇਣ ਤੇ ਇਸਤ੍ਰੀ ਮੁੜ ਦੋਬਾਰਾ ਨਿਕਾਹ ਪੜ੍ਹਾਏ ਬਿਨਾ ਘਰ ਨਹੀਂ ਵਸਾਈ ਜਾ ਸਕਦੀ।

(ੲ) ਤਲਾਕ ਮੁਗ਼ਲਿਜ਼ਰ

ਇਸ ਤਲਾਕ ਅਨੁਸਾਰ ਮੁੜ ਨਿਕਾਹੁਣ ਜਾਂ ਵਿਆਹੁਣ ਦਾ ਸਵਾਲ ਪੈਦਾ ਹੀ ਨਹੀਂ ਹੋ ਸਕਦਾ।

ਨਿਕਾਹ

ਨਿਕਾਹ ਇਕ ਪਾਸਿਓਂ ਦਰਖਾਸਤ ਤੇ ਦੂਜੇ ਪਾਸਿਓਂ ਪਰਵਾਨਗੀ ਹੋਣ ਤੇ ਦ੍ਰਿੜ ਹੁੰਦਾ ਹੈ। ਦੋ ਗਵਾਹਾਂ ਜੋ ਬਾਲਿਗ, ਸਮਝ ਵਾਲੇ ਅਤੇ ਮੁਸਲਮਾਨ ਹੋਣ ਦੇ ਸਾਹਮਣੇ ਨਿਕਾਹ ਪਕਾ ਹੋਣਾ ਚਾਹੀਦਾ ਹੈ। ਇਸ ਰਸਮ ਵਿਚ ਪਤੀ ਵਲੋਂ ਆਪਣੀ ਇਸਤ੍ਰੀ ਨੂੰ 'ਮਹਰ' (ਇਸਤ੍ਰੀ ਧੰਨ) ਦੇਣ ਦੀ ਲਿਖਤੀ ਪ੍ਰਤੱਗਯਾ ਕਰਨੀ ਪੈਂਦੀ ਹੈ ਜਿਸਦੀ ਤਹਿਦਾਦ ਲਾੜ੍ਹੀ ਦੇ ਰੂਪ, ਗੁਣ, ਕੁਲ ਅਤੇ ਲਾੜ੍ਹੇ ਦੀ ਹੈਸੀਅਤ ਅਨੁਸਾਰ ਨੀਅਤ ਕੀਤੀ ਜਾਂਦੀ ਹੈ। ਮਹਰ ਦੀ ਰਕਮ ਵਧ ਤੋਂ ਵਧ ਭਾਵੇਂ ਕਿਤਨੀ ਹੋਵੇ ਪਰ ਦਸ ਦਿਰਹਮ ਤੋਂ ਘਟ ਨਹੀਂ ਹੋ ਸਕਦੀ (ਦਿਰਹਮ ਇਕ ਪੁਰਾਣਾ ੨੪ ਰਤੀ ਵਜ਼ਨ ਦੀ ਚਾਂਦੀ ਦਾ ਸਿਕਾ ਸੀ)। ਨਿਕਾਹ, ਕਾਜ਼ੀ ਹੀ ਪੜ੍ਹਾ ਸਕਦਾ ਹੈ।

(੧੧) ਮਾਸ ਖਾਣ ਲਈ ਜਿਸ ਜਾਨਵਰ ਨੂੰ ਜ਼ਬ੍ਹਾ ਕੀਤਾ ਜਾਏ ਜਾਂ ਮਾਰਿਆ ਜਾਏ ਉਸਦੀ ਸ਼ਾਹ ਰਗ ਕਟੀ ਜਾਵੇ ਤੇ ਕਟਣ ਲਗਿਆਂ ਕਲਮਾਏ ਤਕਬੀਰ ਪੜ੍ਹਿਆ ਜਾਵੇ। ਸੂਰ, ਕੁਤਾ ਤੇ ਹਾਥੀ ਦਾ ਮਾਸ ਹਰਾਮ ਹੈ।

(੧੨) ਚੋਰੀ ਯਾਰੀ ਤੇ ਸੂਦ ਖੋਰੀ ਵਿਵਰਜਤ ਹੈ।

ਗੁਰਮੱਤ

ਗੁਰਮਤ ਉਪਰੋਕਤ ਸਿਧਾਂਤਾਂ ਬਾਬਤ ਆਪਣੇ ਖਿਆਲ ਇਸ ਪਰਕਾਰ ਦਰਸਾਂਦਾ ਹੈ:

ਅਲਹ ਅਗਮ ਖ਼ੁਦਾਈ ਬੰਦੇ ॥ ਛੋਡਿ ਖਿਆਲ ਦੁਨੀਆਂ ਕੇ ਧੰਧੇ ॥
ਹੋਇ ਪੈਖਾਕ ਫਕੀਰ ਮੁਸਾਫਰੁ ਇਹ ਦਰਵੇਸ਼ ਕਬੂਲਦਰਾ ॥੧॥
ਸਚੁ ਨਿਮਾਜ਼ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਹੁ ਆਸਾ ॥
ਦੇਹੀ ਮਹਜਿਦਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ ॥੨॥
ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤ ਜਿਤੁ ਫਿਰਿ ਨ ਮਰਾ ॥੩॥
ਕੁਰਾਣ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ ਖੈਰ ਸਬੂਰੀ ਕਬੂਲ ਪਰਾ ॥੪॥
ਮਕਾ ਮਿਹਰਿ ਰੋਜਾ ਪੈਖਾਕਾ ॥ ਭਿਸਤਿ ਪੀਰ ਲਫ਼ਜ ਕਮਾਇ ਅੰਦਾਜਾ ॥
ਹੂਰ ਨੂਰ ਮੁਸਕਿ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ ॥੫॥

ਸਚੁ ਕਮਾਵੈ ਸੋਈ ਕਾਜੀ ।। ਜੋ ਦਿਲ ਸੋਧੈ ਸੋਈ ਹਾਜੀ ।।
ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ ।।੬।।
ਸਭੇ ਵਖਤ ਸਭੇ ਕਰਿ ਵੇਲਾ ।। ਖਾਲਕ ਯਾਦਿ ਦਿਲੈ ਮਹਿ ਮਉਲਾ ।।
ਤਸਬੀ ਯਾਦ ਕਰਹੁ ਦਸ ਮਰਦਨ ਮੁੰਨਤਿ ਸੀਲੁ ਬੰਧਾਨਿ ਬਰਾ ।।੭।।
ਦਿਲ ਮਹਿ ਜਾਨਹੁ ਸਭ ਫਿਲਹਾਲਾ ।। ਖਿਲਖਾਨਾ ਬਿਰਾਦਰ ਹਮੂ ਜੰਜਾਲਾ ।।
ਮੀਰ ਮਲਕ ਉਮਰੇਂ ਫਾਨਾਇਆ ਏਕ ਮੁਕਾਮੁ ਖੁਦਾਇ ਦਰਾ ।।੮।।
ਅਵਲਿ ਸਿਫਤਿ ਦੂਜੀ ਸਾਬੂਰੀ ।। ਤੀਜੈ ਹਲੇਮੀ ਚਉਥੈ ਖੈਰੀ ।।
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰ ਪਰਾ ।।੯।।
ਸਗਲੀ ਜਾਨਿ ਕਰਹੁ ਮਉਦੀਫਾ ।। ਬਦ ਅਮਲ ਛੋਡਿ ਕਰਹੁ ਹਥਿ ਕੂਜਾ ।।
ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ ।।੧੦।।
ਹਕੁ ਹਲਾਲੁ ਬਖੋਰਹੁ ਖਾਣਾ ।। ਦਿਲ ਦਰੀਆਉ ਧੋਵਹੁ ਮੈਲਾਣਾ ।।
ਪੀਰ ਪਛਾਣੈ ਭਿਸਤੀ ਸੋਈ ਅਜ਼ਰਾਈਲ ਨ ਦੋਜ ਠਰਾ ।।੧੧।।
ਕਾਇਆ ਕਿਰਦਾਰ ਅਉਰਤ ਯਕੀਨਾ ।। ਰੰਗ ਤਮਾਸੇ ਮਾਣਿ ਹਕੀਨਾ ।।
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ।।੧੨।।
ਮੁਸਲਮਾਨ ਮੋਮ ਦਿਲਿ ਹੋਵੈ ।। ਅੰਤਰ ਕੀ ਮਲੁ ਦਿਲ ਤੇ ਧੋਵੈ ।।
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ।।੧੩।।
ਜਾਕਉ ਮਿਹਰ ਮਿਹਰ ਮਿਹਰਵਾਨਾ ।। ਸੋਈ ਮਰਦ ਮਰਦੁ ਮਰਦਾਨਾ ।।
ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜ਼ਰਿ ਨਰਾ ।।੧੪।।
ਕੁਦਰਤਿ ਕਾਦਰ ਕਰਣ ਕਰੀਮਾ ।। ਸਿਫਤਿ ਮੁਹਬਤਿ ਅਥਾਹ ਰਹੀਮਾਂ ।
ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ ।।੧੬।
(ਮਾਰੂ ਸੋਲਹੇ ਮ: ੫)

ਗੁਰਮਤ ਵਿਚ ਸ਼ਰ੍ਹਾ ਨਾਲੋਂ ਅਧਿਆਤਮਕਤਾ ਤੇ ਵਧੇਰੇ ਜ਼ੋਰ ਦਿਤਾ ਗਿਆ ਹੈ। ਜਿਥੇ ਤਕ ਸ਼ਰ੍ਹਾ ਦੇ ਕਰਮ ਕਾਂਡ ਦਾ ਸੰਬੰਧ ਹੈ ਗੁਰਮੱਤ ਇਸਦੇ ਪੱਖ ਵਿਚ ਨਹੀਂ।

(੧) ਵਾਹਿਦਨੀਅਤ ਤੌਹੀਦ

ਜਿਥੇ ਰਬੀ ਏਕਤਾ ਦਾ ਸਵਾਲ ਹੈ ਗੁਰਮੱਤ ਨਿਰੋਲ ਏਕਾਵਾਦੀ ਹੈ। ਉਸਦਾ ਰੱਬ ਸਬੰਧੀ "ਸਾਹਿਬ ਮੇਰਾ ਏਕੋ ਹੈ ਭਾਈ ਏਕੋ ਹੈ" ਦੀ ਲਲਕਾਰ ਹੈ। ਓਹਦਾ ਕਲਮਾ ਕੇਵਲ ਇਸ ਇਕ ਦੀ ਸਿਫਤ ਹੈ। ਇਸ ਸਿਫਤ ਵਿਚ ਕਿਸੇ ਨਬੀ ਦੀ ਸ਼ਿਰਾਕਤ ਨਹੀਂ। ਵਿਸਥਾਰ ਸਹਿਤ 'ਗੁਰਮੱਤ ਦਾ ਬ੍ਰਹਮ' ਸਿਰਲੇਖ ਹੇਠ ਦਿਤੀ ਵਿਚਾਰ ਪੜ੍ਹੋ। ਅੰਤਰ ਸਪਸ਼ਟ ਨਜ਼ਰ ਪੈ ਜਾਏਗਾ।

(੨) ਗੁਰਮੱਤ ਨਾਹ ਤਾਂ ਰਬ ਦਾ ਤਖਤ ਕਿਸੇ ਸਤਵੇਂ ਅਕਾਸ਼ ਤੇ ਮੰਨਦਾ ਹੈ ਤੇ ਨਾਹ ਕਿਸੇ ਰਸੂਲ ਦਾ 'ਸ਼ਬੇ ਮਿਅਰਾਜ' ਵਾਲੀ ਰਾਤ ਕਿਸੇ ਬੁਰਾਕ [ਘੋੜੇ]

ਉਤੇ ਚੜ੍ਹ ਕੇ ਜਬਰਾਈਲ ਜਾਂ ਮਹਿਕਾਈਲ ਆਦਿ ਫਰਿਸ਼ਤਿਆਂ ਦੀ ਅਗਵਾਈ ਵਿਚ ਪਹੁੰਚ ਰੱਬ ਦੀ ਨੇੜਤਾ ਤੇ ਰਹਿਮਤ ਹਾਸਲ ਕਰਨ ਉਤੇ ਉਸਦਾ ਨਿਸਚਾ ਹੈ। ਉਹ ਤਾਂ ਜਿਸਮਾਨੀ ਪਹੁੰਚ ਤੋਂ ਉਚੇਰੇ ਹੋ ਆਤਮਕ ਉਡਾਰੀ ਲਾਣ ਦਾ ਕਾਇਲ ਹੈ। ਗੁਰਮੱਤ ਅਨੁਸਾਰ ਰੱਬ ਇਕ ਮਹਾਨ ਜੋਤਿ ਹੈ, ਜੋ ਉਸਦੀ ਸਾਰੀ ਰਚਨਾ ਵਿਚ ਵਿਆਪਕ ਹੈ ਤੇ ਹਰ ਥਾਂ ਪਸਰੀ ਹੋਈ ਹੈ। ਓੜ ਪੋੜ ਹੈ। ਗੁਰਮੱਤ ਦੀ ਵੰਗਾਰ ਹੈ :

ਬੇਦ ਕਤੇਬ ਸੰਸਾਰ ਹਭਾਹੂੰ ਬਾਹਿਰਾ ॥
ਨਾਨਕੁ ਕਾ ਪਾਤਸਾਹੁ ਦਿਸੈ ਜ਼ਾਹਿਰਾ ॥ ੪ ॥ ੩ ॥ ੧੦ ॥
(ਆਸਾ ਮ: ੫)

ਵਾਸਦੇਵ ਸਰਬਤ੍ਰ ਮੈ ਊਣ ਨ ਕਤਹੂ ਠਾਇ ॥
ਅੰਤਰਿ ਬਾਹਰਿ ਸੰਗ ਹੈ ਨਾਨਕ ਕਾਇ ਦੁਰਾਇ ॥ ੪੬ ॥
(ਗਉੜੀ ਬਾਵਨ ਅਖਰੀ ਮ: ੫)

ਸਗਲ ਬਨਸਪਤ ਮਹਿ ਬੈਸੰਤਰ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤ ਸਮਾਣੀ ਘਟਿ ਘਟਿ ਮਾਧਉ ਜੀਆ ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
ਪੂਰਨ ਪੂਰ ਰਹਿਓ ਸਰਬ ਮਹਿ ਜਲਿ ਥਲਿ ਰਮੀਆ ਆਹਿਓ ॥੧॥ ਰਹਾਉ ॥੨॥
(ਸੋਰਠ ਮ: ੫ ਘਰ ੨ ਦੁਪਦੇ)

ਉਸ ਨੇ ਆਪਣੇ ਹੁਕਮ ਅੰਦਰ ਹੀ ਸ੍ਰਿਸ਼ਟੀ ਸਾਜੀ ਹੈ ਤੇ ਸਭ ਕੁਝ ਉਹਦੇ ਹੁਕਮ ਵਿਚ ਹੀ ਚਲ ਰਿਹਾ ਹੈ :

ਹੁਕਮੀ ਹੁਕਮੁ ਚਲਾਏ ਰਾਹੁ :। ੩ ॥
(ਜਪ ਮ: ੧)

ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਨ ॥
ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭ ਥਾਨ ॥
ਸਭਿ ਪਾਤਸ਼ਾਹੀਆਂ ਅਮਰ ਸਭਿ ਸਭਿ ਖਸੀਆਂ ਸਭਿ ਖਾਨ ॥
ਸਭਿ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥
ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥
ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥
(ਸਲੋਕ ਮ: ੧ ਵਾਰ ਸਾਰੰਗ ਮ: ੪)

ਗੁਰਮੱਤ ਹੁਕਮ ਦੇਣ ਜਾਂ ਚਲਾਣ ਵਿਚ ਰਬ ਦਾ ਕੋਈ ਸਲਾਹਕਾਰ ਨਹੀਂ

ਮੰਨਦੀ। ਉਹ ਸਰਬ ਕਲਾ ਸਮਰਥ ਹਾਕਮ ਹੈ। ਉਥੇ ਧਨੀ, ਕੰਗਾਲ, ਨੀਵੇਂ, ਉਚੇ। ਕਿਸੇ ਦੀ ਤਮੀਜ਼ ਨਹੀਂ :

ਰੰਕੁ ਰਾਉ ਜਾਕੈ ਏਕ ਸਮਾਨਿ ॥
ਕੀਟ ਹਸਤਿ ਸਗਲ *ਪੂਰਾਨ ॥ *ਪੂਰਾਨ—ਪੂਰਨ, ਭਰਪੂਰ
ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥ ੨ ॥
ਜਾਕਾ ਅੰਤ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨ ਸੋਇ ॥
ਆਪਿ ਅਕਾਰੁ ਆਪਿ ਨਿਰੰਕਾਰ ॥ ਘਟ ਘਟ ਘਟਿ ਸਭ ਘਟ ਆਧਾਰ ॥੩॥੩੫॥
(ਗੋਂਡ ਮ: ੫)

ਉਹ ਸਾਰੇ ਸੰਸਾਰ ਦਾ ਪ੍ਰਬੰਧ ਕਰਦਾ ਹੋਇਆ ਭੀ ਅਨੰਦ ਰੂਪ ਹੈ। ਨਾ ਉਸਨੂੰ ਕਦੇ ਅਕੇਵਾਂ ਹੁੰਦਾ ਹੈ, ਨਾਹ ਥਕੇਵਾਂ :

ਅਨੰਦ ਰੂਪ ਮੰਗਲ ਸਦ ਜਾਕੈ ॥ ਸਰਬ ਥੋਕ ਸੁਨਿਅਹਿ ਘਰਿ ਤਾਕੈ ॥੧॥੧੬॥
(ਗਉੜੀ ਸੁਖਮਨੀ ਮ: ੫)

ਉਹ ਜਬਾਰ ਤੇ ਕਫਾਰ ਹੀ ਨਹੀਂ, ਸਗੋਂ ਪਰਮ ਦਿਆਲੂ ਵੀ ਹੈ ਤੇ ਭੁਲੇ ਜੀਵਾਂ ਨੂੰ ਰਾਹ ਵੀ ਪਾਂਦਾ ਹੈ :

ਆਪੇ ਉਝੜ ਪਾਇਦਾ ਪਿਆਰਾ ਆਪਿ ਵਿਖਾਲੇ ਰਾਹ ॥ ੨ ॥ ੧ ॥
(ਸੋਰਠ ਮ: ੪ ਘਰ ੧)

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤ ਮੇਰਾ ਓਲ੍ਹਾ ਰਾਮ ॥
ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥੪॥੧॥੩॥
(ਸੂਹੀ ਮ: ੫ ਛੰਤ)

ਟੂਟੀ ਗਾਢਨਹਾਰ ਗੋਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥
ਸਗਲ ਕੀ ਚਿੰਤਾ ਜਿਸੁ ਮਨ ਨਾਹਿ ॥ ਤਿਸਤੇ ਬਿਰਥਾ ਕੋਈ ਨਾਹਿ ॥ ੧ ॥
(ਗਉੜੀ ਸੁਖਮਨੀ ਮ: ੫)

ਉਸ ਨੂੰ ਅਸੀਂ ਕਿਧਰੇ ਸਤਵੇਂ ਆਕਾਸ਼ ਤੇ ਫਰਿਸ਼ਤਿਆਂ ਦੇ ਚੁਕੇ ਹੋਏ ਤਖਤ ਤੇ ਬੈਠਾ ਨਹੀਂ ਵੇਖਣਾ, ਸਗੋਂ ਅੰਤਰ ਆਤਮੇ ਉਸਦੀ ਨੂਰੀ ਹੋਂਦ ਨੂੰ ਅਨੁਭਵ ਕਰਨਾ ਹੈ :

ਸਜਨ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ ॥
ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥ ੩ ॥ ੧੭ ॥
(ਡਖਣੇ ਮ: ੫ ਵਾਰ ਮਾਰੂ ਮ: ੫)

ਉਸਦੇ ਦਰ ਜਾਂ ਉਸਦੇ ਘਰ ਦਾ ਜ਼ਿਕਰ ਕਰਦੇ ਹੋਏ ਸਾਹਿਬ ਗੁਰੂ ਅਰਜਨ ਉਸ ਉਚੇ ਥਾਉਂ ਦੀ ਵਿਆਖਿਆ ਇਸ ਪ੍ਰਕਾਰ ਕਰਦੇ ਹਨ :

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾਂ ਸਦ ਵਸੈ ॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣ ਕਰੈ ਤਾਕਾ ਬੀਚਾਰੁ ।
ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥ ੮ ॥
(ਗਉੜੀ ਮ: ੫)

ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥
ਤਹ ਗੀਤ ਨਾਦ ਅਖਾਰੇ ਸੰਗਾ ॥ ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥
ਤਹ ਮਰਣੁ ਨ ਜੀਵਣੁ ਸੋਗ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥
ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥

ਸਗੋਂ ਇਸ ਉਚਮ ਉਚੇ 'ਸੋ ਘਰ' ਵਿਚ ਤਾਂ ਅਣਗਿਣਤ ਇੰਦਰ ਵਰਗੇ ਰਾਜੇ, ਬੇਸ਼ੁਮਾਰ ਬ੍ਰਹਮਾ ਤੇ ਵਿਸ਼ਨੂੰ ਤੇ ਅਸੰਖਾਂ ਰਾਮ, ਕ੍ਰਿਸ਼ਨ ਤੇ ਰਸੂਲ (ਹਜ਼ਰਤ ਮੁਹੰਮਦ ਵਰਗੇ ਪੈਗੰਬਰ) ਦਰ ਤੇ ਮਾਂਗਤ ਤੇ ਜਾਚਕ ਬਣੇ ਖੜੇ ਹਨ, ਪਰ ਉਨ੍ਹਾਂ ਦੀ ਭਗਤੀ ਅਜੇ ਕਬੂਲ ਨਹੀਂ ਪਈ :

ਜਿਹ ਕੋਟਿ ਇੰਦ੍ਰ ਨ੍ਰਿਪਾਰ ॥ ਕਈ ਬ੍ਰਹਮ ਬਿਸਨ ਬਿਚਾਰ ॥
ਕਈ ਰਾਮ ਕ੍ਰਿਸ਼ਨ ਰਸੂਲ ॥ ਬਿਨੁ ਭਗਤ ਕੋ ਨ ਕਬੂਲ ॥ ੩੯ ॥
(ਪਾ: ੧੦ ਅਕਾਲ ਉਸਤਤ)

ਮਹਾਦੀਨ ਜਾਂ ਰਸੂਲ ਕਾਲ ਦੀ ਮਾਰ ਤੋਂ ਬਚ ਨਹੀਂ ਸਕਦੇ, ਸਗੋਂ ਆਮ ਦੁਨੀਆਂਦਾਰਾਂ ਦੀ ਤਰ੍ਹਾਂ ਹੀ ਮੌਤ ਦਾ ਸ਼ਿਕਾਰ ਹੋਏ ਹਨ :

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨਾ ਬਾਜਨ ਪ ਏ ॥ ੨੩ ॥
(੩੩ ਸਵੱਯੇ ਪਾ: ੧੦)
ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥ ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਝ ਹੂਏ ॥ ਸਮੈ ਆਪਨੀ ਆਪਨੀ ਅੰਤ ਮੂਏ ॥ ੨੭ ॥
(ਬਚਿਤ੍ਰ ਨਾਟਕ ਪਾ: ੧੦)

[੩] ਨਮਾਜ਼

ਗੁਰਮੱਤ ਬਾਤਨੀ ਨਮਾਜ਼ ਪੜ੍ਹਣ ਦਾ ਹਾਮੀ ਹੈ । ਇਸ ਲਈ ਗੁਰਮੱਤ ਵਿਚ ਦਸੀ ਗਈ ਨਮਾਜ਼ ਜੀਵਨ ਵਿਚ ਢਾਲੀ ਜਾਣੀ ਹੈ, ਜਿਸ ਕਰਕੇ ਮਨੁਖ ਦੀ ਆਤਮਾ ਆਪ-ਮੁਹਾਰੀ ਉਪਰ ਵਲ ਉਠ ਕੇ ਮਾਲਕ ਵਿਚ ਅਭੇਦ ਹੋ ਜਾਣੀ ਹੈ :

ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ।
ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨ ਪੰਜਵੀਂ ਸਿਫਤਿ ਸਨਾਇ ॥
ਕਰਨੀ ਕਲਮਾ ਆਖਿ ਕੈ ਤਾ ਮੁਸਲਮਾਨ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੇ ਕੂੜੀ ਪਾਇ ॥ ੩ ॥ ੭ ॥
(ਵਾਰ ਮਾਝ ਮ: ੧)

ਜਿਥੇ ਤਕ ਰੋਜ਼ੇ, ਹਜ ਤੇ ਨਮਾਜ਼ਾਂ ਦਾ ਤਅਲਕ ਹੈ, ਗੁਰਮੱਤ ਦਾ ਵਿਚਾਰ ਸਪਸ਼ਟ ਹੈ :

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥ ੧ ॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ੨ ॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥
ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡ ਪਰਾਨ ॥ ੪ ॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥
੫ ॥ ੩ ॥ (ਭੈਰਉ ਮ: ੫)
ਅੰਨ ਨ ਖਾਹਿ ਦੇਹੀ ਦੁਖ ਦੀਜੈ ॥ ਬਿਨ ਗੁਰ ਗਿਆਨ ਤ੍ਰਿਪਤ ਨਹਿ ਥੀਜੈ ॥
(ਰਾਮਕਲੀ ਮ: ੧)

(ੲ) ਜ਼ਕਾਤ

ਗੁਰਮੱਤ ਵਿਚ ਆਪਣੀ ਹਕ ਹਲਾਲ ਦੀ ਕਮਾਈ ਕਰਨੀ ਤੇ ਵਾਹਿਗੁਰੂ ਦੇ ਨਾਂ ਤੇ ਉਸ ਕਮਾਈ ਦਾ ਦਸਵਾਂ ਹਿਸਾ ਕਢਣਾ ਫਰਜ਼ ਹੈ :

ਘਾਲਿ ਖਾਇ ਕਿਛੁ ਹਥਹੁ ਦੇਹਿ ॥ ਨਾਨਕ ਰਾਹੁ ਪਛਾਣਹਿ ਸੋਇ ॥
(ਮ: ੧ ਸਾਰੰਗ ਕੀ ਵਾਰ)

ਦਸਵੰਧ ਦੇਣ ਬਾਰੇ ਗੁਰੂ ਅਰਜਨ ਦੇਵ ਹੇਠ ਲਿਖੀ ਹਿਦਾਇਤ ਕਰਦੇ ਹਨ ।

ਸਲੋਕ—ਦੇਨਹਾਰ ਪ੍ਰਭ ਛੋਡਿ ਕੈ ਲਾਗਹਿ ਅਨ ਸੁਆਇ ॥
ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥
ਦਸ਼ ਵਸਤੂ ਲੈ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥
ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾਕਉ ਕੀਜੈ ਸਦ ਨਮਸਕਾਰਾ ॥
ਜਾਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥
ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨ ਪਾਇਆ ॥੧॥

ਅਗਨਤ ਸਾਹੁ ਅਪਨੀ ਦੇ ਰਾਸਿ ॥ ਖਾਤ ਪੀਤ ਬਰਤੈ ਅਨਦ ਉਲਾਸਿ ॥
ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ । ਅਗਿਆਨੀ ਮਨਿ ਰੋਸੁ ਕਰੇਇ ॥
ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸਕਾ ਬਿਸਵਾਸ ਨ ਹੋਵੈ ॥
ਜਿਸਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥
ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥੨॥੫॥

(ਗਉੜੀ ਸੁਖਮਨੀ ਮ: ੫)

(੭) ਸੁੰਨਤ

ਗੁਰਮੱਤ ਕਿਸੇ ਤਰ੍ਹਾਂ ਦਾ ਵੀ ਸਰੀਰਕ ਛੇਦ ਕਰਨ ਦੀ ਆਗਿਆ ਨਹੀਂ ਦੇਂਦੀ, ਸਗੋਂ ਸਰੀਰ ਦਾ ਕੋਈ ਰੋਮ ਵੀ ਛੇਦਣ ਨਾਲ ਸਿਖ ਪਤਿਤ ਕਰਾਰ ਦਿਤਾ ਜਾਂਦਾ ਹੈ ਤੇ ਉਦੋਂ ਤਕ ਸਿਖ ਸੰਗਤ ਜਾਂ ਪੰਗਤ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ ਜਦ ਤਕ ਓਹ ਪੰਜਾਂ ਸਿੰਘਾਂ ਪਾਸੋਂ ਸੰਗਤ ਵਿਚ ਹਾਜ਼ਰ ਹੋ ਕੇ ਮੁਆਫੀ ਨਾ ਮੰਗੇ ਤੇ ਸਚੀ ਤੋਬਾ ਕਰਨ ਦਾ ਯਕੀਨ ਨਾ ਦਿਵਾਵੇ। ਇਸ ਤਰ੍ਹਾਂ ਦੀ ਕੁਰਹਿਤ ਕਰਨ ਵਾਲੇ ਨੂੰ ਮੁੜ ਅੰਮ੍ਰਿਤ ਛਕਣਾ ਪੈਂਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਕਬੀਰ ਜੀ ਦਾ ਹੇਠ ਲਿਖਿਆ ਸ਼ਬਦ ਸੁੰਨਤ ਦੇ ਸਬੰਧ ਵਿਚ ਬੜਾ ਕਟਾਖਸ ਭਰਿਆ ਭਾਵ ਪ੍ਰਗਟ ਕਰਦਾ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ ਇਸ ਖਿਆਲ ਨੂੰ ਪ੍ਰਵਾਨ ਕਰਕੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤਾ ਹੈ :

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ ਤਾਤੇ ਹਿੰਦੂ ਹੀ ਰਹੀਐ ।੩॥੪॥੯॥

(ਆਸਾ ਕਬੀਰ ਜੀ ਕੀ)

ਸੋ ਅਸਲ ਸੁੰਨਤ ਤਾਂ 'ਸੁੰਨਤਿ ਸੀਲੁ ਵੰਧਾਨਿ ਬਰਾ' ਜਾਂ 'ਸ਼੍ਰਾਅ ਸੁੰਨਤਿ' ਹੀ ਹੈ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣ ॥
ਸਰਮ ਸੁੰਨਿਤ ਸੀਲੁ ਰੋਜਾ ਹੋਹੁ ਮਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥੭॥

(ਵਾਰ ਮਾਝ ਮ: ੧)

(੮) ਮੁਰਦਾ ਦਫਨ ਕਰਨਾ

ਗੁਰਮਤ ਮੁਰਦਾ ਸਰੀਰ 'ਜੋਤਿ ਰਹਤ' ਤਸਵਰ ਕਰਦੀ ਹੈ। ਇਸ ਲਈ

ਭੁਗਤਾਨ ਦਾ ਸਵਾਲ ਸਰੀਰ ਨੂੰ ਨਹੀਂ । ਭੁਗਤਾਨ-ਭੁਗਤਨ ਵਾਲੀ ਚੇਤੰਨ ਸਤਾ (ਆਤਮਾ) ਤਾਂ ਸਰੀਰ ਨੂੰ ਛਡ, ਆਪਣਾ ਲੇਖਾ ਚੁਕਾਣ ਲਈ ਵਾਹਿਗੁਰੂ ਦੇ ਅਟਲ ਕਾਨੂੰਨ ਅਧੀਨ ਮੁਕਤ ਜਾਂ ਕਿਸੇ ਦੂਜੇ ਸਰੀਰ ਦਾ ਗੇੜ ਕਟਣ ਲਈ ਗਰਭ ਗੇੜ ਵਿਚ ਪੈ ਜਾਂਦੀ ਹੈ । ਇਸ ਲਈ ਸਰੀਰ ਨੂੰ ਦਫਨ ਕਰੋ, ਜਲ ਪਰਵਾਹ ਕਰੋ, ਪਸ਼ੂ, ਪੰਛੀ ਲਈ ਬਾਹਰ ਖੁਲ੍ਹੀ ਥਾਂ ਤੇ ਰਖ ਦਿਓ, ਜਾਂ ਅਗਨ ਭੇਟ ਕਰ ਦਿਓ, ਉਸ ਨੂੰ ਕੋਈ ਫਰਕ ਨਹੀਂ ਪੈਂਦਾ । ਬਾਕੀ ਰਿਵਾਜਨ ਇਸ ਨੂੰ ਅਗਨ ਭੇਟ ਹੀ ਕਰਨਾ ਪ੍ਰਵਾਨ ਹੈ । ਬਹੁਤ ਛੋਟੇ ਬਚੇ ਜਿਸ ਦੇ ਅਜੇ ਦੰਦ ਨਾ ਫੁਟੇ ਹੋਣ, ਉਸ ਨੂੰ ਦਫਨਾਇਆ ਜਾਂ ਜਲ ਪ੍ਰਵਾਹ ਵੀ ਕੀਤਾ ਜਾ ਸਕਦਾ ਹੈ ।

(੯) ਕਰਮ ਆਪਣੇ ਆਪ ਵਿਚ ਨਾ ਪੁੰਨ ਹਨ, ਨਾ ਪਾਪ ਹਨ । ਕਿਸੇ ਕਰਮ ਹੇਠਾਂ ਕਰਮ ਕਰਾਣ ਵਾਲਾ ਇਰਾਦਾ ਹੀ ਉਸ ਨੂੰ ਪੁੰਨ ਜਾਂ ਪਾਪ ਬਣਾਂਦਾ ਹੈ । ਗੁਰਮਤ ਹਉਮੈ ਰਹਿਤ ਕੀਤੇ ਕਰਮ ਨੂੰ ਸ੍ਰੇਸ਼ਟ ਤੇ ਹਉਮੈ ਸਹਿਤ ਕੀਤੇ ਕਰਮ ਨੂੰ ਭਾਵੇਂ ਓਹ ਕਿਤਨਾ ਚੰਗਾ ਵੀ ਕਿਉਂ ਨਾ ਹੋਵੇ, ਨੀਚ ਹੀ ਤਸੱਵਰ ਕਰਦੀ ਹੈ । ਇਸ ਲਈ ਅਸਲੀ ਸ਼ੈਤਾਨ ਤਾਂ ਮਨ ਵਿਚ ਉਪਜੀ ਇਹ ਹਉਮੈ ਹੀ ਹੈ । ਸੋ ਗੁਰਸਿਖ ਨੇ ਗੁਰਮਤ ਧਾਰਨ ਕਰਕੇ ਇਸ ਹਉਮੈ ਨੂੰ ਹੀ ਮਾਰਨਾ ਹੈ । ਹਉਮੈ ਨਾਸ ਕਰਨ ਤੇ ਹਰ ਕੀਤਾ ਕਰਮ ਈਸ਼ਵਰੀ ਕਰਮ ਹੀ ਹੋਵੇਗਾ ਤੇ ਓਹ ਕਰਮ ਕਰਦਿਆਂ ਵੀ ਨਿਹਕਰਮ ਹੋਵੇਗਾ :

> ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥
> ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
> ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥
> ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥
> ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ।੨।।੯।।
>
> (ਗਉੜੀ ਸੁਖਮਨੀ ਮ: ੫)

(੧੦) ਨਿਕਾਹ ਜਾਂ ਤਲਾਕ

ਗੁਰਮਤ ਵਿਚ ਵਿਆਹ ਨੂੰ ਆਨੰਦ ਕਾਰਜ ਕਿਹਾ ਜਾਂਦਾ ਹੈ । ਆਨੰਦ ਈਸ਼ਵਰੀ ਗੁਣ ਹੈ, ਇਸ ਲਈ ਉਸ ਦੇ ਮੇਲ ਹੋਣ ਤੇ ਹੀ ਪ੍ਰਾਪਤ ਹੋ ਸਕਦਾ ਹੈ । ਸੋ ਦੰਪਤੀ ਨੇ ਮਿਲਕੇ 'ਹਰਨਾਮੇ ਕੀ ਜੋੜੀ' ਬਣਨਾ ਹੈ ਤੇ 'ਗੁਰਮੁਖ ਵੈਸਹੁ ਸਫਾ ਵਛਾਇ' ਅਨੁਸਾਰ ਦੋਹਾਂ ਨੇ ਮਿਲਕੇ ਪ੍ਰਭੂ ਮਿਲਣ ਲਈ ਉਪਰਾਲੇ ਕਰਨੇ ਹਨ । ਸੋ ਗੁਰਮਤ ਅਨੁਸਾਰ ਵਿਆਹ ਕੇਵਲ ਸਰੀਰਕ ਪਿਆਰ ਨਹੀਂ ਸਗੋਂ ਆਤਮਕ ਮੇਲ ਹੈ । ਜੋਤਾਂ ਦਾ ਮੇਲ ਹੈ । ਜੋਤਾਂ ਦੇ ਮੇਲ ਵਿਚ ਸਰੀਰਕ ਵਖੇਵਾਂ ਕੋਈ ਮਹਿਨੇ ਨਹੀਂ ਰਖਦਾ, ਇਸੇ ਲਈ ਗੁਰਮਤ ਦਾ ਵਿਚਾਰ ਹੈ :

ਧਨੁ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥੯॥

(ਸੂਹੀ ਕੀ ਵਾਰ ਮ: ੩)

ਜਿਵੇਂ ਕਾਲਿਜ ਵਿਚ ਪੜ੍ਹਦੇ ਵਿਦਿਆਰਥੀ ਦਾ ਟੀਚਾ ਕਾਲਿਜ ਵਿਚ ਦਾਖਲ ਹੋਣਾ, ਕਿਤਾਬਾਂ ਖਰੀਦਣੀਆਂ, ਕਾਲਿਜ ਦੀਆਂ ਫੀਸਾਂ ਤਾਰਨੀਆਂ, ਪ੍ਰੋਫੈਸਰਾਂ ਨਾਲ ਮੇਲ-ਜੋਲ ਕਰਨਾ ਤੇ ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕਰਨੀ, ਕਾਲਿਜ ਵਿਚ ਵਿਦਿਆਰਥੀਆਂ ਨਾਲ ਤਾਲ-ਮੇਲ ਰਖਣਾ ਤੇ ਉਨ੍ਹਾਂ ਦੀਆਂ ਬਣੀਆਂ ਸੰਸਥਾਵਾਂ ਵਿਚ ਭਾਗ ਲੈਣਾ, ਆਦਿ, ਨਹੀਂ। ਉਸ ਦਾ ਟੀਚਾ ਤਾਂ ਗਿਆਨ ਹਾਸਲ ਕਰਨਾ ਤੇ ਡਿਗਰੀ ਹਾਸਲ ਕਟਨਾ ਹੈ। ਪਰ ਇਸ ਟੀਚੇ ਨੂੰ ਹਾਸਲ ਕਰਨ ਲਈ ਉਪਰੋਕਤ ਗੱਲਾਂ ਸੁਭਾਵਕ ਹੀ ਉਸ ਨੂੰ ਕਰਨੀਆਂ ਪੈ ਜਾਂਦੀਆਂ ਹਨ। ਇਸੇ ਤਰ੍ਹਾਂ 'ਅਨੰਦ ਕਾਰਜ' ਰਾਹੀਂ ਦੰਪਤੀ ਨੇ ਗ੍ਰਹਿਸਥ ਆਸ਼ਰਮ ਵਿਚ ਦਾਖਲ ਹੋਣਾ ਹੈ ਇਸ ਲਈ ਨਹੀਂ, ਕਿ ਉਸ ਨੇ ਕਾਮ ਚੇਸ਼ਟਾ ਨੂੰ ਸ਼ਾਂਤ ਕਰਨਾ ਹੈ ਜਾਂ ਸੰਤਾਨ ਉਤਪਤੀ ਕਰਨੀ ਹੈ, ਦੁਨੀਆਂ ਦੇ ਹੋਰ ਦੁਖ-ਸੁਖ ਭੋਗਣੇ ਹਨ, ਤੇ ਸਮਾਜਿਕ ਕੀਮਤਾਂ ਤਾਰਨੀਆਂ ਹਨ, ਸਗੋਂ ਉਸ ਦਾ ਜੀਵਨ ਮਨੋਰਥ ਵਾਹਿਗੁਰੂ ਨੂੰ ਪ੍ਰਾਪਤ ਕਰਕੇ ਉਸ ਪਾਸੋਂ ਅਨੰਦ ਹਾਸਲ ਕਰਨਾ ਹੈ। ਬਾਕੀ ਗੱਲਾਂ ਤਾਂ ਇਸ ਮਾਰਗ ਤੇ ਪਈਆਂ ਸੁਭਾਵਕ ਹੀ ਹੋ ਜਾਂਣੀਆਂ ਹਨ।

ਕਿਉਂਕਿ ਧਨ ਪਿਰ ਦਾ ਸੰਜੋਗ ਅਧਿਆਤਮਕ ਹੈ ਸਰੀਰਕ ਨਹੀਂ, ਇਸ ਲਈ ਇਹ ਕੋਈ ਕੁਝ ਸਾਲਾਂ ਦਾ ਠੇਕਾ ਨਹੀਂ ਜੋ ਮੁਕ ਸਕੇ ਜਾਂ ਅਜਿਹਾ ਜੋੜ ਨਹੀਂ ਜੋ ਟੁਟ ਸਕੇ।

ਸੋ ਗੁਰਮਤ ਅਨੁਸਾਰ ਜੋੜੀ ਨੇ ਜੀਵਨ ਪ੍ਰਯੰਤ ਸਾਥ ਨਿਭਾਹੁਣ ਦੀ ਪ੍ਰਤਗਿਆ ਕਰਨੀ ਹੈ ਤੇ ਆਤਮਕ ਮੇਲ ਨੂੰ ਪ੍ਰਫੁਲਤ ਕਰਕੇ ਪ੍ਰਮਾਤਮਾਂ ਨਾਲ ਅਭੇਦਤਾ ਲਈ ਜੁਸਤਜੂ ਕਰਨੀ ਹੈ। ਤਲਾਕ ਜਾਂ ਮਿਹਰ ਦੀ ਰਕਮ ਦਾ ਸਵਾਲ ਨਹੀਂ ਪੈਂਦਾ। ਵਿਆਹੰਦਣ ਜੋੜੀ ਲਈ ਦੋ ਮੁਸਲਮਾਨਾਂ ਦੀ ਗਵਾਹੀ ਜਾਂ ਕਾਜ਼ੀ ਦੀ ਤਸਦੀਕ ਦੀ ਲੋੜ ਨਹੀਂ। ਜੋੜੀ ਨੇ ਤਾਂ ਆਪਣੇ ਗੁਰੂ ਨੂੰ ਸਾਖੀ ਰਖਕੇ ਉਸ ਤੋਂ ਵਾਰੀ ਘੋਲੀ ਜਾਣਾ ਹੈ।

(੧੧) ਮਾਸ

ਗੁਰਮਤ ਅਨੁਸਾਰ ਰਸਾਂ-ਕਸਾਂ ਵਿਚ ਖਚਤ ਹੋਣਾ ਓਹਦੀ ਆਤਮਕ ਉਨਤੀ ਦੇ ਰਸਤੇ ਲਈ ਰੁਕਾਵਟ ਹੈ। ਉਸ ਨੇ ਸਰੀਰਕ ਲੋੜ ਅਨੁਸਾਰ ਖਾਣਾ ਜ਼ਰੂਰ ਹੈ। ਪਰ ਹਰ ਓਹ ਚੀਜ਼ ਛਡ ਦੇਣੀ ਹੈ ਜਿਸ ਦੇ ਖਾਣ ਨਾਲ ਉਸ ਦੇ ਮਨ ਵਿਚ ਵਿਕਾਰ ਉਠਣ ਭਾਵੇਂ ਓਹ ਮਾਸ ਹੋਵੇ ਜਾਂ ਮੈਦਾ :

ਬਾਬਾ ਹੋਰੁ ਖਾਣਾ ਖੁਸ਼ੀ ਖੁਆਰੁ ॥
ਜਿਤ ਖਾਧੈ ਤਨੁ ਪੀੜੀਐ ਮਨਿ ਮਹਿ ਚਲਹਿ ਵਿਕਾਰ ॥੧॥ ਰਹਾਉ ॥

(ਸ੍ਰੀ ਰਾਗ ਮਹਲਾ ੧ ਚਉਪਦਾ ੭)

ਭੋਗ–ਬਿਲਾਸ ਲਈ ਖਾਣਾ ਕੁਝ ਚਿਰ ਲਈ ਖੁਸ਼ੀ ਤਾਂ ਦੇ ਜਾਂਦਾ ਹੈ। ਪਰ ਅੰਤ ਵਿਚ ਜੋ ਪਰਣਾਮ ਹੋਣਾ ਹੈ। ਓਹ ਖੁਆਰੀ ਹੈ। ਕਿਉਂਕਿ ਉਹਨਾਂ ਨਾਲ ਮਨ ਵਿਚ ਵਿਕਾਰ ਉਪਜਦੇ ਹਨ ਤੇ ਸਰੀਰ ਵਿਚ ਅਹੁਰਾਂ ਪੈਦਾ ਹੋ ਜਾਂਦੀਆਂ ਹਨ। ਸਾਹਿਬ ਫੁਰਮਾਂਦੇ ਹਨ :

ਭੋਗੀ ਕਉ ਦੁਖ ਰੋਗ ਵਿਆਪੈ ॥

(ਬਸੰਤ ਮ: ੧ ਅਸ਼ਟਪਦੀਆਂ ੪)

ਸਗੋਂ ਗੁਰੂ ਸਾਹਿਬ ਕਹਿੰਦੇ ਹਨ ਜੇਕਰ ਇਨ੍ਹਾਂ ਭੋਗ-ਬਹੁਲਤਾ ਲਈ ਖਾਧੀਆਂ ਵਸਤਾਂ ਨੇ ਵਿਕਾਰਾਂ ਸਿਰ ਵਿਕਾਰ 'ਨਾਮ ਦਾ ਭੁਲ ਜਾਣਾ' ਹੀ ਪੈਦਾ ਕਰਨਾ ਹੈ ਤਾਂ ਤੇ ਇਹ ਭੋਗ ਬਿਲਾਸ ਸਗਵੇਂ ਜੀਵਨ ਨੂੰ ਨਾਸ ਹੀ ਕਰ ਦੇਣਗੇ :

ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸੁ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੧॥੧੦॥

(ਸਲੋਕ ਮ: ੧ ਵਾਰ ਮਾਝ)

ਕੁਠਾ ਹੁਕਾ ਚਰਮ ਤਮਾਕੂ ॥ ਗਾਂਜਾ ਟੋਪੀ ਤਾੜੀ ਖਾਕੂ ॥
ਇਨ ਕੀ ਔਰ ਨ ਕਬਹੂ ਦੇਖੈ ॥ ਰਹਿਤ ਵੰਤ ਜੋ ਸਿੰਘ ਬਿਸੇਖੈ ॥

(ਰਹਤਨਾਮਾ ਭਾ: ਦੇਸਾ ਸਿੰਘ)

ਵੈਸੇ ਲੋੜ ਅਨੁਸਾਰ ਮਾਸ ਖਾਣਾ ਵਿਵਰਜਤ ਨਹੀਂ। ਸ਼ਿਕਾਰ ਕਰਕੇ ਜਾਂ 'ਝਟਕਾ' ਕਰਕੇ ਖਾਣਾ ਦਸਿਆ ਤਾਂ ਹੈ ਪਰ ਨਿਰਾ ਸਰੀਰਕ ਲੋੜ ਨੂੰ ਪੂਰਾ ਕਰਨ ਲਈ ਹੀ। ਮਨ ਬਿਲਾਸ ਜਾਂ ਭੋਗ ਲਈ ਨਹੀਂ। ਅਧਿਆਤਮਕ ਜੀਵਨ ਲਈ ਖਾਣ ਦੀ ਬਹੁਲਤਾ ਭਾਵੇਂ ਕਿਸੇ ਪ੍ਰਕਾਰ ਦੀ ਕਿਉਂ ਨਾ ਹੋਵੇ ਵਿਵਰਜਤ ਹੈ :

ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤ ਬੀਚਾਰੋ ॥

(ਰਾਮ ਕਲੀ ਮ: ੧ ਸਿਧ ਗੋਸਟਿ)

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥੩॥੧॥

(ਰਾਮਕਲੀ ਪਾ: ੧੦)

(੧੨) ਚੋਰੀ, ਯਾਰੀ ਤੇ ਸੂਦ ਖੋਰੀ

ਚੋਰੀ ਯਾਰੀ ਆਦਿ ਕਰਮ ਇਨਸਾਨੀ ਆਚਰਨ ਨੂੰ ਨੀਵਾਂ ਕਰਦੇ ਹਨ ਇਸ ਲਈ ਇਨ੍ਹਾਂ ਦਾ ਤਿਆਗ ਹੀ ਇਨਸਾਨੀਅਤ ਵਲ ਮਨੁੱਖ ਨੂੰ ਉਤਸ਼ਾਹਤ ਕਰਦਾ ਹੈ। ਗੁਰਮਤ ਵਿਚ ਇਨ੍ਹਾਂ ਕਰਮਾਂ ਦੀ ਸਖਤ ਨਿਖੇਧੀ ਕੀਤੀ ਹੈ :

ਚੋਰ ਜਾਰ ਜੂਆਰ ਪੀੜੇ ਘਾਣੀਐ ॥
(ਮਲਾਰ ਕੀ ਵਾਰ ਮ: ੧)

ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥੪॥੪॥੬॥
(ਧਨਾਸਰੀ ਮ: ੧)

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖ ਪਾਇਆ ॥
ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥
ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥੩॥
(ਮਲਾਰ ਮ: ॥੧।)

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮ ਕ੍ਰੋਧ ਚੰਡਾਰ ॥੧॥੫॥
(ਮਲਾਰ ਮ: ੧)

ਪਰ ਧਨ ਪਰ ਦਾਰਾ ਪਰ ਹਰੀ ॥ ਤਾਕੈ ਨਿਕਟਿ ਬਸੈ ਨਰ ਹਰੀ ॥੧॥੩॥
(ਭੈਰਉ—ਨਾਮ ਦੇਵ ਜੀ)

ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਿਲ ਸੰਤ ਸੰਗਿ ਹੇਤ ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟ ਮਧੇ ਕੋ ਐਸਾ ਅਪਰਸ ॥੧॥੯॥
(ਗਉੜੀ ਸੁਖਮਨੀ ਮ: ੫)

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਆ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇ ਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

(ਸਲੋਕ ਮ: ੧ ਆਸਾ ਦੀ ਵਾਰ)

ਪ੍ਰਾਇਆ ਹੱਕ ਮਾਰਨਾ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥

ਮਾਰਣ ਪਾਹਿ ਹਰਾਮ ਮਹਿ ਹੋਏ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥
(ਵਾਰ ਮਾਝ ਮ: ੧)

ਸੂਦ ਖੋਰੀ

ਸੂਦ ਖੋਰ ਗ਼ਰੀਬ ਦੀ ਰੱਤ ਪੀਂਦਾ ਹੈ। ਉਸ ਦਾ ਆਤਮਾ ਕਦੇ ਨਿਰਮਲ ਨਹੀਂ ਹੋ ਸਕਦਾ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨਕਿਉ ਨਿਰਮਲੁ ਚੀਤੁ ॥੧। ੬॥
(ਮਾਝ ਕੀ ਵਾਰ ਸਲੋਕ ਮ: ੧)

ਮੁਕਦੀ ਗੱਲ ਸਿਖ ਧਰਮ ਜਾਂ ਗੁਰਮਤ ਮੁਸਲਮਾਨ ਮਤ ਦੇ ਖਿਲਾਫ ਨਹੀਂ। ਗੁਰਮਤਿ ਵਿਚ ਤਾਂ ਸਚੀ ਰਹਿਣੀ ਦੀ ਕਦਰ ਹੈ। ਜਿਥੇ ਤਕ ਵਖੋ-ਵਖਰੇ ਧਰਮਾਂ ਦਾ ਤਅਲਕ ਹੈ ਗੁਰਮਤ ਇਸ ਨੂੰ ਇਕ ਵਾਹਿਗੁਰੂ ਦੀ ਹੀ ਉਪਜ ਮੰਨਦਾ ਹੈ। ਓਹ ਮਜ਼ੁਬੀ ਵਖੇਵਿਆਂ ਜਾਂ ਵਿਤਕਰਿਆਂ ਦਾ ਹਾਮੀ ਨਹੀਂ। ਹਰ ਧਰਮ ਵਿਚ ਚੰਗਿਆਈਆਂ ਹਨ। ਵਖੋ-ਵਖ ਦੇਸਾਂ ਦੀ ਰਹਿਣੀ-ਬਹਿਣੀ, ਪਵਣ-ਪਾਣੀ, ਵਾਯੂ-ਮੰਡਲ ਜਾਂ ਆਲੇ-ਦੁਆਲੇ ਦੇ ਕਾਰਨ ਉਨ੍ਹਾਂ ਦੀ ਵਖੋ-ਵਖਰੀਆਂ ਮਨੌਤਾਂ ਹਨ। ਮਨੁੱਖਤਾ ਵਿਚ ਕਿਸੇ ਕਿਸਮ ਦਾ ਫਰਕ ਨਹੀਂ। ਇਸ ਲਈ ਕਿਸੇ ਨੂੰ ਮਜ਼ੁਬ ਦੇ ਵਖੇਵੇਂ ਕਰਕੇ ਧਿਕਾਰਣਾ ਜਾਂ ਨੀਵੇਂ ਕਹਿਣਾ ਗੁਰਮਤ ਵਿਚ ਵਿਵਰਜਤ ਹੈ। ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਵਖੇਵਿਆਂ ਦਾ ਜਿਕਰ ਇਸ ਪਰਕਾਰ ਕਰਦੇ ਹਨ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ॥
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥
ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਹੀ
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

(ਅਕਾਲ ਉਸਤਤਿ ਪਾ: ੧੦)

ਇਹੀ ਕਾਰਨ ਹੈ ਕਿ ਸਿਖ ਗੁਰੂਆਂ ਨੇ 'ਸਰਬਤ ਦਾ ਭਲਾ' ਮੰਗਿਆ ਹੈ ਤੇ ਜਿਸ ਮਜ਼ਬ ਵਿਚ ਕੋਈ ਹੈ ਉਸ ਵਿਚੋਂ ਹੀ ਉਸਨੂੰ ਅਸਲੀਅਤ ਮਿਲ ਜਾਣ ਲਈ ਅਰਦਾਸ ਕੀਤੀ ਹੈ :

ਜਗਤ ਜਲੰਦਾ ਰਖ ਲੈ ਅਪਣੀ ਕਿਰਪਾ ਧਾਰ ॥
ਜਿਤਿ ਦੁਆਰੈ ਉਬਰੈ ਤਿਤੈ ਲਿਓ ਉਬਾਰ ॥

(ਗਉੜੀ ਗੁਆਰੇਰੀ ਮ: ੩)

ਸੋ ਸਵਾਲ ਮੁਸਲਮਾਨ ਨੂੰ ਕਾਫਰ ਜਾਂ ਮੋਮਨ ਕਹਿਣ ਦਾ ਨਹੀਂ। ਸਵਾਲ ਅਸਲ ਵਿਚ ਇਹ ਹੈ ਕਿ ਓਹ ਸਹੀ ਤੌਰ ਤੇ ਮੁਸਲਮਾਨ ਬਣ ਕਿਵੇਂ ਸਕਦਾ ਹੈ। ਸੋ ਗੁਰੂ ਨਾਨਕ ਮੁਸਲਮਾਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ :

ਮੁਸਲਮਾਣੁ ਕਹਾਵਣੁ ਮੁਸਕਲੁ ਜਾਂ ਹੋਇ ਤਾਂ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥

(ਮਾਝ ਕੀ ਵਾਰ ਸਲੋਕ ਮ: ੧)

ਹੁਣ ਅਸੀਂ ਇਸਲਾਮ ਮਤ ਬਾਰੇ ਕੁਝ ਹੋਰ ਲੋੜਵੰਦੀ ਵਾਕਫੀਅਤ ਦੇਣਾ ਵੀ ਜ਼ਰੂਰੀ ਸਮਝਦੇ ਹਾਂ। ਸਭ ਤੋਂ ਪਹਿਲਾਂ ਅਸੀਂ ਰੂਹਾਂ ਦੇ ਵਖੇਵੇਂ ਤੇ ਉਨ੍ਹਾਂ ਦਾ ਕਰਮਾਂ ਅਨੁਸਾਰ ਦੋਜ਼ਖ ਤੇ ਬਹਿਸ਼ਤ ਵਿਚ ਜਾਣਾ ਵਿਚਾਰਾਂਗੇ।

ਮੁਸਲਮਾਨ ਮਤ ਅਨੁਸਾਰ ਰੂਹਾਂ ਰੱਬ ਤੋਂ ਵੱਖਰੀਆਂ ਹਨ ਭਾਵੇਂ ਉਨ੍ਹਾਂ ਦੀ ਉਪਜ ਦਾ ਕਾਰਨ ਓਹ ਆਪ ਹੀ ਹੈ। ਰੱਬ ਸਤਵੇਂ ਆਕਾਸ਼ ਤੇ ਕਿਸੇ ਨੂਰੀ ਤਖਤ ਤੇ ਬੈਠਾ ਹੈ ਤੇ ਉਸਦੇ ਤਖਤ ਨੂੰ ਫਰਿਸ਼ਤਿਆਂ ਨੇ ਚੁਕਿਆ ਹੋਇਆ ਹੈ। ਓਹ ਆਪਣੇ ਕਾਸਦ ਫਰਿਸ਼ਤਿਆਂ ਰਾਹੀਂ ਆਪਣੇ ਹੁਕਮ ਪੈਗੰਬਰ ਮੁਹੰਮਦ ਸਾਹਿਬ ਨੂੰ ਘਲਦਾ ਹੈ ਤੇ ਓਹ ਇਕ ਚੰਗੇ ਗਵਰਨਰ ਵਾਂਗ ਉਨ੍ਹਾਂ ਤੇ ਅਮਲ ਦਰਾਮਦ ਕਰਵਾਉਂਦੇ ਹਨ। ਜੋ ਮੋਮਨ ਬਣ ਉਸਦੇ ਹੁਕਮ ਨੂੰ ਸਹੀ ਤੌਰ ਤੇ ਮੰਨਦਾ ਹੈ ਪੈਗੰਬਰ ਉਸਦੀ ਹਾਮੀ ਰੱਬ ਅਗੇ ਭਰਦਾ ਹੈ ਤੇ ਓਹ ਉਸਨੂੰ ਪੈਗੰਬਰ ਦੀ ਸਿਫਾਰਸ਼ ਉਤੇ ਬਹਿਸ਼ਤ ਤੇ ਸ਼ਕਾਇਤ ਉਤੇ ਦੋਜ਼ਖ ਵਿਚ ਘਲ ਦੇਂਦਾ ਹੈ, ਜਿਥੇ

ਮੋਮਨ ਲਈ ਸਦਾ ਦੇ ਸੁਖ ਤੇ ਐਸ਼ ਤੇ ਮੁਨਕਰ ਲਈ ਘੋਰ ਦੁਖ ਤੇ ਅਜ਼ਾਬ ਹਨ।

ਇਹ ਦੋਜ਼ਖ਼ ਤੇ ਬਹਿਸ਼ਤ ਦਾ ਫੈਸਲਾ ਇਕੋ ਦਿਨ ਰੋਜ਼ੇ ਕਿਆਮਤ ਵਾਲੇ ਦਿਨ ਹੋਣਾ ਹੈ। ਤਾਂ ਕਿਆਮਤ ਰੂਹਾਂ ਆਪਣੀ ਆਪਣੀ ਗੋਰ ਵਿਚ ਹੀ ਆਪਣੇ ਆਪਣੇ ਫੈਸਲੇ ਦਾ ਇੰਤਜ਼ਾਰ ਕਰਨਗੀਆਂ। ਭਾਵੇਂ ਮੁਨਕਰਾਂ ਨੂੰ ਕਬਰ ਵਿਚ ਵੀ ਆਜ਼ਾਬ ਮਿਲਦੇ ਰਹਿਣਗੇ ਪਰ ਅਸਲ ਫੈਸਲਾ ਕਿਆਮਤ ਤੋਂ ਪਹਿਲਾਂ ਨਹੀਂ ਹੋਣਾ। ਕਿਆਮਤ ਵਾਲੇ ਦਿਨ ਇਸਰਾਫੀਲ ਫਰਿਸ਼ਤਾ ਬਿਗਲ (ਤੁਰਮ) ਵਜਾਏਗਾ। ਫੇਰ ਮੁਰਦੇ ਜਾਗਣਗੇ ਤੇ ਉਨ੍ਹਾਂ ਦੇ ਅਹਿਮਾਲਨਾਮੇ ਪੜ੍ਹੇ ਜਾਣਗੇ ਤੇ ਹਜ਼ਰਤ ਮੁਹੰਮਦ ਸਾਹਿਬ ਜੋ ਖ਼ੁਦਾ ਦੇ ਸਲਾਹਕਾਰ ਦੀ ਹੈਸੀਅਤ ਵਿਚ ਨਾਲ ਹੀ ਹੋਣਗੇ ਉਨ੍ਹਾਂ ਦੇ ਨੇਕ ਬਦ ਅਹਿਮਾਲਾਂ ਦਾ ਨਿਰਣਾ ਕਰਕੇ ਦੋਜ਼ਖ ਜਾਂ ਬਹਿਸ਼ਤ ਦਾ ਹੁਕਮ ਸੁਣਾਵਣਗੇ।

ਖ਼ੁਦਾ ਨਾਲ ਅਭੇਦਤਾ ਰੂਹਾਂ ਦੀ ਨਹੀਂ ਹੋ ਸਕਦੀ। ਓਹ ਤਾਂ ਦੋਜ਼ਖ ਜਾਂ ਬਹਿਸ਼ਤ ਦੀਆਂ ਹੀ ਅਧਿਕਾਰੀ ਹਨ।

ਗ਼ੁਰਮੱਤ ਦਾ ਉਪਰੋਕਤ ਵਿਚਾਰ ਨਾਲ ਸਿਧਾਂਤਕ ਮਤ ਭੇਦ ਹੈ। ਗੁਰਮੱਤ ਆਵਾਗਵਨ ਦੇ ਮਸਲੇ ਨੂੰ ਮੰਨਦਾ ਹੈ। ਗੁਰਮਤ ਦਾ ਨਿਸ਼ਾਨਾ ਅਦ੍ਵੈਤ ਭਾਵ ਵਾਹਿਗੁਰੂ ਨਾਲ ਅਭੇਦਤਾ ਦਾ ਹੈ। ਗੁਰਮੱਤ ਅਨੁਸਾਰ ਕਰਮਾਂ ਦਾ ਵਲ ਦਾਤਾ ਵਾਹਿਗੁਰੂ ਆਪ ਹੀ ਹੈ। ਓਹ ਕਿਸੇ ਦੀ ਵਕਾਲਤ ਜਾਂ ਸ਼ਿਫਾਰਸ਼ ਨਹੀਂ ਸੁਣਦਾ ਤੇ ਰੂਹ ਦੇ ਸਰੀਰ ਛਡਣ ਮਗਰੋਂ ਉਸ ਦੇ ਕਰਮਾਂ ਅਨੁਸਾਰ ਉਸਨੂੰ ਜੋਨੀ ਬਖਸ਼ ਦੇਂਦਾ ਹੈ। ਉਸਦਾ ਇਨਸਾਫ ਉਸਦਾ ਆਪਣਾ ਹੀ ਹੈ। ਓਹ ਕਿਸੇ ਦੀ ਸਲਾਹ ਇਸ ਵਿਚ ਨਹੀਂ ਵਰਤਦਾ ਸਗੋਂ :

> ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥
>
> (ਗੋਂਡ ਮ: ੫)

ਉਸਦੇ ਦਰਬਾਰ ਵਿਚ ਹੀ ਕਰਮਾਂ ਦਾ ਵਿਚਾਰ ਹੁੰਦਾ ਹੈ। ਓਹ ਆਪ ਵੀ ਸਚਾ ਹੈ ਤੇ ਓਹਦਾ ਦਰਬਾਰ ਵੀ ਸਚਾ ਹੈ :

> ਕਰਮੀ ਕਰਮੀ ਹੋਇ ਵਿਚਾਰੁ ॥ ਸਚਾ ਆਪਿ ਸਚਾ ਦਰਬਾਰੁ ॥

ਤੇ ਉਹਦੇ ਦਰਬਾਰੀ ਓਹ ਪੰਚ ਹਨ ਜੋ ਪਰਵਾਨ ਹੋਕੇ ਅਭੇਦਤਾ ਦਾ ਦਰਜਾ ਪਰਾਪਤ ਕਰ ਚੁਕੇ ਹਨ ਜਾ ਇਵੇਂ ਕਹਿ ਲਵੋ ਓਹ ਰੂਹਾਂ ਹਨ ਜੋ ਸੱਚ ਦੀ ਕਸਵਟੀ ਤੇ ਪੂਰੀਆਂ ਨਿਤਰ, ਅਭੇਦਤਾ ਦਾ ਦਰਜਾ (ਨਿਸ਼ਾਨ) ਓਹਦੀ ਮਿਹਰ ਦੇ ਸਦਕੇ ਪਰਾਪਤ ਕਰ ਚੁਕੀਆਂ ਹਨ :

> ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥੩੪॥ (ਜਪੁ ਮ: ੧)

ਇਸ ਦਰਬਾਰ ਵਿਚ ਇਨਸਾਫ ਇਵੇਂ ਇਕੋ ਜਿਹਾ ਹੋਵੇਗਾ ਮਾਨੋ ਸਚ

ਦੇ ਸਚੇ ਵਿਚ ਢਲਿਆ ਹੋਇਆ ਨਿਕਲੇਗਾ ।

ਓਥੇ ਸਚੇ ਹੀ ਸਚਿ ਨਿਬੜੇ ਚੁਣਿ ਵਖਿ ਕਢੇ ਜਜਮਾਲਿਆ ॥ ੨ ॥
(ਆਸਾ ਦੀ ਵਾਰ)

ਇਥੇ ਹੀ ਪੁਗੀ ਤੇ ਅਣਪੁਗੀ ਆਤਮਾ ਦਾ ਨਿਰਣਾ ਹੋਵੇਗਾ ।

ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥ (ਜਪੁ ਮ: ੧)

ਕਰਮਾਂ ਅਨੁਸਾਰ ਪੁਗੀਆਂ ਰੂਹਾਂ ਤਾਂ ਨੇੜ ਪਰਾਪਤ ਕਰ ਲੈਣਗੀਆਂ ਭਾਵ ਉਸਦੇ ਬਖਸ਼ਸ਼ ਕਰਨ ਵਾਲੇ ਦਰ (ਕਰਮ ਖੰਡ) ਤੇ ਪੁਜ ਜਾਣਗੀਆਂ ਤੇ ਅਣ ਪੁਗੀਆਂ ਰੂਹਾਂ ਆਪਣੇ ਮੰਦ ਕਰਮਾਂ ਦਾ ਫਲ ਸਰੂਪ ਰੱਬ ਤੋਂ ਦੂਰ ਆਵਾਗਉਣ ਵਿਚ ਪੈ ਜਾਣਗੀਆਂ ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥

ਪਰ ਜੋ ਨਾਮ ਸਿਮਰਨ ਰਾਹੀਂ ਨਾਮੀ ਤਕ ਅਪੜ ਜਾਣਗੀਆਂ ਓਨ੍ਹਾਂ ਦੀ ਘਾਲ ਕਮਾਈ ਸਫਲ ਹੋ ਗਈ ਹੈ ਭਾਵ ਜੀਵਨ ਯਾਤਰਾ ਸਫਲ ਹੋਈ ਹੈ। ਅਜਿਹੀਆਂ ਪੁਗੀਆਂ ਜੀਵਣੀਆਂ ਆਪਣੇ ਜੀਵਨ ਦੇ ਸੁਚੱਜੇ ਪਰਭਾਵ ਅਨੁਸਾਰ ਦੂਜਿਆਂ ਨੂੰ ਵੀ ਸ਼ੁਭ ਜੀਵਨ ਬਖਸ਼ਕੇ ਆਪਣੇ ਵਰਗਾ ਬਣਾ ਅਭੇਦਤਾ ਦੇ ਨਿਸ਼ਾਨੇ ਤੇ ਅਪੜਾ ਦੇਣਗੀਆਂ, ਇਨ੍ਹਾਂ ਲਈ ਹੀ ਸਤਿਗੁਰ ਫੁਰਮਾਂਦੇ ਹਨ :

ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥ (ਗਉੜੀ ਸੁਖਮਨੀ ਮ: ੫)
ਜਾਂ
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (ਸਲੋਕ ਜਪੁ ਮ: ੧)

ਚੰਗੀ ਮੰਦੀ ਜੂਨੀ ਹੀ ਬਹਿਸ਼ਤ ਤੇ ਦੋਜ਼ਖ਼ ਹੈ । ਕਈ ਸਜਣ ਕਹਿਣਗੇ ਗੁਰਬਾਣੀ ਵਿਚ ਦੋਜ਼ਖ, ਬਹਿਸ਼ਤ ਜਾਂ ਨਰਕ ਸਵਰਗ ਦਾ ਜ਼ਿਕਰ ਤਾਂ ਕਈ ਥਾਈਂ ਆਇਆ ਹੈ ਫੇਰ ਤੁਸੀ ਕਿਵੇਂ ਕਹਿ ਸਕਦੇ ਹੋ ਜੋ ਗੁਰਮਤ ਨਰਕ ਸਵਰਗ ਦੇ ਮਸਲੇ ਤੋਂ ਇਨਕਾਰੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗਹੁ ਨਾਲ ਅਧਿਅਨ ਕਰਨ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਜੋ ਗੁਰੂ ਸਾਹਿਬਾਨ ਨੇ ਜਿਸ ਸ਼ਬਦ ਵਿਚ ਨਰਕ ਸਵਰਗ ਦਾ ਜ਼ਿਕਰ ਕੀਤਾ ਤੇ ਜਿਸ ਵਿਚ ਆਵਾ ਗਵਨ ਦਾ ਜ਼ਿਕਰ ਕੀਤਾ ਹੈ ਹੈ ਉਥੇ ਨਰਕ ਸਵਰਗ ਦਾ ਤਜ਼ਕਰਾ ਨਹੀਂ ਛੇੜਿਆ । ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰ ਵਿਅਕਤੀਆਂ ਦੇ ਅਨਭਵ ਵਿਚ ਨਰਕ ਸਵਰਗ

ਤੇ ਆਵਗਵਨ ਇਕ ਪਧਰ ਤੇ ਹਨ ਕੇਵਲ ਵਖ ਵਖ ਲੋਕਾਂ ਲਈ ਉਨ੍ਹਾਂ ਦੀ ਸਮਝ ਦੇ ਮੁਤਾਬਕ ਬੋਲੀ ਬੋਲੀ ਹੈ। ਅਸਲ ਵਿਚ ਚੰਗੀ ਮੰਦੀ ਜੂਨ ਹੀ ਸਵਰਗ ਨਰਕ ਹਨ :

ਨਾਮ

ਇਸਲਾਮ ਨੇ ਕੁਰਾਨ ਵਿਚ ਰਬ ਦੇ ਇਕ ਸੌ ਇਕ ਨਾਮ ਹੀ ਪਰਵਾਨ ਕੀਤੇ ਹਨ। ਇਸਤੋਂ ਇਲਾਵਾ ਰੱਬ ਦਾ ਕੋਈ ਹੋਰ ਨਾਮ ਅਪਰਵਾਨਿਤ ਹੈ ਤੇ ਸ਼ਰਾਹ ਤੋਂ ਉਲਟ ਹੈ। ਅਲ੍ਹਾ ਉਸਦਾ ਜ਼ਾਤੀ ਨਾਮ ਹੈ ਤੇ ਬਾਕੀ ਇਕ ਸੌ ਉਸਦੇ ਸਿਫਾਤੀ ਨਾਮ ਹਨ।

ਵੇਰਵਾ ਇਸ ਪ੍ਰਕਾਰ ਹੈ :

ਜ਼ਾਤੀ ਨਾਮ ਅਲ੍ਹਾ ਹੈ।

ਸਿਫਾਤੀ ਨਾਮ

੧. ਅਜ਼ੀਜ਼--(ਪੂਜਨ ਯੋਗ) ੨. ਅਜ਼ੀਮ-ਸਭ ਤੋਂ ਵਡਾ ੩. ਅਦਲ-ਨਿਆਂਕਾਰੀ ੪. ਅਫੂਵ-ਬਖਸਿੰਦ ੫. ਅਲੀ-ਉਚਾ ੬. ਅਲੀਮ-ਪੂਰਨ ਗੰਭੀਰਤਾ ੭. ਅਵਲ-ਪਹਿਲਾ ੮. ਆਖਿਰ-ਸਭ ਤੋਂ ਪਿਛਲਾ ੯. ਸ਼ਹੀਦ-ਗਵਾਹ ੧੦. ਸ਼ਕੂਰ-ਕਦਰਦਾਨ ੧੧. ਸੱਤਾਰ-ਪੜਦਾ ਢਕਣ ਵਾਲਾ ੧੨. ਸਬੂਰ-ਸੰਤੋਖੀ ੧੩. ਸਮੰਦ-ਬੇਪਰਵਾਹ ੧੪. ਸ਼ਮੀਅ-ਬਹੁਤ ਸੁਣਨਹਾਰ ੧੫. ਸਲਾਮ-ਇਸਥਿਤ ੧੬. ਹਸੀਬ-ਹਿਸਾਬ ਕਰਤਾ ੧੭. ਹੁਕਮ-ਫੈਸਲਾ ਕਰਨ ਵਾਲਾ ੧੮. ਹਕੀਮ--ਹਿਕਮਤੀ ੧੯. ਹੱਕ-ਸਤਯ ਸਰੂਪ ੨੦. ਹਮੀਦ-ਸਲਾਹਨ ਯੋਗ ੨੧. ਹਯ-ਜੀਵਨ ਰੂਪ ੨੨. ਹਲੀਮ-ਸਹਾਰਨ ਯੋਗ ੨੩. ਹਾਫਿਜ਼-ਰਖੀਯਕ ੨੪. ਕਹਾਰ-ਕਹਿਰਵਾਨ ੨੫. ਕਬੀਰ-ਅਤਿ ਵਡਾ ੨੬. ਕਰੀਮ-ਬਖਸ਼ਸ਼ ਕਰਨ ਵਾਲਾ ੨੭. ਕਵੀਯ-ਬਲਵਾਨ ੨੮. ਕਾਦਿਰ-ਕੁਦਰਤ ਰਚਣ ਵਾਲਾ ੨੯. ਕਾਬਿਜ਼-ਰੋਕਣ ਵਾਲਾ ੩੦. ਕੁਦੂਸ-ਪਵਿਤਰ ੩੧. ਕੈਯੁਮ-ਕਾਇਮ ਕਰਤਾ ੩੨. ਖਬੀਰ-ਖਬਰਦਾਰ ੩੩. ਖਾਫਿਜ਼-ਦਰਜੇ ਤੋਂ ਡੇਗਣ ਵਾਲਾ ੩੪. ਖਾਲਿਕ-ਕਰਤਾਰ ੩੫. ਗ਼ਨੀ-ਬੇਪਰਵਾਹ ੩੬. ਗ਼ਫੂਰ-ਖਿਮਾ ਕਰਨ ਵਾਲਾ ੩੭. ਗ਼ੁਫਾਰ-ਬਖਸ਼ਿੰਦ ੩੮. ਜਬਾਰ-ਜ਼ਬਰਦਸਤ ੩੯. ਜਲੀਲ--ਪ੍ਰਕਾਸ਼ ਰੂਪ ੪੦. ਜ਼ਾਹਿਰ--ਪਰਗਟ ੪੧. ਜਾਮਿਆ-ਜਮਾ ਕਰਨ ਵਾਲਾ ੪੨. ਜ਼ਾਰ-ਨੁਕਸਾਨ ਪੈਦਾ ਕਰਤਾ ੪੩. ਜ਼ੁਲ ਜ਼ਲਾਲੇ ਵਲ ਇਕਰਾਮ-ਬਜ਼ੁਰਗ ਤੇ ਮਿਹਰਵਾਨ ੪੪. ਤਵਾਬਰ-ਤੋਬਾ ਮਨਜ਼ੂਰ ਕਰਤਾ

੪੫. ਨਾਫਿਆ–ਨਫਾ ਦੇਣ ਹਾਰ ੪੬. ਨੂਰ ਪ੍ਰਕਾਸ਼ਵਾਨ ੪੭. ਫਤਾਹਿ–ਖੇਡਣਹਾਰ ੪੮. ਬਸ਼ੀਰ–ਬਹੁਤਾ ਦੇਖਣੇ ਵਾਲਾ ੪੯. ਬੱਦੀਆ–ਨਵੀਂ ਰਚਨਾ ਕਰਨ ਵਾਲਾ ੫੦. ਬਰ--ਨੇਕੀ ਕਰਤਾ ੫੧. ਬਾਇਸ਼–ਮੁਰਦਿਆਂ ਦਾ ਪਰਾਨ ਦਾਤਾ ੫੨. ਬਾਸਿਤ–ਬਹੁਤ ਦੇਣ ਵਾਲਾ ੫੩. ਬਾਕੀ–ਸਭ ਤੋਂ ਉਤਮ ੫੪. ਬਾਤਿਨ–ਗੁਪਤ ੫੫. ਬਾਰੀ–ਪੈਦਾ ਕਰਨ ਵਾਲਾ ੫੬. ਮਜੀਦ–ਬਜ਼ੁਰਗੀ ਵਾਲਾ ੫੭. ਮਦੀਨ–ਨਿਹਚਲ ੫੮. ਮਲਿਕ–ਬਾਦਸ਼ਾਹ ੫੯. ਮਾਜਿਦ–ਬਜ਼ੁਰਗੀ ਵਾਲਾ ੬੦. ਮਾਨਿਯਿ–ਮਨ੍ਹਾ ਕਰਨ ਵਾਲਾ ੬੧. ਮਾਲਿਕੁਲ ਮੁਲਕ–ਦੇਸ ਦਾ ਮਾਲਿਕ ੬੨. ਮੁਅਖਿਰ–ਪਿਛੇ ਹਟਾਣ ਵਾਲਾ ੬੩. ਮੁਅੱਤੀ–ਦਾਨੀ ੬੪. ਮੁਇਜ਼–ਇਜ਼ਤ ਦੇਣ ਵਾਲਾ ੬੫. ਮੁਬੀਦ–ਫੇਰ ਰਚਣ ਵਾਲਾ ੬੬. ਮਸੱਵਿਰ–ਮੂਰਤਾਂ ਬਣਾਣ ਵਾਲਾ ੬੭. ਮੁਹਈ–ਪ੍ਰਾਣ ਦਾਤਾ ੬੮. ਮੁਹਸ਼ੀ–ਘਰਨੇ ਵਾਲਾ ੬੯. ਮੁਰੈਮਿਨ–ਨਿਗਾਹਬਾਨ ੭੦. ਮੁਕਸਿਤ–ਮੁਨਸਿਫ ੭੧. ਮੁਕਤਦਿਯ–ਅਖਤਿਆਰ ਵਾਲਾ ੭੨. ਮੁਕਦਿਮ–ਅਗੇ ਕਰਨੇ ਵਾਲਾ ੭੩. ਮੁਕੀਤ–ਰੋਜ਼ੀ ਦਹਿੰਦ ੭੪. ਮੁਗਨੀ–ਬੇਪਰਵਾਈ ਕਰਨ ਵਾਲਾ ੭੫. ਮੁਜ਼ਿਰ–ਖੁਆਰ ਕਰਨ ਵਾਲਾ ੭੬. ਮੁਜੀਬ--ਅਰਦਾਸ ਪ੍ਰਵਾਨ ਕਰਨ ਵਾਲਾ ੭੭. ਮੁਤਆਲੀ–ਮਹਾਨ ਉਚਾ ੭੮. ਮੁਅਤਬਿਰ–ਵਡਿਆਈ ਵਾਲਾ ੭੯. ਮੁੰਤਕਿਮ–ਕਰਮਾਂ ਅਨੁਸਾਰ ਸਜ਼ਾ ਦਹਿੰਦ ੮੦.ਮੁਨਿਇਮ–ਨਿਆਮਤਾਂ ਦੇਣ ਵਾਲਾ ੮੧. ਮੁਬਦੀ–ਆਰੰਭ ਕਰਨ ਵਾਲਾ ੮੨. ਮੁਮੀਤ–ਮਾਰਨੇ ਵਾਲਾ ੮੩. ਮੋਮਨ–ਅਮਨ ਦੇਣ ਵਾਲਾ ੮੪. ਰਊਫ–ਮਿਹਰਬਾਨ ੮੫. ਰਸ਼ੀਦ–ਸਿਧੇ ਰਾਹ ਪਾਣ ਵਾਲਾ ੮੬. ਰਹਿਮਾਨ–ਕ੍ਰਿਪਾਲੂ ੮੭. ਰਹੀਮ–ਦਿਆਲੂ ੮੮. ਰਜ਼ਾਕ–ਰੋਜ਼ੀ ਦਾਤਾ ੮੯. ਰਾਫਿਆ–ਵਡਾ ਰੁਤਬਾ ਦੇਣ ਵਾਲਾ ੯੦. ਲਤੀਫ--ਸੂਖਸ਼ਮ ਦ੍ਰਿਸ਼ਟੀ ਵਾਲਾ । ੯੧. ਵਹਾਬ–ਦਾਤਾ ੯੨. ਵਕੀਲ–ਕਾਰਸਾਜ਼ ੯੩. ਵਦਦ–ਪ੍ਰੇਮ ਕਰਨ ਵਾਲਾ ੯੪. ਵਲੀ–ਮਾਲਿਕ ੯੫. ਵਾਸ਼ਿਆ–ਖੁਲ੍ਹ ਦੇਣ ਵਾਲ ੯੬. ਵਾਹਿਦ–ਅਦੁਤੀ ੯੭. ਵਾਜਿਦ–ਸਭ ਕੁਝ ਰਖਣ ਵਾਲਾ ੯੮. ਵਾਹਿਸ਼–ਨਾਸ਼ ਹੋਣ ਪਿਛੋਂ ਵੀ ਰਹਿਣ ਵਾਲਾ ੯੯. ਵਾਲੀ–ਸਵਾਮੀ ੧੦੦. ਰਕੀਬ–ਰਕਾਬਤ ਕਰਨ ਵਾਲਾ ।

ਗੁਰਮਤ ਅਨੁਸਾਰ ਉਸਦੀਆਂ ਸਿਫਤਾਂ ਕਹਿਣ ਵਿਚ ਨਹੀਂ ਆ ਸਕਦੀਆਂ । ਉਹ ਬੇਅੰਤ ਹਨ :

ਅੰਤੁ ਨ ਸਿਫਤੀ ਕਹਣਿ ਨ ਅੰਤੁ ॥

(ਜਪੁ ਮ: ੧)

ਕਹਿਣ ਵਾਲੇ ਕਹਿ ਕਹਿ ਕੇ ਥਕ ਗਏ ਹਨ, ਪਰ ਸਿਫਤਾਂ ਦੀ ਤੋਟ ਨਹੀਂ ਆਉਂਦੀ।

ਕਥਨਾ ਕਥੀ ਨ ਆਵੈ ਤੋਟਿ ।। ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ।। ੩ ।।
(ਜਪੁ ਮ: ੧)

ਨਾਮ ਅਸੰਖਾਂ ਹਨ :

ਅਸੰਖ ਨਾਵ ਅਸੰਖ ਥਾਵ ।। ੧੯ ।।
(ਜਪੁ ਮ: ੧)

ਫੇਰ ਸਾਰੇ ਨਾਮ ਕੌਣ ਲਵੇ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਪ ਸਾਹਿਬ ਵਿਚ ਅਕਾਲ ਪੁਰਖ ਦੇ ਅਨੰਤ ਨਾਮ ਬਿਆਨਦੇ ਹਨ ਤੇ ਅਨੰਤ ਨਾਮ ਧਿਆਉਣ ਤੇ ਪਰਮ ਜੋਤ ਪਾਉਣ ਵਾਲਾ ਸਤਿਗੁਰੂ ਆਖਰ ਇਹੋ ਕਹਿੰਦਾ ਹੈ :

ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤਿ ।।
(ਜਾਪ ਪਾ: ੧੦)

ਨਾਮ ਸਬੰਧੀ ਗੁਰਮੱਤ ਦੇ ਵਿਚਾਰ ਇਸ ਪੁਸਤਕ ਦੇ ਛੇਵੇਂ ਭਾਗ ਵਿਚ 'ਨਾਮ' ਦੇ ਸਿਰਲੇਖ ਹੇਠਾਂ ਦਿਤੇ ਗਏ ਹਨ ।

ਧਾਰਮਕ ਗਰੰਥ—ਕੁਰਾਨ

ਕੁਰਾਨ ਦਾ ਅਰਥ ਪੜ੍ਹਨਾ ਜਾਂ ਪੜ੍ਹੇ ਜਾਣਾ ਹੈ । ਕੁਰਾਨ ਮੁਸਲਮਾਨ ਅਕੀਦੇ ਦੇ ਮੁਤਾਬਕ ਇਕ ਇਲਹਾਮੀ ਪੁਸਤਕ ਹੈ । ਖੁਦਾ ਨੇ ਪਹਿਲਾਂ ਇਸਨੂੰ 'ਲੌਹਿ ਮਹਿਫੂਜ਼' ਤੇ ਇਕੋ ਰਾਤ ਵਿਚ ਉਤਾਰਿਆ ਸੀ । ਕਹਿੰਦੇ ਨੇ, ਜਿੰਨੀਆਂ ਆਇਤਾਂ ਖੁਦਾਵੰਦ ਤਆਲਾ ਨੇ ਪੈਗੰਬਰ ਨੂੰ ਦੇਣੀਆਂ ਹੁੰਦੀਆਂ ਸਨ, ਉਨੀਆਂ ਆਇਤਾਂ ਹੀ ਦੁਨੀਆਂ ਦੇ ਅਕਾਸ਼ ਵਿਚ ਉਤਰਦੀਆਂ ਸਨ ਤੇ ਫਰਿਸ਼ਤੇ ਉਸਨੂੰ ਹਜ਼ਰਤ ਮੁਹੰਮਦ ਤਕ ਅਪੜਾ ਦੇਂਦੇ ਸਨ । ਇਸਤਰ੍ਹਾਂ ਥੋੜਾ ਥੋੜਾ ਕਰਕੇ ਇਹ ਪੂਰਾ ਕੁਰਾਨ ੨੫ ਸਾਲ ਵਿਚ ਹਜ਼ਰਤ ਸਾਹਿਬ ਨੂੰ ਮਿਲਿਆ । ਸੋ ਅਕੀਦਾ ਹੈ ਕਿ ੨੫ 'ਲੋਲ ਤੁਲ ਕਦਰ' ਦੀਆਂ ਰਾਤਾਂ ਲੋਹੇ ਮਹਿਫੂਜ਼ ਤੋਂ ਦੁਨੀਆਂ ਦੇ ਆਕਾਸ਼ ਤਕ ਫਿਰ ਇਥੋਂ ੨੫ ਸਾਲ ਹਜ਼ਰਤ ਸਾਹਿਬ ਤਕ ਪੁਜਣ ਤਕ ਲਗੇ ।[ਦੇਖੋ ਮੁਲਾ ਸਾਯੂਤੀ ਰਚਿਤ 'ਇਤਿਰਾਨ' ।

ਲੋਹੇ ਮਹਿਫੂਜ਼ ਤੋਂ ਕੁਰਾਨ ਲਿਆ ਲਿਆ ਕੇ ਦੁਨੀਆਂ ਦੇ ਆਕਾਸ਼ ਵਿਚ ਜਿਸ ਥਾਂ ਤੇ ਰਖਿਆ ਗਿਆ, ਉਸ ਥਾਂ ਨੂੰ 'ਬੈਤੁਲਇਜ਼ਾ' ਬੈਤੁਲ ਮਾਮੂਰ, ਬੈਤੁਲ ਅਹਿਸਾਨ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ।

ਕੁਰਾਨ ਕਿਤਾਬੀ ਸ਼ਕਲ ਵਿਚ ਹਜ਼ਰਤ ਸਾਹਿਬ ਦੀ ਜ਼ਿੰਦਗੀ ਵਿਚ ਨਹੀਂ ਆ ਸਕਿਆ । ਕਹਿੰਦੇ ਨੇ ਪਹਿਲੇ ਇਹ ਖਜੂਰ ਦੇ ਪਤਿਆਂ, ਸਫੈਦ ਪਥਰਾਂ ਤੇ ਹਡੀਆਂ ਆਦਿ ਤੇ ਉਕਰਿਆ ਹੋਇਆ ਸੀ । ਸ਼ਿਬਲੀ ਨਅਮਾਨੀ ਨੇ ਆਪਣੀ

ਰਚਿਤ ਕਿਤਾਬ 'ਅਲ ਫਾਰੂਕ' ਵਿਚ ਲਿਖਿਆ ਹੈ ਕਿ ਇਹ ਹਜ਼ਰਤ ਮੁਹੰਮਦ ਸਾਹਿਬ ਦੀ ਮ੍ਰਿਤੂ ਮਗਰੋਂ ਹੀ ਸੰਪਾਦਿਤ ਹੋਇਆ। ਇਸ ਤੋਂ ਪਹਿਲਾਂ ਇਸਦੇ ਅੱਡ ਅੱਡ ਹਿਸੇ ਅੱਡ ਅੱਡ ਸ਼ਹਾਬਾਂ ਪਾਸ ਸਨ, ਉਹ ਵੀ ਕੁਝ ਖਜੂਰ ਦੇ ਪਤਿਆਂ, ਕੁਝ ਪਥਰਾਂ ਦੀਆਂ ਤਖਤੀਆਂ ਤੇ ਕੁਝ ਹਡੀਆਂ ਤੇ ਉਕਰੇ ਹੋਏ ਸਨ। ਕਿਸੇ ਨੂੰ ਪੂਰਾ ਕੁਰਾਨ ਯਾਦ ਵੀ ਨਹੀਂ ਸੀ। ਕਿਸੇ ਨੂੰ ਕੋਈ ਸੂਰਤ ਯਾਦ ਸੀ ਤੇ ਕਿਸੇ ਨੂੰ ਕੋਈ।

ਇਸੇਤਰ੍ਹਾਂ ਹਜ਼ਰਤ ਸਾਹਿਬ ਦਾ ਖਾਸ ਸਾਥੀ (ਸਹਾਬਾ) ਜ਼ੈਦ ਕਹਿੰਦਾ ਹੈ ਕਿ ਉਸਨੇ ਥਾਂ ਪਰਥਾਂ ਫਿਰ ਫਿਰ ਕੇ ਕੁਰਾਨ ਨੂੰ ਢੂੰਡਿਆ ਤੇ ਇਕਤ੍ਰ ਕੀਤਾ। ਇਸਦੇ ਸੋਮੇ ਖਜੂਰ ਦੀਆਂ ਪਤੀਆਂ, ਚਿਟੇ ਪਥਰ ਦੀਆਂ ਤਖਤੀਆਂ, ਤੇ ਲੋਕਾਂ ਦੇ ਸੀਨੇ (ਯਾਦ) ਸਨ। ਉਨ੍ਹਾਂ ਨੂੰ 'ਸੂਰਾਏ ਤੋਬਾ' ਅਬੀ ਖਜੀਆ ਅਨੁਸਾਰੀ ਪਾਸੋਂ ਮਿਲਿਆ। ਕਿਉਂਕਿ ਇਹ ਕਿਸੇ ਹੋਰ ਪਾਸ ਹੈ ਹੀ ਨਹੀਂ ਸੀ। ਉਹ ਇਹ ਵੀ ਕਹਿੰਦੇ ਹਨ ਕਿ ਜਿਹੜੀ ਇਕਤ੍ਰਤਾ ਉਹਨਾਂ ਕੀਤੀ, ਉਹ ਉਨ੍ਹਾਂ ਅਬੂਬਕਰ ਨੂੰ ਸੌਂਪ ਦਿਤੀ ਸੀ, ਜੋ ਉਨ੍ਹਾਂ ਤੋਂ ਮਗਰੋਂ ਹਜ਼ਰਤ ਉਮਰ ਪਾਸ ਰਹੀ ਤੇ ਬਾਹਦ ਵਿਚ ਉਨ੍ਹਾਂ ਦੀ ਲੜਕੀ ਹਫਸਾ ਪਾਸ ਰਹੀ।

ਕੁਝ ਕੁ ਆਇਤਾਂ ਗੁੰਮ ਹੋਈਆਂ ਵੀ ਜਾਪਦੀਆਂ ਹਨ। ਹਜ਼ਰਤ ਆਇਸ਼ਾਂ ਨੇ 'ਆਇਤ ਰਜਮ' ਦੇ ਬਕਰੀ ਦੇ ਖਾ ਜਾਣ ਦਾ ਜ਼ਿਕਰ ਕੀਤਾ ਹੈ। 'ਅਬਵਾਬੁਲ ਨਕਾਤ' ਵਿਚ ਉਨ੍ਹਾਂ ਦੀ ਜ਼ਬਾਨੀ ਇਸਤਰ੍ਹਾਂ ਦਾ ਜ਼ਿਕਰ ਆਇਆ ਹੈ ਕਿ ਇਹ ਆਇਤ ਰਜਮ ਤੇ ਬਾਲਗ ਨੂੰ ਦਸ ਬਾਰ ਦੁਧ ਪਿਲਾਣ ਬਾਰੇ ਉਤਰੀ ਸੀ ਤੇ ਜਿਸ ਚੀਜ਼ ਤੇ ਉਹ ਲਿਖੀ ਗਈ ਸੀ, ਉਨ੍ਹਾਂ ਨੇ ਉਹ ਆਪਣੇ ਤਖਤ ਹੇਠਾਂ ਰਖ ਦਿਤੀ ਸੀ। ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਮਗਰੋਂ ਉਹ ਉਨ੍ਹਾਂ ਨੂੰ ਦਫਨ ਕਰਨ ਦੇ ਆਹਰ ਵਿਚ ਲਗੇ ਹੋਏ ਸਨ ਕਿ ਉਹ ਆਇਤ ਇਕ ਬਕਰੀ ਖਾ ਗਈ।

ਇਸੇਤਰ੍ਹਾਂ ਬਸਰਾ ਦੇ ਅਬੂ ਮੂਸਾ ਅਸ਼ਅਰੀ ਨੇ ਬਸਰਾ ਦੇ ੩੦੦ ਸਾਥੀਆਂ ਦੇ ਸਾਹਮਣੇ ਇਹ ਰਾਜ਼ ਖੋਹਲਿਆ ਕਿ ਉਹ 'ਸੂਰਤ ਤੋਬਾ' ਜਿੰਨੀ ਵਡੀ ਇਕ ਸੂਰਤ ਪੜ੍ਹਦੇ ਸਨ, ਪਰ ਉਹ ਹੁਣ ਉਨ੍ਹਾਂ ਦੀ ਯਾਦੋਂ ਬਿਲਕੁਲ ਉਤਰ ਗਈ ਹੈ। ਉਨ੍ਹਾਂ ਨੂੰ ਹੁਣ ਕੇਵਲ ਇੰਨਾਂ ਹੀ ਯਾਦ ਸੀ ਕਿ ਆਦਮ ਦੀ ਸੰਤਾਨ ਨੂੰ ਧਨ ਦੀਆਂ ਜੇਕਰ ਦੋ ਵਾਦੀਆ ਮਿਲਦੀਆਂ, ਤਾਂ ਉਹ ਫਿਰ ਵੀ ਤੀਜੀ ਲਈ ਲੁਛਦਾ। ਆਦਮ ਦੇ ਪੁਤਰ ਦਾ ਢਿਡ ਮਿਟੀ ਭਰੇ ਤਾਂ ਭਰੇ, ਵੈਸੇ ਨਹੀਂ ਭਰਦਾ। ਹੁਣ ਇਹ ਆਇਤ ਵੀ ਕੁਰਾਨ ਵਿਚ ਨਹੀਂ।

ਇਹ ਵੀ ਕਿਹਾ ਜਾਂਦਾ ਹੈ ਕਿ ਸੂਰਤ ਤੋਬਾ ਵੀ ਮੁਕੰਮਲ ਨਹੀਂ। ਇਮਾਮ ਮਾਲਕ ਦਾ ਕਹਿਣਾ ਹੈ ਕਿ ਇਹ ਸੂਰਤ ਹੈ, ਤਾਂ ਬਕਰ ਜਿੰਨੀ ਸੀ, ਪਰ ਇਸ

ਦਾ ਪਹਿਲਾ ਹਿਸਾ ਜਾਂਦਾ ਰਿਹਾ ਹੈ ਤੇ ਉਸਦੇ ਨਾਲ ਬਿਸਮਿਲਾ ਵੀ ਨਹੀਂ ਰਹੀ।

ਸ਼ਈਆ ਮੁਸ਼ਲਮਾਨ ਸ਼ਿਕਾਇਤ ਕਰਦੇ ਹਨ ਕਿ ਕੁਰਾਨ ਵਿਚੋਂ ਕਈ ਪੂਰੀਆਂ ਪੂਰੀਆਂ ਸੂਰਤਾਂ ਹੀ ਖਾਰਜ ਕਰ ਦਿਤੀਆਂ ਗਈਆਂ ਹਨ, ਜਿਹਾ ਕਿ 'ਤੁਹਫਾਏ ਇਸ਼ਨਾ ਅਸਰਯਾ' ਵਿਚ ਸ਼ਾਹ ਅਬਦੁਲ ਅਜ਼ੀਜ਼ ਸਾਹਿਬ ਲਿਖਦੇ ਹਨ ਕਿ 'ਸੂਰਾਏ ਅਲਦਲਾਇਤ' ਉਕੀ ਹੀ ਕਢ ਦਿਤੀ ਗਈ ਹੈ। ਇਸੇਤਰ੍ਹਾਂ ਬਹੁਤ ਸਾਰੀਆਂ ਦੇ ਅਧੇ ਹਿਸੇ ਦਰਜ ਨਹੀਂ ਕੀਤੇ, ਕਿਉਂਕਿ ਉਹ ਇਮਾਮਤ ਦੇ ਪੱਖ ਵਿਚ ਸਨ । ਜਿਹਾ ਕਿ 'ਸੂਰਾਏ ਇਹਜ਼ਹਬ' ਜੋ ਆਕਾਰ ਵਿਚ ਸੂਰਤ ਇਨਆਮ ਜਿੰਨੀ ਸੀ, ਵਿਚੋਂ ਉਹ ਹਿਸਾ ਕਢ ਦਿਤਾ ਗਿਆ ਹੈ, ਜੋ 'ਅਹਲੇ ਬੈਤ' ਤਥਾ ਇਮਾਮਤ ਦੇ ਪਖ ਵਿਚ ਸੀ।"

'ਤੁਹਫਾਏ ਇਸਨਾ ਅਸਰਯ' ਜਿਸਦੇ ਮੁਸੱਨਫ ਅਬਦੁਲ ਅਜ਼ੀਜ਼ ਹਨ, ਉਪਰੋਕਤ ਪੁਸਤਕ ਦੇ ਸਫਾ ੨੯੦ ਤੇ ਕੁਝ ਇਸ ਭਾਵ ਦੀ ਸੂਚਨਾ ਦੇਂਦੇ ਹਨ ਕਿ ਹੁਣ ਦਾ ਕੁਰਾਨ, ਜੋ ਹਜ਼ਰਤ ਉਸਮਾਨ ਦੀ ਸੰਚਤ ਇਕਤ੍ਰਤਾ ਹੈ, ਅਸਲੀ ਕੁਰਾਨ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸਦੀ ਤਰਤੀਬ ਵੀ ਅਸਲੀ ਕੁਰਾਨ ਮੁਤਾਬਕ ਨਹੀਂ ਤੇ ਇਸਦੇ ਬਹੁਤ ਸਾਰੇ ਹਿਸਿਆਂ ਵਿਚ ਤਬਦੀਲੀ ਕੀਤੀ ਗਈ ਹੈ। ਆਇਤਾਂ ਦੀ ਤਾਂ ਗਲ ਹੀ ਛਡੋ, ਇਸ ਵਿਚੋਂ ਕਈ ਸੂਰਤਾਂ ਹੀ ਗਾਇਬ ਹਨ ।

ਅਜਿਹੀਆਂ ਕਈ ਹੋਰ ਲਿਖਤਾਂ ਵੀ ਮਿਲਦੀਆਂ ਹਨ, ਜਿਨ੍ਹਾਂ ਵਿਚ ਅਸਲੀ ਨਾਜ਼ਲ ਹੋਏ ਕੁਰਾਨ ਦੀ ਮੁਕੰਮਲਤਾ ਤੇ ਸ਼ਕ ਕੀਤਾ ਜਾਂਦਾ ਹੈ । ਉਨ੍ਹਾਂ ਵਿਦਵਾਨ ਮੁਸਲਮਾਨ ਲਿਖਾਰੀਆਂ ਦਾ ਖਿਆਲ ਹੈ, ਜੋ ਹੁਣ ਦੇ ਕੁਰਾਨ ਵਿਚ ਕਈ ਤਬਦੀਲੀਆਂ ਹੋਈਆਂ ਹਨ।

ਹੁਣ ਦੇ ਮੌਜੂਦਾ ਕੁਰਾਨ ਦੀਆਂ ੧੧੪ ਸੂਰਤਾਂ ਤੇ ੬੬੬੬ ਆਇਤਾਂ ਹਨ । ਕੁਰਾਨ ਦੇ ਕੁਲ ਅਖਰਾਂ ਦਾ ਜੋੜ ੩੨੩੭੪੧ ਤੇ ਪਦ ੭੯੪੩੬ ਹਨ। ੧੧੪ ਸੂਰਤਾਂ ਦੀਆਂ ਮਹੀਨੇ ਵਿਚ ਪਾਠ ਕਰਨ ਲਈ ਸਤ ਮੰਜ਼ਲਾਂ ਥਾਪੀਆਂ ਗਈਆਂ ਹਨ। ਕਿਤੇ ਕਿਤੇ ਸੂਰਤਾਂ ਦਾ ਮੁੰਢ ਹੇਠ ਲਿਖੇ ਅਖਰਾਂ ਵਿਚੋਂ ਕਿਸੇ ਇਕ ਨਾਲ ਬੰਨ੍ਹਿਆ ਗਿਆ ਹੈ:

ਅਲਫ, ਲਾਮ, ਮੀਮ, ਆਦਿ।

ਇਨ੍ਹਾਂ ਅਖਰਾਂ ਦੇ ਅਰਥ ਵਿਦਵਾਨ ਆਪਣੀ ਆਪਣੀ ਸਮਝ ਅਨੁਸਾਰ ਕਰਦੇ ਹਨ, ਪਰ ਕਈਆਂ ਦਾ ਖਿਆਲ ਹੈ ਕਿ ਇਨ੍ਹਾਂ ਦਾ ਸਹੀ ਮਤਲਬ ਤਾਂ ਖੁਦਾ ਆਪ ਹੀ ਜਾਣਦਾ ਹੈ। ਸੂਰਤ ਆਲੇ ਇਮਰਾ ਦੀ ਛੇਵੀਂ ਆਇਤ ਕੁਝ ਅਜਿਹਾ ਭਾਵ ਦਰਸਾਂਦੀ ਹੈ ਕਿ ਕਈ ਆਇਤਾਂ ਦੇ ਅਰਥ ਤਾਂ ਕੇਵਲ ਖੁਦਾ ਹੀ ਜਾਣਦਾ ਹੈ।

ਇਥੇ ਪਾਠਕਾਂ ਦੀ ਗਿਆਤ ਲਈ ਕੁਝ ਕੁ ਉਪਰ ਵਰਤੇ ਸ਼ਬਦਾਂ ਦਾ ਖੁਲਾਸਾ ਕਰ ਦਿਤਾ ਜਾਂਦਾ ਹੈ, ਤਾਂ ਜੋ ਸਮਝਣ ਵਿਚ ਆਸਾਨੀ ਹੋ ਜਾਵੇ :

ਆਇਤ—ਵਾਹਿਦ ਕਲਾਮ, ਅਥਵਾ ਸਲੋਕ ।
ਰਕੂਹ — ਕੁਝ ਤੁਕਾਂ ਦਾ ਜੋੜ ਜਾਂ ਪੈਰਾਗ੍ਰਾਫ ।
ਸੂਰਤ —ਪੂਰਨ ਸ਼ਬਦ ।
ਸਿਪਾਰਾ—ਅਧਿਆਇ ।

ਕੁਰਾਨ ਵਿਚ ਹੇਠ ਲਿਖੇ ਵਿਸ਼ੇ ਹਨ :

ਖੁਦਾ ਦੀ ਉਸਤਤ, ਹਰਾਮ ਹਲਾਲ ਦੇ ਮਸਲੇ, ਆਦਮ ਅਤੇ ਹਵਾ ਦੇ ਸਮਾਚਾਰ, ਪ੍ਰਾਰਥਨਾ, ਨਿਕਾਹ, ਜਹਾਦ (ਜੰਗਾਂ ਦਾ ਹਾਲ), ਤਲਾਕ ਦੇ ਮਸਲੇ, ਬਹਿਸ਼ਤਾਂ ਤੇ ਦੋਜ਼ਖਾਂ ਦੇ ਹਵਾਲੇ, ਰੋਜ਼ਾ, ਹਜ, ਨਿਮਾਜ਼, ਜ਼ਕਾਤ, ਕਿਆਮਤ ਤੇ ਸ਼ੈਤਾਨ ਆਦਿ ਦਾ ਤਜ਼ਕਰਾ, ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ, ਸੁਲੇਮਾਨ, ਯੂਨਸ, ਯੂਸਫ ਤੇ ਈਸਾ ਦੇ ਜੀਵਨ ਸਮਾਚਾਰ, ਮਾਲੇ ਗ਼ਨੀਮਤ ਦੀ ਵੰਡ । ਅੰਤ ਵਿਚ ਸ਼ੈਤਾਨ ਤੋਂ ਬਚਣ ਲਈ ਰੱਬ ਤੋਂ ਦੁਆ ਮੰਗੀ ਗਈ ਹੈ । ਵੈਸੇ ਤਾਂ ਕੁਰਾਨ ਦੇ ਕਈ ਨਾਂ ਕਹੇ ਜਾਂਦੇ ਹਨ, ਪਰ ਆਮ ਤੌਰ ਤੇ ਪ੍ਰਚਲਤ ਫੁਰਕਾਨ, ਕੁਰਾਨ ਮਜੀਦ, ਕੁਰਾਨ ਸ਼ਰੀਫ, ਅਲ-ਕਿਤਾਬ ਆਦਿ ਹੀ ਹਨ ।

ਨੋਟ--ਕੁਰਾਨ ਹਜ਼ਰਤ ਮੁਹੰਮਦ ਸਾਹਿਬ ਦੀ ਜ਼ਿੰਦਗੀ ਵਿਚ ਹੀ ਜੇਕਰ ਲਿਖਿਆ ਜਾਂਦਾ ਤੇ ਜਿਲਦ ਹੋ ਜਾਂਦਾ, ਤਾਂ ਅਜ ਦੇ ਵਿਦਵਾਨਾਂ ਨੂੰ ਇਸਦੀ ਅਸਲੀਅਤ ਤੇ ਕੋਈ ਸ਼ਕ ਨਾ ਹੁੰਦਾ । ਅਜ ਦੇ ਇਨ੍ਹਾਂ ਸ਼ੰਕਿਆਂ ਨੂੰ ਵੇਖ ਕੇ ਸਾਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਦ ਸਦ ਸ਼ੁਕਰ ਗੁਜ਼ਾਰ ਹੋਣਾ ਪੈਂਦਾ ਹੈ, ਜਿਨ੍ਹਾਂ ਨੇ ਅਪਾਰ ਕਿਰਪਾ ਕਰਕੇ ਆਪਣੀ ਮੌਜੂਦਗੀ ਵਿਚ ਆਪਣੀ ਤੇ ਆਪਣੇ ਤੋਂ ਪਹਿਲੇ ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਤਰਤੀਬਵਾਰ ਲਿਖਤਾਂ ਵਿਚ ਲਿਆ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਬੰਨ੍ਹੀ ਤੇ ਜਿਸ ਨੂੰ ਸ੍ਰੀ ਦਸਮੇਸ਼, ਸ੍ਰੀ ਗੁਰੂ ਗੋਬਿੰਦ ਸਿੰ ਜੀ ਨੇ ਨਾਵੇਂ ਪਾਤਸ਼ਾਹ ਦੀ ਬਾਣੀ ਥਾਂ ਪਰ-ਥਾਂ ਦਰਜ ਕਰਕੇ ਮੁਕੰਮਲ ਤੇ ਅੰਤਮ ਰੂਪ ਦਿਤਾ ਤੇ ਇਸੇ ਇਲਹਾਮੀ ਗਰੰਥ ਨੂੰ ਗੁਰਗਦੀ ਬਖਸ਼ ਕੇ ਇਸ ਨੂੰ ਰਹਿੰਦੇ ਜੁਗਾਂ ਤਕ ਅਟਲ ਕਰ ਦਿਤਾ ।

ਫਰਿਸ਼ਤੇ

ਕਤੇਬੀ ਮਤ ਅਨੁਸਾਰ ਫਰਿਸ਼ਤਿਆਂ ਦੀ ਗਿਣਤੀ ਸਵਾ ਲਖ ਹੈ, ਪਰ ਚਾਰ ਮੁਖੀ ਫਿਰਿਸ਼ਤੇ ਹਨ :

ਜਬਰਾਈਲ, ਮੀਕਾਈਲ, ਇਸਰਾਫੀਲ, ਇਜ਼ਰਾਈਲ।

ਜਬਰਾਈਲ : ਖ਼ੁਦਾ ਦਾ ਕਾਸਦ ਹੈ, ਜੋ ਸਮੇਂ ਸਮੇਂ ਰਬ ਦੇ ਸੁਨੇਹੇ ਪੈਗੰਬਰਾਂ ਤਕ ਪੁਚਾਂਦਾ ਹੈ। ਇਸ ਨੇ ਹੀ ਬਹੁਤ ਸਾਰੀਆਂ ਆਇਤਾਂ ਹਜ਼ਰਤ ਮੁਹੰਮਦ ਸਾਹਿਬ ਨੂੰ ਲਿਆ ਕੇ ਦਿਤੀਆਂ ਸਨ। ਇਸੇ ਨੂੰ ਹੀ ਈਸਾਈ 'ਰੂਹ-ਉਲ-ਕੁਦਸ' ਯਾ 'ਹੋਲੀ ਘੋਸਟ' ਦਾ ਨਾਂ ਦੇਂਦੇ ਹਨ।

ਮੀਕਾਈਲ : ਰਿਜ਼ਕ ਪੁਚਾਂਦਾ ਹੈ। ਮੀਂਹ ਪਾਂਦਾ ਹੈ ਤੇ ਇਸਰਾਈਲੀ ਵੰਸ ਦਾ ਸਰਪਰਸਤ ਹੈ।

ਇਸਰਾਫੀਲ : ਕਿਆਮਤ ਦੇ ਦਿਨ ਤੁਰਮ ਵਜਾਂਦਾ ਹੈ ਤੇ ਮੁਰਦੇ ਉਠਾਂਦਾ ਹੈ ਤੇ ਪਰਲੋ ਲਿਆ ਕੇ ਸੰਸਾਰ ਦਾ ਖਾਤਮਾ ਕਰਦਾ ਹੈ।

ਇਜ਼ਰਾਈਲ : ਮੌਤ ਦਾ ਫਰਿਸ਼ਤਾ ਹੈ। ਇਸਨੂੰ ਮਲਕੁਲ-ਮੌਤ ਵੀ ਕਹਿੰਦੇ ਹਨ।

ਇਸ ਤੋਂ ਇਲਾਵਾ ਹਿੰਦੂਆਂ ਦੇ ਚਿਤ੍ਰ ਤੇ ਗੁਪਤ ਵਾਂਗ ਇਨ੍ਹਾਂ ਨੇ ਵੀ ਕਿਰਾਮਾਨ ਤੇ ਕਾਤਬੀਨ ਦੋ ਫਰਿਸ਼ਤੇ ਮੰਨੇ ਹਨ, ਜੋ ਮਨੁਖਾਂ ਦਾ ਅਹਿਮਾਲ ਨਾਮਾ ਲਿਖਦੇ ਹਨ।

ਇਸੇਤਰ੍ਹਾਂ ਦੋ ਫਰਿਸ਼ਤੇ--ਮੁਨਿਕਰ ਤੇ ਨਕੀਮ ਵੀ ਹਨ, ਜਿਨ੍ਹਾਂ ਦਾ ਜ਼ਿਕਰ ਪਿਛੇ ਗੋਰ ਵਿਚ ਦਫਨਾਣ ਦੇ ਪੈਰਾਗ੍ਰਾਫ ਵਿਚ ਕੀਤਾ ਜਾ ਚੁਕਾ ਹੈ।

ਅਠ ਫਰਿਸ਼ਤੇ ਸਤਵੇਂ ਅਕਾਸ਼ ਤੇ ਖ਼ੁਦਾ ਦਾ ਸਿੰਘਾਸਨ ਚੁਕਣ ਵਾਲੇ ਹਨ। ਬਹਿਸ਼ਤਾਂ ਦਾ ਵਡਾ ਫਰਿਸ਼ਤਾ ਰਿਜਵਾਨ ਹੈ। ਨਰਕਾਂ ਦਾ ਰਾਖਾ ਮਾਲਿਕ ਫਰਿਸ਼ਤਾ ਹੈ, ਜਿਸਦੇ ਅਧੀਨ ੧੯ ਫਰਿਸ਼ਤੇ ਹਨ।

ਫਰਿਸ਼ਤੇ ਨੂਰੀ ਹਨ। ਉਨ੍ਹਾਂ ਨੂੰ ਭੁਖ ਤ੍ਰਿਹ ਨਹੀਂ ਲਗਦੀ ਤੇ ਵਡੀ ਸ਼ਕਤੀ ਦੇ ਮਾਲਕ ਹਨ।

ਨੋਟ--ਗੁਰਮੱਤ ਫਰਿਸ਼ਤਿਆਂ ਆਦਿ ਦੀ ਹੋਂਦ ਜਾਂ ਅਣਹੋਂਦ ਦੇ ਮਸਲੇ ਨੂੰ ਬਹੁਤੀ ਵੁਕਤ ਨਹੀਂ ਦੇਂਦਾ। ਜੇਕਰ ਇਨ੍ਹਾਂ ਦੀ ਹੋਂਦ ਕੋਈ ਮੰਨ ਵੀ ਲਵੇ, ਤਾਂ ਗੁਰਮਤ ਦਾ ਜੀਵਨ ਜੀਣ ਵਾਲਾ ਉਨ੍ਹਾਂ ਨਾਲ ਕਿਸੇ ਕਿਸਮ ਦਾ ਸਬੰਧ ਨਹੀਂ ਰਖਦਾ।

ਸਤਿਗੁਰ ਪੂਰੈ ਸਾਚ ਕਹਿਆ ॥
ਨਾਮ ਤੇਰੇ ਕੀ ਮੁਕਤੇ *ਬੀਥੀ ਜਮ ਕਾ ਮਾਰਗ ਦੂਰਿ ਰਹਿਆ ॥
ਜਹ ਲਾਲਚ ਜਾਗਾਤੀ ਘਾਟ ॥
ਦੂਰ ਰਹੀ ਉਹ ਜਨ ਤੇ ਬਾਟ ॥ ੯੧ ॥

(ਆਸਾ ਮ: ੫)

°ਘਾਟ—ਮਸੂਲ ਉਗ੍ਰਾਹਣ ਵਾਲੇ ।   *ਬੀਥੀ—ਗਾਡੀ ਰਾਹ, ਖੁਲ੍ਹੀ ਗਲੀ

ਅਜ਼ਰਾਈਲ ਜਾਰੁ ਬੰਦੇ ਜਿਸੁ ਤੇਰਾ ਅਧਾਰੁ ॥
ਗੁਨਹ ਉਸਕੇ ਸਗਲ *ਆਫੂ ਤੇਰੇ ਜਨ ਦੇਖਹਿ ਦੀਦਾਰ ॥ ੪ ॥
(ਤਿਲੰਗ ਮ: ੫)

*ਆਫੂ—ਮੁਆਫ਼ ਹੋ ਜਾਂਦੇ ਹਨ ।

ਚਿਤ੍ਰ ਗੁਪਤ ਕਾ ਕਾਗ਼ਦ ਫਾਰਿਆ ਜਮਦੂਤਾਂ ਕਛੂ ਨ ਚਲੀ ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ *ਸਵਲੀ ॥ ੧ ॥
(ਸ੍ਰੀ ਰਾਗ ਮ: ੫ ਛੰਤ)

*ਸਵਲੀ—ਲਾਭਦਾਇਕ

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ ਭਗਤ ਜਨਾ ਕਉ ਦ੍ਰਿਸ਼ਟ ਨ ਪੇਖਾ ॥ ੯੧ ॥
(ਆਸਾ ਮ: ੫)

ਸੂਫੀ ਮਤ ਤੇ ਗੁਰਮਤ

ਸੂਫੀ ਮੱਤ ਇਸਲਾਮ ਦੀ ਹੀ ਇਕ ਸ਼ਾਖਾ ਹੈ। ਇਸਨੂੰ ਹਿੰਦੂ ਭਗਤੀ ਮਤ ਤੇ ਵੇਦਾਂਤ ਮੱਤ ਦੀ ਮੁਸਲਮਾਨੀ ਸੂਰਤ ਜਾਂ ਸੰਕੋਚਵੇਂ ਸ਼ਬਦਾਂ ਵਿਚ ਰਹਸਵਾਦ ਦਾ ਇਸਲਾਮੀ ਰੂਪ ਕਹਿ ਸਕਦੇ ਹਾਂ।

ਸੂਫੀ ਸ਼ਬਦ ਕਿਥੋਂ ਨਿਕਲਿਆ, ਇਸ ਲਈ ਭਿੰਨ ਭਿੰਨ ਵਿਦਵਾਨਾਂ ਨੇ ਭਿੰਨ ਭਿੰਨ ਵਿਚਾਰ ਦਿਤੇ ਹਨ। ਕਈਆਂ ਦਾ ਵਿਚਾਰ ਹੈ ਕਿ ਇਸਦਾ ਨਿਕਾਸ ਅਰਬੀ ਦੇ ਸ਼ਬਦ ਸਫਾ (ਪਵਿਤਰਤਾ) ਤੋਂ ਹੋਇਆ ਹੈ। ਕਈ ਆਖਦੇ ਹਨ, ਇਹ ਫੈਲਸੂਫ ਸ਼ਬਦ, ਜਿਸਦੇ ਅਰਥ ਫਿਲਾਸਫਰ ਕੀਤੇ ਜਾਂਦੇ ਹਨ, ਦਾ ਹੀ ਵਿਗਸਤ ਰੂਪ ਹੈ। ਪਰ ਬਹੁਸੰਮਤੀ ਇਸਦਾ ਨਿਕਾਸ ਅਰਬੀ ਦੇ ਸ਼ਬਦ 'ਸੂਫ' ਤੋਂ ਹੀ ਮੰਨਦੀ ਹੈ। ਸੂਫ ਦਾ ਮਤਲਬ ਉਨ ਹੈ ਤੇ ਇਤਿਹਾਸਕ ਤੇ ਪਰਮਾਣਿਕ ਢੰਗ ਨਾਲ ਵੀ ਸਹੀ ਹੀ ਸਿਧ ਹੁੰਦਾ ਹੈ।

ਸੂਫ ਨੂੰ ਸਾਦਗੀ ਤੇ ਪਵਿਤਰਤਾ ਦਾ ਚਿੰਨ ਮੰਨਿਆ ਜਾਂਦਾ ਹੈ। ਮੁਢਲੇ ਸੂਫੀ ਹੀ ਨਹੀਂ, ਸਗੋਂ ਮੁਢਲੇ ਮੋਮਨ ਵੀ ਉਨ ਦੇ ਕਪੜੇ ਹੀ ਪਹਿਨਦੇ ਸਨ। ਹਜ਼ਰਤ ਮੁਹੰਮਦ ਸਾਹਿਬ ਦੇ ਚਾਰ ਯਾਰਾਂ ਵਿਚੋਂ ਹਜ਼ਰਤ ਉਮਰ (ਦੂਜੇ ਖਲੀਫੇ) ਸੂਫ ਦਾ ਐਸਾ ਜੁਬਾ, ਜੋ ਥਾਂ ਥਾਂ ਤੇ ਥਿਗੜੀਆਂ ਨਾਲ ਗੰਢਿਆ ਹੁੰਦਾ ਸੀ, ਪਹਿਨਦੇ ਸਨ। ਹਾਫਜ਼ ਆਪਣੀਆਂ ਗ਼ਜ਼ਲਾਂ ਵਿਚ ਆਪਣੇ ਆਪ ਨੂੰ 'ਪਸ਼ਮੀਨਾ ਪੋਸ਼' ਲਿਖਦਾ ਹੈ। ਸ਼ੇਖ ਫਰੀਦ ਜੀ ਵੀ ਆਪਣੀ ਰਚਨਾ ਵਿਚ 'ਕੰਨ ਮੁਸਲਾ ਸੂਫ ਗਲ ਦਿਲ ਕਾਤੀ ਗੁੜਵਾਤ' ਹੀ ਲਿਖਦੇ ਹਨ।

ਸੂਫੀਮਤ ਦਾ ਨਿਕਾਸ

ਸੂਫੀ ਸ਼ਬਦ ਵਾਂਗ ਸੂਫੀ ਮਤ ਦੇ ਨਿਕਾਸ ਬਾਰੇ ਵੀ ਵਿਦਵਾਨਾਂ ਦੀਆਂ ਅਡ ਅਡ ਰਾਵਾਂ ਹਨ। ਕਈ ਸਜਣ ਇਸਦਾ ਮੁਢ ਇਸਲਾਮ ਦੇ ਚੌਥੇ ਖਲੀਫੇ ਹਜ਼ਰਤ ਅਲੀ ਤੋਂ ਬਝਾ ਦਸਦੇ ਹਨ। ਕਈਆਂ ਦਾ ਖਿਆਲ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਹੀ ਪਹਿਲੇ ਸੂਫੀ ਤੇ ਇਸ ਮਤ ਦੇ ਮੋਢੀ ਸਨ। ਪ੍ਰੋ: ਈ. ਸੀ. ਬ੍ਰਊਨ ਆਪਣੀ ਪੁਸਤਕ 'ਈਰਾਨੀ ਸਾਹਿਤ ਦਾ ਇਤਿਹਾਸ' (ਪਹਿਲੀ ਸੈਂਚੀ) ਵਿਚ ਇਸਦੇ ਨਿਕਾਸ ਬਾਰੇ ਨਿਮਨ ਲਿਖਤ ਚਾਰ ਧਾਰਨਾਵਾਂ ਦਾ ਜ਼ਿਕਰ ਕਰਦੇ ਹਨ:

(੧) ਇਹ ਮੁਹੰਮਦ ਸਾਹਿਬ ਦੀ ਬਾਤਨੀ ਸਿਖਿਆ ਵਿਚੋਂ ਹੀ ਵਿਗਸਤ ਹੋਇਆ ਹੈ।

(੨) ਇਹ ਆਪਣੇ ਉਤੇ ਜ਼ੋਰ ਨਾਲ ਠੋਸੇ ਗਏ ਸ਼ਾਮੀ ਮਤ ਦੇ ਵਿਰੁਧ ਈਰਾਨੀ ਜਾਂ ਏਰਿਆਈ ਮਨ ਦਾ ਪ੍ਰਤਿਕਰਮ ਹੈ।

(੩) ਨਵ ਅਫਲਾਤੂਨੀ ਵਿਚਾਰਾਂ ਨੇ ਇਸਨੂੰ ਜਨਮ ਦਿਤਾ ਹੈ।

(੪) ਇਹ ਇਕ ਆਪਮੁਹਾਰੇ ਜੰਮੇ ਬੂਟੇ ਵਾਂਗ ਆਪਣੇ ਆਪ ਹੀ ਫੁਟ ਪਿਆ ਹੈ।

ਪ੍ਰੋ: ਮੋਹਨ ਸਿੰਘ ਪੁਰੀ ਦੇ ਵਿਚਾਰਾਂ ਅਨੁਸਾਰ ਇਹ ਮੱਤ ਰਹਸਵਾਦ ਦੀ ਇਸਲਾਮੀ ਸ਼ਕਲ ਹੈ, ਜਿਸਦੀ ਪਹਿਲੀ ਕੋਂਪਲ ਇਸਲਾਮ ਦੇ ਜਨਮ ਨਾਲ ਹੀ ਫੁਟੀ ਹੈ। ਆਪ ਲਿਖਦੇ ਹਨ, "ਮੁਹੰਮਦ ਸਾਹਿਬ ਦੇ ਨਿਕਟਵਰਤੀ ਮੁਸਲਮਾਨ ਹੀ ਜੋ ਘਰ ਬਾਹਰ ਛਡਕੇ ਮਸ਼ੀਤ ਵਿਚ ਹੀ ਸੌਂਦੇ ਸਨ, ਮੁਢਲੇ ਸੂਫੀ ਆਖੇ ਜਾ ਸਕਦੇ ਹਨ। ਮੁਹੰਮਦ ਸਾਹਿਬ ਦਾ ਆਪਣਾ ਜੀਵਨ, ਉਸ ਨਾਲ ਜੋੜੇ ਗਏ ਸ਼ਕੁਲ ਕਮਰ (ਚੀਚੀ ਉਂਗਲੀ ਦੇ ਇਸ਼ਾਰੇ ਨਾਲ ਚੰਨ ਦੇ ਦੋ ਟੋਟੇ ਕਰ ਦੇਣਾ) ਰਜਅਤੁਲ ਸ਼ਮਸ (ਡੁਬ ਚੁਕੇ ਸੂਰਜ ਨੂੰ ਵਾਪਸ ਮੋੜ ਲੈਣਾ) ਤੇ ਸ਼ਬੇ ਮਿਅਰਾਜ ਆਦਿ ਮੁਅਜਜ਼ੇ ਅਤੇ ਇਲਹਾਮ ਉਤਰਣ ਵੇਲੇ ਵਜਦਾਨੀ ਕੈਫੀਅਤ ਨਿਰਾ ਰਹੱਸ ਹੀ ਤਾਂ ਹੈ। ਕੁਰਾਨ ਸ਼ਰੀਫ ਵਿਚ ਅਨੇਕਾਂ ਅਜਿਹੀਆਂ ਆਇਤਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨਾਲ ਪ੍ਰਮੁਖ ਸੂਫੀ ਸਿਧਾਂਤਾਂ ਨੂੰ ਜੋੜਿਆ ਜਾ ਸਕਦਾ ਹੈ। ਕੁਰਾਨ ਵਿਚ ਰਬ ਨੂੰ ਅਗਮ ਅਗੋਚਰ ਤੇ ਸਰਵਾਤਿਰਿਕਤ (Transcendental) ਕਿਹਾ ਗਿਆ ਹੈ, ਪਰ ਕਈ ਥਾਂ ਉਸਦੀ ਸਰਵ ਵਿਆਪਕਤਾ ਦਾ ਜ਼ਿਕਰ ਵੀ ਹੈ। ਜਿਵੇਂ:—"ਮੈਂ ਤੇਰੀ ਸ਼ਾਹ ਰਗ ਤੋਂ ਵੀ ਨੇੜੇ ਹਾਂ" (ਕੁਰਾਨ ੫੦-੧੫) "ਜਿਸ ਪਾਸੇ ਵੀ ਮੂੰਹ ਮੋੜੋਗੇ, ਉਧਰ ਹੀ ਰਬ ਦਾ ਮੂੰਹ ਹੋਵੇਗਾ" (ਕੁਰਾਨ ੨-੧੦੯)। ਇਸੇਤਰ੍ਹਾਂ ਜਿਥੇ ਕੁਰਾਨ ਵਿਚ ਰਬ ਨੂੰ ਕਰਾਰ ਤੇ ਜਬਾਰ ਕਿਹਾ ਗਿਆ ਹੈ, ਉਥੇ ਉਸ ਨੂੰ ਰਹੀਮ ਤੇ ਕਰੀਮ ਵੀ ਮੰਨਿਆ ਹੈ। ਉਹ ਨਿਰਾ ਡਾਢਾ ਬੇਪਰਵਾਹ ਹੀ ਨਹੀਂ ਸਗੋਂ ਬਖਸ਼ਿੰਦ ਤੇ ਦਿਆਲ ਤੇ ਪਰੇਮ ਕਰਨ ਵਾਲਾ ਵੀ ਹੈ। ਜਿਵੇਂ ਸਵਰਗ ਵਿਚ ਵਾਸ ਕਰਨ ਵਾਲਿਆਂ ਬਾਰੇ ਆਇਆ ਹੈ, "ਉਹ ਉਨ੍ਹਾਂ ਨੂੰ ਪਿਆਰ ਕਰਦਾ ਹੈ, ਤੇ ਉਹ ਉਸ ਨੂੰ ਪਿਆਰ ਕਰਦੇ ਹਨ" (ਕੁਰਾਨ ੭-੧੭੧)। ਇਸ ਤੇ ਅਜਿਹੀਆਂ ਹੋਰ ਕਈ ਆਇਤਾਂ ਨੂੰ ਸੂਫੀਆਂ ਦੇ "ਇਸ਼ਕ" ਦੇ ਸਿਧਾਂਤ ਨਾਲ ਜੋੜਿਆ ਜਾ ਸਕਦਾ ਹੈ। ਕੁਰਾਨ ਸ਼ਰੀਫ ਵਿਚ ਥੋੜੇ ਥੋੜੇ ਵਕਫੇ ਪਿਛੋਂ "ਅਲਾ ਨੂੰ ਯਾਦ ਕਰੋ" ਨੂੰ ਦੁਹਰਾਇਆ ਗਿਆ ਹੈ। ਇਨ੍ਹਾਂ ਸ਼ਬਦਾਂ ਵਿਚ ਸੂਫੀਆਂ ਦੇ ਜ਼ਿਕਰ ਜਾਂ ਸਿਮਰਨ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਹੈ।

ਕੁਰਾਨ ਦੇ ਇਲਾਵਾ ਹਦੀਸ ਵਿਚ ਵੀ ਸੂਫੀ ਮਤ ਦੇ ਕਈ ਬੁਨਿਆਦੀ ਅਸੂਲਾਂ ਦੇ ਬੀਜ ਲਭੇ ਜਾ ਸਕਦੇ ਹਨ। ਮੁਹੰਮਦ ਸਾਹਿਬ ਦੇ ਕੁਰਾਨ ਤੋਂ ਬਾਹਰੇ ਬਚਨਾਂ ਤੇ ਉਨ੍ਹਾਂ ਬਾਰੇ ਪ੍ਰਚਲਤ ਰਵਾਇਤਾਂ ਨੂੰ ਹਦੀਸ ਕਿਹਾ ਜਾਂਦਾ ਹੈ। ਅਲ-ਬੁਖਾਰੀ ਮੁਸਲਮਾਨਾਂ ਦਾ ਸਭ ਤੋਂ ਵਡਾ ਹਦੀਸਕਾਰ ਹੋਇਆ ਹੈ, ਜਿਸਨੇ ਨੌਵੀਂ ਸਦੀ ਈਸਵੀ ਵਿਚ ਇਸਲਾਮੀ ਦੇਸਾਂ ਵਿਚ ਰਟਨ ਕਰਕੇ ਇਕ ਹਜ਼ਾਰ ਬਿਰਧਾਂ ਤੋਂ ੬੦੦,੦੦੦ ਹਦੀਸਾਂ ਇਕਤ੍ਰ ਕਰਕੇ ਉਨ੍ਹਾਂ ਵਿਚੋਂ ੭੨੭੫ ਪ੍ਰਮਾਣੀਕ ਹਦੀਸਾਂ ਦਾ ਖਰੜਾ ਤਿਆਰ ਕੀਤਾ। ਇਨ੍ਹਾਂ ਵਿਚੋਂ ਕਈ ਹਦੀਸਾਂ ਅਜਿਹੀਆਂ ਮਿਲ ਜਾਂਦੀਆਂ ਹਨ, ਜਿਨ੍ਹਾਂ ਨੂੰ ਸੂਫੀ ਵਿਚਾਰਾਂ ਦੀ ਕੂਲ ਕਿਹਾ ਜਾ ਸਕਦਾ ਹੈ। ਜਿਵੇਂ, "ਫਕਰ, ਭਾਵ ਗਰੀਬੀ ਉਤੇ ਮੈਨੂੰ ਫਖਰ ਹੈ।" ਮੁਹੰਮਦ ਸਾਹਿਬ ਦਾ ਇਕ ਹੋਰ ਕਥਨ ਹੈ, "ਹੇ ਰਬਾ ! ਮੈਨੂੰ ਨੀਵਿਆਂ ਜੀਣ, ਨੀਵਿਆਂ ਮਰਨ ਤੇ ਕਿਆਮਤ ਵਾਲੇ ਦਿਨ ਨੀਵਿਆਂ ਵਿਚੋਂ ਉਠਣ ਦੀ ਸਮਰਥਾ ਦੇਵੀਂ।" ਇਸੇ ਤਰ੍ਹਾਂ ਮੁਹੰਮਦ ਸਾਹਿਬ ਦੇ ਇਸ ਬਚਨ ਨੂੰ ਤਵੱਕੁਲ [ਭਰੋਸਾ] ਦੇ ਸਿਧਾਂਤ ਨਾਲ ਜੋੜੋ, "ਜੇ ਤੁਸੀਂ ਰਬ ਵਿਚ ਭਰੋਸਾ ਕਰੋਗੇ, ਉਹ ਤੁਹਾਨੂੰ ਉਹਨਾਂ ਪੰਛੀਆਂ ਵਾਂਗ ਪਾਲੇਗਾ, ਜੋ ਸਵੇਰੇ ਭੁਖਿਆਂ ਨਿਕਲ ਜਾਂਦੇ ਹਨ, ਤੇ ਸ਼ਾਮ ਨੂੰ ਰਜ ਪੁਜ ਕੇ ਮੁੜਦੇ ਹਨ।" ਇਸੇ ਤਰ੍ਹਾਂ ਕਈ ਹਦੀਸਾਂ ਵਿਚ ਇਸ਼ਕ ਦੇ ਸਿਧਾਂਤ ਦੇ ਬੀਜ ਮਿਲ ਜਾਂਦੇ ਹਨ। ਜਿਵੇਂ—"ਮੇਰਾ ਹੁਕਮ ਮਨਣ ਵਾਲਾ ਨਿਤ ਮੇਰੇ ਨੇੜੇ ਹੁੰਦਾ ਜਾਂਦਾ ਹੈ, ਇਥੋਂ ਤਕ ਕਿ ਮੈਂ ਉਸ ਨੂੰ ਪਿਆਰ ਕਰਨ ਲਗ ਜਾਂਦਾ ਹਾਂ ਅਤੇ ਜਦ ਮੈਂ ਉਸਨੂੰ ਪਿਆਰ ਕਰਨ ਲਗ ਜਾਂਦਾ ਹਾਂ, ਮੈਂ ਹੀ ਉਸਦੇ ਕੰਨ ਹੁੰਦਾ ਹਾਂ। ਸੋ ਉਹ ਮੇਰੇ ਰਾਹੀਂ ਸੁਣਦਾ ਹੈ, ਮੈਂ ਹੀ ਉਸਦੀਆਂ ਅੱਖਾਂ ਹੁੰਦਾ ਹਾਂ, ਸੋ ਉਹ ਮੇਰੇ ਰਾਹੀਂ ਵੇਖਦਾ ਹੈ। ਮੈਂ ਹੀ ਉਸਦੇ ਹਥ ਹੁੰਦਾ ਹਾਂ, ਸੋ ਉਹ ਮੇਰੇ ਰਾਹੀਂ ਕਿਰਤ ਕਰਦਾ ਹੈ।" ਇਕ ਹੋਰ ਥਾਂ ਰੱਬ ਮੁਹੰਮਦ ਨੂੰ ਕਹਿੰਦਾ ਹੈ, "ਮੇਰੀ ਧਰਤੀ ਤੇ ਮੇਰਾ ਅਰਸ਼ ਮੈਨੂੰ ਸਮਾ ਨਹੀਂ ਸਕਦੇ, ਪਰ ਮੇਰੇ ਵਫਾਦਾਰ ਦਾਸ ਦਾ ਦਿਲ ਮੈਨੂੰ ਸਮਾ ਸਕਦਾ ਹੈ।" "ਜਿਸਨੇ ਆਪਣੇ ਨਫਸ ਨੂੰ ਪਛਾਣ ਲਿਆ, ਉਸਨੇ ਆਪਣੇ ਰਬ ਨੂੰ ਪਛਾਣ ਲਿਆ।"

ਇਨ੍ਹਾਂ ਉਦਾਹਰਣਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੂਫੀ ਮਤ ਦਾ ਜਨਮ ਇਸਲਾਮ ਦੇ ਨਾਲ ਹੀ ਹੋਇਆ ਅਤੇ ਇਸਦੀ ਪਹਿਲੀ ਕੋਂਪਲ ਮੁਹੰਮਦ ਸਾਹਿਬ ਦੇ ਜੀਵਨ ਤੇ ਉਨ੍ਹਾਂ ਦੇ ਕੁਰਾਨ ਵਿਚਲੇ ਤੇ ਕੁਰਾਨੋਂ ਬਾਹਰ ਬਚਨਾਂ ਵਿਚੋਂ ਫੁਟੀ। ਈਸਾਈ ਮਤ, ਬੁਧ ਮਤ, ਨਵ ਅਫਲਾਤੂਨਵਾਦ ਤੇ ਵੇਦਾਂਤ ਦਾ ਸੂਫੀ ਮਤ ਦੇ ਨਿਕਾਸ ਨਾਲ ਇਤਨਾ ਸਬੰਧ ਨਹੀਂ, ਜਿਤਨਾ ਕਿ ਇਸਦੇ ਵਿਕਾਸ ਨਾਲ ਹੈ। ਇਹ ਸੂਫ਼ੀ ਮਤ ਦੇ ਸੋਮੇ ਨਹੀਂ, ਸਗੋਂ ਸੂਫੀ ਮਤ ਉਤੇ ਪਏ ਪ੍ਰਭਾਵ

ਹਨ, ਜਿਨ੍ਹਾਂ ਦੇ ਅਸਰ ਥਲੇ ਸੂਫੀ ਮਤ ਆਪਣੀ ਜ਼ੁਹਦ ਤੇ ਬੰਦਗੀ ਦੀ ਮੁਢਲੀ ਸ਼ਕਲ ਵਿਚੋਂ ਵਿਗਸਤ ਹੋ ਕੇ ਇਸ਼ਕ ਦੇ ਸਰਬ ਦੇਵ ਵਾਦ [Pantheism] ਦੀ ਅਵਸਥਾ ਵਿਚ ਪੁਜਾ।

(ਪੰਜਬੀ ਦੁਨੀਆਂ ਸੂਫੀ ਸਾਹਿਤ ਅੰਕ
ਨਵੰਬਰ-ਦਸੰਬਰ ੧੯੬੪ ਪੰਨਾ ੬-੭

ਪਰੋਫੈਸਰ ਮੋਹਨ ਸਿੰਘ ਇਹ ਵੀ ਲਿਖਦੇ ਹਨ ਕਿ ਪੁਰਾਣੇ ਸੂਫੀ, ਜਿਨ੍ਹਾਂ ਦਾ ਜ਼ਿਕਰ ਕਿ ਉਨ੍ਹਾਂ ਉਪਰਲੇ ਲੇਖ ਵਿਚ ਕੀਤਾ ਹੈ, ਬੜੇ ਸੰਜਮੀ, ਪਰਹੇਜ਼ਗਾਰ, ਤੇ ਕੁਰਾਨ ਨੂੰ ਅਖਰ ਅਖਰ ਮੰਨਣ ਵਾਲੇ ਸਨ। ਮੁਢਲੇ ਸੂਫੀ ਰਬ ਕੋਲੋਂ ਡਰਦੇ ਸਨ, ਉਸ ਨੂੰ ਪਿਆਰ ਨਹੀਂ ਸਨ ਕਰਦੇ। ਉਹ ਉਸਨੂੰ ਡਾਢਾ ਬੇਪਰਵਾਹ ਸਮਝ ਕੇ ਉਸ ਅਗੇ ਨਿੰਵਦੇ ਸਨ, ਉਸਨੂੰ ਪਿਛਲੇਰੇ ਸੂਫੀਆਂ ਵਾਂਗ ਰਬ ਨੂੰ ਮਾਸ਼ੂਕੇ-ਹਕੀਕੀ ਨਹੀਂ ਸਨ ਸਮਝਦੇ।

ਸੂਫੀ ਮਤ ਦੀ ਅਸਲੀ ਜਨਮ ਭੂਮੀ ਅਰਬ ਹੀ ਕਹੀ ਜਾ ਸਕਦੀ ਹੈ, ਭਾਵੇਂ ਇਸ ਦਾ ਵਿਕਾਸ ਤੇ ਵਾਧਾ ਖੁਰਾਸਾਨ, ਈਰਾਕ, ਮਿਸਰ ਤੇ ਈਰਾਨ ਵਿਚ ਹੋਇਆ ਹੈ।

ਸੂਫੀ ਮਤ ਦੇ ਕਰਮਵਾਰ ਹੇਠ ਲਿਖੇ ਮਤਾਂ ਨੇ ਵੀ ਆਪਣਾ ਪ੍ਰਭਾਵ ਪਾਇਆ ਹੈ:

[੧] ਈਸਾਈ ਤੇ ਬੋਧੀ ਪ੍ਰਭਾਵ
[੨] ਈਰਾਨੀ ਪ੍ਰਭਾਵ
[੩] ਨਵਅਫਲਾਤੂਨੀ ਪ੍ਰਭਾਵ
[੪] ਭਾਰਤੀ ਪ੍ਰਭਾਵ

ਈਸਾਈ ਤੇ ਬੋਧੀ ਪ੍ਰਭਾਵ

ਸੂਫੀ ਮਤ ਤੇ ਸਭ ਤੋਂ ਪਹਿਲਾਂ ਈਸਾਈ ਮਤ ਦਾ ਹੀ ਅਸਰ ਪਿਆ ਜਾਪਦਾ ਹੈ। ਪ੍ਰਸਿਧ ਸੂਫੀ ਇਬ੍ਰਾਹੀਮ ਬਿਨ ਅਧਰਮ ਜੋ ਅਠਵੀਂ ਸਦੀ ਵਿਚ ਖੁਰਾਸਾਨ ਵਿਚ ਹੋਏ ਹਨ, ਕਹਿੰਦੇ ਹਨ ਉਨ੍ਹਾਂ ਮਾਅਰਫਤ ਦੀ ਸਿਖਿਆ ਫਾਵਰ ਸਾਈਮੰਨ ਨਾਂ ਦੇ ਇਕ ਪਾਦਰੀ ਪਾਸੋਂ ਲਈ ਸੀ। ਨਿਮ੍ਰਤਾ, ਹਲੀਮੀ, ਤਿਆਗ ਦੁਖ ਨੂੰ ਸੁਖ ਕਰਕੇ ਮੰਨਣਾ, ਜਪ, ਤਪ, ਮਠਵਾਦ ਬ੍ਰਹਮ ਚਰਜ ਆਦਿ ਦੇ ਤੱਤ ਈਸਾਈ ਪ੍ਰਭਾਵ ਦਾ ਹੀ ਸਿਟਾ ਜਾਪਦੇ ਹਨ। ਅਠਵੀਂ ਸਦੀ ਦੀ ਹੀ ਬਸਰੇ ਵਿਚ ਹੋਈ ਇਕ ਪ੍ਰਸਿਧ ਸੂਫਣ ਰਾਬੀਆ ਬ੍ਰਹਮ ਚਰਜ ਦੀ ਇਕ ਸੁੰਦਰ ਮਿਸਾਲ ਹੈ। ਕਹਿੰਦੇ ਨੇ ਕਿ ਉਸ ਦੇ ਸਮਕਾਲੀ ਸੂਫੀਆਂ

ਨੇ ਜਦ ਕਦੇ ਉਸ ਨਾਲ ਵਿਆਹ ਕਰਾਉਣ ਦੀ ਖ਼੍ਹਾਹਿਸ਼ ਪ੍ਰਗਟਾਈ ਤਾਂ ਉਸ ਨੇ ਉਤਰ ਦਿਤਾ, "ਵਿਆਹ ਓਹੋ ਕਰਵਾਵੇ ਜਿਸ ਦੀ ਕੋਈ ਹੋਂਦ ਹੋਵੇ। ਪਰ ਮੇਰੀ ਕੋਈ ਹੋਂਦ ਨਹੀਂ, ਕਿਉਂਕਿ ਮੈਂ ਹੋਂਦ ਦੀ ਅਵਸਥਾ ਵਿਚੋਂ ਨਿਕਲ ਚੁਕੀ ਹਾਂ। ਹੁਣ ਮੇਰੀ ਹੋਂਦ ਰੱਬ ਵਿਚ ਹੈ, ਅਤੇ ਮੈਂ ਸਗਵੀਂ ਉਸੇ ਦੀ ਹਾਂ। ਸੋ ਵਿਆਹ ਦੀ ਗੱਲ ਰੱਬ ਨਾਲ ਕਰੋ ਨਾਕਿ ਮੇਰੇ ਨਾਲ।"

ਇਸਲਾਮ ਮਤ ਦੇ ਜ਼ਿਕਰ ਵਿਚ ਗਵਰਨਰ ਮੁਆਵੀਆ ਦਾ ਖ਼ਲੀਫ਼ਾ ਬਣਨ ਦਾ ਜ਼ਿਕਰ ਅਸੀਂ ਵਿਸਥਾਰ ਨਾਲ ਕਰ ਹੀ ਚੁਕੇ ਹਾਂ। ਉਸ ਤੋਂ ਮਗਰੋਂ ਉਸ ਦੇ ਪੁਤ੍ਰ ਯਜ਼ੀਦ ਦੀਆਂ ਕੁਟਲ ਨੀਤੀਆਂ ਦਾ ਵੇਰਵਾ ਪਿਛੇ ਦਿਤਾ ਜਾ ਚੁਕਾ ਹੈ। ਉਸ ਦੇ ਸਾਢੇ ਤਿੰਨ ਸਾਲ ਦੀ ਖਿਲਾਫਤ ਦਾ ਵੇਰਵਾ ਅਸੀਂ ਕੇਵਲ ਇਨਾਂ ਹੀ ਦੇਣਾ ਕਾਫੀ ਸਮਝਾਂਗੇ ਕਿ ਉਸ ਨੇ ਪਹਿਲੇ ਸਾਲ ਵਿਚ ਕਰਬਲਾ ਦਾ ਸਾਕਾ ਰਚਾ ਅਲੀ ਹੁਸੈਨ ਨੂੰ ਕਤਲ ਕੀਤਾ। ਦੂਜੇ ਸਾਲ ਉਸ ਨੇ ਤਿੰਨ ਦਿਨ ਲਗਾਤਾਰ ਮਦੀਨੇ ਨੂੰ ਲੁਟਿਆ ਤੇ ਤੀਜੇ ਸਾਲ ਵਿਚ ਉਸ ਨੇ ਖ਼ਾਨਾਏ ਕਾਹਬਾ ਉਤੇ ਹਲਾ ਬੋਲਿਆ। ਇਸੇ ਵੰਸ ਦੇ ਇਕ ਹੋਰ ਵਲੀਦ (ਦੂਜੇ) ਨਾਂ ਦੇ ਖ਼ਲੀਫੇ ਬਾਬਤ ਫੌਜ਼ੀ ਦਾ ਕਹਿਣਾ ਹੈ ਕਿ ਓਹ ਜਮਾਤੀ ਨਮਾਜ਼ ਵਿਚ ਆਪਣੀ ਥਾਂਵੇਂ ਆਪਣੀਆਂ ਰਖੇਲੀਆਂ ਨੂੰ ਭੇਜ ਦਿਤਾ ਕਰਦਾ ਸੀ ਅਤੇ ਕੁਰਾਨ ਨੂੰ ਨਿਸ਼ਾਨਾ ਬਣਾ ਕੇ ਤੀਰ-ਅੰਦਾਜ਼ੀ ਦਾ ਅਭਿਆਸ ਕੀਤਾ ਕਰਦਾ ਸੀ। ਇਨ੍ਹਾਂ ਦੇ ਸ਼ਾਹੀ ਠਾਠ-ਬਾਠ ਤੇ ਅਜਿਹੀਆਂ ਕੁਰੀਤੀਆਂ ਨੇ ਸੂਫੀਆਂ ਨੂੰ ਕੂਫੇ ਤੇ ਬਸਰੇ ਨੂੰ ਤਿਆਗ ਦੂਸਰੇ ਇਸਲਾਮੀ ਦੇਸਾਂ ਵਿਚ ਫੈਲ ਜਾਣ ਲਈ ਮਜਬੂਰ ਕਰ ਦਿਤਾ ਸੀ ਤੇ ਉਨ੍ਹਾਂ ਖੁਰਾਸਾਨ ਨੂੰ ਆਪਣਾ ਕੇਂਦਰ ਬਣਾ ਲਿਆ ਸੀ। ਖੁਰਾਸਾਨ ਇਸਲਾਮੀ ਜਿਤ ਤੋਂ ਪਹਿਲਾਂ ਪੂਰੇ ਤੌਰ ਤੇ ਬੋਧੀ ਅਸਰ ਹੇਠ ਆ ਚੁਕਾ ਸੀ। ਇਬ੍ਰਾਹੀਮ ਬਿਨ ਅਦਮ ਜਿਸ ਨੂੰ ਖੁਰਾਸਾਨ ਦਾ ਪਹਿਲਾ ਸੂਫੀ ਬਾਦਸ਼ਾਹ ਕਿਹਾ ਜਾਂਦਾ ਹੈ ਬੁਧ ਵਾਂਗ ਵੈਰਾਗੀ ਹੋ ਰਾਜ-ਭਾਗ ਤਿਆਗ ਸੂਫੀ ਬਣ ਗਿਆ ਸੀ। ਉਹ ਜ਼ਿਕਰ (ਸਿਮਰਨ) ਤੇ ਧਿਆਨ ਉਤੇ ਜ਼ੋਰ ਦੇਂਦਾ ਸੀ। ਉਸਦੇ ਇਕ ਮੁਰੀਦ ਸ਼ਰੀਕ ਬਲਖੀ ਬਾਬਤ ਉਸ ਦਾ ਪੋਤਰਾ ਲਿਖਦਾ ਹੈ ਕਿ ਉਸ ਦਾ ਦਾਦਾ ਤਿੰਨ ਸੌ ਪਿੰਡਾਂ ਦਾ ਮਾਲਕ ਸੀ ਪਰ ਮਰਣ ਵੇਲੇ ਉਸ ਪਾਸ ਆਪਣੇ ਖਫਣ ਲਈ ਵੀ ਕਪੜਾ ਨਹੀਂ ਸੀ ਕਿਉਂਕਿ ਓਹ ਪੂਰਨ ਤਿਆਗੀ ਸੀ। ਓਹ ਇਹ ਵੀ ਦਸਦਾ ਹੈ ਕਿ ਇਕ ਵਾਰੀ ਓਹ ਤੁਰਕਾਂ ਦੇ ਦੇਸ ਜਿਥੇ ਬੁਤਾਂ ਦੀ ਪੂਜਾ ਹੁੰਦੀ ਹੈ, ਵਿਚ ਗਿਆ। ਉਥੇ ਇਕ ਮੰਦਰ ਵਿਚ ਉਸ ਦਾ ਗੁਰੂ ਜਿਸ ਦਾ ਸਿਰ ਤੇ ਦਾੜ੍ਹੀ ਮੁੰਨੀ ਹੋਈ ਸੀ ਤੇ ਗੇਰੂਏ ਕਪੜੇ ਪਹਿਨੇ ਹੋਏ ਸਨ, ਬੈਠਾ ਸੀ। ਇਸ ਗੱਲ ਤੋਂ ਪ੍ਰਤੀਤ ਹੁੰਦਾ ਹੈ ਕਿ ਓਹ ਕੋਈ ਬੋਧੀ ਸਾਧੂ ਸੀ। ਤਿਆਗ, ਮਠਵਾਦ ਤੇ ਬ੍ਰਹਮ ਚਰਜ ਦੇ ਤੱਤ

ਬਹੁਤ ਹਦ ਤਕ ਬੋਧੀ ਤੇ ਈਸਾਈ ਮਤ ਦੇ ਆਪਸ ਵਿਚ ਰਲਦੇ ਮਿਲਦੇ ਹਨ ਤੇ ਇਨ੍ਹਾਂ ਦਾ ਸੂਫ਼ੀ ਮਤ ਵਿਚ ਆ ਜਾਣਾ ਸਾਬਤ ਕਰਦਾ ਹੈ ਜੋ ਇਹ ਪ੍ਰਭਾਵ ਸੂਫੀ ਮਤ ਉਤੇ ਬੋਧੀ ਤੇ ਈਸਾਈ ਮਤਾਂ ਵਿਚੋਂ ਹੀ ਪਏ ਹਨ। ਇਸ ਤੋਂ ਇਲਾਵਾ ਸੂਫ਼ੀਆਂ ਦੇ ਦਾਇਰਿਆਂ ਤੇ ਤਕੀਆਂ ਦੀ ਪ੍ਰਥਾ ਵੀ ਬਹੁਤ ਹਦ ਤਕ ਬੋਧੀ ਮਠਾਂ ਨਾਲ ਮਿਲਦੀ-ਜੁਲਦੀ ਹੈ। ਮਾਲਾ ਜਾਂ ਤਸਬੀ ਫੇਰਨ ਦਾ ਰਿਵਾਜ ਵੀ ਬੋਧੀ ਅਸਰ ਹੇਠ ਹੀ ਪ੍ਰਚਲਤ ਹੋਇਆ ਜਾਪਦਾ ਹੈ। ਸੂਫੀਆਂ ਦੇ ਫਨ੍ਹਾ ਦੇ ਸਿਧਾਂਤ ਵਿਚੋਂ ਵੀ ਬੋਧੀਆਂ ਦੇ ਨਿਰਵਾਨ ਦਾ ਝਾਂਵਲਾ ਪ੍ਰਤੱਖ ਹੁੰਦਾ ਹੈ। ਸੂਫੀਆਂ ਦੇ ਮੁਕਾਮ ਭਾਵ ਆਤਮਕ ਉਨਤੀ ਦੇ ਪੜਾ ਵੀ ਬੋਧੀਆਂ ਦੀਆਂ ਪੰਜ ਭੂਮਕਾਂਵਾਂ ਨਾਲ ਮਿਲਦੇ-ਜੁਲਦੇ ਹਨ। ਉਪਰੋਕਤ ਗੱਲਾਂ ਤੋਂ ਇਸ ਗੱਲ ਵਿਚ ਸ਼ਕ ਦੀ ਗੁੰਜਾਇਸ਼ ਨਹੀਂ ਰਹਿੰਦੀ ਕਿ ਸੂਫੀ ਮਤ ਤੇ ਬੋਧੀ ਤੇ ਈਸਾਈ ਮਤ ਦਾ ਪ੍ਰਭਾਵ ਹੈ।

ਈਰਾਨੀ ਪ੍ਰਭਾਵ

ਅਸੀਂ ਇਸਲਾਮ ਤੇ ਗੁਰਮਤ ਕਾਂਡ ਵਿਚ ਭਲੀ ਪ੍ਰਕਾਰ ਦਸ ਚੁਕੇ ਹਾਂ ਕਿ ਅਮੀਰ ਮੁਆਵੀਆ ਤੇ ਉਸ ਦੇ ਖਾਨਦਾਨ ਨੇ ੬੬੧ ਈ: ਤੋਂ ਲੈ ਕੇ ੭੪੯ ਈ: ਤਕ ਖਿਲਾਫਤ ਚਲਾਈ ਪਰ ੭੪੯ ਤੋਂ ਇਹ ਖਿਲਾਫਤ ਅਬਾਸੀਆ ਦੇ ਹਥ ਵਿਚ ਆ ਗਈ। ਕੂਫੇ ਦੇ ਇਕ ਸਰਦਾਰ ਅਬਦੁਲ ਅਬਾਸ ਨੇ ਖਲੀਫਾ ਇਬਨ ਮੁਆਵੀਆ ਨੂੰ ਕਤਲ ਕਰਕੇ ਖਿਲਾਫਤ ਤੇ ਕਬਜ਼ਾ ਕਰ ਲਿਆ ਸੀ। ਅਬਾਸੀਆਂ ਨੇ ੭੭੦ ਈ: ਵਿਚ ਆਪਣੀ ਰਾਜਧਾਨੀ ਦਮਿਸ਼ਕ ਤੋਂ ਬਗ਼ਦਾਦ ਲੈ ਆਂਦੀ ਸੀ ਤੇ ਬਗਦਾਦ ਆਲਮਾਂ ਦਾ ਇਕ ਗੜ੍ਹ ਬਣ ਗਿਆ ਸੀ। ਉਸ ਤੋਂ ਬਾਹਦ ਈਰਾਨੀ ਸਭਿਅਤਾ ਦਾ ਪ੍ਰਭਾਵ ਦਿਨੋ-ਦਿਨ ਤੇਜ਼ੀ ਤੇ ਹੋਣ ਲਗ ਪਿਆ ਤੇ ਇਹ ਪ੍ਰਭਾਵ ਹਾਰੂੰ ਰਸ਼ੀਦ ਤੇ ਅਲਮਾਮੂ ਦੇ ਸਮੇਂ ਆਪਣੇ ਸਿਖਰ ਤੇ ਪਹੁੰਚ ਗਿਆ। ਬਹੁਤੇ ਵਜ਼ੀਰ ਵੀ ਈਰਾਨੀ ਹੀ ਸਨ। ਦਿਨੋ-ਦਿਨ ਈਰਾਨੀ ਫੈਸ਼ਨ ਵੀ ਵਧ ਰਿਹਾ ਸੀ। ਨੌਰੋਜ਼ ਦੇ ਮਿਹਰਗਾਨ ਆਦਿ ਪ੍ਰਾਚੀਨ ਈਰਾਨੀ ਤਿਉਹਾਰ ਮੁੜ ਪ੍ਰਚਲਤ ਹੋ ਗਏ ਸਨ ਤੇ ਈਰਾਨੀ ਲਿਬਾਸ ਨੂੰ ਮੁੜ ਦਰਬਾਰੀ ਲਿਬਾਸ ਕਰਾਰ ਦੇ ਦਿਤਾ ਗਿਆ ਸੀ। ਅਲਮਾਮੂੰ ਦੇ ਦਰਬਾਰ ਵਿਚ ਯੂਨਾਨੀ, ਈਸਾਈ, ਈਰਾਨੀ ਦਰਸ਼ਨਾਂ ਤੇ ਖੁਲੀਆਂ ਵਿਚਾਰਾਂ ਤੇ ਬਹਿਸਾਂ ਹੁੰਦੀਆਂ ਸਨ ਤੇ ਅਲਮਾਮੂੰ ਦੀ ਇਸ ਮਹਾਨ ਸਹਿਣ-ਸ਼ੀਲਤਾ ਤੇ ਵਿਸ਼ਾਲ ਦ੍ਰਿਸ਼ਟੀ ਦੇ ਕਾਰਨ ਉਸ ਨੂੰ 'ਅਮੀਟੁਲ ਕਾਵਰੀਨ' ਦਾ ਲਕਬ ਦਿਤਾ ਗਿਆ ਸੀ।

ਜਿਥੇ ਬਗਦਾਦ ਸਾਹਿਤ, ਧਰਮ ਵਿਦਿਆ, ਕਾਨੂੰਨ ਤੇ ਦਰਸ਼ਨ ਦਾ ਗੜ੍ਹ ਬਣ ਚੁਕਾ ਸੀ, ਉਥੇ ਓਹ ਸੂਫੀਆਂ ਦਾ ਕੇਂਦਰ ਵੀ ਬਣ ਚੁਕਾ ਸੀ। ਹੁਣ

ਬਗਦਾਦ ਇਕ ਅਸੀ ਥਾਂ ਬਣ ਚੁਕੀ ਸੀ ਜਿਸ ਦਾ ਧਾਰਮਕ, ਸਭਿਆਚਾਰਕ ਤੇ ਦਾਰਸ਼ਨਿਕ ਦਾਇਰਾ ਕਾਫੀ ਵਿਸ਼ਾਲ ਹੋ ਚੁਕਾ ਸੀ। ਇਥੇ ਪ੍ਰਸਪਰ ਗੋਸ਼ਟੀਆਂ ਨੇ ਵਿਚਾਰਾਂ ਦਾ ਮਿਸ਼ਰਣ ਵਧਾ ਦਿਤਾ ਸੀ। ਯੂਨਾਨੀ ਪੁਸਤਕਾਂ ਦੇ ਅਰਬੀ ਤੇ ਫਾਰਸੀ ਵਿਚ ਕਈ ਅਨੁਵਾਦ ਹੋ ਚੁਕੇ ਸਨ। ਹੁਣ ਭਾਰਤੀ ਵਿਚਾਰ ਵੀ ਬਗਦਾਦ ਤਕ ਅਪੜਨੇ ਸ਼ੁਰੂ ਹੋ ਗਏ ਸਨ ਤੇ ਰੋਜ਼ਮਰਾ ਦੇ ਵਿਚਾਰ ਵਟਾਂਦਰਿਆਂ ਨਾਲ ਲੋਕਾਂ ਦਾ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ ਸੀ ਤੇ ਆਹਿਸਤਾ-ਆਹਿਸਤਾ ਅਰਬਾਂ ਦਾ ਸੰਕੋਚ ਤੇ ਸੰਜਮ ਈਰਾਨੀਆਂ ਦੀ ਕੋਮਲਤਾ ਤੇ ਵਿਸ਼ਾਲਤਾ ਵਿਚ ਵੱਟ ਰਹੇ ਸਨ। ਸੂਫੀ ਮਤ ਵੀ ਕੁਦਰਤੀ ਤੌਰ ਤੇ ਇਨ੍ਹਾਂ ਅਸਰਾਂ ਤੋਂ ਬਚ ਨਹੀਂ ਸੀ ਸਕਦਾ ਤੇ ਉਸ ਵਿਚ ਵੀ ਪ੍ਰੀਵਰਤਨ ਆਉਣਾ ਕੁਦਰਤੀ ਗੱਲ ਸੀ। ਇਸ ਲਈ ਇਹ ਵੀ ਆਪਣੀ ਅਰੰਭਕ ਜ਼ੁਹਦ, ਇਬਾਦਤ ਤੇ ਮੌਤ ਦੇ ਭੈ ਵਾਲੀ ਅਸਵਸਥਾ ਤੋਂ ਨਿਕਲ ਸਰਵਦੇਵ ਵਾਦੀ (Pantheistic) ਅਵਸਥਾ ਵਿਚ ਪੁਜ ਰਿਹਾ ਸੀ। ਤੇ ਉਸ ਵਿਚ ਈਰਾਨੀਆਂ ਦੀ ਕੋਮਲਤਾ ਤੇ ਵਿਸ਼ਾਲਤਾ, ਨਵ-ਅਫਲਾਤੂਨੀਆਂ ਦੀ ਹੁਸਨ-ਪ੍ਰਸਤੀ ਤੇ ਅਸਚਰਜਤਾ ਤੇ ਭਾਰਤੀਆਂ ਦੀ ਹਮਾ ਓਸਤ (ਸ਼ਰਵਦੇਵ ਵਾਦ) ਦੇ ਤੱਤ ਆਪਣਾ ਅਸਰ ਪਾਣ ਲਗ ਪਏ ਸਨ।

ਨਵ-ਅਫਲਾਤੂਨੀ ਪ੍ਰਭਾਵ

ਈਰਾਨ ਵਿਚ ਨੌਸ਼ੀਰਵਾਨ ਦੇ ਸਮੇਂ ਤੋਂ ੫੩੨ ਈ: ਵਿਚ ਹੀ ਜਸਟੀਨੀਅਨ ਦੀ ਤੰਗ-ਦਿਲੀ ਤੇ ਮਤੱਸਬੀ ਨੀਤੀ ਤੋਂ ਡਰ ਕੇ ਸਤ ਯੂਨਾਨੀ ਫਿਲਾਸਫਰ ਈਰਾਨੀ ਦਰਬਾਰ ਦੇ ਪਨਾਹਗੀਰ ਬਣ ਕੇ ਆ ਢੁਕੇ ਸਨ। ਪਲਾਟੀਨਸ ਦਾ ਬਜ਼ਾਤੇ ਖੁਦ ਈਰਾਨ ਆਉਣਾ ਵੀ ਜ਼ੀਵਨੀਕਾਰ ਤੇ ਸਹਿਰਿਸਤਾਨੀ ਆਦਿ ਦੀਆਂ ਲਿਖਤਾਂ ਤੋਂ ਸਿਧ ਹੁੰਦਾ ਹੈ। ਸਹਿਰਿਸਤਾਨੀ ਤਾਂ ਆਪਣੀ ਕਿਤਾਬ ਕਿਤਾਬੁਲ ਮਿਲਾਲ ਵਿਚ ਪਲਾਟੀਨਸ ਨੂੰ ਸ਼ੈਖੁਲ ਯੂਨਾਨੀ ਕਰਕੇ ਲਿਖਦਾ ਹੈ। ਇਹ ਵੀ ਸਿਧ ਹੁੰਦਾ ਹੈ ਕਿ ਯੂਨਾਨੀ ਪ੍ਰਭਾਵ ੯ਵੀਂ ਸਦੀ ਵਿਚ ਹੀ ਇਸਲਾਮ ਵਿਚ ਪੈਣੇ ਸ਼ੁਰੂ ਹੋ ਗਏ ਸਨ ਤੇ ਇਹ ਵਿਚਾਰ ਸੀਰਿਆ ਦੇ ਮਠਾਂ, ਈਰਾਨੀਆਂ ਦੇ ਜੁੰਦੇਸ਼ਾਹ ਪੁਰ ਦੇ ਮਕਤਬਾ ਤੇ ਮੈਸੋਪੋਟੇਮੀਆਂ ਦੇ ਵਿਦਵਾਨਾਂ ਰਾਹੀਂ ਆਏ ਸਨ। ਅਰਸਤੂ ਦੇ ਅਰਬੀ ਵਿਚ ਹੋਏ ਅਨੁਵਾਦ ਨਵ-ਅਫਲਾਤੂਨੀ ਸਿਧਾਂਤਾਂ ਨਾਲ ਪੁਰ ਹਨ। ਫੇਰ ਸੂਫੀ ਮਤ ਇਨ੍ਹਾਂ ਅਸਰਾਂ ਨੂੰ ਕਬੂਲੇ ਬਿਨਾਂ ਕਿਵੇਂ ਰਹਿ ਸਕਦਾ ਸੀ। ਸੋ ਨਵ-ਅਫਲਾਤੂਨੀ ਵਿਚਾਰਾਂ ਵਿਚੋਂ ਸੂਫੀ ਮਤ ਨੇ ਸੰਸਾਰ ਤੋਂ ਉਪਰਾਮਤਾ, ਸ੍ਵੈਪ੍ਰਕਾਸ਼, ਸੌਂਦਰਯ ਤੇ ਹੁਸਨ ਪ੍ਰਸਤੀ ਦੇ ਖਿਆਲਾਂ ਨੂੰ ਸਹਿਜੇ ਹੀ ਅਪਨਾ ਲਿਆ।

ਭਾਰਤੀ ਪ੍ਰਭਾਵ

ਸੂਫੀਆਂ ਦੇ ਹਮਾਅਜ ਔਸਤ ਤੇ ਹਮਾਓਸਤ ਦੇ ਸਿਧਾਂਤ ਭਾਰਤ ਦੇ ਵੇਦਾਂਤ ਦੇ ਪ੍ਰਭਾਵ ਨਾਲ ਹੀ ਉਪਜੇ ਜਾਪਦੇ ਹਨ। ਈਰਾਨ ਵਿਚ ਨੌਸ਼ੀਰਵਾਨ ਦੇ ਸਮੇਂ ਤੋਂ ਹੀ ਈਰਾਨੀ ਤੇ ਭਾਰਤੀ ਵਿਚਾਰਾਂ ਦਾ ਵਟਾਂਦਰਾ ਸ਼ੁਰੂ ਹੋ ਗਿਆ ਸੀ। ਜੋ ਪ੍ਰਭਾਵ ਹਿੰਦੂ ਪ੍ਰਭਾਵ ਤੋਂ ਸੂਫੀਆਂ ਤੇ ਪਏ ਜਾਪਦੇ ਹਨ। ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਦਿਤਾ ਜਾ ਸਕਦਾ ਹੈ:

(੧) ਮੁਰਸ਼ਦ ਜਾਂ ਗੁਰੂ ਉਤੇ ਜ਼ੋਰ ਤੇ ਉਸ ਉਤੇ ਅਮਿਤ ਵਿਸ਼ਵਾਸ।

(੨) ਸਮਾਅ ਅਰਥਾਤ ਸੰਗੀਤ ਤੇ ਨਾਚ।

(੩) ਰੱਬ ਦੀ ਇਜ਼ਤ ਤੇ ਭੈ ਦੀ ਥਾਵੇਂ ਉਸ ਦੀ ਭਗਤੀ ਅਤੇ ਉਸ ਨਾਲ ਇਸ਼ਕ ਕਰਨ ਤੇ ਜ਼ੋਰ ਦੇਣਾ। ਇਹ ਭਾਰਤੀਆਂ ਦੇ ਪ੍ਰੇਮ-ਮਾਰਗ ਤੋਂ ਹੀ ਅਪਨਾਇਆ ਗਿਆ ਜਾਪਦਾ ਹੈ।

(੪) ਸੂਫੀਆਂ ਦਾ ਹਬਸੇਦਮ ਜੋਗੀਆਂ ਦੇ ਪ੍ਰਣਾਯਾਮ ਤੋਂ ਲਿਆ ਗਿਆ ਪ੍ਰਤੀਤ ਹੁੰਦਾ ਹੈ।

(੫) ਸੂਫੀਆਂ ਦਾ ਪ੍ਰਸਿਧ ਸਿਧਾਂਤ, "ਮਨ ਅਰਫਾ ਨਫਸੀ ਅਰਫਾ ਨਬੀ" ਸ਼ੰਕਰ ਦੇ ਇਨ੍ਹਾਂ ਵਿਚਾਰਾਂ ਦਾ ਹੀ ਸਿਟਾ ਹੈ, "ਆਤਮਾ ਦਾ ਨਿਵਾਸ ਮਨ ਤੇ ਬੁਧੀ ਤੋਂ ਕਿਤੋਂ ਡੂੰਘੇਰੀ ਤਲ ਤੇ ਹੈ। ਆਤਮਾ ਦੇ ਧੁਰ ਅੰਦਰਲੇ ਵਿਚ ਬ੍ਰਹਮ ਦਾ ਨਿਵਾਸ ਹੈ। ਪਰ ਅਹੰਕਾਰ ਉਸ ਤਕ ਪਹੁੰਚਣ ਵਿਚ ਇਕ ਵਡੀ ਰੁਕਾਵਟ ਹੈ। ਹਉਮੈ ਦਾ ਤਿਆਗ ਹੀ ਆਤਮਾ ਯਾ ਨਫਸ ਤਕ ਪੁਜਣਾ ਹੈ।"

(੬) ਸੂਫੀਆਂ ਦਾ ਫਨਾਫਿੱਲਾ ਤੇ ਬਕਾ-ਖਿੱਲਾ ਸ਼ੰਕਰ ਦੇ ਇਨ੍ਹਾਂ ਵਿਚਾਰਾਂ ਨਾਲ ਮਿਲਦੇ-ਜੁਲਦੇ ਹਨ।

"ਆਤਮਾ ਨੂੰ ਬੋਧਿਕ ਵਿਚਾਰਾਂ ਤੇ ਇੰਦ੍ਰੀਆਂ ਤੋਂ ਸੁਤੰਤਰ ਕਰਕੇ ਗਿਆਤਾ-ਗਿਆਤ ਤੇ ਗਿਆਨ ਦੇ ਤ੍ਰੇਹਰੇ ਵਿਰੋਧੀ ਭਾਵਾਂ ਤੋਂ ਆਜ਼ਾਦ ਕਰਨ ਨਾਲ ਹੀ ਆਤਮਾ ਚਮਕ ਸਕਦੀ ਹੈ। ਇਸ ਅਵਸਥਾ ਵਿਚ ਆਤਮਾ ਨਿਰਾ ਨੂਰ ਤੇ ਵਿਸਮਾਦੀ ਹੋ ਜਾਂਦੀ ਹੈ। ਆਤਮਾ ਦਾ ਵਿਸਮਾਦੀ ਰੂਪ ਹੀ ਵੇਦਾਂਤ ਦਾ ਮਨੋਰਥ ਹੈ। ਸੂਫੀਆਂ ਨੇ ਆਤਮਾ ਤੇ ਬ੍ਰਹਮ ਦੀ ਇਕਸਾਰਤਾ ਨੂੰ ਫਨਾ-ਫਿਲਾ ਤੇ ਬਕਾ-ਬਿਲਾ ਦੇ ਨਾਂ ਦਿਤੇ ਹਨ। ਇਹ ਹਉਮੈ ਦਾ ਨਾਸ ਹੀ ਫਨਾਹ-ਫਿੱਲਾ ਹੈ। ਰੱਬ ਦੀ ਪ੍ਰਾਪਤੀ ਤੇ ਉਸ ਵਿਚ ਹੀ ਸਦੀਵੀ ਜੀਵਨ ਬਕਾ ਨੂਰ ਹੈ। ਰੱਬ ਤੋਂ ਬਿਨਾਂ ਸਭ

ਕੁਝ ਤਿਆਗ ਦੇਣਾ ਹੀ ਸੂਫੀਵਾਦ ਹੈ। ਇਕੋ ਰੱਬ ਵਿਚ ਸਮਾ ਜਾਣਾ ਫਨਾ-ਵਿੱਲਾ ਹੈ। ਉਸ ਦੀ ਜੋਤ ਵਿਚ ਜੋਤ ਮਿਲਾ ਸਦੀਵੀ ਜੀਵਨ ਬਕਾ ਨੂਰ ਸੂਫੀ ਵਾਦ ਦਾ ਆਦਰਸ਼ ਹੈ।

(੭) ਸੂਫੀਆਂ ਦਾ ਦੁਨੀਆਂ ਫਾਨੀ ਅਤੇ ਇਸ ਦੀਆਂ ਵਿਚਲੀਆਂ ਚੀਜ਼ਾਂ ਦਾ ਫਾਨੀ ਹੋਣਾ (ਦੁਨੀਆਂ ਵਾ ਮਾ ਫੀਹਾ) ਦਾ ਸਿਧਾਂਤ ਸ਼ੰਕਰ ਦੇ ਮਾਇਆ ਦੇ ਸਿਧਾਂਤ ਉਤੇ ਨਿਰਮਤ ਹੈ। ਸ਼ੰਕਰ ਇਸ ਦੀਆਂ ਚੀਜ਼ਾਂ ਨੂੰ ਪ੍ਰਪੰਚ ਕਹਿੰਦਾ ਹੈ ਤੇ ਇਸ ਵਿਚ ਆਈ ਭਿੰਨਤਾ ਦਾ ਕਾਰਨ ਅਵਿਦਿਆ ਦਸਦਾ ਹੈ। ਉਸ ਦੇ ਵਿਚਾਰ ਵਿਚ ਇਹ ਸਾਰੀ ਭਿੰਨਤਾ ਨਾਮ-ਰੂਪ ਦੇ ਅਧੀਨ ਵਿਦਮਾਨ ਹੈ ਜੋ ਹੈ ਤਾਂ ਸਤਯ ਹੀ ਪਰ ਆਪਣੇ ਆਪ ਵਿਚ ਅਸੱਤਯ ਹੈ।

(੮) ਸੂਫੀਆਂ ਦਾ ਇਰਫਾਨ ਸ਼ੰਕਰ ਦੇ ਧਿਆਨ ਨਾਲ ਮਿਲਦਾ-ਜੁਲਦਾ ਹੈ।

(੯) ਸੂਫੀਆਂ ਦਾ 'ਇਲਮ ਲਦੁੱਨੀ' ਸ਼ੰਕਰ ਦੇ 'ਆਤਮਾ ਨੂੰ ਆਪਣੀ ਆਤਮਾ ਵਿਚ ਆਤਮਾ ਰਾਹੀਂ ਜਾਣੋ' ਜਾਂ ਆਤਮਾ ਲਈ ਕਿਸੇ ਸ਼ਕਤੀ ਜਾਂ ਦਲੀਲ ਦੀ ਲੋੜ ਨਹੀਂ। ਆਤਮਾ-ਸ੍ਵੈ ਸਿਧ ਹੈ ਇਸ ਨੂੰ ਇੰਦ੍ਰਿਆਈ ਮਨ ਯਾ ਬੁਧੀ ਕਰਕੇ ਨਹੀਂ ਲਭਿਆ ਜਾ ਸਕਦਾ, ਸਗੋਂ ਇਨ੍ਹਾਂ ਸਾਰਿਆਂ ਨੂੰ ਤਿਆਗ ਕੇ ਕੇਵਲ ਆਤਮਾ ਰਾਹੀਂ ਹੀ ਬ੍ਰਹਮ ਨੂੰ ਲਭਿਆ ਜਾ ਸਕਦਾ ਹੈ।" ਸ਼ੰਕਰ ਦੇ ਇਹ ਖਿਆਲ ਸੂਫੀਆਂ ਦੇ ਇਲਮੇ ਲੁਦਨੀ ਦੇ ਮੁਤਾਬਕ ਹੀ ਹਨ।

ਸੂਫੀਆਂ ਦਾ ਮਤ ਸ਼ੰਕਰ ਦੇ ਵਿਚਾਰਾਂ ਨਾਲੋਂ ਰਾਮਾਨੁਜ ਜੋ ਸ਼ੰਕਰ ਦੇ ਨਿਰਗੁਣ ਬ੍ਰਹਮ ਦੀ ਕਰੜੀ ਵਿਰੋਧਤਾ ਕਰਦਾ ਹੈ, ਨਾਲ ਵਧੇਰੇ ਮਿਲਦੇ ਜੁਲਦੇ ਹਨ। ਚੇਤੰਨਯ ਪ੍ਰਭੂ ਦੀ ਕ੍ਰਿਸ਼ਨ ਲਈ ਦੱਗ ਦੱਗ ਕਰਦੀ ਪ੍ਰੇਮ ਭਗਤੀ ਸੂਫੀਆਂ ਦੇ ਇਸ਼ਕ ਸਿਧਾਂਤ ਨਾਲ ਵਧੇਰੇ ਮੇਲ ਖਾਂਦੀ ਹੈ। ਭਗਤੀ ਲਹਿਰ ਦੇ ਸਮੇਂ ਚੂੰਕਿ ਸੂਫੀ ਭਾਰਤ ਵਰਸ਼ ਵਿਚ ਬਹੁਤ ਅਰਸੇ ਤੋਂ ਡਾਢੇ ਰਚ ਮਿਚ ਚੁਕੇ ਸਨ, ਇਸ ਲਈ ਇਹ ਕਹਿਣਾ ਜਾਂ ਨਿਰਨਾ ਕਰਨਾ ਮੁਸ਼ਕਲ ਜਾਪਦਾ ਹੈ ਕਿ ਦੋਹਾਂ ਵਿਚੋਂ ਕਿਸ ਨੇ ਇਹ ਅਸ਼ਰ ਕਬੂਲੇ। ਸੂਫੀਆਂ ਨੇ ਜਾਂ ਭਗਤੀ ਲਹਿਰ ਨੇ, ਪਰ ਅਸਰ ਸਪਸ਼ਟ ਹੈ।

ਰਹੱਸ ਵਾਦੀ ਸੂਫੀ

ਜਿਹਾ ਕਿ ਉਪਰ ਦਸਿਆ ਜਾ ਚੁੱਕਿਆ ਹੈ ਕਿ ਸੂਫੀਆਂ ਨੇ ਆਪਣੇ ਜ਼ੁਹਦ, ਇਬਾਦਤ ਤੇ ਸੰਜਮ ਵਾਲੇ ਮੁਢਲੇ ਰੂਪ ਵਿਚੋਂ ਨਿਕਲਕੇ ਈਸਾਈ ਤੇ

ਬੋਧੀ, ਈਰਾਨੀ, ਨਵ ਅਫਲਾਤੂਨੀ ਤੇ ਭਾਰਤੀ ਸਰਵ ਦੇਵ ਵਾਦੀ ਪ੍ਰਭਾਵਾਂ ਨੂੰ ਕਬੂਲ ਕੇ ਆਪਣਾ ਨਵਾਂ ਰੂਪ ਵਟਾ ਲਿਆ ਸੀ। ਇਸ ਨਵੇਂ ਰੂਪ ਧਾਰਨ ਕਰਨ ਵਾਲੇ ਸੂਫੀਆਂ ਨੂੰ ਹੀ ਰਹੱਸਵਾਦੀ ਸੂਫੀ ਕਿਹਾ ਜਾਂਦਾ ਹੈ। ਇਸ ਕਾਲ ਦਾ ਪਹਿਲਾ ਸੂਫੀ ਬਿਨ ਅਸਦ ਅਲ ਮੁਹਾਸਬੀ ਹਾਰਿਸ (੮੩੭ ਮ੍ਰਿਤੂ) ਹੋਇਆ ਹੈ। ਇਸਨੇ ਹੀ ਸਭ ਤੋਂ ਪਹਿਲਾਂ ਹਦੀਸ ਵਿਚੋਂ ਸੂਫੀ ਮਤ ਦੀ ਪੁਸ਼ਟੀ ਦਾ ਮਸਾਲਾ ਲਭਿਆ ਸੀ। ਇਸੇ ਤਰ੍ਹਾਂ ਇਸ ਸ਼੍ਰੇਣੀ ਦਾ ਦੂਜਾ ਸੂਫੀ ਜ਼ਲਨੂਨ ਮਿਸਰੀ ਸੀ। (ਇਹ ਸੂਫੀ ਕਵੀ ਹੋਇਆ ਹੈ। ਰਾਬਿਆ ਤੋਂ ਬਾਹਦ ਇਹ ਦੂਜਾ ਕਵੀ ਸੂਫੀ ਕਿਹਾ ਜਾਂਦਾ ਹੈ। ਇਸ਼ਦੀ ਮ੍ਰਿਤੂ ੮੬੧ ਵਿਚ ਹੋਈ। ਇਸ ਨੇ ਹੀ ਇਸ਼ਕ ਦੀ ਨਿੱਘੀ ਬੋਲੀ ਵਿਚ ਕਵਿਤਾ ਰਚਣ ਦੀ ਪ੍ਰਥਾ ਨੂੰ ਅਗੇ ਟੋਰਿਆ। ਇਸਨੇ ਹੀ ਸਭ ਤੋਂ ਪਹਿਲਾਂ ਮਾਰਫਤ ਦੇ ਵਿਚਾਰ ਨੂੰ ਸੂਫੀ ਮਤ ਵਿਚ ਲਿਆਂਦਾ। ਇਸੇ ਤਰ੍ਹਾਂ ਨੌਵੀਂ ਸਦੀ ਈ: ਵਿਚ ਬਾਯਜ਼ੀਦ ਜੋ ਈਰਾਨੀ ਸੀ, ਨੇ ਸਭ ਤੋਂ ਪਹਿਲਾਂ ਜ਼ੁਹਦ ਵਿਚੋਂ ਕਢਕੇ ਸੂਫੀ ਮਤ ਨੂੰ ਸਰਵ ਦੇਵ ਵਾਦੀ ਰੂਪ ਦਿਤਾ। ਬਾਯਜ਼ੀਦ ਸ਼ਰੀਅਤ ਦਾ ਹਾਮੀ ਨਹੀਂ ਸੀ, ਸਗੋਂ ਇਸਨੇ ਖੁਲ੍ਹਮ ਖੁਲ੍ਹਾ ਮੁਹੰਮਦ ਸਾਹਿਬ ਦੀ ਬਰਾਬਰੀ ਦਾ ਦਾਹਵਾ ਕੀਤਾ ਸੀ ਤੇ ਕਿਆਮਤ ਤੇ ਬਹਿਸ਼ਤ ਦੀ ਖਿਲੀ ਉਡਾਈ ਸੀ। ਇਸ ਨੇ ਹੀ ਸਭ ਤੋਂ ਪਹਿਲਾਂ ਫਨਾਫਿਲਾ ਦੇ ਵਿਚਾਰ ਦੀ ਵਿਆਖਿਆ ਕਰਕੇ ਇਸਨੂੰ ਸੂਫੀ ਵਿਚਾਰਧਾਰਾ ਦਾ ਧਰੂਹ ਧੁਰਾ ਬਣਾਇਆ ਸੀ। ਕੋਈ ਫਨਾ ਦੇ ਸਿਧਾਂਤ ਨੂੰ ਸੂਫੀ ਵਿਚਾਰ ਧਾਰਾ ਦਾ ਕੇਂਦਰੀ ਧੁਰਾ ਬਣਾਨ ਵਾਲਾ ਅਲ ਮੁਸਾਹਿਬੀ ਦੇ ਮੁਰੀਦ ਅਲਜ਼ੁਨੈਦ ਨੂੰ ਮਿਥਦੇ ਹਨ। ਇਸਦੀ ਮ੍ਰਿਤੂ ੯੧੦ ਈ: ਵਿਚ ਹੋਈ ਸੀ। ਇਸਦੀ ਵਿਆਖਿਆ ਅਨੁਸਾਰ ਆਪਣੇ ਵਲ ਮਰਨਾ 'ਫਨਾ' ਹੈ ਰੱਬ ਵਿਚ ਜੀਣਾ ਬੱਕਾ ਹੈ ਅਤੇ ਰਬ ਤੋਂ ਪਰ੍ਹੇ ਰਹਿਣ ਦਾ ਸਮਾ 'ਬਲਾ' ਹੈ।

ਭਾਰਤ ਵਰਸ਼ ਵਿਚ ਸੂਫੀ ਬਾਰਹਵੀਂ ਸ਼ਦੀ ਵਿਚ ਆਏ। ਪ੍ਰਸਿਧ ਸੂਫੀਆਂ ਦੇ ਨਾਮ ਇਸ ਪਰਕਾਰ ਹਨ :

ਅਬੂ ਹਾਸ਼ਮ (੭੫੦ ਈ: ਦੇ ਨੇੜੇ ਤੇੜੇ)
ਅਬੁਲ ਸਈਦ ਬਿਨ ਅਬੁਲ ਖੈਰ (੯੩੭-੧੦੪੯)
ਜ਼ੂਨ ਨੂਨ ਮਿਸਰੀ (ਮੌਤ ੮੬੦ ਈ:)
ਸਿਰੇ ਸ਼ਗਵੇਤ (ਮੌਤ ੮੬੭ ਈ:)
ਜ਼ੁਨੈਦ (ਮੌਤ ੯੧੧ ਈ:)
ਮਨਸੂਰ ਅਲ ਹੋਲਾਜ਼ (ਮੌਤ ੯੮੦ ਈ:)
ਗ਼ਜ਼ਾਲੀ (ਮੌਤ ੧੧੧੧ ਈ:)
ਜਲਾਲੁਉਦੀਨ ਰੂਮੀ (ਮੌਤ ੧੨੭੩ ਈ:)

ਸੂਫੀ ਮਤ ਦੇ [illegible] ਸ਼ਾਇਰ :

ਉਮਰ ਖਯਾਮ (ਮੌਤ ੧੧੨੩ ਈ:)
ਨਿਜ਼ਾਮੀ (ਮੌਤ ੧੨੦੦ ਈ:)
ਫਰੀਦੁਦੀਨ ਅਤਾਰ (ਮੌਤ ੧੨੩੦ ਈ:)
ਸਾਅਦੀ (ਮੌਤ ੧੨੯੨)
ਹਾਫਿਜ਼ (ਮੌਤ ੧੩੮੯ ਈ:)
ਅਨਵਰੀ (ਮੌਤ ੧੨੦੦ ਈ:)
ਜ਼ਾਮੀ (ਮੌਤ ੧੪੯੨ ਈ:)
ਹਾਤਿਫੀ (ਮੌਤ ੧੫੦੮ ਈ:)

ਉਤਲੇ ਨਾਵਾਂ ਤੋਂ ਇਲਾਵਾ ਕੁਝ ਹੋਰ ਵੀ ਸੂਫੀ ਹਨ, ਜਿਨ੍ਹਾਂ ਦੇ ਨਾਂ ਪੰਜਾਬੀ ਸ਼ਾਇਰੀ ਵਿਚ ਆਉਂਦੇ ਹਨ। ਓਹ ਹਨ :

ਹਜ਼ਰਤ ਹੁਸੈਨ (ਸ਼ਹਾਦਤ ੬੮੦ ਈ:)
ਅਬੂ ਬਕਰ ਸ਼ਿਬਲੀ (ਮੌਤ ੯੪੬ ਈ:)
ਰਾਬਿਆ ਬਸਰੀ (ਮੌਤ ੮੦੧ ਈ:)
ਹਸਨ ਬਸਰੀ (ਮੌਤ ੭੨੮ ਈ:)
ਹਸਨ ਸੰਜਰੀ (ਮੌਤ ੧੩੦੭ ਈ:)
ਕੁਤਬੁ ਦੀਨ (ਮੌਤ ੧੨੩੫ ਈ:)
ਸ਼ਮਸ਼ ਤਬਰੇਜ਼ੀ (ਮੌਤ ੧੨੪੭ ਈ:)
ਬਹਾਉਦੀਨ ਨਕਸ਼ਬੰਦ (ਮੌਤ ੧੩੭੯ ਈ:)

ਹੇਠ ਲਿਖੇ ਸੂਫੀਆਂ ਦਾ ਅਸਰ ਪੰਜਾਬ ਵਿਚ ਹੋਇਆ ਜਾਪਦਾ ਹੈ :

ਬਾਯਜ਼ੀਦ ਬੁਸਤਾਮੀ (ਨੌਵੀਂ ਸਦੀ ਈ:)
ਦਾਰਾ ਸ਼ਿਕੋਹ (ਮੌਤ ੧੬੫੯)
ਸ਼ੇਖ ਮੁਹੰਮਦ ਗੌਂਸ ਗਵਾਲੀਆਰੀ (ਮੌਤ ੧੫੬੨ ਈ:)
ਬੂਅਲੀ ਕਲੰਦਰ ਪਾਨੀਪਤੀ (ਮੌਤ ੧੩੨੪ ਈ:)
ਮਖਦੂਮ ਜਹਾਨੀਆ (ਮੌਤ ੧੩੮੪ ਈ:)
ਅਬਦੁਲ ਕੁਦੂਸ ਗੰਗੋਹੀ
ਮੁਹਕੱਕੇ ਹਿੰਦੀ
ਬਹਾਉਦੀਨ ਜ਼ਕੱਰੀਆ (ਮੌਤ ੧੨੬੬)
ਸ਼ਮਸ਼ ਮੁਲਤਾਨੀ
ਫਰੀਦੁਦੀਨ ਸ਼ਕਰਗੰਜ (ਮੌਤ ੧੨੬੫ ਈ:)

ਸਯਦ ਅਲੀ ਹਮਦਾਨੀ (ਮੌਤ ੧੪ਵੀਂ ਸਦੀ)
ਖਵਾਜ਼ਾ ਮੁਹੰਮਦ ਬਾਕੀ ਬਿਲਾ ਬੇਰੰਗ
ਸ਼ੇਖ ਐਹਮਦ ਫਾਰਕੀ ਸਿਰਹੰਦ (ਮੌਤ ੧੬੬੪ ਈ:)
ਸਅਦ (ਮੌਤ ੧੬੬੧ ਈ:)
ਬੈਹਲੋਲ ਗੁਵਾਲਿਆਰੀ
ਬਹਾਉਲ ਹੱਕ ਮੁਲਤਾਨੀ
ਮੁਲਾਂ ਸ਼ਾਹ (ਮੌਤ ੧੬੬੦ ਈ:)
ਮੁਈਨ ਦੀਨ ਚਿਸ਼ਤੀ (ਮੌਤ ੧੨੩੬ ਈ:)
ਦਾਤਾ ਗੰਜ ਬਖਸ਼ੀ (ਮੌਤ ੧੦੭੨ ਈ:)
ਮੀਆਂ ਮੀਰ ਲਾਹੌਰੀ (ਮੌਤ ੧੬੩੫)
ਬੁਲਬੁਲ ਸ਼ਾਹ (੧੪ਵੀਂ ਸਦੀ)
ਕੁਤਬੁਦੀਨ ਬਖਤਿਆਰ ਕਾਕੀ (ਮੌਤ ੧੨੩੫)

(ਡਾ: ਮੋਹਨ ਸਿੰਘ–ਪੰਜਾਬੀ ਦੁਨੀਆ ਸੂਫੀ ਅੰਕ ਪੰਨਾ ੧-੨ ਤੋਂ ਉਪ੍ਰੋਕਤ ਮਸਾਲਾ ਲਿਆ ਗਿਆ।)

ਡਾ: ਮੋਹਨ ਸਿੰਘ ਦਾ ਖਿਆਲ ਹੈ, "ਇਹ ਵੀ ਮੁਸਲਮਾਨ ਸੂਫੀਆਂ ਵਿਚ ਕਿਹਾ ਜਾਂਦਾ ਹੈ ਜੋ ਸੂਫ਼ੀ ਮਤ ਦਾ ਬੀਂ ਹਜ਼ਰਤ ਆਦਮ ਦੇ ਵੇਲੇ ਬੀਜਿਆ ਗਿਆ ਸੀ, ਹਜ਼ਰਤ ਨੂਹ ਦੇ ਵੇਲੇ ਓਹ ਫੁਟਿਆ । ਫੁਲ ਹਜ਼ਰਤ ਇਬਰਾਹੀਮ ਦੇ ਵੇਲੇ ਲਗੇ ਤੇ ਹਜ਼ਰਤ ਯਸੂ ਮਸੀਂਹ (ਈਸਾ) ਦੇ ਵੇਲੇ ਇਹ ਹੋਰ ਵਧਿਆ ਫੁਲਿਆ ਪਰ ਹਜ਼ਰਤ ਮੁਹੰਮਦ ਸਾਹਿਬ ਦੇ ਵੇਲੇ ਹੀ ਇਹ ਫੁਲ ਖਾਲਸ ਸ਼ਰਾਬ ਬਣਕੇ ਸਾਡੇ ਸਾਹਮਣੇ ਆਇਆ।"

ਪੰਜਾਬੀ ਦੁਨੀਆ ਪੰਨਾ ੧--੨

ਸੂਫੀ ਮੱਤ ਤੇ ਇਸ਼ਕ

ਇਸ਼ਕ ਦੇ ਸਿਧਾਂਤ ਦਾ ਵਿਕਾਸ ਦੇ ਸਿਰਲੇਖ ਹੇਠ ਸ੍ਰੀ ਸਾਧੂ ਰਾਮ ਜੀ ਸ਼ਾਰਦਾ ਲਿਖਦੇ ਹਨ :

"ਪਦਾਰਥਕ ਇਛਾਵਾਂ ਮਨ ਤੇ ਮੈਲ ਪੈਦਾ ਕਰਦੀਆਂ ਹਨ ਅਤੇ ਮਨ ਦੀ ਇਕਾਗਰਤਾ ਵਿਚ ਇਕ ਅਨੰਦ ਹੈ, ਇਹ ਦੋ ਗਲਾਂ ਬੁਧ ਤੋਂ ਪਹਿਲਾਂ ਦੇ ਸਮੇਂ ਤੋਂ ਭਾਰਤੀ ਸਾਧਨਾਂ ਦੇ ਅੰਗ ਸਨ, ਜਿਹੜੀਆਂ ਬੁਧ ਧਰਮ ਨੂੰ ਆਪਣੇ ਵਿਰਸੇ ਵਿਚ ਮਿਲੀਆਂ ਸਨ। ਬੁਧ ਧਰਮ ਆਪਣੇ ਇਨ੍ਹਾਂ ਸਿਧਾਂਤਾਂ ਨੂੰ ਨਾਲ ਲੈ ਕੇ ਹੀ ਅਸ਼ੋਕ ਦੇ ਸਮੇਂ ਤੋਂ ਤਿਬਤ, ਚੀਨ, ਜਾਪਾਨ, ਲੰਕਾ, ਬਰਮਾ ਆਦਿ ਦੇਸ਼ਾਂ ਵਿਚ ਫੈਲਿਆ । ਏਸ਼ੀਆ ਮਾਈਨਰ, ਅਫਗਾਨਿਸਤਾਨ, ਈਰਾਨ,

ਮੈਸੋਪੋਟੇਮੀਆ, ਸੀਰੀਆ ਤੇ ਮਿਸਰ ਤਕ ਇਸਦੇ ਵਿਚਾਰਾਂ ਦਾ ਪ੍ਰਭਾਵ ਪਿਆ ਹੈ। ਚੰਗਿਆਈ ਤੇ ਬੁਰਿਆਈ ਦੇ ਈਰਾਨੀ ਦ੍ਵੈਤ-ਵਾਦ, ਸਪਿਰਟ (Spirit) ਤੇ ਪਦਾਰਥ (Matter) ਦੇ ਯੂਨਾਨੀ ਦ੍ਵੈਤ ਵਾਦ, ਬੈਬੀਲੋਨੀਆਂ ਦੇ ਮਿਥਹਾਸ ਆਦਿ ਦੇ ਮੇਲ ਨਾਲ ਜਿਹੜਾ ਸਰਬ ਸਾਂਝਾ ਧਰਮ ਵਿਕਸਤ ਹੋਇਆ, ਉਸ ਵਿਚ ਬੁਧ ਧਰਮ ਦੇ ਉਕਤ ਵਿਚਾਰਾਂ ਦਾ ਪੂਰਾ ਪ੍ਰਭਾਵ ਪਿਆ ਹੈ ਜਿਸ ਨਾਲ ਇਕ ਨਾਸਟਕ ਵਿਚਾਰਧਾਰਾ ਚਲੀ ਜਿਹੜੀ ਸਾਧਨਾਂ ਵਿਚ ਬੁਧ ਧਰਮ ਦੇ ਤਿਆਗ ਤੋਂ ਬਿਲਕੁਲ ਵਖਰੀ ਨਹੀਂ ਸੀ।

ਇਹ ਗਲ ਇਸਤੋਂ ਵੀ ਸਪਸ਼ਟ ਹੋ ਜਾਂਦੀ ਹੈ ਕਿ ਨਾਸਟਕ ਮਤ ਅਤੇ ਸੂਫੀ ਮਤ ਇਨ੍ਹਾਂ ਦੀ ਸਾਧਨਾ ਦਾ ਆਧਾਰ ਬੁਧ ਮਤ ਦੀ ਦੋ ਨੁਕਤੀ ਸਾਧਨਾ ਹੈ ਜਿਹੜੀ ਅਗੁਤਰ ਨਿਕਾਯ ਵਿਚ ਸਾਫ ਕਰਕੇ ਇੰਝ ਸਮਝਾਈ ਗਈ ਹੈ :

"ਗਿਆਨ ਲਈ ਦੋ ਗਲਾਂ ਜ਼ਰੂਰੀ ਹਨ । ਓਹ ਦੋ ਗਲਾਂ ਕਿਹੜੀਆਂ ਹਨ–ਸ਼ਾਂਤੀ ਅਤੇ ਅੰਤਰਬੁਧੀ (੧) ਜਦੋਂ ਸ਼ਾਂਤੀ ਹੋਵੇ ਤਾਂ ਕੀ ਹੁੰਦਾ ਹੈ ? ਮਨ ਦਾ ਵਿਕਾਸ਼ ਹੁੰਦਾ ਹੈ। ਮਨ ਦਾ ਵਿਕਾਸ਼ ਹੋ ਜਾਵੇ ਤਾਂ ਕੀ ਹੁੰਦਾ ਹੈ ? ਮਨ ਦੇ ਵਿਸ਼ੇ ਵਿਕਾਰ ਮਿਟ ਜਾਂਦੇ ਹਨ। (੨) ਜਦੋਂ ਅੰਤਰ-ਬੁਧੀ ਦਾ ਵਿਕਾਸ਼ ਹੋਵੇ ਤਾਂ ਠੀਕ ਸੋਝੀ ਦਾ ਵਿਕਾਸ਼ ਹੁੰਦਾ ਹੈ । ਜਦੋਂ ਠੀਕ ਸੋਝੀ ਹੋ ਜਾਂਦੀ ਹੈ ਤਾਂ ਕੀ ਹੁੰਦਾ ਹੈ ? ਅਗਿਆਨ ਨਸ਼ਟ ਹੋ ਜਾਂਦਾ ਹੈ । ਵਿਸ਼ੇ ਵਿਕਾਰਾਂ ਵਿਚ ਫਸਿਆ ਮਨ ਸੁਤੰਤਰ ਨਹੀਂ ਹੈ ਅਤੇ ਜਦੋਂ ਅਗਿਆਨ ਕਾਰਨ ਮਨ ਤੇ ਮੈਲ ਹੋਵੇ, ਠੀਕ ਸੋਝੀ ਨਹੀਂ ਹੋ ਸਕਦੀ। ਇਸ ਤਰ੍ਹਾਂ ਵਿਸ਼ੇ ਵਿਕਾਰ ਤੋਂ ਮਨ ਪਵਿਤਰ ਕਰਕੇ ਮਨ ਵੀ ਸੁਤੰਤਰ ਹੁੰਦਾ ਹੈ । ਅਤੇ ਅਗਿਆਨ ਦੂਰ ਕਰ ਕੇ ਠੀਕ ਸੋਝੀ ਦੀ ਸੁਤੰਤ੍ਰਤਾ ਹੁੰਦੀ ਹੈ।" (ਅਗਤਰ ਨਿਕਾਯ)

ਇਸ ਤਰ੍ਹਾਂ ਬੁਧ ਮਤ. ਦਾ ਸਾਧਨਾ ਮਾਰਗ ਦੋ ਨੁਕਤੀ ਸਾਫ ਹੈ :

(੧) ਦੁਨਿਆਵੀ ਵਿਸ਼ੇ ਵਿਕਾਰਾਂ ਤੋਂ ਮਨ ਦੀ ਪਵਿਤਰਤਾ।

(੨)ਅਤੇ ਸਤਿ ਗਿਆਨ ਤੋਂ ਚਿੰਤਨ ਰਾਹੀਂ ਅੰਤਰ ਬੁਧੀ ਦਾ ਵਿਕਾਸ਼ ਕਰਨਾ।

ਪਰ ਉਸ ਨਾਸਟਕ ਮਤ ਦਾ ਸਬੰਧ ਮੁਢ ਵਿਚ ਵੀ ਈਸਾਈ ਮਤ ਨਾਲ ਰਿਹਾ ਹੈ, ਜਿਸ ਵਿਚ 'ਇਸ਼ਕ ਦਾ ਆਪਣਾ ਸਿਧਾਂਤ ਹੈ । ਈਸਾਈ ਮਤ ਅਨੁਸਾਰ ਰੱਬ ਲੋਕਾਂ ਨਾਲ ਇੰਝ ਪਿਆਰ ਕਰਦਾ ਹੈ ਜਿਵੇਂ ਬਾਪ ਆਪਣੇ ਪੁਤਰ ਨਾਲ–ਅਤੇ ਪੁਤਰ ਨੂੰ ਵੀ ਆਪਣੇ ਬਾਪ ਦਾ ਪਿਆਰ ਪ੍ਰਾਪਤ ਕਰਨ ਲਈ ਉਸ ਨਾਲ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨਾਸਟਕਾਂ ਨੇ ਆਪਣੇ ਆਪ ਨੂੰ ਈਸਾਈ ਮਤ ਦੇ ਸਚੇ ਜਾਣੂ ਦਸਣ ਲਈ ਮਨ (Mind) ਨੂੰ ਰਬ ਦਾ ਰੂਪ ਅਤੇ ਉਸਦੇ ਚਿੰਤਨ ਨੂੰ ਇਸ਼ਕ ਦਾ ਨਾਂ ਤਾਂ ਦਿਤਾ ਪਰ ਸਾਧਨਾ

ਬੁਧਾਂ ਵਾਲੀ ਹੋਣ ਕਾਰਨ ਇਛਾਵਾਂ ਮਾਰਕੇ ਮਨ ਦੀ ਸਫਾਈ ਉਪਰੰਤ ਮਨ ਦੀ ਇਕਾਗਰਤਾ ਨੂੰ ਹੀ ਇਸ਼ਕ ਆਖਿਆ ਹੈ। ਸਾਧਨਾ ਦਾ ਇਹ ਰੂਪ ਇਸਲਾਮ ਦੇ ਜ਼ੋਰ ਪਕੜਨ ਤਕ ਇਹੋ ਰਿਹਾ ਹੈ। ਇਸ਼ਲਾਮ ਦੀਆਂ ਪਹਿਲੀਆਂ ਦੋ ਸਦੀਆਂ ਵਿਚ ਇਸਲਾਮ ਦੇ ਪ੍ਰਭਾਵ ਨਾਲ ਇਸ ਲਹਿਰ ਵਿਚ 'ਯੋਮੁੱਦੀਨ' ਤੇ ਰੱਬ ਦੇ ਖੌਫ ਦਾ ਜ਼ੋਰ ਵਧੇਰੇ ਰਿਹਾ ਹੈ। ਪਰ ਪਛਮੀ ਖੇਤਰ ਵਿਚ ਇਸ ਲਹਿਰ ਤੇ ਈਸਾਈ ਮਿਸ਼ਨਰੀਆਂ ਦਾ ਪ੍ਰਭਾਵ ਬਣਿਆ ਰਿਹਾ ਅਤੇ ਨੌਵੀਂ ਸਦੀ ਵਿਚ ਰਬੀ ਇਸ਼ਕ ਦਾ ਨਵਾਂ ਯੁਗ ਸੂਫੀ ਮਤ ਵਿਚ ਸ਼ੁਰੂ ਹੋਇਆ। ਅਲ ਮਹਾਂਸਿਬੀ (ਮ੍ਰਿਤੂ ੮੩੭ ਈ:) ਇਸਲਾਮੀ ਖੌਫ ਤੇ ਈਸਾਈ ਇਸ਼ਕ ਦੀ ਸਾਂਝੀ ਕੜੀ ਹੈ। ਆਪਣੀ ਪੁਸਤਕ "ਫਸਲ ਫਿਲਮਹਬ' ਵਿਚ ਇਸ 'ਖੌਫ' ਤੇ 'ਇਸ਼ਕ' ਵਿਚਕਾਰ ਮੁਕਾਬਲਾ ਕਰਕੇ ਉਸਨੇ ਇਸ਼ਕ ਨੂੰ ਉਚੇਰਾ ਦਸਿਆ ਹੈ।

ਅਗੇ ਦਲਕੇ ਜ਼ੁਨੂ ਅਲਮਿਸਰੀ (ਮ੍ਰਿਤੂ ੮੬੧ ਈ:) ਨੇ ਇਸ ਰੱਬੀ ਇਸ਼ਕ ਨੂੰ ਪੂਰਨਤਾ ਦਿਤੀ ਹੈ। ਉਸਨੇ ਰੱਬੀ ਗਿਆਨ ਦੀ ਪ੍ਰਾਪਤੀ ਲਈ ਚਾਰ ਦਰਵਾਜ਼ੇ ਕਰਮ ਨਾਲ ਖੌਫ, ਉਮੀਦ, ਮੁਹੱਬਤ ਤੇ ਸ਼ੌਕ ਦਸੇ ਹਨ, ਜਿਨ੍ਹਾਂ ਵਿਚੋਂ ਗਹਿਰਾਈ ਦੇ ਕਰਮ ਵਾਰ ਭਾਵਨਾਤਮਕ ਇਸ਼ਕ ਦੇ ਦੋਵੇਂ ਦਰਵਾਜ਼ੇ ਉਚੇਰੇ ਠਹਿਰਾਏ ਹਨ। ਉਸਨੇ ਇਹ ਵੀ ਦਸਿਆ ਹੈ ਕਿ ਆਪਣੇ ਆਸ਼ਕਾਂ ਦੀ ਚੋਣ ਰੱਬ ਨੇ ਆਪ ਕੀਤੀ ਹੈ। ਇਸ ਸ੍ਰਿਸ਼ਟੀ ਦੇ ਵਜੂਦ ਵਿਚ ਆਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਚੁਣ ਲਿਆ ਗਿਆ ਸੀ। ਅਤੇ ਉਨ੍ਹਾਂ ਵਿਚ ਹੀ ਰਬੀ ਗਿਆਨ ਜਾਹੋ-ਜਲਾਲ ਭਰ ਦਿਤਾ ਗਿਆ ਸੀ। ਜ਼ੁਨੂੰ ਨੇ ਰਬ ਦੀ ਪ੍ਰਾਪਤੀ ਲਈ ਇਕੋ ਇਕ ਰਾਹ ਰੱਬੀ ਇਸ਼ਕ ਦਸਿਆ ਹੈ। ਅਸਲ ਵਿਚ ਇਸ ਯੁਗ ਨੂੰ ਹੀ ਰਬ ਨਾਲ ਜਜ਼ਬਾਤੀ ਤੇ ਉਚੇ ਦਰਜੇ ਦੇ ਇਸ਼ਕ ਦਾ ਸੁਨਹਿਰੀ ਯੁਗ ਕਿਹਾ ਜਾ ਸਕਦਾ ਹੈ, ਜਿਸਦੇ ਅਬੁਯਜੀਦ, ਜ਼ੁਨੈਦ, ਅਬੁਲਖੇਰ ਆਦਿ ਹੀਰੇ ਹਨ।

ਪਰ ਇਸ ਸਾਧਨਾਂ ਵਿਚ ਵੀ ਰੱਬ ਨਾਲ ਇਸ਼ਕ ਦਾ ਦਾਵਾ ਕਟਰ ਪੰਥੀਆਂ ਨੇ ਨਿੰਦ ਦਿਤਾ ਹੈ ਕਿ ਇਸ਼ਕ ਬਰਾਬਰ ਦਿਆਂ ਵਿਚ ਹੋ ਸਕਦਾ ਹੈ। ਰੱਬ ਬੰਦੇ ਨਾਲੋਂ ਬਹੁਤ ਉਚਾ ਹੈ ਅਤੇ ਬੰਦੇ ਦਾ ਰੱਬ ਨਾਲ ਪਿਆਰ ਦਾ ਦਾਹਵਾ ਕੁਫਰ ਹੈ। ਇਸ ਕੁਫਰ ਨੂੰ ਦਬਾਇਆ ਗਿਆ ਅਤੇ ਕਈ ਸੂਫੀਆਂ ਨੂੰ ਜ਼ਿੰਦਗੀ ਤੋਂ ਹਥ ਧੋਣੇ ਪਏ। ਇਕ ਪੂਰੇ 'ਸਫਾਈ ਦੇ ਯੁਗ" ਤੋਂ ਬਾਹਦ ਗਜ਼ਾਲੀ (ਮਿਰਤੂ ੧੧੧੧ ਈ:) ਨੇ ਜਿਹੜਾ ਕਟੜ ਪੰਥੀਆਂ ਦਾ ਇਮਾਮ ਵੀ ਸੀ, ਇਸ ਇਸ਼ਕ ਨੂੰ ਦਾਰਸ਼ਨਿਕ ਰੂਪ ਦੇ ਕੇ ਕੁਰਾਨ ਦੇ ਨੁਕਤੇ ਤੋਂ ਪ੍ਰਵਾਨਿਤ ਸਿਧ ਕਰਨ ਦਾ ਉਪਰਾਲਾ ਕੀਤਾ। ਉਸ ਨੇ ਕਿਹਾ ਕਿ ਮਨੁਖ ਦੇ ਅੰਦਰ ਇਸ਼ਕ ਦੇ ਚਾਰ

ਕਾਰਨ ਹਨ :

(੧) ਨਿਜ ਨਾਲ ਇਸ਼ਕ । ਬੰਦਾ ਆਪਣੀ ਹੋਂਦ ਪਸੰਦ ਕਰਦਾ ਹੈ ।

(੨) ਬੰਦਾ ਆਪਣੇ ਹਿਤਕਾਰੀ ਨਾਲ ਇਸ਼ਕ ਕਰਦਾ ਹੈ, ਕਿਉਂਕਿ ਉਹ ਉਸਦੇ ਨਿਜ ਦੀ ਕੋਈ ਨਾ ਕੋਈ ਲੋੜ ਪੂਰੀ ਕਰਦਾ ਹੈ । ਇਹ ਇਕ ਤਰ੍ਹਾਂ ਦਾ ਸੂਪ੍ਰੇਮ ਜਾਂ ਖੁਦਪ੍ਰਸਤੀ ਹੈ । ਜਿੰਨਾ ਕੁ ਕਿਸੇ ਕੋਲੋਂ ਕਈ ਲਾਭ ਹੁੰਦਾ ਹੈ, ਉਤਨਾ ਹੀ ਬੰਦਾ ਉਸ ਨਾਲ ਪਰੇਮ ਰਖਦਾ ਹੈ ।

(੩) ਸੁੰਦਰਤਾ ਨਾਲ ਪਿਆਰ । ਇਸ ਅੰਦਰ ਰੂਪ, ਸੁਹਜ, ਸਦਾਚਾਰ, ਨੇਕੀ, ਗਿਆਨ, ਤਾਕਤ, ਹੋਂਸਲਾ, ਪਵਿਤਰਤਾ ਆਦਿ ਸ਼ਾਮਲ ਹਨ । ਇਹ ਵੀ ਬੰਦੇ ਦੇ ਮਨ ਨੂੰ ਸੁਹਜ ਸਵਾਦ ਦਿੰਦੀਆਂ ਹਨ । ਅਤੇ ਬੰਦਾ ਇਸ ਸਵਾਦ ਸੁਹਜ ਲਈ ਇਨ੍ਹਾਂ ਨਾਲ ਪਿਆਰ ਕਰਦਾ ਹੈ ।

(੪) ਦੋ ਰੂਹਾਂ ਵਿਚਕਾਰ ਸਬੰਧ ਦਾ ਪਿਆਰ । ਗਜ਼ਾਲੀ ਨੇ ਦਸਿਆ ਹੈ ਕਿ ਬੰਦੇ ਦੀਆਂ ਚਾਰੋਂ ਤਰ੍ਹਾਂ ਦੀਆਂ ਲੋੜਾਂ ਰੱਬ ਤੋਂ ਪੂਰੀ ਤਰ੍ਹਾਂ ਪੂਰੀਆਂ ਹੁੰਦੀਆਂ ਹਨ । ਉਹ ਬੰਦੇ ਨੂੰ ਹੋਂਦ ਦੇਂਦਾ ਹੈ, ਉਸ ਦੀਆਂ ਲੋੜਾਂ ਨੂੰ ਪੂਰਨ ਕਰਨ ਵਾਲਾ ਹੈ । ਸ਼ਕਤੀ ਗਿਆਨ ਆਦਿ ਦੇ ਗੁਣ ਉਸ ਵਿਚ ਅਤਿ ਦੇ ਹਨ, ਅਤੇ ਚੌਥੇ ਬੰਦੇ ਦਾ ਰਬ ਨਾਲ ਇਕ ਸਬੰਧ ਵੀ ਹੈ ਕਿ ਰੱਬ ਨੇ ਉਸਨੂੰ ਆਪਣੇ ਰੂਪ ਵਿਚੋਂ ਬਣਾਇਆ ਹੈ । ਇਸ ਲਈ ਕੇਵਲ ਰਬ ਹੀ ਇਸ਼ਕ ਦਾ ਪਾਤਰ ਹੈ ।

ਉਸ ਨੇ ਅਗੇ ਦਸਿਆ ਕਿ ਰਬ ਵੀ ਬੰਦੇ ਨਾਲ ਇਸ਼ਕ ਕਰਦਾ ਹੈ, ਪਰ ਉਸ ਦਾ ਇਸ਼ਕ ਬੰਦੇ ਦੇ ਇਸ਼ਕ ਵਾਂਗ ਆਪਣੀ ਘਾਟ ਨੂੰ ਪੂਰਾ ਕਰਨ ਲਈ ਨਹੀਂ, ਸਗੋਂ ਉਸ ਪ੍ਰਕਾਰ ਹੈ, ਜਿਵੇਂ ਕੋਈ ਕਲਾਕਾਰ ਆਪਣੀ ਰਚਨਾ ਨਾਲ ਪਿਆਰ ਕਰਦਾ ਹੈ । 'ਗਜ਼ਾਲੀ' ਨੇ ਇਸ਼ਕ ਦੀਆਂ ਕ੍ਰਮਿਕ ਅਵਸਥਾਵਾਂ ਵੀ ਨਿਸਚਿਤ ਕੀਤੀਆਂ ਹਨ ।

(੧) ਸ਼ੌਕ (੨) ਉਨਸ ਅਤੇ (੩) ਰਿਦਾ

'ਰਬ ਦਾ ਗਿਆਨ' ਉਸ ਨਾਲ ਇਸ਼ਕ ਤੋਂ ਪਹਿਲਾਂ ਜ਼ਰੂਰੀ ਹੈ । ਇਹ ਗਿਆਨ ਪੂਰਨ ਸੁਹਜ ਹੈ । ਜਦ ਬੰਦਾ ਪੂਰਨ ਸਹੁਜ ਤੇ ਅਖਾਂ ਟਿਕਾਂਦਾ ਹੈ, ਤਾਂ ਉਸ ਅੰਦਰ, ਉਸ ਨੂੰ ਪ੍ਰਾਪਤ ਹੋਣ ਲਈ ਸ਼ੌਕ ਪੈਦਾ ਹੁੰਦਾ ਹੈ । ਇਸ ਸ਼ੌਕ ਦੀ ਸਾਧਨਾ ਨਾਲ ਉਹ ਉਨਸ (ਨਿਕਟਤਾ) ਦੀ ਹਾਲਤ ਤੇ ਪਹੁੰਚਦਾ ਹੈ । ਤਾਂ ਉਸ ਨੂੰ ਆਪਣੇ ਮਹਿਬੂਬ ਦੇ ਜਾਹੋ ਜਲਾਲ ਤੇ ਪੂਰਨ ਭਰਪੂਰਤਾ ਦੀ ਅਨਭੂਤੀ ਹੁੰਦੀ ਹੈ । ਫੇਰ ਉਸਨੂੰ ਉਸਦੀ ਜੁਦਾਈ ਦੀ ਸੰਭਾਵਨਾ ਦਾ ਡਰ (ਖੌਫ) ਪੈਦਾ ਹੁੰਦਾ ਹੈ । ਉਸ ਮਗਰੋਂ ਬੰਦਾ ਵੀ ਰਬ ਦੀ ਇਛਾ (ਭਾਣੇ) ਅਗੇ ਆਪਣੇ ਆਪ

ਨੂੰ ਸਮਰਪਤ ਕਰ ਦੇਂਦਾ ਹੈ। ਇਹ ਸਾਧਕ ਦੇ ਰਬੀ ਪ੍ਰੇਮ ਦੀ ਨਿਸ਼ਾਨੀ ਹੈ। ਬੰਦਾ ਹਰ ਤਰ੍ਹਾਂ ਦੇ ਦੁਖ ਤੇ ਮੁਸੀਬਤਾਂ ਨੂੰ ਰਬ ਦੀ ਇਛਾ ਮੰਨ ਕੇ ਉਨ੍ਹਾਂ ਨੂੰ ਬੜੀ ਖੁਸ਼ੀ ਨਾਲ ਝਲੀ ਜਾਂਦਾ ਹੈ।

ਇਸ ਤੋਂ ਬਾਹਦ ਨਵਅਫਲਾਤੂਨੀ ਦਰਸ਼ਨ ਦਾ ਪ੍ਰਭਾਵ ਇਬਨਲ ਫਾਰਿਦ, ਇਬਨਲ ਅਰਬੀ, ਮੌਲਾਨਾ ਰੂਮੀ ਰਾਹੀਂ ਇਤਨਾ ਵਧਿਆ ਹੈ ਕਿ ਜਜ਼ਬਾਤੀ ਇਸ਼ਕ ਦੀ ਥਾਂ ਬੋਧਿਕ ਇਸ਼ਕ ਨੇ ਲੈ ਲਿਆ। ਦੁਖਾਂ ਦੀ ਭਰੀ ਰਬ ਦੇ ਰਾਹ ਦਾ ਰੋੜਾ, ਪਾਪਾਂ ਦੀ ਦੁਨੀਆਂ, ਰਬ ਦੀ ਸਹੁਜ ਦਾ ਪ੍ਰਗਟਾ ਤੇ ਰਬ ਦੀ ਪ੍ਰਾਪਤੀ ਲਈ ਸਾਧਨਾ ਦਾ ਅੰਗ ਬਣ ਗਈ।

ਰੱਬ ਦਾ ਪਹਿਲਾ ਇਸ਼ਕ ਨੂਰੇ ਮੁਹੰਮਦੀ ਦਾ ਸਿਧਾਂਤ

ਅਸਲ ਦੁਨੀਆਂ ਕੀ ਹੈ, ਇਸ ਨਾਲ ਕੁਝ ਵੀ ਵਾਸਤਾ ਨਾ ਰਖਦੇ ਹੋਏ ਬੰਦੇ ਲਈ ਦੁਨੀਆਂ ਉਹ ਹੀ ਹੈ, ਜਿਹੜੀ ਬੰਦੇ ਦੇ ਮਨ ਦੀ ਪਕੜ ਵਿਚ ਹੈ ਜਾਂ ਜਿਸਦਾ ਬੰਦੇ ਦੇ ਮਨ, ਗਿਆਨ ਜਾਂ ਸੋਚਣ ਨਾਲ ਸਬੰਧ ਹੈ। ਮਨ ਰੂਪੀ ਰਬ ਦਾ 'ਚਿੰਤਨ' ਸੁਭਾ ਹੈ ਅਤੇ ਚਿੰਤਨ ਰਾਹੀਂ ਉਸਨੇ (Inherent) ਸੁਭਾ ਅਨੁਸਾਰ ਪ੍ਰਗਟਾ 'ਭਾਵ' ਉਤਪੰਨ ਕੀਤਾ ਹੈ।

ਮਨੁਖ ਦੀ ਚੇਤੰਨਾ ਅੰਦਰ ਆਪਣੇ ਆਪੇ ਦੇ ਸੁਭਾਵਕ ਪ੍ਰਗਟਾ ਲਈ ਪਹਿਲਾ ਉਪਰਾਲਾ 'ਭਾਵ' ਦਾ ਚਿੰਤਨ ਹੈ ਤੇ ਮਗਰੋਂ ਉਸ ਦਾ ਅਸਲੀ ਰੂਪ ਹੁੰਦਾ ਹੈ। ਇਸੇਤਰ੍ਹਾਂ ਰਬ ਦੇ ਪਹਿਲੇ ਚਿੰਤਨ ਦਾ ਸਿਟਾ ਹੈ, ਇਕ 'ਭਾਵ ਦਾ ਫੁਰਨਾ', ਜਿਸ ਨੂੰ ਰਬ ਦਾ ਪਹਿਲਾ ਇਸ਼ਕ, ਜੋ ਉਸ ਨੇ ਆਪਣੇ ਆਪ ਨਾਲ ਕੀਤਾ ਹੈ, ਕਹਿੰਦੇ ਹਨ—ਉਸ ਨੂੰ ਸੂਫੀ 'ਨੂਰ ਮੁਹੰਮਦੀ' ਜਾਂ 'ਮੁਹੰਮਦ ਦਾ ਭਾਵ' ਆਖਦੇ ਹਨ--ਕੁਰਾਨ ਅਨੁਸਾਰ ਇਹ ਫੁਰਨਾ ਜਾਂ ਪਹਿਲਾ ਚਿੰਤਨ 'ਕੁਨ' ਹੈ- ਨਵਅਫਲਾਤੂਨੀਆਂ ਤੇ ਨਾਸਟਕਾਂ ਨੇ ਇਸਨੂੰ ਨੌਸ (Nous) ਆਖਿਆ ਹੈ। ਯੂਨਾਨੀ ਦਰਸ਼ਨ ਦੇ ਆਧਾਰ ਤੇ ਈਸਾਈ ਦਾਰਸ਼ਨਕਾਂ ਨੇ ਇਸਨੂੰ (Logos) ਜਾਂ ਪੁਤਰ ਆਖਿਆ ਹੈ। ਇਸਤਰ੍ਹਾਂ ਰੱਬ ਦੇ ਪਹਿਲੇ ਚਿੰਤਨ ਅਰਥਾਤ ਇਸ਼ਕ ਨਾਲ ਉਸਦਾ ਮਹਿਬੂਬ ਮੁਹੰਮਦ ਫੁਰਿਆ (Emanate) ਹੋਇਆ ਅਤੇ ਉਸ (ਭਾਵ) ਦੀ ਕਾਰਜਾਨਵਤੀ ਲਈ ਬਾਕੀ ਚਿੰਤਨ ਅਰਥਾਤ ਇਸ਼ਕ ਕਰਕੇ ਸ੍ਰਿਸ਼ਟੀ ਦੇ ਧਰਤੀ, ਆਕਾਸ਼, ਚੰਨ, ਸੂਰਜ, ਸਮੁੰਦਰ ਤੇ ਪਰਬਤ, ਨਦੀਆਂ ਨਾਲੇ, ਸਮਾਜ ਤੇ ਸ਼ਾਸਨ, ਦੁਖ ਤੇ ਸੁਖ ਦੀ ਸਿਰਜਨਾ ਕੀਤੀ, ਜਿਵੇਂ 'ਇਕ' ਦੇ 'ਭਾਵ' ਤੇ ਚਿੰਤਨ ਰੂਪੀ ਇਸ਼ਕ ਰਾਹੀਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ ਤੇ ਟਹਿਣੀਆਂ, ਪਤਰਾਂ ਤੇ ਫੁਲਾਂ ਫਲਾਂ ਤੀਕ ਪਸਾਰੇ ਵਿਚ ਰਬੀ ਚਿੰਤਨ ਦਾ

ਸੁਹਜ ਵਿਆਪਕ ਹੈ, ਉਵੇਂ ਹੀ ਇਸ ਵਿਆਪਕ ਸੁਹਜ ਤੇ ਚਿੰਤਨ ਰੂਪੀ ਇਸ਼ਕ ਰਾਹੀਂ ਇਸ ਪਸਾਰੇ ਦੇ 'ਤੌਹੀਦ' ਰੂਪੀ ਬੀਜ ਤੇ ਅਪੜਨਾ ਹੀ ਪੂਰਨਤਾ (Perfection) ਹੈ। ਇਹ ਪਸਾਰਾ ਸਿਮਟ ਕੇ ਮੁੜ ਭਾਵ ਰੂਪ ਵਿਚ ਮਨ ਅੰਦਰ ਜਾ ਸਮਾਂਦਾ ਹੈ, ਤਾਂ ਉਹ ਇਕ ਰੱਬ ਨਾਲ ਇਕ ਹੋ ਜਾਂਦਾ ਹੈ। ਕਟਰ ਪੰਥੀਆਂ ਦੇ ਰਸੂਲ ਮੁਹੰਮਦ ਦੀ ਮਧਿਅਸਥਤਾ ਦਾ ਇਸ ਪ੍ਰਕਾਰ ਸੂਫੀਕਰਨ ਕਰ ਦਿਤਾ ਗਿਆ ਹੈ।

ਇਸ਼ਕ ਦੋ ਪ੍ਰਕਾਰ

ਸ੍ਰਿਸ਼ਟੀ ਵਿਚ ਰਬ ਦੀ ਵਿਆਪਕਤਾ ਤੇ ਉਸ ਦੇ ਸੁਹਜ ਦੇ ਪ੍ਰਗਟਾ ਦੇ ਸਿਧਾਂਤ ਦੇ ਸਥਾਪਤ ਹੁੰਦਿਆਂ ਹੁੰਦਿਆਂ ਹਕੀਕੀ ਤੇ ਮਿਜ਼ਾਜੀ ਦੋ ਪ੍ਰਕਾਰ ਦੇ ਰਬੀ ਇਸ਼ਕਾਂ ਦੀ ਚਰਚਾ ਸਾਹਿਤ ਵਿਚ ਹੋਣ ਲਗ ਪੈਂਦੀ ਹੈ। ਇਨ੍ਹਾਂ ਵਿਚੋਂ ਪਹਿਲੇ ਨੂੰ ਮੁਖ ਇਸ਼ਕ ਤੇ ਦੂਜੇ ਨੂੰ ਸਹਾਇਕ ਇਸ਼ਕ ਕਿਹਾ ਜਾ ਸਕਦਾ ਹੈ। ਸੁਹਜ ਪੁੰਜ ਸ੍ਰਿਸ਼ਟੀ ਵਿਚ ਵਿਆਪਕ ਸੁਹਜ ਦੇ ਮੂਲ ਕਾਰਣ ਰੱਬ ਨਾਲ ਇਸ਼ਕ 'ਹਕੀਕੀ ਇਸ਼ਕ' ਹੈ ਅਤੇ ਉਸ ਰਬ ਦੇ ਸ੍ਰਿਸ਼ਟੀ ਵਿਚ ਵਿਆਪਤ ਦੇ ਸੁਹਜ ਵਿਚ ਰਬ ਪਛਾਨਣਾ ਜਾਂ ਉਸਦੇ ਪ੍ਰਗਟਾ ਨਾਲ ਇਸ਼ਕ ਕਰਨਾ ਮਿਜ਼ਾਜੀ 'ਇਸ਼ਕ' ਹੈ। ਇਸਤ੍ਰੀ ਤੇ ਪੁਰਖ ਦੇ ਜਿਨਸੀ ਜਾਂ ਨਫਸੀ ਇਸ਼ਕ ਨੂੰ ਕਈ ਵਾਰੀ ਮਜ਼ਾਜੀ ਇਸ਼ਕ ਸਮਝ ਲਿਆ ਜਾਂਦਾ ਹੈ। ਜਿਵੇਂ ਕਿ ਸੂਫੀ ਪ੍ਰਭਾਵ ਹੇਠਾਂ ਲਿਖੇ ਕਿਸਿਆਂ ਵਿਚ ਨਾਇਕ ਤੇ ਨਾਇਕਾ ਦੇ ਪਰੇਮ ਨੂੰ, ਪਰੇਮ ਵਿਚ ਪੂਰੇ ਪਕੇ ਸਿਦਕੀ ਤੇ ਇਸ ਵਾਸਤੇ ਆਪਣੀ ਕੁਰਬਾਨੀ ਤੀਕ ਦੇਣ ਕਰਕੇ, ਮਜਾਜ਼ੀ ਇਸ਼ਕ ਵਿਚ ਪੂਰੇ ਕਹਿ ਦਿਤਾ ਜਾਂਦਾ ਹੈ, ਜਿਵੇਂ ਵਾਰਸ ਨੇ ਹੀਰ ਲਿਖਿਆ ਹੈ।

ਜਦੋਂ ਰਾਂਝਾ ਤੇ ਹੀਰ ਇਕ ਦੂਜੇ ਤੇ ਕੁਰਬਾਨ ਹੋ ਜਾਂਦੇ ਹਨ :

"ਦੋਵੇਂ ਇਸ਼ਕ ਮਜਾਜ਼ੀ ਵਿਚ ਰਹੇ ਕਾਇਮ,
ਨਾਲ ਸਿਦਕ ਦੇ ਗਏ ਵਿਹਾ ਮੀਆਂ ॥" —੬੨੯

ਪਰ ਇਸ ਨਫਸੀ ਇਸ਼ਕ ਦਾ ਸੂਫ਼ੀ ਸਾਧਨਾਂ ਨਾਲ ਕੋਈ ਸਬੰਧ ਨਹੀਂ ਹੈ। ਇਹ ਕੇਵਲ ਇਕ ਰੂਪਕ ਮਾਤਰ ਹੈ, ਜਿਹੜਾ ਰਬੀ ਇਸ਼ਕ ਦੇ ਵਿਯੋਗ ਦੀ ਤੜਪ ਤੇ ਮਹਿਬੂਬ ਨੂੰ ਪ੍ਰਾਪਤ ਕਰਨ ਲਈ ਮੁਸ਼ੀਬਤਾਂ ਭਰੀ ਸਾਧਨਾ ਦੇ ਇਕ ਬਹੁਤ ਢੁਕਵੇਂ, ਤੇ ਜਿਸਦਾ ਕੋਈ ਦੂਜਾ ਨਹੀਂ ਹੈ, ਅਜਿਹੇ ਪ੍ਰਤੀਕ ਦੇ ਰੂਪ ਵਿਚ ਅਪਨਾਇਆ ਗਿਆ ਹੈ। ਵਾਰਿਸ਼ ਨੇ ਆਪਣੀ ਹੀਰ ਨੂੰ ਅਜਿਹੀ ਨਫਸੀ ਛੋਹ ਤਕ ਤੋਂ ਪਵਿਤ੍ਰ ਰਖਣ ਦਾ ਪੂਰਾ ਪੂਰਾ ਜਤਨ ਕੀਤਾ ਹੈ। ਉਸਨੇ ਹੀਰ ਦੇ ਹੁਸਨ ਦਾ ਬਿਆਨ ਅਜਿਹੀ ਅਹਿਤਿਆਤ ਨਾਲ ਕੀਤਾ ਹੈ ਕਿ ਨਾਰੀ ਦੇ ਕਾਮ ਉਤੇਜਕ ਅੰਗਾਂ ਦਾ ਵਰਨਣ ਵੀ ਸਰੀਰ ਦੇ ਬਾਕੀ ਅੰਗਾਂ ਵਾਂਗ ਹੀ ਕੀਤਾ ਹੈ। ਅਤੇ

ਹੀਰ ਤੇ ਰਾਂਝੇ ਦੇ ਹਰ ਮਿਲਾਪ ਤੇ ਜਾਂ ਤਾਂ ਪੰਜ ਪੀਰ ਹਾਜ਼ਰ ਕਰ ਦਿਤੇ ਹਨ, ਜਾਂ ਉਹ ਦੋਵੇਂ ਰਬ ਨੂੰ ਅਠ ਪਹਿਰ ਯਾਦ ਕਰਨ ਦੀ ਚਰਚਾ ਕਰਦੇ ਹਨ। ਰਾਂਝਾ ਹੀਰ ਵਿਚ ਰਬੀ ਸੁਹਜ ਦਾ ਪ੍ਰਗਟਾ ਵੇਖਦਾ ਹੈ :

“ਰਾਂਝੇ ਆਖਿਆ ਲੁਟੀਏ ਹੀਰ ਦੌਲਤ,
ਜਨਮ ਗਾਲੀਏ ਤੇ ਉਥੇ ਜਾਇ ਲਈਏ।
ਉਹ ਰੱਬ ਦੇ ਨੂਰ ਦਾ ਖਾਨ ਯਗਮਾ,
ਸ਼ੁਹਦੇ ਹੋ ਕੇ ਜਨਮ ਵਟਾ ਲਈਏ ॥”

ਸੂਫੀ ਸਾਹਿਤ ਵਿਚ ਅਫਲਾਤੂਨੀ ਇਸ਼ਕ ਦੀ ਚਰਚਾ ਵੀ ਰਹਿੰਦੀ ਹੈ। ਮੱਸ ਫੁੱਟਣ ਤੀਕ ਕਿਸ਼ੋਰ ਉਮਰ ਦੇ ਲੜਕਿਆਂ ਨਾਲ ਇਸ਼ਕ ਨੂੰ ਅਫਲਾਤੂਨੀ ਇਸ਼ਕ ਆਖਦੇ ਹਨ। ਇਸ ਇਸ਼ਕ ਦੀ ਚਰਚਾ ਅਬੁਲ ਖੇਰ (ਯਾਰਵੀਂ ਸਦੀ ਦੇ ਮੁਢਲੇ ਹਿਸੇ ਵਿਚ) ਦੇ ਜੀਵਨ ਨਾਲ ਕਾਫੀ ਸਬੰਧਤ ਹੈ ਅਤੇ ਪੰਜਾਬੀ ਸਾਹਿਤ ਵਿਚ ਸ਼ਾਹ ਹੁਸੈਨ ਤੇ ਮਾਧੋ ਲਾਲ ਦਾ ਜ਼ਿਕਰ ਖਾਸ ਤੌਰ ਤੇ ਕੀਤਾ ਜਾਂਦਾ ਹੈ। ਗਜ਼ਾਲੀ ਨੇ ਸੂਫੀਆਂ ਦੀ ਹਰ ਤਰ੍ਹਾਂ ਦੀ ਸਾਧਨਾ ਦੀ ਪਰੋੜਤਾ ਕੀਤੀ ਹੈ। ਇਸ ਬਾਰੇ ਉਸ ਨੇ ਲਿਖਿਆ ਹੈ ਕਿ ਲੜਕੇ ਦੀ ਸੁੰਦਰਤਾ ਵਿਚ ਰਬੀ ਸੁਹਜ ਦੇ ਪ੍ਰਗਟਾ ਵੇਖਣ ਤੋਂ ਪਰੇ ਇਸ ਇਸ਼ਕ ਨੂੰ ਸੂਫੀ ਸਾਧਨਾਂ ਵਿਚ ਕੋਈ ਥਾਂ ਨਹੀਂ। ਜਾਪਦਾ ਹੈ ਈਰਾਨ ਦੇ ਇਸ ਰਿਵਾਜ ਦਾ ਸੂਫੀ ਕਰਨ ਕਰਕੇ ਸੂਫੀ ਸਾਧਨ ਵਿਚ ਸ਼ਾਮਲ ਕੀਤਾ ਗਿਆ ਹੈ।

ਗਜ਼ਾਲੀ ਨੇ ਜਦੋਂ ਸੂਫੀ ਮਤ ਨੂੰ ਕਟਰ ਪੰਥੀ ਇਸਲਾਮ ਦੇ ਅੰਦਰ ਪਰਵਾਨਤ ਥਾਂ ਦੁਆਈ, ਉਸ ਦੇ ਨਾਲ ਹੀ ਔਲੀਆ ਤੇ ਸੰਤਾਂ ਦੀ ਪੂਜਾ ਵੀ ਸ਼ੁਰੂ ਹੋ ਗਈ। ਜ਼ੁੰਨੂ ਨੇ ਕਿਹਾ ਹੈ ਕਿ ਸਾਧਕ ਨੂੰ ਆਪਣੇ ਗੁਰੂ ਨਾਲ ਰੱਬ ਤੋਂ ਵੀ ਵਧੇਰੇ ਇਸ਼ਕ ਕਰਨਾ ਚਾਹੀਦਾ ਹੈ। ਸਚ ਤਾਂ ਇਹ ਹੈ ਕਿ ਪੂਰਨ ਗੁਰੂ ਨੂੰ ਧਰਤੀ ਤੇ ਟੱਬ ਸਮਝਿਆ ਜਾਂਦਾ ਹੈ ਅਤੇ ਰੱਬ ਨਾਲ ਇਸ਼ਕ ਦੀ ਸਾਧਨਾਂ ਲਈ ਸਰੀਰੀ ਗੁਰ ਅਭਿਆਸ ਵਿਸ਼ੇ ਦਾ ਕੰਮ ਦੇਂਦਾ ਹੈ। ਪੀਰ ਨਾਲ ਅਜਿਹਾ ਇਸ਼ਕ ਫਰੀਦ ਤੇ ਬੁਲ੍ਹੇ ਦੇ ਡੂੰਘਿਆਂ ਜਜ਼ਬਿਆਂ ਨਾਲ ਭਰਪੂਰ ਹੈ। ਪਰ ਇਨ੍ਹਾਂ ਨੂੰ ਵੀ ਗੁਰੂ ਨੂੰ ਪ੍ਰਤੀਕ ਰਖਕੇ ਤੇ ਰੱਬ ਨੂੰ ਮੁਖ ਕਰਕੇ ਉਚਰੇ ਸ਼ਬਦ ਸਮਝਣਾ ਚਾਹੀਦਾ ਹੈ।”

(ਪੰਜਾਬੀ ਦੁਨੀਆਂ, ਸੂਫੀ ਅੰਕ ਪੰਨਾ ੩੬ ਤੋਂ ੪੧)

ਉਪ੍ਰੋਕਤ ਲੇਖ ਵਿਚੋਂ ਅਸੀਂ ਸੰਖੇਪ ਵਿਚ ਹੇਠ ਲਿਖੇ ਸਿਟੇ ਕਢੇ ਹਨ :

(੧) ਬੁਧ ਧਰਮ ਦੇ ਇਨ੍ਹਾਂ ਵਿਚਾਰਾਂ :

(ੳ) ਪਦਾਰਥਕ ਇਛਾਵਾਂ ਮਨ ਤੇ ਮੈਲ ਪੈਦਾ ਕਰਦੀਆਂ ਹਨ।

(ਅ) ਮਨ ਦੀ ਇਕ ਸਾਰਤਾ ਵਿਚ ਆਨੰਦ ਹੈ, ਦਾ ਪ੍ਰਭਾਵ ਚੀਨ, ਤਿਬਤ, ਜਾਪਾਨ, ਲੰਕਾ, ਬਰਮਾ, ਏਸ਼ੀਆ ਮਾਈਨਰ, ਅਫਗਾਨਿਸਤਾਨ, ਈਰਾਨ, ਮੈਸੋਪੋਟੇਮੀਆਂ, ਸੀਰੀਆ ਤੇ ਮਿਸਰ ਆਦਿ ਤੇ ਪਿਆ ਤੇ ਯੂਨਾਨੀ ਦ੍ਵੈਤ-ਵਾਦ, ਬੈਬੋਲੋਨੀਆਂ ਦੇ ਮਿਥਿਹਾਸ ਆਦਿ ਦੇ ਮੇਲ ਨਾਲ ਇਕ ਸਰਬ ਸਾਂਝਾ ਧਰਮ ਵਿਕਸਤ ਹੋਇਆ ਤੇ ਨਾਸਟਕ ਵਿਚਾਰਧਾਰਾ ਚਲੀ, ਜਿਸ ਵਿਚ ਬੁਧ ਧਰਮ ਦੇ ਉਪ੍ਰੋਕਤ ਵਿਚਾਰਾਂ ਦਾ ਪ੍ਰਭਾਵ ਪ੍ਰਤਖ ਸੀ।

(੨) ਨਾਸਟਕ ਮਤ ਤੇ ਸੂਫ਼ੀ ਮਤ ਦੀ ਸਾਧਨਾ ਦਾ ਅਧਾਰ ਵੀ ਬੁਧ ਮਤ ਦੀ ਇਹ ਦੋ ਨੁਕਤੀ ਸਾਧਨਾ ਹੀ ਹੈ :

(ੳ) ਦੁਨਿਆਵੀ ਵਿਸ਼ੇ ਵਿਕਾਰਾਂ ਤੋਂ ਮਨ ਦੀ ਪਵਿਤਰਤਾ।

(ਅ) ਸਤਿ ਗਿਆਨ ਤੋਂ ਚਿੰਤਨ ਰਾਹੀਂ ਅੰਤਰ ਬੁਧੀ ਦਾ ਵਿਕਾਸ਼ ਕਰਨਾ।

(੩) ਨਾਸਟਕ ਮੱਤਾਂ ਦਾ ਸਬੰਧ ਮੁਢ ਵਿਚ ਹੀ ਈਸਾਈ ਮਤ ਨਾਲ ਰਿਹਾ ਹੈ, ਜਿਸਦਾ ਇਸ਼ਕ ਦਾ ਆਪਣਾ ਵਖਰਾ ਸਿਧਾਂਤ ਹੈ। ਭਾਵੇਂ ਨਾਸਟਕ ਮਤੀਆਂ ਨੇ ਆਪਣੇ ਆਪਨੂੰ ਈਸ਼ਾਈ ਮਤ ਦੇ ਸਚੇ ਜਾਣੂ ਦਸਣ ਲਈ, ਮਨ (Mind) ਨੂੰ ਰੱਬ ਦਾ ਰੂਪ ਅਤੇ ਉਸਦੇ ਚਿੰਤਨ ਨੂੰ ਇਸ਼ਕ ਦਾ ਨਾਂ ਤਾਂ ਦਿਤਾ ਹੈ, ਪਰ ਸਾਧਨ ਪੱਖ ਤੋਂ ਉਪਰ ਦਸੇ ਬੋਧੀ ਭਾਵਾਂ ਅਨੁਸਾਰ ਇਛਾਂਵਾਂ ਨੂੰ ਮਾਰਕੇ ਮਨ ਨੂੰ ਪਵਿਤਰ ਕਰਨ ਉਪਰੰਤ ਪ੍ਰਾਪਤ ਹੋਈ ਮਨ ਦੀ ਇਕਸਾਰਤਾ ਨੂੰ ਹੀ ਇਸ਼ਕ ਆਖਿਆ ਹੈ। ਇਸਲਾਮੀ ਪ੍ਰਭਾਵ ਨੇ ਇਸ ਵਿਚ 'ਯੋਮੁਦੀਨ' ਤੇ ਰੱਬ ਦੇ ਖੌਫ ਦੀ ਲਾਗ ਵੀ ਲਾਈ, ਜਿਸਦੇ ਸਿਟੇ ਵਜੋਂ ਨੌਵੀਂ ਸਦੀ ਵਿਚ ਰੱਬੀ ਇਸ਼ਕ ਦਾ ਨਵਾਂ ਯੁਗ ਸੂਫੀ ਮਤ ਵਿਚ ਸ਼ੁਰੂ ਹੋਇਆ। ਇਸ ਰੱਬੀ ਇਸ਼ਕ ਨੂੰ ਅਸੀ ਇਸਲਾਮੀ ਖੌਫ ਤੇ ਈਸਾਈ ਇਸ਼ਕ ਦੀ ਸਾਂਝੀ ਕੜੀ ਆਖਦੇ ਹਾਂ। ਅਲਮੁਸਾਹਿਬੀ ਆਪਣੀ ਪੁਸਤਕ 'ਫਸਲ ਫਿਲਮਹਬ' ਵਿਚ ਇਸ 'ਖੌਫ' ਤੇ ਇਸ਼ਕ ਦਾ ਟਾਕਰਾ ਕਰਕੇ ਇਸ਼ਕ ਨੂੰ ਉਚੇਰੀ ਥਾਂ ਦੇਂਦਾ ਹੈ।

ਜ਼ੁਨੂ ਅਲਮਿਸਰੀ ਨੇ ਹੱਬੀ ਗਿਆਨ ਦੀ ਪ੍ਰਾਪਤੀ ਲਈ ਚਾਰ ਦਰਵਾਜ਼ੇ ਦਸ ਕੇ ਇਸ ਰਬੀ ਇਸ਼ਕ ਨੂੰ ਪੂਰਨਤਾ ਦਿਤੀ ਹੈ। ਓਹ ਚਾਰ ਦਰਵਾਜ਼ੇ ਹਨ : ਖੌਫ, ਉਮੀਦ, ਮਹੱਬਤ ਤੇ ਸ਼ੌਕ। ਪਰ ਮਹੱਬਤ ਤੇ ਸ਼ੌਕ ਗਹਿਰਾਈ ਤੇ ਭਾਵਨਾਤਮਕ ਕ੍ਰਮ ਨਾਲ ਉਚੇਰੇ ਦਸੇ ਹਨ।

(੪) ਕਟੜ ਪੰਥੀਆਂ ਨੇ ਰੱਬ ਨਾਲ ਇਸ਼ਕ ਕਰਨ ਦੇ ਦਾਅਵੇ ਨੂੰ ਨਿੰਦਿਆ ਹੈ। ਓਹ ਕਹਿੰਦੇ ਹਨ ਜੋ ਇਸ਼ਕ ਬਰਾਬਰ ਦੇ ਪੱਖਾਂ ਵਿਚ ਹੀ ਹੋ ਸਕਦਾ ਹੈ। ਰੱਬ ਕਿਉਂ ਜੋ ਬੰਦੇ ਤੋਂ ਬਹੁਤ ਵਡਾ ਹੈ ਇਸ ਲਈ ਉਸ ਨਾਲ ਇਸ਼ਕ ਦਾ ਦਾਅਵਾ ਬੰਨ੍ਹਣਾ ਕੁਫਰਾਈ ਹੈ।

ਕਈ ਸਦੀਆਂ ਗੁਜ਼ਰ ਜਾਣ ਤੇ ਅਨੇਕਾਂ ਸੂਫੀਆਂ ਦੀਆਂ ਕੁਰਬਾਨੀਆਂ ਮਗਰੋਂ ਇਮਾਮ ਗਜ਼ਾਲੀ ਨੇ ਇਸਨੂੰ ਦਾਰਸ਼ਨਿਕ ਰੂਪ ਦੇ ਕੇ ਕੁਰਾਨ ਦੇ ਅਕੀਦੇ ਅਨੁਸਾਰ ਸਾਬਤ ਕੀਤਾ ਤੇ ਨਾਲ ਇਹ ਵੀ ਦਸਿਆ ਕਿ ਰੱਬ ਵੀ ਆਪਣੇ ਬੰਦੇ ਨਾਲ ਇਸ਼ਕ ਕਰਦਾ ਹੈ ਪਰ ਕਿਸੇ ਘਾਟ ਨੂੰ ਪੂਰਾ ਕਰਨ ਲਈ ਸਗੋਂ ਇਕ ਕਲਾਕਾਰ ਵਾਂਗ ਜੋ ਆਪਣੀ ਰਚਨਾ ਨਾਲ ਪਿਆਰ ਕਰਦਾ ਹੈ।

(੫) ਗਜ਼ਾਲੀ ਅਨੁਸਾਰ ਇਸ਼ਕ ਦੀਆਂ ਤਿੰਨ ਕਰਮਵਾਰ ਅਵਸਥਾਵਾਂ ਹਨ : (੧) ਸ਼ੌਕ (੨) ਉਨਸ (੩) ਰਜ਼ਾ। ਇਸ਼ਕ ਤੋਂ ਪਹਿਲਾਂ ਰਬੀ ਗਿਆਨ ਦਾ ਹੋਣਾ ਜ਼ਰੂਰੀ ਹੈ ਜੋ ਪੂਰਨ ਸੁਹਜ ਹੈ। ਇਹ ਸੁਹਜ ਮਨ ਵਿਚ ਖਿਚ ਪਾਂਦਾ ਹੈ ਤੇ ਇਹ ਖਿਚ ਉਸਦੀ ਪ੍ਰਾਪਤੀ ਲਈ ਸ਼ੌਕ ਪੈਦਾ ਕਰਦੀ ਹੈ। ਸ਼ੌਕ ਦੇ ਸਾਧਨ ਉਸ ਨਾਲ ਉਨਸ (ਨਿਕਟਤਾ) ਪੈਦਾ ਕਰ ਦੇਂਦੇ ਹਨ ਤੇ ਸਾਧਕ ਨੂੰ ਆਪਣੇ ਮਹਿਬੂਬ (ਰੱਬ) ਦੇ ਜਾਹੋ ਜਲਾਲ ਤੇ ਪੂਰਨ ਭਰਪੂਰਤਾ ਦਾ ਅਨਭਵ ਹੁੰਦਾ ਹੈ। ਹੁਣ ਉਸਨੂੰ ਉਸਦੀ ਜੁਦਾਈ ਦਾ ਖੌਫ ਪੈਦਾ ਹੋ ਜਾਂਦਾ ਹੈ, ਜੋ ਉਸਨੂੰ ਆਪਣਾ ਆਪ ਰੱਬੀ ਰਜ਼ਾ ਸਾਹਮਣੇ ਸਮਰਪਨ ਕਰਨ ਲਈ ਪ੍ਰੇਰਦਾ ਹੈ ਤੇ ਉਹ ਰੱਬੀ ਰਜ਼ਾ ਅਗੇ ਸਿਰ ਨਿਵਾ ਦੇਂਦਾ ਹੈ।

(੬) ਇਸਤੋਂ ਮਗਰੋਂ ਜਜ਼ਬਾਤੀ ਇਸ਼ਕ ਦੀ ਥਾਂ ਬੌਧਿਕ ਇਸ਼ਕ ਨੇ ਲੈ ਲਈ। ਇਹ ਬੋਧਿਕ ਇਸ਼ਕ ਨਵ ਅਫਲਾਤੂਨੀ ਪ੍ਰਭਾਵਾਂ ਦਾ ਸਿਟਾ ਸੀ। ਇਸਦੇ ਪਰਚਾਰਕ ਇਬਨਲ ਫਾਰਿਦ, ਇਬਨਲ ਅਰਬੀ ਤੇ ਮੌਲਾਨਾ ਰੂਮੀ ਆਦਿ ਸਨ।

(੭) ਨੂਰੇ ਮੁਹੰਮਦੀ ਦਾ ਸਿਧਾਂਤ ਰੱਬ ਦਾ ਪਹਿਲਾ ਇਸ਼ਕ ਹੈ। ਜਿਸਤਰ੍ਹਾਂ ਸੰਸਾਰ ਕੇਵਲ ਮਨ ਦੀ ਪਕੜ ਨੂੰ ਹੀ ਕਿਹਾ ਜਾ ਸਕਦਾ ਹੈ ਜਾਂ ਜਿਸਦਾ ਮਨ, ਗਿਆਨ ਜਾਂ ਸੋਚਣ ਨਾਲ ਸਬੰਧ ਹੈ ਓਹੀ ਬੰਦੇ ਦਾ ਸੰਸਾਰ ਹੈ ਤੇ ਇਸ ਮਨ ਦੀ ਪਕੜ ਅਨੁਸਾਰ ਹੀ ਮਨੁਖੀ 'ਹਾਵ-ਭਾਵ' ਪੈਦਾ ਹੁੰਦੇ ਹਨ। ਇਸੇ ਤਰ੍ਹਾਂ ਮਨ ਰੂਪੀ ਮੰਨ ਦੇ ਚਿੰਤਨ ਨੂੰ ਸੁਭਾ ਕਹਿੰਦੇ ਹਨ। ਚਿੰਤਨ ਰਾਹੀਂ ਉਸਨੇ ਵਿਰਸੇ ਵਿਚ ਲਏ (Inherent) ਸੁਭਾ ਅਨੁਸਾਰ

ਪ੍ਰਗਟਾ 'ਭਾਵ' ਉਤਪੰਨ ਕੀਤਾ ਹੈ।

ਜਿਸਤਰ੍ਹਾਂ ਮਨੁਖੀ ਚੇਤੰਨਾ ਆਪਣੇ ਆਪੇ ਦੇ ਪ੍ਰਗਟਾ ਲਈ ਪਹਿਲਾ 'ਭਾਵ' ਨੂੰ ਜਨਮ ਦੇਂਦੀ ਹੈ, ਜੋ ਮਗਰੋਂ ਰੂਪ ਧਾਰਨ ਕਰਦਾ ਹੈ। ਇਸੇ ਤਰ੍ਹਾਂ ਰੱਬ ਦੇ ਪਹਿਲੇ ਚਿੰਤਨ ਦਾ ਪ੍ਰਗਟਾ ਉਸਦਾ 'ਭਾਵ' ਜਾਂ ਫੁਰਨਾ ਹੈ ਤੇ ਉਸ ਫੁਰਨੇ ਨੂੰ ਹੀ ਅਸੀਂ ਰੱਬ ਦਾ ਪਹਿਲਾ ਇਸ਼ਕ ਕਹਿ ਸਕਦੇ ਹਾਂ। ਇਹ ਇਸ਼ਕ ਉਸਨੇ ਆਪਣੇ ਆਪ ਨਾਲ ਕੀਤਾ। ਇਸਨੂੰ ਸੂਫੀ 'ਨੂਰ ਮਹੰਮਦੀ' ਕੁਰਾਨ ਅਨੁਸਾਰ 'ਕੁੰਨ', ਨਵ-ਅਫਲਾਤੂਨੀ ਤੇ ਨਾਸਟਕ ਨੌਸ (Nous) ਈਸਾਈ ਦਾਰਸ਼ਨਿਕ ਪੁਤਰ (Logos) ਕਹਿੰਦੇ ਹਨ। ਸੂਫੀ ਰੱਬ ਦਾ ਪਹਿਲਾ ਚਿੰਤਨ (ਭਾਵ ਜਾਂ ਫੁਰਨਾ) ਉਸਦਾ ਮਹਿਬੂਬ ਮੁਹੰਮਦ ਫੁਰਿਆ ਤੇ ਬਾਕੀ ਦੀ ਸਿਰਜਨਾ ਉਸ ਮੁਢਲੇ ਭਾਵ ਦੀ ਕਾਰਜਾਨਵਤੀ ਲਈ ਕੀਤੀ ਜਿਸ ਵਿਚ ਉਸਦਾ ਜਾਹੋ ਜਲਾਲ ਤੇ ਸੁਹਜ ਭਰਪੂਰ ਹੈ। ਇਸ ਲਈ ਇਸ ਵਿਆਪਤ ਸੁਹਜ ਦੇ ਚਿੰਤਨ ਰੂਪੀ ਇਸ਼ਕ ਰਾਹੀਂ ਇਸ ਪਸਾਰੇ ਦੇ 'ਤੌਹੀਦ' ਰੂਪੀ ਬੀਜ ਤਕ ਅਪੜਨਾ ਹੈ। ਇਸੇਨੂੰ ਪੂਰਨਤਾ ਕਿਹਾ ਜਾਂਦਾ ਹੈ। ਇਹ ਪਸਾਰਾ ਸਿਮਟ ਕੇ ਫਿਰ ਭਾਵ ਰੂਪ ਵਿਚ ਮਨ ਅੰਦਰ ਜਾ ਸਮਾਂਦਾ ਹੈ ਤੇ ਉਹ ਰੱਬ ਨਾਲ ਅਭੇਦ ਹੋ ਜਾਂਦਾ ਹੈ। ਇਸ ਤਰ੍ਹਾਂ ਕਟਰ ਪੰਥੀਆਂ ਦੇ ਰਸੂਲ ਮੁਹੰਮਦ ਦੇ ਵਿਚੋਲੇਪਨ ਦਾ ਸੂਫੀਕਰਨ ਕਰ ਦਿਤਾ ਗਿਆ ਹੈ।

(੮) ਇਸ਼ਕ ਦੋ ਪ੍ਰਕਾਰ ਦਾ ਹੈ। ਸੁਹਜ ਪੁੰਜ ਸ੍ਰਿਸ਼ਟੀ ਵਿਚ ਵਿਆਪਤ ਸੁਹਜ ਦੇ ਮੂਲ ਕਾਰਣ, ਰੱਬ ਨਾਲ ਇਸ਼ਕ ਕਰਨਾ ਹਕੀਕੀ ਇਸ਼ਕ ਹੈ। ਰੱਬ ਦੇ ਸ੍ਰਿਸ਼ਟੀ ਵਿਚ ਵਿਆਪਤ ਸੁਹਜ ਵਿਚ ਰਬ ਪਛਾਣਨਾ ਜਾਂ ਉਸਦੇ ਪ੍ਰਗਟਾ ਨਾਲ ਇਸ਼ਕ ਕਰਨਾ ਮਿਜਾਜ਼ੀ ਇਸ਼ਕ ਹੈ।

ਨੋਟ—ਇਸਤ੍ਰੀ ਤੇ ਪੁਰਖ ਦੇ ਜਿਨਸੀ ਜਾਂ ਨਫਸੀ ਇਸ਼ਕ ਨੂੰ ਕਈ ਵਾਰੀ ਮਜਾਜ਼ੀ ਇਸ਼ਕ ਸਮਝ ਲਿਆ ਜਾਂਦਾ ਹੈ ਪਰ ਇਸ ਨਫਸੀ ਇਸ਼ਕ ਦਾ ਸੂਫੀ ਸਾਧਨਾ ਨਾਲ ਕੋਈ ਸਬੰਧ ਨਹੀਂ। ਇਹ ਕੇਵਲ ਇਕ ਰੂਪਕ ਮਾਤ੍ਰ ਹੈ। ਇਹੋ ਸਬੰਧ ਅਫਲਾਤੂਨੀ ਇਸ਼ਕ (ਭਾਵ ਕਿਸ਼ੋਰ ਉਮਰ ਦੇ ਲੜਕਿਆਂ ਨਾਲ ਇਸ਼ਕ) ਦਾ ਹੈ। ਲੜਕੇ ਦੀ ਸੁੰਦਰਤਾ ਵਿਚ ਰੱਬੀ ਸੁਹਜ ਦੇ ਪ੍ਰਗਟਾ ਦੇਖਣ ਤੋਂ ਪਰੇ ਇਸ ਇਸ਼ਕ ਨੂੰ ਸੂਫੀ ਸਾਧਨਾ ਵਿਚ ਕੋਈ ਥਾਂ ਨਹੀਂ।

(੯) ਗੁਰੂ ਭਗਤੀ

ਆਪਣੇ ਗੁਰੂ ਨਾਲ ਰੱਬ ਤੋਂ ਵੀ ਵਧੇਰੇ ਇਸ਼ਕ ਕਰਨਾ ਚਾਹੀਦਾ ਹੈ।

ਕਿਉਂਕਿ ਪੂਰਨ ਗੁਰੂ ਧਰਤੀ ਤੇ ਰੱਬ ਸਮਝਿਆ ਜਾਂਦਾ ਹੈ ਅਤੇ ਰੱਬ ਨਾਲ ਇਸ਼ਕ ਦੀ ਸਾਧਨਾ ਲਈ ਸਰੀਰੀ ਗੁਰੂ ਅਭਿਆਸ ਵਿਸ਼ੇ ਦਾ ਕੰਮ ਦੇਂਦਾ ਹੈ।

ਸੂਫੀ ਮਤ ਵਿਚ ਸ਼ਰੀਅਤ

ਕਈ ਵਿਦਵਾਨਾਂ ਦਾ ਖਿਆਲ ਹੈ ਕਿ ਸੂਫੀ ਲੋਕ ਸ਼ਰ੍ਹਾਂ ਦੇ ਬੰਧਨਾਂ ਤੋਂ ਆਕੀ ਹਨ ਪਰ ਤਸੱਵਫ ਦੇ ਹਾਮੀ ਇਸ ਗਲ ਨਾਲ ਸਹਿਮਤ ਨਹੀਂ। ਚੰਗੇ ਵਿਦਵਾਨ, ਇਸਲਾਮੀ ਤਸੱਵਫ ਦੀ ਬੁਨਿਆਦ ਕੁਰਾਨ ਅਤੇ ਸੁਨਤ ਤਥਾ ਸ਼ਰੀਅਤ ਉਪਰ ਕਾਇਮ ਕਰਦੇ ਹਨ। ਪਰਮਾਣ ਵਜੋਂ ਕੁਝ ਕੁ ਵਿਚਾਰ ਹੇਠਾਂ ਦਿਤੇ ਜਾਂਦੇ ਹਨ:

(੧) "ਤਸੱਵੁਫ ਏਕ ਤਰਫ ਤੋਂ ਕਮਾਲ-ਏ-ਦੀਨ ਯਾ ਦਰਜਾ-ਏ-ਇਹਸਾਨ ਹੈ ਜੋ ਇਸਲਾਮ ਔਰ ਈਮਾਨ ਕਾ ਬੁਲੰਦ ਤਰੀਨ ਮੁਕਾਮ ਹੈ।"

(ਤਜਦੀਦ-ਏ-ਤਸੱਵੁਫ-ਉ-ਸਲਕ ਪੰ: ੧੫)

(੨) ਹਕੀਕੀ ਤਸੱਵੁਫ ਮਜ਼ੁਬ ਕੀ ਰੂਹ, ਅਖਲਾਕ ਕੀ ਜਾਨ ਔਰ ਈਮਾਨ ਕਾ ਕਮਾਲ ਹੈ। ਉਸਕੀ ਅਸਾਸ ਸ਼ਰੀਅਤ ਹੈ ਔਰ ਉਸਕਾ ਸਰਚਸ਼ਮਾ ਕੁਰਾਨ-ਉ-ਹਦੀਸ।

(ਤਾਰੀਖ਼ੇ-ਏ-ਮਸ਼ਾਇਖ-ਏ-ਚਿਸ਼ਤ ਪੰਨਾ ੧੨)

(੩) ਸੂਫੀ ਓਹੀ ਹੋ ਸ਼ਕਦਾ ਹੈ ਜੋ ਮਾਨਸਿਕ ਪਵਿਤਰਤਾ ਸਹਿਤ ਸੂਫ-ਪੋਸ਼ੀ ਇਖਤਿਆਰ ਕਰਦਾ ਹੈ। ਕਾਮਵਾਸ਼ਨਾ ਦਾ ਪੂਰਨ ਤੌਰ ਤੇ ਤਿਆਗ ਕਰਦਾ ਹੈ ਤੇ ਮਸਤਫਵੀ ਸ਼ਰਅ (ਹਜ਼ਰਤ ਮੁਹੰਮਦ ਸਾਹਿਬ ਦੀ ਦਸੀ ਸ਼ਰੀਅਤ) ਦੀ ਪਾਬੰਦੀ ਆਪਣੇ ਲਈ ਜ਼ਰੂਰੀ ਸਮਝਦਾ ਹੈ ਅਤੇ ਸੰਸਾਰ ਵਲੋਂ ਵਿਟੱਕਤ ਹੋ ਜਾਂਦਾ ਹੈ।

(ਸ਼ੇਖ ਅਬੂ ਅਲੀ ਰੁਜ਼ਬਾਰੀ)

(੪) ਜਾਵੀਦ ਦਰ ਮੁਤਾਬਅਤ-ਏ-ਮੁਸਤਫਾ ਗੁਜ਼ੀ ਤਾ ਨੂਰ-ਏ-ਸ਼ਰਅ-ਏ ਉ ਸ਼ਵਦਤ ਬਰਤੂ ਮੁਕਤਦਾ।

ਭਾਵ

'ਸਦਾ ਪੈਗ਼ੰਬਰ ਸਾਹਿਬ ਦਾ ਹੀ ਅਨੁਸਰਣ ਇਖਤਿਆਰ ਕਰ ਲੈ ਤਾਂ ਜੋ ਉਸਦੀ ਸ਼ਰਅ ਦਾ ਦੈਵੀ ਪ੍ਰਕਾਸ਼ ਤੇਰੀ ਅਗਵਾਈ ਕਰੇ।'

(ਖ੍ਵਾਜਾ ਫਰੀਦ-ਉਦ-ਦੀਨ ਅਤਾਰ ਨੀਸ਼ਾਪੁਰੀ)

(੫) 'ਮਾਰਿਫਤ ਬੀ ਪਜ਼ੀਰਫਤ-ਏ ਸ਼ਰੀਅਤ ਦੁਰੁਸਤ ਨ-ਆਯਦ'

ਸ਼ਰੀਅਤ ਨੂੰ ਕਬੂਲ ਕੀਤੇ ਬਿਨਾਂ ਮਾਰਫਤ ਦਰੁਸਤ ਨਹੀਂ ਹੋ ਸਕਦੀ।

(ਕਸ਼ਫ ਅਲ-ਮਹਜ਼ੂਬ ਪੰਨਾ ੧੩)

ਉਪ੍ਰੋਕਤ ਪੁਸਤਕ ਅਲੀ-ਬਿਨ-ਉਸਮਾਨ ਅਲ-ਜੁਬਾਲੀ-ਅਲਹੁ ਜਵੀਰੀ ਦੀ ਰਚਨਾ ਹੈ।

'ਹਰ ਕਿ ਰਾ ਇਲਮ-ਏ-ਸ਼ਰੀਅਤ ਨੀਸਤ
'ਦਿਲਸ਼ ਬਨਦਾਨੀ ਗਰਿਫਤਾਰ ਅਸਤ'

ਭਾਵ

ਜੋ ਸਜਨ ਸ਼ਰੀਅਤ ਦੇ ਗਿਆਨ ਤੋਂ ਵੰਚਿਤ ਹੈ ਉਸ ਦਾ ਮਨ ਅਗਿਆਤ ਰੋਗ ਵਿਚ ਗ੍ਰਸਤ ਹੈ।

(ਕਸ਼ਫ ਅਲ-ਮਹਬੂਬ ਪੰਨਾ ੧੩)

(੬) ਖਿਲਾਫ-ਏ ਪਯੰਬਰ ਕਸੀ ਰਹ ਗੁਜ਼ੀਦ
ਕਿ ਹਰਗਿਜ਼ ਬ-ਮਨਜ਼ਿਲ ਨ ਖ੍ਵਾਹਦ ਰਸੀਦ

ਭਾਵ

ਜਿਸ ਨੇ ਪੈਗੰਬਰ ਦੇ ਰਾਹ ਦੇ ਉਲਟ ਅਪਨਾਏ ਅਸੂਲ ।
ਉਸ ਨੂੰ ਰੱਬ ਸਚੇ ਦੀ ਮੰਜ਼ਲ ਕਦੇ ਨਾ ਮਿਲਣੀ ਮੂਲ ।

[ਸ਼ੇਖ ਸ਼ਾਅਦੀ

(੭) ਮਨ ਜ਼-ਕੁੱਰਾਂ ਬਰਗੁਜ਼ੀਦਮ ਮਗ਼ਜ਼ਰਾ
ਅਰਥਾਤ : ਮੈਂ ਕੁਰਾਨ ਵਿਚੋਂ ਆਂਤਰਿਕ ਗੁਹਜ ਤੱਤ੍ਵ ਨੂੰ ਗ੍ਰਹਿਣ ਕੀਤਾ ਹੈ।

ਹਰਬਰੇ ਰਾਹ ਏ ਤਰੀਕਤ ਆਂ ਬਵਦ
ਕੂ ਬ ਅਹਕਾਮ-ਏ ਸ਼ਰੀਅਤ ਮੀਰਵਦ
ਈਂ ਚੁਨੀਂ ਕਾਮਿਲ ਬਜੂ ਗਰ ਤੁਹ ਰੱਵੀ
ਤਾ ਜ਼-ਵਸਲ-ਏ ਦੂਸਤ ਬਾਬਰਹਾ ਸ਼ੱਵੀ

ਭਾਵ

ਜੋ ਸ਼ਰੀਅਤ ਦੇ ਵਿਧਿ ਵਿਧਾਨ ਅਨੁਸਾਰ ਚਲਦਾ ਹੈ ਉਹੀ (ਵਿਅਕਤੀ) 'ਤਰੀਕਤ' ਦੇ ਮਾਰਗ ਵਿਚ ਪਥ ਪ੍ਰਦਰਸ਼ਨ ਕਰਨ ਦੇ ਯੋਗ ਹੈ। ਜੇ ਤੂੰ (ਤਸੱਵਫ ਦੇ) ਰਾਹ ਉਪਰ ਚਲਣਾ ਹੈ ਤਾਂ ਇਸ ਪ੍ਰਕਾਰ ਦੇ ਪੂਰਣ ਸਾਧਕ ਦੀ ਤਲਾਸ਼ ਕਰ, ਫਿਰ ਤੂੰ ਪ੍ਰਭੂ-ਪ੍ਰੀਤਮ ਦਾ ਵਸਲ ਪ੍ਰਾਪਤ ਕਰ ਲਵੇਂਗਾ।

ਇਸ ਤੋਂ ਇਲਾਵਾ ਆਪ ਆਪਣੀ ਮਹੱਤਵ ਪੂਰਣ ਰਚਨਾ 'ਮਸਨਵੀ'

ਦੀ ਭੂਮਿਕਾ ਵਿਚ (ਜੋ ਅਰਬੀ ਭਾਸ਼ਾ ਵਿਚ ਹੈ) ਆਪਣੇ ਉਦੇਸ਼ ਨੂੰ ਸਪਸ਼ਟ ਕਰਨ ਲਈ ਲਿਖਦੇ ਹਨ ਕਿ ਇਸ ਕਿਤਾਬ ਵਿਚ ਰਹਸਯਾਤਮਕ ਸੂਖਮਤਾ ਦੇ ਨਿਰੂਪਣ ਸਬੰਧੀ 'ਦੀਨ ਦੇ ਮੂਲ ਦੇ ਮੂਲ' (ਅਸੂਲ-ਏ-ਅਸ਼ਲ-ਏ ਦੀਨ ਫੀ ਕਸ਼ਫ–ਅਲ-ਇਸਰਾਰ) ਨੂੰ ਦਰਜ ਕੀਤਾ ਗਿਆ ਹੈ ਅਤੇ ਉਨ੍ਹਾਂ ਨੇ ਆਪ ਹੀ 'ਦੀਨ' ਦੇ ਸਾਰਸ੍ਵਰੂਪ ਨੂੰ ਭੀ ਇਨ੍ਹਾਂ ਸ਼ਬਦਾਂ ਵਿਚ ਸਪਸ਼ਟ ਕਰ ਦਿਤਾ ਹੈ :

ਇਲਮ-ਏ ਦੀਨ ਫਿਕਹ ਅਸਤ ਉ ਕੁਰਾਨ ਉ ਹਦੀਸ
ਹਰਕਿ ਖ੍ਵਾਨਦ ਗੈਰ ਅਜ਼ੀਂ ਗਰਦਦ ਖ਼ਬੀਸ ।

ਅਰਥਾਤ : 'ਫਿਕਹ', 'ਕੁਰਾਨ' ਅਤੇ 'ਹਦੀਸ' ਹੀ ਇਲਮੇ ਦੀਨ ਦੇ ਅਧਾਰ ਹਨ । ਇਨ੍ਹਾਂ ਤੋਂ ਛੁਟ ਜੋ ਕੁਛ ਕੋਈ ਹੋਰ ਪੜ੍ਹਦਾ ਹੈ ਤਾਂ ਖਬੀਸ ਬਣ ਜਾਂਦਾ ਹੈ ।

(ਉਪ੍ਰੋਕਤ ਵਿਚਾਰ ਮੌਲਾਨਾ ਜਲਾਲ-ਉਦ-ਦੀਨ ਰੂਮੀ ਜੋ ਮਹਾਨਤਮ ਸੂਫੀ ਬਜ਼ੁਰਗ ਤੇ ਸੂਫੀ ਕਵੀ ਮੰਨੇ ਜਾਂਦੇ ਹਨ, ਦੇ ਹਨ ।)

(੮) ਇਸੇ ਤਰ੍ਹਾਂ ਇਸਲਾਮੀ ਦੁਨੀਆਂ ਦੇ ਉਚਤਮ ਸੂਫੀ ਚਿੰਤਕ ਸ਼ੇਖ-ਏ-ਅਕਬਰ ਮਹੀ-ਉਦ-ਦੀਨ ਇਬਨ-ਏ ਅਰਬੀ ਜਿੰਨ੍ਹਾਂ ਦੀਆਂ ਰਚਨਾਵਾਂ ਨੂੰ ਇਸਲਾਮੀ ਦਰਸ਼ਨ ਤਥਾ ਸੰਸਕ੍ਰਿਤੀ ਦੀਆਂ ਪ੍ਰਮਾਣਿਕ ਪੁਸ਼ਤਕਾਂ ਵਿਚ ਅਕਬਰ-ਉਲ ਅਕਾਬਿਰ ਦੇ ਨਾਮ ਨਾਲ ਸਨਮਾਨਿਆ ਜਾਂਦਾ ਹੈ, ਕਹਿੰਦੇ ਹਨ :

"ਜੋ ਵਿਅਕਤੀ ਇਹ ਕਹੇ ਕਿ ਪਰਮਪਰਾਤਪਰ (ਅਲਾਹ ਤਆਲਾ) ਤਕ ਅਪੜਨ ਦਾ ਸ਼ਰੀਅਤ ਤੋਂ ਇਲਾਵਾ ਕੋਈ ਹੋਰ ਵੀ ਰਸਤਾ ਹੈ ਤਾਂ ਉਸ ਦਾ ਕਹਿਣਾ ਗਲਤ ਹੈ। ਜੋ ਆਦਮੀ ਸ਼ਰੀਅਤ ਦੀ ਪਾਬੰਦੀ ਇਕ ਪਲ ਲਈ ਭੀ ਛਡ ਦੇਵੇਗਾ, ਓਹ ਖਤਮ ਹੋ ਜਾਵੇਗਾ ।"

"ਸ਼ਰੀਅਤ ਦੇ ਇਲਮ ਨੂੰ ਦ੍ਰਿੜਤਾ ਨਾਲ ਕਮਾਓ ਕਿਉਂਕਿ ਸ਼ਰੀਅਤ ਹੀ ਤੁਹਾਡੀ ਉਹ ਬੇੜੀ ਹੈ ਜਿਸ ਵਿਚ ਜੇਕਰ ਕੋਈ ਨੁਕਸ ਆ ਗਿਆ ਤਾਂ ਤੁਸੀਂ ਵੀ ਖਤਮ ਹੋ ਜਾਵੋਗੇ ਤੇ ਬਾਕੀ ਦਾ ਸਾਰਾ ਪੂਰ ਵੀ ਮਾਰਿਆ ਜਾਵੇਗਾ ।

(ਅਲ-ਮੁਤਰਬੀ–੧੨)

(੯) ਸ਼ੇਖ ਸ਼ਹਾਬ-ਉਦ-ਦੀਨ ਲਿਖਦੇ ਹਨ, 'ਅਬੁੱਲ ਹਸਨ ਨੂਰੀ ਦਾ ਕਥਨ ਹੈ ਕਿ ਜੋ ਵਿਅਕਤੀ ਸ਼ਰੀਅਤ ਦੇ ਕਰਮ ਚਾਰ ਦੀ ਪੈਰਵੀ ਵਿਚ ਸਫਲ ਰਹਿੰਦਾ ਹੈ ਐਸੇ ਇਨਸਾਨ ਦਾ ਨਾ ਕੋਈ ਗੁਰਤ੍ਵ-ਪੂਰਣ ਸਥਾਨ ਹੈ ਨਾ ਉਸ ਦੀ ਚੰਗੀ ਅਵਸਥਾ ਹੈ ਤੇ ਨਾ ਹੀ ਉਸ ਦੀ ਕਰਮ-ਸਾਧਨਾ ਦੇ ਆਂਚਲ ਵਿਚ ਗਿਆਨ ਪਦਾਰਥ ਹੈ ।

(ਅਵਾਰਿਫ-ਉਲ-ਮਆਰਿਫ)

ਉਪਰੋਕਤ ਦ੍ਰਿਸ਼ਟਾਂਤ ਇਹ ਗੱਲ ਸਾਬਤ ਕਰਨ ਲਈ ਕਾਫੀ ਹਨ ਜੋ ਇਸਲਾਮੀ ਤਸੱਵੁਫ ਦੇ ਵਿਧਾਨ-ਤਤ੍ਰ ਵਿਚ ਸ਼ਰੀਅਤ ਦਾ ਅਸਥਾਨ ਮਹੱਤਵ-ਪੂਰਣ ਤੇ ਮਹਿਮਾ ਮੰਡਿਤ ਹੈ। ਸੋ ਇਸਲਾਮੀ ਤਸੱਵਫ ਦੇ ਸਿਧਾਂਤ ਤੇ ਆਦਰਸ਼ ਅਨੁਸਾਰ ਸ਼ਰੀਅਤ ਦਾ ਪਾਲਨਾ ਬਹੁਤ ਜ਼ਰੂਰੀ ਹੈ।

ਸੂਫੀ ਮਤ ਦੇ ਸਿਧਾਂਤ

(੧) ਅਬੂਦੀਅਤ–ਆਪਣੇ ਆਪ ਨੂੰ ਰੱਬ ਦਾ ਸੇਵਕ ਸਮਝਣਾ
(੨) ਇਸ਼ਕ–ਰੱਬ ਨਾਲ ਪਿਆਰ ਕਰਨਾ, ਮਾਲਕ ਸਮਝ ਕੇ ਨਹੀਂ ਸਗੋਂ ਪ੍ਰੀਤਮ ਮੰਨਕੇ।
(੩) ਜ਼ੁਹਦ–ਤਪਸਿਆ ਕਰਨੀ।
(੪) ਮਾਰਫਤ–ਗਿਆਨ ਹਾਸਲ ਕਰਨਾ।
(੫) ਵਜਦ–ਮਸਤੀ ਵਿਚ ਆਉਣਾ।
(੬) ਹਕੀਕਤ–ਸਚਾਈ ਦਾ ਦਰਸ਼ਨ ਕਰਨਾ।
(੭) ਵਸਲ–ਰੱਬ ਨਾਲ ਮਿਲਾਪ।
(੮) ਫਨਾ–ਰੱਬ ਵਿਚ ਆਪਣੇ ਆਪ ਨੂੰ ਮਿਟਾ ਦੇਣਾ।

ਪਰ ਇਸ ਰਾਹ ਤੇ ਟੁਰਨ ਤੋਂ ਪਹਿਲਾਂ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ ਤੇ ਤਿਆਰੀ ਲਈ ਲੋੜ ਹੈ :

(ੳ) ਰੱਬ ਦੀ ਮਿਹਰ।
(ਅ) ਗੁਰੂ ਜਾਂ ਮੁਰਸ਼ਦ ਦੀ ਸਹਾਇਤਾ।
(ੲ) ਆਪਣੇ ਜਤਨ।

ਆਪਣੇ ਜਤਨਾਂ ਵਿਚ ਲਿਮਨ ਲਿਖਤ ਗੱਲਾਂ ਜ਼ਰੂਰੀ ਹਨ :

(੧) ਤੋਬਾ।
(੨) ਸਬਰ।
(੩) ਸ਼ੁਕਰ।
(੪) ਰਿਜ਼ਾ (ਆਸ)
(੫) ਖੌਫ।
(੬) ਫਕਰ (ਆਪ ਸਹੇੜੀ ਗ਼ਰੀਬੀ ਤੇ ਤਿਆਗ)।
(੭) ਜ਼ੁਹਦ (ਤਪ)।
(੮) ਤੋਹੀਦ (ਮਨ ਮਾਰ ਕੇ ਰੱਬ ਦੀ ਮਰਜ਼ੀ ਨੂੰ ਆਪਣੀ ਮਰਜ਼ੀ ਸਮਝਣਾ)
(੯) ਤਵੱਕਲ–ਰੱਬ ਤੇ ਭਰੋਸਾ।
(੧੦) ਮੁਹਬਤ।

ਸੂਫੀ ਮਤ ਦੀਆਂ ਕਿਰਿਆ ਤਿੰਨ ਪ੍ਰਕਾਰ ਦੀਆਂ ਹਨ :

(ੳ) ਜ਼ਿਕਰ—(ਸਿਮਰਣ ਜਾਂ ਸ਼ਬਦ ਯੋਗ)
(ਅ) ਤਸੱਵਰ—(ਧਿਆਨ ਕਰਨਾ ਜਾਂ ਧਿਆਨ ਯੋਗ)
(ੲ) ਹਬਸਦਮ—(ਪਰਾਣਾ ਨੂੰ ਕਾਬੂ ਕਰਨਾ ਜਾਂ ਪ੍ਰਾਣਾਯਾਮ)

ਸੂਫੀ ਨੂੰ :

(੧) ਦੁਨੀਆਂ ਛਾਇਆ ਤੇ ਮਾਇਆ ਸਮਝੇ ।
(੨) ਰੱਬੀ ਮਿਲਾਪ ਦੀ ਤਾਂਘ ਵਿਚ ਅਠੇ ਪਹਿਰ ਰਹੇ ।
(੩) ਮਨ ਨੂੰ ਮਾਰੇ ।
(੪) ਸਰੀਰ ਨੂੰ ਕਾਬੂ ਵਿਚ ਰਖੇ ਤੇ ਜ਼ੁਹਦ ਨਾਲ ਇਸ ਨੂੰ ਵਧਣ ਨਾ ਦੇਵੇ ।
(੫) ਮਨ ਦੀ ਜਿਤ ਵਿਚ ਜਗਤ ਦੀ ਜਿਤ ਸਮਝੇ ।
(੬) ਕਾਮ ਨੂੰ ਪੂਰਨ ਤੌਰ ਤੇ ਮਾਰ ਦੇਵੇ ।
(੭) ਕੁਰਾਨ ਸਰੀਫ ਦੇ ਬਾਤਿਨੀ ਮਹਿਨੇ ਅਪਨਾਣ ਤੇ ਉਨ੍ਹਾਂ ਨੂੰ ਧਾਰਨ ਕਰੇ ।
(੮) ਰੱਬ ਹਰ ਥਾਂ ਪਰੀਪੂਰਨ ਹੈ ਇਸ ਲਈ ਉਸ ਨੂੰ ਹਾਜ਼ਰ-ਨਾਜ਼ਰ ਸਮਝੇ ।
(੯) ਕੁਦਰਤ ਦੀ ਹਰ ਵਸਤੂ ਸਾਡੇ ਲਈ ਰੱਬ ਨੂੰ ਯਾਦ ਕਰਾਉਣ ਵਾਲੀ ਇਕ ਕਿਤਾਬ ਹੈ । ਉਸ ਵਿਚੋਂ ਸਾਨੂੰ ਰੱਬ ਦੀ ਮੂਰਤ ਦਿਸਦੀ ਹੈ ।
(੧੦) ਮਨ ਦੀ ਮੈਲ ਉਤਰ ਜਾਣ ਤੇ ਮਨ ਦੇ ਸ਼ੀਸ਼ੇ ਵਿਚੋਂ ਸਾਨੂੰ ਰੱਬ ਦਿਸੇਗਾ । ਅਸੀਂ ਰੱਬ ਦੇ ਸ਼ੀਸ਼ੇ ਹਾਂ । ਉਸ ਨੇ ਸਾਨੂੰ ਬਣਾਇਆ ਹੀ ਇਸ ਲਈ ਹੈ ਕਿ ਸਾਡੇ ਵਿਚੋਂ ਉਹ ਆਪਣਾ ਹੁਸਨ ਚੰਗਿਆਈ ਤੇ ਸੱਤਾ ਤਕੇ ।
(੧੧) ਸੋਚ ਤੇ ਵਿਚਾਰ ਸੂਫੀ ਲਈ ਬਹੁਤ ਜ਼ਰੂਰੀ ਹੈ ਤੇ ਖਾਸ ਕਰਕੇ ਮੌਤ ਨੂੰ ਉਸ ਨੇ ਸਦਾ ਆਪਣੀ ਵਿਚਾਰ ਤੇ ਸੋਚ ਦਾ ਵਿਸ਼ਾ ਬਣਾਨਾ ਹੈ ।
(੧੨) ਸੂਫੀ ਨੇ ਸ਼ਰੀਅਤ ਦੇ ਮਾਰਗ ਤੇ ਚਲਕੇ ਇਸ ਤੋਂ ਅਗੇ ਤਰੀਕਤ ਦੀ ਮੰਜ਼ਲ ਤੇ ਪੁਜਣਾ ਹੈ । ਫੇਰ ਮਾਅਰਫਤ ਵਿਚ ਮਗਨ ਰਹਿਕੇ ਹੀ ਹਕੀਕਤ ਦੇ ਆਹਮੋ-ਸਾਹਮਣੇ ਦਰਸ਼ਨ ਕਰਨੇ ਹਨ ।

ਓਪਰੋਕਤ ਮੰਜ਼ਲ ਦੇ ਰਸਤੇ ਵਿਚ ਸੂਫੀ ਨੂੰ ਰੱਬ ਨੇ ਕਈ ਅਜ਼ਮੈਸ਼ਾਂ ਵਿਚ ਪਾਣਾ ਹੈ । ਇਸ ਲਈ ਪਥੱਕ ਨੂੰ ਸਾਬਤੀ ਤੇ ਸ਼ਿਦਕ ਨਾਲ ਲੰਘਣਾ ਜ਼ਰੂਰੀ ਹੈ ।

ਸੂਫੀਆਂ ਦੇ ਫਿਰਕੇ

ਵੈਸੇ ਤਾਂ ਸੂਫੀਆਂ ਦੇ ਕਈ ਫਿਰਕੇ ਹਨ ਪਰ ਹੇਠ ਲਿਖੇ ਕਾਫੀ ਪ੍ਰਸਿਧ ਹਨ: ਕਾਦਰੀ, ਚਿਸ਼ਤੀ, ਨਕ਼ਸ਼ਬੰਦੀ, ਸੁਹਰਾਵਰਦੀ, ਕੁਬਰਵੀ, ਸ਼ਤਾਰੀ ਆਦਿ।

ਗੁਰਮਤ

ਗੁਰਮਤ ਦੇ ਚਿੰਤਨ ਮੁਖ ਵਿਸ਼ੇ ਸੂਫੀ ਮਤ ਦੇ ਚਿੰਤਨ ਮੁਖ ਵਿਸ਼ਿਆਂ ਨਾਲ ਬਹੁਤ ਹਦ ਤਕ ਮਿਲਦੇ-ਜੁਲਦੇ ਤੇ ਇਕੋ ਕੁਝ ਜਾਪਦੇ ਹਨ। ਪਰ ਇਨ੍ਹਾਂ ਦੀਆਂ ਸ਼ੈਲੀਆਂ ਵਿਚ ਅੰਤਰ ਸਪਸ਼ਟ ਹੈ।

ਪ੍ਰਭੂ-ਦਰਸ਼ਨ, ਰੱਬੀ ਉਸਤਤਿ, ਨਾਮ-ਭਗਤੀ, ਗੁਰ-ਭਗਤੀ, ਮਾਨਵ-ਭਗਤੀ, ਮੰਨ ਵਸੀਕਰਨ, ਸਦਾਚਾਰ ਤੇ ਸਮਾਜਿਕ ਭਲਾਈ ਆਦਿ ਵਿਸ਼ਿਆਂ ਦੀ ਦਾਰਸ਼ਨਿਕ ਵਿਆਖਿਆ ਤਾਂ ਭਾਵੇਂ ਦੋਹਾਂ ਮਤਾਂ ਨੇ ਹੀ ਨਹੀਂ ਕੀਤੀ। ਪਰ ਬ੍ਰਹਮ, ਜੀਵ, ਜਗਤ, ਨਾਮ, ਗੁਰੂ, ਮਨ, ਮਨੁੱਖਤਾ, ਸਮਾਜ, ਸਦਾਚਾਰ ਤੇ ਮੁਕਤੀ ਆਦਿ ਨੌਂ ਦਾਰਸ਼ਨਿਕ ਤੇ ਦੀਨੀਆਤੀ ਅੰਗਾਂ ਦਾ ਜ਼ਿਕਰ ਦੋਹਾਂ ਮਤਾਂ ਨੇ ਕੀਤਾ ਹੈ। ਸੂਫੀ ਸਾਹਿਤ ਵਿਚ ਇਹ ਸੰਕੋਚਵਾਂ ਤੇ ਥੋੜ-ਪਖੀ ਹੈ। ਪਰ ਗੁਰਮਤ ਬਾਣੀ ਵਿਚ ਵਿਸਥਾਰ ਪੂਰਬਕ ਵਧੇਰੇ ਸਪਸ਼ਟ ਅਤੇ ਬਹੁ-ਪਖੀ ਢੰਗ ਨਾਲ ਬਿਆਨਿਆ ਗਿਆ ਹੈ।

ਦੋਵੇਂ ਮਤ ਭਗਤੀ ਵਾਲੇ ਹਿਰਦਿਆਂ ਵਿਚੋਂ ਉਪਜੇ ਹੋਣ ਕਰਕੇ ਭਾਵੇਂ ਦੋਹਾਂ ਦੀਆਂ ਸ਼ੈਲੀਆਂ ਸਮਰੱਥ ਤੇ ਬਾ-ਰੋਹਬ ਹਨ ਤੇ ਅਨੁਭਵੀ ਤਜਰਬਿਆਂ ਤੇ ਨਿਰਭਰ ਹਨ। ਪਰ ਗੁਰਮਤ ਸ਼ੈਲੀ, ਪੰਜਾਬੀ ਬੋਲੀ ਤੇ ਸ਼ੈਲੀ ਹੁੰਦਿਆਂ ਹੋਇਆਂ ਭੀ ਭਾਰਤੀ ਸਭਿਆਚਾਰ ਤੇ ਸਿਮਰਤੀਆਂ, ਸ਼ਾਸਤਰਾਂ ਤੇ ਵੇਦ ਆਦਿ ਦੀ ਸ਼ੈਲੀ ਹੈ ਕਿਉਂਕਿ ਇਸ ਦੇ ਰਚਨਹਾਰ ਇਨ੍ਹਾਂ ਤੋਂ ਭਲੀ ਪ੍ਰਕਾਰ ਜਾਣੂ ਸਨ। ਇਸ ਕਰਕੇ ਇਸ ਵਿਚ ਜਿਥੇ ਉਪਰੋਕਤ ਗ੍ਰੰਥਾਂ ਦੀ ਦਾਰਸ਼ਨਿਕ ਵਿਚਾਰ ਟਕਰ ਦਾ ਪ੍ਰਭਾਵ ਹੈ, ਉਥੇ ਇਸ ਵਿਚ ਸ਼ਹਿਰੀ ਸਾਊਪੁਣੇ, ਗੰਭੀਰਤਾ ਤੇ ਵਿਦਵਤਾ ਦਾ ਪ੍ਰਭਾਓ ਵੀ ਹੈ। ਇਹ ਸ਼ੈਲੀ ਸਾਹਿਤਕ, ਟਕਸਾਲੀ, ਬਰੀਕ, ਸੂਝ ਤੇ ਨਜ਼ਾਕਤ ਭਰੀ ਸ਼ਬਦਾਵਲੀ ਵਾਲੀ ਹੈ। ਸੁਹਜ ਸਵਾਦ ਵਾਲੀ ਤੇ ਵਧੇਰੇ ਰਾਗ-ਆਤਮਕ ਹੈ ਜਿਸ ਵਿਚ 'ਗੁਰ' ਤੇ 'ਪ੍ਰਸਾਦਿ' ਦਾ ਵਸ਼ੇਸ਼ ਅਸਥਾਨ ਹੈ। ਗੁਰਮਤ ਨੇ ਉਸ ਸਮੇਂ ਦੀ ਸਾਰੀ ਸਿਧਾਂਤਕ ਭਾਰਤੀ ਸ਼ੈਲੀ, ਜਿਸ ਤੋਂ ਲਗ-ਭਗ ਸਾਰੇ ਹੀ ਸਮੇਂ ਦੇ ਭਾਰਤੀ ਥੋੜੇ ਬਹੁਤੇ ਜਾਣੂ ਸਨ, ਵਰਤੀ ਹੈ, ਜਿਸ ਕਰਕੇ ਉਸ ਵਿਚ ਆਈ ਬਿੰਬਾਂ

ਤੇ ਅਲੰਕਾਰਾਂ ਨੇ ਸੋਹਜ ਤੇ ਰੋਹਬ ਪੈਦਾ ਕਰ ਦਿਤਾ ਹੈ। ਇਹ ਅਲੰਕਾਰ ਤੇ ਬਿੰਬ ਆਮ ਤੌਰ ਤੇ ਸੰਸਕ੍ਰਿਤ ਜੋ ਸੰਸਾਰ ਦੀਆਂ ਬੜੀਆਂ ਸ਼ੁਧ ਤੇ ਮਾਂਜੀਆਂ ਹੋਈਆਂ ਬੋਲੀਆਂ ਵਿਚੋਂ ਹੈ ਤੇ ਅਧਾਰਿਤ ਹਨ।

ਇਸਦੇ ਉਲਟ ਸੂਫੀ ਮੁਸਲਮਾਨ ਸਨ ਜਿਨ੍ਹਾਂ ਦਾ ਸਿਧਾ ਸਬੰਧ ਬਹੁਤਾ ਨਾਂ ਤਾਂ ਪੰਜਾਬੀ ਤੇ ਸੰਸਕ੍ਰਿਤ ਬੋਲੀਆਂ ਨਾਲ ਪਿਆ ਸੀ ਤੇ ਨਾ ਹੀ ਉਨ੍ਹਾਂ ਭਾਰਤੀ ਦੀਨੀਆਤ ਨੂੰ ਬਹੁਤਾ ਘੋਖਿਆ ਹੀ ਸੀ। ਇਹ ਕਵੀ ਅਨਪੜ੍ਹ ਜਾਂ ਅਧਪੜ੍ਹ ਸਨ, ਇਸ ਲਈ ਓਹ ਆਪਣੀ ਰਚਨਾ ਵਿਚ ਸੁਹਜ ਤੇ ਸਹਿਜ ਵਾਲਾ ਪ੍ਰਭਾਵ ਨਹੀਂ ਪੈਦਾ ਕਰ ਸਕੇ। ਉਨ੍ਹਾਂ ਆਮ ਤੌਰ ਤੇ ਨਿਰੋਲ ਅਸਿਖਸ਼ਤ, ਗ੍ਰਾਮੀਨ, ਮੋਟੀ ਭਾਰੀ, ਅਣਛਿਲੀ ਤੇ ਅਣ ਤ੍ਰਾਸ਼ੀ ਤੇ ਮੋਟੇ ਠੁਲੇ ਬਿੰਬਾਂ ਵਾਲੀ ਸ਼ਬਦਾਵਲੀ ਤੇ ਸ਼ੈਲੀ ਵਰਤੀ ਹੈ। ਇਵੇਂ ਪਰਤੀਤ ਹੁੰਦਾ ਹੈ ਕਿ ਉਨ੍ਹਾਂ ਦਾ ਮੰਤ੍ਵ ਵੀ ਗ੍ਰਾਮੀਨ ਜਨਤਾ ਦੇ ਅਤਿ ਨੇੜੇ ਰਹਿਣਾ ਸੀ।

ਜਿਹਾ ਕਿ ਉਤੇ ਦਸਿਆ ਜਾ ਚੁਕਾ ਹੈ, ਦਾਰਸ਼ਨਿਕ ਵਿਚਾਰਧਾਰਾ ਦਾ ਜਿਥੇ ਤਕ ਸਬੰਧ ਹੈ, ਦੋਵੇਂ ਮਤ ਪ੍ਰਭੂ, ਗੁਰੂ, ਨਾਮ ਸਿਮਰਨ, ਸੰਜਮ, ਸਦਾਚਾਰ ਆਦਿ ਵਿਸ਼ਿਆਂ ਦੀ ਅਸਲੀਅਤ ਰੂਪ ਤੇ ਸ਼ਿਵੀ ਦਾ ਵਿਚਾਰ ਕਰਦੇ ਹਨ। ਦੋਵੇਂ ਇਨ੍ਹਾਂ ਦੇ ਵਿਸ਼ਵਾਸੀ ਤੇ ਅਭਿਆਸੀ ਵੀ ਹਨ। ਦੋਹਾਂ ਵਿਚ ਸ਼ਬਦਿ ਸਿਧੀ ਜਾਂ ਧੁਰ ਕੀ ਆਈ ਇਲਹਾਮੀ ਬਾਣੀ ਦਾ ਆਵੇਸ਼ ਹੈ ਪਰ ਫੇਰ ਭੀ ਦੋਹਾਂ ਬਾਣੀਆਂ ਦੀ ਪ੍ਰਾਪਤੀ ਵਿਚ ਬੜਾ ਫਰਕ ਹੈ, ਜਿਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਫੀ ਬਾਣੀ ਦੀ ਸਮਾਈ ਨਹੀਂ ਹੋ ਸਕੀ। ਇਹ ਅੰਤਰ ਕੇਵਲ ਸ਼ੈਲੀ ਦਾ ਹੀ ਨਹੀਂ ਸਗੋਂ ਵਿਚਾਰ-ਦਰਸ਼ਨ ਦੀ ਸ਼ੈਲੀ ਜਾਤੀ ਦਾ ਵੀ ਬਹੁਤ ਹਦ ਤਕ ਹੈ।

ਦ੍ਰਿਸ਼ਟਾਂਤ ਵਜੋਂ ਗੁਰਮਤ ਨੇ ਪ੍ਰਮਾਤਮਾ ਦੇ ਕਿੰਨੇ ਹੀ ਪੱਖ ਮੂਲ ਮੰਤ੍ਰ ਵਿਚ ਦਰਸਾਏ ਹਨ। ਮੂਲ ਮੰਤ੍ਰ ਦਾ ਹਰ ਅੰਗ ਗੁਰਮਤ ਵਿਚ ਦਰਸਾਏ ਬ੍ਰਹਮ ਦੇ ਸਰੂਪ ਨੂੰ ਬਿਆਨਣ ਲਈ ਉਸਦਾ ਗੁਣ ਵਾਚਕ ਹੈ ਜਿਸ ਨੂੰ ਵਿਸਥਾਰਨ ਲਈ ਅਨੇਕਾਂ ਸ਼ਬਦ ਤੇ ਗੁਰਬਾਣੀ ਦੀਆਂ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਹਨ। ਮੂਲ ਮੰਤਰ ਦੇ ਸਮੂਹ ਅੰਗ ਸ਼ਾਸਤ੍ਰਕ ਤੇ ਸਿਧਾਂਤਿਕ ਸ਼ਬਦਾਵਲੀ ਵਿਚ ਹਨ।

ਇਸਦੇ ਉਲਟ ਸੂਫੀ ਕਾਵਿ ਵਿਚ ਆਏ ਸੰਕੇਤ ਸ਼ਾਸਤ੍ਰ-ਪ੍ਰਬੰਧ ਦੀ ਸੀਮਾ ਤੀਕ ਨਹੀਂ ਅਪੜ ਸਕੇ ਤੇ ਨਾ ਹੀ ਉਹ ਠੁਕ ਬਝੇ ਸਿਧਾਂਤਿਕ ਸ਼ਬਦਾਵਲੀ ਵਿਚ ਹੀ ਆਏ ਹਨ। ਹੋਰ ਤਾਂ ਹੋਰ ਜੋ ਇਕ ਸੋ ਕਰਮ ਨਾਮ ਅਲ੍ਹਾ ਦੇ ਕੁਰਾਨ ਵਿਚ ਆਏ ਹਨ, ਓਹ ਵੀ ਸਾਰੇ ਦੇ ਸਾਰੇ ਆਪਣੀਆਂ ਰਚਨਾਵਾਂ ਵਿਚ ਨਹੀਂ ਵਰਤ ਸਕੇ।

ਵਿਸਥਾਰ ਸਹਿਤ ਗੁਰਮੱਤ ਦਾ ਬ੍ਰਹਮ ਅਸੀਂ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਬਿਆਨ ਕਰ ਚੁਕੇ ਹਾਂ। ਸੂਫੀ ਦੇ ਬ੍ਰਹਮ ਤੇ ਗੁਰਮੱਤ ਦੇ ਬ੍ਰਹਮ ਦਾ ਅੰਤਰ ਪਾਠਕ ਜਨ ਉਪ੍ਰੋਕਤ ਲੇਖ ਨੂੰ ਵੇਖਕੇ ਆਪ ਵਿਚਾਰ ਲੈਣ।

ਗੁਰਮੱਤ ਨੇ ਪਰਮਾਤਮਾ ਤੇ ਮਨੁਖ ਨੂੰ ਅਨੰਤ ਰਿਸ਼ਤਿਆਂ ਤੇ ਸਬੰਧਾਂ ਵਿਚ ਮਾਣਿਆ, ਚਿਤਰਿਆ ਤੇ ਅਰਾਧਿਆ ਹੈ। ਪਰ ਸੂਫੀ ਕਵੀਆਂ ਦੇ ਇਹ ਸਬੰਧ ਬੜੇ ਥੋੜੇ ਤੇ ਸੰਖੇਪ ਹਨ। ਰੱਬ ਨਾਲ ਪ੍ਰੇਮ, ਰਸ ਤੇ ਰਹਿਸ ਨੂੰ ਬਿਆਨਣ ਜਾਂ ਬੁਝਾਣ ਲਈ ਗੁਰਮਤ ਦੀਆਂ ਵਰਤੀਆਂ ਗਈਆਂ ਉਪਮਾਵਾਂ, ਰੂਪਕ ਤੇ ਅਲੰਕਾਰ, ਬਿੰਬ ਤੇ ਚਿਤ੍ਰ, ਸੂਫੀ ਸਾਹਿਤ ਚਿਤ੍ਰਨ ਵਿਚ ਨਹੀਂ ਪਾਏ ਜਾਂਦੇ। ਪੰਜਾਬੀ ਸੂਫੀ ਸਾਹਿਤ ਵਿਚ ਤਾਂ ਆਮ ਤੌਰ ਤੇ ਸਾਹਿਬ, ਸਾਈਂ, ਮਿਤ੍ਰ, ਹੱਕ, ਰਾਝਣ, ਹਰ, ਪਿਆਰੇ, ਬੇ ਪਰਵਾਹ ਆਦਿ ਸੰਬੋਧਕ ਪਦ ਮਿਲਦੇ ਹਨ, ਪਰ ਇਸਦੇ ਉਲਟ ਗੁਰਮਤ ਨੇ ਬ੍ਰਹਮ ਦੇ ਇਤਨੇ ਰਹੱਸਮਈ ਸਰੂਪ ਦਰਸਾਏ ਹਨ ਜਿਨ੍ਹਾਂ ਦੀ ਤੱਤ ਅਸਲੀਅਤ ਅਜੇ ਤਕ ਵੀ ਗੁਝੀ ਹੈ। ਜਿਵੇਂ ਸਰਗੁਣ, ਨਿਰਗੁਣ, ਨਿਰੰਕਾਰ, ਸੁੰਨ ਸਮਾਧ, ਕਿਧਰੇ ਉਸਨੂੰ ਹਰਿ, ਕਿਧਰੇ ਹਰੀ, ਕਿਧਰੇ ਭਗਵਾਨ ਫਿਰ ਓਹੀ ਮੁਰਾਰੀ, ਗਿਰਧਾਰੀ, ਮੋਹਨ, ਬਿਹਾਰੀ ਹੈ। ਕਿਸੇ ਥਾਂ ਤੇ ਉਸਨੂੰ ਅਕਾਲ, ਕ੍ਰਿਪਾਲ, ਅਰੂਪ, ਅਨੂਪ, ਅਨੀਲ, ਅਨਾਦਿ, ਉਦਾਰ ਆਖ ਕੇ ਉਪਮਾਨਿਆ ਹੈ। ਇਸੇ ਪ੍ਰਭੂ ਨੂੰ ਕਈ ਥਾਵੇਂ ਪਿਤਾ, ਪਤੀ, ਸੁਹਾਗ, ਮਿਤ੍ਰ, ਸ਼ਖਾ, ਸੈਨ ਦਾ ਰਿਸ਼ਤਾ ਗੰਢ ਕੇ ਸੰਬੋਧਨ ਕੀਤਾ ਹੈ। ਉਸੇ ਨੂੰ ਸ਼ਾਹ, ਪਾਤਸ਼ਾਹ, ਹਾਜ਼ਰ ਹਜ਼ੂਰ ਤੇ ਫਿਰ ਅਗਮ, ਅਗੋਚਰ, ਅਗਾਧ ਆਖਕੇ ਸਲਾਹਿਆ ਹੈ। ਓਹ ਮਾਲੀ ਵੀ ਹੈ ਵਡ ਕਿਰਸਾਣ ਭੀ, ਓਹ ਬੋਹਥ ਵੀ ਹੈ ਤੇ ਦਰਿਆ ਵੀ, ਬੇੜੀ ਵੀ ਹੈ ਤੁਲਹਾ ਭੀ, ਮਜੀਠ ਵੀ ਹੈ, ਪਰ ਕਸੁੰਭੜੇ ਦਾ ਪਸਾਰਾ ਵੀ ਉਸਦਾ ਹੀ ਹੈ। ਇਸਤਰ੍ਹਾਂ ਸ਼ਾਮ ਦੇ ਅਣਗਿਣਤ ਨਾਮ ਤੇ ਰੂਪ ਗੁਰਬਾਣੀ ਵਿਚ ਮਿਲਦੇ ਹਨ।

ਆਤਮਾ

ਸੂਫੀ ਸਾਹਿਤ ਆਤਮਾ ਸਬੰਧੀ ਸਪਸ਼ਟ ਨਹੀਂ। ਇਸਦਾ ਧੁੰਧਲਾ ਰੂਪ ਨਾ ਤਾਂ ਨਿਰੋਲ ਮੁਸਲਮਾਨੀ ਹੈ ਤੇ ਨਾ ਹੀ ਨਿਰੋਲ ਪਲੈਟਾਨਿਕ ਅਥਵਾ ਭਾਰਤੀ। ਆਤਮਾ ਦੀ ਅਬਨਾਸੀ ਤੇ ਨਿਰੰਤਰ ਹਸਤੀ ਜੋ ਨਾ ਜੰਮਦੀ ਹੈ ਨਾ ਮਰਦੀ ਹੈ, ਹਰਖ ਸੋਗ ਤੋਂ ਨਿਆਰੀ ਹੈ ਤੇ ਸਦਾ ਸਤਿ-ਚਿਤ-ਆਨੰਦ ਰਹਿੰਦੀ ਹੈ ਦਾ ਵਰਨਣ ਵੀ ਸੂਫੀ ਸਾਹਿਤ ਵਿਚ ਨਹੀਂ ਕਿਉਂਕਿ ਇਸਲਾਮ ਤੇ ਇਸ ਸਿਧਾਂਤ ਨੂੰ ਕਬੂਲਿਆ ਨਹੀਂ। ਸੂਫੀ ਸਾਹਿਤ ਆਤਮਾਂ ਨੂੰ ਕੀਤੇ ਕਰਮਾਂ ਦਾ

ਜ਼ਿਮਾਵਾਰ ਠਹਿਰਾਂਦਾ ਹੈ। ਕਿਉਂਕਿ ਇਸਨੂੰ ਆਪਣੇ ਕਰਮਾਂ ਦਾ ਜੁਆਬ ਦੇਹ ਹੋਣਾ ਪਵੇਗਾ। ਇਸ ਲਈ ਇਸ ਕੁੜੀ ਰੂਪ ਆਤਮਾ ਨੂੰ ਕੁਝ ਕਤਣਾ-ਤੁੰਬਣਾ ਚਾਹੀਦਾ ਹੈ ਅਤੇ ਇਸਨੂੰ ਦਾਜ ਵਿਹੂਣਾ ਨਹੀਂ ਜਾਣਾ ਚਾਹੀਦਾ। ਸੁਹਾਗਣ ਬਣਨਾ ਚਾਹੀਦਾ ਹੈ।

ਗੁਰਮਤ ਵਿਚ ਆਤਮਾ ਸੁਹਾਗਣ ਵੀ ਬਣਦੀ ਹੈ ਤੇ ਦੁਹਾਗਣ ਵੀ, ਪਰ ਵਾਸਤਵਿਕ ਰੂਪ ਵਿਚ ਇਕ ਨਿਰੰਤਰ ਸਤਿ ਹਸਤੀ ਹੈ ਤੇ ਸੋਗ, ਹਰਖ ਪਾਪ ਪੁੰਨ ਤੋਂ ਨਿਰਲੇਪ ਹੈ। ਗੁਰਮਤ ਕਿਰਤਿ ਤੇ ਕਰਮਾਂ ਦੇ ਸਿਧਾਂਤ ਨੂੰ ਮੰਨਦੀ ਹੈ, ਪਰ ਸਾਹਿਤ ਵਿਚ ਇਸਦਾ ਵਰਨਣ ਬਹੁਤ ਧੁੰਧਲਾ ਹੈ। ਭਾਵੇਂ ਕਿਧਰੇ ਕਿਧਰੇ ਆਵਾਗਉਣ ਦੇ ਸਿਧਾਂਤ ਦਾ ਝਾਵਲਾ ਸੂਫੀ ਸਾਹਿਤ ਵਿਚੋਂ ਪੈਂਦਾ ਹੈ, ਪਰੀ ਵੈਸੇ ਇਹ ਸੂਫੀ ਸਾਹਿਤ ਦਾ ਵਿਸ਼ਾ ਨਹੀਂ, ਕਿਉਂਕਿ ਇਸਲਾਮ ਇਸ ਸਿਧਾਂਤ ਨੂੰ ਅੰਗੀਕਾਰ ਨਹੀਂ ਕਰਦਾ। ਗੁਰਮੱਤ ਵਿਚ ਆਵਾਗਉਣ ਦੇ ਸਿਧਾਂਤ ਨੂੰ ਚੰਗ ਤਰ੍ਹਾਂ ਉਘਾੜ ਤੇ ਸਪਸ਼ਟ ਕਰਕੇ ਬਿਆਨਿਆ ਗਿਆ ਹੈ। ਜਿਵੇਂ :

ਕਈ ਜਨਮ ਭਏ ਕੀਟ ਪਤੰਗਾ ।। ਕਈ ਜਨਮ ਗਜ ਮੀਨ ਕੁਰੰਗਾ ।।
ਕਈ ਜਨਮ ਪੰਖੀ ਸਰਪ ਹੋਇਓ ।। ਕਈ ਜਨਮ ਹੈਵਰ ਬ੍ਰਿਖ ਜੋਇਓ ।।੧।।
ਮਿਲੁ ਜਗਦੀਸ ਮਿਲਨ ਕੀ ਬਰੀਆ ।।
ਚਿਰੰਕਾਲ ਇਹ ਦੇਹ ਸੰਜਰੀਆ ।। ੧। ਰਹਾਉ ।।
ਕਈ ਜਨਮ ਸੈਲ ਗਿਰਿ ਕਰਿਆ ।। ਕਈ ਜਨਮ ਗਰਭਹਿ ਹਿਰਿ ਖਰਿਆ ।।
ਕਈ ਜਨਮ ਸਾਖ ਕਰਿ ਉਪਾਇਆ ।। ਲਖ ਚਉਰਾਸੀ ਜੋਨਿ ਭ੍ਰਮਾਇਆ ।.੨।।੩।੭੨।।
(ਗਉੜੀ ਗੁਆਰੇਰੀ ਮ: ੫)

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ਜੀਵਿ ਜੀਵਿ ਮੁਏ ਮੁਏ ਜੀਵੇ ।।
ਕੇਤਿਆਂ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ।।
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ।।
ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ।।
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ।।੨।।੩।।
(ਸਲੋਕ ਮ: ੧ ਵਾਰ ਸਾਰੰਗ ਮ: ੪)

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ।।
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ।।੨।।੨।।
(ਸੋਰਠ ਮ: ੯)

ਦੋਜ਼ਖ ਤੇ ਬਹਿਸ਼ਤ

ਗੁਰਮੱਤ ਨੇ ਦੋਜ਼ਖ ਤੇ ਬਹਿਸ਼ਤ ਦਾ ਜ਼ਿਕਰ ਕੀਤਾ ਤਾਂ ਹੈ ਪਰ ਸ਼ਿਧਾਂਤਕ

ਰੂਪ ਵਿਚ ਨਹੀਂ, ਕੇਵਲ ਸੰਕੇਤਕ ਰੂਪ ਵਿਚ ਵਰਣਨ ਕੀਤਾ ਹੈ। ਕਰਮ ਵੰਡ ਚੰਗੀ ਮੰਦੀ ਜੋਨੀ ਦਵਾਰਾ ਹੀ ਦਿਤਾ ਜਾਣਾ ਮੰਨਿਆ ਹੈ :

ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨਿ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥
[ਬਿਲਾਵਲ ਮ: ੧ ਅਸਟਪਦੀਆਂ]

ਸੰਤ ਕੈ ਦੂਖਨਿ ਸਰਪ ਜੋਨਿ ਪਾਇ ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥੨॥੧੩॥
[ਗਉੜੀ ਸੁਖਮਨੀ ਮ: ੫]

ਨੋਟ—(੧) ਗੁਰਬਾਣੀ ਵਿਚ ਜਿਥੇ ਕਿਥੇ ਵੀ ਆਵਾਗਉਣ ਦਾ ਜ਼ਿਕਰ ਆਇਆ ਹੈ, ਉਥੇ ਨਰਕ ਸ੍ਵਰਗ ਦਾ ਨਹੀਂ ਆਇਆ, ਨਰਕ ਸ੍ਵਰਗ ਦੇ ਖਿਆਲ ਗੁਰਬਾਣੀ ਵਿਚ ਕਈ ਥਾਈਂ ਆਏ ਤਾਂ ਹਨ ਪਰ ਓਹ ਜਾਂ ਤਾਂ ਦੂਜੇ ਮਤਾਂ ਦੇ ਨਿਸਚਿਆਂ ਵਲ ਇਸ਼ਾਰੇ ਹਨ ਤੇ ਜਾਂ ਜਦ ਗੁਰੂ ਸਾਹਿਬ ਅਨਮਤਾਂ ਵਾਲਿਆਂ ਨੂੰ ਮੁਖਾਤਬ ਹੋ ਕੇ ਉਨ੍ਹਾਂ ਦੇ ਆਪਣੇ ਨਿਸਚੇ ਮੁਤਾਬਕ ਹੀ ਉਪਦੇਸ਼ ਕਰਦੇ ਸਨ, ਤਾਂ ਜੋ ਆਪਣੇ ਨਿਸਚੇ ਅਨੁਸਾਰ ਹੀ ਓਹ ਅਸਲ ਤੱਤ ਨੂੰ ਜਾਣ ਸਕਣ। ਕਿਸੇ ਕਿਸੇ ਥਾਂ ਤੇ ਇਨ੍ਹਾਂ ਦਾ ਅਲੰਕਾਰਕ ਰੂਪ ਹੈ ਜਿਵੇਂ :

ਬੈਕੁੰਠ ਨਗਰੁ ਜਹਾਂ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਧ ਮਾਹਿ ਨਿਵਾਸਾ ॥
[ਸੂਹੀ ਮ: ੫]

'ਤਹਾਂ ਬੈਕੁੰਠ ਜਾਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥
[ਸੂਹੀ ਮ: ੫]

"ਤਹ ਬੈਕੁੰਠ ਜਹ ਨਾਮੁ ਉਚਰਹਿ" [ਰਾਮਕਲੀ ਮ: ੫]

ਸੂਫੀ ਮੱਤ ਇਸਲਾਮੀ ਮਨੌਤ ਅਨੁਸਾਰ ਦੋਜ਼ਖ ਤੇ ਬਹਿਸ਼ਤ ਦਾ ਹਾਮੀ ਹੈ।

ਨੋਟ—(੨) 'ਗੁਰਮਤ ਅਨੁਸਾਰ ਆਤਮਾ' ਦੇ ਸਿਰਲੇਖ ਹੇਠ ਵਿਸ਼ੇਸ਼ ਪੜ੍ਹੋ।

ਗੁਰੂ ਦੀ ਮਹੱਤਤਾ

ਸੂਫੀ ਮੱਤ ਵਿਚ ਗੁਰੂ ਦੀ ਪਦਵੀ ਭਾਵੇਂ ਮਹਾਨ ਹੈ, ਪਰ ਰੱਬ ਨਾਲ ਇਸ਼ਕ ਦੀ ਸਾਧਨਾ ਲਈ ਸਰੀਰੀ ਗੁਰੂ ਅਭਿਆਸ ਵਿਸ਼ੇ ਦਾ ਕੰਮ ਦੇਂਦਾ ਹੈ। ਇਸ ਅਨੁਸਾਰ ਗੁਰ ਵਿਅਕਤੀ ਦੀ ਸਰੀਰਕ ਛੋਹ ਦਾ ਸਿਧਾਂਤ ਵਧੇਰੇ ਸ਼ਖਸ਼ੀ ਤੇ ਸਰੀਰਕ ਮੁਰਸ਼ਦ ਦਾ ਹੈ। ਇਹ ਪੂਰਨ ਗੁਰੂ ਧਰਤੀ ਦਾ ਰੱਬ ਸਮਝਿਆ ਜਾਂਦਾ ਹੈ। ਵਾਸਤਵਿਕ ਰੱਬ ਨਹੀਂ ਗੁਰ ਪ੍ਰਮੇਸ਼੍ਵਰ ਹੈ। ਸੂਫੀ ਮੁਰੱਸ਼ਦ ਅਲ੍ਹਾ ਬੂਟੀ ਮਨ ਵਿਚ ਲਾਹ ਦੇਂਦਾ ਹੈ ਤੇ ਦਰਗਾਹ ਵਿਚ ਵਕੀਲ ਬਣਦਾ ਹੈ। ਮੁਰੀਦ ਕਦੇ

ਮੁਰਸ਼ਦ ਨਹੀਂ ਹੋ ਸਕਦਾ ।

ਗੁਰਮਤ ਦਾ ਗੁਰੂ ਸਰੀਰਕ ਨਹੀਂ ਬਾਣੀ ਤੇ ਸੂਖਮ ਰੂਪ ਦਾ ਹੈ । ਬਾਣੀ ਦਾ ਗੁਰੂ ਜੁਗ ਜੁਗ ਅਟਲ ਹੈ, ਆਪ ਪਰਮੇਸ਼ਰ ਹੈ, ਅਨੇਕ ਰੂਪ ਹੁੰਦਿਆਂ ਵੀ ਇਕ ਜੋਤਿ ਹੈ । ਬਾਣੀ 'ਗੁਰੁ ਗੁਰੁ ਏਕੋ ਵੇਸ ਅਨੇਕ' ਹੈ । ਗੁਰਮਤ ਦਾ ਗੁਰੂ ਵਕੀਲ ਨਹੀਂ, ਸਗੋਂ 'ਦਰਗਾਹ ਕਾ ਬਸੀਠੁ' ਹੈ । ਗੁਰੂ ਸਿਖ ਨੂੰ ਆਪਣੀ ਪਧਰ ਤਕ ਉੱਚਾ ਆਪਣੇ ਵਰਗਾ ਬਣਾ ਲੈਂਦਾ ਹੈ ਇਸ ਲਈ ਸਿਖ ਵੀ ਗੁਰੂ ਬਣ ਸਕਦਾ ਹੈ :

ਗੁਰੂ ਵਿਚ ਸ਼ਰਧਾ, ਫਿਰ ਗੁਰਬਚਨਾਂ ਅਨੁਸਾਰ ਨਿਤ ਦੀ ਕਾਰ ਕਰਣੀ ਹੀ ਵਾਸਤਵ ਵਿਚ ਗੁਰਮੱਤ ਅਨੁਸਾਰ ਗੁਰੂ ਦੀ ਸ਼ਰਣ ਲੈਣੀ ਹੈ :

> ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥
> ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥
> ਮਨ ਬੇਚੈ ਸਤਿਗੁਰ ਕੇ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥
> ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥
> ਅਪਨੀ ਕਿਰਪਾ ਜਿਸੁ ਆਪਿ ਕਰੇਇ ॥
> ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥੧੮॥
>
> [ਗਉੜੀ ਸੁਖਮਨੀ ਮ: ੫[

ਸਚੇ ਗੁਰੂ ਦੇ ਗੁਰਮੱਤ ਅਨੁਸਾਰ ਲਛਣ ਹੇਠ ਲਿਖੇ ਸ਼ਬਦ ਵਿਚ ਸਮੁਚੇ ਤੌਰ ਤੇ ਦਸੇ ਗਏ ਹਨ :

> ਗੁਣ ਗਾਵਤ ਮਨਿ ਹੋਇ ਅਨੰਦ ॥ ਆਠ ਪਹਰ ਸਿਮਰਉ ਭਗਵੰਤ ॥
> ਜਾਕੇ ਸਿਮਰਨਿ ਕਲਮਲ ਜਾਹਿ ॥ ਤਿਸੁ ਗੁਰ ਕੀ ਹਮ ਚਰਨੀ ਪਾਹਿ ॥੧॥
> ਸੁਮਤਿ ਦੇਵਹੁ ਸੰਤ ਪਿਆਰੇ ॥ ਸਿਮਰਉ ਨਾਮੁ ਮੋਹਿ ਨਿਸਤਾਰੇ ॥੧॥ਰਹਾਉ॥
> ਜਿਨਿ ਗੁਰ ਕਹਿਆ ਮਾਰਗੁ ਸੀਧਾ ॥ ਸਗਲ ਤਿਆਗਿ ਨਾਮਿ ਹਰਿ ਗੀਧਾ ॥
> ਤਿਸੁ ਗੁਰ ਕੈ ਸਦਾ ਬਲਿ ਜਾਈਐ ॥ ਹਰਿ ਸਿਮਰਨ ਜਿਸੁ ਗੁਰ ਤੇ ਪਾਈਐ ॥੨॥
> ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥ ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥
> ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥ ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥
> ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥
> ਪਾਰ ਬ੍ਰਹਮ ਨਾਨਕ ਗੁਰਦੇਵ ॥ ਵਡੇ ਭਾਗਿ ਪਾਈਐ ਹਰਿ ਸੇਵ ॥੪॥੩॥
>
> [ਪ੍ਰਭਾਤੀ ਮ: ੫]

ਉਪਰ ਲਿਖੇ ਗੁਣਾਂ ਵਾਲਾ ਸਚਾ ਗੁਰੂ ਨਿਰਵੈਰ ਹੈ । ਮਨ ਵਿਚ ਖੋਟ ਨਹੀਂ ਰਖਦਾ, ਸਗੋਂ ਜੇ ਨਿੰਦਕ ਵੀ ਸਰਨ ਆ ਜਾਵੇ, ਤਾਂ ਉਸਨੂੰ ਬਖਸ਼ਕੇ ਮੇਲ ਲੈਂਦਾ ਹੈ :

ਕੋਈ ਨਿੰਦਕ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥

ਪਿਛਲੇ ਗੁਨਹਿ ਸਤਿਗੁਰੁ ਬਖਸਿ ਲਏ ਸਤ ਸੰਗਤਿ ਨਾਲਿ ਰਲਾਵੈ ॥
ਜਿਉ ਮੀਹਿ ਵੁਠੈ ਗਲੀਆਂ ਨਾਲਿਆਂ ਟੋਭਿਆ ਕਾ ਜਲੁ ਜਾਇ ਪਵੈ ॥
ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥
ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲੀਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜੁ ਆਵੈ ॥
ਨਾਨਕ ਇਹੁ ਅਚਰਜੁ ਵੇਖਹੁ ਮੇਰੇ ਹਰਿ ਸਚੇ ਸਾਹ ਕਾ
ਜਿ ਸਤਿਗੁਰੁ ਨੋ ਮੰਨੈ ਸੁ ਸਭਨਾ ਭਾਵੈ ॥੧੩॥

[ਵਾਰ ਬਿਲਾਵਲ ਮ: ੪[

ਅਜਿਹਾ ਗੁਰੂ ਨਿਰੰਕਾਰ ਦਾ ਰੂਪ ਹੈ :

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥੁ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥੧੯:।

(ਵਾਰ ਜੈਤਸਰੀ ਮ: ੫)

ਗੁਰ ਪਰਮੇਸ੍ਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥੧॥ ਰਹਾਉ ॥

(... ... ...

ਗੁਰ ਕੀ ਮਹਿਮਾ ਕਥਨੁ ਨ ਜਾਇ ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥੪॥੬॥੮॥

(ਗੋਂਡ ਮ: ੫)

ਗੁਰੂ ਅੰਤਰ ਆਤਮੇ ਨਿਰੰਕਾਰ ਨਾਲ ਅਭੇਦ ਹੈ ਇਸ ਲਈ ਗੁਰਬਾਣੀ ਹੀ ਰਬੀ ਕਲਾਮ ਹੈ ਤੇ ਇਹ ਰਬੀ ਕਲਾਮ (ਗੁਰਬਾਣੀ) ਹੀ ਨਿਰੰਕਾਰੀ ਗਿਆਨ ਹੈ :

ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥
ਹਿਰਦੈ ਜਗ ਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ ॥
ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥
ਜੁਗਿ ਜੁਗਿ ਬਾਣੀ ਸਬਦਿ ਪਛਾਣੀ ॥ ਨਾਉ ਮੀਠਾ ਮਨਹਿ ਪਿਆਰਾ ॥੨੭॥

(ਸੋਰਠ ਮ: ੧)

ਅੰਤਰਿ ਸਬਦੁ ਮਿਟਿਆ ਅਗਿਆਨ ਅੰਧੇਰਾ ॥
ਸਤਿਗੁਰ ਗਿਆਨੁ ਮਿਲਿਆ ਪ੍ਰੀਤਮ ਮੇਰਾ ॥
ਜੋ ਸਚਿ ਰਾਤੇ ਤਿਨ ਬਹੁੜਿ ਨਾ ਫੇਰਾ ॥
ਨਾਨਕ ਨਾਮ ਦ੍ਰਿੜਾਇ ਪੂਰਾ ਗੁਰੁ ਮੇਰਾ ॥੪॥੫॥

(ਬਿਲਾਵਲ ਮ: ੩)

ਸਿਵ ਨਗਰੀ ਮਹਿ ਆਸਣਿ ਬੈਸੇ ਗੁਰਸਬਦੀ ਜੋਗ ਪਾਈ ॥੧੧)
ਧਾਤੁਰ ਬਾਜੀ ਸਬਦਿ ਨਿਵਾਰੇ ਨਾਮੁ ਵਸੈ ਮਨਿ ਆਈ ॥੧੨॥੨॥

(ਰਾਮ ਕਲੀ ਮ: ੩ ਅਸ਼ਟਪਦੀਆਂ)

ਏਕੋ ਕਰਤਾ ਅਵਰੁ ਨ ਕੋਇ ॥ ਗੁਰ ਸਬਦੀ ਮੇਲਾਵਾ ਹੋਇ ॥੪॥੭॥

(ਬਸੰਤ ਮ: ੩)

ਗੁਰ ਸ਼ਬਦ ਗੁਰਬਾਣੀ ਹੈ ਤੇ ਗੁਰਬਾਣੀ ਗੁਰਸ਼ਬਦ ਹੈ। ਵਖੋ-ਵਖਰੇ ਅਰਥ ਕਰਨੇ ਭੁਲੇਖਾ ਹੈ :

ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ।
ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥
ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਿਜ ਮਿਲਾਇਆ ॥
ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤੁ ਕਰਿ ਭੋਗੋ ॥
ਅਨ ਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥੧॥

(ਸੂਹੀ ਛੰਤ ਮ: ੪ ਘਰ ੧)

ਗੁਰੁ ਪੂਰਾ ਪੂਰੀ ਤਾਕੀ ਕਲਾ ॥ ਗੁਰ ਕਾ ਸਬਦੁ ਸਦਾ ਸਦ ਅਟਲਾ ॥
ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖ ਦਰਦੁ ਸਭੁ ਤਾ ਕਾ ਨਸੈ ॥੧॥੮॥

(ਪ੍ਰਭਾਤੀ ਮ: ੫)

ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਏਹੁ ਆਧਾਰੁ ॥
ਆਪੇ ਦੇਵੈ ਸਿਰਜਨ ਹਾਰੁ ॥੩॥੧੭॥

(ਪ੍ਰਭਾਤੀ ਮ: ੩)

ਪ੍ਰਭੁ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ॥
ਇਉ ਆਤਮ ਰਾਮੈ ਲੀਨਾ ਹੇ ॥੧੪॥੨॥੮॥

(ਮਾਰੂ ਮ: ੧ ਸੋਲਹੇ)

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

(ਰਾਮਕਲੀ ਮ: ੧ ਦਖਣੀ ਓਅੰਕਾਰ)

ਇਹ ਬਾਣੀ ਸਤਿਗੁਰੂ ਨੇ ਉਸ ਸਮੇਂ ਉਚਾਰਨ ਕੀਤੀ, ਜਦੋਂ ਆਪ ਨਿਰੰਕਾਰੀ ਜੋਤ ਵਿਚ ਲਿਵਲੀਨ ਸਨ ਜਾਂ ਦੂਜੇ ਸ਼ਬਦਾਂ ਵਿਚ ਕਰਤਾਰ ਨੇ ਆਪਣਾ ਆਪ ਉਨ੍ਹਾਂ ਵਿਚ ਰਖ ਕੇ ਉਚਾਰਨ ਕੀਤੀ :

ਤਾਂ ਮੈ ਕਹਿਆ ਕਹਿਣੁ ਜਾ ਤੁਝੈ ਕਹਾਇਆ ॥੨॥੧॥

(ਵਡਹੰਸ ਮ: ੧)

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥੨॥

(ਵਾਰ ਮਲਾਰ ਮ: ੧)

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ॥
ਹਰਿ ਕਰਤਾ ਆਪਿ ਮੁਹਹੁ ਕਢਾਏ ॥੧੪॥

(ਵਾਰ ਗਉੜੀ ਮ: ੪)

ਸਤਿਗੁਰ ਵਿਚਿ ਆਪੁ ਰਖਿਓਨੁ ॥ ਕਰਿ ਪਰਗਟੁ ਆਖਿ ਸੁਣਾਇਆ ॥੬॥
(ਵਾਰ ਆਸਾ ਮ: ੧)

ਇਹ ਬਾਣੀ ਵੀ ਅਟੱਲ, ਅਬਨਾਸੀ ਤੇ ਸਦਾ ਸਤਿ ਹੈ :

ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥
ਬਚਨ ਗੁਰੂ ਜੋ ਪੂਰੇ ਕਹਿਓ ਮੈ ਛੀਕ ਗਾਠਰੀ ਬਾਧਾ ॥੧॥ ਰਹਾਉ ॥
ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰੁ ਬੇਨਾਧਾ ॥
ਗਿਰਿ ਬਸੁਧਾ ਜਲੁ ਪਵਨ ਜਾਇਗੋ ਇਕਿ ਸਾਧੁ ਬਚਨ ਅਟਲਾਧਾ ॥੧॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ।੨॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਧਾ ।.੩॥੬।
(ਸਾਰੰਗ ਮ: ੫)

ਇਹ ਬਾਣੀ ਸਤਿਗੁਰ ਤੋਂ ਉਪਜੀ ਹੈ ਤੇ ਸਚ ਵਿਚ ਜਾ ਸਮਾਈ ਹੈ :

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥੨॥
(ਸੂਹੀ ਮ: ੩ ਅਸਟਪਦੀਆਂ)

ਇਹੋ ਬਾਣੀ ਜੋ ਸਤਿਗੁਰਾਂ ਦੀ ਰਾਹੀਂ ਪ੍ਰਗਟ ਹੋਈ ਹੈ। ਈਹੋ ਗੁਰੂ ਹੈ ।

ਸਬਦੁ ਗੁਰ ਪੀਰਾ ਗਹਿਰਾ ਗੰਭੀਰਾ ਬਿਨੁ ਸਬਦੈ ਜੁਗ ਬਉਰਾਨੰ ॥
ਪੂਰਾ ਬੈਰਾਗੀ ਸਹਿਜ ਸੁਭਾਗੀ ਸਚ ਨਾਨਕ ਮਨ ਮਾਨੰ ॥੮॥੧॥
(ਸੋਰਠ ਮ: ੧ ਅਸਟਪਦੀਆਂ)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥੪॥
(ਨਟ ਅਸਟਪਦੀਆਂ ਮ ੪)

ਸਤਿਗੁਰ ਬਚਨ ਬਚਨ ਹੈ ਸਤਿਗੁਰ ॥ ਪਾਧਰੁ ਮੁਕਤਿ ਜਨਾਵੈਗੋ ।੫.। ॥
(ਕਾਨੜਾ ਮ: ੪)

ਸਿਧਾ ਗੁਰੂ ਨਾਨਕ ਜੀ ਤੇ ਪ੍ਰਸ਼ਨ ਕੀਤਾ :

ਕਵਣ ਮੂਲੁ ਕਵਣ ਮਤਿ ਵੇਲਾ ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ ॥
ਕਵਣ ਕਥਾ ਲੇ ਰਹਹੁ ਨਿਰਾਲੇ ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥
ਏਸੁ ਕਥਾ ਕਾ ਦੇਇ ਬੀਚਾਰੁ ॥ ਭਵਜਲ ਸਬਦਿ ਲੰਘਾਵਣਹਾਰ ॥

ਗੁਰੂ ਨਾਨਕ ਜੀ ਉੱਤਰ ਦੇ ਰਹੇ ਹਨ :

ਪਵਨ ਅਰੰਭ ਸਤਿਗਰ ਮਤਿਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਬੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥

(ਰਾਮ ਕਲੀ ਮ: ੧ ਸਿਧ ਗੋਸਟਿ)

ਸੋ ਉਪ੍ਰੋਕਤ ਦਿਤੇ ਗਏ ਗੁਰਬਾਣੀ ਦੇ ਪ੍ਰਮਾਣ ਇਹ ਸਿਧ ਕਰਨ ਲਈ ਕਾਫੀ ਹਨ। ਜੋ ਗੁਰੂ ਤੇ ਪ੍ਰਮੇਸ਼ਰ ਇਕ-ਮਿਕ ਹਨ। ਗੁਰੂ ਸਿਖ ਲਈ ਸਭੋ ਕੁਝ ਹੈ। ਗੁਰੂ ਸਿਰਫ ਸਰੀਰ ਹੀ ਨਹੀਂ ਗੁਰੂ ਰਬੀ ਕਲਾਮ ਹੈ। ਇਹ ਰਬੀ ਕਲਾਮ ਹੀ ਗੁਰਸ਼ਬਦ ਹੈ। ਗੁਰਸ਼ਬਦ ਹੀ ਗੁਰਬਾਣੀ ਹੈ। ਗੁਰਬਾਣੀ ਹੀ ਗੁਰੂ ਹੈ।

ਸੂਫੀਆਂ ਦਾ ਗੁਰੂ ਸਰੀਰਕ ਹੈ। ਇਸ ਧਰਤੀ ਦਾ ਰਬ ਹੈ। ਅਲਾਹ ਬੂਟੀ ਮਨ ਵਿਚ ਲਾਂਹਦਾ ਹੈ ਤੇ ਦਰਗਾਹ ਦਾ ਵਕੀਲ ਹੈ। ਮੁਰਸ਼ਦ, ਮੁਰਸ਼ਦ ਹੀ ਰਹੇਗਾ। ਮੁਰੀਦ, ਮੁਰੀਦ ਹੀ। ਮੁਰੀਦ ਮੁਰਸ਼ਦ ਨਹੀਂ ਬਣ ਸਕਦਾ।

ਗੁਰਮਤ ਦਾ ਗੁਰੂ ਆਪੇ ਗੁਰ-ਚੇਲਾ ਹੈ :

ਗੁਰ ਸਿਖ, ਸਿਖ ਗੁਰੂ ਹੈ,ਏਕੋ ਗੁਰ ਉਪਦੇਸ਼ ਚਲਾਏ ॥

(ਆਸਾ ਮ: ੪ ਛੰਤ ਘਰ ੧)

ਆਪੇ ਗੁਰ ਚੇਲਾ ਹੈ ਆਪੇ ਆਪੇ ਗੁਣੀ ਨਿਧਾਨ ॥

(ਬਲਾਵਲ ਮ: ੩)

ਆਪੇ ਗੁਰ ਚੇਲਾ ਹੈ ਆਪੇ ਆਪੇ ਦਸੇ ਘਾਟੁ ॥

(ਗੁਜਰੀ ਕੀ ਵਾਰ ਮ: ੩)

ਨਾਮ-ਸਿਮਰਨ (ਬੰਦਗੀ)

ਗੁਰਮਤ ਨੇ ਅਗੱਮੀ ਬਾਣੀ ਵਿਚ ਵਾਹਿਗੁਰੂ ਦੇ ਅਨੇਕ ਕਰਮ ਅਥਵਾ ਗੁਣਵਾਚਕ ਨਾਮ ਸੁਝਾਏ ਹਨ ਅਤੇ ਨਾਮ ਦਾ ਮਨ-ਮੋਹਣਾ ਤੇ ਬਚਿਤ੍ਰ ਚਿਤਰ ਉਘਾੜਿਆ ਹੈ। ਨਾਮ ਸਬੰਧੀ ਗੁਰਮਤ ਦੇ ਸਿਧਾਂਤ ਚੰਗੀ ਤਰ੍ਹਾਂ ਸਪਸ਼ਟ ਕੀਤੇ ਗਏ ਹਨ ਤੇ ਨਾਮ ਦੇ ਸਰੂਪ ਨੂੰ ਬੜੀ ਚੰਗੀ ਤਰ੍ਹਾਂ ਉਜਾਗਰ ਕੀਤਾ ਹੈ। ਗੁਰਮਤ ਦੇ 'ਨਾਮ' ਸਬੰਧੀ ਅਸਾਂ ਆਪਣੇ ਵਿਚਾਰ ਨਾਮ ਦੇ ਸਿਰਲੇਖ ਹੇਠਾਂ ਅਗੇ ਦਿਤੇ ਹਨ। ਇਸ ਲਈ ਲੇਖ ਦੇ ਲੰਮੇ ਹੋ ਜਾਣ ਦੇ ਡਰ ਦੇ ਕਾਰਨ ਪਾਠਕਾਂ ਨੂੰ ਅਸੀਂ ਇਥੇ ਕੇਵਲ ਉਸ ਲੇਖ ਦੇ ਪੜ੍ਹਨ ਦੀ ਹੀ ਸਿਫਾਰਸ਼ ਕਰਾਂਗੇ। ਇਥੇ ਇੰਨਾ ਹੀ ਕਹਿ ਦੇਣਾ ਕਾਫੀ ਹੈ ਕਿ ਸੂਫੀ ਫਕੀਰਾਂ ਨੇ ਭਾਵੇਂ ਨਾਮ-ਇੰਦਗੀ ਦੀ ਮਹਾਨਤਾ

ਤੇ ਇਤਨਾ ਹੀ ਜ਼ੋਰ ਦਿਤਾ ਹੈ, ਜਿਤਨਾ ਕਿ ਗੁਰਮਤ ਨੇ ਦਿਤਾ। ਪਰ ਨਾਮ ਦਾ ਸਰੂਪ ਉਘਾੜਨ ਤੋਂ ਅਸਮਰਥ ਰਹੇ ਹਨ।

ਮਨ ਦੇ ਸੂਖਮ ਪਰਦੇ

ਮਨ ਦੀ ਮੂਲ ਉਪਾਧੀ ਹਉਮੈ ਹੈ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਰੂਪ ਧਾਰ ਇਸ ਨੂੰ ਸਤ, ਸੰਤੋਖ, ਦਿਆ, ਧਰਮ, ਸੁਚ, ਸੰਜਮ ਆਦਿ ਗੁਣਾ ਤੋਂ ਦੁਰੇਡੇ ਲੈ ਜਾਂਦੀ ਹੈ। ਗੁਰਮਤ ਨੇ ਮਨ ਦੇ ਇਨ੍ਹਾਂ ਸੂਖਮ ਪਰਦਿਆਂ ਤੇ ਇਨ੍ਹਾਂ ਉਤੇ ਹੋਏ ਚੰਗੇ-ਮੰਦੇ ਅਸਰਾਂ ਨੂੰ ਚੰਗੀ ਤਰ੍ਹਾਂ ਵਿਸਥਾਰ ਕੇ ਸਮਝਾਣ ਦਾ ਯਤਨ ਕੀਤਾ ਹੈ ਤੇ ਹਉਮੈ ਨਾਲ ਜੰਗ ਕਰਕੇ ਸੰਜਮੀ ਜੀਵਨ ਬਤਾਣ ਦਾ ਪੂਰਾ-ਪੂਰਾ ਢੰਗ ਦਸਿਆ ਹੈ। ਸੂਫੀ ਮਤ ਨੇ ਹਉਮੈ-ਖ਼ੁਦੀ ਅਤੇ ਤਕੱਬਰ ਨੂੰ ਨਿੰਦਿਆ ਤਾਂ ਹੈ। ਪਰ ਇਸ ਮਨ ਦੇ ਸੂਖਮ ਪਰਦਿਆਂ ਨੂੰ ਫਰੋਲਣ ਦਾ ਯਤਨ ਨਹੀਂ ਕੀਤਾ।

ਜੀਵ-ਉਨਤੀ ਦੀਆਂ ਮੰਜ਼ਲਾਂ

ਗੁਰਮਤ ਨੇ ਜੀਵ-ਉੱਨਤੀ ਦੀਆਂ ਪੰਜ ਮੰਜ਼ਲਾਂ ਦਾ ਜ਼ਿਕਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਮੰਜ਼ਲਾਂ ਦਾ ਨਾਂ ਪੰਜ-ਖੰਡ ਰਖਕੇ ਜਪੁਜੀ ਸਾਹਿਬ ਵਿਚ ਇਨ੍ਹਾਂ ਦਾ ਵਿਸਥਾਰ ਕੀਤਾ ਹੈ। ਪਰ ਜ਼ੋਰ ਇਨ੍ਹਾਂ ਤੇ ਨਹੀਂ ਦਿਤਾ ਕੇਵਲ ਸੰਕੋਚਵੇਂ ਸ਼ਬਦਾਂ ਵਿਚ ਸਮਝਾਣ ਦਾ ਹੀ ਯਤਨ ਕੀਤਾ ਹੈ।

ਇਸੇ ਤਰ੍ਹਾਂ ਸੂਫੀ-ਕਾਵਿ ਵਿਚ, ਸ਼ਰੀਅਤ, ਤਰੀਕਤ, ਹਕੀਕਤ ਤੇ ਮਾਰਫਤ ਚਾਰ ਮੰਜ਼ਲਾਂ ਦਾ ਜ਼ਿਕਰ ਤਾਂ ਆਉਂਦਾ ਹੈ। ਪਰ ਇਨ੍ਹਾਂ ਸਿਧਾਂਤਕ ਸ਼ਬਦਾਂ ਤੇ ਬਹੁਤਾ ਬਲ ਨਹੀਂ ਦਿਤਾ ਗਿਆ।

ਅਸਲ ਵਿਚ ਇਹ ਮੰਜ਼ਲਾਂ ਕੇਵਲ ਉੱਨਤੀ ਦੀਆਂ ਮੰਜ਼ਲਾਂ ਹੀ ਹਨ। ਉੱਨਤ ਹੋਈ ਆਤਮਾਂ ਨੂੰ ਇਨ੍ਹਾਂ ਸਾਰੀਆਂ ਮੰਜ਼ਲਾਂ ਵਿਚ ਇਕ-ਸਾਰ ਫਿਰ ਵੀ ਵਿਚਰਨਾ ਪੈਂਦਾ ਹੈ, ਜਿਵੇਂ ਇਕ ਬੀ. ਏ. ਪਾਸ ਵਿਦਿਆਰਥੀ ਨੂੰ ਦਸਵੀਂ ਜਾਂ ਪੰਜਵੀਂ ਦੀ ਪੜ੍ਹਾਈ ਭੁਲ ਨਹੀਂ ਜਾਂਦੀ, ਸਗੋਂ ਪਹਿਲੀ-ਦੂਜੀ ਵਿਚ ਪੜ੍ਹੀ-ਸਿਖੀ ਗਈ ਤਾਲੀਮ ਦੀ ਵਰਤੋਂ ਵੀ ਉਸ ਨੂੰ ਕਿਧਰੇ ਨਾ ਕਿਧਰੇ ਕਰਨੀ ਪੈਂਦੀ ਹੈ। ਇਸ ਗੱਲ ਵਿਚ ਸੂਫੀ ਮਤ ਤੇ ਗੁਰਮਤ ਦੋਵੇਂ ਸਹਿਮਤ ਹਨ।

ਮਨੁੱਖੀ ਜੀਵਨ ਤੇ ਮਨੁੱਖ ਸਮਾਜ

ਗੁਰਮਤ ਦਾ ਜੀਵਨ ਵਿਅਕਤੀਗਤ ਵੀ ਹੈ ਤੇ ਸਮੂਹਕ ਵੀ ਹੈ।

ਗੁਰਸਿਖ ਨੇ ਜੀਵਨ ਆਪਣੇ ਲਈ ਵੀ ਜੀਣਾ ਹੈ ਤੇ ਪਰਉਪਕਾਰ ਲਈ ਵੀ। ਉਸ ਨੇ 'ਆਪ ਮੁਕਤ ਮੁਕਤ ਕਰੇ ਸੰਸਾਰ' ਦੇ ਉਦੇਸ਼ ਨੂੰ ਪਾਲਨਾ ਹੈ। ਉਸ ਦੀ ਜੀਵਨੀ ਆਪ ਤਰਨ ਤੇ ਦੂਜਿਆਂ ਨੂੰ ਤਾਰਨ ਲਈ ਹੈ। ਉਸ ਲਈ ਗੁਰ ਉਪਦੇਸ਼ ਹੈ :

"ਮਨੈ ਤਰੈ ਤਾਰੇ ਗੁਰੁਸਿਖ" ॥੧੫। (ਜਪੁ ਮ: ੧)
ਆਪਿ ਜਪੈ ਅਵਰਾ ਨਾਮੁ ਜਪਾਵੈ ॥੨॥ (ਗਉੜੀ ਕੀ ਵਾਰ ਮ: ੪)

ਓਹ ਮਨੁੱਖਤਾ ਵਿਚ ਵਿਤਕਰੇ ਤੇ ਵਖੇਵੇਂ ਨਹੀਂ ਵੇਖਦਾ। ਉਸ ਲਈ :

"ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ" ।.੪॥੧੭।.੧੧੯॥
(ਆਸਾ ਮ: ੫)
ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੩॥੮॥

ਕਿਉਂਕਿ ਓਹ ਵੇਖਦਾ ਹੈ :

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੩॥
(ਧਨਾਸਰੀ ਮ: ੧)

ਗੁਰਸਿਖ ਸਮੂਹ ਬ੍ਰਹਮੰਡ ਦੇ ਜੀਵਾਂ ਦੀ ਏਕਾਂਤ ਦਾ ਹਾਮੀ ਹੈ ਇਸ ਲਈ ਸਾਰੇ ਮਨੁੱਖੀ ਸਮਾਜ ਤੇ ਵਿਸ਼ਵ ਸਮਾਜ ਲਈ ਜੀਵਨ ਅਰਪਨ ਕਰਨਾ ਆਪਣਾ ਉਦੇਸ਼ ਸਮਝਦਾ ਹੈ। ਗੁਰਮਤ ਦਾ ਬ੍ਰਹਮ ਗਿਆਨੀ ਆਪਣੇ ਲਈ ਨਹੀਂ ਸਗੋਂ ਸਮੂਹ ਸੰਸਾਰ ਲਈ ਹੈ। ਉਸ ਅੰਦਰ ਪਰਉਪਕਾਰ ਤੋਂ ਬਿਨਾ ਦੂਜਾ ਫੁਰਨਾ ਉਪਜਦਾ ਹੀ ਨਹੀਂ। ਓਹ ਤਾਂ :

ਪਰਉਪਕਾਰ ਨਿਤ ਚਿਤਵਤੇ ਨਾਹੀ ਕਿਛੁ ਪੋਚ ॥੨॥੨੯॥੫੯॥
(ਬਿਲਾਵਲ ਮ: ੫)
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥੪॥੮॥
(ਗਉੜੀ ਸੁਖਮਨੀ ਮ: ੫)

ਬਲਵਾਨ ਸਪਸ਼ਟ ਵਿਸ਼ੂ ਏਕਤਾ ਅਤੇ ਸਮੂਹਕ ਵਿਸ਼ੂ ਸਮਾਜ ਦਾ ਸਿਧਾਂਤ ਸੂਫੀ ਕਾਵਿ ਵਿਚ ਨਹੀਂ ਹੈ।

ਪਰਵਿਰਤੀ ਜਾਂ ਨਿਰਵਿਰਤੀ ਮਾਰਗ

ਗੁਰਮਤ ਪਰਵਿਰਤੀ ਮਾਰਗ ਦੇ ਸਿਧਾਂਤ ਨੂੰ ਬੜੇ ਜ਼ੋਰਦਾਰ ਢੰਗ ਨਾਲ ਪਰਚਾਰਦਾ ਹੈ। ਓਹੋ ਨਿਵਿਰਤੀ ਮਾਰਗ ਦਾ ਪਖੀ ਨਹੀਂ ਸਗੋਂ ਪਰਵਿਰਤੀ ਵਿਚ ਨਿਰਵਿਰਤੀ ਦੀ ਰੁਚੀ ਰਖਣ ਦਾ ਉਪਦੇਸ਼ ਦੇਂਦਾ ਹੈ। ਉਸ ਲਈ ਤਿਆਗਣ ਜੋਗ ਚੀਜ਼ ਦੁਨੀਆਂ ਨਹੀਂ ਸਗੋਂ :

ਤਿਆਗਨਾ ਤਿਆਗਨੁ ਨੀਕਾ ਕਾਮ ਕ੍ਰੋਧ ਲੋਭੁ ਤਿਆਗਨਾ ।।੩।।੧।।੪।
(ਮਾਰੂ ਮ: ੩ ਅਸ਼ਟਪਦੀਆਂ)

ਕਾਮੁ ਕ੍ਰੋਧੁ ਲੋਭ ਮੋਹ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ।।
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ।।੧।।੨੯।।
(ਆਸਾ ਮ: ੫)

ਪਰ ਦਾਰਾ ਪਰ ਧਨੁ ਲੋਭਾ ਹਉਮੈ ਬਿਖੈ ਬਿਕਾਰੁ ।।
ਦੁਸਟ ਭਾਉ ਤਜਿ ਨਿੰਦ ਪਰਾਈ ਕਾਮ ਕ੍ਰੋਧ ਚੰਡਾਰੁ ।।੧।।
ਮਹਲ ਮਹਿ ਬੈਠੇ ਅਗਮ ਅਪਾਰ ।।
ਭੀਤਰਿ ਅੰਮ੍ਰਿਤੁ ਸੋਈ ਜਨ ਪਾਵੈ ।।
ਜਿਸ ਗੁਰ ਕਾ ਸਬਦੁ ਰਤਨੁ ਆਚਾਰ ।।੧।। ਰਹਾਉ ।।
ਦੁਖ ਸੁਖ ਦੋਊ ਸਮਕਰਿ ਜਾਨੈ ਬੁਰਾ ਭਲਾ ਸੰਸਾਰ ।।
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤ ਸੰਗਤਿ ਗੁਰ ਪਿਆਰ ।।੨।।੫।।
(ਮਲਾਹ ਮ: ੧)

ਗ੍ਰਿਹਸਥ ਤਿਆਗਣ ਜੋਗ ਨਹੀਂ ਸਗੋਂ ਗ੍ਰਿਹਸਥੀ ਜੇਕਰ ਸਚ ਸੰਜਮੀ ਹੋ ਕੇ ਗੁਰੂ ਉਪਦੇਸ਼ ਦਾ ਪਾਲਨ ਕਰੇ ਤਾਂ ਸਹਿਜੇ ਹੀ ਪਰਮ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਓਹ ਜਲ ਵਿਚ ਵਸਦੇ ਕੰਵਲ ਵਾਂਗ ਨਿਰਾਲਮ ਰਹੇ। ਨਦੀ ਤਟੰਦੀ ਮੁਰਗਾਬੀ ਵਾਂਗ ਆਪਣੇ ਪਰ ਸੁਕੇ ਰਖੇ ਭਾਵ ਪਰਵਿਰਤੀ ਵਿਚ ਨਿਰਵਿਰਤੀ ਦੀ ਰੁਚੀ ਪਰਬਲ ਕਰੇ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ।।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।।
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ।।
ਅਗਮ ਅਗੋਚਰੁ ਦੇਖਿ ਦਿਖਾਏ ਨਾਨਕ ਤਾਕਾ ਦਾਸੋ ।।੫।।
(ਸਿਧ ਗੋਸਟਿ ਰਾਮਕਲੀ ਮ: ੧)

ਬਹੁ ਭੇਖ ਕਰਿ ਭਰਮਾਈਐ ਮਨ ਹਿਰਦੈ ਕਪਟ ਕਮਾਇ ।।
ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ।।
ਮਨ ਰੇ ਗ੍ਰਿਹ ਹੀ ਮਹਿ ਉਦਾਸ ।।
ਸਚ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪ੍ਰਗਾਸੁ ।।੧।। ਰਹਾਉ ।।
ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ।।
ਹਰਿ ਕਾ ਨਾਮੁ ਧਿਆਈਐ ਸਤਿ ਸੰਗਤਿ ਮੇਲ ਮੇਲਾਇ ।।੨।।੩।।੩੫।।
(ਸ੍ਰੀ ਰਾਗ ਮ: ੩)

ਉਪਰ ਦਿਤੀ ਗਈ ਵਿਚਾਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਜੋ ਗੁਰਮਤ ਪਰਵਿਰਤੀ ਮਾਰਗ ਦੀ ਪੁਰਜ਼ੋਰ ਸਿਫਾਰਸ਼ ਕਰਦੀ ਹੈ। ਪਰ ਸੂਫੀ

ਸਾਹਿਤ ਪਰਵਿਰਤੀ ਮਾਰਗ ਦਾ ਤਾਂ ਉਕਾ ਹੀ ਹਾਮੀ ਨਹੀਂ ਸਗੋਂ ਨਿਰਵਿਰਤੀ ਮਾਰਗ ਲਈ ਉਸ ਦਾ ਬਿਆਨ ਸਪਸ਼ਟ ਨਹੀਂ ।

ਡਾਕਟਰ ਤਾਰਨ ਸਿੰਘ ਜੀ ਲਿਖਦੇ ਹਨ, "ਗੁਰਮਤ ਕਾਵਿ ਦਾ ਜ਼ੋਰ ਸ਼ੁਧ ਗਿਆਨ, ਸਮਾਜਕ, ਗ੍ਰਿਸਤੀ ਜੀਵਨ ਜੀਣ ਤੇ ਹੈ ਪਰ ਸੂਫੀ ਕਾਵਿ ਵਿਚ ਸਮਾਜਕ ਤੇ ਗ੍ਰਸਤੀ ਜੀਵਨ ਤੇ ਬਿਲਕੁਲ ਬਲ ਨਹੀਂ ਹੈ। ਸ਼ਖਸੀ ਮੌਜ ਵਾਲਾ ਧਰਮ ਹੈ ਜਿਥੇ 'ਕੋਈ ਇਸ਼ਕ ਦਾ ਤ੍ਰਿਖੜਾ ਤਾਲ ਹੈ' ਪਰ ਸਮਾਜਕ, ਰਾਸ਼ਟਰੀ ਤਾਲ ਨਹੀਂ ਹੈ। ਐਸੀ ਚੇਤੰਨਤਾ ਘਟੋ-ਘਟ ਸੂਫੀ ਕਾਵਿ ਵਿਚ ਕਿਧਰੇ ਨਹੀਂ ਹੈ। ਕੋਈ ਜੋਗ ਨਾਲ, ਸਿਧੀ ਵਾਲਾ, ਆਦਰਸ਼ਕ ਸਦਾਚਾਰ ਤੇ ਸ਼ਖਸੀਅਤ ਦੀਆਂ ਉਚਾਈਆਂ ਤੇ ਸਿਖਰਾਂ ਵਾਲਾ ਜੀਵਨ ਵੀ ਸੂਫੀਆਂ ਨੇ ਨਹੀਂ ਕਲਪਿਆ, ਇਕ ਮਸਤੀ, ਮੌਜ, ਬੰਦਗੀ ਦੇ ਮੈਖਾਨੇ ਵਾਲਾ ਜੀਵਨ ਕਲਪਿਆ ਹੈ ਜਿਥੇ ਮਨੁੱਖ ਅਰਧ-ਚੇਤੰਨ ਅਵਸਥਾ ਵਿਚ ਉਘਲਾਂਦਾ ਰਹੇ, 'ਸੰਤ-ਸਪਾਹੀ' ਬਣਕੇ ਸੂਫੀ ਜਾਤ, ਸਮਾਜ, ਦੇਸ਼, ਵਿਸ਼ਵ ਦਾ ਪਹਿਰਾ ਨਹੀਂ ਦੇ ਸਕਦਾ, ਨਾ ਐਸੀ ਜ਼ੁਮਾਵਾਰੀ ਉਹ ਲੈਂਦਾ ਹੈ, ਨਾ ਉਹ 'ਗਗਨ ਦਮਾਮਾ' ਸੁਣਦਾ ਹੈ, ਨਾ ਉਹ 'ਸੂਰਾ' ਬਣਕੇ 'ਦੀਨ ਹੇਤ' ਲੜਨਾ ਆਪਣਾ ਕਰਤਵ ਸਵੀਕਾਰ ਕਰਦਾ ਹੈ। 'ਮੀਰੀ ਪੀਰੀ' ਦੇ ਸੁਮੇਲ ਦਾ ਸੂਫੀ ਨੂੰ ਰਸ ਪ੍ਰਾਪਤ ਨਹੀਂ ਹੈ। ਬੰਦਗੀ ਵਿਚ ਸਰਸ਼ਾਰ ਤੇ ਹੈ—ਪਰ ਬੰਦਗੀ ਨੇ ਵਿਸ਼ਵ-ਜੀਵਨ ਨੂੰ ਚੰਗੇਰਾ ਬਨਾਣ ਦੀ ਜ਼ੁਮੇਵਾਰੀ ਸਭਾਲਣੀ ਹੈ, ਇਹ ਅਹਿਸਾਸ ਸੂਫੀ ਨੂੰ ਨਹੀਂ ਹੈ।"

(ਪੰਜਾਬੀ ਦੁਨੀਆਂ ਸੂਫੀ ਅੰਕ ਪੰਨਾ ੯੫-੯੬)

ਇਸੇ ਲੇਖ ਵਿਚ ਡਾਕਟਰ ਸਾਹਿਬ ਲਿਖਦੇ ਹਨ :

"ਸਮੁਚੇ ਤੌਰ ਤੇ ਅਸੀਂ ਨਜ਼ਰੀਏ, ਦ੍ਰਿਸ਼ਟੀਕੋਣ ਆਦਿ ਦੇ ਸ਼ੈਲੀ ਭੇਦਾਂ ਨੂੰ ਇਸ ਤਰ੍ਹਾਂ ਉਲੀਕ ਸਕਦੇ ਹਾਂ। ਪਹਿਲਾ ਭੇਦ ਜਿਹੜੇ ਸਮੁਚੇ ਤੌਰ ਤੇ ਦੋ ਧਾਰਾ ਵਿਚ ਹੈ, ਉਹ 'ਸਹਿਜ' ਤੇ 'ਸ਼ੋਖੀ' ਦਾ ਹੈ। ਗੁਰ-ਬਾਣੀ ਵਿਚ ਵਿਚਾਰ-ਗਤੀ ਅਤੇ ਪ੍ਰਗਟਾਗਤੀ ਦੋਵੇਂ 'ਸਹਿਜ' ਦੇ ਸੁਭਾ ਅਤੇ ਆਸ਼ਿਆਂ ਨੂੰ ਆਦਰਸ਼ ਮਨ ਕੇ ਚਲਦੀਆਂ ਹਨ। ਇਸੇ ਸਹਿਜ ਦੇ ਦ੍ਰਿਸ਼ਟੀਕੋਨ ਨੇ ਅਗੇ 'ਸੰਤ-ਸਿਪਾਹੀ' ਦਾ 'ਸਹਿਜ' ਪ੍ਰਾਪਤ ਕੀਤਾ ਹੈ। 'ਸਹਿਜ' ਹੈ ਸੁਨਹਿਰੀ ਵਿਚਕਾਰਲਾ 'ਮਾਰਗ' ਜਿਥੇ ਕਿਸੇ ਪਾਸੇ ਉਲਾਰ ਨਹੀਂ ਹੋਣਾ, ਨਾ ਪਰਵਿਰਤ ਵਿਚ ਅਤੇ ਨਾ ਨਿਰਵਿਰਤ ਵਿਚ, ਨਾ ਕਾਮ ਵਿਚ ਅਤੇ ਨਾ ਜਤ ਵਿਚ, ਨਾ ਗ੍ਰਸਤ ਵਿਚ ਅਤੇ ਨਾ ਉਦਾਸ ਵਿਚ, ਉਮਾਹ ਤੇ ਉਤਸ਼ਾਹ ਵਿਚ ਸ਼ੋਖ ਨਹੀਂ ਹੋਣਾ, ਖੁਸ਼ੀ ਉਦਾਸੀ ਵਿਚ ਵੀ ਸ਼ੋਖ ਨਹੀਂ ਹੋਣਾ। ਪਰ ਸੂਫੀ-ਕਾਵਿ ਤੀਬਰਤਾ ਤੇ ਸ਼ੌਖੀ ਦਾ ਮਾਰਗ ਹੈ। ਇਥੇ ਇਸ਼ਕ ਦਾ ਤਾਲ ਵੀ ਤ੍ਰਿਖੜਾ ਹੈ, ਮੁਰਸ਼ਦ ਦਾ ਭੈ ਵੀ ਤ੍ਰਿਖੜਾ ਹੈ ਗ੍ਰਿਸਤ

ਤੋਂ ਘ੍ਰਿਣਾ ਵੀ ਤੀਬਰ ਹੈ। ਸੁਭਾ ਤੇ ਸਹਿਜ ਜਾਂ ਸ਼ੋਖੀ ਪੈਂਦਾ ਕੀਤੀ ਹੈ। ਬੁਨਿਆਦੀ ਫਰਕ ਇਹੋ ਹੈ, ਬਾਕੀ ਸਾਰੇ ਫਰਕ ਇਸ ਸੁਭਾ-ਫਰਕ ਦੇ ਸਿਟੇ ਹਨ।"

"ਸੂਫੀ ਕਵੀ ਉਮਾਹ ਵਿਚ ਆ ਕੇ ਭਾਉ (ਪ੍ਰੇਮ-ਪਿਆਰ) ਵਿਚ ਪੁਜ ਜਾਂਦਾ ਹੈ ਪਰ ਫਿਰ ਉਲਾਰ ਹੋ ਜਾਂਦਾ ਹੈ ਅਤੇ ਭਉ (ਨਿਰਮਲ ਭਉ) ਨੂੰ ਤਿਆਗ ਦਿੰਦਾ ਹੈ। ਉਹ ਜਦੋਂ ਭਉ (ਡਰ) ਨੂੰ ਤਿਆਗਦਾ ਹੈ ਤਾਂ ਉਸ ਅੰਦਰ (ਅਨਲ-ਹਕ) ਦੀ ਅਵਸਥਾ ਆ ਜਾਂਦੀ ਹੈ, ਉਹ ਪ੍ਰਭੂ ਨਾਲ ਅਭੇਦਤਾ ਦਾ ਦਾਹਵਾ ਕਰ ਦੇਂਦਾ ਹੈ ਤੇ ਕਈ ਵਾਰੀ ਸ਼ੋਖੀ ਵਿਚ ਉਸ ਨਾਲ ਰਿਸ਼ਤੇ ਦੀ ਇਸ਼ਕ ਗਰਮੀ ਵਿਚ ਓਹ ਖੁਲ ਲੈ ਲੈਂਦਾ ਹੈ, ਬੋਲ ਦੀ, ਕਹਿਣ ਦੀ, ਜੋ ਗੁਰੂ ਕਵੀ ਕਦੇ ਨਹੀਂ ਲੈਂਦਾ। ਗੁਰੂ-ਕਾਵਿ ਦੀ 'ਹਉਮੈ' ਦਾ ਨਾਸ ਹੋ ਕੇ ਕੇਵਲ 'ਤੂੰ ਹੀ' ਰਹਿ ਜਾਂਦਾ ਹੈ, ਸੂਫੀ-ਕਾਵਿ ਦੀ 'ਮੈ ਉਹੀ ਰੇ, ਮੈ ਉਹੀ ਰੇ' ਦੀ ਅਹੰਮਤਾ ਵਾਲੀ ਸ਼ੋਖੀ ਜਾਗਦੀ ਹੈ। ਅਭੇਦਤਾ ਦੋਹਾਂ ਵਿਚ ਹੈ, ਸੂਫੀ-ਕਾਵਿ ਵਿਚ 'ਮੈਂ ਉਹੀ ਦੇ ਅਹਿਸਾਸ ਦੀ ਅਤੇ ਗੁਰਮਤ ਵਿਚ 'ਤੂੰ ਹੀ ਮੈ ਨਾਹਿ' ਦੇ ਅਹਿਸਾਸ ਦੀ। ਗੁਰਮਤ ਵਿਚ 'ਭਾਉ ਤੇ ਭਉ' ਦਾ ਸੁਮੇਲ ਤੇ 'ਸਹਿਜ' ਹੈ ਪਰ ਸੂਫੀ ਮਤ ਜਾਂ 'ਭਾਉ' ਵਲ ਉਲਾਰ ਹੋ ਜਾਂਦਾ ਹੈ ਜਾਂ ਨਿਰਾ 'ਭਉ' ਵਾਲਾ- ਵਿਚਾਲੇ ਨਹੀਂ ਟਿਕਦਾ ਜੋ 'ਸਹਿਜ' ਮਾਰਗ ਹੈ।"

ਸੂਫੀ ਕਵਿਤਾ ਵਿਚ ਮੰਜ਼ਲ ਤੇ ਹੈ—ਪਰਮਾਤਮਾ ਨਾਲ ਅਭੇਦਤਾ ਪਰ ਸੰਸਾਰ ਵਿਚ ਜੋ ਕੁਝ 'ਮਤਲੂਬ' ਹੈ, ਉਸ ਤੇ ਇਸ ਕਾਵਿ ਦਾ ਜ਼ੋਰ ਮੂਲੋਂ ਹੀ ਨਹੀਂ ਹੈ। ਗੁਰਬਾਣੀ ਦਾ ਜ਼ੋਰ ਇਤਨਾਂ ਮੁਕਤੀ ਤੇ ਨਹੀਂ ਹੈ ਜਿਤਨਾ ਜੀਵਨ ਮੁਕਤੀ ਤੇ ਹੈ। ਗੁਰਬਾਣੀ ਦਾ ਜ਼ੋਰ ਸਵਰਨ ਤੇ ਮਿਟੀ ਦੀਆਂ ਹਾਲਤਾਂ ਵਿਚ ਮਨ ਦੇ ਸਹਿਜ ਨੂੰ ਕਾਇਮ ਰਖ ਸਕਣ ਦੀ ਅਵਸਥਾ ਤੇ ਹੈ:

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦ ਤਹ ਨਹੀ ਬਿਓਗੁ ॥
ਤੈਸਾ ਸੁਵਰਨ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕ ਤੈਸਾ ਰਾਜਾਨੁ ॥

ਤਾਂ ਜੋ ਸਮਾਜਕ ਜੀਵਨ ਪਰਫੁਲਤ ਹੋਵੇ। ਪਰ ਇਸ 'ਸੰਤੁਲਤਾ ਮਨ' ਦਾ ਆਦਰਸ਼ ਸੂਫੀ-ਕਾਵਿ ਵਿਚ ਕਿਤੇ ਪਰਤੱਖ ਨਹੀਂ ਹੈ। ਭਾਵੇਂ ਸੰਸਾਰ ਵਿਚ ਉਸ ਤੋਂ ਉਚੀ ਹੋਰ ਕੋਈ ਅਵਸਥਾ ਹੋ ਹੀ ਨਹੀਂ ਸਕਦੀ।"

(ਪੰਜਾਬੀ ਸਾਹਿਤ ਸੂਫੀ ਅੰਕ ਪੰਨਾ ੮੬-੯੨)

ਗੁਰਮਤ ਨੇ ਤਿਆਗ ਤੇ ਵੈਰਾਗ ਵਿਚੋਂ ਵੈਰਾਗ ਨੂੰ ਚੁਣਿਆ ਹੈ। ਵੈਰਾਗ

ਵਿਚ ਕੁਰਬਾਨੀ ਤਾਂ ਹੈ। ਪਰ ਸੰਸਾਰ ਨੂੰ ਨਾਸ਼ਮਾਨ ਜਾਣ ਕੇ ਇਸ ਵਲੋਂ ਅੱਖਾਂ ਨਹੀਂ ਮੀਟੀਆਂ। ਸੰਸਾਰ ਕੇਵਲ ਬਿਖ ਹੀ ਨਹੀਂ ਜਾਣਿਆ ਸਗੋਂ ਅੰਮ੍ਰਿਤ ਵੀ ਇਸੇ ਸੰਸਾਰ ਦੀ ਹੀ ਸੰਪਰਦਾ ਹੈ। ਗੁਰਮਤ ਦਾ ਖਿਆਲ ਹੈ। ਸੰਸਾਰ ਇਕ ਬਿਰਖ ਹੈ ਜਿਸ ਨਾਲ ਕਰਤਾਰ ਨੇ ਬਿਖ ਤੇ ਅੰਮ੍ਰਿਤ ਦੋਵੇਂ ਫਲ ਲਾਏ ਹਨ:

ਬਿਖ ਅੰਮ੍ਰਿਤ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥੩॥੧॥
(ਬਸੰਤ ਮ: ੩)

ਸੋਚਣਾ ਤਾਂ ਇਹ ਹੈ ਕਿ ਇਹ ਮਾਇਆ ਭਾਵੇਂ ਭਰਮ ਕਹੋ, ਛਾਇਆ, ਟੋਕ ਜਾਂ ਪਾਪ ਕੁਝ ਭੀ ਇਸ ਦਾ ਨਾਮ ਰਖ ਲਵੋ ਪੈਦਾ ਕਿਉਂ ਕੀਤੀ ਗਈ? ਅਸਲ ਗੱਲ ਤਾਂ ਇਹ ਹੈ ਕਿ ਆਤਮਕ ਬਲ ਵਧਦਾ ਤਦੋਂ ਹੀ ਹੈ। ਜਦੋਂ ਮਾਦੀ ਰੋਕਾਂ ਨਾਲ ਟਕਰ ਲੈ ਉਨ੍ਹਾਂ ਨੂੰ ਜਿਤੀਏ। ਇਖਲਾਕੀ ਗੁਣ ਓਦੋਂ ਹੀ ਆਂਵਦੇ ਹਨ। ਜਦੋਂ ਪਰਤਾਵਿਆਂ ਵਿਚੋਂ ਸਫਲਤਾ ਨਾਲ ਲੰਘੀਏ। ਉਨ੍ਹਾਂ ਦੇ ਕਾਬੂ ਵਿਚ ਨਾ ਆਈਏ ਸਗੋਂ ਉਨ੍ਹਾਂ ਤੇ ਕਾਬੂ ਪਾਈਏ। ਸਾਡੀ ਆਤਮਕ ਉਨਤੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਮਮਤਾ ਆਦਿ ਦਾਨਵੀ ਗੁਣਾਂ ਨਾਲ ਜੋ ਹਉਮੈ ਦਾ ਰੂਪ ਹਨ। ਜੰਗ ਕਰੀਏ ਤੇ ਇਨ੍ਹਾਂ ਤੇ ਫਤਹ ਪਾਈਏ। ਗੁਰਮਤ ਅਨੁਸਾਰ ਇਹ ਰੋਕਾਂ ਨਹੀਂ ਸਗੋਂ ਆਤਮਕ ਉਨਤੀ ਲਈ ਰਖਿਆ ਹਨ ਤਾਂ ਜੋ ਇਨ੍ਹਾਂ ਨਾਲ ਸ਼ੁਧ ਕਰਕੇ ਸਾਡੀ ਆਤਮਾ ਬਲਵਾਨ ਹੋ ਜਾਵੇ। ਜੋ ਮਨੁੱਖ ਗੁਰਮਤਿ ਧਾਰਕੇ ਇਨ੍ਹਾਂ ਨੂੰ ਜ਼ੇਰ ਕਰ ਲੈਂਦੇ ਹਨ। ਉਹ ਆਪਣੇ ਜੀਵਨ ਦੇ ਅਸ਼ਾਸੇ ਨੂੰ ਬਚਾ ਕੇ ਇਸ਼ ਪੂੰਜੀ ਨੂੰ ਪਰਫੁਲਤ ਕਰਕੇ ਜੀਵਨ ਸਫਲ ਕਰ ਲੈਂਦੇ ਹਨ। ਇਸ ਦੇ ਉਲਟ ਮਨਮੁਖ ਇਨ੍ਹਾਂ ਦੇ ਵਸ ਵਿਚ ਆ ਕੇ ਜੋ ਮੂੜੀ ਮਿਲੀ ਹੈ, ਉਸ ਨੂੰ ਗਵਾ ਜਾਂਦੇ ਹਨ:

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਜ ਇਕਠੀਆ ॥ ਦਯੁ ਬੈਠਾ ਵੇਖੈ ਆਪ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ਮਲ ਲਥੇ ਲੈਂਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ ਦਿਤੀ ਕੰਡਿ ਜੀਉ ।.੧੮॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨ ਮੁਖ ਚਲੇ ਮੂਲੁ ਗਵਾਇ ਜੀਉ ॥੧੯॥੨॥੨੯॥
(ਸ੍ਰੀ ਰਾਗ ਮ: ੫)

ਸੋ ਗੁਰਮਤ ਨੇ ਸੰਸਾਰ ਨੂੰ ਬਲਵਾਨ ਜਾਂ ਗੁਮਰਾਹਕੁਨ ਸਮਝ ਕੇ ਇਸ ਨੂੰ ਤਿਆਗਿਆ ਨਹੀਂ ਸਗੋਂ ਇਕ ਪਹਿਲਵਾਨ ਵਾਂਗ ਇਸ ਨਾਲ ਘੋਲ ਕਰਕੇ ਇਸ ਤੇ ਵਿਜੇ ਪ੍ਰਾਪਤ ਕਰਨ ਦਾ ਢੰਗ ਦਰਸਾਇਆ ਹੈ। ਇਸੇ ਲਈ

ਗੁਰਮਤ ਸੂਫੀ ਮਤ ਤੋਂ ਵਿਲੱਖਣ ਹੈ ।

ਗੁਰਮਤ ਤਿਆਗ ਤੇ ਵੈਰਾਗ ਦੇ ਵਿਚਲੇ ਮਾਰਗ ਦੀ ਧਾਰਨੀ ਹੈ । ਇਹ ਦਰਮਿਆਨੀ ਪਥ 'ਸਹਿਜ' ਹੈ । ਪਰ ਸੂਫੀ ਮੱਤ ਬੈਰਾਗ ਵਲ ਵਧੇਰੇ ਉਲਾਰ ਹੈ। ਇਸ ਮਸਲੇ ਤੇ ਸੂਫੀ-ਕਾਵਿ ਚੇਤੰਨ ਨਿਰਨਾ ਨਹੀਂ ਕਰ ਸਕਿਆ ।

ਗੁਰਮੱਤ ਦਾ ਇਕ ਹੋਰ ਬਲਵਾਨ ਸਿਧਾਂਤ 'ਸਾਧ ਸੰਗਤ' ਦਾ ਸਿਧਾਂਤ ਹੈ । ਗੁਰਸਿਖ ਨੇ 'ਸਾਧ ਸੰਗਤ' ਨੂੰ 'ਸਿਰਿ ਕਰਮਨ ਕੈ ਕਰਮਾ' ਜਾਣ ਪ੍ਰਭੂ ਉਸਤਤਿ ਵੀ ਸਤਿ ਸੰਗਤ ਵਿਚ ਹੀ ਕਰਨੀ ਹੈ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ।।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬੁ ਲਿਖੇ ਕਾ ਲਹਣਾ ।।੮।।
(ਸੋਰਠ ਮ: ੫ ਘਰ ੨ ਅਸਟਪਦੀਆ)

ਪਰ ਸੂਫੀ ਕਾਵਿ ਵਿਚ 'ਰੰਗਤ' ਤੇ ਬਲ ਹੈ, 'ਸੰਗਤ' ਤੇ ਬਲ ਨਹੀਂ । ਡਾਕਟਰ ਤਾਰਨ ਸਿੰਘ ਜੀ ਲਿਖਦੇ ਹਨ, "ਹਰ ਸੂਫੀ 'ਰਤਾ ਇਸ਼ਕ ਖੁਦਾਇ' ਹੈ । ਡੂੰਘਾ ਲਾਲ ਰੰਗ ਓਹਨੂੰ ਚੜ੍ਹਿਆ ਹੋਇਆ ਹੈ ਪਰ 'ਸੰਗਤ' ਦੇ ਸਿਧਾਂਤ ਤੇ ਉਸਦਾ ਬਲ ਨਹੀਂ । ਮੁਰਸ਼ਦ ਦੀ ਸੰਗਤ ਤੇ ਉਸਦਾ ਬਲ ਹੈ ਪਰ ਸੰਤਾਂ ਦੀ ਸੰਗਤ ਤੇ ਨਹੀਂ ਹੈ । ਕਿਤੇ ਕਿਤੇ 'ਰਲ ਫਕੀਰਾਂ ਮਜਲਸ ਕੀਤੀ' ਦਾ ਸਿਧਾਂਤ ਸੂਫੀਆਂ ਨੇ ਅਪਨਾਇਆ ਹੈ ਪਰ ਗੁਰੂ ਕਾਵਿ ਵਿਚ ਤੇ ਹਰ ਸ਼ਬਦ ਵਿਚ ਸੰਗਤ, ਸਾਧ ਸੰਗਤ, ਸੰਤ-ਸਹਿਤ ਤੇ ਬਲ ਹੈ । ਇਸੇ ਕਰਕੇ ਇਸ ਫਲਸਫੇ ਵਿਚ ਸਮਾਜਕ ਚੇਤੰਨਤਾ ਹੈ ਤੇ ਸੂਫੀ-ਕਾਵਿ ਵਿਚ ਨਹੀਂ ਹੈ । ਸੂਫੀ ਇਕੱਲਿਆਂ ਹੀ ਰੰਗ ਰਸ ਮਾਣਦਾ ਹੈ । ਸੂਫੀਆਂ ਵਿਚ ਇਸ਼ਕ ਤੇ ਰਿਸ਼ਕ ਦੋਵੇਂ ਹਨ, ਗੁਰਮਤ ਵਿਚ ਵੀ ਇਹ ਦੋਵੇਂ ਹਨ । ਰਿਸ਼ਕ ਦਾ ਭਾਵ ਇਹ ਹੈ ਕਿ ਹੋਰ 'ਸੁਹਾਗਣਾ' ਨੂੰ ਵੇਖਕੇ 'ਪਿਰ ਰਾਵਣ' ਦੀ ਇਛਾ ਦਾ ਪਰਬਲ ਹੋਣਾ । ਗੁਰਬਾਣੀ ਵਿਚ 'ਰਿਸ਼ਕ' ਹੀ 'ਇਸ਼ਕ' ਦਾ ਜ਼ਰੂਰੀ ਸਾਧਨ ਮੰਨਿਆ ਹੈ, ਸੂਫੀ ਵੀ ਸਹੇਲੀਆਂ ਨੂੰ ਆਵਾਜ਼ਾ ਮਾਰਦਾ ਹੈ । ਇਸ ਤਰ੍ਹਾਂ ਸੰਗਤ ਦਾ ਸਿਧਾਂਤ ਏਹਾਂ ਵਿਚ ਆ ਪਰਵੇਸ਼ ਕਰਦਾ ਹੈ ਪਰ ਕੋਈ ਕਾਰਨ ਹੈ ਕਿ ਸੂਫੀ-ਸੰਗਤਾਂ ਜਥੇਬੰਦ ਨਹੀਂ ਹੋ ਸਕੀਆਂ । ਜਾਂ ਸਿਖ ਸੰਗਤਾਂ ਬੜੀ ਦ੍ਰਿੜ੍ਹਤਾ ਨਾਲ ਜਥੇਬੰਦ ਹਨ । ਕਾਰਨ ਸਮਾਜਕ ਚੇਤੰਨਤਾ ਦੀ ਘਾਟ ਹੈ । ਸੂਫੀ ਮਤ ਦਾ ਸਿਧਾਂਤ ਤੇ ਹੈ ਪਰ ਮਤ ਬਣ ਨਹੀਂ ਸਕਿਆ ।"

(ਪੰਜਾਬੀ ਦੁਨੀਆਂ ਪੰਨਾ ੮੯-੮੯)

ਅੰਤ ਵਿਚ ਸੰਖੇਪ ਵਿਚ ਇਹੋ ਕਿਹਾ ਜਾ ਸਕਦਾ ਹੈ ਜੋ ਬੁਨਿਆਦੀ ਤੌਰ ਤੇ ਗੁਰਬਾਣੀ ਤੇ ਸੂਫੀ-ਕਾਵਿ ਦੋਵੇਂ 'ਗੁਣ ਗੋਬਿੰਦ ਤੇ ਨਾਮ ਧੁਨਿ" ਦੀਆਂ

ਬਾਣੀਆਂ ਹੀ ਹਨ ਦੋਹਾਂ ਵਿਚ ਪਰਮਾਤਮਾ, ਆਤਮਾ, ਜਗਤ, ਗੁਰੂ, ਨਾਮ, ਮਨ ਤੇ ਜੀਵਨ ਬਾਰੇ ਕਾਫੀ ਸਾਂਝ ਵੀ ਹੈ ਤੇ ਭਿੰਨਤਾ ਵੀ। ਸਮਤਾ ਵੀ ਮਿਲਦੀ ਹੈ ਤੇ ਵਿਰੋਧਤਾ ਵੀ ਸਪਸ਼ਟ ਹੈ। ਇਹ ਗਲ ਮਨਣੋ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਇਹ ਅੱਡ ਅੱਡ ਦੋ ਧਾਰਾਂ ਹੀ ਹਨ ਇਕ ਦੂਜੇ ਵਿਚ ਸਮਾ ਨਹੀਂ ਸਕਦੀਆਂ। ਅਸਲ ਵਿਚ ਦੋਹਾਂ ਧਾਰਾਂ ਵਿਚ ਮੁਢਲਾ ਭੇਦ ਵਿਚਾਰ ਸ਼ੈਲੀ ਦਾ ਹੈ ਜੋ ਲਿਖਣ ਤੇ ਬੋਲਣ ਵਿਚ ਭਿੰਨਤਾ ਪੈਦਾ ਕਰ ਗਈ ਹੈ। ਇਸਤੋਂ ਛੁਟ ਗੁਰੂਆਂ ਤੇ ਸੂਫੀ ਫਕੀਰਾਂ ਦੇ ਸੁਭਾਵਾਂ ਵਿਚ ਵੀ ਅੰਤਰ ਸਪਸ਼ਟ ਹੈ ਤੇ ਇਸ ਸੁਭਾਵਕ ਅੰਤਰ ਦੇ ਕਾਰਨ ਵੀ ਦੋਵੇਂ ਧਾਰਾਂ ਇਕ ਦੂਜੇ ਤੋਂ ਅਡਰੀਆਂ ਹੋ ਗਈਆਂ ਹਨ।

ਸੂਫੀ ਵਾਦ ਸੁਭਾਵ ਅਨੁਸਾਰ ਗਰਮ ਮੰਨਿਆ ਗਿਆ ਹੈ ਗੁਰਮਤ ਤਰਲ ਤੇ ਸਹਿਜ ਵਾਲਾ ਮਾਰਗ ਹੈ। ਸੂਫੀਵਾਦ ਉਲਾਰ ਤੇ ਇਕ ਪਾਸੜ ਹੈ ਇਸੇ ਲਈ ਸੌਖ ਹੈ।

ਸੂਫੀਵਾਦ ਗ਼ੈਰ-ਭਾਰਤੀ ਹੋਣ ਦੇ ਕਾਰਨ ਭਾਰਤੀ ਮਤਾਂ ਤੇ ਦਾਰਸ਼ਨਿਕ ਅਲੋਚਨਾਂ ਤੋਂ ਸੰਕੋਚ ਕਰਦਾ ਰਿਹਾ ਹੈ ਕਿਉਂਕਿ ਉਸਦੇ ਅਜਿਹਾ ਕਰਨ ਨਾਲ ਹਿੰਦੂ ਮੁਸਲਿਮ ਏਕਤਾ ਨੂੰ ਨੁਕਸਾਨ ਪੁਜਦਾ ਸੀ। ਪਰ ਗੁਰਮਤ ਨੇ ਭਾਰਤੀ ਤੇ ਗੈਰ ਭਾਰਤੀ ਦਰਸ਼ਨਾਂ ਦੀ ਭਾਵੇਂ ਆਲੋਚਨਾ ਤੇ ਨਹੀਂ ਕੀਤੀ ਪਰ ਫੇਰ ਭੀ ਬ੍ਰਾਹਮਣ, ਬੋਧੀ, ਜੈਨੀ, ਜੋਗੀ, ਮੁਲਾਂ ਆਦਿ ਦੇ ਭੇਖਾਂ, ਭਾਵਨਾਵਾਂ, ਜੀਵਨ ਢੰਗਾਂ, ਕਰਮ ਕਾਂਡਾਂ, ਸ਼ਰ੍ਹਾ ਆਦਿ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਸੂਫੀ ਕਾਵ ਨੇ ਵੀ ਕਿਧਰੇ ਕਿਧਰੇ ਇਸਲਾਮੀ ਤੇ ਹਿੰਦੂ ਕਰਮ ਕਾਂਡ ਦੀ ਨਿਮੀ ਨਿਮੀ ਆਲੋਚਨਾਂ ਤਾਂ ਕੀਤੀ ਹੈ ਪਰ ਸੂਫੀ ਕਵੀ ਕਿਉਂਕਿ ਮੁਸਲਮਾਨ ਸਨ ਇਸ ਲਈ ਉਨ੍ਹਾਂ ਬੜੇ ਫੂਕ ਫੂਕ ਕੇ ਪੈਰ ਧਰੇ ਹਨ ਤਾਂ ਜੋ ਕਿਧਰੇ ਹਿੰਦੂ ਮੁਸਲਿਮ ਏਕਤਾ ਭੰਗ ਨਾ ਹੋ ਜਾਵੇ। ਇਸ ਲਈ ਸੂਫੀ ਕਾਵਿ ਵਿਚ ਪੈਗੰਬਰਾਂ ਵਾਲੀ ਅੱਗ ਨਹੀਂ ਉਪਜੀ ਜੋ ਗੁਰਬਾਣੀ ਵਿਚ ਹੈ ਭਾਵੇਂ ਗੁਰੂਆਂ ਦਾ ਆਸ਼ਾ ਵੀ ਹਿੰਦੂ ਮੁਸਲਿਮ ਏਕਤਾ ਹੀ ਸੀ।

ਅਸਲ ਗਲ ਤਾਂ ਇਹ ਹੈ ਕਿ ਗੁਰੂ ਭਾਰਤੀ ਸਨ ਤੇ ਭਾਰਤੀ ਸਮਾਜ ਨੂੰ ਆਪਣਾ ਸਮਝਦੇ ਸਨ ਪਰ ਮੁਸਲਮਾਨ ਸੂਫੀ ਕਵੀ ਇਹ ਨਹੀਂ ਸਨ ਕਰ ਸਕੇ ਇਸ ਕਰਕੇ ਉਪ੍ਰੋਕਤ ਨੁਕਤਾ ਨਿਮਰਤਾ ਨਿਗਾਹ ਨਾਲ ਗੁਰਬਾਣੀ ਪੈਗੰਬਰਾਂ ਦੀ ਕਿਰਤ ਹੈ ਅਤੇ ਸੂਫੀ ਬਾਣੀ ਫਕੀਰਾਂ ਦੀ।

ਭਾਗ ਪੰਜਵਾਂ

ਗੁਰਮਤ ਤੋਂ ਮਗਰੋਂ ਉਪਜੇ ਸਮਾਜ

ਰਾਧਾ ਸਵਾਮੀ ਮਤ
ਬ੍ਰਹਮੂ ਸਮਾਜ
ਆਰੀਆ ਸਮਾਜ
ਰਾਮਾ ਕ੍ਰਿਸ਼ਨਾ ਮਿਸ਼ਨ
ਦੇਵ ਸਮਾਜ

ਰਾਧਾ ਸੁਆਮੀ ਮਤ

ਰਾਧਾ ਸਵਾਮੀ ਮਤ ਦੇ ਬਾਨੀ ਲਾਲਾ ਸ਼ਿਵ ਦਿਆਲ ਸਿੰਘ ਜੀ ਹੋਏ ਹਨ। ਆਪ ਦਾ ਜਨਮ ੪ ਅਗਸਤ ਸੰਨ ੧੮੧੮ (ਮੁਤਾਬਕ ਭਾਦਰੋਂ ਵਦੀ ਅਸ਼ਟਮੀ ਸੰਮਤ ੧੮੭੫) ਆਗਰੇ ਵਿਚ ਨਾਨਕ ਪੰਥੀ ਲਾਲਾ ਦਿਲਵਾਲੀ ਸਿੰਘ ਖਤਰੀ ਦੇ ਗ੍ਰਹਿ ਵਿਖੇ ਹੋਇਆ। ਨਾਨਕ ਪੰਥੀ ਹੋਣ ਦੇ ਨਾਤੇ ਆਪਦਾ ਆਸਰਾ ਪਰਨਾ ਗੁਰੂ ਨਾਨਕ ਤੇ ਗੁਰਬਾਣੀ ਸੀ। ਸ੍ਰੀ ਸੁਖਮਨੀ ਸਾਹਿਬ, ਜਪੁ ਜੀ ਤੇ ਰਹਿਰਾਸ ਦਾ ਪਾਠ ਕਰਨਾ ਆਪ ਦਾ ਨਿਤ ਦਾ ਨੇਮ ਸੀ। ਵੈਸੇ ਵੀ ਗੁਰਬਾਣੀ ਦਾ ਪਾਠ ਓਹ ਬੜੀ ਸ਼ਰਧਾ ਨਾਲ ਕੀਤਾ ਕਰਦੇ ਸਨ। ਇਹ ਰੀਤ ਇਨ੍ਹਾਂ ਦੀ ਪਿਤਾ ਪੁਰਖੀ ਚਲੀ ਆਉਂਦੀ ਸੀ। ਇਨ੍ਹਾਂ ਦੀ ਮਾਤਾ ਹਾਥਰਸ ਨਿਵਾਸੀ ਤੁਲਸੀ ਦਾਸ ਕੁੰਡਾ ਪੰਥੀ ਦੀ ਚੇਲੀ ਸੀ।

ਸ਼ਿਵਦਿਆਲ ਸਿੰਘ ਦੇ ਸਰੀਰਕ ਗੁਰੂ ਸੰਤ ਦੀਦਾਰ ਸਿੰਘ ਜੀ ਨਿਰਮਲੇ ਸਨ ਜੋ ਪਿਛੋਂ ਗਿਲ ਪਿੰਡ ਜ਼ਿਲਾ ਲੁਧਿਆਨਾ ਦੇ ਸਨ। ਸੰਸਕ੍ਰਿਤ ਦੇ ਚੰਗੇ ਵਿਦਵਾਨ ਤੇ ਗੁਰਬਾਣੀ ਦੇ ਅਰਥਾਂ ਦੇ ਚੰਗੇ ਜਾਣੂ ਸਨ। ਕੰਠੇ, ਕੜੇ ਤੇ ਸੁੰਦਰ ਬਸਤ੍ਰ ਪਹਿਨਦੇ ਸਨ ਇਸ ਲਈ ਹੀ ਇਨ੍ਹਾਂ ਦਾ ਉਪਨਾਮ ਮੌਜ ਪ੍ਰਕਾਸ਼ ਪੈ ਗਿਆ ਸੀ। ਇਹ ਬਾਅਦ ਵਿਚ ਗੁਰਦਵਾਰਾ ਮਾਈ ਥਾਨ ਆਗਰਾ ਦੇ ਮਹੰਤ ਥਾਪੇ ਗਏ। ਸ਼ਿਵਦਿਆਲ ਸਿਹੁੰ ਨੇ ਵੀ ਬਾਣੀ ਦਾ ਅਰਥ ਬੋਧ, ਵਿਚਾਰ, ਸ਼ਬਦ ਸੁਰਤ ਦਾ ਅਭਿਆਸ ਤੇ ਯੁਕਤੀ ਮਹੰਤ ਮੌਜ ਪ੍ਰਕਾਸ਼ ਜੀ ਤੋਂ ਹੀ ਸਿਖੀ।

ਸ਼ਿਵਦਿਆਲ ਸਿਹੁੰ ਦੇ ਬਚਪਨ ਬਾਰੇ ਕੋਈ ਸਮਾਚਾਰ ਨਹੀਂ ਮਿਲਦੇ। ਉਨ੍ਹਾਂ ਸਕੂਲੋਂ ਵਿਦਿਆ ਪ੍ਰਾਪਤ ਕਰਨ ਮਗਰੋਂ ਬਾਂਦਾ (ਯੂ. ਪੀ.) ਵਿਚ ਨੌਕਰੀ ਕੀਤੀ। ਇਨ੍ਹਾਂ ਦੀ ਸ਼ਾਦੀ ਲਾਲਾ ਇਜ਼ਤ ਰਾਇ ਫਰੀਦਾਬਾਦੀ ਦੀ ਲੜਕੀ ਰਾਧਾ ਨਾਲ ਹੋਈ ਤੇ ਫੇਰ ਆਪਣੇ ਸਹੁਰੇ ਦੀ ਤੁਫੈਲ ਰਾਜਾ ਬਲਬ ਗੜ੍ਹ ਪਾਸ ਫਾਰਸੀ ਪੜ੍ਹਾਣ ਤੇ ਨੌਕਰ ਹੋ ਗਏ।

ਪਿਤਾ ਦੀ ਮੌਤ ਦੇ ਬਾਅਦ ਆਪ ਨੇ ਆਗਰੇ ਵਿਚ ਸ਼ਾਹੂਕਾਰਾ ਕੰਮ ਅਰੰਭਿਆ ਤੇ ਲੈਣ ਦੇਣ ਦੇ ਸੂਦ ਨਾਲ ਹੀ ਘਰ ਦਾ ਨਿਰਬਾਹ ਕਰਨ ਲਗ ਪਏ। ਇਨ੍ਹਾਂ ਦੇ ਦੋ ਛੋਟੇ ਭਰਾ ਪ੍ਰਤਾਪ ਸਿੰਘ ਤੇ ਬ੍ਰਿੰਦਾਬਨ ਵੀ ਹੁਣ ਡਾਕਖਾਨੇ ਵਿਚ

ਮੁਲਾਜ਼ਮ ਸਨ ਇਸ ਲਈ ਘਰ ਦਾ ਨਿਰਬਾਹ ਸੌਖੀ ਤਰ੍ਹਾਂ ਚਲ ਪਿਆ ਤੇ ਆਪ ਮਹੰਤ ਮੌਜ ਪ੍ਰਕਾਸ਼ ਨਾਲ ਗੁਰਦਵਾਰਾ ਮਾਈ ਥਾਨ ਵਿਚ ਹੀ ਗਿਆਨ ਚਰਚਾ, ਕਥਾ ਵਾਰਤਾ ਕਰਦੇ ਕਰਾਂਦੇ ਰਹੇ ।

ਸੰਨ ੧੯੪੩ ਵਿਚ ਮਹੰਤ ਮੌਜ ਪ੍ਰਕਾਸ਼ ਕਿਸੇ ਜੁਰਮ ਅਧੀਨ ਛੇ ਮਹੀਨੇ ਲਈ ਕੈਦ ਕਰ ਦਿਤੇ ਗਏ ਤੇ ਉਹਨਾਂ ਦੀ ਅਦਮ ਮੌਜੂਦਗੀ ਵਿਚ ਆਪ ਨੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਆਪਣੇ ਘਰ ਵਿਚ ਹੀ ਕਰਕੇ ਪਰਚਾਰ ਕਰਨਾ ਆਰੰਭ ਦਿਤਾ । ਭਾਵੇਂ ਅਪੀਲ ਕਰਨ ਤੇ ਮੌਜ ਪ੍ਰਕਾਸ਼ ਸਿੰਘ ਜੀ ਬਰੀ ਹੋ ਗਏ ਪਰ ਇਨ੍ਹਾਂ ਆਪਣਾ ਨਵੇਕਲਾ ਪਰਚਾਰ ਜਾਰੀ ਰਖਿਆ ਤੇ ਪੂਰੇ ੧੭ ਸਾਲ ਮਗਰੋਂ ੧੯੬੧ ਵਿਚ ਖੁਲ੍ਹਾ ਪਰਚਾਰ ਸ਼ੁਰੂ ਕਰ ਦਿਤਾ ।

ਇਨ੍ਹੀਂ ਦਿਨੀ ਇਨ੍ਹਾਂ ਦੇ ਛੋਟੇ ਭਰਾ ਪ੍ਰਤਾਪ ਸਿੰਘ ਮੇਰਠ ਵਿਚ ਪੋਸਟਲ ਕਲਰਕ ਲਗੇ ਹੋਏ ਸਨ । ਡਾਕਖਾਨਿਆਂ ਦੇ ਇਨਸਪੈਕਟਰ ਜਨਰਲ ਦੇ ਕਲਰਕ ਸਾਲਗਰਾਮ ਨੇ ਇਨ੍ਹਾਂ ਦੇ ਸੁਖਮਨੀ ਸਾਹਿਬ ਦੇ ਕੀਤੇ ਪਾਠ ਤੋਂ ਪ੍ਰਭਾਵਤ ਹੋਕੇ ਉਨ੍ਹਾਂ ਪਾਸੋਂ ਇਸ ਮਹਾਨ ਬਾਣੀ ਦੇ ਅਰਥ ਪੁਛੇ ਤੇ ਅੰਤ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਆਗਰੇ ਪਹੁੰਚ ਸਵਾਮੀ ਸ਼ਿਵ ਦਿਆਲ ਸਿੰਹੁ ਨਾਲ ਭੇਟ ਕੀਤੀ । ਤੇ ਉਨ੍ਹਾਂ ਦੇ ਚੇਲੇ ਬਣ ਗਏ । ਬਾਅਦ ਵਿਚ ਏਹੀ ਰਾਏ ਬਹਾਦਰ ਸਾਲਗਰਾਮ ਯੂ.ਪੀ. ਦੇ ਅਸਿਸਟੈਂਟ ਪੋਸਟ ਮਾਸਟਦ ਜਨਰਲ ਥਾਪੇ ਗਏ ਤੇ ਲਾਲਾ ਸ਼ਿਵ ਦਿਆਲ ਸਿਹੁੰ ਦੇ ਮਗਰੋਂ ਰਾਧਾ ਸਵਾਮੀਆਂ ਦੇ ਦੂਜੇ ਗੁਰੂ ਹੋ ਨਿਬੜੇ ।

ਪਰਚਲਤ ਹਿੰਦੂਆਂ ਵਿਚ ਜਿਵੇਂ ਸੀਤਾ ਰਾਮ (ਸੀਆ ਪਤੀ ਰਾਮ) ਜਾਂ ਰਾਧੇ ਕ੍ਰਿਸ਼ਨ ਆਦਿ ਨਾਮ ਹਨ ਇਨ੍ਹਾਂ ਨਾਮਾਂ ਵਾਂਗ ਰਾਧਾ ਸਵਾਮੀ ਦਾ ਨਾਮ ਵੀ ਰਾਧਾ ਪਤੀ ਸ਼ਿਵਦਿਆਲ ਸਿੰਘ ਦੇ ਅਰਥਾਂ ਵਿਚ ਹੀ ਸੀ ਪਰ ਬਾਅਦ ਵਿਚ ਕਬੀਰ ਜੀ ਦੇ ਹੇਠ ਲਿਖੇ ਸਲੋਕ ਨੂੰ ਅਧਾਰ ਬਣਾਕੇ ਇਸਦੇ ਅਰਥ 'ਸ਼ਬਦ' ਤੇ 'ਸੁਰਤ' ਦੇ ਕੀਤੇ ਜਾਣ ਲਗ ਪਏ :

ਕਬੀਰ ਧਾਰਾ ਅਗਮ ਕੀ ਸਤਗੁਰੁ ਦਈ ਲਖਾਇ ॥
ਉਲਟ ਤਾਹਿ ਸਿਮਰਨ ਕਰੋ ਸਵਾਮੀ ਸੰਗ ਮਿਲਾਇ ॥

'ਸਾਰ ਬਚਨ' ਵਿਚ ਇਸਨੂੰ ਇਸਤਰ੍ਹਾਂ ਅਰਥਾਇਆ ਗਿਆ ਹੈ :

(੧) 'ਸ਼ਬਦ ਸੁਰਤ' ਅਰ ਰਾਧਾ ਸਵਾਮੀ ॥
ਦੋਨੋਂ ਨਾਮ ਏਕ ਕਰ ਜਾਨੀ ॥
(੨) 'ਸ਼ਬਦ ਸੁਰਤ' ਸੰਗਿ ਕਰੇ ਬਿਲਾਸ ॥
ਤਿਉਂ 'ਰਾਧਾ' ਸਵਾਮੀ ਢਿਗ ਬਾਸ ॥
(੩) 'ਰਾਧਾ' ਆਦਿ 'ਸੁਰਤ' ਕਾ ਨਾਮ ॥

'ਸਵਾਮੀ' ਨਾਮ ਸ਼ਬਦ ਪਹਿਚਾਨ ॥
(੪) ਹੁਕਾ ਭਰ ਕੇ ਦਾਸੀ ਲਿਆਈ ॥
ਰਾਧਾ ਸਵਾਮੀ ਢਿਗ ਬੈਠ ਪਿਲਾਈ ॥

ਅੰਕ ੨ ਤੇ ੪ ਤੋਂ ਇਹ ਗਲ ਲੁਕੀ ਨਹੀਂ ਰਹਿੰਦੀ ਕਿ ਰਾਧਾ ਕੋਈ ਵਿਅਕਤੀ ਹੈ। ਸੁਰਤ ਨਹੀਂ।

ਸ਼ਿਵ ਦਿਆਲ ਜੀ ਤੋਂ ਬਾਅਦ ਦੇ ਗਦੀ ਨਸ਼ੀਨਾਂ ਦਾ ਵੇਰਵਾ ਇਸ ਪ੍ਰਕਾਰ ਹੈ :

(੧) ਰਾਏ ਬਹਾਦਰ ਸਾਲਗਰਾਮ–੧੮੭੮
ਬਾਬਾ ਜੈਮਲ ਸਿੰਘ ਜੀ–(ਇਨ੍ਹਾਂ ਤੋਂ ਹੀ ਬਿਆਸ ਵਾਲੀ ਗਦੀ ਚਲੀ ਹੈ)

(੩) ਪੰਡਤ ਬ੍ਰਹਮ ਸ਼ੰਕਰ ਮਿਸਰ (ਬਨਾਰਸ) ਦੇਹਾਂਤ ੧੯੦੭, ਅਕਤੂਬਰ ੧੨ (ਆਪ ਵੀ ਅਕਾਊਂਟਸ਼ ਡੀਪਾਰਟਮੈਂਟ ਵਿਚ ਸਰਕਾਰੀ ਮੁਲਾਜ਼ਮ ਸਨ)।

(੪) ਕਾਮਤਾ ਪ੍ਰਸ਼ਾਦਿ ਵਕੀਲ ਗਾਜ਼ੀਆਬਾਦ (੧੯੦੧-੧੯੧੩)

(੫) ਬਾਬੂ ਅਨੰਦ ਸਰੂਪ ਆਹਲੂਵਾਲੀਆ (ਇਹ ਡੀ. ਏ. ਵੀ. ਕਾਲਜ ਲਾਹੌਰ ਵਿਚ ਪੜ੍ਹੇ, ਅਕਊਂਟਸ ਦਾ ਕੰਮ ਵੀ ਸਿਖਦੇ ਰਹੇ, ਪਰ ਪਿਛੋਂ ਮਹਿਕਮਾ ਤਾਰ ਵਿਚ ਭਰਤੀ ਹੋ ਗਏ। ਫੇਰ ਗੁਰੂ ਬਣੇ। ਇਨ੍ਹਾਂ ਦਿਆਲ ਬਾਗ਼ ਆਗਰੇ ਵਿਚ ਆਪਣਾ ਮਤ ਪਰਚਾਰਨ ਲਈ ਸਕੂਲ ਤੇ ਕਾਲਜ ਵੀ ਖੋਲ੍ਹੇ। ਇੰਨਡਸਟਰੀ (ਦਸਤਕਾਰੀ) ਨੂੰ ਵੀ ਉਨਤ ਕੀਤਾ। ਡੇਰੀ ਫਾਰਮ ਬਣਾਈ। ਆਪ ਅੰਗਰੇਜ਼ੀ ਰਾਜ ਦੇ ਵਫਾਦਾਰ ਭਗਤ ਸਨ ਇਸ ਲਈ ਸਰਕਾਰ ਅੰਗਰੇਜ਼ੀ ਨੇ ਇਨ੍ਹਾਂ ਦੇ ਪੁਤਰ ਬ੍ਰਹਮ ਪ੍ਰਕਾਸ਼ ਨੂੰ ਢਾਈ ਹਜ਼ਾਰ ਰੁਪਏ ਮਾਹਵਾਰ ਦਾ ਵਜ਼ੀਫਾ ਦੇ ਕੇ ਡੇਹਰੀ ਫਾਰਮ ਦੀ ਤਾਲੀਮ ਹਾਸਲ ਕਰਨ ਲਈ ਸਵਿਟਜ਼ਰਲੈਂਡ ਭੇਜਿਆ। ੧੯੨੯ ਵਿਚ ਬਾਬੂ ਅਨੰਦ ਸਰੂਪ ਨੂੰ ਸਰਕਾਰ ਅੰਗ੍ਰੇਜ਼ੀ ਨੇ 'ਰਾਇ ਬਹਾਦਰ' ਦਾ ਖਿਤਾਬ ਦਿਤਾ ਜੋ ਉਨ੍ਹਾਂ ਪ੍ਰਵਾਨ ਨ ਕੀਤਾ ਪਰ ੧੯੩੬ ਵਿਚ ਸਰ ਦਾ ਖਿਤਾਬ ਕਬੂਲ ਕਰ ਲਿਆ। ਆਨੰਦ ਸਰੂਪ ਨੇ ਦਿਆਲ ਬਾਗ਼ ਇੰਡਸਟ੍ਰੀਜ਼ ਨੂੰ ਕਾਫੀ ਤਰੱਕੀ ਦਿਤੀ ਤੇ ਉਥੋਂ ਦਾ ਕਪੜਾ, ਬੂਟ, ਚਮੜੇ ਤੋਂ ਤਿਆਰ ਕੀਤੀਆਂ ਗਈਆਂ ਕਈ ਚੀਜ਼ਾਂ, ਡੇਰੀ ਦਾ ਮਖਣ ਆਦਿ ਹਿੰਦੁਸਤਾਨ ਭਰ ਦੀਆਂ ਮੰਡੀਆਂ ਵਿਚ ਵਿਕਣ ਲਗ ਪਈਆਂ। ਅੰਮ੍ਰਿਤਸਰ ਵਿਚ ਵੀ ਇਨ੍ਹਾਂ ਕਪੜੇ ਦੀ ਇਕ ਮਿਲ ਖੋਲੀ ਤੇ ਇਸਤਰ੍ਹਾਂ

ਇੰਡਸਟ੍ਰੀ ਦਾ ਜਾਲ ਵਿਛਾ ਕੇ ਆਪਣੇ ਚੇਲਿਆਂ ਨੂੰ ਆਰਥਿਕ ਸਹਾਇਤਾ ਦੇਣ ਦਾ ਇਕ ਢੰਗਾ ਵਸੀਲਾ ਬਣਾ ਲਿਆ ।

(੬) ਅਨੰਦ ਸਰੂਪ ਜੀ ਦੇ ੧੯੩੭ ਵਿਚ ਚਲਾਣਾ ਕਰਨ ਮਗਰੋਂ ਅੰਗ੍ਰੇਜ਼ੀ ਸਰਕਾਰ ਦੇ ਇਕ ਹੋਰ ਸੁਪ੍ਰਿੰ-ਟੈਂਡਿੰਗ ਇੰਜੀਨੀਅਰ ਸ੍ਰੀ ਗੁਰਸ਼ਰਨ ਦਾਸ ਮਹਿਤਾ ਗਦੀ ਨਸ਼ੀਨ ਹੋਏ ।

ਰਾਧਾ ਸਵਾਮੀਆਂ ਦੀਆਂ ਦੋ ਵਖ ਵਖ ਗਦੀਆਂ ਤਾਂ ਰਾਏ ਬਹਾਦਰ ਸਾਲਿਗ ਰਾਮ ਦੇ ਸਮੇਂ ਹੀ ਹੋ ਗਈਆਂ ਸਨ ਪਰ ਇਸ ਵੇਲੇ ਤਾਂ ਗਦੀਆਂ ਦੀ ਭਰਮਾਰ ਹੈ । ਲਾਲਾ ਸ਼ਿਵ ਦਿਆਲ ਸਿਹੁੰ ਤੋਂ ਬਾਅਦ ਇਕ ਗਦੀ ਆਗਰੇ ਤੇ ਦੂਜੀ ਬਿਆਸ (ਪੰਜਾਬ) ਵਿਚ ਸਥਾਪਤ ਹੋਈ ਸੀ, ਇਸ ਵੇਲੇ ਉਸਦਾ ਵੇਰਵਾ ਇਸ ਪ੍ਰਕਾਰ ਹੈ :

ਆਗਰੇ ਵਿਚ ਤਿੰਨ ਗੱਦੀਆਂ

੧. ਦਿਆਲ ਬਾਗ ।
੨. ਰਾਏ ਬਹਾਦਰ ਸਾਲਗ ਰਾਮ ਪਿਪਲ ਮੰਡੀ ।
੩. ਰਾਏ ਬਹਾਦਰ ਸੇਠ ਸੁਦਰਸ਼ਨ ਸਿੰਘ ।

ਅਲਾਹਬਾਦ

੧. ਰਾਏ ਬਹਾਦਰ ਮਾਧੋ ਪ੍ਰਸਾਦ ਸਿਨਹਾ ।

ਬਨਾਰਸ

੧. ਪੰਡਤ ਬ੍ਰਹਮ ਸ਼ੰਕਰ

ਨੋਟ : ਆਗਰੇ ਤੇ ਅਲਾਹਬਾਦ ਦੀਆਂ ਗਦੀਆਂ ਵਿਚ ਆਪਸੀ ਤਨਾਜ਼ਾ ਚਲ ਰਿਹਾ ਹੈ । ਕੋਈ ੩੧ ਮੁਕਦਮੇ ਇਕ ਦੂਸਰੇ ਉਤੇ ਹੋ ਚੁਕੇ ਹਨ । ਦਿਆਲ ਬਾਗ ਵਾਲੇ ਦਾਅਵਾ ਕਰਦੇ ਹਨ, ਕਿ ਜਾਇਦਾਦ ਸਤਿਸੰਗ ਦੀ ਹੈ ਪਰ ਸਵਾਮੀ ਬਾਗ ਵਾਲੇ ਰਾਏ ਬਹਾਦਰ ਮਾਧੋ ਪ੍ਰਸ਼ਾਦ ਕਹਿੰਦੇ ਹਨ ਕਿ ਮਾਲਿਕ ਗੁਰੂ ਹੁੰਦਾ ਹੈ । ਇਕ ਮੁਕਦਮੇ ਵਿਚ ਇਨ੍ਹਾਂ ਇਹ ਵੀ ਕਿਹਾ ਕਿ ਸਤਿਸੰਗ ਦੇ ਉਹ ਵਾਹਿਦ ਮਾਲਕ ਹਨ ਕਿਉਂਕਿ ਓਹ ਬ੍ਰਹਮ ਸ਼ੰਕਰ ਦੇ ਅਸਲੀ ਜਾਂ-ਨਸ਼ੀਨ ਹਨ ।

ਮੁਕਦਮੇ ਬਾਜ਼ੀ ਨੂੰ ਇਕ ਪਾਸੇ ਰਖੀਏ ਤਾਂ ਇਹ ਸਾਰੀਆਂ ਗਦੀਆਂ ਵਾਲੇ ਇਕੋ ਗਲ ਆਖਦੇ ਹਨ "ਰਾਧਾ ਸਵਾਮੀ ਧਾਮ ਦੀ ਸੂਝ ਮੈਨੂੰ ਹੈ । ਸਾਡੇ ਅੰਦਰ ਜੋਤਿ ਜਗਦੀ ਹੈ । ਜੋਤਿ ਇਥੇ ਹੈ, ਡੇਰਾ ਉਥੇ

ਹੈ । ਦੂਸਰੇ ਗੁਰੂ ਨੂੰ ਕੁਝ ਪਤਾ ਨਹੀਂ ।"

ਬਿਆਸ (ਪੰਜਾਬ) ਵਾਲੀ ਗੱਦੀ

੧. ਬਾਬਾ ਜੈਮਲ ਸਿੰਘ (੧੯੦੩ ਵਿਚ ਗੁਜ਼ਰ ਗਏ ।)
੨. ਬਾਬਾ ਸਾਵਣ ਸਿੰਘ (ਆਪ ਐਮ. ਈ. ਐਸ ਏ. ਦੇ ਰੀਟਾਇਰਡ ਐਸ. ਡੀ. ੳ. ਸਨ)
੩. ਸ: ਬ: ਜਗਤ ਸਿੰਘ (ਰੀਟਾਇਰਡ ਪ੍ਰੋਫੈਸਰ ਲਾਇਲਪੁਰ ਐਗ੍ਰੀਕਲਚਰਲ ਕਾਲਿਜ)
੪. ਬਾਬੂ ਸਾਵਣ ਸਿੰਘ ਦੇ ਪੋਤਰੇ (ਸ: ਹਰਚਰਨ ਸਿੰਘ) ਮੌਜੂਦਾ ਗੁਰੂ ਹਨ ।

ਬਿਆਸ ਗਦੀ ਦੀ ਇਕ ਹੋਰ ਸ਼ਾਖ ਦਿਲੀ ਵਿਚ ਫੁਟ ਪਈ ਹੈ । ਸੰਤ ਕ੍ਰਿਪਾਲ ਸਿੰਘ ਜੀ ਜੋ ਬਾਬੂ ਸਾਵਨ ਸਿੰਘ ਜੀ ਦੇ ਮਨ ਭਾਂਵਦੇ ਚੇਲੇ ਸਨ, ਨੇ ਗੁੜਮੰਡੀ ਦਿਲੀ ਵਿਚ ਆਪਣਾ ਡੇਰਾ ਕਾਇਮ ਕਰਕੇ ਇਕ ਨਵੀਂ ਸ਼ਾਖਾ ਕਾਇਮ ਕਰ ਦਿਤੀ ਹੈ । ਏਸ ਗਦੀ (ਬਿਆਸ ਵਾਲੀ) ਦੇ ਸਾਰੇ ਮੁਖੀ ਸਿਖ ਹੀ ਹੋਏ ਹਨ ਇਸ ਲਈ ਓਹ ਗੁਰਬਾਣੀ ਦਾ ਪ੍ਰਭਾਵ ਮੰਨਦੇ ਹਨ । ਆਗਰੇ ਵਾਲਿਆਂ ਦਾ ਬਿਆਸ ਨਾਲ ਕਾਫੀ ਮਤ ਭੇਦ ਹੈ ।

ਰਾਧਾ ਸਵਾਮੀ ਮਤ ਦੇ ਸਿਧਾਂਤ

੧. ਈਸ਼੍ਵਰ ਸਰਬ ਸ਼ਕਤੀਮਾਨ ਤੇ ਚੇਤੰਨ ਹੈ । ਉਸਦਾ ਸਦਾ ਵਿਕਾਸ ਹੁੰਦਾ ਰਹਿੰਦਾ ਹੈ । ਉਸ ਵਿਕਾਸ ਧਾਰਾ ਦਾ ਨਾਮ ਰਾਧਾ ਦਾ ਨਾਮ ਰਾਧਾ ਤੇ ਉਸਦਾ ਨਿਜ ਸਰੂਪ ਦਾ ਨਾਂ ਸਵਾਮੀ ਹੈ । ਸ੍ਰਿਸ਼ਟੀ ਦੇ ਤਿੰਨ ਭਾਗ ਹਨ :

(ੳ) ਬ੍ਰਹਮੰਡ ੨. ਪਿੰਡ ੩. ਦਿਆਲ ਦੇਸ਼ ਜੋ ਕਾਲ ਦੀ ਜ਼ਦ ਵਿਚ ਨਹੀਂ ।

੨. ਦੇਹ ਧਾਰੀ ਗੁਰੂ ਦੀ ਪੂਜਾ ਜ਼ਰੂਰੀ ਹੈ ।

੩. ਨਾਮ ਦੋ ਤਰ੍ਹਾਂ ਦਾ ਹੈ :
   (ੳ) ਵਰਣ ਆਤਮਿਕ ਹੈ (ਬੈਖਰੀ)
   (ਅ) ਧੁਨਿ ਆਤਮਿਕ (ਜਿਸ ਦੀ ਧੁਨਿ ਅੰਦਰ ਹੈ)

ਇਸ ਤੋਂ ਇਲਾਵਾ ਜੋਤ ਨਿਰੰਜਨ, ਓਅੰਕਾਰ, ਨਿਰੰਕਾਰ, ਸੋਹੰ ਤੇ ਸਤਿਨਾਮ ਪੰਜ ਨਾਮ ਹੋਰ ਵੀ ਦੇਂਦੇ ਹਨ ।

ਨਾਮ ਅਭਿਆਸ ਲਈ ਆਲਤੀ ਪਾਲਤੀ ਆਸਣ ਸਾਧਣਾ ਪੈਂਦਾ ਹੈ :

ਆਲਤੀ ਪਾਲਤੀ ਆਸਨ

ਪੈਰਾਂ ਭਾਰ ਬਹਿਕੇ ਉਂਗਲਾਂ ਨਾਲ ਦੋਵੇਂ ਕੰਨ ਬੰਦ ਕਰ ਲੈਣੇ। ਬੰਦ ਹੋਈਆਂ ਅੱਖਾਂ ਉਤੇ ਬਾਕੀ ਦੀਆਂ ਦੋ ਉਂਗਲਾਂ ਟਿਕਾ ਲੈਣੀਆਂ, ਰਾਧਾ ਸਵਾਮੀ ਮਤ ਅਨੁਸਾਰ ਆਲਤੀ ਪਾਲਤੀ ਆਸਨ ਹੈ।

ਇਸ ਆਸਨ ਤੇ ਬੈਠ ਦੋਹਾਂ ਭਰਵਟਿਆਂ ਦੇ ਮੱਧ ਵਿਚ ਸੁਰਤ ਨੂੰ ਟਿਕਾ ਕੇ 'ਰਾਧਾ ਸੁਆਮੀ' ਦੇ ਸ਼ਰੀਰ ਜਾਂ ਫੋਟੋ ਤੇ ਧਿਆਨ ਜਮਾ ਨਾਮ ਦਾ ਰਟਨ ਕਰਨਾ ਹੈ।

ਅਧਿਆਤਮਕ ਸੈਰ

'ਸਾਰ ਬਚਨ' ਵਿਚ ਲਿਖਿਆ ਹੈ, "ਜਿਸ ਵਕਤ ਨਿਗਾਹ ਤੁਮਾਰੀ ਜਿਸਮ ਕੋ ਛੋੜ ਕਰ ਊਪਰ ਚੜ੍ਹੇਗੀ ਤੋ ਤੁਮਕੋ ਅਕਾਸ਼ ਨਜ਼ਰ ਪੜੇਗਾ, ਜਿਸ ਮੇ ਥਾਨਾਂ ਸਹੰਸਰ ਦਲ਼ ਕਮਲ ਹੈ। ਔਰ ਹਜ਼ਾਰੋਂ ਪੰਖੜੀਆਂ ਉਸ ਕੀ ਜੁਦਾ ਜੁਦਾ ਕਾਮ ਤੀਨ ਲੋਕ ਕਾ ਦੇ ਰਹੀ ਹੈਂ, ਜਿਸਕੀ ਸੈਰ ਕੋ ਦੇਖ ਕਰ ਤੁਮ ਬਹੁਤ ਖ਼ੁਸ਼ ਹੋਂਗੇ।

"ਇਸ ਆਕਾਸ਼ ਕੇ ਊਪਰ ਏਕ ਦਰਵਾਜ਼ਾ ਨਿਹਾਇਤ ਹੀ ਛੋਟਾ ਹੈ, ਜੈਸੇ ਕਿ ਸੂਈ ਕਾ ਨਾਕਾ, ਸ੍ਵਾਹਮ ਆਪਨੀ ਰੂਹ ਕੋ ਉਸ ਪ੍ਰਵੇਸ਼ ਮੇ ਕਰੋ, ਔਰ ਜਹਾਂ ਸੇ ਤੁਮ ਕੋ ਏਕ ਰਾਸਤਾ ਤ੍ਰਿਛਾ ਔਰ ਫਿਰ ਊਂਚਾ, ਜਿਸਕੋ 'ਬੰਕ ਨਾਲ' ਭੀ ਕਹਿਤੇ ਹੈਂ, ਮਿਲੇਗਾ। ਸੋ ਤੁਮ ਪਾਰ ਕਰਕੇ ਦੂਸਰੇ ਅਸਮਾਨ ਪਰ ਪਹੁੰਚ ਜਾਉ, ਜਹਾਂ ਕਿ ਤੁਮਕੋ ਮੁਕਾਮ ਮਿਲੇਗਾ, ਜਿਸਕਾ ਨਾਮ ਤ੍ਰਿਕੁਟੀ ਹੈ....ਜਿਸ ਕਾ ਫੈਲਾਉ ਲਾਖ ਯੋਜਨ ਤੂਲ ਤਵੀਲ ਹੈ। ਇਸ ਮੁਕਾਮ ਪਰ ਹਰ ਤਰ੍ਹਾਂ ਸੇ ਤਮਾਸ਼ੇ ਹੋ ਰਹੇ ਹੈਂ, ਜਿਸ ਕੀ ਕੈਫੀਅਤ ਯੇਹ ਹੈ ਕਿ ਹਜ਼ਾਰਾਂ ਆਫ਼ਤਾਬ ਔਰ ਮਹਿਤਾਬ ਇਸ਼ ਮਕਾਮ ਕੀ ਰੋਸ਼ਨੀ ਸੇ ਸ਼ਰਮਿੰਦਾ ਹੈ। ਉਸ ਜਗ੍ਹਾ ਆਵਾਜ਼ ਓਅੰ-ਓਅੰ ਔਰ ਹੂ ਹੂ ਬਾਦਲ ਕੀ ਸੀ, ਗਰਜ ਆ ਰਹੀ ਹੈ, ਔਰ ਨਿਹਾਇਤ ਹੀ ਸੁਹਾਵਨੀ ਆਵਾਜ਼ ਆਠੋਂ ਪਹਿਰ ਹੋਤੀ ਰਹਿਤੀ ਹੈ, ਜਿਸ ਸੇ ਤੁਮਾਰੀ ਰੂਹ ਕੋ ਨਿਹਾਇਤ ਹੀ ਸਰੂਰ ਹਾਸਲ ਹੋਗਾ।"

"ਫਿਰ ਰੂਹ ਊਪਰ ਕੋ ਚੜਤੀ ਹੈ, ਚੜ੍ਹਤੇ ਚੜ੍ਹਤੇ ਕ੍ਰੋੜ ਯੋਜਨ ਊਪਰ ਚੜ੍ਹ ਕਰ 'ਸੁੰਨ' ਮੈਂ ਪਹੁੰਚੀ, ਜਿਸ ਕੋ ਫੁਕਰਾਉਂ ਨੇ ਲਾਹੂਤ ਕਾ ਆਲਮ ਕਹਾ ਹੈ, ਉਸ ਮੁਕਾਮ ਪਰ ਰੂਹੇਂ ਬਿਲਾਸ ਕਰਤੀ ਹੈਂ—ਯਹਾਂ ਪਰ ਤਾਲਾਬ ਜਲਾਲੀ ਔਰ ਹੌਜੇ-ਕੌਸਰੀ ਪੁਰ ਅਜ ਆਬਿਹਯਾਤ ਕਿ ਜਿਨ ਕੋ ਹਿੰਦੀ ਮੇਂ ਮਾਨ ਸਰੋਵਰ ਕਹਿਤੇ ਹੈਂ, ਜਗ੍ਹਾ ਬਜਗ੍ਹਾ ਮੌਜੂਦ ਹੈ, ਔਰ ਚਮਨ ਔਰ ਗੁਲਸ਼ਨ ਕਸਰਤ ਸੇ ਖਿਲੇ ਹੈਂ, ਯਹਾਂ ਪਰ ਅਕਸਰ ਰੂਹੇਂ ਬਸੂਰਤ ਨਾਜ਼ਨੀਨਾਂ ਰਕਸ ਕਰ ਰਹੀ ਹੈਂ,

ਵਾ ਗਿਜ਼ਾ ਹਾਇ ਲਤੀਫ ਨਿਹਾਇਤ ਹੀ ਤਰੋ ਤਾਜ਼ਾ ਵ ਸ਼ੀਰੀਂ ਮੌਜੂਦ ਹੈ ਔਰ ਜਗ੍ਹਾ ਬ-ਜਗ੍ਹਾ ਨਿਹਾਇਤ ਉਮਦਾ ਗਾਨੇ ਬਜਾਨੇ ਹੋ ਰਹੇ ਹੈਂ ।"

"ਫਿਰ ਮੁਰਸ਼ਦੋਂ ਕੀ ਹਦਾਇਤ ਸੇ ਰੂਹ ਆਗੇ ਕੋ ਚਲੀ, ਚਲਤੇ ਚਲਤੇ ਪਾਂਚ ਅਰਬ, ਪਛੱਤ੍ਰ ਕ੍ਰੋੜ ਯੋਜਨ ਊਂਚੀ ਗਈ, ਫਿਰ ਦਸ ਨੀਲ ਜ਼ੁਲਮਾਤ ਯਾਨਿ ਅੰਧੇਰਾ ਹੈ ਗਹਰਾਈ ਤਿਮਰ ਖੰਡ ਕੀ, ਕਹਾਂ ਤਕ ਵਰਨਣ ਕਰੂੰ ? ਖਰਬ ਯੋਜਨ ਤਕ ਰੂਹ ਨੀਚੇ ਉਤਰਤੀ ਗਈ, ਜਬ ਥਾਹ ਇਸ ਮੁਕਾਮ ਕੀ ਨਾ ਆਈ ਤੋ ਫਿਰ ਲੋਟ ਕਰ ਊਪਰ ਕੋ ਹੀ ਚਲੀ ਆਈ ਔਰ ਜੋ ਨਿਸ਼ਾਨਾ ਮੁਰਸ਼ਦੋਂ ਨੇ ਬਤਲਾਇਆ ਥਾ, ਉਸਕੀ ਰਸੀਦ ਲੇਕਰ ਰਾਸਤਾ ਰਾਸਤਾ ਚਲੀ ।' 'ਯਹਾਂ ਪਰ ਚਾਰ ਮੁਕਾਮ ਨਿਹਾਇਤ ਹੀ ਗੁਪਤ ਹੈਂ, ਕਿ ਜਿਨਕਾ ਹਾਲ ਕਿਸੀ ਸੰਤ ਨੇ ਭੀ ਨਹੀਂ ਖੋਲ੍ਹਾ । ਯਹਾਂ ਪਰ ਇਨ ਰੂਹੋਂ ਕੇ ਜੇਹਲਖਾਨੇ ਬਨੇ ਹੂਏ ਹੈਂ, ਜੋ ਕਿ ਮਰਦੂਦ ਹੈਂ ।"

ਉਸ ਮੁਕਾਮ ਕੋ ਛੋੜ ਕਰ ਰੂਹ ਆਲਮ 'ਆਹੂਤ ਲਾਹੂਤ' ਮੇਂ ਪਹੁੰਚੀ, ਜਿਸ ਕੋ ਹਿੰਦੀ ਮੇ 'ਭੰਵਰ ਗੁਫਾ' ਕਹਿਤੇ ਹੈਂ । ਇਸ ਮੁਕਾਮ ਪੁਰ ਏਕ ਨਿਹਾਇਤ ਹੀ ਲਤੀਫ ਹੰਡੋਲਾ ਰਖਾ ਹੂਆ ਹੈ, ਜਿਸ ਮੇ ਕਿ ਰੂਹੇਂ ਝੂਲਤੀ ਰਹਿਤੀ ਹੈਂ । ਇਸ ਕੇ ਆਗੇ ਸਾਤ ਲੋਕ,ਅਲਖ ਤੇ ਅਗੰਮ ਲੋਕ ਤੇ ਰਾਧਾ ਸਵਾਮੀ ਧਾਮ ਹੈਂ ।

(੪) ਰਾਧਾ ਸਵਾਮੀ ਧਾਮ ਤਕ ਪੁਜਣ ਲਈ ਤਿੰਨ ਮੁਖ ਸਾਧਨ ਹਨ :
(ੳ) ਗੁਰੂ ਭਗਤੀ (ਅ) ਸ਼ਬਦ ਸੁਰਤ ਦਾ ਅਭਿਆਸ (ੲ) ਸੰਗਤ ।

(੫) ਰਾਧਾ ਸਵਾਮੀ ਮਤ ਵਿਚ ਪ੍ਰਸਾਦੀ (ਗੁਰੂ ਕੀ ਜੂਠ) ਖਾਣੀ, ਚਰਨਾਂਮ੍ਰਿਤ ਲੈਣਾ, ਚਰਨ ਛੋਹ, ਪਹਿਨਿਆ ਹੋਇਆ ਬਸਤ੍ਰ ਵਰਤਣਾ, ਪਵਿਤਰ ਕਰਮ ਮੰਨੇ ਗਏ ਹਨ । ਉਪਰੋਕਤ ਅੰਗਾਂ ਦੀ ਪੁਸ਼ਟੀ ਲਈ ਗਿ: ਪ੍ਰਤਾਪ ਸਿੰਘ ਜੀ ਨੇ ਕੁਝ ਕੁ ਪਰਮਾਣ ਦਿਤੇ ਹਨ :

(ੳ) ਮਹਾਤਮਾਉਂ ਕੀ ਪ੍ਰਸ਼ਾਦੀ ਤੋ ਨਿਹਾਇਤ ਉਤਮ ਔਰ ਪਾਕ ਹੈ ਔਰ ਵੁਹ ਅੰਤਹਿ ਕਰਨ ਕੋ ਸੁਧ ਕਰਤੀ ਹੈਂ ।
(ਜੀਵਨ ਚਰਿਤ੍ਰ ਰਾਧਾ ਸਵਾਮੀ ਪੰ: ੧੦੧)

(ਅ) ਕੀਆ ਚਰਨਾਮ੍ਰਿਤ ਲਈ ਪ੍ਰਸਾਦੀ, ਹਾਰ ਚੜਾ ਕਰ ਬੰਦਗੀ ਸਾਧੀ ।
ਗ੍ਰਾਸ ਕੀਆ ਪ੍ਰਸਾਦੀ ਕਾ ਜਬ ਹੀ,ਘਟ ਕੇ ਪਰਦੇ ਖੁਲ੍ਹ ਗਏ ਤਬ ਹੀ ।
(ਸਾਰ ਬਚਨ ੭੭੯)

(ੲ) ਪੀਕ ਦਾਨ ਲੇ ਪੀਕ ਕਰਾਵੈ । ਫਿਰ ਸਭ ਪੀਕ ਆਪ ਪੀ ਜਾਵੇ ।
ਫਿਰ ਭੋਜਨ ਕਰ ਬੀੜੀ ਖਾਈ । ਬਾਂਟੀ ਬੀੜੀ ਕਨਹੀਆ ਭਾਈ ।
ਸੀਤ ਪ੍ਰਸਾਦਿ ਸਭੀ ਮਿਲ ਲੀਨਾ । ਜਨਮ ਜਨਮ ਕਾ ਪਾਤਕ ਛੀਨਾ ।

ਕੁਰਲੀ ਦਈ ਸਵਾਮੀ ਕੁਲ ਮੇਰਾ ਉਧਾਰਾ ।

'ਪ੍ਰਸਾਦੀ' ਦੀ ਵਿਆਖਿਆ ਕਰਦੇ ਹੋਇ ਰਾਇ ਬਹਾਦਰ ਸਾਲਗਰਾਮ ਜੀ ਇਸ ਪ੍ਰਕਾਰ ਲਿਖਦੇ ਹਨ :

(ਸ) 'ਪ੍ਰਸਾਦੀ ਸੇ ਯਹ ਮਤਲਬ ਹੈ ਕਿ ਸਤਿਗੁਰੂ ਯਾ ਸਾਧ ਗੁਰੂ ਅਪਨੀ ਜ਼ਬਾਨ ਸੇ ਛੁਏ ਯਾ ਲਬ (ਬੁਲ੍ਹ) ਲਗਾ ਕਰ ਪਵਿਤ੍ਰ ਕਰ ਦੇ ।'

(ਪ੍ਰੇਮ ਪਤ੍ਰ ਜਿਲਦ ੫ ਪੰਨਾ ੧੦੩)

(ਹ) ਇਕ ਹੋਰ ਥਾਂ ਸਵਾਮੀ ਸ਼ਿਵਦਿਆਲ ਜੀ ਦੇ ਜੀਵਨ ਵਿਚ ਪੰਨਾ ੧੦੩ ਹਿੰਦੀ ਤੇ ਤਸ਼ਰੀਹ ਕੀਤੀ ਹੈ :

'ਕਿਤਨੇ ਅਫਸੋਸ ਔਰ ਨਾਦਾਨੀ ਕੀ ਬਾਤ ਹੈ ਕਿ ਵੋਹ ਲੋਕ ਜੋ ਪ੍ਰਸਾਦੀ ਕੀ ਨਿੰਦਾ ਕਰਤੇ ਹੈਂ, ਵੋਹ ਰਾਤ ਦਿਨ ਚੂਹੋਂ ਬਿਲੀਉ, ਕੁਤੇ, ਮਖੀਉਂ, ਚੀਂਟੀਉਂ, ਕਵਉਂ, ਤੋਤੋਂ ਵਗੈਰਾ ੨ ਜਾਨਵਰੋਂ ਕੀ ਖਾਈ ਹੂਈ ਚੀਜ਼ੋਂ ਕੋ ਖਾਤੇ ਹੈਂ । ਔਰ ਗੁਰੂ ਭਗਤੋਂ ਕੋ ਦੋਖ ਲਗਾਤੇ ਹੈਂ, ਕਿਤਨੀ ਭਾਰੀ ਗਲਤੀ ਕਰਤੇ ਹੈਂ ਪਾਪੀ ਔਰ ਦੋਖੀ ਹੋਤੇ ਹੈਂ ।'

ਬਕੌਲ ਤੁਲਸੀ ਸਾਹਿਬ ਕੇ–ਐਸੀ ਚਤੁਰਤਾ ਪਰ ਛਾਰ :
ਗੁਰਪ੍ਰਸਾਦੀ ਮੈ ਛੂਤ ਲਾਵਤ ਕਰਤ ਲੋਕਾਚਾਰ ।
ਨਾਰ ਕਾ ਮੁਖ ਧਾਇ ਚੂਮਤ ਅਰਧ ਲਿਪਟੀ ਨਾਰ ।

(੬) ਰਾਧਾ ਸਵਾਮੀਆਂ ਵਿਚ ਗ੍ਰਹਸਤੀ ਤੇ ਸਾਧੂ ਦੋਵੇਂ ਹੁੰਦੇ ਹਨ । ਸਾਧੂਆਂ ਲਈ ਹੇਠ ਲਿਖੇ ਨਿਯਮ ਹਨ :

੧. ਬਿਅਰਥ ਨਹੀਂ ਫਿਰਨਾ ।
੨. ਸਤਸੰਗ ਦੀ ਆਗਿਆ ਨਾਲ ਆਗਿਆ ਪਤ੍ਰ ਲੈ ਕੇ ਜਾਣਾ ।
੩. ਰੁਪਿਆ ਪੈਸਾ ਸਵੀਕਾਰ ਨਾ ਕਰਨਾ ।
੪. ਕੋਈ ਮਜਬੂਰ ਕਰੇ ਤਾਂ ਖੁਰਾਕ ਤੋਂ ਵਧ ਨਹੀਂ ਲੈਣਾ ।
੫. ਸਤਸੰਗ ਤੇ ਯੋਗ ਸਾਧਨ ਕਰਨਾ ।
੬. ਪਰਸਵਾਰਥ ਤੋਂ ਬਿਨਾ ਬਾਹਰ ਨਹੀਂ ਜਾਣਾ ।
੭. ਮੁੰਡੇ ਕੁੜੀਆਂ ਤੋਂ ਨਵੇਕਲੇ ਰਹਿਣਾ ।
੮. ਗੇਰੂਏ ਕਪੜੇ ਨਾ ਪਾਣੇ ।
੯. ਸ਼ਰਾਬ ਮਾਸ ਨਾ ਵਰਤਣਾ ।

ਵਿਆਹ ਸ਼ਾਦੀ

ਵਿਆਹ ਸ਼ਾਦੀ ਲਈ ਕੋਈ ਖਾਸ ਢੰਗ ਨਹੀਂ । ਆਗਰੇ ਵਾਲੇ ਸਿਵਲ

ਮੈਰਿਜ ਕਰ ਲੈਂਦੇ ਹਨ। ਹਿੰਦੂ ਆਪਣਾ ਢੰਗ ਵਰਤਦੇ ਹਨ ਤੇ ਸਿਖ ਸਿਖ ਮਰਯਾਦਾ ਅਪਨਾ ਲੈਂਦੇ ਹਨ।

ਬੋਲਾ

ਮਿਲਣ ਸਮੇਂ ਇਕ ਦੂਜੇ ਨੂੰ 'ਰਾਧਾ ਸਵਾਮੀ' ਕਹਿੰਦੇ ਹਨ।

(੮) ਤੀਰਥ, ਵਰਤ, ਹੋਮ, ਜਪ, ਤਪ ਕੁਝ ਨਹੀਂ ਕਰਦੇ। ਕਈ ਲੋਕ ਆਗਰੇ, ਕਾਂਸ਼ੀ, ਗਾਜ਼ੀਪੁਰ, ਪਰਾਗ ਤੇ ਬਿਆਸ ਜਾਂਦੇ ਹਨ।

ਉਪਰੋਕਤ ਸਿਧਾਂਤਾਂ ਨੂੰ ਹੁਣ ਅਸੀਂ ਗੁਰਮਤ ਅਨੁਸਾਰ ਵਿਚਾਰਨ ਦਾ ਯਤਨ ਕਰਦੇ ਹਾਂ।

ਗੁਰਮੱਤ

ਈਸ਼ਵਰ ਸਬੰਧੀ ਗੁਰਮਤ ਦੇ ਖਿਆਲ ਅਸੀਂ ਪਿਛੇ ਕਈ ਵਾਰ ਦੇ ਚੁਕੇ ਹਾਂ, ਇਸ ਲਈ ਮੁੜ ਮੁੜ ਦੋਹਰਾਨ ਦੀ ਲੋੜ ਨਹੀਂ। ਜੀਵ ਆਤਮਾ ਦਾ ਵਿਕਾਸ਼ ਤਾਂ ਹੁੰਦਾ ਰਹਿੰਦਾ ਹੈ ਤੇ ਅੰਤ ਅਭੇਦ ਹੋ, ਪਰਮਾਤਮਾ ਵਿਚ ਹੀ ਲਿਵਲੀਨ ਹੋ ਜਾਂਦੀ ਹੈ। ਗੁਰਮਤ ਕੀਤੀ ਗਈ ਸ੍ਰਿਸ਼ਟੀ ਵੰਡ ਦੀ ਕਾਇਲ ਨਹੀਂ।

(੨) ਦੇਹਧਾਰੀ ਗੁਰੂ ਦੀ ਪੂਜਾ

ਸੂਫੀ ਤੇ ਗੁਰਮਤ ਦੇ ਲੇਖ ਵਿਚ ਗੁਰੂ ਕੌਣ ਹੈ, ਦਾ ਪੂਰੀ ਤਰ੍ਹਾਂ ਨਿਖੇੜਾ ਕਰ ਦਿਤਾ ਗਿਆ ਹੈ। ਗੁਰਮਤ ਗੁਰਬਾਣੀ ਤਥਾ ਗੁਰਉਪਦੇਸ਼ (ਗੁਰ ਸ਼ਬਦ) ਨੂੰ ਹੀ ਗੁਰੂ ਮੰਨਦੀ ਹੈ।

ਦੇਹਧਾਰੀ ਗੁਰੂ ਬਾਰੇ ਅਸੀਂ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਦੇ ਗੁਰਮਤ ਨਿਰਨੇ ਵਿਚ ਆਏ ਵਿਚਾਰ ਹੇਠਾਂ ਦੇਂਦੇ ਹਾਂ:

"ਕਈ ਸਜਣ ਇਕ ਸ਼ੰਕਾ ਕਰਦੇ ਹਨ ਕਿ ਜਦ ਤਕ ਦੇਹਧਾਰੀ ਗੁਰੂ ਨਾ ਹੋਵੇ, ਪਾਰ ਉਤਾਰਾ ਨਹੀਂ ਹੋ ਸਕਦਾ। ਕਿਉਂ ਜੁ:

੧. ਬਾਣੀ ਦਾ ਅਰਥ ਕੌਣ ਦਸੇ।
੨. ਨਾਲੇ ਖਾਸ ਸ਼ਖਸੀਅਤਾਂ ਵਿਚ ਚੁੰਬਕੀ ਖਿਚ ਹੁੰਦੀ ਹੈ, ਜਿਸ ਦੁਆਰਾ ਸਿਖ ਉਪਰ ਪਰੇਰਿਆ ਜਾਂਦਾ ਹੈ।
੩. ਗੁਰੂ ਨਿਰਾ ਉਪਦੇਸ਼ ਦੁਆਰਾ ਹੀ ਸਹਾਇਤਾ ਨਹੀਂ ਕਰਦਾ। ਰੂਹਾਨੀ ਸ਼ਕਤੀ ਦੁਆਰਾ ਵੀ ਸਿਖ ਦੀ ਆਤਮਾ ਦੀ ਸਹਾਇਤਾ ਕਰਦਾ ਹੈ।

ਅਸੀਂ ਇਨ੍ਹਾਂ ਸੰਕਿਆਂ ਦਾ ਉਤ੍ਰ ਸਿਲਸਿਲੇ ਵਾਰ ਦੇਂਦੇ ਹਾਂ।

੧. ਜਿਨ੍ਹਾਂ ਦੇ ਰਾਹੀਂ ਬਾਣੀ ਪ੍ਰਗਟ ਹੋਈ ਹੈ, ਉਹ ਗੁਰੂ ਹਨ। ਜਿਹੜੇ ਅਰਥ ਦਸਦੇ ਹਨ, ਉਹ ਪਰਗਟ ਕਰਨ ਵਾਲਿਆਂ ਦੀ ਤੁਲਤਾ ਹਾਸਲ ਨਹੀਂ ਕਰ ਸ਼ਕਦੇ। ਮਦਰਸਿਆਂ ਵਿਚ ਸੈਂਕੜੇ ਉਸਤਾਦ ਵਡੇ ਵਡੇ ਖੋਜੀਆਂ ਦੇ ਕਢੇ ਹੋਏ ਅਸੂਲ ਮੁੰਡਿਆਂ ਨੂੰ ਦਸਦੇ ਹਨ, ਪਰ ਉਹ ਉਸ ਪਦਵੀ ਦਾ ਦਾਹਵਾ ਨਹੀਂ ਕਰਦੇ, ਜੋ ਅਸਲੀ ਤੇ ਉਚੇ ਖੋਜੀਆਂ ਨੂੰ ਪ੍ਰਾਪਤ ਹੈ।

੨. ਚੁੰਬਕੀ ਸ਼ਕਤੀ ਸਰੀਰ ਵਿਚ ਹੈ ਜਾਂ ਜੀਵਨ ਵਿਚ? ਸਰੀਰ ਤਾਂ ਹਰ ਇਕ ਮਨੁਖ ਦਾਂ ਇਕੋ ਜਿਹੇ ਤੱਤਾਂ ਦਾ ਬਣਿਆ ਹੋਇਆ ਹੈ। ਵਖੇਵਾਂ ਰਹੁਰੀਤ ਵਿਚ ਹੁੰਦਾ ਹੈ ਤੇ ਜਿਨ੍ਹਾਂ ਨਿਰਮਲ ਰੀਤ ਧਾਰਨ ਕਰ ਲਈ ਹੈ, ਉਹਨਾਂ ਵਿਚ ਜ਼ਰੂਰ ਖਿਚ ਪੈਦਾ ਹੋ ਜਾਂਦੀ ਹੈ। ਪਰ ਉਹ ਖਿਚ ਦੇਹ ਵਿਚ ਨਹੀਂ, ਉਹ ਚਾਲ-ਚਲਨ ਵਿਚ ਹੈ, ਜ਼ਿੰਦਗੀ ਦੇ ਰਵਈਏ ਵਿਚ ਹੈ। ਸਰੀਰ ਦੇ ਨਾਸ ਹੋ ਜਾਨ ਨਾਲ ਇਹ ਅਸਰ ਨਾਸ ਨਹੀਂ ਹੁੰਦਾ। ਸ਼ਹੀਦਾਂ ਦੇ ਜੀਵਨ ਤੇ ਧਾਰਮਕ ਆਗੂਆਂ ਦੇ ਜੀਵਨ ਰਹਿੰਦੀ ਦੁਨੀਆਂ ਤਕ ਆਪਣਾ ਅਸਰ ਪਾਈ ਜਾਂਦੇ ਹਨ।

ਦੂਜਾ ਖਿਆਲ ਇਹ ਹੈ ਕਿ ਸਚ ਦਾ ਅਸਰ ਵਧੀਕ ਹੁੰਦਾ ਹੈ, ਜਦੋਂ ਕਿਸੇ ਖਾਸ ਮਨੁਖ ਦੀ ਜ਼ਿੰਦਗੀ ਵਿਚ ਵਰਤੀਂਦਾ ਵੇਖੀਏ। ਇਹ ਠੀਕ ਹੈ ਤੇ ਇਸੇ ਲਈ ਸਿਖੀ ਮੰਡਲ ਵਿਚ ਸੰਤਾਂ, ਗੁਰਮੁਖਾਂ ਦੀ ਲੋੜ ਹੈ। ਰੋਜ਼ ਅਰਦਾਸ਼ ਕੀਤੀ ਜਾਂਦੀ ਹੈ, "ਸਾਧ ਦਾ ਸੰਗ, ਗੁਰਮੁਖ ਦਾ ਮੇਲ।" ਪਰ ਜੋ ਗੁਰੂ ਦੇ ਦਸੇ ਰਾਹ ਪੁਰ ਤੁਰ ਕੇ ਤੋੜ ਪੁਜੇ ਹਨ, ਉਹ ਕਦੀ ਗੁਰੂ ਦੀ ਬਰਾਬਰੀ ਦਾ ਦਾਹਵਾ ਨਹੀਂ ਕਰਨਗੇ। ਗੁਰੂ ਤਾਂ ਉਹ ਸਨ, ਜਿਨ੍ਹਾਂ ਪੰਥ ਪਰਗਟ ਕੀਤਾ। ਉਨ੍ਹਾਂ ਦਾ ਦਰਜਾ ਸਭ ਤੋਂ ਉਚਾ ਹੈ। ਇਹਦਾ ਭਾਵ ਇਹ ਨਹੀਂ ਕਿ ਸਿਖ, ਸੰਤ, ਗੁਰਮੁਖ ਉਸ ਰੂਹਾਨੀ ਦਰਜੇ ਤੀਕ ਜਿਥੇ ਸਤਿਗੁਰੂ ਪੁਜੇ ਹਨ, ਪੁਜ ਨਹੀਂ ਸਕਦੇ। ਨਹੀਂ, ਸਿਖ ਉਥੇ ਪੁਜ ਕੇ ਭੀ ਸਤਿਗੁਰੂ ਦੀ ਬਰਾਬਰੀ ਦਾ ਦਾਹਵਾ ਨਹੀਂ ਕਰਦੇ*। ਉਹ ਦੂਜੇ ਸਿਖ ਨੂੰ ਉਪਦੇਸ਼ ਕਰਦੇ ਹੋਏ ਇਹ ਕਹਿੰਦੇ ਹਨ:

"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥"
(ਗੁਣਵੰਤੀ ਸੂਹੀ ਮ: ੫)

ਇਸੇ ਲਈ ਸਤਿਗੁਰੂ ਦੇ ਹੁੰਦੇ ਕਿਸੇ ਸਚੇ ਸਿਖ ਭਾਈ ਗੁਰਦਾਸ, ਬਾਬਾ ਬੁਢਾ ਜੀ, ਆਦਿ ਨੇ ਗੁਰੂ ਹੋਣ ਦਾ ਦਾਹਵਾ ਨਹੀਂ ਕੀਤਾ। ਨਾ ਹੀ ਦਸਮ ਪਾਤ-

---

*ਭਾਈ ਨੰਦ ਲਾਲ ਜੀ:

"ਗਰਚੇ ਅਜ਼ ਤਾ ਬਿਆ ਮੌਲਾ ਬਵਦ॥ ਜ਼ਿੰਦਗੀ ਦਰ ਬੰਦਗੀ ਔਲਾ ਬਵਦ॥"

ਸ਼ਾਹ ਦੇ ਪਿਛੋਂ ਭਾਈ ਮਨੀ ਸਿੰਘ ਜੀ, ਭਾਈ ਤਾਰੂ ਸਿੰਘ ਜੀ ਵਰਗੇ ਸ਼ਹੀਦ ਨੇ ਇਹ ਕਿਹਾ ਕਿ ਅਸੀਂ ਗੁਰੂ ਹਾਂ।

(੩) ਗੁਰੂ ਨਾਲ ਮੇਲ, ਅਸੀਂ ਉਪਰ ਗੁਰਬਾਣੀ ਦੇ ਪਰਮਾਣਾਂ ਦੁਆਰਾ ਦਸ ਚੁਕੇ ਹਾਂ ਕਿ ਬਾਣੀ ਦੁਆਰਾ ਹੀ ਹੈ ਅਤੇ ਹੁਣ ਵੀ ਜਿਹੜੇ ਦੇਹਧਾਰੀ ਗੁਰੂ ਸਦਾਉਂਦੇ ਹਨ, ਉਹ ਆਪਣੇ ਭਾਵ ਬਾਣੀ ਦੁਆਰਾ ਹੀ ਪਰਗਟ ਕਰਦੇ ਹਨ। ਪਰ ਜੇ ਇਹ ਕਹੀਏ ਕਿ ਨਹੀਂ 'ਦਿਲ ਰਾ ਬਦਿਲ ਰਹੇ ਅਸਤ' ਗੁਰੂ ਆਪਣੀ ਆਤਮਕ ਸ਼ਕਤੀ ਦੁਆਰਾ ਸਹਾਇਤਾ ਕਰਦੇ ਹਨ। ਤਾਂ ਫਿਰ ਉਹ ਗੁਰੂ, ਜਿਨ੍ਹਾਂ ਦੀ ਆਤਮਾ ਦੇਹ ਦੀ ਕੈਦ ਵਿਚੋਂ ਨਿਕਲ ਕੇ ਸਰਬ ਵਿਆਪਕ, ਵਿਚ ਲੀਨ ਹੋ ਗਈ ਹੈ, ਵਧੀਕ ਸਹਾਇਤਾ ਕਰ ਸਕਦੇ ਹਨ। ਆਤਮਾ ਦਾ ਤਾਂ ਨਾਸ ਨਹੀਂ ਅਤੇ ਗੁਰੂ ਨਾਨਕ ਦੇਵ ਆਦਿ ਗੁਰੂ ਆਤਮ ਮੰਡਲ ਵਿਚ ਪੂਰਨ ਆਤਮਕ ਜ਼ਿੰਦਗੀ ਦੇ ਮਾਲਕ ਹਨ। ਫਿਰ ਉਹ ਪੂਰੀ ਮਦਦ ਦੇ ਸਕਦੇ ਹਨ, ਇਸ ਲਈ ਕਿਸੇ ਹੋਰ ਮਨੁਖ ਨੂੰ ਗੁਰੂ ਮੰਨਣ ਦੀ ਕੀ ਲੋੜ ?

ਸਚ ਪੁਛੋ ਤਾਂ ਸਿਖੀ ਮੰਡਲ ਦਾ ਇਹ ਅਸੂਲ ਹੈ ਕਿ ਦਸੇ ਗੁਰੂ ਇਕੋ ਰੂਪ ਹਨ, ਠੀਕ ਹੀ ਤਦੋਂ ਹੋ ਸਕਦਾ ਹੈ ਜਦ ਸ਼ਬਦ ਨੂੰ ਗੁਰੂ ਮੰਨੀਏ। ਦੇਹ, ਤਾਂ ਸਾਰੇ ਸਤਿਗੁਰੂਆਂ ਦੀਆਂ ਵਖ-ਵਖ ਸਨ। ਪਰ ਜੋਤ ਇਕੋ ਸ਼ੀ, ਭਾਵਾਂ ਉਹ ਰੋਸ਼ਨੀ ਜੋ ਉਨ੍ਹਾਂ ਦੀ ਰਾਹੀਂ ਪ੍ਰਗਟ ਹੋ ਰਹੀ ਸੀ ਉਹ ਇਕੋ ਸੀ :

ਇਕਾ ਬਾਣੀ ਇਕੁ ਗੁਰ ਇਕੋ ਸਬਦੁ ਵੀਚਾਰਿ ॥੨॥੭॥੫੪॥
(ਸੂਹੀ ਮ: ੫)

ਫਿਰ ਤੀਜੀ ਪਾਤਸ਼ਾਹੀ ਨੇ ਈਹੋ ਫੁਰਮਾਇਆ ਹੈ ਕਿ ਗੁਰ-ਸ਼ਬਦ ਗੁਰੂ ਤੋਂ ਹੀ ਪ੍ਰਗਟ ਹੋਂਦਾ ਹੈ ਹੋਰ ਥੇ ਨਹੀਂ ਟਿਕਦਾ।

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥
ਗੁਰ ਕਾ ਸਬਦੁ ਗੁਰ ਥੇ ਟਿਕੈ ਹੋਰ ਥੇ ਪਰਗਟੁ ਨਾ ਹੋਇ ॥੧॥੩੨॥
(ਸਲੋਕ ਮ: ੧ ਵਾਰ ਸਾਰੰਗ ਮ: ੪)

ਸਤੇ ਬਲਵੰਡ ਨੇ ਆਪਣੀ ਰਾਮਕਲੀ ਦੀ ਵਾਰ ਵਿਚ ਗੁਰ ਦਰਬਾਰ ਦੀ ਨਿਸ਼ਾਨ ਸ਼ਬਦ ਹੀ ਦਸੀ ਹੈ :

ਲੰਗਰ ਚਲੇ ਗੁਰਸਬਦਿ ਹਰਿ ਤੋਟਿ ਨਾ ਆਵੈ ਖਟੀਐ ॥
ਤੇ
ਦਰਿ ਦਰਵੇਸੁ ਖਸਮ ਦੈ ਨਾਇ ਸਚੇ ਬਾਣੀ ਲਾਲੀ ॥

ਬਾਣੀ ਨੂੰ ਅਜੇਹਾ ਉਚਾ ਦਰਜਾ ਦਿਤਾ ਹੈ ਕਿ ਸਤਿਗੁਰਾਂ ਇਥੋਂ ਤਕ ਫੁਰਮਾ ਦਿਤਾ ਹੈ ਕਿ ਮਤਾਂ ਕੋਈ ਸਿਖ ਮੇਰੇ ਕਰਤਵਾਂ ਨੂੰ ਗਲਤ ਸਮਝ ਕੇ ਉਨ੍ਹਾਂ

ਨੂੰ ਪ੍ਰਮਾਣ ਜਾਣੇ ਤੇ ਬਾਣੀ ਨੂੰ ਛੱਡ ਦੇਵੇ :

> ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥
> ਨਾਨਕ ਗੁਰਮਤਿ ਸਚਿ ਸਮਾਵਹੁ ॥੨੭॥
>
> (ਰਾਮਕਲੀ ਮ: ੧ ਦਖਣੀ ਓਅੰਕਾਰ)

ਗੁਰਮਤ ਵਿਚ ਇਸ ਲਈ ਮੁਢ ਤੋਂ ਹੀ ਬਾਣੀ ਨੂੰ ਗੁਰੂ ਮੰਨਿਆ ਹੈ। ਇਸ ਸ਼ਬਦ ਨੂੰ ਕਮਾਵਨ ਵਾਲਿਆਂ ਲਈ ਗੁਰਮੁਖ ਸੰਤ, ਸਾਧ ਆਦਿ ਪਦ ਵਰਤੇ ਗਏ ਹਨ।

ਕਈ ਸ਼ਜਨ ਸ਼ਬਦ ਦਾ ਅਰਥ ਕੋਈ ਖਾਸ ਆਵਾਜ਼ ਕਰਦੇ ਹਨ। ਇਸ ਗੱਲ ਤੇ ਵਿਚਾਰ ਪੂਰੀ-ਪੂਰੀ ਅਗੇ ਜਾਕੇ ਕੀਤੀ ਜਾਵੇਗੀ। ਪਰ ਇਥੇ ਲੰਘਦੇ-ਲੰਘਦੇ ਇਹ ਅਰਜ਼ ਕਰਦਿਆਂ ਕਿ ਸਿਖ ਇਤਿਹਾਸ ਵਿਚ ਜਿੰਨੇ ਸਤਿਗੁਰਾਂ ਜਾਂ ਸਿਖਾਂ ਦੇ ਅੰਤ ਸਮੇਂ ਦਾ ਜ਼ਿਕਰ ਆਇਆ ਹੈ। ਉਨ੍ਹਾਂ ਸਾਰਿਆਂ ਬਾਬਤ ਈਹੋ ਦਸਿਆ ਹੈ ਕਿ ਇਸ਼ਨਾਨ ਕਰਕੇ ਬਾਣੀ ਪੜ੍ਹਦੇ ਸ਼ਹੀਦ ਹੋਏ ਜਾਂ ਨਾਮ ਜਪਦੇ ਗੁਰਪੁਰੀ ਨੂੰ ਪਧਾਰ ਗਏ। ਇਹ ਕਿਸੇ ਬਾਬਤ ਵੀ ਨਹੀਂ ਲਿਖਿਆ ਕਿ ਉਹ ਨਕ, ਕੰਨ, ਅੱਖਾਂ ਬੰਦ ਕਰਕੇ ਕਿਸੇ ਨਾਦ ਦੇ ਧਿਆਨ ਵਿਚ ਮਸਤ ਤੁਰੇ ਜਾਂ ਜੋਗੀਆਂ ਵਾਂਗ ਬ੍ਰਹਮ ਰੰਧਰ ਨੂੰ ਫੋੜ ਕੇ ਉਨ੍ਹਾਂ ਦੀ ਆਤਮਾ ਨੇ ਦੇਹ ਵਿਚੋਂ ਉਡਾਰੀ ਮਾਰੀ। ਜਦੋਂ ਅਸੀਂ ਨਾਮ ਦਾ ਬਿਆਨ ਕਰਾਂਗੇ ਤਾਂ ਇਸ ਤੇ ਹੋਰ ਚਾਨਣਾ ਪਾਵਾਂਗੇ।

ਜਿਹੜਾ ਗੁਰੂ ਸਦਾਉਣ ਵਾਲੇ ਸਜਣ ਦੇਹਧਾਰੀ ਗੁਰੂ ਨਾਲੋਂ ਬਾਣੀ ਨੂੰ ਘਟੀਆ ਦਰਜਾ ਦੇਂਦੇ ਹਨ, ਉਹ ਇਕ ਗੱਲ ਭੁਲ ਜਾਂਦੇ ਹਨ। ਜਦੋਂ ਉਨ੍ਹਾਂ ਦੀ ਆਪਣੀ ਦੇਹ ਬਿਨਸ ਜਾਏਗੀ ਤਾ ਕੀ ਉਨ੍ਹਾਂ ਦਾ ਹੁਣ ਦਾ ਉਪਦੇਸ਼ ਸਚਾ ਨਹੀਂ ਰਹੇਗਾ ? ਇਕਰ ਮੰਨੀਏ ਤਾਂ ਕਿਸੇ ਧਰਮ ਪੁਸਤਕ ਦਾ ਰਤਾ ਬੀ ਮੁਲ ਨਹੀਂ ਰਹਿੰਦਾ।

ਕਈ ਸਜਣ ਇਹ ਕਹਿੰਦੇ ਹਨ ਕਿ ਪੋਥੀ ਤਾਂ ਬੋਲਦੀ ਨਹੀਂ ਦੇਹਧਾਰੀ ਗੁਰੂ ਆਪ ਉਪਦੇਸ਼ ਕਰਦਾ ਹੈ। ਉਨ੍ਹਾਂ ਨੂੰ ਇਕ ਭੁਲੇਖਾ ਲਗਾ ਹੋਇਆ ਹੈ। ਪੋਥੀ ਬੋਲਦੀ ਹੈ। ਉਹਦੀ ਆਵਾਜ਼ ਅਖਾਂ ਦੀ ਰਾਹੀਂ ਅੰਦਰ ਪੁਜਦੀ ਹੈ ਜਿਕਰ ਜੀਂਦੇ ਮਨੁੱਖ ਦੀ ਕੰਨਾਂ ਥਾਣੀ। ਜੇਹੋ-ਜੇਹੀ ਅੱਖ ਗਿਆਨ ਇੰਦਰੀ ਹੈ ਉਕਰ ਹੀ ਕੰਨ ਹਨ। ਫਰਕ ਕੀ ਹੋਇਆ ?

ਸਤਿਗੁਰੂ ਦੀ ਸਰਨ ਜਦੋਂ ਸਿਖ ਲੈਂਦਾ ਹੈ ਤਾਂ ਫਲ ਕਿਹੜੇ ਸਿਖ ਨੂੰ ਮਿਲਦਾ ਹੈ। ਸਰਨ ਲੈਣ ਦਾ ਅਰਥ ਕੀ ਹੈ ?

ਸੇਵੀ [illegible] ਸਤਿਗੁਰ ਭਾਏ ॥
ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮਨਿ ਵਸਾਏ ॥
ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥
ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥

... ...

ਨਾਨਕ ਤਿਸਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੩॥੧॥
(ਸੂਹੀ ਮ: ੩ ਅਸਟਪਦੀਆਂ)

ਜੇ ਕੋ ਸਿਖ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖ ਸਿਖੁ ਕੋਈ ਜੀਅਹੁ ਰਹੇ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੇ ਧਿਆਇ ਅੰਤਰਿ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੇ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਏਕੋ ।
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖ ਹੋਏ ॥੨੧॥
(ਰਾਮਕਲੀ ਮ: ੩ ਅਨੰਦ)

ਮੁਕਦੀ ਗੱਲ ਇਹ ਕਿ ਉਸੇ ਸਿਖ ਨੂੰ ਪ੍ਰਾਪਤੀ ਹੋਵੇਗੀ । ਜਿਹੜਾ ਆਪਾ ਗਵਾਕੇ ਗੁਰੂ ਦੇ ਹੁਕਮ ਵਿਚ ਤੁਰੇਗਾ :

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥
ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥੩॥੮॥
(ਗਉੜੀ ਸੁਖਮਨੀ ਮ:੫)

ਅਜਿਹਾ ਸਿਖ ਫਿਰ ਨਾਮ ਵਿਚ ਲੀਨ ਹੋਵੇਗਾ :

ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥

ਕਿਉਂ ਜੋ ਸਤਿਗੁਰ ਦੇ ਹੁਕਮ ਵਿਚ ਚਲਨ ਨਾਲ ਹਉਮੈਂ ਦਾ ਨਾਸ ਹੋਂਦਾ ਹੈ ਫਿਰ ਸਿਖ ਗੁਰੂ ਦੀ ਦੀਖਿਆ ਵਿਚ ਸਮਾਉਂਦਾ ਹੈ । ਉਹ ਦੀਖਿਆ ਕੀ ਹੈ ?

ਨਾਨਕ ਕਉ ਗੁਰਿ ਦੀਖਿਆ ਦੀਨ ॥
ਪ੍ਰਭੁ ਅਬਿਨਾਸੀ ਘਟਿ ਘਟਿ ਚੀਨ ॥੪॥੨੩॥
(ਆਸਾ ਮ. ੫)

(ਗੁਰਮਤ ਨਿਰਣਹ ਪੰਨਾ : ੧੪੨ ਤੋਂ ੧੪੮)

([illegible]) ਨਾਮ

ਨਾਮ ਅਕਾਲ ਪੁਰਖ ਦੀ ਸਰਬ-ਵਿਆਪਕ ਸ਼ਕਤੀ ਹੈ। ਜੋ ਹਉਮੈ ਦੇ ਨਾਸ ਹੋਣ ਤੇ ਪ੍ਰਾਪਤ ਹੁੰਦੀ ਹੈ। ਨਾਮ ਦੇ ਜਾਪ, ਸਿਮਰਨ ਤੇ ਗੁਣ [illegible] ਨਾਲ ਹਉਮੈ ਦਾ ਨਾਸ ਹੁੰਦਾ ਹੈ ਤੇ ਸਰਬ-ਵਿਆਪੀ ਨਾਮ ਦਾ ਪ੍ਰਗਾਸ ਹੁੰਦਾ ਹੈ :

ਗੁਨ ਗਾਵਤ ਤੇਰੀ ਉਤਰਸਿ ਮੈਲੁ ।। ਬਿਨਸਿ ਜਾਇ ਹਉਮੈ ਬਿਖੁ ਫੈਲੁ ।।
ਹੋਹਿ ਅਚਿੰਤੁ ਬਸਹਿ ਸੁਖ ਨਾਲਿ ।।
ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ।।੭।।੧੯।।
(ਗਉੜੀ ਸੁਖਮਨੀ ਮ: ੫)

ਜਦੋਂ ਨਾਮ ਮਿਲ ਗਿਆ ਤਾਂ ਨਾਮੀ ਵਿਚ ਸਾਡਾ ਚਿਤ ਅਭੇਦ ਹੋ ਗਿਆ ਤੇ ਪਰਮ ਸੁਖ ਦੀ ਪ੍ਰਾਪਤੀ ਹੋ ਗਈ :

ਮਿਤ ਕਾ ਚਿਤੁ ਅਨੂਪ ਮਰੰਮ ਨ ਜਾਨੀਅ ।।
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ।।
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ।।
ਹਰਿਹਾਂ ਚੰਚਲ ਚੋਰਹਿ ਮਾਰਿ ਤਾ ਪਾਵਹਿ ਸਚੁ ਧਨਾ ।।੧੨।।
(ਫਨੇਹ ਮ: ੫)

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ।।
ਗੁਰ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ।।੧।।੧।।
(ਬਲਾਵਲ ਛੰਤ ਮ: ੪)

ਨਾਮ ਸਬੰਧੀ ਗੁਰਮਤਿ ਦੇ ਵਿਚਾਰ ਛੇਵੇਂ ਭਾਗ ਵਿਚ ਆਏ 'ਨਾਮ' ਦੇ ਪਰਕਰਣ ਵਿਚ ਦੇਖੋ ।

ਨਕ, ਮੂੰਹ ਅਖਾਂ ਬੰਦ ਕਰਕੇ ਆਲਤੀ ਪਾਲਤੀ ਆਸਨ ਆਦਿ ਦੀ ਲੋੜ ਗੁਰਮਤ ਵਿਚ ਨਹੀਂ । ਨਾ ਗੁਰਮਤ ਕਿਸੇ ਅਧਿਆਤਮਕ ਸੈਰ ਦੀ ਜਾਚਕ ਹੈ । ਅਸਲੀ ਅਧਿਆਤਮਕਤਾ ਮਨੁੱਖੀ ਉਚੇ ਆਚਰਨ ਤੇ ਨਿਰਭਰ ਹੁੰਦੀ ਹੈ ਜੋ ਹਉਮੈ ਨਾਸ ਹੋਣ ਤੇ ਪਰਉਪਕਾਰ ਦੇ ਰੂਪ ਵਿਚ ਨਿਖਰਦਾ ਹੈ ।

(੪) ਗੁਰ ਭਗਤੀ

ਗੁਰਉਪਦੇਸ਼ ਤੇ ਟੁਰਨਾ ਹੀ ਅਸਲ ਗੁਰਭਗਤੀ ਹੈ । ਗੁਰੂ ਦੀ ਸਰੀਰਕ ਛੋਹ ਜਾਂ ਦੇਹ ਦੇ ਦਰਸ਼ਨ ਗੁਰਮਤ ਅਨੁਸਾਰ ਗੁਰਭਗਤੀ ਨਹੀਂ ਕਹੀ ਜਾ ਸਕਦੀ :

ਸਤਿਗੁਰ ਨੋ ਸਭ ਕੋ ਦੇਖਦਾ ਜੇਤਾ ਜਗਤੁ ਸੰਸਾਰ ।।
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੈ ਵੀਚਾਰੁ ।।
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ।।
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰੁ ।
ਨਾਨਕ ਇਕ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ।।੧।।੨੧।।
(ਸਲੋਕ ਮ: ੩ ਵਾਰ ਵਡਹੰਸ ਮ: ੪)

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤ ਪਾਵੈ ।।੨।।੬।।
(ਗੁਜਰੀ ਮ: ੪)

ਵਣਜਾਰੇ ਸਿਖ ਆਵੰਦੇ ਸਬਦਿ ਲਘਾਵਣੁ ਹਾਰੁ ॥੨॥੨੨॥

(ਵਾਰ ਗਉੜੀ ਮ: ੪)

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥
ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥

(ਸੂਹੀ ਮ: ੪ ਅਸਟਪਦੀਆਂ)

ਸਤਿਗੁਰ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥
ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥੨੦॥

(ਵਾਰ ਸਾਰੰਗ ਮ: ੪)

ਇਹ ਉਪਦੇਸ਼ ਮੰਨ ਕੇ ਤੁਰਨਾ ਹੀ ਗੁਰੂ ਕੇ ਭਾਣੇ ਵਿਚ ਤੁਰਨਾ ਹੈ। ਨਹੀਂ ਤਾਂ ਨਿਰੀ-ਪੁਰੀ ਸਰੀਰਕ ਪੂਜਾ ਨਿਸਫਲ ਹੈ:

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ॥
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਸਤਿ ਕਰਿ ਮਾਨੀ ॥੧॥੧੧॥

(ਧਨਾਸਰੀ ਮ: ੪)

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥੧॥੬॥

(ਆਸਾ ਮ ੩)

ਸਤਿਗੁਰ ਦੇ ਭਾਣੇ ਵਿਚ ਚਲਣ ਨਾਲ ਹੀ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਮਨ ਰਾਤ-ਦਿਨ ਨਾਮ ਵਿਚ ਹੀ ਰਚਿਆ ਰਹਿੰਦਾ ਹੈ:

ਮਨ ਰੇ ਗੁਰ ਕੀ ਕਾਰ ਕਮਾਇ ॥
ਗੁਰ ਕੇ ਭਾਣੇ ਜੋ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥੩॥੨੦॥

(ਸ੍ਰੀ ਰਾਗ ਮ: ੩ ਅਸਟਪਦੀਆਂ)

ਨਾਨਕ ਐਸੇ ਸਤਿਗੁਰ ਕੀ ਕਿਆ ਉਹ ਸੇਵਕੁ ਸੇਵਾ ਕਰੇ ॥
ਗੁਰ ਆਗੈ ਜੀਉ ਧਰੇਇ ॥
.........ਸਤਿਗੁਰੁ ਆਪੇ ਕ੍ਰਿਪਾ ਕਰੇਇ ।੪।੧।੩।

(ਗੁਜਰੀ ਮ: ੩)

ਸ਼ਬਦ ਸੁਰਤਾਂ ਦਾ ਅਭਿਆਸ

ਗੁਰਮਤ ਦਾ ਮਾਰਗ ਨਾਮ ਸਿਮਰਨ ਦਾ ਮਾਰਗ ਹੈ। ਇਹ ਜੋਗੀਆਂ ਦਾ ਧਿਆਨ ਮਾਰਗ ਨਹੀਂ। ਸ਼ਬਦ ਸੁਰਤ ਦਾ ਅਭਿਆਸ ਧਿਆਨ ਮਾਰਗ ਨਾਲ ਮਿਲਦਾ-ਜੁਲਦਾ ਮਾਰਗ ਹੈ। ਇਸ ਲਈ ਗੁਰਮਤ ਇਸ ਅਭਿਆਸ ਦੇ ਹੱਕ ਵਿਚ ਨਹੀਂ। ਪਰ ਆਮ ਤੌਰ ਤੇ ਸਿਖ ਰੂਪ ਵਿਚ ਰਾਧਾਸ੍ਵਾਮੀ ਗੁਰਬਾਣੀ

ਦੇ ਗ਼ਲਤ ਅਰਥ ਕਰਕੇ ਟਪਲਾ ਲਾਉਣ ਦਾ ਯਤਨ ਕਰਦੇ ਹਨ ਤੇ ਭੋਲੇ-ਭਾਲੇ ਸਿਖਾਂ ਨੂੰ ਭਰਮਾ ਲੈਂਦੇ ਹਨ। ਇਸ ਲਈ ਇਸ ਦਾ ਥੋੜ੍ਹਾ ਜਿਹਾ ਵਿਸਥਾਰ ਕਰ ਲੈਣਾ ਅਯੋਗ ਨਹੀਂ ਹੋਵੇਗਾ।

ਪਿਛੇ ਲਿਖੇ 'ਯੋਗ ਮੱਤ' ਤੇ 'ਗੋਰਖ ਮੱਤ' ਦੇ ਲੇਖਾਂ ਵਿਚ ਅਸੀਂ ਪਾਤੰਜਲ ਜੀ ਦੇ 'ਧਿਆਨ ਮਾਰਗ' ਤੇ ਹੱਠ ਯੋਗੀਆਂ ਦੇ 'ਨਾਦ-ਲਯ' ਦਾ ਜ਼ਿਕਰ ਕੀਤਾ ਹੈ।

ਪਾਤੰਜਲ ਜੀ ਨੇ ਯੋਗ ਦਾ ਪ੍ਰਯੋਜਨ ਚਿਤ ਦੀਆਂ ਬ੍ਰਿਤੀਆਂ ਨੂੰ ਰੋਕਣ ਦਸਿਆ ਹੈ। ਪਾਤੰਜਲ ਜੀ ਯੋਗ ਦੇ ਅਠਾਂ ਅੰਗਾਂ ਦਾ ਜ਼ਿਕਰ ਕਰਦੇ ਹੋਏ ਇਹ ਵੀ ਦਸਦੇ ਹਨ ਕਿ ਸੁਰਤ ਨੂੰ ਟਿਕਾਣ ਦਾ ਅਸਲੀ ਕੰਮ ਸਿਧਾ 'ਪ੍ਰਤਯਾਹਾਰ' ਤੋਂ ਅਰੰਭ ਹੁੰਦਾ ਹੈ। ਸਮਾਧੀ ਦਾ ਸਰੂਪ ਬਿਆਨ ਕਰਦੇ ਹੋਏ ਆਪ ਕਹਿੰਦੇ ਹਨ 'ਓਦੋਂ ਦ੍ਰਿਸ਼ਟਾ (ਪੁਰਸ਼) ਆਪਣੇ ਸਰੂਪ ਵਿਚ ਇਸਥਿਤ ਹੁੰਦਾ ਹੈ। ਆਪ ਈਸ਼੍ਵਰ ਭਗਤੀ ਨੂੰ ਵੀ ਸਮਾਧੀ ਦਾ ਇਹ ਜ਼ਰੀਆ ਦਸਦੇ ਹਨ ਤੇ ਓਸ ਦੇ ਜਾਪ ਤੇ ਅਰਥ ਪੁਰ ਚਿਤ ਟਿਕਾਣ ਰਾਹੀਂ ਸਮਾਧੀ ਦੀ ਪ੍ਰਾਪਤੀ ਹੋਣ ਦਾ ਜ਼ਿਕਰ ਕਰਦੇ ਹਨ। ਇਸੇ ਤਰ੍ਹਾਂ 'ਪ੍ਰਾਣਾਯਾਮ' ਵੀ ਚਿਤ ਦੀਆਂ ਬ੍ਰਿਤੀਆਂ ਨੂੰ ਰੋਕਣ ਦਾ ਇਕ ਸਾਧਨ ਹੀ ਹੈ।

ਪਾਤੰਜਲ ਜੀ ਪਹਿਲਾਂ ਤਾਂ ਅੱਖਾਂ ਰਾਹੀਂ ਕਿਸੇ ਰੂਪ ਤੇ ਧਿਆਨ ਟਿਕਾਣ ਲਈ ਕਹਿੰਦੇ ਹਨ ਪਰ ਫਿਰ ਕਹਿੰਦੇ ਹਨ ਸਮਾਧੀ ਵਿਚ ਰੂਪ ਨੂੰ ਛਡਕੇ ਕੇਵਲ ਅਰਥ ਭਾਵ ਵਲ ਹੀ ਜਾਣਾ ਹੈ।

ਇਸੇ ਤਰ੍ਹਾਂ ਗੋਰਖ ਮਤ ਦਾ ਵਿਚਾਰ ਕਰਦਿਆਂ ਹੋਇਆ ਅਸਾਂ ਗੋਰਖ ਜੀ ਦੀ 'ਨਾਦ ਉਪਾਸ਼ਨਾ' ਦਾ ਵੀ ਜ਼ਿਕਰ ਕੀਤਾ ਹੈ ਤੇ ਉਨ੍ਹਾਂ ਦੇ ਹਠ ਯੋਗ ਪ੍ਰਦੀਪਕਾ ਵਿਚ ਦਸੇ 'ਨਾਦ-ਲਯ' ਦੇ ਢੰਗ ਨੂੰ ਵੀ ਵਿਸਥਾਰਿਆ ਹੈ ਤੇ ਇਹ ਵੀ ਦਸਿਆ ਹੈ ਕਿ ਗੋਰਖ ਜੀ ਨਾਦ ਉਪਾਸ਼ਨਾਂ ਦੀ ਵਡਿਆਈ ਕਰਦਿਆਂ ਕਹਿੰਦੇ ਹਨ:

"ਜਦ ਤਕ ਅਨਾਹਤ ਸ਼ਬਦਿ ਸੁਣੀਦਾ ਹੈ ਅਕਾਸ਼ ਦਾ ਸੰਕਲਪ ਰਹਿੰਦਾ ਹੈ। ਸ਼ਬਦ ਰਹਿਤ ਨੂੰ ਪਾਰਬ੍ਰਹਮ ਤੇ ਪ੍ਰਮਾਤਮਾ ਕਹਿੰਦੇ ਹਨ। ਜੋ ਕੁਝ ਨਾਦ ਦੇ ਰੂਪ ਵਿਚ ਸੁਣੀਦਾ ਹੈ ਉਹ ਸ਼ਕਤੀ ਹੈ ਜਿਥੇ ਤੱਤਾਂ ਦਾ ਅੰਤ ਹੈ ਉਹ ਨਿਰੰਕਾਰ ਹੈ ਉਹੋ ਹੀ ਪਰਮੇਸ਼ਰ ਹੈ।"

'ਅਨਾਹਤ ਸ਼ਬਦ' ਦਾ ਅਰਥ ਯੋਗੀਆਂ ਨੇ ਇਹ ਨਹੀਂ ਕੀਤਾ ਕਿ ਇਹ ਓਹ ਸ਼ਬਦ ਹੈ ਜੋ ਬਿਨਾ ਹਤ ਅਰਥਾਤ ਬਿਨਾਂ ਦੋ ਚੀਜ਼ਾਂ ਦੇ ਟਕਰਾਏ ਸੁਤੇ ਹੀ ਪਿਆ ਹੋਂਦਾ ਹੋਵੇ। ਅਨਾਹਤ ਸ਼ਬਦ ਤਾਂ ਓਹ ਇਸ ਲਈ ਕਹਿੰਦੇ ਹਨ ਕਿ

ਕਿ ਇਹ ਸ਼ਬਦ ਪੈਦਾ ਹੀ ਓਦੋਂ ਹੁੰਦਾ ਹੈ ਜਦੋਂ ਪ੍ਰਾਨ ਅਨਾਹਤ ਚਕ੍ਰ ਵਿਚ ਬ੍ਰਹਮ ਗ੍ਰੰਥੀ ਨੂੰ ਵਿਨ੍ਹਦੇ ਹਨ। ਹਠ ਯੋਗੀ ਭਲੀ ਭਾਂਤ ਜਾਣਦੇ ਸਨ ਕਿ ਇਹ ਸਾਰੇ ਸ਼ਬਦ ਨਾੜੀਆਂ ਵਿਚ ਸ੍ਵਾਸਾਂ ਦੀ ਰਗੜ ਨਾਲ ਪੈਦਾ ਹੁੰਦੇ ਹਨ ਤੇ ਇਹ ਆਵਾਜ਼ਾਂ ਕੰਨਾਂ ਰਾਹੀਂ ਹੀ ਸੁਣੀਦੀਆਂ ਹਨ। ਇਸੇ ਲਈ ਉਨ੍ਹਾਂ ਇਹ ਗਲ ਵੀ ਸਪਸ਼ਟ ਕੀਤੀ ਹੈ ਕਿ ਇਹ ਆਵਾਜ਼ ਸਜੇ ਕੰਨ ਕੋਲ ਸੁਣੀਂਦੀਆਂ। ਓਨ੍ਹਾਂ ਇਹ ਵੀ ਗਲ ਕਹੀ ਹੈ ਕਿ ਇਨ੍ਹਾਂ ਆਵਾਜ਼ਾਂ ਨੂੰ ਸੁਣਨ ਦਾ ਪ੍ਰਯੋਜਨ ਮਨ ਦੀਆਂ ਲਹਿਰਾਂ ਨੂੰ ਰੋਕਣਾ ਹੀ ਹੈ। ਮਨ ਦੀਆਂ ਲਹਿਰਾਂ ਰੋਕਣ ਮਗਰੋਂ ਉਨ੍ਹਾਂ ਫਿਰ 'ਰਾਜ ਯੋਗ' ਲਈ ਹੀ ਪ੍ਰੇਰਨਾ ਦਿਤੀ ਹੈ ਇਸੇ ਲਈ ਉਨ੍ਹਾਂ ਇਹ ਕਿਹਾ ਹੈ ਕਿ ਜਦ ਤਕ ਸ਼ਬਦ ਸੁਣੀਂਦਾ ਹੈ ਅਕਾਸ਼ ਦਾ ਸੰਕਲਪ ਰਹਿੰਦਾ ਹੈ। ਹਠ ਯੋਗੀ ਕਹਿੰਦੇ ਹਨ ਕਿ ਜੋ ਕੁਝ ਸ਼ਬਦ ਦੀ ਸ਼ਕਲ ਵਿਚ ਸੁਣਿਆ ਜਾਂਦਾ ਹੈ ਓਹ ਮਾਦੀ ਸ਼ਕਤੀ ਹੈ ਉਨ੍ਹਾਂ ਇਸ ਅਵਸਥਾ ਤੋਂ ਉਤੇ ਨਿਰਸ਼ਬਦ ਅਵਸਥਾ ਵਿਚ ਪੁਜਣਾ ਹੈ। ਇਸ ਲਈ ਸਮਾਧੀ ਵਿਚ ਸ਼ਬਦ ਨੂੰ ਛਡਣਾ ਪਏਗਾ। ਪਾਤੰਜਲ ਜੀ ਵੀ ਭਾਵੇਂ ਪਹਿਲੇ ਤਾਂ ਅੱਖਾਂ ਰਾਹੀਂ ਹੀ ਕਿਸੇ ਰੂਪ ਤੇ ਧਿਆਨ ਨੂੰ ਟਿਕਾਵਣ ਲਈ ਕਹਿੰਦੇ ਹਨ ਪਰ ਸਮਾਧੀ ਦੀ ਅਵਸਥਾ ਵਿਚ ਓਹ ਵੀ ਰੂਪ ਨੂੰ ਛਡਕੇ ਨਿਰਾ ਅਰਥ ਵਲ ਜਾਣਾ ਹੀ ਦਸਦੇ ਹਨ। ਯੋਗੀ ਬਾਹਰ ਵਲੋਂ ਤਾਂ ਨੱਕ, ਅਖਾਂ, ਕੰਨ, ਮੂੰਹ ਬੰਦ ਕਰ ਲੈਂਦੇ ਹਨ ਇਸ ਲਈ ਓਹ ਅੰਦਰ ਸ੍ਵਾਸਾਂ ਦੀ ਰਗੜ ਨਾਲ ਉਤਪੰਨ ਹੋਏ ਮਾਦੀ ਸ਼ਬਦਾਂ ਰਾਹੀਂ ਧਿਆਨ ਇਕਾਗਰ ਕਰਨਾ ਦਸਦੇ ਹਨ। ਇਹ ਸ਼ਬਦ ਵੀ ਵਖ ਵਖ ਨਾੜੀਆਂ ਦੀ ਅਡੋ ਅੱਡ ਬਣਤਰ ਦੇ ਕਾਰਨ ਵਖ ਵਖ ਧੁਨੀ ਪਕੜਦਾ ਹੈ ਪਰ ਆਖਰ ਮਨ ਦੇ ਇਕਾਗਰ ਹੋ ਜਾਣ ਮਗਰੋਂ ਇਸ ਸ਼ਬਦ ਨੂੰ ਛਡ ਕੇ ਨਿਰਸ਼ਬਦ ਅਵਸਥਾ ਵਿਚ ਹੀ ਪੁਜਣਾ ਹੈ ਤੇ ਨਿਰਾਕਾਰ ਵਿਚ ਸੁਰਤੀ ਲਾਣੀ ਹੈ।

ਇਸ ਸਾਰੀ ਵਿਚਾਰ ਤੋਂ ਅਸੀਂ ਇਸ ਸਿਟੇ ਤੇ ਪੁਜਦੇ ਹਾਂ ਕਿ ਭਰਵਟਿਆਂ ਵਿਚਾਲੇ ਧਿਆਨ ਜਮਾਣ ਯਾ ਨਾਦ ਸੁਣਨਾ ਇਹ ਵਖ ਵੱਖ ਵੱਖ ਇੰਦ੍ਰੀਆਂ ਰਾਹੀਂ ਧਿਆਨ ਮਾਰਗ ਦੇ ਮਨ ਨੂੰ ਇਕਾਗਰ ਕਰਨ ਲਈ ਸਾਧਨ ਹਨ। ਆਖਰ ਸਮਾਧੀ ਵਿਚ ਜਾਣ ਲਈ ਰੂਪ ਤੇ ਸ਼ਬਦ ਦੋਹਾਂ ਨੂੰ ਛਡਣਾ ਹੀ ਪੈਂਦਾ ਹੈ ਤੇ ਮਨ ਨੂੰ ਟਿਕਾਣਾ ਹੁੰਦਾ ਹੈ।

ਰਾਧਾ ਸਵਾਮੀ ਨਾ ਤਾਂ ਪ੍ਰਾਣਾਯਾਮ ਰਾਹੀਂ ਸੁਖਮਨਾ ਨੂੰ ਮਲ ਰਹਿਤ ਕਰਦੇ ਹਨ ਤੇ ਨਾ ਹੀ ਪ੍ਰਾਣਾਂ ਨੂੰ ਸੁਖਮਨਾ ਵਿਚ ਲਿਜਾਂਦੇ ਹਨ। ਐਵੇਂ ਹੀ ਅੱਖਾਂ ਮੂੰਹ, ਕੰਨ, ਨੱਕ ਮੁੰਦ ਕੇ ਸ਼ਬਦ ਸੁਣਨ ਦਾ ਯਤਨ ਕਰਦੇ ਹਨ। ਯਮ ਤੇ ਨਯਮ ਆਦਿ ਕ੍ਰਿਆ ਜਾਂ ਪਾਤੰਜਲ ਜੀ ਦੇ ਦਸੇ ਢੰਗ ਨਾਲ ਅੰਤਹ ਕਰਨ ਨੂੰ ਮਲ ਰਹਿਤ

ਕੀਤੇ ਬਿਨਾ ਤਾਂ ਕੇਵਲ ਨਾੜੀਆਂ ਵਿਚ ਲਹੂ ਦੇ ਗੇੜ, ਮਿਹਦੇ ਦੇ ਪਠਿਆਂ ਦੀ ਰਗੜ ਜਾਂ ਦਿਲ ਦੀ ਧੜਕਨ ਆਦਿ ਮਾਦੀ ਸ਼ਬਦ ਤਾਂ ਸੁਣੇ ਜਾ ਸਕਦੇ ਹਨ ਪਰ ਯੋਗੀਆਂ ਦਾ ਅਨਾਹਤ ਸ਼ਬਦ ਨਹੀਂ ਸੁਣ ਸਕਦੇ।

ਰਾਧਾ ਸ਼ਵਾਮੀ ਦਾਅਵਾ ਕਰਦੇ ਹਨ ਕਿ ਯੋਗੀ ਜੇਹੜਾ ਸ਼ਬਦ ਪ੍ਰਾਣਾਯਾਮ ਦੁਆਰਾ ਸੁਣਦੇ ਹਨ ਓਹ ਉਹ ਸੁਰਤ ਨੂੰ ਉਨ੍ਹਾਂ ਥਾਵਾਂ ਤੇ ਟਿਕਾ ਕੇ ਸੁਣ ਲੈਂਦੇ ਹਨ। ਫੇਰ ਯੋਗੀਆਂ ਦਾ ਅਨਹਤ ਸ਼ਬਦ ਤਾਂ ਵਾਸਤਵਿਕ ਸੀ ਰਾਧਾ ਸਵਾਮੀਆਂ ਨੇ ਤਾਂ ਕੇਵਲ ਮਨ ਦੀ ਕਲਪਨਾ ਰਾਹੀਂ ਹੀ ਸ਼ਬਦ ਸੁਣੇ। ਕਲਪਨਾ ਅਸਲੀਅਤ ਨਹੀਂ ਹੋ ਸਕਦੀ। ਮਾਨਸਕ ਵਿਦਿਆ ਦਾ ਅਨਜਾਣ ਤੋਂ ਅਨਜਾਣ ਪਾਠੀ ਵੀ ਇਸ ਭੇਦ ਨੂੰ ਜਾਣਦਾ ਹੈ ਕਿ ਮਨ ਦੇ ਵਿਚ ਇਹ ਤਾਕਤ ਹੈ ਕਿ ਓਹ ਆਪਣੀ ਕਿਸੇ ਵੀ ਕਲਪਨਾ ਨੂੰ ਸਿਧ ਕਰ ਲਵੇ ਤੇ ਇਹ ਵੀ ਵਿਚਾਰਵਾਨ ਚੰਗੀ ਤਰ੍ਹਾਂ ਸਮਝਦੇ ਹਨ ਕਿ ਮਨ ਨੂੰ ਸੁਧ ਕੀਤੇ ਬਿਨਾ ਉਸਦੀ ਕੋਈ ਕਲਪਨਾ ਵੀ ਕਲਿਆਨ ਕਾਰੀ ਨਹੀਂ ਹੋ ਸਕਦੀ।

ਪ੍ਰਿੰਸੀਪਲ ਜੋਧ ਸਿੰਘ ਜੀ ਐਮ. ਏ. 'ਗੁਰਮਤ ਨਿਰਣਹ' ਵਿਚ ਲਿਖਦੇ ਹਨ :

"ਸ਼ਬਦ ਦੁਨੀਆਂ ਵਿਚ ਬੇਅੰਤ ਹੋ ਰਹੇ ਹਨ ਪਰ ਸਾਡੇ ਕੰਨ ਜੋ ਸ਼ਬਦ ਵਾਯੂ ਵਿਚ ਖਾਸ ਥਰਾਟ ਪੈਦਾ ਕਰਨ, ਉਹੋ ਹੀ ਸੁਣ ਸਕਦੇ ਹਨ। ਨਾ ਉਸਤੋਂ ਨੀਵੀਂ ਥਰਾਟ ਦੇ ਸ਼ਬਦ ਸੁਣ ਸਕਦੇ ਹਨ ਨਾ ਉਚੀ ਦੇ। ਕਿਸੇ ਮਨੁਖ ਵਿਚ ਇਹ ਤਾਕਤ ਕੁਦਰਤੀ ਹੋ ਸਕਦੀ ਹੈ ਕਿ ਉਹ ਹੋਰਨਾਂ ਨਾਲੋਂ ਉਚੀ ਜਾਂ ਨੀਵੀਂ ਥਰਾਟ ਦੀਆਂ ਆਵਾਂਜ਼ ਸੁਣ ਲਵੇ। ਕਈ ਜਾਂਗ਼ਲੀ ਕੌਮਾਂ ਵਿਚ ਇਹ ਤਾਕਤ ਹੈ। ਜਨੌਰ, ਖਾਸ਼ ਕਰਕੇ ਸ਼ਿਕਾਰੀ ਜਨੌਰ ਬਹੁਤ ਦੂਰੋਂ ਖੜਾਕ ਸੁਣ ਲੈਂਦੇ ਹਨ, ਪਰ ਇਹ ਅਨਾਹਤ ਸ਼ਬਦ ਨਹੀਂ।

ਪਾਤੰਜਲੀ ਜੀ ਸਿਧੀਆਂ ਵਿਚ ਜ਼ਿਕਰ ਕਰਦੇ ਹਨ ਕਿ ਜੋ ਜੋਗੀ ਕੰਨਾ ਤੇ ਆਕਾਸ਼ ਦੇ ਸਬੰਧ ਤੇ ਸੰਯਮ ਕਰ (ਅਰਥਾਤ ਧਾਰਨਾ, ਧਿਆਨ, ਸਮਾਧੀ ਵਾਲਾ ਅਮਲ ਕਟੇ) ਤਾਂ ਉਹ ਦੂਰ ਦੂਰ ਦੀਆਂ ਆਵਾਜ਼ ਸੁਣ ਸਕਦਾ ਹੈ ਪਰੰਤੂ ਓਹ ਸਾਰੇ ਹਤ ਸ਼ਬਦ ਹਨ। ਯੂਨਾਨੀ ਵੀ (Music of Spheres) ਗ੍ਰਿਹਾਂ ਦੀ ਚਾਲ ਨਾਲ ਜੋ ਸ਼ਬਦ ਪੈਦਾ ਹੋ ਰਿਹਾ ਹੈ ਉਹਦਾ ਜ਼ਿਕਰ ਕਰਦੇ ਹਨ, ਪਰ ਉਹ ਵੀ ਮਾਦੀ ਹੈ।

ਪੇਸ਼ਤਰ ਇਸਦੇ ਕਿ ਅਸੀਂ ਗੁਰਮਤ ਦਸੀਏ, ਅਸੀਂ ਅੱਜ ਕਲ ਦੀ ਸਾਇੰਸ ਦੀਆਂ ਵਿਚਾਰਾਂ ਤੇ ਵੀ ਥੋੜੀ ਨਜ਼ਰ ਮਾਰਨੀ ਚਾਹੁੰਦੇ ਹਾਂ। ਸਾਇੰਸ ਵਾਲੇ ਵੀ ਪੰਜ ਗਿਆਨ ਇੰਦ੍ਰੇ ਮੰਨਦੇ ਹਨ। ਰਸ ਲਈ ਜੀਭ ਤੇ ਤਾਲੂ ਦਾ ਕੁਝ

ਹਿਸਾ, ਰੂਪ ਲਈ ਅਖਾਂ, ਸ਼ਬਦ ਲਈ ਕੰਨ, ਗੰਧ ਲਈ ਨੱਕ ਤੇ ਸ਼ਪਰਸ਼ ਲਈ ਖਲੜੀ। ਜਦੋਂ ਕਿਸੇ ਇੰਦ੍ਰੀ ਤੇ ਬਾਹਰੋਂ ਲਹਿਰਾਂ ਉਠਕੇ ਠੋਕਰ ਵਜਦੀ ਹੈ ਤਾਂ ਰੂਪ ਰਸ ਆਦਿ ਕੇਵਲ ਇੰਦ੍ਰੀ ਤੀਕ ਹੀ ਰਹਿ ਜਾਂਦੇ ਹਨ, ਉਹ ਅਗੇ ਨਹੀਂ ਜਾਂਦੇ। ਘਰ ਦਾ ਕੁੰਡਾ ਖੜਕਾ ਕੇ ਉਹ ਮੁੜ ਜਾਂਦੇ ਹਨ। ਅਗੇ ਖਬਰ ਨਸਾਂ ਦੀ ਰਾਹੀਂ ਦਿਮਾਗ਼ ਵਿਚ ਜਾਂਦੀ ਹੈ। ਇਹ ਖਬਰ ਰਸ ਰੂਪ ਆਦਿ ਦੀ ਸ਼ਕਲ ਵਿਚ ਨਹੀਂ ਜਾਂਦੀ। ਇਹ ਖਬਰ ਕਿਸੇ ਗੁਪਤ ਬੋਲੀ ਵਿਚ ਅਪੜਦੀ ਹੈ। ਦਮਾਗ ਉਸ ਦੇ ਅਰਥ ਕਢਦਾ ਹੈ ਤੇ ਮਨ ਫਿਰ ਰੂਪ ਰੰਗ ਆਪਣੇ ਅੰਦਰੋਂ ਕਲਪ ਕੇ ਸੁਨੇਹੇ ਦਾ ਰੂਪ ਘੜ ਲੈਂਦਾ ਹੈ ਤੇ ਅਗੋਂ ਜੋ ਕਿਰਿਆ ਕਰਨ ਜੋਗ ਹੋਵੇ, ਉਸਦੇ ਲਈ ਕਰਮ ਇੰਦ੍ਰੀਆਂ ਨੂੰ ਹੁਕਮ ਦੇਂਦਾ ਹੈ। ਇਸ ਦਾ ਸਾਰ ਇਹ ਹੈ ਕਿ ਸ਼ਬਦ ਆਦਿ ਨਿਰਾ ਇੰਦ੍ਰੀਆਂ ਤੀਕ ਪੁਜਦੇ ਹਨ, ਮਨ ਤੀਕ ਵੀ ਇਨ੍ਹਾਂ ਦੀ ਪਹੁੰਚ ਨਹੀਂ। ਇਹ ਕਹਿਣਾ ਕਿ ਇਹ ਉਸਤੋਂ ਵੀ ਅਗੇ ਆਤਮਾ ਤੀਕ ਅਪੜਦੇ ਹਨ ਵਰਤਮਾਨ ਤੇ ਪਰਾਚੀਨ ਖ਼ੋਜ ਦੇ ਵਿਰੁਧ ਹੈ।"

(ਗੁਰਮਤ ਨਿਰਣਹ ਪੰਨਾ ੨੧੭–੨੧੯)

ਉਪਰੋਕਤ ਵਿਚਾਰ ਤੋਂ ਅਸੀਂ ਹੇਠ ਲਿਖੇ ਸਿਟੇ ਕੱਢੇ ਹਨ :

(ੳ) ਯੋਗ ਦਾ ਪਰਮਪਦ ਮਨ ਨੂੰ ਹੋਰ ਬ੍ਰਿਤੀਆਂ ਤੋਂ ਹੀਨ ਕਰਕੇ ਸ੍ਵੈ ਸਰੂਪ ਵਿਚ ਇਸਥਿਤ ਕਰਨਾ ਹੈ।

(ਅ) ਹਠ ਯੋਗੀ ਉਨਮਾਨੀ ਅਵਸਥਾ ਵਿਚ ਪੁਜ ਕੇ ਲਕੜ ਦੇ ਕੁੰਦੇ ਵਰਗਾ ਹੋ ਜਾਂਦਾ ਹੈ ਜਿਥੇ ਓਹ ਸੰਖ ਤੇ ਧੌਂਸੇ ਦੀ ਅਵਾਜ਼ ਵੀ ਕਦਾਚਿਤ ਸੁਣ ਨਹੀਂ ਸਕਦਾ ਤੇ ਇਸ ਮੁਰਦੇਹਾਣੀ ਅਵਸਥਾ ਨੂੰ ਹੀ ਸਰਬ ਸ੍ਰੇਸ਼ਟ ਅਵਸਥਾ ਮੰਨਦਾ ਹੈ।

ਐਪਰ ਗੁਰਮਤ ਦਾ ਪਰਮ ਪਦ ਇਨ੍ਹਾਂ ਦੋਹਾਂ ਤੋਂ ਵਿਲੱਖਣ ਹੈ। ਓਹ ਹੈ ਆਪਣੇ ਮਨ ਨੂੰ ਨਿਰੰਕਾਰ ਨਾਲ ਜੋੜਨਾ। ਗੁਰਸਿਖ, ਨਾਮ ਵਿਚ ਸੁਰਤ ਨੂੰ ਜੋੜਦਾ ਹੈ। ਇਸ ਸਾਧਨ ਵਿਚ ਓਹ ਯੋਗੀ ਵਾਂਗ ਕਿਰਿਆ ਹੀਨ ਨਹੀਂ ਹੁੰਦਾ, ਸਗੋਂ ਇੰਦ੍ਰੀਆਂ ਨੂੰ ਬੇਹਿਸ ਕਰਨ ਦੀ ਥਾਵੇਂ ਇੰਦ੍ਰੀਆਂ ਦੀ ਰਾਹੀਂ ਮਨ ਵਿਚ ਪੈਦਾ ਹੋਏ ਫੁਰਨੇ ਨੂੰ ਗੁਰ ਸ਼ਬਦ ਦੁਆਰਾ ਰੋਕਦਾ ਹੈ। ਇਸ ਤਰ੍ਹਾਂ ਮਨ ਦੇ ਫੁਰਨੇ ਗੁਰ ਸ਼ਬਦ ਆਸਰੇ ਹੀ ਫੁਰਨ ਲਗ ਪੈਂਦੇ ਹਨ ਮੰਨ ਥੰਮਿਆ ਜਾਂਦਾ ਹੈ :

ਜਿਉ ਮੰਦਰ ਕੋ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ ॥੩॥੧੫॥
(ਗਉੜੀ ਸੁਖਮਨੀ ਮ: ੫)

ਇਸਤਰ੍ਹਾਂ ਗੁਰੂ ਸ਼ਬਦ ਅਨੁਸਾਰ ਫੁਰਨੇ ਰੋਕਦਿਆਂ ਰੋਕਦਿਆਂ ਮਨ ਦੇ

[illegible] (Modifications) ਰਹਿ ਜਾਂਦੇ ਹਨ। ਇਸ ਨੂੰ ਸੁਰਤ ਨੂੰ ਸ਼ਬਦ ਵਿ ਲਾਵਣਾ ਕਹਿੰਦੇ ਹਨ।

> ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ।.੪॥੪॥
> (ਗਉੜੀ ਬਾਵਨ ਅਖਰੀ ਮ: ੫)

ਮਨ ਹਰ ਵੇਲੇ ਗੁਰ ਸ਼ਬਦ ਚੇਤੇ ਰਖੇ, ਇਹੀ ਸ਼ਬਦ ਦਾ ਅਭਿਆਸ ਹੈ :

> ਮਨ ਕੁੰਚਰ ਕਾਇਆ ਉਦਿਆਨੈ ॥ ਗੁਰ ਅੰਕਸੁ ਸਚੁ ਸਬਦੁ ਨੀਸਾਨੈ ॥
> ਰਾਜ ਦੁਆਰੈ ਸੋਭ ਸੁ ਮਾਨੈ ॥ (ਗਉੜੀ ਗੁਆਰੇਰੀ ਮ: ੧)

ਇਸ ਅਭਿਆਸ ਨਾਲ ਮਨ ਦਾ ਸੁਭਾ ਬਦਲ ਜਾਂਦਾ ਹੈ। ਯੋਗੀ ਨਾਦ ਦੇ ਅੰਕਸ ਨਾਲ ਮਨ ਨੂੰ ਹੋੜਦਾ ਹੈ। ਗੁਰਸਿਖ ਗੁਰਸ਼ਬਦ ਦੇ ਅੰਕਸ ਰਾਹੀਂ ਮਨ ਦੇ ਫੁਰਨੇ ਰੋਕਦਾ ਹੈ। ਹਠ ਯੋਗੀ ਪ੍ਰਾਣਾ ਦੇ ਵਿਯੋਗ ਰਾਹੀਂ ਇੰਦ੍ਰੀਆਂ ਨੂੰ ਬੇਹਿਸ ਕਰਕੇ ਵਿਸ਼ਿਆਂ ਵਲੋਂ ਮੋੜਦਾ ਹੈ। ਪਰ ਗੁਰਸਿਖ ਮਨ ਨੂੰ ਗੁਰ ਸ਼ਬਦ ਵਿਚ ਜੋੜਦਾ ਹੈ ਉਸਦੀਆਂ ਇੰਦ੍ਰੀਆਂ ਚੰਗੀਆਂ ਭਲੀਆਂ ਹਨ ਪਰ ਗੁਰ ਸ਼ਬਦ ਅਨੁਸਾਰੀ ਹੋ ਗਈਆਂ ਹਨ। ਮਨ ਹੁਣ ਭੈੜੀ ਭਟਕਣਾਂ ਛਡ ਚੁਕਾ ਹੈ ਇਸੇ ਲਈ ਵਿਕਾਰਾਂ ਵਲ ਜਾਂਦਾ ਹੀ ਨਹੀਂ, ਵਿਸ਼ੇ ਦਿਸਦੇ ਤਾਂ ਹਨ ਪਰ ਸੁਭਾ ਦੀ ਤਬਦੀਲੀ ਕਰਕੇ :

> ਦੀਸਤ ਮਾਸੁ ਨ ਖਾਇ ਬਿਲਾਈ ॥ ਆ ਕਸਾਬਿ, ਛੁਰੀ ਸਟਿ ਪਾਈ ॥੨॥੩੯॥੫੦॥
> (ਰਾਮਕਲੀ ਮ: ੫)

ਗੁਰਮਤ ਦਾ ਹੀਲਾ ਮਨ ਨੂੰ ਨਾਦਾਂ ਦੇ ਸਵਾਦ ਵਿਚ ਪਾ ਬੇਹਿਸ ਕਰਨਾ ਨਹੀਂ, ਸਗੋਂ ਗੁਰ ਸ਼ਬਦ ਅਨੁਸਾਰ ਘੜਨਾ ਹੈ। ਮਨ ਨੂੰ ਜਿਤ ਕੇ ਸੁਕ ਕੇ ਲਕੜੀ ਵਾਂਗ ਮੁਰਦਾ ਕਿਉਂ ਕੀਤਾ ਜਾਵੇ ? ਸਰੀਰ ਤਾਂ ਮਿਟੀ ਹੈ, ਆਪਣੇ ਆਪ ਕੁਝ ਕਰ ਹੀ ਨਹੀਂ ਸਕਦਾ। ਮਨ ਦੇ ਆਸਰੇ ਤੇ ਕਹੇ ਤੇ ਹੀ ਕਰਮ ਕਰਦਾ ਹੈ। ਫੇਰ ਲੋੜ ਤੇ ਹੈ ਮਨ ਨੂੰ ਹਉਂ ਰਹਿਤ ਕਰਨ ਦੀ ਤੇ ਹਉਂ ਰਹਿਤ ਹੋ ਕੇ ਪਰਉਪਕਾਰ ਕਰਨ ਦੀ। ਏਸ ਲਈ ਗੁਰ ਸਿਖ ਮਨ ਨੂੰ ਗੁਰ ਸ਼ਬਦਿ ਨਾਲ ਸੋਧਦਾ ਹੈ, ਵਿਕਾਰ ਰਹਿਤ ਕਰਦਾ ਹੈ ਤੇ ਆਪਣੀ ਕਿਰਤ ਨਾਲ ਸ੍ਵੈ-ਪਾਲਨਾ ਵੀ ਕਰਦਾ ਹੈ ਤੇ ਦੂਜਿਆਂ ਦੀ ਸੇਵਾ ਵੀ ਕਰਦਾ ਹੈ। ਓਹਦੀ ਕਿਰਤ ਗੁਰ ਸ਼ਬਦਿ ਦੇ ਆਸਰੇ ਹੋਂਦੀ ਹੈ ਤੇ ਬਿਰਤੀ ਹਰ ਦਮ ਨਾਮ ਦੇ ਵਿਚ ਲੀਨ ਰਹਿੰਦੀ ਹੈ। ਗੁਰ ਸ਼ਬਦ ਵਿਚ ਰਚੀ ਸੁਰਤ ਨੂੰ ਹੁਣ ਵਿਸ਼ੇ ਆਪਣੇ ਵਲ ਖਿਚ ਹੀ ਨਹੀਂ ਸਕਦੇ। ਸੋ ਇਹ ਹੈ ਵਡਾ ਅੰਤਰ ਯੋਗੀ ਤੇ ਸਿਖ ਵਿਚ :—

(੧) ਯੋਗੀ ਤਾਂ ਕਯੀਵਲ ਪਦ ਨੂੰ ਪਰਾਪਤ ਕਰਨ ਮਗਰੋਂ ਨਿਰਾ ਸਾਖੀ ਰੂਪ

ਹੋ ਜਾਂਦਾ ਹੈ ਪਰੰਤੂ ਗੁਰ ਸਿਖ ਨਾਮ ਵਿਚ ਲੀਨ ਹੋ ਹੁਕਮ ਵਿਚ ਕਾਰ ਕਮਾਂਦਾ ਹੈ।

(ਕ) ਯੋਗੀ ਦਾ ਪਰਮਾਤਮਾ ਨਿਰਾ ਸਾਖੀ ਰੂਪ ਹੈ, ਐਪਰ ਸਿਖ ਦਾ ਨਿਰੰਕਾਰ ਨਿਰਾ ਸਾਖੀ ਰੂਪ ਨਹੀਂ ਸਗੋਂ ਕਰਤਾ ਵੀ ਹੈ ਤੇ ਉਹ ਜਿਸ ਕਿਰਤ ਵਿਚ ਓਹਦਾ ਨਿਰੰਕਾਰ ਲਗਾ ਹੈ ਓਹ ਵੀ ਉਸੇ ਕਿਰਤ ਵਿਚ ਲਗ ਜਾਂਦਾ ਹੈ। ਕਿਉਂਕਿ :—

ਸੰਤ ਗੋਬਿੰਦ ਕੈ ਏਕੈ ਕਾਮ ।੧। ਰਹਾਉ ।੧੯।੮੯। [ਗੋਂਡ ਮ: ੫]

ਹੁਣ ਉਪਰੋਕਤ ਵਿਚਾਰ ਤੋਂ ਇਹ ਗਲ ਤਾਂ ਸਪਸ਼ਟ ਹੋ ਹੀ ਗਈ ਹੈ ਕਿ ਗੁਰਮਤ ਦਾ ਮਾਰਗ 'ਧਿਆਨ ਮਾਰਗ' ਨਹੀਂ, ਇਸ ਲਈ ਓਹ ਮਨ ਨੂੰ ਇਕਾਗਰ ਕਰਨ ਲਈ ਭਰਵਟਿਆਂ ਵਿਚ ਧਿਆਨ ਨਹੀਂ ਜਮਾਂਦਾ ਤੇ ਨਾ ਹੀ ਨਾਦ ਹੀ ਸੁਣਦਾ ਹੈ। ਓਹ ਤਾਂ ਗੁਰ ਸ਼ਬਦ ਆਸਰੇ ਮਨ ਨੂੰ ਟੋਰਦਾ ਹੈ ਤੇ ਅਯੋਗ ਬ੍ਰਿਤੀਆਂ ਨੂੰ ਰੋਕ ਮਨ ਨੂੰ ਠੀਕ ਰਸਤੇ ਤੇ ਲਾਂਦਾ ਹੈ। ਗੁਰ ਸ਼ਬਦ ਰਾਹੀਂ ਨਿਰਮਲ ਹੋਏ ਮਨ ਵਿਚ ਨਾਮ ਦਾ ਵਾਸ ਹੋ ਜਾਂਦਾ ਹੈ। ਫੇਰ ਉਸ ਦੇ ਮਨ ਵਿਚ ਨਾਮ ਤੋਂ ਛੁਟ ਕੋਈ ਅਯੋਗ ਬ੍ਰਿਤੀ ਜਾਂ ਫੁਰਨਾ ਉਪਜ ਹੀ ਨਹੀਂ ਸਕਦਾ। ਹੁਣ ਓਹ ਪੂਰਨ ਤੌਰ ਤੇ ਨਿਰੰਕਾਰੀ ਹੁਕਮ ਦੀ ਤਾਬਿਆ ਵਿਚ ਹੋ ਜਾਂਦਾ ਹੈ। ਇਸ ਲਈ ਨਿਰੰਕਾਰੀ ਹੁਕਮ ਦੇ ਅਧੀਨ ਓਹੀਓ ਬਿਰਤੀਆਂ ਉਪਜ ਸਕਦੀਆਂ ਹਨ, ਜੋ ਨਿਰੰਕਾਰੀ ਇਛਾ ਅਨਕੂਲ ਹੋਣ। ਗੁਰਮਤ ਦਾ ਪਰਯੋਜਨ ਇਹ ਨਹੀਂ ਕਿ ਮਨ ਉਕਾ ਬ੍ਰਿਤੀ ਹੀਨ ਹੋ ਜਾਵੇ, ਸਗੋਂ ਗੁਰਮੱਤ ਦਾ ਆਸ਼ਾ ਇਹ ਹੈ ਕਿ ਓਹ ਬ੍ਰਿਤੀਆਂ ਮਨ ਵਿਚ ਰਹਿਣ ਹੀ ਨਾ, ਜੋ ਕਿ ਨਿਰੰਕਾਰੀ ਹੁਕਮ ਦੇ ਵਿਰੁਧ ਹੋਵਨ। ਹੁਕਮ ਅਨਸਾਰੀ ਬ੍ਰਿਤੀਆਂ ਸੁਖ ਦਾ ਕਾਰਨ ਹਨ।

ਗੁਰਬਾਣੀ ਵਿਚ ਕਿਉਂਕਿ 'ਪੰਚ ਸ਼ਬਦ' ਤੇ 'ਅਨਹਤ ਸਬਦ' ਪਦ ਕਈ ਥਾਈਂ ਵਰਤੇ ਗਏ ਹਨ, ਇਸ ਲਈ ਰਾਧਾ ਸਵਾਮੀ ਜੋ ਅਕਸਰ ਸਿਖੀ ਰੂਪ ਵਿਚ ਹੁੰਦੇ ਹਨ, ਇਨ੍ਹਾਂ ਸ਼ਬਦਾਂ ਦੇ ਗਲਤ ਅਰਥ ਕਰਕੇ ਸਿਖਾਂ ਨੂੰ ਫਿਰ ਆਵਾਜ਼ਾਂ ਸੁਣਨ ਵਲ ਪ੍ਰੇਰਦੇ ਹਨ। ਇਸ ਲਈ ਹੁਣ ਅਸੀਂ ਗੁਰਮਤ ਦੇ ਉਪਰ ਦਸੇ ਸਿਧਾਂਤ ਨੂੰ ਗੁਰਬਾਣੀ ਰਾਹੀਂ ਹੀ ਸਪਸ਼ਟ ਕਰਨ ਦਾ ਜਤਨ ਕਰਾਂਗੇ।

ਗੁਰਮਤ ਸਿਧਾਂਤ

ਗੁਰ ਸ਼ਬਦ ਰਾਹੀਂ ਗੁਰ ਸਿਖ ਮਨ ਨੂੰ ਅਯੋਗ ਬ੍ਰਿਤੀਆਂ ਤੋਂ ਹੋੜਦਾ ਹੈ ਤੇ

ਹਉਮੈ ਦਾ ਨਾਸ ਕਰਦਾ ਹੈ। ਫਿਰ ਹਉਮੈ ਰਹਿਤ ਮਨ ਵਿਚ ਨਾਮ ਦਾ ਨਿਵਾਸ ਹੁੰਦਾ ਹੈ ਤੇ ਫਿਰ ਨਿਰੰਕਾਰ ਵਿਚ ਲੀਨ ਹੋਇਆ ਮਨ ਹੁਕਮ ਅਨੁਸ਼ਾਰ ਕਾਰ ਕਮਾਂਦਾ ਹੈ :—

(ੳ) ਸਾਚੁ ਨਾਮ ਗੁਰ ਸਬਦਿ ਬੀਚਾਰਿ ।
ਗੁਰਮੁਖਿ ਸਾਚ ਸਾਚੈ ਦਰਬਾਰਿ ॥੧॥੨੧ ॥

[ਆਸਾ ਮ: ੧]

(ਅ) ਸਬਦਿ ਮੂਆ ਵਿਚਹੁ ਆਪੁ ਗਵਾਇ । ਸਤਿਗੁਰੁ ਸੇਵੇ ਤਿਲੁ ਨ ਤਮਾਇ ।
ਨਿਰਭਉ ਦਾਤਾ ਸਦਾ ਮਨਿ ਹੋਇ । ਸਾਚੀ ਬਾਣੀ ਪਾਏ ਭਾਗਿ ਕੋਇ ।
ਗੁਣ ਸੰਗ੍ਰਹਿ ਵਿਚਹੁ ਅਉਗੁਣ ਜਾਹਿ ।
ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥
ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ।
ਅਮ੍ਰਿਤ ਸਬਦਿ ਨਾਮੁ ਵਖਾਣੈ ।
ਸਾਚੀ ਬਾਣੀ ਸੂਚਾ ਹੋਇ । ਗੁਣ ਤੇ ਨਾਮੁ ਪਰਾਪਤ ਹੋਇ । ੨ ।
ਗੁਣ ਅਮੋਲਕ ਪਾਏ ਨ ਜਾਹਿ । ਮਨਿ ਨਿਰਮਲ ਸਾਚੈ ਸਬਦਿ ਸਮਾਹਿ ।
ਸੇ ਵਡਭਾਗੀ ਜਿਨ੍ਹ ਨਾਮੁ ਧਿਆਇਆ ।
ਸਦਾ ਗੁਣ ਦਾਤਾ ਮਨਿ ਵਸਾਇਆ । ੩ ।
ਜੋ ਗੁਣ ਸੰਗ੍ਰਹੈ ਤਿਨ੍ਹ ਬਲਿਹਾਰੈ ਜਾਉ ।
ਦਰਿ ਸਾਚੈ ਸਾਚੇ ਗੁਣ ਗਾਉ ।
ਆਪੇ ਦੇਵੈ ਸਹਜਿ ਸੁਭਾਇ ।
ਨਾਨਕ ਕੀਮਤਿ ਕਹਣੁ ਨ ਜਾਇ ॥ ੪ ॥ ੨ ॥ ੪੧ ॥

(ਆਸਾ ਮ: ੩)

(ੲ) ਸਦਾ ਸੁਹਾਗਣਿ ਜੋ ਪ੍ਰਭ ਭਾਵੈ । ਗੁਰ ਸਬਦੀ ਸੀਗਾਰੁ ਬਣਾਵੈ ॥
ਸੇਜ ਸੁਖਾਲੀ ਅਨਦਿਨੁ ਹਰਿ ਰਾਵੈ । ਮਿਲਿ ਪ੍ਰੀਤਮ ਸਦਾ ਸੁਖ ਪਾਵੈ ॥

... ...

ਆਗੈ ਜਾਤਿ ਰੂਪੁ ਨ ਜਾਇ । ਤੈਹਾ ਹੋਵੈ ਜੇਹੇ ਕਰਮ ਕਮਾਇ ।
ਸਬਦੇ ਊਚੋ ਊਚਾ ਹੋਇ । ਨਾਨਕ ਸਾਚਿ ਸਮਾਵੈ ਸੋਇ । ੪ । ੮ । ੪੭ ।

[ਆਸਾ ਮ: ੩]

(ਸ) ਬਿਨ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ।
ਗੁਰਮਤੀ ਘਟਿ ਚਾਨਣਾ ਨਾਮੁ ਅੰਤ ਸਖਾਈ । ੨ । ੭ । ੨੯ ।

(ਆਸਾ ਮ: ੩ ਅਸਟਪਦੀਆਂ)

(ਹ) ਤਿਤੁ ਅਗੰਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥
ਸਚ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥
ਸਚ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥
ਤਿਤ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥
ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥
ਨਾਨਕ ਸਹਜਿ ਮਿਲੈ ਜਗ ਜੀਵਨ ਸਤਿਗੁਰੂ ਬੂਝ ਬੁਝਾਈਐ ॥ ੨ ॥ ੨ ॥
[ਆਸਾ ਮ: ੧ ਛੰਤ]

(ਕ) ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥
ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
ਗੁਰ ਸਬਦੀ ਖੋਲਾਈਅਨ ਹਰਿ ਨਾਮੁ ਜਪਾਨੀ ॥
ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ੍ਹ ਪੀਆ ਤੇ ਤ੍ਰਿਪਤਾਨੀ ॥ ੧੪ ॥
[ਵਾਰ ਗੁਜਰੀ ਮ: ੩]

(ਖ) ਗੁਰਮੁਖਿ ਧਰਤੀ ਸਾਚੈ ਸਾਜੀ ॥ ਤਿਸੁ ਮਹਿ ਓਪਤਿ ਖਪਤਿ ਸੁ ਬਾਜੀ ॥
ਗੁਰ ਕੈ ਸਬਦਿ ਰਪੈ ਰੰਗੁ ਲਾਇ ॥ ਸਾਚਿ ਰਤਉ ਪਤਿ ਸਿਉ ਘਰਿ ਜਾਇ ॥
ਸਾਚ ਸਬਦੁ ਬਿਨੁ ਪਤਿ ਨਹੀ ਪਾਵੈ ॥
ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥ ੩੦ ॥
[ਰਾਮਕਲੀ ਮ: ੧ ਸਿਧ ਗੋਸਟਿ]

(ਗ) ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥
ਕਾਟੀ ਬੇਰੀ ਪਗਹਿ ਤੇ ਗੁਰਿ ਕੀਨੀ ਬੰਦਿ ਖਲਾਸੁ ॥
ਆਵਣ ਜਾਣ ਰਹਿਓ ॥
ਤਪਤ ਕੜਾਹਾ ਬੁਝਿ ਗਇਓ ਗੁਰਿ ਸੀਤਲ ਨਾਮੁ ਦੀਓ ॥ ੫ ॥ ੧੪ ॥
[ਮਾਰੂ ਮ: ੫]

[ਘ] ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥
ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥ ੮ ॥

… … … … …

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ।੧੦।੪।੧੩।
[ਮਾਰੂ ਸੋਲਹੇ ਮ: ੩]

(ਙ) ਮਨਸਾ ਮਨਿ੍ ਸਮਾਇਲੈ ਗੁਰ ਸਬਦੀ ਵੀਚਾਰੁ ॥
ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥ ੧ ॥
ਮਨ ਮੇਰੇ ਰਾਮ ਨਾਮੁ ਆਧਾਰੁ ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ।੧। ਰਹਾਉ ।
ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥
ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭ ਅਨਦਿਨੁ ਹਰਿ ਗੁਣ ਗਾਇ ।੨।੭।੧੭।
(ਭੈਰਉ ਮ: ੩)

ਉਪ੍ਰੋਕਤ ਗੁਰਬਾਣੀ ਦੇ ਪਰਮਾਣਾਂ ਤੋਂ ਗੁਰਮਤ ਸਿਧਾਂਤ ਪੂਰੇ ਤੋਰ ਤੇ ਸਪਸ਼ਟ ਹੋ ਜਾਂਦਾ ਹੈ। ਇਸ ਗਲ ਦਾ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਗੁਰਸਿਖ ਨਾ ਤਾਂ ਨਾਦ-ਲਯ ਦੇ ਢੰਗ ਨੂੰ ਅਪਨਾਂਦਾ ਹੈ ਤੇ ਨਾ ਹੀ ਕੇਵਲ ਕਲਪਿਤ ਆਵਾਜ਼ਾਂ ਹੀ ਸੁਣਕੇ ਮਨ ਦਾ ਧਿਆਨ ਖਿਚਦਾ ਹੈ । ਉਹ ਗੁਰਸ਼ਬਦ ਦੇ ਅੰਕਸ ਨਾਲ ਮਨ ਨੂੰ ਸੋਧਦਾ ਤੇ ਨਿਰਮਲ ਕਰ ਲੈਂਦਾ ਹੈ । ਨਿਰਮਲ ਹੋਏ ਮਨ ਵਿਚ ਨਾਮ ਦਾ ਨਿਵਾਸ ਉਸਨੂੰ ਨਿਰੰਕਾਰੀ ਹੁਕਮ ਦੀ ਤਾਬਿਆ ਕਰ, ਲਿਵਲੀਨ ਕਰ ਦੇਂਦਾ ਹੈ ਤੇ ਉਸਦੀ ਕਿਰਤ ਵੀ ਕਰਤਾਰੀ ਹੋ ਜਾਂਦੀ ਹੈ । ਉਹ ਨਿਜ ਕਿਰਤ ਕਰਦਾ ਵੀ ਪਰਉਪਕਾਰ ਵਿਚ ਲਗ ਜਾਂਦਾ ਹੈ ।

ਫਿਰ ਵੀ ਅਸੀਂ ਗੁਰਬਾਣੀ ਦੇ ਪ੍ਰਮਾਣਾਂ ਰਾਹੀਂ ਹੀ "ਦਸਵੇਂ ਦੁਆਰ" 'ਪੰਚ ਸ਼ਬਦ' ਤੇ 'ਅਨਾਹਤ ਸ਼ਬਦ' ਦਾ ਅਰਥ ਸਮਝਾ ਦੇਣਾ ਚਾਹੁੰਦੇ ਹਾਂ, ਤਾਂ ਜੋ ਵਪਲੇ ਦੀ ਕੋਈ ਗੁੰਜਾਇਸ਼ ਨਾ ਰਹੇ ।

ਦਸਮ ਦੁਆਰ

ਦਸਮ ਦੁਆਰ ਅੰਤਹਕਰਨ ਦਾ ਉਹ ਟਿਕਾਣਾ ਹੈ, ਜਿਥੇ ਨਿਹੰਕਾਰ ਦੇ ਅਨੰਤ ਰੂਪ ਨਿਰੰਕਾਰ ਦੇ ਨਾਮ ਦਾ ਖਜ਼ਾਨਾ ਹੈ, ਭਾਵ ਜਿਥੇ ਨਿਰੰਕਾਰੀ ਜੋਤ ਦਾ ਨਿਵਾਸ ਹੈ। ਸਤਿਗੁਰ ਦਸਦੇ ਹਨ :

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪ੍ਰਗਟੁ ਕੀਏ ਦਸਵਾਂ ਗੁਪਤ ਰਖਾਇਆ ॥
ਗੁਰੂ ਦਵਾਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵਨਿਧਿ ਤਿਸਦਾ ਅੰਤੁ ਨ ਜਾਈ ਪਾਇਆ
ਕਹੈ ਨਾਨਕ ਹਰਿ ਪਿਆਰੇ ਜੀਉ
ਗੁਫਾ ਅੰਦਰਿ ਰਖਿ ਕੈ ਵਾਜ਼ਾ ਪਵਣੁ ਵਜਾਇਆ ॥ ੩੮ ।
[ਰਾਮਕਲੀ ਮ: ੩ ਅਨੰਦ]

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸ ਦਸਮ ਦੁਆਰ ਵਿਚ ਸਿਖ ਜਾਂਦਾ ਕਿਸਤਰ੍ਹਾਂ ਹੈ ? ਹਠ ਯੋਗੀ ਪ੍ਰਾਣਾਯਾਮ ਦੁਆਰਾ ਛੇ ਚਕਰ ਵਿੰਨ ਕੇ ਕੁੰਡਲਨੀ ਜਗਾਣ ਮਗਰੋਂ ਇਸ ਅਸਥਾਨ ਤੇ ਪੁਜਦਾ ਹੈ ਤੇ ਰਾਧਾ ਸਵਾਮੀ ਨਕ, ਕੰਨ ਆਦਿ ਬੰਦ ਕਰਕੇ ਆਵਾਜ਼ਾਂ ਦੇ ਧਿਆਨ ਰਾਹੀਂ ਉਸ ਅਸਥਾਨ ਤੇ ਪੁਜਣ

ਦਾ ਦਾਅਵਾ ਕਰਦੇ ਹਨ । ਗੁਰਬਾਣੀ ਗੁਰਸਿਖ ਨੂੰ ਹੇਠ ਲਿਖਿਆ ਮਾਰਗ ਦਰਸਾਂਦੀ ਹੈ :

ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ ॥
ਨਾਮੁ ਵਿਹਾਝੇ ਨਾਮ ਲਏ ਨਾਮਿ ਰਹੇ ਸਮਾਏ ॥
ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥
ਤਿਥੈ ਅਮ੍ਰਿਤ ਭੋਜਨੁ ਸਹਜ ਧੁਨਿ ਉਪਜੀ ਜਿਤੁ ਜਗਤੁ ਥੰਮ੍ਹਿ ਰਹਾਇਆ ॥
ਤਹ ਅਨੇਕ ਵਾਜੇ ਸਦਾ ਅਨਹਦ ਹੈ ਸਚੇ ਰਹਿਆ ਸਮਾਏ ॥
ਇਉ ਕਹੈ ਨਾਨਕੁ ਸਤਿਗੁਰਿ ਮਿਲਿਐ
ਧਾਵਤੁ ਥੰਮਿਆ ਨਿਜ ਘਰਿ ਵਸਿਆ ਆਇ ॥ ੫ ॥ ੨ ॥ ੭ ॥
[ਆਸਾ ਮ: ੩ ਛੰਤ]

ਉਪਰਲੇ ਗੁਰ ਸ਼ਬਦਿ ਵਿਚ ਸਾਹਿਬ ਸਿਲਸਿਲੇਵਾਰ ਮਾਰਗ ਦਸਦੇ ਹਨ :

੧. ਸਤਿਗੁਰ ਦੇ ਮੇਲ ਨਾਲ ਆਪਣੇ ਆਪ ਹੀ ਮਨ ਇਕਾਗਰ ਹੋਇਆ ।

੨. ਥਿਰ ਹੋਏ ਮਨ ਨੇ ਨਾਮ ਨੂੰ ਵਿਹਾਜਿਆ, ਨਾਮ ਦੀ ਪ੍ਰਾਪਤੀ ਕੀਤੀ ਤੇ ਫੇਰ ਨਾਮ ਵਿਚ ਹੀ ਲੀਨ ਹੋ ਗਿਆ ।

੩. ਨਾਮ ਵਿਚ ਲੀਨ ਹੋਣ ਕਰਕੇ ਉਸ ਲਈ ਦਸਮ ਦੁਆਰ ਖੁਲ੍ਹਿਆ, ਜਿਥੇ ਅੰਮ੍ਰਿਤ ਦਾ ਭੋਜਨ ਤੇ ਸਾਰੇ ਜਗਤ ਨੂੰ ਕਾਇਮ ਰਖਣ ਵਾਲੇ ਸ਼ਬਦ ਦੀ ਧੁਨ ਸਹਿਜੇ ਹੀ ਹੈ। ਜਿਥੇ ਜੋਗੀਆਂ ਦੇ ਅਨਾਹਤ ਦੀਆਂ ਦਸੀਆਂ ਪੰਜ ਅਵਾਜ਼ਾਂ ਨਹੀਂ, ਸਗੋਂ ਅਨੇਕ ਵਾਜਿਆਂ ਦੀ ਧੁਨ ਹੈ। ਇਥੋ ਤਾਂ :

ਸੋਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
[ਸੋਦਰੁ ਰਾਗੁ ਆਸਾ ਮ: ੧]

ਪਾਤੰਜਲ ਜੀ ਨੇ ਯੋਗ ਸ਼ਾਸ਼ਤਰ ਦੇ ਤੀਜੇ ਪਦ ਦੇ ੫੬ਵੇਂ ਸੂਤ੍ਰ ਵਿਚ ਦਸਿਆ ਹੈ ਕਿ ਜਦ ਪੁਰਸ਼ (ਰੂਹ) ਤੇ ਸਤ੍ਵ (ਬੁਧੀ) ਦੀ ਇਕੋ ਜਹੀ ਸ਼ੁਧੀ ਹੋ ਜਾਂਦੀਹੈ, ਅਰਥਾਤ ਬੁਧੀ ਵਿਚ ਸਿਵਾਏ ਪੁਰਸ਼ ਦੇ ਕੋਈ ਹੋਰ ਲਿਸ਼ਕਾਰਾ ਨਹੀਂ ਪੈਂਦਾ। ਉਹ ਕਯੀਵਲ ਹੈ, ਤੇ ਯੋਗੀ ਇਸ ਨਿਰਵਿਕਾਰ ਅਵਸਥਾ ਵਿਚ ਮਨ ਨੂੰ ਨਾਦ ਰਾਹੀਂ ਬਿਰਤੀ-ਹੀਨ ਕਰਕੇ ਤੇ ਓੜਕ ਇਸਦਾ ਵੀ ਖਹਿੜਾ ਛਡਕੇ ਪੁਜਦੇ ਹਨ। ਯੋਗੀਆਂ ਦੀ ਇਹ ਅਵਸਥਾ ਉਨ੍ਹਾਂ ਦਾ ਪਰਮਪਦ ਹੈ। ਇਸਦੇ ਪ੍ਰਤੀਕੂਲ ਸਿਖ ਆਪਾ ਵਾਰ (ਹਉਮੈ ਤਿਆਗ) ਨਿਰੰਕਾਰ ਨਾਲ ਲਿਵ ਲੀਨ ਹੁੰਦਾ ਹੈ। ਤੇ ਇਸ ਅਨੰਦ ਨਾਲ ਮੇਲ ਸਮੇਂ ਬੇਓੜਕ ਨਾਦਾਂ ਦੇ ਰਸ ਜੋ ਉਹਦੇ ਦਰ ਤੇ ਇਕ-

ਰਸ ਵਜ ਰਹੇ ਹਨ, ਅਨੁਭਵ ਕਰਦਾ ਹੈ। ਇਹ ਨਾਦ ਯੋਗੀਆਂ ਦੇ ਨਾਦ ਨਾਲੋਂ ਬਿਲਕੁਲ ਭਿੰਨ ਹੈ।

ਇਕ ਹੋਰ ਗਲ ਵੇਖਣ ਵਾਲੀ ਇਹ ਹੈ ਕਿ ਜੋਗੀ ਤਾਂ ਦਸਮ ਦੁਆਰ ਵਿਚ ਪੁਜਣ ਤੋਂ ਪਹਿਲੇ ਅਨਹਤ ਸ਼ਬਦ ਸੁਣਦਾ ਹੈ, ਪਰ ਗੁਰਮਤ ਦਾ ਨਾਦ ਦਸਮ ਦੁਆਰ ਪੁਜਕੇ ਹੀ ਮਾਣਿਆ ਜਾ ਸਕਦਾ ਹੈ। ਦਸਮ ਦੁਆਰ ਪੁਜਣ ਦਾ ਢੰਗ ਹੇਠ ਲਿਖੇ ਪਰਮਾਣਾਂ ਤੋਂ ਵੀ ਚੰਗੀ ਤਰ੍ਹਾਂ ਦ੍ਰਿੜ ਹੋ ਜਾਂਦਾ ਹੈ :

ਨਉ ਦਰਵਾਜ਼ੇ ਕਾਇਆ ਕੋਟ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥ ੧੫ ॥

[ਵਾਰ ਰਾਮਕਲੀ ਮ: ੩]

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮੁ ਦੁਆਰਿ ਵਜਿਓ ਤਹ ਅੰਮ੍ਰਿਤ ਨਾਮ ਚੁਆਇਆ ਥਾ ॥
੨ ॥ ੩ ॥ ੧੨ ॥ [ਮਾਰੂ ਮ: ੫]

ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈ ਹਾਰੈ ਸਾਜੇ ॥
ਦਸਵੈ ਪੁਰਖ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥ ੪ ॥ ੨ ॥ ੧੯ ॥

[ਮਾਰੂ ਸੋਲਹੇ ਮ: ੧]

ਸੇ ਮੁਕਤਿ ਜਿ ਮਨੁ ਜਿਣਹਿ ਫਿਰ ਧਾਤੁ ਨ ਲਾਗੈ ਆਇ ॥
ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥ ੩ ॥ ੩ ॥ ੫ ॥

[ਗੁਜਰੀ ਮ: ੩]

ਹੁਣ ਜੋ ਪਰਮਾਣ ਗੁਰਬਾਣੀ ਦੇ ਅਗੇ ਦਿਤੇ ਜਾਂਦੇ ਹਨ, ਉਨ੍ਹਾਂ ਤੋਂ ਇਹ ਗਲ ਨਿਰਣੈ ਹੋ ਜਾਂਦੀ ਹੈ ਕਿ 'ਅਨਾਹਤ ਸ਼ਬਦ' ਤੇ ਪੰਚ ਸ਼ਬਦ ਕਦੋਂ ਤੇ ਕਿਵੇਂ ਪਰਗਟ ਹੋਂਦੇ ਹਨ ਤੇ ਉਨ੍ਹਾਂ ਦੇ ਪਰਗਟ ਹੋਣ ਤੇ ਦੁਖ ਤੇ ਪਾਪ ਕਿਸਤਰ੍ਹਾਂ ਨਸ਼ਟ ਹੋ ਜਾਂਦੇ ਹਨ :

ਨੰਨਾ ਨਰਕ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥
ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥
ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥ ੩੬ ॥

[ਗਉੜੀ ਬਾਵਨ ਅਖਰੀ ਮ: ੫]

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ੭ ॥ ੧ ॥
[ਗਉੜੀ ਸੁਖਮਨੀ ਮ: ੫]

ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ
ਤਿਤੁ ਗ੍ਰਿਹਿ ਵਾਜੇ ਪੰਚ ਸ਼ਬਦ ਵਡ ਭਾਗ ਮਥੋਰਾ ॥
ਤਿਨ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ
ਕਾਮ ਕ੍ਰੋਧੁ ਲੋਭ ਮੋਹ ਅਭਿਮਾਨ ਗਏ ਤਿਨ ਜਨ ਕੇ ਹਰਿ ਮਾਰਿ ਕਢੇ
ਪੰਚ ਚੋਰਾ ॥ ੧ ॥ ੨ ॥ ੯ ॥ [ਸਾਰੰਗ ਮ: ੪]

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥
ਮੇਰਾ ਮਨੁ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨਿ ਮੰਡਲਿ ਘਰੁ ਪਾਇਆ ॥
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਨਕਾਰੇ ॥ ੧ ॥ ੨ ॥
[ਆਸਾ ਮ: ੧ ਛੰਤ]

ਸਾਂਤ ਸਹਜ ਆਨੰਦ ਨਾਮ ਜਪਿ ਵਾਜੈ ਅਨਹਦ ਤੂਰਾ ॥੧॥੮॥੩੬॥
[ਸੋਰਠ ਮ: ੫ ਚੁਪਦੇ ਘਰ ੨]

ਦ੍ਰਿਸਟਿ ਭਈ ਤਬ ਭੀਤਰਿ ਆਇਓ ॥ ਮੇਰਾ ਮਨੁ ਅਨਦਿਨੁ ਸੀਤਲਾਇਓ ॥
ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥ ੪ ॥ ੫ ॥
[ਸਾਰੰਗ ਮ: ੫]

ਗੁਰਬਾਣੀ ਸੁਨਤ ਮੇਰਾ ਮਨ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
ਤਹ ਅਨਹਦ ਧੁਨੀ ਬਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥ ੨ ॥ ੧ ॥
[ਕਾਨੜਾ ਮ: ੪ ਅਸਟਪਦੀਆਂ]

ਅਨਾਹਤ ਸ਼ਬਦਿ ਉਸ ਘਟ ਵਿਚ ਪ੍ਰਗਟ ਹੁੰਦਾ ਹੈ। ਜੋ ਗੁਰਮਤ ਗ੍ਰਹਿਣ ਕਰਕੇ ਨਾਮ ਦਾ ਜਾਪ ਕਰਦਾ ਹੈ ਤੇ ਉਸ ਵੇਲੇ ਪ੍ਰਗਟ ਹੁੰਦਾ ਹੈ, ਜਦੋਂ ਜੀਵ ਆਤਮਾ ਨਿਰੰਕਾਰੀ ਜੋਤਿ ਨਾਲ ਮੇਲ ਕਰਦੀ ਹੈ। ਹਠ ਯੋਗੀ ਨਾਦ ਨੂੰ ਹੇਠਾਂ ਛੱਡ ਕੇ ਆਪਣੇ ਨਿਰ-ਵਿਕਾਰ ਸਰੂਪ ਵਿਚ ਲੀਨ ਹੁੰਦਾ ਹੈ। ਰਾਧਾ ਸਵਾਮੀ ਪਹਿਲੇ ਦਿਨ ਤੋਂ ਹੀ ਅਨਹਦ ਸ਼ਬਦ ਸੁਣਨ ਲਗ ਪੈਂਦਾ ਹੈ। ਪਰ ਗੁਰਮਤ ਦਾ ਅਨਹਦ ਸ਼ਬਦ ਪ੍ਰਗਟ ਹੀ ਜੀਵ ਆਤਮਾ ਦੇ ਨਿਰੰਕਾਰ ਨਾਲ ਮੇਲ ਸਮੇਂ ਹੁੰਦਾ ਹੈ। ਉਪਰੋਕਤ ਗੁਰਮੱਤ ਸਿਧਾਂਤ ਹੇਠ ਲਿਖੇ ਗੁਰਬਾਣੀ ਪ੍ਰਮਾਣਾਂ ਤੋਂ ਸਪਸ਼ਟ ਹੋ ਜਾਂਦਾ ਹੈ :

ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮ ਪ੍ਰਭੂ ਕਾ ਲਾਗਾ ਮੀਠਾ ॥
ਸਗਲ ਸਮਿਗ੍ਰੀ ਏਕਸ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥

ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥੨੩॥
(ਗਉੜੀ ਸੁਖਮਨੀ ਮ: ੫)

ਹਮ ਘਰਿ ਸਾਜਨ ਆਏ ਸਾਚੇ ਮੇਲਿ ਮਿਲਾਏ ॥
ਸਹਿਜ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥
ਅਨਦਿਨੁ ਮੇਲ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥
ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥
(ਸੂਹੀ ਮ: ੧ ਛੰਤ ਘਰ ੨)

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲ ਕੰਟਕੁ ਮਾਰਿਆ ॥
ਧੁਰਿ ਕਰਮ ਪਾਇਆ ਤੁਧ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥
(ਅਨੰਦ ਰਾਮਕਲੀ ਮ: ੩)

ਮੇਰੇ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥
ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥
ਮਿਲਿਆ ਤਾ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ॥
ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥
ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥
ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥
(ਗਉੜੀ ਛੰਤ ਮ: ੫)

ਇਨ੍ਹਾਂ ਗੁਰਬਾਣੀ ਦੇ ਪ੍ਰਮਾਣਾਂ ਤੋਂ ਇਹ ਗੱਲ ਚੰਗੀ ਤਰ੍ਹਾਂ ਸਿਧ ਹੋ ਜਾਂਦੀ ਹੈ, ਕਿ ਦਸਮ ਦੁਆਰ ਸਾਡੇ ਅੰਤਹ ਕਰਣ ਵਿਚ ਹੈ ਤੇ ਓਹ ਗੁਰ ਸ਼ਬਦ ਦੇ ਕਮਾਣ ਤੇ ਨਾਮ ਦੇ ਅਭਿਆਸ ਦੁਆਰਾ ਹੀ ਖੁਲ੍ਹਦਾ ਹੈ। ਨਾਮ ਦੇ ਸਾਖਿਆਤ ਹੋਣ ਤੇ ਨਿਰੰਕਾਰੀ ਜੋਤ ਨਾਲ ਜੋਤ ਰਲਣ ਕਰਕੇ ਅਨਾਹਦ ਸ਼ਬਦ ਪ੍ਰਗਟ ਹੁੰਦੇ ਹਨ।

ਹਠ ਯੋਗੀ ਨੇ ਤਾਂ ਨਿਜ ਸਰੂਪ ਵਿਚ ਜਾਣ ਤੋਂ ਪਹਿਲਾਂ ਹੀ ਨਾਦ ਦਾ ਖਿਆਲ ਛਡ ਦੇਣਾ ਹੈ। ਸੋ ਪੰਚ ਜਾਂ ਅਨਾਹਦ ਸ਼ਬਦ ਜਿਨ੍ਹਾਂ ਦਾ ਜ਼ਿਕਰ ਗੁਰਮਤ ਨੇ ਕੀਤਾ ਹੈ, ਕੋਈ ਆਵਾਜ਼ਾਂ ਤਾਂ ਹੋ ਹੀ ਨਹੀਂ ਸਕਦੀਆਂ। ਇਸ

ਤੋਂ ਤਾਂ ਇਹੋ ਭਾਵ ਲਿਆ ਜਾ ਸਕਦਾ ਹੈ ਕਿ ਜੋ ਅਨੰਦ ਜੋਗੀ ਪੰਜ ਕਿਸਮ ਦੇ ਅੰਦਰੂਨੀ ਸ਼ਬਦਾਂ ਨੂੰ ਸੁਣ ਕੇ ਲੈਂਦੇ ਹਨ। ਉਸ ਤੋਂ ਵੀ ਵਧੀਕ ਅਨੰਦ ਸਤਿਗੁਰੂ ਕਹਿੰਦੇ ਹਨ, ਨਿਰੰਕਾਰ ਨਾਲ ਮੇਲ ਸਮੇਂ ਹੁੰਦਾ ਹੈ।

ਪੰਜ ਸ਼ਬਦ ਹੇਠ ਲਿਖੇ ਵੇਰਵੇ ਅਨੁਸਾਰ ਵੀ ਗਿਣੇ ਜਾਂਦੇ ਹਨ :

(੧) ਤੱਤ–ਤੰਤੀ ਸਾਜ਼ਾਂ ਜਾਂ ਤਾਰਾਂ ਵਿਚੋਂ ਨਿਕਲਿਆ ਰਾਗ।

(੨) ਵਿਤ–ਚਮੜੇ ਦੇ ਸਾਜ਼ਾਂ ਵਿਚੋਂ ਨਿਕਲੇ ਰਾਗ।

(੩) ਘਨ–ਧਾਤਾਂ ਦੇ ਸਾਜ਼ਾਂ ਵਿਚੋਂ ਨਿਕਲੇ ਰਾਗ।

(੪) ਨਾਦ–ਜੋ ਘੜੇ ਆਦਿ ਦੇ ਵਜਾਉਣ ਨਾਲ ਪੈਦਾ ਹੋਵੇ।

(੫) ਸੁਖਰ–ਜੋ ਰਾਗ ਜਾਂ ਆਵਾਜ਼ ਸੁਆਸਾਂ ਦੁਆਰਾ ਪੈਦਾ ਹੋਵੇ।

ਰਾਗ ਵੈਸੇ ਤਾਂ ਮਨ ਨੂੰ ਆਨੰਦ ਦੇਣ ਵਾਲੀ ਵਸਤੂ ਹੈ, ਪਰ ਇਕ ਸੁਰ ਹੋਏ ਸਾਜ਼ ਹੀ ਦਿਲਕਸ਼ ਰਾਗ ਉਪਜਾਂਦੇ ਹਨ, ਨਹੀਂ ਤਾਂ ਰੌਲਾ-ਗੌਲਾ ਹੀ ਬਣ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਮਨ ਵਸ ਆ ਜਾਵੇ, ਤਾਂ ਸਾਰੀਆਂ ਤਾਕਤਾਂ ਇਕ ਸੁਰ ਹੋ ਜਾਂਦੀਆਂ ਹਨ। ਓਦੋਂ ਜੋ ਅਨੰਦ ਅੰਦਰ ਪੈਦਾ ਹੁੰਦਾ ਹੈ, ਉਸਨੂੰ ਰਾਗ ਦੀ ਉਪਮਾ ਦੇ ਕੇ ਹੀ ਦੂਜੇ ਨੂੰ ਚੰਗੀ ਤਰ੍ਹਾਂ ਸਮਝਾ ਸਕੀਦਾ ਹੈ। ਸੋ ਪੰਚ ਸ਼ਬਦ ਦੀ ਧੁਨ ਉਪਜਣ ਦਾ ਭਾਵ ਇਹ ਹੈ ਕਿ ਜੋ ਅਨੰਦ ਰਾਗ ਤੋਂ ਪ੍ਰਾਪਤ ਹੁੰਦਾ ਹੈ। ਉਸਤੋਂ ਵੀ ਕਿਤੇ ਵਧੀਕ ਅਨੰਦ ਵਾਹਿਗੁਰੂ ਦੇ ਮੇਲ ਨਾਲ ਪ੍ਰਾਪਤ ਹੋਇਆ ਹੈ। ਅਨੰਦ ਸਾਹਿਬ ਦੀ ਪਹਿਲੀ ਪਉੜੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਉਪਰੋਕਤ ਦ੍ਰਿਸ਼ਟਾਂਤ ਰਾਹੀਂ ਹੀ ਸਮਝਾਣ ਦਾ ਯਤਨ ਕੀਤਾ ਹੈ।

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆਂ ਵਾਧਾਈਆਂ ॥
ਰਾਗ ਰਤਨ ਪਰਵਾਰ ਪਰੀਆ ਸ਼ਬਦ ਗਾਵਣ ਆਈਆ ॥੧॥
(ਰਾਮਕਲੀ ਮ: ੩ ਅਨੰਦ)

ਦਸਮ ਪਾਤਸ਼ਾਹ ਵੀ ਮੇਲ ਸਮੇਂ ਦੇ ਅਨੰਦ ਨੂੰ ਰਾਗ ਦੇ ਅਨੰਦ ਨਾਲ ਉਪਮਾਂਦੇ ਹਨ :

ਤਾਤੀ ਗਹੁ ਆਤਮ ਬਸ ਕਰ ਕੀ ਭਿਛਾ ਨਾਮ ਅਧਾਰੰ ॥
ਬਾਜੇ ਪਰਮ ਤਾਰ ਤਤ ਹਰਿ ਕੋ ਉਪਜੈ ਰਾਗ ਰਸਾਰੰ ॥੧॥
ਉਘਟੈ ਤਾਨ ਤਰੰਗ ਰੰਗਿ ਅਤਿ ਗਿਆਨ ਗੀਤ ਬੰਧਾਨੰ ॥
ਚਕਿ ਚਕਿ ਰਹੇ ਦੇਵ ਦਾਨਵ ਮੁਨਿ ਛਕਿ ਛਕਿ ਬਿਓਮ ਬਿਮਾਨੰ ।੨॥੨॥੨੬।
(ਰਾਮਕਲੀ ਪਾ: ੧੦)

ਅਸਲ ਵਿਚ ਇਸ ਮੇਲ ਦੀ ਖੁਸ਼ੀ ਨੂੰ [illegible], ਇਸਤ੍ਰੀ ਪੁਰਸ਼ ਦੇ ਸਰੀਰਕ ਮੇਲ, ਵਾਜਿਆਂ ਆਦਿ ਦੇ ਅਲੰਕਾਰਾਂ ਨਾਲ ਦ੍ਰਿਸ਼ਟਾਂਦੇ ਹਨ।

'ਅਨਹਦ' ਸ਼ਬਦ ਸਤਿਗੁਰਾਂ ਨੇ ਕਈ ਥਾਈਂ ਬਾਣੀ ਨਾਲ ਵੀ ਵਰਤਿਆ। ਜਿਹਾ ਕਿ :

ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਮਨੁ ਤਨੁ ਹਰਿਆ ॥੨॥੪॥੭॥

(ਸੂਹੀ ਛੰਤ ਮ: ੫)

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥੬੫॥

(ਰਾਮਕਲੀ ਮ: ੧ ਸਿਧ ਗੋਸਟ)

ਤਿਨਿ ਕਰਤੇ ਇਕੁ ਚਲਤੁ ਉਪਾਇਆ ॥
ਅਨਹਦ ਬਾਣੀ ਸਬਦੁ ਸੁਣਾਇਆ ॥

(ਭੈਰਉ ਮ: ੩ ਘਰ ੨ ਅਸ਼ਟਪਦੀਆਂ)

ਗੁਰਬਾਣੀ ਦੇ ਕੀਰਤਨ ਲਈ ਵੀ 'ਅਨਹਦ' ਸ਼ਬਦ ਵਰਤਿਆ ਗਿਆ ਹੈ :

ਕੀਰਤਨੁ ਨਿਰਮੋਲਕ ਹੀਰਾ ॥ ਆਨੰਦ ਗੁਣੀ ਗਹੀਰਾ ॥
ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥੨॥੨੪॥੩੫॥

(ਰਾਮਕਲੀ ਮ: ੫)

ਸ੍ਰੀ ਗੁਰੂ ਅਰਜਨ ਦੇਵ ਜੀ ਹਰਿਮੰਦਰ ਜੀ ਦੀ ਉਸਤਤ ਕਰਦੇ ਹੋਏ ਫੁਰਮਾਂਦੇ ਹਨ :

ਅਨਹਦ ਚੋਜ ਭਗਤਿ ਭਵਭੰਜਨ ਅਨਹਦ ਵਾਜੇ ਧੁਨੀਐ ਰਾਮ ॥
ਅਨਹਦ ਝੁਣਕਾਰ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੇ ॥
ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲ ਵਿਖ ਸਗਲੇ ਖੋਵੇ ॥੪॥੩॥੯॥

(ਸੂਹੀ ਛੰਤ ਮ: ੫)

ਗਿਆਨ ਦਾ ਪ੍ਰਕਾਸ਼ਕ ਹੋਣ ਕਰਕੇ ਇਸਨੂੰ ਜੋਤਿ ਸਰੂਪ ਭਾਵ ਚਾਨਣ ਰੂਪ ਵੀ ਆਖਿਆ ਹੈ :

ਸਹਜ ਗੁਫਾ ਮਹਿ ਆਸਣੁ ਬਾਧਿਆ ॥
ਜੋਤਿ ਸਰੂਪ ਅਨਾਹਦ ਵਾਜਿਆ ॥੩॥੨॥

(ਆਸਾ ਮ: ੫)

ਇਸ ਸ਼ਬਦਿ ਨੂੰ ਪ੍ਰਗਟ ਕਰਨ ਦੀ ਵਿਉਂਤ ਜਪੁਜੀ ਸਾਹਿਬ ਵਿਚ ਇਸ ਪ੍ਰਕਾਰ ਦਸੀ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥

ਭਉਖਲਾ ਅਗਨਿ ਤਪਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥

ਇਸ਼ ਦਾ ਵਿਸਥਾਰ ਇਉਂ ਭੀ ਕੀਤਾ ਹੈ :

ਖਟੁ ਮਟ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੇ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥
ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮ ਸਮਾਈਐ ॥੧॥ ਰਹਾਉ ॥
ਮਾਇਆ ਮੋਹ ਬਿਵਰਜਿ ਰਹਾਏ ॥ ਸਤਿਗੁਰ ਭੇਟੈ ਮੇਲਿ ਮਿਲਾਏ ॥
ਨਾਮ ਰਤਨੁ ਨਿਰਮੋਲਕੁ ਹੀਰਾ ॥ ਤਿਤੁ ਰਾਤਾ ਮੇਰਾ ਮਨੁ ਧੀਰਾ ॥੨॥
ਹਉਮੈ ਮਮਤਾ ਰੋਗ ਨ ਲਾਗੈ ॥ ਰਾਮ ਭਗਤਿ ਜਮ ਕਾ ਭਉ ਭਾਗੈ ॥
ਜਮ ਜੰਦਾਰੁ ਨ ਲਾਗੈ ਮੋਹਿ ॥ ਨਿਰਮਲੁ ਨਾਮੁ ਰਿਦੈ ਹਰਿ ਸੋਹਿ ॥੩॥
ਸ਼ਬਦੁ ਵੀਚਾਰਿ ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ ॥੪॥
ਅਲਿਪਤ ਗੁਫਾ ਮਹਿ ਰਹਹਿ ਨਿਆਰੇ ॥ ਤਸਕਰ ਪੰਚ ਸਬਦਿ ਸੰਘਾਰੇ ॥
ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜਿ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥
ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸ਼ਬਦ ਨ ਸੋਝੀ ਪਾਇ ॥੬॥
ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥
ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥
ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥
(ਰਾਮਕਲੀ ਅਸ਼ਟਪਦੀਆਂ ਮ: ੧)

ਸ਼ਤਿਗੁਰੂ ਮਲਾਰ ਰਾਗ ਵਿਚ ਫੁਰਮਾਂਦੇ ਹਨ, ਸਿਆਣਾ ਸਤਿਗੁਰ ਓਹ ਪੁਰਖ ਹੈ ਜੋ ਦੇਹ ਦੇ ਅੰਦਰ ਹੀ ਨਿਰੰਕਾਰ ਦਾ ਵਾਸ ਸਾਖਿਆਤ ਦਿਖਾ ਦੇਵੇ। ਨਿਰੰਕਾਰ ਦੇ ਵਾਸ ਅਸਥਾਨ ਤੇ ਇਕਠੱਸ ਪੰਚ ਸ਼ਬਦਾਂ ਦੀ ਧੁਨੀ ਹੈ (ਭਾਵ ਬਾਕੀ ਰਾਗ ਜਾਂ ਵਾਜੇ ਵਜਨ ਤਾਂ ਓਹ ਸੁਣੀਦੇ ਹਨ। ਪਰ ਓਥੋਂ ਦਾ ਸੰਗੀਤ ਰਸ ਅਤੁਟ ਹੈ)। ਉਸ ਥਾਂ ਤੇ ਗੁਰਸ਼ਬਦ ਸਪਸ਼ਟ ਰੂਪ ਵਿਚ ਪ੍ਰਗਟ ਹੁੰਦਾ ਹੈ (ਭਾਵ ਗੁਰਬਾਣੀ ਦੇ ਗੁੱਝੇ ਭਾਵ ਅਰਥਾਤ ਸਰਬ ਵਿਆਪਕ ਨਾਮ ਜਿਸ ਵਲ ਸਾਰੀ ਬਾਣੀ ਸੰਕੇਤ ਕਰਦੀ ਹੈ, ਉਹ ਸਾਹਮਣੇ ਹੈ)। ਉਸ ਥਾਂ ਤੇ ਦੀਪ, ਲੋਅ, ਪਾਤਾਲ, ਦੇਸ ਤੇ ਮੰਡਲ ਹਨ। (ਕਾਰ ਵੇਖ ਕੇ) ਵਿਸਮਾਦ ਅਵਸਥਾ ਆ

ਉਪਜੀ ਹੈ। ਜਿਥੇ ਕਿ ਸਤਿਨਾਮ ਸਦਾ ਥਿਰ ਤਖਤ ਪੁਰ ਬਿਰਾਜ ਰਿਹਾ ਹੈ ਤੇ ਉਹਦੇ ਦਰ ਪੁਰ ਕਈ ਬਾਜੇ ਉਚੇ-ਉਚੇ ਬੱਜ ਰਹੇ ਹਨ। ਜਦੋਂ ਇਹ ਰਾਗ ਸੁਣ ਕੇ ਮਨ ਦੀਆਂ ਹੋਰ ਬ੍ਰਿਤੀਆਂ ਰੋਕ ਕੇ ਅਕਥ (ਨਿਰੰਕਾਰ) ਦੀ ਕਥਾ ਦਾ ਵੀਚਾਰ ਕੀਤਾ ਜਾਵੇ ਤਾਂ ਮਨ ਦਾ ਫੁਰਨਾ ਮਨ ਵਿਚ ਹੀ ਲੀਨ ਹੋ ਜਾਂਦਾ ਹੈ। ਇਹ ਰਾਗ ਮਨ ਨੂੰ ਸੁਖੀ ਕਰਨ ਵਾਲੀ ਅਵਸਥਾ ਦੇ ਹਨ। ਹਿਰਦੇ ਕਮਲ ਸੰਸਾਰ ਵਲੋਂ ਉਲਟ ਕੇ ਨਾਮ ਅੰਮ੍ਰਿਤ ਨਾਲ ਭਰਪੂਰ ਹੋ ਗਿਆ ਹੈ। ਹੁਣ ਮਨ ਦੀ ਲਿਵ ਇਸ ਅਜਪਾ ਜਾਪ ਤੋਂ ਖੁੰਝਦੀ ਨਹੀਂ (ਮਨ ਦਵਾਰਾ ਜੋ ਨਾਮ ਦਾ ਜਾਪ ਹੈ, ਉਸਨੂੰ ਅਜਪਾ ਜਾਪ ਕਹਿੰਦੇ ਹਨ) ਜਦੋਂ ਗੁਰੂ ਦੁਆਰਾ ਖਾਸ ਸਰੂਪ ਦਾ ਵਾਸਾ ਮਿਲਿਆ ਹੈ। ਮਨ ਇਸ ਵਿਚ ਹੀ ਸਦਾ ਲਈ ਲੀਨ ਹੋ ਗਿਆ ਹੈ। ਸਾਰੀਆਂ ਇੰਦ੍ਰੀਆਂ ਤੇ ਪੰਜ ਗਿਆਨ ਇੰਦਰੇ ਹੁਣ ਇਕ ਸੁਰ ਹੋ ਗਏ ਹਨ। ਜੋ ਮਨੁੱਖ ਗੁਰ ਸ਼ਬਦ ਨੂੰ ਖੋਜ ਕੇ (ਭਾਵ ਗੁਰ ਸ਼ਬਦ ਦਾ ਅਨੁਸਾਰੀ ਹੋ ਕੇ) ਇਹ ਘਰ (ਵਾਹਿਗੁਰੂ ਦਾ ਸਰੀਰ ਵਿਚ ਵਾਸਾ) ਪ੍ਰਾਪਤ ਕਰਦਾ ਹੈ। ਨਾਨਕ ਉਸ ਦਾ ਦਾਸ ਹੈ :

ਘਰ ਮਹਿ ਘਰੁ ਦੇਖਾਇ ਦੇ ਸੋ ਪੁਰਖ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥
ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆਂ ਪੰਚ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥੧॥੨੭॥

(ਸਲੋਕ ਮ: ੧ ਵਾਰ ਮਲਾਰ ਮ: ੧)

ਨਾਮ ਦੀਆਂ ਦੋ ਝਾਕੀਆਂ ਗੁਰਬਾਣੀ ਵਿਚ ਆਈਆਂ ਹਨ :

(੧) ਨਾਮ ਦੇ ਅੰਤਹਕਰਣ ਵਿਚ ਦਰਸ਼ਨ।
(੨) ਨਾਮ ਦੇ ਕੁਦਰਤ ਵਿਚ ਦਰਸ਼ਨ।

ਪਹਿਲੀ ਅਵਸਥਾ ਦਾ ਜ਼ਿਕਰ ਪੰਚਮ ਸਤਿਗੁਰੂ ਨੇ ਸੁਖਮਨੀ ਸਾਹਿਬ ਦੀ ੨੩ਵੀਂ ਅਸਟਪਦੀ ਦੀ ਪਹਿਲੀ ਪਉੜੀ ਵਿਚ ਕੀਤਾ ਹੈ, ਜਿਸਦਾ ਜ਼ਿਕਰ ਅਸੀਂ ਪਿਛੇ ਕਰ ਚੁਕੇ ਹਾਂ। ਇਸ ਅਸਟਪਦੀ ਦੀਆਂ ਮਗਰਲੀਆਂ ਪਉੜੀਆਂ

ਦੂਜੀ ਝਾਕੀ "ਬਲਿਹਾਰੀ ਕੁਦਰਤ ਵਸਿਆ' ਦਾ ਵਿਸਥਾਰ ਕਰਦੀਆਂ ਹਨ। ਉਪਰੋਕਤ ਸ਼ਬਦ ਵਿਚ 'ਸੋਦਰ' ਵਿਚ ਗੁਰੂ ਨਾਨਕ ਦੇਵ ਜੀ ਦਾ ਖਿਚਿਆ ਨਕਸ਼ਾ ਤੇ ਸ੍ਰੀ ਜਪੁਜੀ ਸਾਹਿਬ ਵਿਚ 'ਸਚਖੰਡ' ਦਾ ਵਿਸਮਾਦੀ ਖ਼ਿਆਲਿਆ ਦ੍ਰਿਸ਼ ਤੇ ਅੰਤ੍ਰੀਵ ਹਾਲਤ ਰਲਵੀਂ ਬਿਆਨੀ ਹੈ ਤੇ ਸੰਕੋਰਵੇਂ ਢੰਗ ਨਾਲ ਅੰਦਰ ਦੇ ਅਨੰਦ, ਲੋਆਂ, ਪਾਤਾਲਾਂ, ਖੰਡਾਂ, ਬ੍ਰਹਮੰਡਾਂ ਦੇ ਹੁਕਮ ਵਿਚ ਚਲਣ, ਤਖਤ ਪੁਰ ਬੈਠੇ ਸ਼ਹਿਨਸ਼ਾਹ ਦੀ ਸਾਰੀ ਸ੍ਰਿਸ਼ਟੀ ਦੇ ਆਪਣੇ ਆਪਣੇ ਬਾਜਿਆਂ ਨਾਲ ਆਰਤੀ ਕਰਨ, ਮਨ ਦੇ ਇਕਾਗਰ ਹੋਣ, ਨਾਮ ਦੇ ਇਕ-ਰਸ ਸਿਮਰਨ ਤੇ ਨਿਰੰਕਾਰ ਵਿਚ ਲੀਨ ਹੋਣ ਦੀ ਸਾਰੀ ਖੇਡ ਸਮਝਾ ਦਿਤੀ ਹੈ।

ਮੁਕਦੀ ਗਲ 'ਰਾਧਾ ਸੁਆਮੀ' ਜਾਂ ਜੋਗੀ ਜਾਂ ਉਨ੍ਹਾਂ ਦੇ ਕਈ ਹੋਰ ਅਨਿਆਈ ਜੋਗੀਆਂ ਦੇ ਮਤ ਅਨੁਸਾਰ, ਉਨ੍ਹਾਂ ਮਤਾਂ ਦੀ ਦਸੀ ਪਰਮ ਪਦਵੀ ਤੇ ਪੁਜਣਾ ਚਾਹੁਣ ਤਾਂ ਉਹ ਬੇਸ਼ਕ ਜੋ ਜੀਅ ਵਿਚ ਆਵੇ ਸੋ ਕਰਨ, ਪਰ ਗੁਰ ਸਿਖਾਂ ਲਈ ਉਪਰੋਕਤ ਮਾਰਗ ਬਿਲਕੁਲ ਸਤਿਗੁਰਾਂ ਦੇ ਦਸੇ ਮਾਰਗ ਭਾਵ ਗੁਰਮਤ ਦੇ ਵਿਰੁਧ ਹਨ।

ਸਤਿਗੁਰਾਂ ਨੇ ਗੁਰਸਿਖਾਂ ਨੂੰ 'ਸਚਖੰਡ' ਨੂੰ ਪੁਜਣ ਦਾ ਰਾਹ ਸਾਫ ਤੌਰ ਤੇ ਦਸ ਦਿਤਾ ਹੈ। ਇਸ ਲਈ ਗੁਰਸਿਖ :

(ੳ) ਗੁਰਬਾਣੀ ਨੂੰ ਕਮਾਏ ਤੇ ਨਾਮ ਵਿਚ ਲਗੇ।

(ਅ) ਨਾਮ ਦੇ ਸਾਖਿਆਤ ਹੋਣ ਤੇ ਨਿਰੰਕਾਰ ਦਾ ਜੋਤਿ ਸਰੂਪ ਪਰਚੰਡ ਗਿਆਨ ਪ੍ਰਤੱਖ ਹੋਵੇਗਾ।

ਯਥਾ :

ਸਤਿਗੁਰ ਸੇਵੈ ਸੋ ਫਲ ਪਾਏ ॥ ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥
ਅਨਹਦ ਬਾਣੀ ਸ਼ਬਦੁ ਵਜਾਏ ॥ ੭ ॥ ੫ ॥

(ਗਉੜੀ ਗਵਾਰੇਰੀ ਮ: ੩ ਅਸਟਪਦੀਆਂ)

ਗੁਰਮਤ ਦੇ ਦਸੇ ਜੋਗ ਦਾ ਇਹੋ ਰਾਹ ਹੈ।

ਸੰਗਤਿ

ਗੁਰਮਤ ਸਤ ਸੰਗਤ ਨੂੰ ਨਿਰਾ ਪੁਰਾ ਸਰੇਸ਼ਟ ਹੀ ਨਹੀਂ ਮੰਨਦੀ, ਸਗੋ ਆਤਮਕ ਉਨਤੀ ਲਈ ਇਕ ਅਤਿ ਲੋੜੀਂਦਾ ਅੰਗ ਦਸਦੀ ਹੈ। ਇਸੇ ਲਈ ਗੁਰ ਸਿਖ ਆਪਣੀ ਨਿਤ ਦੀ ਅਰਦਾਸ ਵਿਚ 'ਸਾਧ ਦਾ ਸੰਗ' ਤੇ 'ਗੁਰਮੁਖ ਦਾ ਮੇਲ' ਲਗਾਤਾਰ ਮੰਗਦਾ ਰਹਿੰਦਾ ਹੈ :

ਮਾਨੁਖੀ ਅੰਤਹਕਰਨ ਦੇ ਤਿੰਨ ਸੁਭਾਵ, ਜੋ ਮਨੁਖ ਨੂੰ ਕਿਰਿਆ ਕਰਨ ਲਈ ਪਰੇਰਦੇ, ਉਹ ਵਰਤਮਾਨ ਸਮੇਂ ਦੇ ਮਾਨਸਿਕ ਖੋਜੀਆਂ ਨੇ ਇਸ ਪ੍ਰਕਾਰ ਬਿਆਨੇ ਹਨ :

(੧) ਹਉਮੈ Ego (੨) ਕਾਮ Sex (੩) ਲੋਕਾਚਾਰ Herd

ਮਾਨੁਖ ਨੂੰ ਵੀ ਇਕ ਸਮਾਜਿਕ ਪਸ਼ੂ ਦੀ ਤੁਲਨਾ ਦਿਤੀ ਗਈ ਹੈ। ਲੋਕਾਚਾਰੀ ਦਾ ਸੁਭਾਵ ਇਸ ਤੇ ਵਿਸ਼ੇਸ਼ ਅਸਰ ਰਖਦਾ ਹੈ। ਮਾਨਸਕ ਖੋਜੀ ਇਥੋਂ ਤਕ ਕਹਿੰਦੇ ਹਨ ਕਿ ਮਨੁਖ ਦੇ ਮਨ ਵਿਚ ਸਦਾ ਚਾਓ ਬਣਿਆ ਰਹਿੰਦਾ ਹੈ ਕਿ ਉਹ ਨਾ ਕੇਵਲ ਭਾਈਚਾਰੇ ਵਿਚ ਰਹੇ, ਸਗੋਂ ਉਸ ਭਾਈਚਾਰੇ ਦਾ ਅੰਗ ਬਣੇ। ਸੋ ਹਰ ਸਾਧਾਰਨ ਮਨੁਖ ਲਈ ਉਸਦੇ ਭਾਈਚਾਰੇ ਵਲੋਂ ਪੈਦਾ ਹੋਏ ਫੁਰਨਿਆਂ ਨੂੰ ਮੰਨਣਾ ਜ਼ਰੂਰੀ ਹੋ ਜਾਂਦਾ ਹੈ। ਅਜਿਹਾ ਨਾ ਕਰਨ ਤੇ ਉਹ ਇਸਤਰ੍ਹਾਂ ਦਾ ਦੁਖ ਮਹਿਸੂਸ ਕਰਦਾ ਹੈ, ਜਿਸਤਰ੍ਹਾਂ ਉਸਨੂੰ ਮਨੁਖੀ ਬਰਾਦਰੀ ਤੋਂ ਨਿਖੇੜ ਦਿਤੇ ਜਾਣ ਤੇ ਹੁੰਦਾ ਹੈ।

ਇਸ ਖਿਆਲ ਅਨੁਸਾਰ ਆਪੋ ਆਪਣੇ ਨਿਜੀ ਧਰਮ ਦਾ ਵਿਚਾਰ, ਵਿਚਾਰ ਕਸਵਟੀ ਤੇ ਠੀਕ ਨਹੀਂ ਉਤਰਦਾ। ਧਰਮ ਨਿਰਾਪੁਰਾ ਦਿਮਾਗੀ ਮਨੌਤ ਤਕ ਹੀ ਮਹਿਦੂਦ ਨਹੀਂ ਰਹਿੰਦਾ, ਇਹ ਤਾਂ ਸਗੋਂ ਸਾਡਾ ਅਮਲਾਂ ਰਾਹੀਂ ਵੀ ਪ੍ਰਤੱਖ ਹੁੰਦਾ ਹੈ ਤੇ ਮਨੁਖ ਦਾ ਬਰਾਦਰੀਆਂ ਤਥਾ ਟੋਲੇ ਬਣਾ ਕੇ ਰਹਿਣਾ ਉਸਦੇ ਕਰਮਾਂ ਦਾ ਅਸਰ ਲਾਜ਼ਮੀ ਤੌਰ ਤੇ ਉਸਦੇ ਟੋਲੇ ਤੇ ਵੀ ਪਾਂਦਾ ਹੈ। ਇਸੇਤਰ੍ਹਾਂ ਟੋਲੇ ਦੇ ਕਰਮ ਵੀ ਉਸ ਤੇ ਆਪਣਾ ਅਸਰ ਅਵੱਸ਼ ਪਾਂਦੇ ਹਨ। ਇਸ ਲਈ ਜਿਸ ਬਰਾਦਰੀ ਵਿਚ ਮਨੁਖ ਰਹਿੰਦਾ ਬਹਿੰਦਾ ਹੈ, ਉਸ ਬਰਾਦਰੀ ਦੀ ਰਹੁ-ਰੀਤ ਵੀ ਉਹ ਬਿਨਾ ਕਿਸੇ ਸੁਚੇਤ ਵਿਚਾਰ (Conscious reasoning) ਦੇ ਸੁਤੇ ਹੀ ਅਖਤਿਆਰ ਕਰ ਲੈਂਦਾ ਹੈ। ਇਕ ਇਕ ਤੇ ਦੋ ਯਾਰਾਂ ਦੀ ਮਿਸਲ ਮਸ਼ਹੂਰ ਹੈ। ਜਿਸਦਾ ਭਾਵ ਇਹ ਹੈ ਕਿ ਦੂਜਿਆਂ ਨੂੰ ਆਪਣਾ ਸਾਥੀ ਸਮਝ ਕੇ ਜਦੋਂ ਕੋਈ ਉਨ੍ਹਾਂ ਨੂੰ ਕੰਮ ਕਰਦਾ ਵੇਖਦਾ ਹੈ, ਤਾਂ ਉਸਦਾ ਮਾਨਸਿਕ ਬਲ ਸੁਤੇ ਹੀ ਦੂਣਾ ਹੋ ਜਾਂਦਾ ਹੈ। ਮਾਨਸਿਕ ਖੋਜੀਆਂ ਦੇ ਉਪਰੋਕਤ ਦੋਹਾਂ ਹੀ ਸਭਾਵਾਂ ਨੂੰ ਸ਼ਾਹਮਣੇ ਰਖ ਕੇ ਗੁਰਮਤ ਨੇ ਸਤ ਸੰਗ ਦੇ ਅਸੂਲ ਨੂੰ ਅਪਨਾਇਆ ਹੈ।

ਟੋਲਾ ਜਾਂ ਬਰਾਦਰੀ ਤਾਂ ਮਨੁਖ ਨੂੰ ਆਪਣੀ ਪਧਰ ਤਕ ਹੀ ਰਖਦੀ ਹੈ, ਪਰ ਸਤ ਸੰਗਤ ਉਸਨੂੰ ਅਨੰਤ ਉਨਤੀ ਦੇ ਰਾਹ ਤੇ ਪਾ ਦਿੰਦੀ ਹੈ। ਗੁਰਮਤ ਦਾ ਵਿਸਵਾਸ਼ ਹੈ ਕਿ ਜਿਕੁਰ ਗੁਰੂ ਤੋਂ ਬਿਨਾਂ ਰਾਹ ਨਹੀਂ ਲਭ ਸਕਦਾ, ਇਕੁਰ ਹੀ ਸਤ ਸੰਗ ਤੇ ਗੁਰਮੁਖਾਂ ਦੇ ਮੇਲ ਤੋਂ ਬਿਨਾਂ ਗੁਰੂ ਦੇ ਦਸੇ ਰਾਹ ਤੇ ਟੁਰ ਵੀ ਨਹੀਂ

ਹੋਣਾ । ਇਸ ਲਈ ਸਿਖ ਲਈ ਸਤ ਸੰਗਤ ਕਰਨੀ ਉਨੀ ਹੀ ਜ਼ਰੂਰੀ ਹੈ, ਜਿਨਾਂ ਕਿ ਉਸਦਾ ਨਿਜੀ ਨਿਤ ਨੇਮ ।

ਇਹ ਸਤ ਸੰਗਤ ਜਿੰਨੀ ਉਚੀ ਹੋਵੇਗੀ, ਉਸੇ ਪਧਰ ਤੇ ਸਤ ਸੰਗੀ ਨੂੰ ਲੈ ਜਾਵੇਗੀ :

ਊਤਮ ਸੰਗਤਿ ਊਤਮ ਹੋਵੈ ॥ ਗੁਣ ਕਉ ਧਾਵੈ ਅਵਗੁਣ ਧੋਵੈ ॥ ੭ ॥ ੫ ॥
(ਆਸਾ ਮ: ੧ ਅਸਟਪਦੀਆਂ)

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ ੧ ॥ ੨ ॥
(ਸਲੋਕ ਮ: ੩ ਵਾਰ ਵਡਹੰਸ ਮ: ੪)

ਬ੍ਰਹਮਣ ਖਤਰੀ ਸੂਦ ਵੈਸ
ਚਾਰਿ ਵਰਣ ਚਾਰਿ ਆਸ੍ਰਮ ਹਰਿ ਜੋ ਹਰਿ ਧਿਆਵੈ ਸੋ ਪਰਧਾਨੁ ॥
ਜਿਉ ਚੰਦਨ ਨਿਕਟਿ ਵਸੈ ਹਿਰਡ ਬਪੜਾ ॥
ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ ॥
ਉਹ ਸਭ ਤੇ ਊਚਾ ਸਭ ਤੇ ਸੂਚਾ ਜਾਕੈ ਹਿਰਦੈ ਵਸਿਆ ਭਗਵਾਨ ॥੩॥੪॥
(ਗੋਂਡ ਮ: ੪)

ਸਤ ਸੰਗਤ ਕਰਨ ਨਾਲ ਮਾਇਆ ਉਸ ਤੇ ਆਪਣਾ ਕੋਝਾ ਪ੍ਰਭਾਵ ਨਹੀਂ ਪਾ ਸਕਦੀ, ਸਗੋਂ ਦਾਸੀ ਬਣ ਕੇ ਰਹਿੰਦੀ ਹੈ :

ਏ ਸਾਜਨ ਕਛੁ ਕਹੁ ਉਪਾਇਆ ॥ ਜਾਤੇ ਤਰਉ ਬਿਖਮ ਇਹ ਮਾਇਆ ॥
ਕਰਿ ਕਿਰਪਾ ਸਤਸੰਗਿ ਮਿਲਾਏ ॥ ਨਾਨਕ ਤਾਕੈ ਨਿਕਟਿ ਨ ਮਾਏ ॥ ੭ ॥
(ਗਉੜੀ ਬਾਵਨ ਅਖਰੀ ਮ: ੫)

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥
(ਗੁਜਰੀ ਮ: ੫)

ਨਾਮ-ਧਰੀਕ ਸਾਧਾਂ ਨਾਲ ਘੜੀ ਦੋ ਘੜੀ ਦੀ ਚਰਚਾ ਜਾਂ ਗਿਆਨ ਗੋਸਟਿ ਸਤ ਸੰਗ ਨਹੀਂ ਕਿਹਾ ਜਾ ਸਕਦਾ । ਸਤ ਸੰਗਤ ਦੀ ਮੁਖ ਨਿਸ਼ਾਨੀ ਇਹ ਹੈ ਕਿ ਉਥੇ ਆਪ ਸਤਿਗੁਰ ਮੌਜੂਦ ਹੋਣ । ਸਾਹਿਬ ਫੁਰਮਾਂਦੇ ਹਨ :

ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥੨॥੨੪॥
(ਮਾਰੂ ਮ: ੩ ਸੋਲਹੇ)

ਸਤ ਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥
ਹਰਿ ਕਿਰਪਾ ਧਾਰਿ ਮੇਲਹੁ ਸਤ ਸੰਗਤਿ ਹਮ ਧੋਵਹਿ ਪਗ ਜਨ ਕੇ ॥੨॥੧॥
(ਰਾਗ ਸੂਹੀ ਮ: ੪ ਘਰ ੧)

ਉਪਰੋਕਤ ਪ੍ਰਮਾਣਾਂ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ, ਜੋ ਸਤਿਗੁਰ ਦੀ ਮੌਜੂਦਗੀ ਤੋਂ ਭਾਵ ਗੁਰਸ਼ਬਦ ਦਾ ਵਿਚਾਰ ਹੈ । ਜਿਥੇ ਸਤਿਗੁਰ ਦੇ ਸ਼ਬਦ ਦਾ ਵਿਚਾਰ ਹੋਵੇਗਾ, ਉਥੇ ਨਾਮ ਤੇ ਕੀਰਤਨ ਤੋਂ ਛੁਟ ਤੀਜੀ ਗਲ ਹੋ ਹੀ ਨਹੀਂ ਸਕਦੀ। ਇਸ ਲਈ ਸਤ ਸੰਗਤ ਦੇ ਮੁਖ ਲਛਣ ਹੀ ਇਹੋ ਹਨ :

ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮ ਵਖਾਣੀਐ ॥
ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰ ਦੀਆ ਬੁਝਾਇ ਜੀਉ ॥੫॥੧॥
(ਸ੍ਰੀ ਰਾਗ ਮ: ੧)

ਕਰਮੁ ਹੋਵੈ ਸਤ ਸੰਗਿ ਮਿਲਾਇ ॥
ਹਰਿ ਗੁਣ ਗਾਵੈ ਬੈਸਿ ਸੁ ਥਾਇ ॥੧॥੩॥੨੨॥
(ਗਉੜੀ ਗਵਾਰੇਰੀ ਮ: ੫)

ਸਤ ਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥੧॥੩॥੭॥
(ਭੈਰਉ ਮ: ੩)

ਤਿਤੁ ਜਾਇ ਬਹਹੁ ਸਤ ਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥
ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥
ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ ॥੪॥
(ਵਾਰ ਵਡਹੰਸ ਮ: ੪)

ਮੁਕਦੀ ਗਲ ਸਤ ਸੰਗਤ ਆਤਮਕ ਉਨਤੀ ਲਈ ਇਕ ਅਤਿ ਲੋੜੀਂਦਾ ਅੰਗ ਹੈ। ਪਰ ਸਤ ਸੰਗਤ 'ਸਾਧ ਕਾ ਸੰਗ' ਤੇ 'ਗੁਰਮੁਖ ਦੇ ਮੇਲ' ਦੇ ਆਸ਼ੇ ਨਾਲ ਹੋਣੀ ਚਾਹੀਦੀ ਹੈ। ਸ਼ਾਡੇ ਲਈ ਉਹੀ ਗੁਰਮੁਖ ਹਨ, ਤੇ ਉਹੀ ਸਾਧ ਹਨ, ਜੋ ਗੁਰਮਤ ਦੇ ਆਸ਼ੇ ਤੇ ਆਪ ਚਲਣ ਤੇ ਦੂਜਿਆਂ ਨੂੰ ਚਲਾਵਨ। ਜੋ ਸਜਣ ਗੁਰਮਤ ਨੂੰ ਨਾ ਮੰਨਦਾ ਹੈ ਤੇ ਨਾ ਧਾਰਨ ਕਰਦਾ ਹੈ, ਉਸਦੀ ਸੰਗਤ ਗੁਰਸਿਖ ਲਈ ਨੁਕਸਾਨ ਦੇਹ ਹੈ, ਇਸ ਲਈ ਵਿਵਰਜਤ ਹੈ। ਸੰਗਤ ਗੁਰਸਿਖ ਦੀ ਹੀ ਕਰਨੀ ਉਚਿਤ ਹੈ ਤੇ ਉਹੀ ਕਰਨੀ ਉਚਿਤ ਹੈ, ਜਿਸ ਵਿਚ ਨਾਮ ਤੇ ਗੁਰਸ਼ਬਦ ਦਾ ਵਿਚਾਰ ਹੋਵੇ।

(੫) ਗੁਰੂ ਕੀ ਪ੍ਰਸਾਦੀ

ਗੁਰਮਤ ਵਿਚ ਪ੍ਰਸਾਦਿ ਉਸੇ ਨੂੰ ਕਹਿੰਦੇ ਹਨ, ਜੋ ਗੁਰੂ ਦੀ ਹਜ਼ੂਰੀ ਵਿਚ ਸਾਧ ਸੰਗਤ ਵਿਚ ਪੇਸ਼ ਕੀਤਾ ਜਾਵੇ । ਇਸ ਪ੍ਰਸਾਦਿ ਨੂੰ ਪੂਰਨ ਸਵੱਛਤਾ ਤੇ ਪਵਿਤ੍ਰਤਾ ਨਾਲ ਤਿਆਰ ਕੀਤਾ ਹੈ। ਤਿਆਰ ਕਰਨ ਵਾਲਾ ਮੂੰਹ ਤੇ ਵੀ ਪਰਨਾ ਬੰਨ੍ਹ ਲੈਂਦਾ ਹੈ, ਤਾਂ ਜੋ ਉਸਦੇ ਅੰਦਰੋਂ ਨਿਕਲੀ ਸਵਾਸਾਂ ਦੀ ਗੰਦੀ ਹਵਾੜ ਵੀ ਉਸ

ਤੇ ਨਾ ਪਵੇ । ਤੇ ਤਿਆਰ ਕਰਨ ਸਮੇਂ, ਤਿਆਰ ਕਰਨ ਵਾਲਾ ਗੁਰਬਾਣੀ ਦਾ ਪਾਠ ਜਾਂ ਸਿਮਰਨ ਕਰਦਾ ਰਹਿੰਦਾ ਹੈ । ਉਸ ਪ੍ਰਸਾਦਿ ਨੂੰ ਹਜ਼ੂਰੀ ਵਿਚ ਰਖ ਕੇ ਗੁਰੂ ਅਗੇ ਪ੍ਰਵਾਨਗੀ ਲਈ ਅਰਦਾਸ ਕੀਤੀ ਜਾਂਦੀ ਹੈ । ਫੇਰ ਅਰਦਾਸੇ ਉਪਰੰਤ ਸਤਿਗੁਰੂ ਜੀ ਦੇ ਅਧਾਰ ਤੇ ਗੁਰੂ ਕੇ ਵਜ਼ੀਰ (ਗਰੰਥੀ ਸਾਹਿਬ) ਉਸ ਨੂੰ ਕਰਦ ਭੇਟ (ਕ੍ਰਿਪਾਨ ਭੇਟ) ਕਰਕੇ ਪ੍ਰਵਾਨਗੀ ਬਖਸ਼ਦੇ ਹਨ ਤੇ ਉਹ ਹੀ ਸੰਗਤ ਵਿਚ ਵਰਤਾਇਆ ਜਾਂਦਾ ਹੈ । ਉਹ ਹਰ ਤਰ੍ਹਾਂ ਨਾਲ ਪਵਿਤਰ ਗਿਣਿਆ ਜਾਂਦਾ ਹੈ । ਜੂਠ ਖਾਣ ਦੀ ਗੁਰਮਤ ਆਗਿਆ ਨਹੀਂ ਦੇਂਦੀ । ਇਸ ਲਈ ਜੂਠੀ ਪ੍ਰਸਾਦੀ, ਜੋ ਰਾਧਾ ਸਵਾਮੀ ਪਵਿਤਰ ਸਮਝਦੇ ਹਨ, ਸਿਖਾਂ ਨੂੰ ਖਾਣੀ ਜਾਂ ਲੈਣੀ ਵਿਵਰਜਤ ਹੈ ।

ਗੁਰਸਿਖੀ ਵਿਚ ਦਸਮ ਪਾਤਸ਼ਾਹ ਨੇ ਚਰਣਾਮ੍ਰਿਤ ਜਾਂ ਚਰਨਪਾਹੁਲ ਦਾ ਰਿਵਾਜ ਬਦਲ ਕੇ ਖੰਡੇ ਕਾ ਪਾਹੁਲ (ਅਮ੍ਰਿਤ) ਹਰ ਗੁਰਸਿਖ ਨੂੰ ਛਕਣਾ ਲਾਜ਼ਮੀ ਕਰਾਰ ਦਿਤਾ ਹੈ ।

(੬) ਗੁਰਮਤ ਦੇ ਤਿੰਨ ਮੁਖ ਸਿਧਾਂਤ ਹਨ, ਜੋ ਸਾਧ ਤੇ ਗ੍ਰਿਹਸਥੀ ਲਈ ਸਮਾਨ ਹਨ । ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ । ਬਾਕੀ ਸਾਧੂ ਦੇ ਹੇਠ ਲਿਖੇ ਲਛਣ ਗੁਰਬਾਣੀ ਵਿਚ ਦਰਸਾਏ ਗਏ ਹਨ । ਅਜਿਹਾ ਸਾਧੂ, ਜਿਸਦੇ ਵਿਚ ਇਹ ਲਛਣ ਪਾਏ ਜਾਣ, ਉਹ ਪੂਰਨ ਪੁਰਖ ਹੈ :

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥
ਦ੍ਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਤਹ ॥
ਭੋਜਨੰ ਗੋਪਾਲ ਕੀਰਤਨੰ ਅਲਪੁ ਮਾਯਾ ਜਲ ਕਮਲ ਰਹਤਹ ।
ਉਪਦੇਸੰ ਸਮਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ ।
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥
(ਸਲੋਕ ਸਹਸਕ੍ਰਿਤੀ ਮ: ੫)

ਵਿਆਹ ਸ਼ਾਦੀ

ਬਾਕਾਇਦਾ ਵਿਧੀ ਸੰਸਕਾਰ ਹਨ । ਵਿਆਹ ਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ ਤੇ ਪੂਰਨ ਗੁਰਮਰਯਾਦਾ ਅਨੁਸਾਰ ਗੁਰੂ ਕੀ ਹਜ਼ੂਰੀ ਵਿਚ ਹੋਂਦਾ ਹੈ ।

ਬੋਲਾ

ਮਿਲਣ ਸਮੇਂ ਦਾ ਬੋਲਾ ਹੈ :

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ॥

ਸੋ ਉਪਰੋਕਤ ਵਿਚਾਰ ਤੋਂ ਇਹ ਗਲ ਬਿਲਕੁਲ ਸਪਸ਼ਟ ਹੋ ਜਾਂਦੀ ਹੈ ਕਿ ਰਾਧਾ ਸਵਾਮੀ ਮਤ ਭਾਵੇਂ ਗੁਰਬਾਣੀ ਪੜ੍ਹਨ ਤੇ ਮਨਣ ਵਾਲਿਆਂ ਦੀ ਹੀ ਕਾਢ ਹੈ, ਪਰ ਇਸਨੂੰ ਜੋ ਰੂਪ ਦਿਤਾ ਗਿਆ ਹੈ, ਉਸਦਾ ਥੋੜਾ ਜਿਹਾ ਸਬੰਧ ਵੀ ਗੁਰਮਤ ਨਾਲ ਨਹੀਂ । ਗੁਰਬਾਣੀ ਦੇ ਗਲਤ ਅਰਥ ਕਰਕੇ ਉਸਨੂੰ ਕੇਵਲ ਆਪਣੇ ਮਤਲਬ ਲਈ ਹੀ ਵਰਤਿਆ ਗਿਆ ਹੈ । ਗੁਰਸਿਖਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ।

ਨੋਟ :—ਹੁਣ ਜਿਨ੍ਹਾਂ ਮਤਾਂ ਦਾ ਜ਼ਿਕਰ ਅਸੀਂ ਅਗੇ ਕਰਾਂਗੇ, ਉਹਨਾਂ ਦਾ ਟਾਕਰਾ ਗੁਰਮਤ ਨਾਲ ਨਹੀਂ ਕਰਾਂਗੇ, ਕਿਉਂਕਿ ਇਹ ਗੁਰਮਤ ਤੋਂ ਮਗਰੋਂ ਵਜੂਦ ਵਿਚ ਆਏ ਹਨ ਤੇ ਆਪਣਾ ਕੋਈ ਸਬੰਧ ਉਨ੍ਹਾਂ ਗੁਰਮਤ ਨਾਲ ਨਹੀਂ ਦਸਿਆ। ਇਹ ਤਾਂ ਕੇਵਲ ਪਾਠਕਾਂ ਦੀ ਵਾਕਫੀਅਤ ਲਈ ਹੀ ਦਿਤੇ ਹਨ। ਉਨ੍ਹਾਂ ਦੇ ਸਿਧਾਤਾਂ ਤੇ ਗੁਰਮਤ ਦਾ ਕੋਈ ਪ੍ਰਭਾਵ ਪਿਆ ਹੈ ਜਾਂ ਨਹੀਂ, ਪਾਠਕ ਜਨ ਆਪ ਹੀ ਜਾਂਚ ਲੈਣ।

ਬ੍ਰਹਮੂ ਸਮਾਜ

ਬ੍ਰਹਮੂ ਸਮਾਜ ਅੰਗਰੇਜ਼ੀ ਤਾਲੀਮ, ਭਾਰਤੀ ਵਿਚਾਰ ਧਾਰਾ ਤੇ ਨਵੀਨ ਪਛਮੀ ਵਿਚਾਰਾਂ ਦੇ ਮੇਲ ਜੋਲ ਨਾਲ ਉਨੀਵੀਂ ਸਦੀ ਦੇ ਆਰੰਭ ਵਿਚ ਉਤਪੰਨ ਹੋਇਆ ਹੈ। ਇਸਦੇ ਬਾਨੀ ਇਕ ਬੰਗਾਲੀ ਬ੍ਰਾਹਮਣ ਰਾਮ ਮੋਹਨ ਰਾਇ ਜੀ ਸਨ। ਰਾਮ ਮੋਹਨ ਰਾਏ ਦੇ ਪਿਤਾ ਜੀ ਦਾ ਨਾਮ ਸ੍ਰੀ ਕਾਂਤਾ ਰਾਇ ਤੇ ਮਾਤਾ ਤਾਰਾ ਦੇਵੀ ਸੀ। ਆਪ ਦਾ ਜਨਮ ਮਈ ਸੰਨ ੧੭੭੨ ਈ: ਵਿਚ ਧਾਰਾ ਨਗਰ (ਬੰਗਾਲ) ਵਿਖੇ ਹੋਇਆ।

ਰਾਮ ਮੋਹਨ ਰਾਏ ਜੀ ਦਾ ਘਰਾਣਾ ਬੰਗਾਲ ਦੇ ਹਾਕਮ ਸਰਾਜੁਲ ਦੌਲਾ ਦੇ ਸਮੇਂ ਤੋਂ ਹੀ ਚੰਗਾ ਮੰਨਿਆ-ਪ੍ਰਮੰਨਿਆ ਗਿਣਿਆ ਜਾਂਦਾ ਸੀ ਤੇ ਮੁਗਲ ਦਰਬਾਰ ਵਿਚ ਵੀ ਕਾਫ਼ੀ ਮਾਣ ਪ੍ਰਾਪਤ ਕਰ ਚੁਕਾ ਸੀ।

ਨਿਕੀ ਉਮਰ ਵਿਚ ਹੀ ਰਾਮ ਰਾਏ ਦੇ ਸਿਰ ਤੋਂ ਮਾਂ ਦਾ ਪਿਆਰ ਮੌਤ ਨੇ ਖੋਹ ਲਿਆ। ਪਿਤਾ ਨੇ ਆਪ ਨੂੰ ਫ਼ਾਰਸੀ ਪੜ੍ਹਾਨ ਲਈ ਪਟਨੇ ਘਲ ਦਿਤਾ ਤੇ ੯ ਸਾਲ ਦੀ ਉਮਰ ਵਿਚ ਹੀ ਇਹ ਫ਼ਾਰਸੀ ਤੇ ਅਰਬੀ ਦੇ ਚੰਗੇ ਵਿਦਵਾਨ ਬਣ ਗਏ। ਕੁਰਾਨ ਦੀਵਾਨ ਹਾਫ਼ਿਜ਼, ਮਸਨਵੀ ਆਦਿਕ ਪੁਸਤਕਾਂ ਤੋਂ ਇਹ ਬਖ਼ੂਬੀ ਜਾਣੂ ਹੋ ਚੁਕੇ ਸਨ। ਫਿਰ ਇਨ੍ਹਾਂ ਨੂੰ ਸੰਸਕ੍ਰਿਤ ਵਿਦਿਆ ਹਾਸਲ ਕਰਨ ਲਈ ਕਾਂਸ਼ੀ ਘਲਿਆ ਗਿਆ ਤੇ ਉਥੋਂ ਵੀ ਹਿੰਦੂ ਧਰਮ ਗ੍ਰੰਥ ਵੇਦ, ਉਪਨਿਸ਼ਦ ਤੇ ਸ਼ਾਸਤਰ ਆਦਿ ਆਪ ਨੇ ਚੰਗੀ ਤਰ੍ਹਾਂ ਘੋਖ ਲਏ। ਕਲਕਤੇ ਵਿਚ ਆਪ ਨੇ ਇਕ ਅਖਬਾਰ ਵੀ ਚਲਾਈ। ਆਪ ਨੇ ਨਵੀਂ ਤਾਲੀਮ ਦੇ ਅਸਰ ਹੇਠਾਂ ਮੂਰਤੀ ਪੂਜਾ ਦੇ ਵਿਰੁਧ ਇਕ ਕਿਤਾਬ ਲਿਖੀ। ਇਸ ਪੁਸਤਕ ਕਰਕੇ ਇਨ੍ਹਾਂ ਦੇ ਪਿਤਾ ਸਖਤ ਨਾਰਾਜ਼ ਹੋਏ। ਪਿਤਾ ਦੀ ਨਰਾਜ਼ਗੀ ਨੇ ਆਪ ਨੂੰ ਸੰਨਿਆਸ ਧਾਰਨ ਲਈ ਪ੍ਰੇਰਿਆ ਤੇ ਆਪ ੧੬ ਵਰ੍ਹੇ ਦੀ ਉਮਰ ਵਿਚ ਹੀ ਘਰ ਤਿਆਗ ਕੇ ਸੰਨਿਆਸੀਆਂ ਦੇ ਰੂਪ ਵਿਚ ਬੁਧ ਧਰਮ ਦਾ ਮੁਤਾਲਿਆ ਕਰਨ ਲਈ ਤਿਬਤ ਚਲੇ ਗਏ। ਉਥੇ ਪੁਜਣ ਤਕ ਉਨ੍ਹਾਂ ਨੂੰ ਅਨੇਕਾਂ ਕਸ਼ਟਾਂ ਦਾ ਸਾਹਮਣਾ ਕਰਨਾ ਪਿਆ, ਪਰ ਫੇਰ ਵੀ ਉਹ ਤਿਬਤ ਪਹੁੰਚ ਹੀ ਗਏ। ਤਿਬਤ ਵਿਚ ਤਿਬਤੀ ਲਾਮਾ ਦੀ ਪੂਜਾ ਹੁੰਦੀ ਵੇਖ ਕੇ ਉਹਨਾਂ ਨੂੰ ਅਤਿ ਦੀ ਨਿਰਾਸਤਾ ਹੋਈ।

ਖੋਜੀ ਸੁਭਾਅ ਹੋਣ ਕਰਕੇ ਆਪ ਨੇ ਸਾਹਸ ਨ ਛਡਿਆ ਤੇ ਵਾਪਸ ਆ ਕੇ ਉਨ੍ਹਾਂ ਈਸਾਈ ਪਾਦਰੀ ਕੇਰੀ ਵਾਰਡ ਤੇ ਮਾਰਸ਼ਮੈਨ ਤੋਂ ਅੰਗਰੇਜ਼ੀ, ਫਰਾਂਸੀਸੀ, ਤੇ ਇਬਰਾਨੀ ਆਦਿਕ ਬੋਲੀਆਂ ਪੜ੍ਹੀਆਂ ਤੇ ਬਾਈਬਲ ਦਾ ਵੀ ਮੁਤਾਲਿਆ ਕੀਤਾ। ਹਿੰਦੂ, ਬੁਧ, ਜੈਨ, ਈਸਾਈ, ਇਸਲਾਮ ਆਦਿ ਮਤਾ ਦੇ ਮੁਤਾਲਿਆਂ ਤੋਂ ਬਾਹਦ ਆਪ ਨੂੰ ਹੁਣ ਆਪਣਾ ਨਵਾਂ ਮਤ ਚਲਾਣ ਦਾ ਖਿਆਲ ਆਇਆ। ਈਸਾਈ ਪਾਦਰੀ ਵਿਲੀਅਮ ਐਡਮ ਇਨ੍ਹਾਂ ਦੀਆਂ ਜ਼ੋਰਦਾਰ ਉਕਤੀਆਂ-ਯੁਕਤੀਆਂ ਤੋਂ ਪ੍ਰਭਾਵਤ ਹੋਇਆ ਤੇ ਉਸਨੇ ਈਸਾਈ ਮਤ ਦੇ ਮਸਲਾ 'ਤਸਲੀਸ' ਤੋਂ ਇਨਕਾਰ ਕਰ ਦਿਤਾ। ਓਹ ਇਕ ਈਸ਼ੂਰਵਾਦੀ ਹੋ ਗਿਆ। ਮਿਸ਼ਨ ਵਿਚ ਵਿਲੀਅਮ ਐਡਮ ਦੇ ਇਸ ਇਨਕਾਰ ਨੇ ਬੜੀ ਗੜਬੜ ਪੈਦਾ ਕਰ ਦਿਤੀ, ਪਰ ਉਸ ਨੇ ਇਸ ਵਲ ਕੋਈ ਧਿਆਨ ਨਾ ਦਿਤਾ।

੧੮੧੪ ਵਿਚ ਰਾਮ ਮੋਹਨ ਰਾਏ ਨੇ ਕਲਕਤੇ ਤੋਂ ਕੁਝ ਦੂਰ ਰਘਨਾਥ ਪੁਰੇ ਦੇ ਮਸਾਣਾਂ ਵਿਚ ਡੇਰਾ ਲਾ ਲਿਆ ਤੇ ਆਪਣੇ ਮਤ ਦਾ ਪਰਚਾਰ ਸ਼ੁਰੂ ਕਰ ਦਿਤਾ। ਆਪਣੇ ਮਕਾਨ ਦੇ ਸਾਹਮਣੇ ਉਸਨੇ ਇਕ ਚਬੂਤਰਾ ਬਣਵਾਇਆ ਤੇ ਉਸ ਦੇ ਚੌਗਿਰਦੇ ਪਥਰਾਂ ਤੇ ਹੇਠ ਲਿਖੇ ਮੰਤਰ ਉਕਰਵਾ ਕੇ ਲਗਵਾ ਦਿਤੇ :

(੧) ਓਮ ਤਤ ਸਤ
(੨) ਏਕ ਮਯੋ ਅਦ੍ਵੈਤਮ।

ਏਸ ਥਾਂ ਤੇ ਦਿਨ ਵਿਚ ਤਿੰਨ ਵੇਰ ਬੈਠ ਕੇ ਭਜਨ ਕਰਦੇ ਸਨ।

ਇਕ ਦਿਨ ਰਾਮ ਮੋਹਨ ਰਾਏ ਜੀ ਦੀ ਸਪਤਨੀ ਨੇ ਪ੍ਰਸ਼ਨ ਕੀਤਾ ਕਿ ਉਨ੍ਹਾਂ ਦੇ ਖਿਆਲ ਵਿਚ ਕਿਹੜਾ ਧਰਮ ਵੰਗਾ ਹੈ। ਇਸਦੇ ਉਤਰ ਵਿਚ ਆਪ ਨੇ ਆਖਿਆ "ਗਊਆਂ ਦਾ ਟੰਗ ਤਾਂ ਭਿੰਨ ਭਿੰਨ ਹੁੰਦਾ ਹੈ ਪਰ ਦੁਧ ਸਾਰੀਆਂ ਦਾ ਇਕੋ ਟੰਗ ਦਾ ਹੀ ਹੁੰਦਾ ਹੈ" ਇਸ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਆਪ ਦੇ ਖਿਆਲ ਵਿਚ ਸਾਰੇ ਮਜ਼ੁਬਾਂ ਵਿਚ ਸਚਾਈ ਇਕੋ ਹੀ ਹੈ।

ਚਿਤ ਪੁਰ ਰੋਡ ਕਲਕਤਾ ਵਿਖੇ ਆਪ ਨੇ ਇਕ ਮੰਦਰ ਬਣਵਾਇਆ, ਜਿਸਦੀ ਵੱ੦ ੨੩ ਜਨਵਰੀ ੧੮੨੩ ਨੂੰ ਕੀਤੀ ਗਈ। ਆਪ ਨੇ ਇਸ ਸਮਾਗਮ ਤੇ ਸਾਰੇ ਮਤਾਂ ਦੇ ਲੋਕਾਂ ਨੂੰ ਆਪਣੇ ਆਪਣੇ ਮਤ ਅਨੁਸਾਰ ਈਸ਼੍ਵਰ ਦੀ ਪੂਜਾ ਕਰਨ ਦੀ ਦਾਅਵਤ ਦਿਤੀ। ਇਸ ਵਿਸ਼ਾਲਤਾ ਨੂੰ ਚੰਗਾ ਸਮਝਣ ਵਾਲੇ ਥੋੜੇ ਸਨ। ਬਹੁਤਿਆਂ ਨੇ, ਜੋ ਪੁਰਾਤਨਤਾ ਦੇ ਹਾਮੀ ਮਤੱਸਬ ਤੇ ਤੰਗ ਦਿਲ ਸਨ, ਇਸਨੂੰ ਬੁਰਾ ਸਮਝਿਆ, ਪਰ ਫਿਰ ਵੀ ਰਾਮ ਮੋਹਨ ਨੇ ਬ੍ਰਹਮੂ ਸਮਾਜ ਦਾ ਪਰਚਾਰ ਜਾਰੀ ਹੀ ਰਖਿਆ।

ਆਪ ਦੇ ਦਿਲ ਵਿਚ ਸਮਾਜ ਦੇ ਸੁਧਾਰ ਦਾ ਚਾਅ ਵੀ ਸੀ। ੧੮੧੧ ਈ: ਵਿਚ ਇਕ ਵੇਰ ਇਨ੍ਹਾਂ ਦੇ ਘਰਾਣੇ ਵਿਚੋਂ ਹੀ ਇਕ ਤੀਵੀਂ ਆਪਣੇ ਪਤੀ ਦੀ ਮੌਤ ਤੇ ਉਸਦੀ ਚਿਤਾ ਵਿਚ ਸਤੀ ਹੋ ਗਈ, ਜਿਸ ਕਰਕੇ ਇਨ੍ਹਾਂ ਨੂੰ ਬੜਾ ਦੁਖ ਹੋਇਆ। ਇਨ੍ਹਾਂ ਦੇ ਅਥਕ ਪਰਚਾਰ ਤੇ ਜਤਨਾਂ ਦੇ ਸਦਕੇ ਆਖਰ ੧੮੨੯ ਵਿਚ ਲਾਰਡ ਵਲੀਅਮ ਬੈਂਟਿੰਗ ਦੇ ਰਾਹੀਂ ਸਤੀ ਹੋਣ ਦੀ ਬੰਦਸ਼ ਦਾ ਕਾਨੂੰਨ ਪਾਸ ਕਰਵਾ ਦਿਤਾ ਗਿਆ।

ਆਪ ਰਾਜਨੀਤਕ ਉਨਤੀ ਦੇ ਚਾਹਵਾਨ ਸਨ। ਆਪ ਇੰਗਲੈਂਡ ਪੁਜਕੇ ਭਾਰਤ ਸਬੰਧੀ ਕਈ ਨੁਕਤੇ ਉਥੇ ਦੇ ਲੋਕਾਂ ਨੂੰ ਦਸਣਾ ਚਾਹੁੰਦੇ ਸਨ। ਕੁਦਰਤਨ ਇਹ ਮੌਕਿਆ ਵੀ ਪ੍ਰਾਪਤ ਹੋ ਗਿਆ, ਮੁਗ਼ਲ ਬਾਦਸ਼ਾਹ ਅਕਬਰ ਸਾਨੀ ਦਾ ਵਜ਼ੀਫ਼ਾ ਈਸਟ ਇੰਡੀਆ ਕੰਪਨੀ ਨੇ ਘਟ ਕਰ ਦਿਤਾ ਸੀ, ਉਸ ਨੇ ਇਨ੍ਹਾਂ ਨੂੰ ਆਪਣਾ ਵਕੀਲ ਬਣਾਕੇ ਵਲਾਇਤ ਘਲ ਦਿਤਾ। ਬੰਗਾਲੀ ਬ੍ਰਾਹਮਣ, ਜਿਨ੍ਹਾਂ ਦੇ ਖਿਆਲ ਵਿਚ ਸਮੁੰਦਰੋਂ ਪਾਰ ਜਾਣਾ ਧਰਮ ਭ੍ਰਿਸ਼ਟ ਕਰਨਾ ਸੀ ਬੜੇ ਤਲਮਲਾਏ ਪਰ ਰਾਮ ਮੋਹਨ ਨੇ ਕੋਈ ਪਰਵਾਹ ਨਾ ਕੀਤੀ। ਇੰਗਲੈਂਡ ਪਹੁੰਚਕੇ ਓਹ ਬਾਦਸ਼ਾਹ ਵਿਲੀਅਮ ਨੂੰ ਮਿਲੇ ਤੇ ਬੜੀ ਸਿਆਣਪ ਨਾਲ ਉਸਦੇ ਸਾਹਮਣੇ ਦਿਲੀਪਤਿ ਦਾ ਪੱਖ ਪੇਸ਼ ਕੀਤਾ, ਜਿਸ ਕਰਕੇ ਉਸਦੀ ਸਾਲਾਨਾ ਆਮਦਨ ਵਿਚ ੩ ਲਖ ਦਾ ਇਜ਼ਾਫਾ ਹੋ ਗਿਆ। ਇੰਗਲੈਂਡ ਜਾਣ ਸਮੇਂ ਆਪ ਦੇ ਨਾਲ ਉਨ੍ਹਾਂ ਦੇ ਸਾਥੀ ਰਾਮ ਰਤਨ, ਰਾਮ ਹਰੀ ਤੇ ਆਪਣੇ ਪੁਤ੍ਰੇਲੇ ਰਾਮ ਵੀ ਸਨ। ਬਾਹਦ ਆਪ ਨੇ ਫਰਾਂਸ ਤੇ ਯੂਰਪ ਦੇ ਕਈ ਹੋਰ ਦੇਸ਼ਾਂ ਦੀ ਸੈਰ ਵੀ ਕੀਤੀ।

੨੭ ਸਤੰਬਰ ੧੮੩੩ ਈ: ਨੂੰ ਇੰਗਲੈਂਡ ਵਿਚ ਹੀ ਆਪ ਦਾ ਦੇਹਾਂਤ ਹੋਇਆ, ਕਹਿੰਦੇ ਹਨ ਉਨ੍ਹਾਂ ਦਾ ਅੰਤਮ ਬਿਆਨ ਸੀ, "ਮੈਂ ਸਮਦਰਸੀ ਹਾਂ। ਈਸ਼੍ਵਰ ਨੂੰ ਸਰਬ ਵਿਆਪਕ ਸਮਝਦਾ ਹਾਂ। ਸਰਬ ਸਾਂਝੀਵਾਲਤਾ ਦਾ ਹਾਮੀ ਹਾਂ। ਮੇਰਾ ਕਿਸੇ ਖਾਸ ਮਜ਼੍ਹਬ ਨਾਲ ਸਬੰਧ ਨਹੀਂ" ਬਰਿਸਟਲ ਦੇ ਪਾਦਰੀਆਂ ਨੇ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਤੇ ਉਨ੍ਹਾਂ ਦੀ ਲਾਸ਼ ਨੂੰ ਇਕ ਕਬਰ ਵਿਚ ਦਫਨਾ ਦਿਤਾ, ਜਿਸ ਉਤੇ ੧੮੪੩ ਵਿਚ ਬਾਬੂ ਦੁਆਰਕਾ ਨਾਥ ਨੇ ਦੇਸੀ ਢੰਗ ਦੀ ਇਕ ਸਮਾਧ ਬਣਵਾ ਦਿਤੀ। ਹੁਣ ਬ੍ਰਹਮੂ ਸਮਾਜੀ ਇਹ ਸੋਚ ਰਹੇ ਹਨ ਕਿ ਇਸ ਸੁਧਾਰਕ ਦੇ ਫੁਲ ਬਰਿਸਟਲ ਤੋਂ ਦੇਸ਼ ਵਿਚ ਲਿਆਂਦੇ ਜਾਣ।

ਇਸ ਮੱਤ ਦੇ ਪ੍ਰਭਾਵ ਥਲੇ ਕਈ ਅੰਗਰੇਜ਼ੀ ਪੜ੍ਹੇ ਲਿਖੇ ਹਿੰਦੂ ਈਸਾਈ ਹੋਣ ਤੋਂ ਬਚ ਗਏ।

ਰਾਜਾ ਰਾਮ ਮੋਹਨ ਰਾਇ ਤੋਂ ਬਾਅਦ ਇਸ ਮਤ ਦੇ ਹੇਠ ਲਿਖੇ ਪ੍ਰਚਾਰਕ ਹੋਰ ਹੋਏ ਹਨ:

(੧) ਦੇਵਿੰਦਰ ਨਾਥ ਟੈਗੋਰ। (੨) ਕੇਸ਼ਬ ਚੰਦਰ।

ਦੇਵਿੰਦਰ ਨਾਥ ਟੈਗੋਰ

ਆਪ ਕਲਕਤਾ ਨਿਵਾਸੀ ਇਕ ਧਨਾਢ ਦਵਾਰਕਾ ਨਾਥ ਦੇ ਸਪੁਤਰ ਸਨ। ਇਨ੍ਹਾਂ ਰਾਜਾ ਰਾਮ ਮੋਹਨ ਰਾਇ ਦੇ ਖੋਲ੍ਹੇ ਹੋਏ ਇਕ ਅੰਗਰੇਜ਼ੀ ਸਕੂਲ ਵਿਚ ਤਾਲੀਮ ਪਾਈ ਸੀ। ਜਵਾਨ ਹੋ ਕੇ ਉਨ੍ਹਾਂ ਬ੍ਰਹਮੂ ਸਮਾਜ ਦਾ ਮਤ ਅਪਨਾਇਆ। ੧੮੩੯ ਵਿਚ ਆਪ ਨੇ 'ਤੱਤ੍ਵ ਬੋਧਨੀ' ਨਾਂ ਦੀ ਇਕ ਸਭਾ ਕਾਇਮ ਕੀਤੀ, ਜਿਸ ਵਿਚ ਵੇਦਾਂ ਸਾਸ਼ਤ੍ਰਾਂ ਸਬੰਧੀ ਵਿਚਾਰ ਗੋਸ਼ਟੀਆਂ ਹੁੰਦੀਆਂ ਸਨ। ਇੰਨਾਂ ਬੰਗਾਲੀ ਵਿਚ ਇਕ ਅਖਬਾਰ ਵੀ ਜਾਰੀ ਕੀਤੀ। ਕੁਝ ਪੁਸਤਕਾਂ ਵੀ ਲਿਖੀਆਂ ਤੇ ਇਸਤਰ੍ਹਾਂ ਬ੍ਰਹਮੂ ਸਮਾਜ ਦਾ ਪਰਚਾਰ ਹੋਣ ਲਗ ਪਿਆ।

ਕੇਸ਼ਬ ਚੰਦਰ ਸੈਨ

ਆਪ ੧੮੫੯ ਵਿਚ ਇਸ ਮਤ ਦੇ ਧਾਰਨੀ ਹੋਏ। ਆਪ ਬਚਪਨ ਦੀ ਸ਼ਾਦੀ ਜ਼ਾਤ ਪਾਤ ਤੇ ਮੂਰਤੀ ਪੂਜਾ ਦੇ ਕਟੜ ਵਿਰੋਧੀ ਸਨ। ੧੮੬੧ ਈ: ਵਿਚ ਇਨ੍ਹਾਂ ਜ਼ਾਤ ਪਾਤ ਦੇ ਦਾਇਰਿਆਂ ਨੂੰ ਤੋੜਕੇ ਕਈ ਇਕ ਸ਼ਾਦੀਆਂ ਵੀ ਕਰਵਾਈਆਂ। ਵਿਧਵਾ ਵਿਆਹ ਦੇ ਪੱਖ ਵਿਚ ਵੀ ਪਰਚਾਰ ਕੀਤਾ। ਦੇਵਿੰਦਰ ਨਾਥ ਟੈਗੋਰ ਨੂੰ ਇਹ ਗੱਲਾਂ ਠੀਕ ਨਾ ਪ੍ਰਤੀਤ ਹੋਈਆਂ, ਜਿਸ ਕਰਕੇ ਇਸ ਨਵ ਪੁੰਘਰੇ ਮਤ ਵਿਚ ਵੀ ਦੋ ਧੜੇ ਬਣ ਗਏ।

ਕੇਸ਼ਬ ਚੰਦਰ ਨੇ ਆਪਣੇ ਪ੍ਰਚਾਰ ਦੌਰੇ ਤੇਜ਼ ਕਰ ਦਿਤੇ। ਭਾਰਤ ਵਿਚ ਬੰਬਈ, ਪੂਨਾ, ਰਾਜ ਕੋਟ, ਅਹਿਮਦਾਬਾਦ ਵਿਚ ਵਿਆਖਿਆਨ ਦਿਤੇ ਬ੍ਰਹਮੂ ਸਮਾਜ ਦੀਆਂ ਸਾਖ਼ਾਂ ਕਾਇਮ ਕੀਤੀਆਂ। ੧੮੭੦ ਈ: ਵਿਚ ਬ੍ਰਹਮੂ ਸਮਾਜ ਦੇ ਪਰਚਾਰ ਲਈ ਇੰਗਲੈਂਡ ਗਏ। ਆਪਣੇ ਲੈਕਚਰਾਂ ਦਾ ਪ੍ਰਭਾਵ ਚੰਗੀ ਤਰਾਂ ਪਾਇਆ। ਮਲਕਾ ਵਿਕਟੋਰੀਆ ਨੇ ਆਪ ਨੂੰ ਪ੍ਰੀਤੀ ਭੋਜਨ ਦਿਤਾ। ਆਪ ਨੇ ਇੰਗਲੈਂਡ ਵਿਚ ਬ੍ਰਹਮੂ ਸਮਾਜ ਕਾਇਮ ਕੀਤੀ।

੧੮੭੮ ਈ: ਵਿਚ ਆਪ ਨੇ ਆਪਣੇ ਆਪ ਨੂੰ ਈਸ਼੍ਵਰ ਦਾ ਘਲਿਆ ਹੋਇਆ ਪੈਗੰਬਰ ਮੰਨਣਾ ਸ਼ੁਰੂ ਕਰ ਦਿਤਾ। ਬਾਲ ਵਿਆਹ ਦੇ ਕਟੜ ਵਿਰੋਧੀ ਹੁੰਦਿਆਂ ਹੋਇਆਂ ਵੀ ਆਪਣੀ ੧੩ ਸਾਲਾਂ ਦੀ ਲੜਕੀ ਦਾ ਵਿਆਹ ਕੂਚ ਬਿਹਾਰ ਦੇ ਰਾਜੇ ਨਾਲ ਕਰ ਦਿਤਾ। ਇਹ ਇਨ੍ਹਾਂ ਦੀ ਮਾਨਤਾ ਤੇ ਸਤਿਕਾਰ ਦੇ ਘਟਣ ਦਾ ਕਾਰਨ ਬਣਿਆ।

ਇਨ੍ਹਾਂ ਦੀ ਬ੍ਰਹਮੂ ਸਮਾਜ ਸ਼ਾਖਾ ਨੂੰ ਪ੍ਰਾਰਥਨਾ ਸਮਾਜ ਜਾਂ ਸੁਧਾਰਕ

ਸਮਾਜ ਕਹਿੰਦੇ ਹਨ। ਇਹ ਪੁਨਰ ਜਨਮ ਤੇ ਕਰਮ ਦੇ ਸਿਧਾਂਤਾਂ ਦੇ ਕਾਇਲ ਨਹੀਂ, ਪਛਮੀ ਫੈਸ਼ਨ ਦੀ ਵਿਦਿਆ ਦੇ ਕਰੜੇ ਪਰਭਾਵ ਥਲੇ ਹਨ। ੧੯੧੪-੧੫ ਵਿਚ ਇਸ ਮਤ ਦੀ ਇਕ ਹੋਰ ਸ਼ਾਖਾ 'ਆਰੀਯਨ ਬ੍ਰਾਦਰ ਹੁਡ' ਪੁੰਘਰ ਪਈ। ਜੋ ਬਿਨਾ ਜ਼ਾਤ ਪਾਤ ਦੇ ਵਿਤਕਰੇ ਦੇ ਹਰ ਜ਼ਾਤੀ, ਹਰ ਰੰਗ, ਹਰ ਧਰਮ ਦੇ ਲੋਕਾਂ ਨਾਲ ਇਕੋ ਪੰਗਤ ਵਿਚ ਬੈਠਕੇ ਭੋਜਨ ਕਰਦੇ ਹਨ।

ਇਨ੍ਹਾਂ ਦਾ ਵਧੇਰੇ ਪ੍ਰਭਾਵ ਬੰਗਾਲ ਵਿਚ ਹੀ ਰਿਹਾ। ਪੰਜਾਬ ਵਿਚ ਕੇਵਲ ਸ: ਦਿਆਲ ਸਿੰਘ ਮਜੀਠੀਏ ਨੇ ਕੁਝ ਅਸਰ ਕਬੂਲਿਆ ਤੇ ਆਪਣਾ ਅਖ਼ਬਾਰ ਟ੍ਰਿਬਯੂਨ, ਦਿਆਲ ਸਿੰਘ ਕਾਲਿਜ, ਹਾਈ ਸਕੂਲ ਤੇ ਲਾਇਬ੍ਰੇਰੀ ਬ੍ਰਹਮੂ ਸਮਾਜ ਨੂੰ ਦੇ ਦਿਤੇ। ਪਹਿਲੇ ਇਹ ਲਾਹੌਰ ਵਿਚ ਸਨ ਪਰ ਦੇਸ਼ ਵੰਡ ਤੋਂ ਬਾਅਦ ਦਿਆਲ ਸਿੰਘ ਕਾਲਿਜ ਤੇ ਲਾਇਬ੍ਰੇਰੀ ਤਾਂ ਕਰਨਾਲ ਵਿਚ ਮੁੜ ਚਾਲੂ ਕੀਤੇ ਗਏ ਹਨ ਤੇ 'ਟ੍ਰਿਬਯੂਨ' ਅੰਬਾਲੇ ਤੋਂ ਨਿਕਲ ਰਹੀ ਹੈ। ਇਹ ਇਕ ਟ੍ਰਸਟ ਦੇ ਅਧੀਨ ਚਲ ਰਹੇ ਹਨ। ਟ੍ਰਿਬਯੂਨ ਅਖਬਾਰ ਦੇ ਨਾ ਮਿਰਜ਼ਾ ਜਾਨ ਨਾਂ ਦਾ ਇਕ ਗਰਾਂ ਜ਼ਿਲਾ ਗੁਰਦਾਸ ਪੁਰ ਵਿਚ ਹੈ, ਸ: ਦਿਆਲ ਸਿੰਘ ਦੇ ਲਖਾਂ ਰੁਪਏ ਦੀ ਜਾਇਦਾਦ ਕਾਲਿਜ ਤੇ ਅਖਬਾਰ ਦੇ ਨਾਮ ਹੈ। ਪਰ ਅਜ ਕਲ ਕੋਈ ਟ੍ਰਸਟੀ ਵੀ ਬ੍ਰਹਮੂ ਸਮਾਜੀ ਨਹੀਂ, ਇਸ ਲਈ ਹੁਣ ਇਸ ਮਤ ਦਾ ਕੋਈ ਖਾਸ ਪ੍ਰਚਾਰ ਨਹੀਂ।

ਬ੍ਰਹਮੂ ਸਮਾਜ ਦੇ ਸਿਧਾਂਤ

(੧) ਪਰਮੇਸ਼ਰ ਇਕ ਹੈ। ਉਸਦੇ ਬਰਾਬਰ ਕੋਈ ਹੋਰ ਨਹੀਂ। ਓਹ ਸਾਰੇ ਸੰਸਾਰ ਦਾ ਕਰਤਾ ਤੇ ਕਾਇਮ ਰਖਣ ਵਾਲਾ ਹੈ, ਓਹ ਸਰਬ ਸ਼ਕਤੀਮਾਨ, ਨਿਆਕਾਰੀ ਸਰਵੱਗ, ਸਰਬ ਵਿਆਪਕ, ਸਚਾ ਅਨੰਦ ਤੇ ਮੁਕਤੀ ਦੇਣ ਵਾਲਾ ਹੈ।

(੨) ਜੀਵ ਅਬਿਨਾਸ਼ੀ ਤੇ ਬੇਅੰਤ ਉਨਤੀ ਕਰਨ ਯੋਗ ਹੈ। ਈਸ਼ਵਰ ਦੇ ਸਾਹਮਣੇ ਕਰਮਾਂ ਦਾ ਜਵਾਬ ਦੇਹ ਹੈ।

(੩) ਕਿਸੇ ਕ੍ਰਿਤਮ ਚੀਜ਼ ਨੂੰ ਪੂਜਣਾ ਯੋਗ ਨਹੀਂ। ਕੋਈ ਗ੍ਰੰਥ ਤੇ ਪੁਰਸ਼ ਅਭੁਲ ਨਹੀਂ ਤੇ ਜੀਵ ਦੀ ਮੁਕਤੀ ਦਾ ਪੂਰਾ ਵਸੀਲਾ ਨਹੀਂ। ਬ੍ਰਹਮ ਲੋਕਾਂ ਲਈ ਰਾਸਤੀ ਹੀ ਰੱਬੀ ਕਲਾਮ ਹੈ। ਸਾਰੀਆਂ ਕੌਮਾਂ ਦੇ ਧਰਮ ਗ੍ਰੰਥਾਂ ਤੇ ਬਜ਼ੁਰਗਾਂ ਦੇ ਬਚਨਾਂ ਵਿਚੋਂ ਸਚਾਈ ਨੂੰ ਇਜ਼ਤ ਤੇ ਆਦਰ ਨਾਲ ਅੰਗੀਕਾਰ ਕਰਨਾ ਚਾਹੀਦਾ ਹੈ।

(੪) ਈਸ਼ਵਰ ਸਭ ਦਾ ਪਿਤਾ ਹੈ, ਸਾਰੇ ਮਨੁਖ ਆਪਸ ਵਿਚ ਭਾਈ ਭਾਈ ਹਨ।

(੫) ਪ੍ਰਮੇਸ਼ਰ ਨੇਕੀ ਦੇ ਚੰਗੇ ਫਲ ਤੇ ਕੁਕਰਮਾਂ ਦਾ ਦੰਡ ਦੇਂਦਾ ਹੈ। ਪਰ ਓਹ ਕੇਵਲ ਸਾਰੇ ਸੁਧਾਰ ਤੇ ਚੰਗਿਆਈ ਲਈ ਹੀ ਦੰਡ ਦੇਂਦਾ ਹੈ। ਹਮੇਸ਼ਾਂ ਲਈ ਦੰਡਤ ਨਹੀਂ ਕਰਦਾ।

(੬) ਕੁਕਰਮੀ ਜੀਵਨ ਦਾ ਤਿਆਗ ਅਤੇ ਸਚੀ ਤੋਬ੍ਹਾ ਹੀ ਗੁਨਾਹਾਂ ਦਾ ਪ੍ਰਾਸਚਿਤ ਹੈ। ਨੇਕੀ ਅਤੇ ਪਵਿਤਰਤਾ ਰਾਹੀਂ ਈਸ਼ਵਰ ਦੀ ਇਛਾ ਨਾਲ ਇਕ ਹੋ ਜਾਣਾ ਹੀ ਮੁਕਤੀ ਹੈ।

ਬ੍ਰਹਮੂ ਸਮਾਜ ਦੀ ਪ੍ਰਾਰਥਨਾ ਜਾਂ ਸੁਧਾਰਕ ਸਮਾਜ ਨਾਂ ਵਾਲੀ ਸ਼ਾਖਾ, ਜੋ ਕੇਸ਼ਬ ਚੰਦਰ ਦੀ ਸਾਖ਼ਾ ਹੈ, ਪੁਨਰ ਜਨਮ ਤੇ ਕਰਮ ਸਿਧਾਂਤ ਦੀ ਕਾਇਲ ਨਹੀਂ।

ਆਰੀਆ ਸਮਾਜ

ਆਰੀਆ ਸਮਾਜ ਵੀ ਬ੍ਰਹਮੂ ਸਮਾਜ ਵਾਂਗ ਉਨੀਵੀਂ ਸ਼ਤਾਬਦੀ ਦੇ ਅਖੀਰਲੇ ਦਾਖਿਆਂ ਵਿਚ ਜਨਮਿਆਂ ਮਤ ਹੈ। ਇਸਦੇ ਬਾਨੀ ਸਵਾਮੀ ਦਿਆ ਨੰਦ ਜੀ ਕਾਠੀਆਵਾੜ ਦੇ ਰਹਿਣ ਵਾਲੇ ਸਨ।

ਸਵਾਮੀ ਜੀ ਦਾ ਜਨਮ ਪਿੰਡ ਟੰਕਾਰਾ ਰਿਆਸਤ ਮੋਰਵੀ (ਕਾਠੀਆਵਾੜ) ਵਿਖੇ ਅੰਬਾ ਸ਼ੰਕਰ (ਬ੍ਰਾਹਮਣ) ਦੇ ਗ੍ਰਹਿ ਵਿਚ ੧੮੨੪ ਈ: ਵਿਚ ਹੋਇਆ। ਇਨ੍ਹਾਂ ਦਾ ਮੁਢਲਾ ਨਾਂ ਮੂਲ ਸ਼ੰਕਰ ਸੀ। ੮ ਵਰ੍ਹੇ ਦੀ ਉਮਰ ਵਿਚ ਮੂਲ ਸ਼ੰਕਰ ਨੂੰ ਪੜ੍ਹਨੇ ਪਾਇਆ ਗਿਆ। ਇਕ ਵਾਰੀ ਸ਼ਿਵਰਾਤਰੀ ਵਾਲੇ ਦਿਨ ਅੰਬਾ ਸ਼ੰਕਰ ਮੂਲ ਸ਼ੰਕਰ ਨੂੰ ਸ਼ਿਵ ਦੀ ਪੂਜਾ ਕਰਨ ਲਈ ਮੰਦਰ ਵਿਚ ਲੈ ਗਏ। ਪੂਜਾ ਭੇਟ ਕਰਨ ਤੋਂ ਬਾਅਦ ਅੰਬਾ ਸ਼ੰਕਰ ਮੂਲ ਸ਼ੰਕਰ ਨੂੰ ਮੰਦਰ ਵਿਚ ਹੀ ਛਡ ਕੇ ਆਪ ਕਿਤੇ ਚਲਾ ਗਿਆ। ਪਿਛੋਂ ਬਾਲਕੇ ਮੂਲ ਸ਼ੰਕਰ ਨੇ ਵੇਖਿਆ ਕਿ ਚੂਹੇ ਮੂਰਤੀ ਦੇ ਅਗੇ ਪਿਛੇ ਉਤੇ ਤਲੇ ਦਗੜ-ਦਗੜ ਕਰਦੇ ਦੌੜਦੇ ਫਿਰਦੇ, ਪਰ ਮੂਰਤੀ ਉਨ੍ਹਾਂ ਨੂੰ ਵਰਜ ਨਹੀਂ ਸੀ ਸਕਦੀ। ਮਠਿਆਈ ਵੀ ਚੂਹੇ ਹੀ ਖਾ ਰਹੇ ਸਨ, ਮੂਰਤੀ ਨਹੀਂ ਸੀ ਖਾਂਦੀ। ਉਸਨੇ ਸੋਚਿਆ ਕਿ ਜਿਸ ਮੂਰਤੀ ਦਾ ਭੋਜਨ ਚੂਹੇ ਖਾ ਰਹੇ ਹਨ, ਉਹ ਮੂਰਤੀ ਕਿਸੇ ਨੂੰ ਕੀ ਫਲ ਦੇ ਸਕਦੀ ਹੈ ? ਇਸ ਖਿਆਲ ਨੇ ਮੂਲ ਸ਼ੰਕਰ ਦੇ ਮਨ ਵਿਚੋਂ ਮੂਰਤੀ ਦੇ ਸਤਕਾਰ ਜਾਂ ਪੂਜਾ ਕਰਨ ਦਾ ਖਿਆਲ ਮੂਲੋਂ ਹਟਾ ਦਿਤਾ।

ਇਸ ਨਿਕੀ ਜਹੀ ਘਟਨਾ ਨੇ ਮੂਲ ਸ਼ੰਕਰ ਦੇ ਮਨ ਤੇ ਬੜਾ ਡੂੰਘਾ ਅਸਰ ਪਾਇਆ ਤੇ ਉਸਨੇ ਵਿਦਿਆ ਪੜ੍ਹਨ ਤੇ ਸਚੇ ਗਿਆਨ ਦੀ ਪ੍ਰਾਪਤੀ ਲਈ ਦ੍ਰਿੜ ਇਰਾਦਾ ਕਰ ਲਿਆ। ਅੰਬਾ ਸ਼ੰਕਰ ਨੇ ਮੂਲ ਸ਼ੰਕਰ ਦੀ ਉਪਰਾਮਤਾ ਨੂੰ ਅਨਭਵ ਕਰ ਲਿਆ, ਪਰ ਓਹ ਕਿਸੇ ਹੀਲੇ ਹੀ ਉਸਨੂੰ ਸ਼ਾਦੀ ਆਦਿ ਦੇ ਜੰਜਾਲ ਵਿਚ ਨਾ ਫਸਾ ਸਕਿਆ। ਓਹ ਘਰੋਂ ਨਠ ਗਿਆ, ਅੰਬਾ ਸ਼ੰਕਰ ਉਸ ਨੂੰ ਲਭ ਕੇ ਘਰ ਲੈ ਆਇਆ, ਪਰ ਓਹ ਫੇਰ ਦਾ ਲਾ ਗਿਆ ਤੇ ਫੇਰ ਕਾਬੂ ਨਾ ਆਇਆ। ਦੂਜੀ ਵੇਰ ਨਸਣ ਸਮੇਂ ਉਸਦੀ ਉਮਰ ੧੬ ਵਰਿਆਂ ਦੀ ਸੀ।

ਪਹਿਲੇ ਤਾਂ ਓਹ ਰਮਤੇ ਸਾਧੂਆਂ ਦੀ ਸੰਗਤ ਵਿਚ ਰਮਤਾ ਹੀ ਰਿਹਾ, ਪਰ ਮਗਰੋਂ ਉਸਨੇ ਸੰਨਿਆਸੀ ਪਰਮਾਨੰਦ ਤੋਂ ਗੁਰਦੀਖਿਆ ਲਈ ਤੇ ਸੰਨਿਆਸੀ

ਬਣ ਗਿਆ । ਹੁਣ ਉਸਦਾ ਨਾਮ ਦਿਆ ਨੰਦ ਸਰਸਵਤੀ ਰਖਿਆ ਗਿਆ ।

ਇਸਤੋਂ ਬਾਅਦ ਓਹ ਬਨਾਰਸ, ਜਵਾਲਾਪੁਰ, ਬਦਰਿਕਾ ਆਦਿ ਆਸ਼ਰਮਾਂ ਤੇ ਗਿਆ । ੧੮੬੦ ਵਿਚ ਉਸਦਾ ਮੇਲ ਸਵਾਮੀ ਵਿਰਜਾ ਨੰਦ, ਜੋ ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਤੇ ਕਰਤਾਰਪੁਰ ਜ਼ਿਲਾ ਜਲੰਧਰ ਦੇ ਰਹਿਣ ਵਾਲੇ ਸਨ, ਨਾਲ ਹੋਇਆ । ਸੁਆਮੀ ਦਿਆ ਨੰਦ ਜੀ ਨੇ ਇਨ੍ਹਾਂ ਦੀ ਸੰਗਤ ਵਿਚ ਰਹਿਕੇ ਚੋਹਾਂ ਵੇਦਾਂ ਦਾ ਗਿਆਨ ਪ੍ਰਾਪਤ ਕੀਤਾ ਤੇ ਵਿਦਿਆ ਸੰਪੂਰਨ ਹੋਣ ਉਪਰੰਤ ਆਗਿਆ ਲੈਣ ਸਮੇਂ ਪੁਛਿਆ ਕਿ ਉਨ੍ਹਾਂ ਨੂੰ ਹੁਣ ਕੀ ਕਰਨਾ ਚਾਹੀਦਾ ਹੈ । ਸੁਆਮੀ ਵਿਰਜਾਨੰਦ ਜੀ ਨੇ ਆਖਿਆ, "ਸੰਨਿਆਸੀ ਦਾ ਕੰਮ ਪ੍ਰਚਾਰ ਤੇ ਸੁਧਾਰ ਕਰਨਾ ਹੁੰਦਾ ਹੈ ਇਸ ਲਈ ਓਹ ਵੀ ਵੇਦਾਂ ਦਾ ਪ੍ਰਚਾਰ ਤੇ ਜਗਤ ਦਾ ਸੁਧਾਰ ਕਰਨ ਤੇ ਪੜ੍ਹੀ ਹੋਈ ਵਿਦਿਆ ਨੂੰ ਫੈਲਾਉਣ" ਇਹ ਆਗਿਆ ਲੈ ਕੇ ਸੁਆਮੀ ਜੀ ਨੇ ਪ੍ਰਚਾਰ ਅਰੰਭ ਕਰ ਦਿਤਾ ।

ਉਹ ਸਮਾਂ ਨਵੀਂ ਰੋਸ਼ਨੀ ਦਾ ਸੀ । ਅੰਗਰੇਜ਼ੀ ਰਾਜ ਤੇ ਪਛਮੀ ਸਭਯਤਾ ਦੇ ਆਉਣ ਕਰਕੇ ਲੋਕਾਂ ਵਿਚ ਖ਼ਾਸੀ ਤਬਦੀਲੀ ਆ ਰਹੀ ਸੀ । ਈਸਾਈ ਪਾਦਰੀ ਹਿੰਦੂ ਦਾਰਸ਼ਨਿਕਤਾ ਵਲੋਂ ਅਖਾਂ ਬੰਦ ਕਰਕੇ ਕੇਵਲ ਹਿੰਦੂਆਂ ਵਿਚ ਆ ਚੁਕੀ ਸਮਾਜਿਕ ਗਿਰਾਵਟ ਨੂੰ ਹੀ ਮੁਖ ਰਖਕੇ ਹਿੰਦੂਆਂ ਦੇ ਪੁਰਾਣਕ ਮਤ ਦਾ ਖੰਡਨ ਕਰ ਰਹੇ ਸਨ, ਤਾਂ ਜੋ ਹਿੰਦੂ ਆਪਣੇ ਮਤ ਨਾਲ ਘ੍ਰਿਣਾ ਕਰਨ ਲਗ ਪੈਣ ਤੇ ਈਸਾਈ ਬਣ ਜਾਣ । ਇਸਲਾਮ ਤੇ ਕੁਝ ਹੋਰ ਮੱਤ ਵੀ ਹਿੰਦੂ ਮਤ ਤੇ ਨਿਤ ਨਵੀਂ ਟੀਕਾ ਟਿਪਣੀ ਕਰ ਰਹੇ ਸਨ ।

ਅਜਿਹੇ ਸਮੇਂ ਸਵਾਮੀ ਦਿਆ ਨੰਦ ਨੇ ਵੇਦਕ ਧਰਮ ਦਾ ਪ੍ਰਚਾਰ ਅਰੰਭਿਆ ਤੇ ਹਿੰਦੂਆਂ ਨੂੰ ਉਪਦੇਸ਼ ਦਿਤਾ ਕਿ ਓਹ ਸਮਾਜ ਵਿਚ ਆ ਚੁਕੀਆਂ ਖਰਾਬੀਆਂ ਨੂੰ ਦੂਰ ਕਰਨ ਤੇ ਉਸ ਧਰਮ ਤੇ ਚਲਣ ਜਿਸਦਾ ਜ਼ਿਕਰ ਵੇਦਾਂ ਵਿਚ ਹੈ ਤੇ ਜੋ ਪੁਰਾਤਨ ਮਹਾਂ ਰਿਸ਼ੀਆਂ ਨੇ ਪ੍ਰਚਾਰਿਆ ਹੈ । ਸਵਾਮੀ ਜੀ ਨੇ ਬੜੇ ਹਾਸ ਰਸ ਤੇ ਵਿਅੰਗ ਭਰੇ ਢੰਗ ਨਾਲ ਈਸਾਈ ਪੁਰਾਣਕ, ਇਸਲਾਮ ਆਦਿਕ ਮਤਾਂ ਤੇ ਟੀਕਾ ਟਿਪਣੀ ਕੀਤੀ ਤੇ ਈਸਾਈ ਪਾਦਰੀਆਂ ਨੇ ਜੋ ਹਮਲੇ ਹਿੰਦੂ ਧਰਮ ਤੇ ਕੀਤੇ ਸਨ ਉਨ੍ਹਾਂ ਦਾ ਮੂੰਹ ਤੋੜ ਜਵਾਬ ਦਿਤਾ । ੧੮੬੦ ਤੋਂ ੧੯੦੦ ਤਕ ਦਾ ਸਮਾਂ ਮਜ਼ਬੀ ਗੋਸ਼ਟੀਆਂ ਤੇ ਬਹਿਸਾਂ ਦਾ ਕਾਲ ਕਿਹਾ ਜਾ ਸਕਦਾ ਹੈ । ਇਨ੍ਹਾਂ ਮੁਨਾਜ਼ਰਿਆਂ ਵਿਚ ਖੰਡਨ ਮੰਡਨ ਕਰਕੇ ਸਵਾਮੀ ਦਿਆ ਨੰਦ ਜੀ ਨੇ ਖੂਬ ਪ੍ਰਸਿਧਤਾ ਖਟੀ ।

ਸਵਾਮੀ ਦਿਆਨੰਦ ਜੀ ਮੂਰਤੀ ਪੂਜਾ ਦੇ ਸਖਤ ਵਿਰੋਧੀ ਸਨ ਇਥੋਂ ਤਕ ਕਿ ਓਹ ਆਪਣੀ ਫੋਟੋ ਖਿਚਵਾਣ ਦੇ ਹਕ ਵਿਚ ਵੀ ਨਹੀਂ ਸਨ । ਕਹਿੰਦੇ ਹਨ ਇਕ

ਵੇਰ ਕਿਸੇ ਸਜਨ ਨੇ ਓਹਨਾਂ ਦੀ ਫੋਟੋ ਖਿਚਣੀ ਚਾਹੀ, ਤਾਂ ਓਹਨਾਂ ਇਨਕਾਰ ਕਰਦਿਆਂ ਹੋਇਆ ਆਖਿਆ, "ਮੈਂ ਤੈਨੂੰ ਫੋਟੋ ਨਹੀਂ ਖਿਚਣ ਦੇਣੀ ਕਿਉਂਕਿ ਮੈਨੂੰ ਡਰ ਹੈ ਕਿ ਤੂੰ ਕਿਧਰੇ ਮੇਰੀ ਫੋਟੋ ਦੀ ਪੂਜਾ ਕਰਨੀ ਹੀ ਨ ਸ਼ੁਰੂ ਕਰ ਦਏਂ।"

ਓਹ ਪੁਰਾਣਾ ਦੀ ਵੀ ਸਖਤ ਮੁਖਾਲਫ਼ਤ ਕਰਦੇ ਸਨ। ਰਵਾਇਤ ਹੈ ਕਿ ਕਿਸੇ ਸਜਣ ਨੇ ਉਨ੍ਹਾਂ ਪਾਸੋਂ ਪੁਛਿਆ, "ਤੁਸੀ ਪੁਰਾਣਾ ਦੀ ਮੁਖਾਲਫ਼ਤ ਕਿਉਂ ਕਰਦੇ ਹੋ?" ਉਨ੍ਹਾਂ ਉਤਰ ਦਿਤਾ, "ਤੇਰੇ ਭੋਜਨ ਵਿਚ ਜੇ ਕਰ ਕੋਈ ਜ਼ਹਿਰ ਮਿਲਾ ਦੇਵੇ ਤਾਂ ਤੂੰ ਖਾ ਲਵੇਂਗਾ?" ਉਤਰ ਵਿਚ ਉਸਨੇ ਆਖਿਆ, "ਜੀ ਨਹੀਂ" ਸਵਾਮੀ ਜੀ ਨੇ ਮੁੜ ਕਿਹਾ, "ਬਸ ਈਹੋ ਹਾਲਤ ਪੁਰਾਣਾ ਦੀ ਹੈ। ਇਨ੍ਹਾਂ ਵਿਚ ਬੜੀ ਗੜ ਬੜ ਹੋ ਚੁਕੀ ਹੈ ਇਸ ਲਈ ਇਨ੍ਹਾਂ ਨੂੰ ਮੰਨਣ ਦੀ ਲੋੜ ਨਹੀਂ।"

ਮੂਰਤੀ ਪੂਜਕ ਉਨ੍ਹਾਂ ਦੇ ਜਾਨੀ ਦੁਸ਼ਮਣ ਬਣ ਚੁਕੇ ਸਨ। ਇਕੇਰਾਂ ਇਕ ਆਦਮੀ ਤਾਂ ਮਾਰਨ ਵੀ ਗਿਆ ਪਰ ਉਨ੍ਹਾਂ ਦੇ ਪ੍ਰਭਾਵ ਹੇਠਾਂ ਆ ਕੇ ਮਾਰ ਨ ਸਕਿਆ।

੧੭ ਨਵੰਬਰ ੧੮੬੯ ਨੂੰ ਕਾਂਸ਼ੀ ਵਿਚ ਓਥੋਂ ਦੇ ਰਾਜਾ ਜੈਕ੍ਰਿਸ਼ਨ ਦੀ ਪ੍ਰਧਾਨਗੀ ਹੇਠ ਇਕ ਮੁਨਾਜ਼ਰਾ ਹੋਇਆ ਜਿਸ ਵਿਚ ਸਵਾਮੀ ਦਿਆ ਨੰਦ ਜੀ ਨੇ ਕਲਿਆਂ ਹੀ ਪੰਜ ਛੇ ਸੌ ਪੰਡਤਾਂ ਨਾਲ ਮੂਰਤੀ ਪੂਜਾ ਤੇ ਦੇਵ ਪੂਜਾ ਦੇ ਸਿਧਾਂਤਾ ਤੇ ਸ਼ਾਸ਼ਤ੍ਰਾਰਥ ਕੀਤਾ ਤੇ ਇਨ੍ਹਾਂ ਨੂੰ ਵੇਦਾਂ ਦੇ ਵਿਰੁਧ ਦਸਕੇ ਜ਼ੋਰਦਾਰ ਖੰਡਨ ਕੀਤਾ। ਇਸਤੋਂ ਬਾਅਦ ਉਹ ਸਾਰੇ ਭਾਰਤ ਵਰਸ਼ ਵਿਚ ਪ੍ਰਚਾਰ ਦੌਰਾ ਕਰਨ ਲਗ ਪਏ।

ਪਹਿਲੀ ਆਰੀਆ ਸਮਾਜ ੧ ਮਾਰਚ ੧੮੭੫ ਨੂੰ ਉਨ੍ਹਾਂ ਬੰਬਈ ਵਿਚ ਕਾਇਮ ਕੀਤੀ। ਇਸ ਤੋਂ ਮਗਰੋਂ ਉਨ੍ਹਾਂ ਸਤਿਆਰਥ ਪ੍ਰਕਾਸ਼ ਤੇ ਵੇਦਾਂ ਦਾ ਭਾਸ਼ ਲਿਖਣਾ ਸ਼ੁਰੂ ਕੀਤਾ। ੧੮੭੭ ਵਿਚ ਚਾਂਦ ਪੁਰ ਵਿਖੇ ਇਕ ਸਰਬ ਧਰਮ ਸਮੇਲਨ ਹੋਇਆ, ਜਿਸ ਵਿਚ ਸਵਾਮੀ ਜੀ ਨੇ ਵੇਦਕ ਧਰਮ ਦਾ ਪਰਚਾਰ ਤੇ ਦੂਜੇ ਮਤਾਂ ਦਾ ਖੰਡਨ ਮੰਡਨ ਕੀਤਾ ਤੇ ਕਾਫੀ ਪ੍ਰਸਿਧਤਾ ਹਾਸਲ ਕੀਤੀ।

ਪੰਜਾਬ ਵਿਚ ਸਵਾਮੀ ਜੀ ੧੮੭੭ ਵਿਚ ਆਏ। ਇਥੇ ਕੁਝ ਕੁ ਸਜਣਾਂ ਨੇ ਇਨ੍ਹਾਂ ਦੇ ਖਿਆਲਾਂ ਨੂੰ ਅੰਗੀਕਾਰ ਕਰ ਲਿਆ। ਜਿਨ੍ਹਾਂ ਉਨ੍ਹਾਂ ਦੇ ਖਿਆਲ ਪਹਿਲੋ-ਪਹਿਲ ਕਬੂਲੇ ਉਨ੍ਹਾਂ ਵਿਚੋਂ ਸ੍ਰੀ ਗੁਰੂ ਦੱਤ, ਲਾਜਪਤ ਰਾਏ, ਮਹਾਤਮਾ ਹੰਸ ਰਾਜ, ਡਾਕਟਰ ਜੈ ਸਿੰਘ ਤੇ ਭਾਈ ਗੁਰਮੁਖ ਜੀ ਦੇ ਨਾਮ ਵਰਨਣ ਯੋਗ ਹਨ। ਆਰੀਆ ਸ਼ਮਾਜ ਤਾਂ ਕਾਇਮ ਹੋ ਗਈ, ਪਰ ਭਾਈ ਗੁਰਮੁਖ ਸਿੰਘ ਤੇ ਡਾਕਟਰ ਜੈ ਸਿੰਘ ਬਹੁਤਾ ਚਿਰ ਇਨ੍ਹਾਂ ਨਾਲ ਨਾ ਤੱਗ ਸਕੇ। ਇਨ੍ਹਾਂ ਦੇ ਖਿਆਲ ਕੁਝ

ਅਡਰੇ ਸਨ, ਇਸ ਲਈ ਇਹ ਸਿੰਘ ਸਭਾ ਦੇ ਹਾਮੀਆਂ ਵਿਚ ਆ ਰਲੇ। ਸਿੰਘ ਸਭਾਈਆਂ ਤੇ ਸਮਾਜੀਆਂ ਵਿਚ ਮਤ ਭੇਦ ਸ਼ੁਰੂ ਹੋ ਗਈ। ਸਵਾਮੀ ਜੀ ਨੇ ਗਿਆਨੀ ਦਿਤ ਸਿੰਘ ਜੀ ਨਾਲ ਬਹਿਸ ਕੀਤੀ। ਗਿਆਨੀ ਜੀ ਨੇ ਸਵਾਮੀ ਜੀ ਦੇ ਮਤ ਦਾ ਖੂਬ ਖੰਡਨ ਕੀਤਾ।

ਸਹਾਰਨਪੁਰ ਵਿਚ ਇਨ੍ਹਾਂ ਦਾ ਪਤ੍ਰਿਕ ਮੇਲ ਨੀਊ ਯਾਰਕ ਦੀ ਥੀਓਸਾਫੀਕਲ ਸੋਸਾਇਟੀ ਦੇ ਕੁਝ ਮੁਖੀਆਂ ਨਾਲ ਹੋਇਆ। ਥੋੜੀ ਬਹੁਤੀ ਖਤੋ ਕਿਤਾਬਤ ਵੀ ਚਲੀ ਤੇ ਫੇਰ ੧੮੭੮ ਈ: ਵਿਚ ਉਹ ਸਹਾਰਨਪੁਰ ਵਿਚ ਹੀ ਇਕ ਦੂਜੇ ਨੂੰ ਮਿਲੇ। ਕੁਝ ਦਿਨ ਮਿਲਕੇ ਕੰਮ ਕਰਨ ਮਗਰੋਂ ਫੁਟ ਗਈ ਤੇ ਦੋਵੇਂ ਸੰਸਥਾਵਾਂ ਮੁੜ ਵਖ ਹੋ ਗਈਆਂ।

ਰਾਜਾ ਜੋਧ ਪੁਰ ਦੇ ਸਦੇ ਤੇ ਜੋਧ ਪੁਰ ਵਿਚ ਚਾਰ ਮਹੀਨੇ ਠਹਿਰ ਕੇ ਕਈ ਵਿਸ਼ਿਆਂ ਤੇ ਰੋਸ਼ਨੀ ਪਾਂਦੇ ਰਹੇ। ਉਦੇ ਪੁਰ ਵੀ ਉਹ ਹੋ ਆਏ ਸਨ। ਰਾਜ ਦਰਬਾਰਾਂ ਵਿਚ ਵੇਸ਼ਵਾਵਾਂ ਦੇ ਮੁਜਰੇ ਵੀ ਉਨ੍ਹਾਂ ਬੰਦ ਕਰਵਾ ਦਿਤੇ ਸਨ।

ਮੂਰਤੀ ਪੂਜਕ ਉਨ੍ਹਾਂ ਦੇ ਵਿਰੋਧੀ ਤਾਂ ਹੈ ਹੀ ਸਨ, ਹੁਣ ਉਨ੍ਹਾਂ ਦੇ ਜਾਨੀ ਦੁਸ਼ਮਣ ਬਣਕੇ ਸਵਾਮੀ ਜੀ ਨੂੰ ਮਾਰਨ ਦੇ ਕਈ ਹੀਲੇ ਵੀ ਕੀਤੇ ਸਨ। ਆਖਰ ਉਨ੍ਹਾਂ ਇਕ ਜਗਨ ਨਾਥ ਰਸੋਈਏ ਨੂੰ ਲਾਲਚ ਦੇ ਕੇ ਕਾਬੂ ਕਰ ਲਿਆ ਤੇ ਸਵਾਮੀ ਜੀ ਨੂੰ ਭੋਜਨ ਵਿਚ ਜ਼ਹਿਰ ਖਵਾ ਦਿਤਾ, ਜਿਸ ਦਾ ਸਵਾਮੀ ਜੀ ਨੂੰ ਛੇਤੀ ਹੀ ਪਤਾ ਲਗ ਗਿਆ। ਪਰ ਉਨ੍ਹਾਂ ਰਸੋਈਏ ਨੂੰ ਫੇਰ ਵੀ ਬਖਸ਼ ਦਿਤਾ। ਉਹਨੂੰ ਉਥੋਂ ਨਸ ਜਾਣ ਲਈ ਹਦਾਇਤ ਕੀਤੀ। ਜ਼ਹਿਰ ਦਾ ਅਸਰ ਤਾਂ ਹੋ ਚੁਕਾ ਸੀ, ਇਲਾਜ ਤਾਂ ਕਾਫੀ ਕੀਤੇ ਗਏ, ਪਹਾੜ ਤੇ ਵੀ ਭੇਜੇ ਗਏ, ਪਰ ਅਰੋਗ ਨਾ ਹੋ ਸਕੇ। ੩੦ ਅਕਤੂਬਰ ਸੰਨ ੧੮੮੩ ਨੂੰ ਦੀਵਾਲੀ ਵਾਲੀ ਰਾਤ ਦਰਗਾਹੀ ਸਦਾ ਆ ਪਹੁੰਚਿਆ ਤੇ ਆਪ ਅਜਮੇਰ ਵਿਚ ਹੀ ਸਰੀਰਕ ਜਾਮਾ ਤਿਆਗ ਗਏ।

ਆਰੀਆ ਸਮਾਜ ਦੇ ਸਿਧਾਂਤ ਤੇ ਅਸੂਲ

੧. ਸਮੂਹ ਵਿਦਿਆਵਾਂ, ਤੇ ਵਿਦਿਆਵਾਂ ਦੁਆਰਾ ਜਾਣੇ ਵਾਲੇ ਪਦਾਰਥਾਂ, ਦਾ ਮੂਲ ਪਰਮਾਤਮਾ ਹੈ।

੨. ਈਸ਼੍ਵਰ-ਸਚ-ਦਾ ਨੰਦ, ਨਿਰਾਕਾਰ, ਸਰਬ ਸ਼ਕਤੀਮਾਨ, ਨਿਆਕਾਰੀ, ਦਿਆਲੂ ਅਜਨਮ, ਅਨੰਤ, ਨਿਰਵਿਕਾਰ, ਅਨੂਪਮ, ਅਨਾਦੀ, ਸਰਬ ਆਧਾਰ ਤੇ ਸ੍ਰਿਸ਼ਟੀ ਦਾ ਕਰਤਾ ਹੈ। ਉਸੇ ਦੀ ਪੂਜਾ ਤੇ ਉਪਾਸ਼ਨਾ ਕਰਨੀ ਚਾਹੀਦੀ ਹੈ।

੩. ਵੇਦ ਸਭ ਵਿਦਿਆ ਦਾ ਮੂਲ ਹੈ। ਉਸਦਾ ਪੜ੍ਹਨਾ ਪੜ੍ਹਾਣਾ ਹਰੇਕ ਆਰੀਅਨ ਦਾ ਧਰਮ ਹੈ।

੪. ਸਤ ਦੇ ਗ੍ਰਹਿਣ ਕਰਨ ਤੇ ਅਸਤ ਦੇ ਤਿਆਗ ਲਈ ਸਦਾ ਤੱਤਪਰ ਰਹਿਣਾ ਚਾਹੀਦਾ ਹੈ।

੫. ਸਭ ਕਾਰਜ ਧਰਮ ਤੇ ਸਚਾਈ ਅਨੁਸਾਰ ਕਰੋ।

੬. ਸੰਸਾਰ ਦੇ ਭਲੇ, ਸਰੀਰਕ, ਸਮਾਜਕ ਤੇ ਹਰ ਪ੍ਰਕਾਰ ਦੀ ਉੱਨਤੀ ਲਈ ਤੱਟਦਦ ਕਰਨੇ, ਹਰ ਆਰੀਆਂ ਦਾ ਧਰਮ ਹੈ।

੭. ਸਭ ਨਾਲ ਪਰੇਮ ਪੂਰਬਕ ਤੇ ਧਰਮ ਅਨੁਸਾਰ ਵਰਤਾਉ ਕਰਨਾ ਚਾਹੀਦਾ ਹੈ।

੮. ਵਿਦਿਆ ਲਈ ਜਤਨ ਕਰਨਾ ਉਚਿਤ ਹੈ।

੯. ਕੇਵਲ ਜ਼ਾਤੀ ਉੱਨਤੀ ਲਈ ਜਤਨ ਕਰਨਾ ਕਾਫੀ ਨਹੀਂ। ਹਰੇਕ ਮਨੁਖ ਨੂੰ ਦੂਜਿਆਂ ਲਈ ਵੀ ਜਤਨ ਕਰਨਾ ਚਾਹੀਦਾ ਹੈ।

੧੦. ਸਮਾਜ ਦੇ ਭਲੇ ਲਈ ਨਯਿਮਾਂ ਦੇ ਪਾਲਨ ਵਿਚ ਪ੍ਰਤੀਤ ਦੀ ਲੋੜ ਹੈ, ਪ੍ਰੰਤੂ ਹਿਤਕਾਰੀ ਨਯਿਮ ਸੁਤੰਤ੍ਰਤਾ ਨਾਲ ਵੀ ਪਾਲਨ ਕੀਤੇ ਜਾ ਸਕਦੇ ਹਨ।

ਸਵਾਮੀ ਦਿਆ ਨੰਦ ਜੀ ਨੇ ਹੇਠ ਲਿਖੇ ਗ੍ਰੰਥ ਲਿਖੇ ਹਨ :

੧. ਸਤਯਾਰਥ ਪ੍ਰਕਾਸ਼
੨. ਰਿਗ ਵੇਦ ਭਾਸ਼ ਭੂਮਿਕਾ
੩. ਸੰਸਕਾਰ ਵਿਧੀ
੪. ਗੋ ਕਰਣਾ ਨਿਧੀ

ਸਤਯਾਰਥ ਪ੍ਰਕਾਸ਼ ਆਰੀਆ ਸਮਾਜ ਦਾ ਧਾਰਮਕ ਗ੍ਰੰਥ ਹੈ, ਇਸ ਅਨੁਸਾਰ ਤਿੰਨ ਪਦਾਰਥ ਅਨਾਦੀ ਹਨ :

੧. ਜੀਵ ੨. ਪ੍ਰਕ੍ਰਿਤੀ ੩. ਪੁਰਸ਼।

ਇਸ ਤੋਂ ਇਲਾਵਾ ਹੇਠ ਲਿਖੇ ਸਿਧਾਤਾਂ ਦਾ ਵੀ ਵਿਸਥਾਰ ਹੈ–

੧. ਮੂਰਤੀ ਪੂਜਾ ਦਾ ਖੰਡਨ।

੨. ਜ਼ਾਤ ਜਨਮ ਅਨੁਸਾਰ ਨਹੀਂ ਕਰਮ ਅਨੁਸਾਰ ਹੈ।

੩. ਜ਼ਾਤ ਪਾਤ ਤੇ ਛੂਤ ਛਾਤ ਬਿਲਕੁਲ ਨਹੀਂ ਮੰਨਣੀ ਚਾਹੀਦੀ।

੪. ਵਿਧਵਾ ਵਿਆਹ ਵਿਚ ਰੁਕਾਵਟ ਨਹੀਂ ਚਾਹੀਦੀ।

੫. ਸੰਤਾਨ ਉਤਪਤੀ ਲਈ 'ਨਯੋਗ' ਕਰਣਾ ਗੁਨਾਹ ਨਹੀਂ ਲੋੜੀਂਦਾ ਹੈ।

੬. ਸ਼ਰਾਧ ਤੇ ਤੀਰਥ ਪੂਜਾ ਕਰਨੀ ਅਕਾਰਥ ਹੈ।

ਉਪਰੋਕਤ ਸਿਧਾਂਤ ਮੁਢਲੇ ਸਿਧਾਂਤ ਹਨ।

ਆਰੀਆ ਸਮਾਜ ਦਾ ਪ੍ਰਚਾਰ ਸਭ ਤੋਂ ਵਧ ਪੰਜਾਬ ਵਿਚ ਹੀ ਹੋਇਆ ਹੈ। ਸਭ ਤੋਂ ਪਹਿਲਾਂ ਡੀ. ਏ. ਵੀ. ਕਾਲਿਜ ਲਾਹੌਰ ਵਿਚ ਹੀ ਬਣਿਆ ਸੀ। ਇਸ ਦਾ ਇਕ ਖਾਸ ਕਾਰਨ ਵੀ ਹੈ, ਜੋ ੧੯੦੧ ਦੇ ਆਦਮ ਸ਼ੁਮਾਰੀ ਦੇ ਸੁਪ੍ਰਿੰਟੈਂਡੈਂਟ ਦੀ ਰਪੋਰਟ ਤੋਂ ਭਲੀ ਪ੍ਰਕਾਰ ਸਪੁਸ਼ਟ ਹੈ :

"ਆਰੀਆ ਸਮਾਜ ਦਾ ਪ੍ਰਚਾਰ ਵਧੇਰੇ ਪੰਜਾਬ ਵਿਚ ਤੇ ਖਾਸ ਕਰਕੇ ਉੱਤਰੀ ਪਛਮੀ ਜ਼ਿਲਿਆਂ ਵਿਚ ਹੋਇਆ। ਇਸਦਾ ਕਾਰਨ ਇਹ ਹੈ ਕਿ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਤੇ ਸਮਾਜਕ ਖਰਾਬੀਆਂ ਦਾ ਖੰਡਨ ਕੀਤਾ ਸੀ।"

ਰਾਮਾ ਕ੍ਰਿਸ਼ਨਾ ਮਿਸ਼ਨ

ਜਿਹਾ ਕਿ ਮਿਸ਼ਨ ਦੇ ਨਾਂ ਤੋਂ ਸਪਸ਼ਟ ਹੈ ਇਸ ਮਿਸ਼ਨ ਦੇ ਮੋਢੀ ਸ਼ਾਧੂ ਰਾਮਾ ਕ੍ਰਿਸ਼ਨਾ ਜੀ ਸਨ, ਜੋ ੧੯ਵੀਂ ਸਦੀ ਦੇ ਪ੍ਰਸਿਧ ਪੁਰਸ਼ ਕਹੇ ਜਾਂਦੇ ਹਨ। ਆਪ ਦੀ ਈਸ਼੍ਵਰ ਭਗਤੀ, ਕੋਮਲ ਸੁਭਾਵ ਤੇ ਸਾਧੂ ਬ੍ਰਿਤੀ ਬੜੀ ਆਕਰਸ਼ਕ ਸੀ, ਜਿਸ ਨੇ ਅਨੇਕਾਂ ਧਰਮੋਂ ਗੁਮਰਾਹ ਹੋਏ ਨਾਸਤਕਾਂ ਨੂੰ ਵੀ ਆਸਤਕ ਬਣਾ ਦਿਤਾ। ਸ੍ਰੀ ਈਸ਼ਵਰ ਚੰਦਰ ਤੇ ਨਵੀਨ ਕਾਲ ਦੇ ਪ੍ਰਸਿਧ ਵਿਦਵਾਨ ਸਵਾਮੀ ਵਿਵੇਕਾਨੰਦ ਜੀ ਜਿਨ੍ਹਾਂ ਨੇ, ਅਮਰੀਕਾ ਆਦਿ ਦੇਸ਼ਾਂ ਦਾ ਰਟਨ ਕਰਕੇ ਹਿੰਦੂ ਫਿਲਾਸਫੀ ਨੂੰ, ਆਪਣੇ ਲੈਕਚਰਾਂ ਰਾਹੀਂ ਪਰਚਾਰਿਆ ਤੇ ਉਸਦੀ ਧਾਂਕ ਜਮਾਈ ਸੀ ਵੀ, ਆਪ ਜੀ ਦੇ ਹੀ ਚੇਲੇ ਸਨ।

ਸ੍ਰੀ ਰਾਮ ਕ੍ਰਿਸ਼ਨ ਜੀ ਦੀ ਜੀਵਨੀ

ਸ੍ਰੀ ਰਾਮ ਕ੍ਰਿਸ਼ਨ ਜੀ ਦਾ ਜਨਮ ਬੰਗਾਲ ਦੇ ਇਕ 'ਕਮਾਲ ਪੂਕਰ' ਪਿੰਡ ਵਿਚ ਹੋਇਆ। ਆਪ ਦੇ ਪਿਤਾ ਖੁਦੀ ਰਾਮ ਇਕ ਗਰੀਬ ਬ੍ਰਾਹਮਣ ਸਨ। ਮਾਂ ਦਾ ਨਾਮ ਚੰਦਰ ਮਣੀ ਸੀ। ਖੁਦੀ ਰਾਮ ਦਾ ਖਾਨਦਾਨ ਚਿਰ ਕਾਲ ਤੋਂ ਪਿੰਡ ਦੇਰੀ ਪੁਰ ਜ਼ਿਲਾ ਹੁਗਲੀ (ਬੰਗਾਲ) ਦਾ ਵਸਨੀਕ ਚਲਾ ਆ ਰਿਹਾ ਸੀ, ਪਰ ਖੁਦੀ ਰਾਮ ਜੀ ਨੂੰ ਮਜਬੂਰ ਹੋ ਕੇ ਆਪਣਾ ਪਿਤਾ ਪੁਰਖੀ ਪਿੰਡ ਛੱਡ ਕੇ 'ਕਮਾਰ ਪੂਕਰ' ਰਿਹਾਇਸ਼ ਅਖਤਿਆਰ ਕਰਨੀ ਪਈ। ਇਸ ਦਾ ਕਾਰਨ ਇਨ੍ਹਾਂ ਦਾ ਰਾਸਤੀ ਪਸੰਦ ਤੇ ਅਸੂਲ ਦਾ ਪੱਕਾ ਹੋਣਾ ਸੀ। ਕਹਿੰਦੇ ਨੇ, ਦੇਰੀ ਪੁਰ ਦੇ ਇਕ ਮੂੰਹ ਜ਼ੋਰ ਤੇ ਹੰਕਾਰੀ ਜ਼ਿਮੀਂਦਾਰ ਨੇ ਕਿਸੇ ਮੁਕਦਮੇ ਵਿਚ ਇਨ੍ਹਾਂ ਨੂੰ ਝੂਠਾ ਗਵਾਹ ਬਣਾ ਕੇ ਪੇਸ਼ ਕਰਨਾ ਚਾਹਿਆ ਪਰ ਬਹੁਤਾ ਲੋਭ ਲਾਲਚ ਦੇਣ ਤੇ ਵੀ ਇਹ ਰਜ਼ਾਮੰਦ ਨਾ ਹੋਏ, ਜਿਸ ਕਰਕੇ ਉਸਨੇ ਇਨ੍ਹਾਂ ਨੂੰ ਅਜਿਹਾ ਤੰਗ ਕਰਨਾ ਸ਼ੁਰੂ ਕੀਤਾ ਕਿ ਲਾਚਾਰ ਹੋ ਇਨ੍ਹਾਂ ਨੂੰ ਆਪਣਾ ਟਕੀਕੀ ਪਿੰਡ ਛਡਣਾ ਹੀ ਪਿਆ। ਤੇ ਆਪ ਗਵਾਂਢ ਦੇ ਇਕ ਹੋਰ ਪਿੰਡ 'ਕਮਾਰ ਪੂਕਰ' ਆਵਸ, ਏਸ ਥਾਂ ਤੇ ਕਿਸੇ ਭਲੇ ਲੋਕ ਨੇ ਆਪ ਨੂੰ ਰਹਿਣ ਲਈ ਥਾਂ ਤੇ ਵਾਹਣ ਲਈ ਭੂਮੀ ਦੇ ਦਿਤੀ। ਇਸ ਤਰ੍ਹਾਂ ਉਹ ਆਪਣਾ ਤੇ ਆਪਣੇ ਪ੍ਰਵਾਰ ਦਾ ਨਿਰਬਾਹ ਕਰਨ ਲਗ ਪਏ। ਇਸ ਪਿੰਡ ਵਿਚ ਰਹਿੰਦਿਆਂ ਖੁਦੀ ਰਾਮ ਨੂੰ ਛੇ ਸਾਲ ਹੋ ਗਏ ਸਨ। ਇਸ ਦਾ ਵਡਾ ਲੜਕਾ ਰਾਮ

ਕੁਮਾਰ ਪੜ੍ਹ ਲਿਖਕੇ ਕੁਝ ਘਰ ਦਾ ਕੰਮ ਕਾਰ ਸੰਭਾਲਣ ਜੋਗਾ ਹੋ ਚੁਕਾ ਸੀ। ਇਸ ਨੇ ਆਪਣੀ ਇਕ ਲੜਕੀ ਦਾ ਵਿਆਹ ਵੀ ਕਰ ਲਿਆ ਸੀ। ਹੁਣ ਇਸ ਨੂੰ ਘਰ ਵਲੋਂ ਕਾਫੀ ਬੇਫਿਕਰੀ ਸੀ, ਇਸ ਲਈ ਸੰਨ ੧੯੨੪ ਵਿਚ ਇਹ 'ਰਾਮ-ਏਸ਼੍ਵਰ' ਦੀ ਤੀਰਥ ਯਾਤਰਾ ਕਰਨ ਟੁਰ ਗਿਆ ਤੇ ਉਥੋਂ ਜਦ ਵਾਪਸ ਆਇਆ ਤਾਂ ਇਸ ਦੇ ਘਰ ਇਕ ਬਾਲਕ ਨੇ ਜਨਮ ਲਿਆ। ਰਾਮੇਸ਼੍ਵਰ ਵਿਸ਼ਵਾਸ਼ੀ ਨੇ ਨਵ-ਜਨਮੇ ਪੁਤਰ ਦਾ ਨਾਂ ਵੀ 'ਰਾਮਏਸ਼੍ਵਰ' ਹੀ ਰਖ ਦਿਤਾ। ਇਸ ਤੋਂ ਬਾਹਦ 'ਸਰਵ ਮੰਗਲਾ, ਨਾਂ ਦੀ ਇਕ ਹੋਰ ਲੜਕੀ ਇਸ ਦੇ ਘਰ ਹੋਈ। ੬੦ ਸਾਲ ਦੀ ਉਮਰ ਵਿਚ ਖੁਦੀ ਰਾਮ ਫੇਰ ਤੀਰਥ ਯਾਤਰਾ ਕਰਨ ਟੁਰ ਗਿਆ। ਉਸ ਵੇਲੇ ਸੰਨ ੧੮੩੫ ਈ: ਸੀ, ਸੰਨ ੧੮੩੬ ਵਿਚ ਇਹ ਤੀਰਥ ਯਾਤਰਾ ਮੁਕਾ ਕੇ ਘਰ ਪਰਤ ਆਇਆ ਤੇ ਵਾਪਸੀ ਤੇ ੮ ਫਰਵਰੀ ੧੮੩੯ ਨੂੰ ਇਸ ਦੇ ਘਰ ਕਰਤਾਰ ਨੇ ਇਕ ਹੋਰ ਬਾਲਕ ਬਖਸ਼ਿਆ, ਜਿਸਦਾ ਨਾਮ 'ਗਦਾ–ਧਰ' ਰਖਿਆ ਗਿਆ ਪਰ ਬਾਹਦ ਵਿਚ ਈਹੋ ਗਦਾ–ਧਰ ਰਾਮ ਕ੍ਰਿਸ਼ਨ ਕਰਕੇ ਪ੍ਰਸਿਧ ਹੋਇਆ।

ਪੰਜ ਸ਼ਾਲ ਦੀ ਉਮਰ ਵਿਚ ਗਦਾ–ਧਰ ਨੂੰ ਸੰਸ਼ਕ੍ਰਿਤ ਪਾਠਸ਼ਾਲਾ ਵਿਚ ਸੰਸ਼ਕ੍ਰਿਤ ਪੜ੍ਹਨ ਲਈ ਪਾਇਆ ਗਿਆ, ਪਰ ਬਾਲਕ ਕੁਝ ਸੰਤ ਬ੍ਰਿਤੀ ਵਾਲਾ ਸੀ। ਇਸ ਦਾ ਵਧੇਰੇ ਰਜੂਹ ਆਈ ਗਈ ਗਿਆਨ ਜਾਂ ਭਜਨ ਮੰਡਲੀਆਂ ਵਲ ਰਹਿੰਦਾ ਸੀ। ਇਹ ਇਨ੍ਹਾਂ ਪਾਸੋਂ ਕਥਾ ਕਹਾਣੀਆਂ ਤੇ ਭਜਨ ਆਦਿ ਸੁਣਦਾ ਤੇ ਉਨ੍ਹਾਂ ਦੇ ਹੀ ਗਾਉਣ ਸੁਣਾਨ ਵਿਚ ਰੁਝਾ ਰਹਿੰਦਾ ਸੀ। ਇਸ ਕਰਕੇ ਪੜ੍ਹਾਈ ਵਿਚ ਇਸ ਦੀ ਬ੍ਰਿਤੀ ਨਾ ਲਗੀ। ਅਜੇ ਗਦਾ ਧਰ ਮਸਾਂ ਸਤਾਂ ਕੁ ਸਾਲਾਂ ਦਾ ਹੀ ਹੋਇਆ ਸੀ ਕਿ ਖੁਦੀ ਰਾਮ ਚਲ ਬਸੇ।

ਪਿਤਾ ਦੇ ਚਲ਼ਾਣੇ ਮਗਰੋਂ ਵਡੇ ਪੁਤਰ ਰਾਮ ਕੁਮਾਰ ਨੇ ਹੀ ਘਰ ਦੀ ਦੇਖ ਸੰਭਾਲ ਕੀਤੀ। ੯ ਸਾਲ਼ ਦੀ ਉਮਰ ਵਿਚ ਗਦਾ-ਧਰ ਦੀ ਜਨੇਊ ਦੀ ਰਕਮ ਅਦਾ ਕੀਤੀ ਗਈ। ਕੁਲ ਰੀਤ ਅਨੁਸਾਰ ਜਨੇਊ ਪਾਣ ਮਗਰੋਂ ਇਸ ਨੂੰ ਆਪਣੀ ਜਾਤੀ ਦੀ ਕਿਸੇ ਬੁਢੀ ਔਰਤ ਪਾਸੋਂ ਭਿਛਿਆ ਲੈਣੀ ਜ਼ਰੂਰੀ ਸੀ, ਪਰ ਬਾਲਕ ਗੰਗਾ ਧਰ ਨੇ ਭਿਛਿਆ ਲਈ ਧਨੀ ਨਾਂ ਦੀ ਇਕ ਲੁਹਾਰ ਇਸਤ੍ਰੀ ਦਾ ਘਰ ਚੁਣਿਆ। ਬ੍ਰਾਹਮਣਾ ਦੇ ਰਿਵਾਜ ਅਨੁਸਾਰ ਸ਼ੂਦਰ ਦੇ ਘਰ ਦੀ ਭਿਖਿਆ ਲੈਣੀ ਵਿਵਰਜਤ ਸੀ, ਇਸ ਲਈ ਉਨ੍ਹਾਂ ਗਦਾ ਧਰ ਦੀ ਇਹ ਚੋਣ ਨਾਪਸੰਦ ਕੀਤੀ ਤੇ ਆ ਗਿਆ ਨਾ ਦਿਤੀ। ਗਦਾਧਰ ਨੇ ਪੰਡਤਾਂ ਦੀ ਇਕ ਨਾ ਮੰਨੀ ਤੇ ਰੋਟੀ ਪਾਣੀ ਛਡ ਕੇ ਕਿਤੇ ਲੁਕ ਗਿਆ। ਆਖਰ ਰਾਮ ਕੁਮਾਰ ਨੂੰ ਆਪਣੇ ਨਿਕੇ ਭਰਾ ਦੀ ਈਨ ਮੰਨਣੀ ਪਈ ਤੇ ਉਹ ਧਨੀ ਦੇ ਘਰੋਂ ਹੀ ਭਿਖਿਆ ਲੈ ਕੇ ਆਇਆ।

ਘਰ ਦੇ ਖਰਚ ਤੇ ਨਿਰਬਾਹ ਦੀ ਔਖਿਆਈ ਤੋਂ ਤੰਗ ਹੋ ਕੇ ਰਾਮ ਕੁਮਾਰ ਨੇ ਕਲਕਤੇ ਵਿਚ ਇਕ ਸੰਸਕ੍ਰਿਤ ਵਿਦਯਾਲਯ ਖੋਲੀ ਤੇ ਉਥੇ ਹੀ ਗਦਾਧਰ ਨੂੰ ਵੀ ਪੜ੍ਹਾਨ ਦਾ ਯਤਨ ਕੀਤਾ, ਪਰ ਉਸਦਾ ਇਹ ਜਤਨ ਵੀ ਕਾਮਯਾਬ ਨਾ ਹੋ ਸਕਿਆ।

ਕਲਕਤੇ ਦੀ ਇਕ ਧਨਾਢ ਵਿਧਵਾ ਰਾਣੀ ਰਾਸ਼ੀ ਮਣੀ ਨੇਂ ਕਲਕਤੇ ਦੇ ਉਤਰ ਵਲ ਗੰਗਾ ਦੇ ਘਾਟ ਤੇ ਕਾਲੀ ਮਾਈ ਦਾ ਇਕ ਮੰਦਰ ਲਖਾਂ ਰੁਪਏ ਖਰਚ ਕੇ ਬਣਾਇਆ। ਰਾਮ ਕੁਮਾਰ ਤੇ ਗਧਾਧਰ ਦੋਵੇਂ ਹੀ ਇਸ ਮੰਦਰ ਦੇ ਪੁਜਾਰੀ ਬਣ ਗਏ। ਇਥੇ ਹੀ ਇਕ ਦਖ ਬ੍ਰਾਹਮਣ ਜਾਤੀ ਦੇ ਭਗਤ ਮਾਨ ਪਾਸੋਂ ਗਦਾ ਧਰ ਨੂੰ ਦੀਖਿਆ ਦੁਆਈ ਗਈ ਤੇ ਇਸੇ ਦਿਨ ਤੋਂ ਗਦਾ ਧਰ ਦੀ ਆਤਮਕ ਉੱਨਤੀ ਦਾ ਮੁਢ ਬਝਾ। ਇਸ ਤੋਂ ਥੋੜੇ ਹੀ ਚਿਰ ਮਗਰੋਂ ਰਾਮ ਕੁਮਾਰ ਕਾਲ-ਵਸ ਹੋ ਗਿਆ, ਜਿਸਦਾ ਅਸਰ ਰਾਮ ਕ੍ਰਿਸ਼ਨ ਤੇ ਅਜਿਹਾ ਹੋਇਆ ਕਿ ਉਹ ਵੈਰਾਗੀ ਹੋ ਕੇ ਸ਼ਮਸ਼ਾਨ ਭੂਮੀ ਤੇ ਘਣੇ ਜੰਗਲਾਂ ਵਿਚ ਹੀ ਦਿਨ ਕਟੀ ਕਰਨ ਲਗ ਪਏ। ਜਦੋਂ ਕਿਸੇ ਮਿਤ੍ਰ ਨੇ ਉਨ੍ਹਾਂ ਤੋਂ ਉਨ੍ਹਾਂ ਦੀ ਏਸ ਵੈਰਾਗ ਮਈ ਦਿਸ਼ਾ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਉਤਰ ਵਜੋਂ ਆਖਿਆ, "ਜਨਮ ਕਾਲ ਤੋਂ ਜੀਵ ਅਠ ਪ੍ਰਕਾਰ ਦੇ ਬੰਧਨਾਂ ਵਿਚ ਕੈਦ ਹੈ—ਘ੍ਰਿਣਾ, ਲਜਾ, ਕੁਲ, ਅਭਿਮਾਨ, ਵਿਦਿਆ ਅਭਿਮਾਨ, ਜਾਤੀ ਅਭਿਮਾਨ, ਭੈ, ਮੌਤ ਦਾ ਡਰ, ਦੇਹ ਅਭਿਮਾਨ, ਇਹ ਅਠ ਬੰਧਨ ਹਨ। ਮੈਂ ਇਨ੍ਹਾਂ ਸਾਰਿਆਂ ਤੋਂ ਆਜ਼ਾਦ ਹੋ ਸਮਾਧੀ ਵਿਚ ਲੀਨ ਹੋਣਾ ਚਾਹੁੰਦਾ ਹਾਂ॥" ਆਪ ਤੇ ਵੈਰਾਗ ਨੇ ਇਨਾਂ ਜ਼ੋਰ ਪਾਇਆ ਕਿ ਬਸਤਰ ਤਕ ਵੀ ਲਾਹ ਨਗਨ ਹੀ ਵਿਚਰਨ ਲਗ ਪਏ।

ਕੁਝ ਚਿਰ ਬਾਹਦ ਰਾਣੀ ਰਾਸ਼ੀ ਮਣੀ ਵੀ ਦੇਹ ਤਿਆਗ ਗਈ। ਹੁਣ ਉਸ ਦੀ ਸਾਰੀ ਸੰਪਤੀ ਦੇ ਵਾਰਸ ਮਥਰਾ ਬਾਬੂ ਬਣੇ। ਮਥਰਾ ਬਾਬੂ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਬੜੇ ਸ਼ਰਧਾਲੂ ਸਨ। ਉਹ ਉਨ੍ਹਾਂ ਨੂੰ ਕੁਝ ਦੌਲਤ ਦੇਣਾ ਚਾਹੁੰਦੇ ਸਨ, ਪਰ ਰਾਮ ਕ੍ਰਿਸ਼ਨ ਜੀ ਨੇ ਲੈਣ ਤੋਂ ਇਨਕਾਰ ਕਰ ਦਿਤਾ। ਸਵਾਮੀ ਵਿਵੇਕਾ ਨੰਦ ਦੀ ਇਕ ਅਮਰੀਕਨ ਚੇਲੀ 'ਨਿਵੇਦਤਾ' ਨੇ ਹੇਠ ਲਿਖਿਆ ਪ੍ਰਸ਼ਨੋਤਰ ਆਪਣੀ ਅੰਗਰੇਜ਼ੀ ਦੀ ਇਕ ਪੁਸਤਕ ਵਿਚ ਦਿਤਾ ਹੈ :—

ਮਥਰਾ ਬਾਬੂ—ਕੀ ਪ੍ਰਮਾਤਮਾ ਆਪਣੇ ਬਣਾਏ ਨੀਯਮਾਂ ਨੂੰ ਬਦਲ ਨਹੀਂ ਸਕਦਾ ?

ਸ੍ਰੀ ਰਾਮ ਕ੍ਰਿਸ਼ਨ—ਜੋ ਪ੍ਰਮਾਤਮਾ ਨੀਯਮ ਘੜ ਸਕਦਾ ਹੈ, ਓਹ ਬਦਲ ਵੀ ਸਕਦਾ ਹੈ।

ਮਥਰਾ ਬਾਬੂ—ਕੀ ਪ੍ਰਭੂ ਲਾਲ ਫੁੱਲਾਂ ਵਾਲੀ ਵੇਲ ਵਿਚ ਚਿਟੈ ਫੁਲ ਉਗਾ ਸਕਦਾ ਹੈ ਤੇ ਤਬਦੀਲੀ ਲਿਆ ਸਕਦਾ ਹੈ ?

ਰਾਮ ਕ੍ਰਿਸ਼ਨ—ਹਾਂ, ਓਹ ਸਭ ਕੁਝ ਕਰ ਸਕਦਾ ਹੈ।

ਦੂਜੇ ਦਿਨ ਹੀ ਸ੍ਰੀ ਰਾਮ ਕ੍ਰਿਸ਼ਨ ਨੇ ਮਥਰਾ ਬਾਬੂ ਨੂੰ ਫੁਲਾਂ ਦਾ ਇਕ ਬੂਟਾ ਲਿਆ ਕੇ ਦਿਖਾ ਦਿਤਾ, ਜਿਸ ਨਾਲ ਸੂਹੇ ਤੇ ਸਫੈਦ ਦੋਹਾਂ ਤਰ੍ਹਾਂ ਦੇ ਫੁਲ ਲਗੇ ਹੋਏ ਸਨ। ਇਹ ਜ਼ਿਕਰ ਸੰਨ ੧੮੫੫-੫੯ ਦਾ ਹੈ। ਇਹ ਚਾਰ ਸਾਲ ਸ੍ਰੀ ਰਾਮ ਕ੍ਰਿਸ਼ਨ ਜੀ ਦੀ ਜੀਵਨੀ ਤੇ ਆਤਮਕ ਉੱਨਤੀ ਦੇ ਸਾਧਨਾਂ ਲਈ ਬੜਾ ਉਚਾ ਅਸਥਾਨ ਰਖਦੇ ਹਨ। ਓਹ ਕਈ ਵਾਰੀ ਸਾਧੂ ਸੰਤਾਂ ਦਾ ਜੂਠਾ ਵੀ ਖਾ ਲੈਂਦੇ ਸਨ।

ਕਹਿੰਦੇ ਨੇ ਰਾਮ ਕ੍ਰਿਸ਼ਨ ਦੀ ਮਸਤਾਨੀ ਹਾਲਤ ਵੇਖ ਕੇ ਮਥਰਾ ਬਾਬੂ ਉਨ੍ਹਾਂ ਦੀ ਪ੍ਰੀਖਿਆ ਹਿਤ ਇਕ ਵੇਰ ਉਨ੍ਹਾਂ ਨੂੰ ਕਲੇ ਵਿਚ ਇਕ ਵੇਸ਼ਵਾ ਪਾਸ ਛਡ ਕੇ ਆਪ ਬੜੀ ਤੇਜ਼ੀ ਨਾਲ ਬਾਹਿਰ ਆ ਗਏ। ਰਾਮ ਕ੍ਰਿਸ਼ਨ ਬੜੀ ਮਧਰ ਸੁਰ ਵਿਚ ਉਸ ਨੂੰ ਮਾਂ-ਮਾਂ ਆਖ ਕੇ ਉਚੀ-ਉਚੀ ਪੁਕਾਰਨ ਲਗ ਪਏ। ਇਹ ਕੌਤਕ ਵੇਖ ਕੇ ਵੇਸ਼ਵਾ ਆਪ ਦੇ ਚਰਨਾਂ ਤੇ ਡਿਗ ਪਈ। ਦੂਜੀਆਂ ਵੇਸ਼ਵਾਵਾਂ ਨੇ ਵੀ ਵੇਖ ਕੇ ਚਰਨ ਛੋਹੇ। ਮਥਰਾ ਬਾਬੂ ਇਹ ਸਭ ਕੁਝ ਵੇਖ ਕੇ ਹੈਰਾਨ ਹੋਏ ਤੇ ਉਨ੍ਹਾਂ ਦਾ ਵਿਸ਼ਵਾਸ ਹੁਣ ਦ੍ਰਿੜ ਹੋ ਗਿਆ।

ਉਨ੍ਹਾਂ ਦੀ ਮਾਤਾ ਚੰਦਰ ਮਣੀ ਤੇ ਰਾਮੇਸ਼੍ਰਰ ਨੂੰ ਜਦ 'ਗਧਾ-ਧਰ' ਦੀ ਏਸ ਮਸਤਾਨੀ ਹਾਲਤ ਦਾ ਪਤਾ ਲਗਾ, ਤਾਂ ਓਹ ਬੜੇ ਚਿੰਤਾਤਰ ਹੋਏ ਤੇ ਉਨ੍ਹਾਂ ਉਸ ਨੂੰ ਆਪਣੇ ਪਿੰਡ 'ਕਮਾਰ-ਪੁਕਰ' ਵਿਚ ਬੁਲਾ ਲਿਆ। ਪਿੰਡ ਦੇ ਲੋਕਾਂ ਨੇ ਸਮਝਿਆ, ਜੋ ਸ਼ਾਇਦ ਇਹ ਭੂਤਾਂ ਪ੍ਰੇਤਾਂ ਦੇ ਪ੍ਰਭਾਵ ਥਲੇ ਹਨ, ਉਨ੍ਹਾਂ ਨੇ ਝਾੜ ਫੂਕ ਲਈ ਮਾਂ ਨੂੰ ਪ੍ਰੇਰਿਆ। ਉਸ ਵਿਚਾਰੀ ਨੇ ਝਾੜ ਫੂਕ ਵੀ ਕਰਾਈ ਪਰ ਇਹ ਵੀ ਬੇ-ਅਸਰ ਹੀ ਰਹੀ।

ਪਰ ਪਿੰਡ ਵਿਚ ਰਹਿੰਦਿਆਂ ਕੁਝ ਚਿਰ ਮਗਰੋਂ ਆਪਣੇ ਆਪ ਹੀ ਰਾਮ ਕ੍ਰਿਸ਼ਨ ਦਾ ਦਿਲ ਲਗ ਗਿਆ। ਓਹ ਘਰ ਦਾ ਕੰਮ ਕਾਜ ਵੀ ਕਰਨ ਲਗ ਪਏ ਤੇ ਹਸਣ ਖੇਡਣ ਵੀ ਲਗ ਪਏ। ਕੁਦਰਤੀ ਤੌਰ ਤੇ ਇਸ ਤਬਦੀਲੀ ਨੇ ਮਾਂ ਦੇ ਦਿਲ ਵਿਚ ਖੁਸ਼ੀ ਦੀ ਲਹਿਰ ਛੇੜ ਦਿਤੀ। ਓਹ ਇਸ ਦੇ ਵਿਆਹ ਦੇ ਬੰਦੋਬਸਤ ਵਿਚ ਲਗ ਪਈ। ਪਹਿਲਾਂ ਤਾਂ ਰਾਮ ਕ੍ਰਿਸ਼ਨ ਦੀ ਮਸਤਾਨੀ ਹਾਲਤ ਵੇਖ ਕੇ ਕਿਸੇ ਨੇ ਹਾਂ ਨਾ ਕੀਤੀ, ਪਰ ਆਖਰ 'ਜੈ ਰਾਮ ਵਟੀ' ਨਾਂ ਦੇ ਇਕ ਲਾਗਲੇ ਪਿੰਡ

ਦੇ ਬ੍ਰਾਹਮਣ ਰਾਮਚੰਦਰ ਉਪਾਧਿਆ ਨੇ ਆਪਣੀ ਲੜਕੀ ਸ਼ਾਰਦਾ ਮਣੀ ਦਾ ਰਿਸ਼ਤਾ ਦੇ ਦਿਤਾ ਤੇ ਥੋੜ੍ਹੇ ਹੀ ਦਿਨਾਂ ਵਿਚ ਵਿਆਹ ਵੀ ਹੋ ਗਿਆ।

ਵਿਆਹ ਭਰ ਗਰੀਬੀ ਦੀ ਹਾਲਤ ਵਿਚ ਹੋਇਆ ਸੀ। ਲੋਕਾ-ਕਾਰੀ ਨੂੰ ਰਖਣ ਲਈ ਚੰਦਰ ਮਣੀ ਨੇ ਗਵਾਂਢਣ ਦੇ ਗਹਿਣੇ ਮੰਗ ਕੇ ਵਿਚ ਢੋਏ ਸਨ। ਓਹ ਨਵੀਂ ਬਹੂ ਨੇ ਪਾਏ ਹੋਏ ਸਨ। ਗਵਾਂਢਣ ਨੂੰ ਮੋੜਨੇ ਵੀ ਜ਼ਰੂਰੀ ਸਨ। ਰਾਮਕ੍ਰਿਸ਼ਨ ਨੇ ਇਹ ਆਪਣੇ ਜ਼ਿਮੇਂ ਲੈ ਲਿਆ ਤੇ ਇਕ ਦਿਨ ਸੁਤੀ ਪਈ ਵਹੁਟੀ ਦੇ ਸਾਰੇ ਗ਼ਹਿਣੇ ਉਤਾਰ ਲਏ ਤੇ ਮਾਂ ਨੂੰ ਦੇ ਦਿਤੇ। ਗਵਾਂਢਣ ਨੂੰ ਗਹਿਣੇ ਤਾਂ ਵਾਪਸ ਕਰ ਦਿਤੇ ਗਏ, ਪਰ ਘਰ ਵਿਚ ਵਹੁਟੀ ਦੇ ਜਾਗਣ ਤੇ ਖੂਬ ਰੌਲਾ ਪਿਆ। ਮਾਂ ਨੇ ਨੂੰਹ ਨੂੰ ਪਿਆਰ ਨਾਲ ਸਮਝਾ-ਬੁਝਾ ਦਿਤਾ ਤੇ ਢਾਰਸ ਦਿਤੀ ਕਿ ਤੇਰਾ ਪਤੀ ਛੇਤੀ ਹੀ ਕਮਾਈ ਕਰਕੇ ਤੈਨੂੰ ਗਹਿਣਿਆਂ ਨਾਲ ਲਦ ਦੇਵੇਗਾ। ਕਹਿੰਦੇ ਨੇ ਥੋੜ੍ਹੇ ਦਿਨਾਂ ਬਾਹਦ ਰਾਮ ਕ੍ਰਿਸ਼ਨ ਜੀ ਦਾ ਇਕ ਸ਼ਰਧਾਲੂ ਸੇਠ ੩੦੦੦) ਰੁਪਏ ਦੀ ਭੇਟਾ ਲੈ ਕੇ ਸਵਾਮੀ ਜੀ ਨੂੰ ਦੇਣ ਲਈ ਆਇਆ। ਉਨ੍ਹਾਂ ਆਖਿਆ ਮੈਨੂੰ ਤਾਂ ਇਸ ਦੀ ਲੋੜ ਨਹੀਂ, ਤੁਸੀਂ ਸ਼ਾਰਦਾ ਮਣੀ ਨੂੰ ਇਹ ਗਹਿਣੇ-ਗਟੇ ਲਈ ਦੇ ਦਿਓ। ਪਰ ਜਦ ਦੋਵੇਂ ਉਸ ਨੂੰ ਇਹ ਭੇਟ ਦੇਣ ਲਈ ਗਏ ਤਾਂ ਉਸ ਨੇ ਉਤਰ ਦਿਤਾ, "ਮੇਰੇ ਸ੍ਵਾਮੀ, ਮੈਨੂੰ ਗਹਿਣਿਆਂ ਕਪੜਿਆਂ ਦੀ ਲੋੜ ਨਹੀਂ ਰਹੀ। ਮੈਂ ਰੁਪਿਆ ਲੈ ਕੇ ਕੀ ਕਰਨਾ ਹੈ ?"

ਵਿਆਹ ਤੋਂ ਥੋੜ੍ਹੀ ਦੇਰ ਬਾਹਦ ਹੀ ਆਪ ਫਿਰ ਕਲਕਤੇ ਆ ਗਏ ਤੇ ਦਖਨੇਸ਼ਵਰ ਦੇ ਕਾਲ਼ੀ ਮਾਈ ਦੇ ਮੰਦਰ ਵਿਚ ਪੂਜਾ ਪਾਠ ਕਰਦੇ ਰਹੇ। ਉਨ੍ਹਾਂ ਦਿਨਾਂ ਵਿਚ ਦਖਨੇਸ਼ਵਰ ਵਿਚ ਇਕ 'ਯੋਗੇਸ਼ਵਰੀ' ਨਾਂ ਦੀ ਸੰਨਿਆਸਣ ਰਹਿੰਦੀ ਸੀ। ਉਸ ਨੇ ਗਧਾ-ਧਰ ਨੂੰ ਆਤਮ ਉਪਦੇਸ਼ ਦੇ ਨਾਲ-ਨਾਲ ਵੈਸ਼ਨਵ ਤਾਂਤ੍ਰਿਕ ਗਰੰਥਾਂ ਦਾ ਵੀ ਚੰਗੀ ਤਰ੍ਹਾਂ ਪਠਨ ਪਾਠ ਕਰਵਾਇਆ। ਉਨ੍ਹਾਂ ਯੋਗੇਸ਼ਵਰੀ ਪਾਸੋਂ ਯੋਗ ਅਭਿਆਸ ਵੀ ਸਿਖ ਲਿਆ। ਇਸ ਯੋਗ ਅਭਿਆਸ ਦੇ ਕਰਨ ਨਾਲ ਆਪ ਦੀ ਦੇਹ ਅਰੋਗ ਤੇ ਸੁੰਦਰ ਹੋ ਗਈ। ਹੈਸਨ ਤਾਂ ਆਪ ਵੈਸ਼ਨਵ ਪਰ ਕਾਲੀ ਦੇਵੀ ਨੂੰ ਵੀ ਮੰਨਦੇ ਸਨ।

ਦਖਨੇਸ਼ਵਰ ਦਾ ਮੰਦਰ ਗੰਗਾ ਦੇ ਕੰਢੇ ਤੇ ਇਕ ਇਕਾਂਤ ਅਸਥਾਨ ਸੀ। ਵ੍ਡੀ ਗਲ ਇਹ ਸੀ ਕਿ ਇਹ ਗੰਗਾ ਸਾਗਰ ਤੇ ਰਾਮੇਸ਼ਵਰ ਆਦਿ ਤੀਰਥਾਂ ਦੇ ਐਨ ਰਸਤੇ ਵਿਚ ਪੈਂਦਾ ਸ਼ੀ, ਇਸ ਲਈ ਯਾਤਰੀ ਸਾਧਾਂ ਸੰਤਾਂ ਲਈ ਇਕ ਚੰਗਾ ਟਿਕਾਣਾ ਬਣਿਆ ਹੋਇਆ ਸੀ ਤੇ ਨਿਤ ਨਵੇਂ ਇਥੇ ਕੋਈ ਨਾ ਕੋਈ ਚੰਗਾ ਸਾਧੂ ਆਇਆ ਹੀ ਰਹਿੰਦਾ ਸੀ। ਇਕ ਦਿਨ ਇਕ ਪੰਜਾਬੀ ਸੰਨਿਆਸੀ ਸਾਧੂ

ਮਹਾਤਮਾ ਤੋਤਾ ਪੁਰੀ, ਜੋ ਬਚਪਨ ਵਿਚ ਸਾਧੂ ਬਣ ਕੇ ਮਹੰਤ ਬਣੇ ਸਨ, ਦਖਨੇਸ਼ਵਰ ਵਿਚ ਆਏ। ਇਨ੍ਹਾਂ ਦੀ ਸੰਗਤ ਨੇ ਗਦਾ-ਧਰ ਨੂੰ ਬੜਾ ਪ੍ਰਭਾਵਤ ਕੀਤਾ ਤੇ ਆਖਰ ਉਸ ਨੇ ਇਨ੍ਹਾਂ ਤੋਂ ਦੀਖਿਆ ਲੈ ਕੇ ਸੰਨਿਆਸ ਧਾਰਨ ਕਰ ਲਿਆ ਤੇ ਇਸੇ ਦਿਨ ਤੋਂ ਹੀ ਆਪ ਦਾ ਨਾਮ 'ਗਦਾ-ਧਰ' ਤੋਂ ਬਦਲ ਕੇ 'ਰਾਮ ਕ੍ਰਿਸ਼ਨ' ਰਖਿਆ ਗਿਆ। ਕੁਝ ਦਿਨ ਤਕ ਮਹਾਤਮਾ ਤੋਤਾ ਪੁਰੀ ਜੀ ਦਖਨੇਸ਼ਵਰ ਵਿਚ ਹੀ ਰਹੇ ਤੇ ਸ੍ਰੀ ਰਾਮ ਕ੍ਰਿਸ਼ਨ ਜੀ ਨੂੰ ਆਤਮ ਉਪਦੇਸ਼ ਕਰਦੇ ਰਹੇ। ਜਦ ਓਹ ਚਲੇ ਗਏ ਤਾਂ ਰਾਮ ਕ੍ਰਿਸ਼ਨ ਬੀਮਾਰ ਹੋ ਗਏ ਪਰ ਫੇਰ ਛੇਤੀ ਹੀ ਰਾਜ਼ੀ ਵੀ ਹੋ ਗਏ।

ਹੁਣ ਦਿਨੋ ਦਿਨ ਆਪ ਦੀ ਆਤਮਕ ਅਵਸਥਾ ਉਚੀ ਹੁੰਦੀ ਗਈ ਤੇ ਹੁਣ ਓਹ ਇਸ ਬ੍ਰਿਤੀ ਦੇ ਮਾਲਕ ਹੋ ਗਏ ਕਿ ਹਰ ਮਜ਼੍ਹਬ ਦੇ ਸਜਨ ਉਹਨਾਂ ਨੂੰ ਪਿਆਰੇ ਲਗਣ ਲਗ ਪਏ ਸਨ। ਉਹਨਾਂ ਦਿਨਾਂ ਵਿਚ ਆਪ ਖੁਲ੍ਹੇ-ਡੁਲ੍ਹੇ ਈਸਾਈ ਪਾਦਰੀ ਤੇ ਮੁਸਲਮਾਨ ਫਕੀਰਾਂ ਨੂੰ ਮਿਲਦੇ ਮਿਲਾਂਦੇ ਸਨ ਤੇ ਉਹਨਾਂ ਦੇ ਧਰਮ ਅਸੂਲਾਂ ਨੂੰ ਸਮਝਣ ਦਾ ਯਤਨ ਕਰਦੇ ਸਨ। ਉਹਨਾਂ ਨੂੰ ਅਨਮਤਾਂ ਦੀ ਵੀ ਖਾਸੀ ਵਾਕਫੀਅਤ ਹੋ ਚੁਕੀ ਸੀ। ਆਪ ਬਚਿਆਂ ਨਾਲ ਵੀ ਬੜਾ ਪਿਆਰ ਕਰਦੇ ਸਨ। ਮੰਦਰ ਦੇ ਆਲੇ ਦੁਆਲੇ ਝਾੜੂ ਵੀ ਦੇਂਦੇ ਸਨ ਤੇ ਸੰਤਾਂ ਸਾਧੂਆਂ ਦਾ ਸ਼ੀਤ ਪ੍ਰਸ਼ਾਦ ਵੀ ਕਈ ਵਾਰ ਛਕ ਲੈਂਦੇ ਸਨ।

ਅਪ੍ਰੈਲ ੧੯੭੪ ਵਿਚ ਆਪ ਦੀ ਪਤਨੀ 'ਸ਼ਾਰਦਾ ਮਣੀ' ਆਪ ਨੂੰ ਮਿਲਨ ਲਈ ਕਲਕਤੇ ਆਈ। ਉਸ ਦੇ ਜੀਵਨ ਤੇ ਵੀ ਆਪਣੇ ਸੰਨਿਆਸੀ ਪਤੀ ਦੇ ਜੀਵਨ ਦਾ ਚੰਗਾ ਪ੍ਰਭਾਵ ਪਿਆ। ਕੁਝ ਚਿਰ ਕਲਕਤੇ ਰਹਿ ਕੇ ਉਹ ਮੁੜ ਆਪਣੇ ਪਿੰਡ ਵਾਪਸ ਚਲੀ ਗਈ। ਇਸ ਵੇਲੇ ਸਵਾਮੀ ਜੀ ਦੀ ਪ੍ਰਸਿਧਤਾ ਕਾਫੀ ਵਧ ਚੁਕੀ ਸੀ, ਪਰ ਆਪ ਉਸੇ ਤਰ੍ਹਾਂ ਨਿਰਮਾਣ ਸਨ। ਉਨ੍ਹਾਂ ਦੇ ਦਿਲ ਵਿਚ ਇਹ ਕਦੇ ਵੀ ਨਹੀਂ ਸੀ ਆਇਆ ਕਿ ਲੋਕੀ ਉਨ੍ਹਾਂ ਪਾਸ ਚਲ ਕੇ ਆਉਣ ਸਗੋਂ ਜਿਥੇ-ਕਿਥੇ ਵੀ ਇਨ੍ਹਾਂ ਨੂੰ ਕਿਸੇ ਚੰਗੇ ਸਾਧੂ ਦੀ ਦਸ ਪੈਂਦੀ ਸੀ, ਆਪ ਤਤ ਛਿੰਨ ਉਥੇ ਪਹੁੰਚ ਜਾਂਦੇ ਸਨ।

ਬ੍ਰਹਮੂ ਸਮਾਜ ਦੇ ਮੁਖੀ ਕੇਸ਼ਬ ਚੰਦਰ ਸੈਨ ੧੯੭੫ ਵਿਚ ਇਕ ਵੇਰ ਦਖਨੇਸ਼ਵਰ ਦੇ ਨੇੜੇ ਇਕ ਥਾਂ ਤੇ ਗਏ। ਪਤਾ ਲਗਣ ਤੇ ਸ੍ਰੀ ਰਾਮ ਕ੍ਰਿਸ਼ਨ ਜੀ ਵੀ ਉਨ੍ਹਾਂ ਨੂੰ ਮਿਲਣ ਲਈ ਗਏ ਤੇ ਬੜੇ ਆਦਰ ਸਤਿਕਾਰ ਨਾਲ ਪੁਛਿਆ, "ਮੈਂ ਸੁਣਿਆ ਹੈ ਤੁਹਾਨੂੰ ਈਸ਼ਵਰ ਦੇ ਪ੍ਰਤੱਖ ਦਰਸ਼ਨ ਹੋਏ ਹਨ?" ਪੇਸ਼ਤਰ ਇਸ ਦੇ ਕਿ ਕੇਸ਼ਬ ਚੰਦਰ ਕੁਝ ਉਤਰ ਦੇਂਦੇ, ਉਨ੍ਹਾਂ ਦੀ ਅਡੋਲ ਸਮਾਧੀ ਲਗ

ਗਈ ਤੇ ਕਿੰਨਾ ਚਿਰ ਉਸ ਮਗਨਤਾ ਦੀ ਹਾਲਤ ਵਿਚ ਹੀ ਰਹੇ। ਦਰਸ਼ਕਾਂ ਪੁਰ ਆਪ ਦੇ ਏਸ ਈਸ਼ਵਰ ਪ੍ਰੇਮ ਦਾ ਅਸਚਰਜ ਤੇ ਡੂੰਘਾ ਅਸਰ ਹੋਇਆ। ਇਸ ਤੋਂ ਮਗਰੋਂ ਇਕ ਵੇਰ ਫੇਰ ਉਹ ਕਿਸੇ ਬ੍ਰਹਮੂ ਸਮਾਜ ਦੇ ਜਲਸੇ ਵਿਚ ਗਏ। ਪ੍ਰਾਰਥਨਾ ਸਮੇਂ ਇਹ ਵੀ ਨਾਲ ਸ਼ਾਮਲ ਹੋਏ। ਪ੍ਰਾਰਥਨਾ ਦੇ ਸਮੇਂ ਬਹੁਤ ਸਾਰੇ ਲੋਕ ਅੱਖਾਂ ਮੀਟ ਕੇ ਚੁਪ ਬੈਠੇ ਸਨ। ਪ੍ਰਾਰਥਨਾ ਦੇ ਸਮਾਪਤ ਹੋਣ ਤੇ ਇਕ ਸਜਨ ਨੇ ਆਪ ਪਾਸੋਂ ਪੁਛਿਆ, “ਤੁਹਾਡੀ, ਸਾਡੀ ਇਸ ਪ੍ਰਾਰਥਨਾ ਸਬੰਧੀ, ਕੀ ਰਾਇ ਹੈ?” ਆਪ ਨੇ ਹਸ ਕੇ ਉਤਰ ਦਿਤਾ, “ਜਿਵੇਂ ਸਵੇਰ ਦੇ ਸਮੇਂ ਬਾਂਦਰ ਬੜੀ ਸ਼ਾਂਤੀ ਨਾਲ ਚੁਪ ਚਾਪ ਕਰਕੇ ਬੈਠ ਜਾਂਦੇ ਹਨ। ਪਰ ਸੋਚਦੇ ਇਹੀ ਹਨ ਕਿ ਅਗਲੇ ਬਗੀਚੇ ਵਿਚੋਂ ਫਲ ਤੋੜਾਂਗੇ ਤੇ ਚੁਰਾ ਕੇ ਖਾਵਾਂਗੇ, ਇਸੇ ਤਰ੍ਹਾਂ ਇਹ ਲੋਕ ਹਨ। ਉਪਰੋਂ ਤਾਂ ਧਿਆਨ ਮਗਨ ਤੇ ਸ਼ਾਂਤ ਵਖਾਈ ਦੇਂਦੇ ਹਨ, ਪਰ ਇਨ੍ਹਾਂ ਦੇ ਮਨ ਵਿਚ ਈਹੋ ਖੁਤ-ਖਤੀ ਲਗੀ ਹੋਈ ਹੈ ਕਿ ਕਿਸ ਢੰਗ ਨਾਲ ਧੰਨ ਕਮਾਈਏ।” ਆਪ ਦੇ ਨਿਰਮਲ ਹੋਏ ਹਿਰਦੇ ਵਿਚੋਂ ਨਿਕਲੇ ਬਚਨਾਂ ਦਾ ਕਿਸੇ ਨੇ ਵੀ ਬੁਰਾ ਨਾ ਮਨਾਇਆ।

ਆਪ ਜੀ ਦੇ ਜੀਵਨ ਵਿਚ ਅਜੀਬ ਚੁੰਬਕ ਸ਼ਕਤੀ ਸੀ। ਵਡੇ ਵਡੇ ਨਾਸਤਕ ਇਨ੍ਹਾਂ ਦੀ ਸੰਗਤ ਤੋਂ ਪ੍ਰਭਾਵਤ ਹੋ ਕੇ ਮਹਾਂਪੁਰਸ਼ ਬਣ ਗਏ।

ਡਾਕਟਰ ਰਾਮ ਚੰਦਰ ਦਤ ਤੇ ਉਸ ਦਾ ਇਕ ਸਬੰਧੀ ਸੁਰੇਂਦਰ ਨਾਸਤਕ ਵੀ ਸਨ ਤੇ ਸ਼ਰਾਬੀ ਵੀ, ਪਰ ਦਖਨੇਸ਼ਵਰ ਵਿਚ ਆਪ ਦੀ ਸੰਗਤ ਕਰਕੇ ਈਸ਼ਵਰ ਭਗਤ ਤੇ ਨੇਕ ਬਣ ਗਏ।

੧੮੮੦ ਵਿਚ ਬੰਗਾਲ ਦੇ ਇਕ ਪ੍ਰਸਿਧ ਧੰਨੀ ਦਾ ਪੁਤਰ ਰਾਖਾਲ ਚੰਦਰ ਘੋਸ਼ ਆਪ ਦੀ ਸੰਗਤ ਕਰਕੇ ਆਪ ਤੇ ਇਤਨਾ ਮੋਹਤ ਹੋਇਆ ਕਿ ਇਨ੍ਹਾਂ ਦੇ ਪਾਸ ਹੀ ਰਹਿਣ ਲਗ ਪਿਆ ਸੀ। ਬਾਹਦ ਵਿਚ ਇਹੀ ਸਵਾਮੀ ਬ੍ਰਹਮਾ ਨੰਦ ਦੇ ਨਾਮ ਤੋਂ ਪ੍ਰਸਿਧ ਹੋਇਆ! ਏਹੀ ਸ੍ਰੀ ਰਾਮ ਕ੍ਰਿਸ਼ਨ ਮਿਸ਼ਨ ਦਾ ਪਹਿਲਾ ਪ੍ਰਧਾਨ ਥਾਪਿਆ ਗਿਆ।

ਸੂਬਾ ਬਿਹਾਰ ਦਾ ਲਾਟੂ ਨਾਮ ਦਾ ਇਕ ਸਜਨ ਆਪ ਦੀ ਸੰਗਤ ਕਰਕੇ ਬੜਾ ਕਰਨੀ ਵਾਲਾ ਸਿਧ ਪੁਰਖ ਹੋ ਗਿਆ।

੧੮੮੦ ਵਿਚ ਹੀ ਕਲਕਤੇ ਦੇ ਇਕ ਹਾਈਕੋਰਟ ਦੇ ਵਕੀਲ ਦਾ ਲੜਕਾ ਜਿਸ ਦਾ ਨਾਮ ਨਰਿੰਦਰ ਸੀ ਤੇ ਜੋ ਐਫ. ਏ. ਵਿਚ ਪੜ੍ਹਦਾ ਸੀ, ਆਪ ਨੂੰ ਮਿਲਿਆ ਤੇ ਪੁਛਨ ਲਗਾ, “ਕਿਉਂ ਜੀ? ਆਪ ਨੇ ਈਸ਼ਵਰ ਦੇ ਦਰਸ਼ਨ ਕੀਤੇ ਹਨ?” ਤਾਂ ਆਪ ਨੇ ਉਤਰ ਦਿਤਾ, “ਜੀ ਹਾਂ ਕੀਤੇ ਹਨ।” ਉਸ ਨੇ ਫਿਰ

ਕਿਹਾ, "ਕੀ ਮੈਨੂੰ ਵੀ ਉਹ ਦਰਸ਼ਨ ਕਰਾ ਸਕਦੇ ਹੋ ?" ਸ੍ਰੀ ਰਾਮ ਕ੍ਰਿਸ਼ਨ ਜੀ ਦਾ ਉਤਰ ਇਸ ਕਦਰ ਗੰਭੀਰ ਤੇ ਸੂਝ-ਬੂਝ ਵਾਲਾ ਸੀ ਕਿ ਜਿਸ ਨੂੰ ਸੁਣ ਕੇ ਨਵ-ਪੜ੍ਹੇ ਅੰਗਰੇਜ਼ੀ ਨੌਜਵਾਨ ਦਾ ਸਾਰਾ ਨਸ਼ਾ ਟੁਟ ਗਿਆ । ਕੁਝ ਚਿਰ ਆਪ ਦੀ ਸਤ-ਸੰਗਤ ਕਰਨ ਮਗਰੋਂ ਇਹੀ ਨਰੇਂਦਰ ਸਵਾਮੀ ਵਿਵੇਕਾ ਨੰਦ ਦੇ ਨਾਮ ਤੋਂ ਪ੍ਰਸਿਧ ਹੋਇਆ ।

ਇਸੇ ਤਰ੍ਹਾਂ ਹੋਰ ਕਈਆਂ ਦੇ ਜੀਵਨ ਆਪ ਦੀ ਸੰਗਤ ਦੇ ਪ੍ਰਭਾਵ ਹੇਠਾਂ ਬਦਲ ਗਏ । ਹੇਠ ਲਿਖੇ ਸਜਨਾਂ ਦੇ ਨਾਮ ਜੋ ਆਪ ਦੇ ਡੂੰਘੇ ਪ੍ਰਭਾਵ ਥਲੇ ਆਏ ਵਰਨਨ ਯੋਗ ਹਨ :

ਮਹੇਂਦਰ ਨਾਥ ਗੁਪਤਾ, ਈਸ਼ਵਰ ਚੰਦਰ ਵਿਦਿਆ ਸਾਗਰ, ਪ੍ਰਸਿਧ ਪੰਡਤ ਸ਼ਸ਼ਾਧਰ ਤਰਕ ਚੂੜਾ ਮਣੀ, ਗਿਰੀਸ਼ ਚੰਦਰ ਘੋਸ਼, ਦੁਰਗਾ ਚਰਣ ਆਦਿਕ ।

ਸੰਨ ੧੮੮੫ ਦੀਆਂ ਗਰਮੀਆਂ ਵਿਚ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਕੰਠ ਵਿਚ ਦਰਦ ਹੋ ਗਿਆ । ਕਲਕਤੇ ਵਿਚ ਕਾਫੀ ਇਲਾਜ ਕਰਾਇਆ ਗਿਆ, ਪਰ ਕੋਈ ਆਰਾਮ ਨਾ ਆਇਆ । ਫਿਰ ਡਾਕਟਰੀ ਰਾਏ ਅਨੁਸਾਰ ਆਪ ਨੂੰ ਹਵਾ ਪਾਣੀ ਦੀ ਤਬਦੀਲੀ ਲਈ ੧੧ ਦਸੰਬਰ ੧੮੮੫ ਨੂੰ ਕਾਸ਼ੀ ਪੁਰ ਲਿਜਾਇਆ ਗਿਆ ਪਰ ਰੋਗ ਨੇ ਉਥੇ ਜਾ ਕੇ ਵੀ ਖਹਿੜਾ ਨਾ ਛਡਿਆ । ਅੰਤ ੧੫ ਅਗਸਤ ੧੮੮੬ ਨੂੰ ਆਪ ਨੂੰ ਧੁਰੀ ਬਲਾਵਾ ਆ ਗਿਆ ਤੇ ਆਪ ਦੀ ਆਤਮਾ ਸਰੀਰਕ ਜਾਮਾ ਤਿਆਗ ਉਡਾਰੀ ਲਾ ਗਈ ।

ਢੇਰ ਚਿਰ ਗ੍ਰਹਿਸਤੀ ਰਹਿਣ ਦੇ ਬਾਵਜੂਦ ਵੀ ਆਪ ਨਿਰ ਸੰਤਾਨ ਹੀ ਰਹੇ, ਪਰ ਆਪ ਦੀ ਸਾਦਗੀ, ਪਵਿਤਰਤਾ ਤੇ ਭਗਤੀ ਭਾਵ ਨੇ ਕਈਆਂ ਦਾ ਜੀਵਨ ਸੁਧਾਰ ਦਿਤਾ ।

ਮਿਸ਼ਨ ਦਾ ਪ੍ਰਚਾਰ

ਜਿਹਾ ਕਿ ਉਪਰ ਦਸਿਆ ਜਾ ਚੁਕਾ ਹੈ, ਸਵਾਮੀ ਵਿਵੇਕਾ ਨੰਦ ਜੀ ਆਪ ਦੇ ਪ੍ਰਸਿਧ ਚੇਲੇ ਸਨ । ੨੩ ਸਾਲ ਦੀ ਭਰ ਜਵਾਨੀ ਵਿਚ ਨਰੇਂਦਰ ਨਾਂ ਦੇ ਇਕ ਵਕੀਲ ਜ਼ਾਦੇ ਨੇ ਸੰਨਿਆਸ ਧਾਰਨ ਕਰਕੇ ਪ੍ਰਮ ਹੰਸ ਸ੍ਰੀ ਰਾਮ ਕ੍ਰਿਸ਼ਨ ਜੀ ਦੇ ਦੇਹਾਂਤ ਮਗਰੋਂ ਦੇਸ਼-ਦੇਸ਼ਾਂਤਰਾਂ ਦਾ ਰਟਨ ਕੀਤਾ । ਅਮਰੀਕਾ ਵਿਚ ਸ਼ਿਕਾਗੋ ਦੇ ਸਰਬ ਧਰਮ ਸਮੇਲਨ ਤੇ ਹੋਰ ਕਈ ਥਾਵਾਂ ਤੇ ਲਗ ਭਗ ਇਕ ਹਜ਼ਾਰ ਭਾਸ਼ਨ ਦਿਤੇ ਤੇ ਮਿਸ਼ਨ ਦਾ ਪੁਰ ਜ਼ੋਰ ਪ੍ਰਚਾਰ ਕੀਤਾ, ਵੇਦਾਂਤ ਸੁਸਾਇਟੀ ਕਾਇਮ ਕੀਤੀ

ਤੇ ੧੮੯੭ ਵਿਚ ਰਾਮਾ ਕ੍ਰਿਸ਼ਨ ਮਿਸ਼ਨ ਕਾਇਮ ਕੀਤਾ ।

ਕਲਕਤੇ ਦੇ ਨੇੜੇ ਆਲਮ ਬਾਜ਼ਾਰ ਵਿਚ ੧੮੯੬ ਵਿਚ ਇਕ ਮਠ ਵੀ ਕਾਇਮ ਕੀਤਾ ।

ਕਿਹਾ ਜਾਂਦਾ ਹੈ ਕਿ ਇਕ ਅਮ੍ਰੀਕਨ ਨੇ ਸਵਾਮੀ ਵਿਵੇਕਾ ਨੰਦ ਜੀ ਨੂੰ ਪੁਛਿਆ, "ਮੈਂ ਸੁਣਿਆ ਹੈ ਕਿ ਹਿੰਦੋਸਤਾਨੀ ਮੂਰਤੀ ਪੂਜਕ ਹਨ ?" ਉਤਰ ਵਿਚ ਆਪ ਨੇ ਆਖਿਆ–ਤੁਸੀਂ ਸ਼ਰਾਬ, ਇਸਤ੍ਰੀ ਤੇ ਦੌਲਤ (Wine, Women & Wealth) ਦੇ ਪੁਜਾਰੀ ਹੋ ।

ਰਾਮਾ ਕ੍ਰਿਸ਼ਨਾ ਮਿਸ਼ਨ ਵਿਚ ਸ਼ਾਮਲ ਹੋਣ ਵਾਲੇ ਸਾਧੂ ਚੰਗੇ ਪੜੇ ਲਿਖੇ, ਵਿਦਵਾਨ ਤੇ ਗ੍ਰੈਜੂਏਟ ਹੁੰਦੇ ਹਨ। ਜਿਥੇ ਇਹ ਭਾਰਤ ਵਿਚ ਥਾਂ ਪਰਥਾਂ ਰਟਨ ਕਰਕੇ ਧਾਰਮਕ ਵਿਚਾਰ ਤੇ ਭਾਈਚਾਰਕ ਸੁਧਾਰ ਕਰਦੇ ਹਨ, ਉਥੇ ਪ੍ਰਦੇਸਾਂ ਵਿਚ ਪੁਜ ਕੇ ਵੀ ਪਰਚਾਰ ਕਰਦੇ ਹਨ । ਅਮ੍ਰੀਕਾ, ਇਟਲੀ, ਇੰਗਲੈਂਡ ਆਦਿ ਥਾਵਾਂ ਤੇ ਇਸ ਮਿਸ਼ਨ ਦੇ ਪ੍ਰਚਾਰਕ ਪੁਜੇ ਹੋਏ ਹਨ ਤੇ ਪੁਜਦੇ ਰਹਿੰਦੇ ਹਨ। ਇਹ ਕੋਈ ਨਿਜੀ ਜਾਇਦਾਦ ਨਹੀਂ ਬਣਾਉਂਦੇ । ਇਸ ਮਿਸ਼ਨ ਦੇ ਸੰਨਿਆਸੀ ਸਾਧੂ ਬੜਾ ਕੰਮ ਕਰਦੇ ਹਨ ।

ਇਸ ਮਤ ਦੇ ਮੁਖ ਸਿਧਾਂਤ ਇਹ ਹਨ :

(੧) ਗਿਆਨ ਦੇਣ ਵਿਚ ਕਦੇ ਅਧੀਰ ਨਾ ਹੋਵੇ ।

(੨) ਸਭ ਤੋਂ ਪਹਿਲਾਂ ਗਿਆਨ ਆਪ ਪ੍ਰਾਪਤ ਕਰੋ ।

(੩) ਈਸ਼ਵਰ ਦੇ ਰੂਪ ਤੇ ਗੁਣਾਂ ਸਬੰਧੀ ਝਗੜੇ ਵਿਚ ਨਾ ਪਵੋ ।

(੪) ਭਜਨ ਕਰੋ ।

(੫) ਵਾਹਿਗੁਰੂ ਦੇ ਸਾਹਮਣੇ ਆਪਣਾ ਦਿਲ ਖੋਹਲ ਕੇ ਰਖ ਦਿਓ। ਉਸਦਾ ਦੈਵੀ ਪ੍ਰਕਾਸ਼ ਤੁਹਾਨੂੰ ਪਵਿਤ੍ਰ ਕਰੇਗਾ ।

(੬) ਕਿਸੇ ਮਤ ਜਾਂ ਮੰਦਰ ਦੀ ਪਰਵਾਹ ਨਾ ਕਰੋ, ਸਭ ਦਾ ਮੂਲ ਹੈ, ਸਚ ਹੀ ਹੈ। ਮਨੁਖ ਜਿਤਨਾ ਇਸ ਨੂੰ ਵਧੇਰੇ ਪ੍ਰਾਪਤ ਕਰ ਸਕੇ ਉਤਨਾ ਹੀ ਚੰਗਾ ਹੈ ।

(੭) ਕਿਸੇ ਮਤ ਤੇ ਹਮਲਾ ਨਾ ਕਰੋ, ਕਿਉਂਕਿ ਹਰੇਕ ਮਤ ਵਿਚ ਕੁਝ ਨਾ ਕੁਝ ਸਚਾਈ ਜ਼ਰੂਰ ਹੁੰਦੀ ਹੈ । ਧਰਮ ਦਾ ਅਰਥ ਕੇਵਲ ਕਹਿਣ ਮਾਤਰ ਜਾਂ ਮਤਾਂ ਦਾ ਸਮਦਾਇ ਨਹੀਂ, ਸਗੋਂ ਆਤਮਿਕ ਉਨਤੀ ਕਰਨੀ ਤੇ ਉਸ ਵਿਚ ਟਿਕਣਾ ਹੀ ਧਰਮ ਹੈ। ਇਸ ਗਲ ਨੂੰ

ਆਪਣੇ ਜੀਵਨ ਵਿਚ ਸਾਬਤ ਕਰ ਦਿਓ।

(੮) ਵੇਦ ਸਾਸ਼ਤ੍ਰਾਂ ਦੀ ਸਿਖਿਆ ਦਾ ਪਾਲਨ ਕਰੋ। ਇਸ ਮਿਸ਼ਨ ਦਾ ਵਧੇਰੇ ਅਸਰ ਬੰਗਾਲ ਵਿਚ ਹੀ ਪਿਆ ਹੈ। ੧੯੫੬-੬੦ ਵਿਚ ਦਖਣੀ ਕਲਕਤੇ ਵਿਚ ਮਿਸ਼ਨ ਵਲੋਂ ਇਨਟੀਚਯੂਟ ਆਫ ਕਲਚਰ ਬਣਾਇਆ ਗਿਆ ਹੈ। ਕਲਕਤੇ ਤੇ ਕਈ ਹੋਰ ਥਾਵਾਂ ਤੇ ਏਸ ਮਿਸ਼ਨ ਦੇ ਕਈ ਸਕੂਲ, ਕਾਲਿਜ, ਹਸਪਤਾਲ ਅਤੇ ਆਸ਼ਰਮ ਹਨ।

ਦੇਵ ਸਮਾਜ

ਦੇਵ ਸਮਾਜ ੧੯ਵੀਂ ਸਦੀ ਦਾ ਇਕ ਨਾਸਤਕ ਮਤ ਹੈ। ਇਸ ਮਤ ਦਾ ਬਾਨੀ ਇਕ ਕਾਨਕੁਬਜ ਬ੍ਰਾਹਮਣ ਸ਼ਤਿਆ ਨੰਦ ਅਗਨੀ ਹੋਤਰੀ ਹੋਇਆ ਹੈ। ਅਗਨੀ ਹੋਤਰੀ ਪਹਿਲੇ ਆਸਤਕ ਸੀ। ਕਿਸੇ ਮੁਕਦਮੇ ਦੇ ਹਾਰ ਜਾਣ ਦੇ ਕਾਰਨ ੧੮੯੧ ਵਿਚ ਨਾਸਤਕ ਹੋਇਆ। ਕੁਝ ਚਿਰ ਇਹ ਬ੍ਰਹਮੂ ਸਮਾਜੀ ਵੀ ਰਿਹਾ, ਪਰ ੧੬ ਫਰਵਰੀ ੧੮੮੭ ਨੂੰ ਆਪਣਾ ਵਖਰਾ ਮਤ ਦੇਵ ਸਮਾਜ ਜਾਰੀ ਕੀਤਾ। ਇਸਨੂੰ ਇਹ ਵਿਗਿਆਨ ਮੂਲ ਧਰਮ ਵੀ ਕਹਿੰਦਾ ਹੈ।

ਸਤਿਆ ਨੰਦ ਦਾ ਜਨਮ ਅਕਬਰ ਪੁਰ ਜ਼ਿਲਾ ਕਾਨਪੁਰ (ਯੂ. ਪੀ.) ਵਿਚ ੨੦ ਦਸੰਬਰ ੧੮੫੦ ਵਿਚ ਹੋਇਆ। ਮੁਢਲੀ ਵਿਦਿਆ ਰੁੜਕੀ ਦੇ ਸਕੂਲ ਵਿਚ ਲਈ। ਬਾਹਦ ਵਿਚ ੯ ਵਰ੍ਹੇ ਸਰਕਾਰੀ ਨੌਕਰੀ ਵੀ ਕੀਤੀ।

ਸਭ ਤੋਂ ਪਹਿਲਾ ਦੇਵ ਸਮਾਜ ਲਾਹੌਰ ਵਿਚ ਕਾਇਮ ਕੀਤਾ ਗਿਆ।

ਧਰਮ ਗਰੰਥ

'ਦੇਵ ਸ਼ਾਸਤ੍ਰ' ਇਸ ਮਤ ਦਾ ਧਾਰਮਕ ਗ੍ਰੰਥ ਹੈ। ਇਹ ਸਤਿਆ ਨੰਦ ਅਗਨੀ ਹੋਤਰੀ ਦਾ ਆਪਣਾ ਲਿਖਿਆ ਹੋਇਆ ਹੈ। ਇਸ ਦਾ ਮੁਖ ਸਿਧਾਂਤ ਇਹ ਹੈ ਕਿ ਨੇਚਰ ਦੇ ਅਧਾਰ ਤੇ ਜੋ ਸਹੀ ਗਿਆਨ ਮਨੁਖ ਨੂੰ ਪ੍ਰਾਪਤ ਹੁੰਦਾ ਹੈ, ਉਹੀ ਧਰਮ ਦਾ ਸਚਾ ਗਿਆਨ ਹੈ।

ਹਕਸਲੇ ਨੇ ਆਖਿਆ ਸੀ—"ਇਹ ਸ੍ਰਿਸ਼ਟੀ ਤੇ ਰਚਨਾ ਮਿਟੀ ਦੇ ਗਲੋਲਿਆਂ ਵਾਂਗੂੰ ਦੋ ਅਨ੍ਹਿਆਂ ਖਚਿਆਂ–ਪ੍ਰਕ੍ਰਿਤੀ ਤੇ ਸ਼ਕਤੀ ਨੇ ਕੀਤੀ ਹੈ।" ਹੂ-ਬਹੂ ਇਹੀ ਖਿਆਲ ਸਤਿਆ ਨੰਦ ਦੇ ਹਨ। ਉਸਨੇ ਡਾਰਵਨ ਦੇ ਵਿਕਾਸ ਤੇ ਹਕਸਲੇ ਦੇ ਪ੍ਰਕਿਰਤੀ-ਸ਼ਕਤੀਵਾਦ ਤੇ ਕੁਝ ਪੁਰਾਤਨ ਗਲਾਂ ਤੋਂ ਇਨਕਾਰ ਕਰਕੇ ਕੁਝ ਇਖਲਾਕੀ ਨਿਯਮ ਦਸ ਕੇ ਉਨ੍ਹਾਂ ਦਾ ਇਕ ਵਖਰਾ ਮਤ (ਦੇਵ ਸਮਾਜ) ਜਾਰੀ ਕਰ ਦਿਤਾ ਹੈ।

(੧) ਸਾਂਖ ਦੀ ਤਰ੍ਹਾਂ ਇਹ ਵੀ ਸ੍ਰਿਸ਼ਟੀ ਰਚਨਾ ਮਾਦੇ ਤੇ ਸ਼ਕਤੀ ਤੋਂ ਮੰਨਦਾ ਹੈ।

ਨੇਚਰ ਦਾ ਅਰਥ ਸਮਝਾਉਣ ਲਈ ਉਹ ਕਹਿੰਦਾ ਹੈ—ਜੜ੍ਹ (ਮਾਦੇ) ਅਤੇ ਸ਼ਕਤੀ ਤੋਂ ਮਿਲਕੇ ਸਭ ਤਰ੍ਹਾਂ ਦੇ ਨਿਕੇ ਵਡੇ, ਜਾਨ ਤੇ ਬੇਜਾਨ ਵਜੂਦਾਂ ਨੂੰ ਰਖਣ ਵਾਲੀ ਹਸਤੀ ਦਾ ਨਾਂ ਨੇਚਰ ਹੈ।

ਜੜ੍ਹ—ਚੇਤੰਨ ਰਾਹੀਂ ਬਣੇ ਹੋਏ ਰੂਪ ਬਦਲਣਹਾਰ ਹਨ। ਉਹ ਬਿਨਾ ਕਿਸੇ ਮੁਦਾਖਲਤ ਦੇ ਆਪ-ਮੁਹਾਰੇ ਬਦਲਦੇ ਰਹਿੰਦੇ ਹਨ। ਨੇਚਰ ਹੀ ਚੀਜ਼ਾਂ ਨੂੰ ਪ੍ਰਗਟ ਵੀ ਕਰਦੀ ਹੈ ਤੇ ਅਲੋਪ ਵੀ। ਇਸ ਤਬਦੀਲੀ ਨਾਲ ਉਸ ਵਿਚ ਕੋਈ ਘਾਟਾ ਵਾਧਾ ਨਹੀਂ ਹੁੰਦਾ, ਇਹ ਅਨਾਦੀ ਹੈ।

ਦੇਵਤਿਆਂ ਦੀ ਪੂਜਾ—ਦੇਵਤਿਆਂ ਦੀ ਪੂਜਾ ਮਿਥਿਆ ਹੈ। ਇਹ ਪੁਜਾਰੀਆਂ ਨੇ ਪੂਜਾ ਭੇਟ ਲੈਣ ਦਾ ਇਕ ਪੱਜ ਬਣਾਇਆ ਹੋਇਆ ਹੈ। ਪੁਰਾਤਨ ਧਰਮਾਂ ਦੇ ਆਗੂ ਸਚੀ ਦੇਵ ਸ਼ਕਤੀਆਂ ਤੋਂ ਖਾਲੀ ਸਨ। ਉਨ੍ਹਾਂ ਵਿਚ ਨਾ ਤਾਂ ਦੇਵ-ਤੇਜ ਸੀ ਤੇ ਨਾ ਹੀ ਦੇਵ ਜੋਤੀ ਦਾ ਪ੍ਰਕਾਸ਼। ਇਸ ਕਰਕੇ ਉਨ੍ਹਾਂ ਨੂੰ ਸਹੀ ਗਿਆਨ ਪ੍ਰਾਪਤ ਨਹੀਂ ਹੋ ਸਕਿਆ।

ਨੇਚਰ ਦੇ ਵਿਕਾਸ ਰਾਹੀਂ ਹੁਣ ਸਚੀ ਦੇਵ ਸ਼ਕਤੀਆਂ ਦਾ ਪ੍ਰਕਾਸ਼ੀ ਹੋਇਆ ਹੈ। ਉਨ੍ਹਾਂ ਨੂੰ ਜਾਣਕੇ ਕੋਈ ਦੇਵ ਆਤਮਾ ਹੋ ਸਕਦਾ ਹੈ।

ਸਵਰਗ ਨਰਕ, ਪੁਨਰ ਜਨਮ, ਤੇ ਆਵਾਗਉਣ, ਵਰ ਸਰਾਪ, ਕਰਾਮਾਤਾਂ ਤੇ ਚਮਤਕਾਰ, ਸਭ ਝੂਠੀਆਂ ਗਪਾਂ ਹਨ। ਸਾਰੀਆਂ ਦੇਵੀ ਸ਼ਕਤੀਆਂ ਦੀ ਜ਼ਹੂਰ ਦੇਵ ਭਗਵਾਨ ਗੁਰੂ (ਸਤਿਆਨੰਦ ਅਗਨੀ ਹੋਤਰੀ) ਵਿਚ ਹੋਇਆ ਹੈ। ਉਹ ਪੂਜਣ ਯੋਗ ਹੈ। ਆਪਣੀ ਆਤਮਿਕ ਉੱਨਤੀ ਲਈ ਦੂਜਿਆਂ ਦੀ ਸੇਵਾ ਕਰਨੀ ਚਾਹੀਦੀ ਹੈ:

ਹੇਠ ਲਿਖੇ ਦਸਾਂ ਪਾਪਾਂ ਤੋਂ ਬਚਣਾ ਚਾਹੀਦਾ ਹੈ:

੧. ਵਿਹਾਰ ਵਿਚ ਵਢੀ ਲੈਣੀ, ਧੋਖਾ ਜਾਂ ਕਪਟ ਕਰਨਾ।

੨. ਚੋਰੀ।

੩. ਉਧਾਰ ਲੈ ਕੇ ਖਾਣਾ।

੪. ਵਲ-ਛਲ ਨਾਲ ਕਿਸੇ ਤੋਂ ਚੀਜ਼ ਖੋਹਣੀ।

੫. ਜੂਆ ।

੬. ਵਿਭਚਾਰ ।

੭. ਨਿਕੰਮੇ ਰਹਿਣਾ ।

੮. ਨਸ਼ਿਆਂ ਦੀ ਵਰਤੋਂ ।

੯. ਮਾਸ ਅੰਡਾ ਆਦਿਕ ਖਾਣਾ ।

੧੦. ਜੀਵ ਹਤਿਆ ਕਰਨੀ ।

ਨੋਟ–ਸੋਸਾਇਟੀਆਂ ਦੀ ਤਰ੍ਹਾਂ ਦੇਵ ਸਮਾਜ ਵਿਚ ਭਰਤੀ ਹੋਣ ਲਈ ਵੀ ਬਕਾਇਦਾ ਪ੍ਰਣ ਪਤਰ ਭਰਣਾ ਪੈਂਦਾ ਹੈ । ਇਸ ਦਾ ਬਾਕਾਇਦਾ ਚੰਦਾ ਵੀ ਹੈ ਤੇ ਜਦ ਤਕ ਉਪਰ ਲਿਖੇ ਪਾਪਾਂ ਤੋਂ ਬਚਣ ਦੀ ਪਰਤੱਗਿਆ ਨਹੀਂ ਕਰਦਾ, ਇਸ ਸੰਸਥਾ ਦਾ ਮੈਂਬਰ ਤਸੱਵਰ ਨਹੀਂ ਕੀਤਾ ਜਾਂਦਾ ।
ਇਹ ਮਤ ਨਾਸਤਕ ਹੋਣ ਕਰਕੇ ਫਲ ਨਹੀਂ ਸਕਿਆ ।

ਭਾਗ ਛੇਵਾਂ

ਨਾਮੁ, ਹੁਕਮ, ਹਉਮੈ, ਕਰਮ

ਨਾਮੁ

ਹਰ ਆਸਤਕ ਮਤ ਨੇ ਨਾਮ ਦਾ ਸਿਧਾਂਤ ਮੰਨਿਆ ਹੈ। ਗੁਰਮਤਿ ਵੀ ਏਸ ਨੂੰ ਮਨੁੱਖੀ ਜੀਵਨ ਦਾ ਵਿਸ਼ੇਸ਼ ਅੰਗ ਸਮਝਦੀ ਹੈ। ਨਾਮ ਰਾਹੀਂ ਨਾਮੀ ਨਾਲ ਅਭੇਦਤਾ ਹੁੰਦੀ ਹੈ, ਇਸ ਲਈ ਨਾਮ ਵਿਹੀਨ ਮਨੁੱਖ ਆਪਣਾ ਜਨਮ ਕੇਵਲ ਅਜਾਈਂ ਹੀ ਨਹੀਂ ਗਵਾਂਦਾ, ਸਗੋਂ ਗਰਭ ਗੇੜ ਦਾ ਮੁੜ-ਮੁੜ ਭਾਗੀ ਹੁੰਦਾ ਹੈ। ਸਤਿਗੁਰੂ ਜੀ ਤਾਂ ਨਾਮ ਹੀਣ ਮਨੁੱਖ ਨੂੰ 'ਧ੍ਰਿਗੁ ਜੀਵਾਸ' ਕਹਿੰਦੇ ਹਨ। ਯਥਾ :

ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥
ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੈ ਪ੍ਰਭੁ ਗੁਣਤਾਸੁ ॥
ਹਉ ਤਿਸੁ ਵਿਟਹੁ ਚਉਖੰਨੀਐ ਮੈ ਨਾਮੁ ਕਰੇ ਪਰਗਾਸੁ ॥
ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥
ਬਿਨੁ ਨਾਵੈ ਜੀਵਣੁ ਨ ਥੀਐ ਮੇਰੇ ਸਤਿਗੁਰ ਨਾਮ ਦ੍ਰਿੜਾਇ ॥੧॥ ਰਹਾਉ ॥੨॥੬੬॥
(ਸ੍ਰੀ ਰਾਗ ਮ: ੪)

ਅਸਲ ਵਿਚ ਜਿੰਦਾ ਉਹ ਹੈ ਜਿਸਦੇ ਹਿਰਦੇ ਨਾਮ ਦਾ ਨਿਵਾਸ ਹੋਵੇ। ਬਿਨ ਨਾਵੈ ਜੀਵਨ ਨਾਕਾਰਾ ਹੈ। ਬੇ-ਆਬਰੂ ਹੈ। ਪਤਿ ਲਹਿੰਦੀ ਹੋਵੇ ਤਾਂ ਖਾਧਾ ਪੀਤਾ ਹਰਾਮ ਹੋ ਜਾਂਦਾ ਹੈ। ਰਾਜ ਤੇ ਮਾਲ ਇਜ਼ਤ ਨਹੀਂ। ਇਹ ਤਾਂ ਨੰਗਾਂ ਨੂੰ ਵੀ ਮਿਲ ਜਾਂਦੇ ਹਨ, ਪਰ ਉਹਨਾਂ ਦੀ ਇਜ਼ਤ ਆਬਰੂ ਕੋਈ ਨਹੀਂ ਹੁੰਦੀ। ਏਸ ਲਈ ਉਹ ਮਨੁੱਖ ਜੋ ਨਾਮ ਵਿਸਾਰ ਮਾਇਕ ਰੰਗ ਵਿਚ ਰੱਤਾ ਹੈ ਉਹ ਕੇਵਲ ਆਪਣੀ ਇਜ਼ਤ ਹੀ ਨਹੀਂ ਗਵਾ ਰਿਹਾ ਸਗੋਂ ਆਪਣਾ ਆਪ ਸਗਵਾਂ ਠਗਾ ਰਿਹਾ ਹੈ। ਸਾਹਿਬ ਫੁਰਮਾਂਦੇ ਹਨ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ਵਿਣੁ ਨਾਵੈ ਪਤਿ ਗਇਆ ਗਵਾਇ ॥੧॥੯॥
(ਸਲੋਕ ਮ: ੧ ਵਾਰ ਮਾਝ)

ਨਾਮ ਬਿਨਾਂ ਸਾਰੇ ਸਵਾਦ, ਹਾਰ-ਸ਼ਿੰਗਾਰ, ਭੋਗ-ਵਿਲਾਸ, ਸੁਹਾਣੀ ਸੇਜ,

ਲਸ਼ਕਰ, ਚੋਬਦਾਰ, ਮਹਿਲਾਂ ਦਾ ਵਾਸ ਆਦਿ ਸਾਰੇ ਸੁਖ ਸਗੋਂ ਬਿਨਾਸਕਾਰੀ ਹਨ। ਗੁਰੂ ਨਾਨਕ ਦੇਵ ਜੀ ਦਸਦੇ ਹਨ;

> ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
> ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
> ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸੁ ॥
> ਕਿਆ ਲਸਕੁਰ ਕਿਆ ਨੇਬ ਖ਼ਵਾਸੀ ਆਵੈ ਮਹਲੀਂ ਵਾਸੁ ॥
> ਨਾਨਕ ਸਚੇ ਨਾਮੁ ਵਿਣੁ ਸਭੇ ਟੋਲ ਵਿਣਾਸੁ ॥੧॥੧੦॥

ਸਲੋਕ ਮ: ੧ (ਵਾਰ ਮਾਝ)

ਸੋ ਨਾਮ ਗੁਰਮਤ ਅਨੁਸਾਰ ਅਤਿ ਲੋੜੀਂਦਾ ਤੇ ਸਰਵੋਤਮ ਸਾਧਨ ਹੈ, ਜਿਸ ਰਾਹੀਂ ਜੀਵ ਈਸ਼ਵਰ ਇਕ-ਮਿਕ ਹੋ ਸਕਦੇ ਹਨ। ਪਰ ਨਾਮ ਕੀ ਹੈ ਤੇ ਕਿਵੇਂ ਸਾਖਿਆਤ ਹੁੰਦਾ ਹੈ, ਇਹ ਅਜੇ ਵੀ ਇਕ ਗੁੰਝਲ ਹੀ ਹੈ। ਇਸ ਗੁੰਝਲ ਨੂੰ ਸੁਲਝਾਣ ਲਈ ਗੁਰਬਾਣੀ ਗੁਰੂ ਹੇਠ ਲਿਖੀ ਵਿਚਾਰ ਬਖਸ਼ਦੀ ਹੈ।

ਨਾਮ ਦੀਆਂ ਤਿੰਨ ਵਖੋ-ਵਖਰੀਆਂ ਅਵਸਥਾਵਾਂ ਹਨ, ਜਿਹਨਾਂ ਵਿਚੋਂ ਹਰ ਜਗਯਾਸੂ ਨੂੰ ਲੰਘਣਾ ਪੈਂਦਾ ਹੈ ਤੇ ਉਹ ਇਸ ਪ੍ਰਕਾਰ ਹਨ:

੧. ਨਾਮ ਦਾ ਜਾਪ।

੨. ਨਾਮ ਦਾ ਨਿਵਾਸ।

੩. ਨਾਮ ਦਾ ਪ੍ਰਗਾਸ।

ਹੁਣ ਅਸੀਂ ਸੰਖੇਪ ਵਿਚ ਹਰ ਅਵਸਥਾ ਦਾ ਵਖੋ-ਵਖਰਾ ਵਿਚਾਰ ਪੇਸ਼ ਕਰਦੇ ਹਾਂ।

ਨਾਮ ਦਾ ਜਾਪ

ਜਾਪ ਮੁਖ ਰਾਹੀਂ ਬਾਰ-ਬਾਰ ਉਚਾਰਨ ਨੂੰ ਕਹਿੰਦੇ ਹਨ। ਅਕਾਲ ਪੁਰਖ ਦੇ ਕਿਸੇ ਸੰਗਿਯਕ ਨਾਮ ਨੂੰ ਮੁੜ-ਮੁੜ ਮੂੰਹੋਂ ਕਹਿਣਾ ਉਸ ਨਾਮ ਦਾ ਜਾਪ ਕਰਨਾ ਹੈ। ਇਹ ਅਰੰਭਕ ਸਾਧਨ ਹੈ ਅਸਲ ਨਾਮ ਨੂੰ ਹਾਸਲ ਕਰਨ ਦਾ। ਜਿਸ ਤਰ੍ਹਾਂ ਅੰਵਾਣਾ ਜਦੋਂ ਪਹਿਲੋ-ਪਹਿਲ ਸਕੂਲੇ ਪਾਈਏ ਤਾਂ ਉਸ ਨੂੰ ਪਹਾੜੇ ਰਟਾਏ ਜਾਂਦੇ ਹਨ। ਮੁਹਾਰਨੀ ਉਹਨੂੰ ਅਗੇ ਪਿਛੇ ਪੜ੍ਹਾ ਕੇ ਯਾਦ ਕਰਵਾਈ ਜਾਂਦੀ ਹੈ। ਪਹਿਲਾਂ-ਪਹਿਲ ਤਾਂ ਉਹ ਆਪ-ਮੁਹਾਰੇ ਪਹਾੜੇ ਤੇ ਮੁਹਾਰਨੀ ਤੋਤੇ ਵਾਂਗ ਬੋਲ ਕੇ ਸੁਣਾ ਦੇਂਦਾ ਹੈ, ਪਰ ਉਸ ਨੂੰ ਨਾ ਤਾਂ ਅਖਰ ਦੀ ਪਛਾਣ ਹੀ ਹੁੰਦੀ ਹੈ ਤੇ ਨਾ ਪਹਾੜਿਆਂ ਦੀ ਵਰਤੋਂ ਦਾ ਕੁਝ ਗਿਆਨ ਹੀ ਹੁੰਦਾ ਹੈ। ਪਰ ਸਹਿਜੇ-ਸਹਿਜੇ ਅਖਰ ਤੇ ਪਹਾੜੇ ਉਹਦੇ ਹਿਰਦੇ ਵਿਚ ਲਹਿ

ਜਾਂਦੇ ਹਨ ਤੇ ਇਕ ਦਿਨ ਆਉਂਦਾ ਹੈ ਜਦ ਉਹ ਚੰਗਾ ਹਿਸਾਬਦਾਨ ਤੇ ਪੜ੍ਹਾਕੂ ਬਣ ਜਾਂਦਾ ਹੈ। ਇਸੇ ਤਰ੍ਹਾਂ 'ਨਾਮ ਦਾ ਜਾਪ' ਅਰੰਭ ਵਿਚ ਤਾਂ ਇਕ ਤੋਤੇ ਰਟਾ ਹੀ ਹੁੰਦਾ ਹੈ ਪਰ ਸਹਿਜੇ-ਸਹਿਜੇ ਇਹ ਹਿਰਦੇ ਵਿਚ ਥਾਂ ਬਣਾ ਲੈਂਦਾ ਹੈ ਤੇ ਅੰਤ ਵਿਚ ਸੁਭਾ ਵਿਚ ਰਚ-ਮਿਚ ਜਾਂਦਾ ਹੈ। ਏਸ ਲਈ ਗੁਰਮੱਤ ਵਿਚ ਨਾਮ ਦੇ ਜਾਪ ਤੇ ਕਾਫੀ ਜ਼ੋਰ ਦਿਤਾ ਗਿਆ ਹੈ। ਸਤਿਗੁਰੂ ਫੁਰਮਾਂਦੇ ਹਨ :

ਜਪੁ ਮਨ ਸਿਰੀ ਰਾਮੁ ॥ ਰਾਮ ਰਮਤ ਰਾਮੁ ॥
ਸਤਿ ਸਤਿ ਰਾਮੁ ॥
ਬੋਲਹੁ ਭਈਆ ਸਦ ਰਾਮੁ ਰਾਮੁ ਰਾਮੁ ਰਵਿ ਰਹਿਆ ਸਰਬਗੇ ॥੧॥੬॥੧੩॥
(ਸਾਰੰਗ ਮ: ੩)

ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥

………… ……………

ਰਸਨਾ ਨਾਮੁ ਜਪਹੁ ਤਬੁ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ ॥
(ਸੂਹੀ ਮ: ੧)

ਸਾਕਤ ਜੋ ਸ਼ਕਤੀ ਦਾ ਉਪਾਸ਼ਕ ਹੈ, ਲੋਭੀ ਤੇ ਮੂਰਖ ਹੈ, ਪਰ ਗੁਰਮੁਖ ਨਾਮ ਜਪ ਕੇ ਮਨ ਨੂੰ ਸੁੰਦਰ ਬਣਾ ਲੈਂਦਾ ਹੈ :

ਸਾਕਤੁ ਲੋਭੀ ਇਹੁ ਮਨ ਮੂੜਾ ॥ ਗੁਰਮੁਖ ਨਾਮ ਜਪੈ ਮਨ ਰੂੜਾ ॥੩॥
(ਆਸਾ ਮ: ੧ ਅਸ਼ਟਪਦੀਆ)

ਨਾਮ ਦਾ ਨਿਵਾਸ

ਪਰ ਨਿਰਾ-ਪੁਰਾ ਨਾਮ ਜਪਣਾ ਹੀ ਕਾਫੀ ਨਹੀਂ, ਜਦ ਤਕ ਮੂੰਹ ਦੀ ਆਵਾਜ਼ ਹਿਰਦੇ ਵਿਚੋਂ ਨਾ ਨਿਕਲੇ। ਗੁਰੂ ਜੀ ਦਾ ਫੁਰਮਾਨ ਹੈ :

ਰਾਮ ਰਾਮ ਸਭ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾਂ ਫਲੁ ਪਾਵੈ ਕੋਇ ॥
ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥
ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥੪॥੬॥
(ਗੁਜਰੀ ਮ: ੩)

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੇ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ ॥
(ਵਡਹੰਸ ਮ: ੩ ਅਸ਼ਟਪਦੀਆਂ)

ਹਰਿ ਹਰਿ ਮੁਖ ਤੇ ਬੋਲਣਾ ਮਨਿ ਵੂਠੈ ਸੁਖੁ ਹੋਇ ॥
ਨਾਨਕ ਸਭ ਮਹਿ ਰਵਿ ਰਹਿਆ ਥਾਨ ਬਨੰਤਰਿ ਸੋਇ ॥੫੧॥
(ਗਉੜੀ ਬਾਵਨ ਅਖਰੀ ਮ: ੫)

ਗਾਵਨਹਾਰੀ ਗਾਵੈ ਗੀਤ ॥ ਤੇ ਉਧਰੇ ਬਸੇ ਜਿਹ ਚੀਤ ॥੧॥
ਪੇਖੇ ਬਿੰਜਨ ਪਰੋਸਨਹਾਰ ॥ ਜਿਹ ਭੋਜਨੁ ਕੀਨ ਤੇ ਤ੍ਰਿਪਤਾਰ ॥੨॥
(ਕਾਨੜਾ ਮ: ੫)

ਨਾਮ ਦਾ ਸਵਾਦ ਉਸੇ ਨੂੰ ਹੀ ਆਵੇਗਾ, ਜੋ ਕੇਵਲ ਰਸਨਾ ਨਾਲ ਹੀ ਨੀਂਹ ਸਗੋਂ ਹਿਰਦੇ ਰਾਹੀਂ ਜਪੇ :

ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥੧॥੬॥
(ਮਲਾਰ ਮ: ੧)

ਹਿਰਦੇ ਰਾਹੀਂ ਧਿਆਉਣ ਦਾ ਨਾਮ ਹੀ ਸ਼ਿਮਰਨ ਹੈ। ਸ਼ਿਮਰਨ ਬਿਨਾ ਜੀਵਨ ਥੋਥਾ ਹੈ। ਦੁਖ ਰੂਪ ਹੈ। ਅਨੰਤ ਰੋਗਾਂ ਦਾ ਕਾਰਨ ਹੈ ਏਸੇ ਲਈ ਸਤਿਗੁਰੂ ਜੀ ਸਿਮਰਨ ਤੇ ਜ਼ੋਰ ਦੇਂਦੇ ਹਨ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥੧॥੧॥
(ਗਉੜੀ ਸੁਖਮਨੀ ਮ: ੫)

ਸਿਮਰਿ ਸਿਮਰਿ ਨਾਮੁ ਬਾਰੰਬਾਰ ਨਾਨਕ ਜੀਅ ਕਾ ਇਹੈ ਅਧਾਰ ॥੨॥੨੪॥
(ਗਉੜੀ ਸੁਖਮਨੀ ਮ: ੫)

ਸਿਮਰਨ ਹੀਨ ਮਨੁੱਖ, ਆਤਮ-ਘਾਤੀ ਹੈ, ਅਜਿਹਾ ਬੇ-ਅਰਥ ਜੀਵਨ ਬਿਤਾਣ ਵਾਲੇ ਨੂੰ ਮਰ ਜਾਣਾ ਚਾਹੀਦਾ ਹੈ। ਖਾਣ-ਪੀਣ ਤੇ ਮੌਜ ਉਡਾਣ ਵਾਲਾ ਸਜਨ ਇਸ ਤਰ੍ਹਾਂ ਆਪਣੇ ਆਪ ਨੂੰ ਬਣਾ ਸਜਾ ਰਿਹਾ ਹੈ। ਜਿਸ ਤਰ੍ਹਾਂ ਮੁਰਦੇ ਨੂੰ ਚੰਗੇ-ਚੰਗੇ ਖਫਣ ਤੇ ਬਸਤਰਾਂ ਨਾਲ ਸਜਾਇਆ ਗਿਆ। ਭਲਾ ਦਸੋ ਉਹ ਸ਼ਿੰਗਾਰ ਮੁਰਦੇ ਦੇ ਕਿਸ ਅਰਥ ਹਨ ? ਜਿਸ ਪਾਸ ਹਰੀ ਜਸ ਸੁਣਨ ਦਾ ਸਮਾਂ ਨਹੀਂ, ਉਹ ਭਾਵੇਂ ਆਪਣੇ-ਆਪ ਨੂੰ ਕਿੰਨਾ ਵੀ ਕੁਲੀਨ ਤੇ ਵਡਾ ਸਮਝੇ, ਪਰ ਸਤਿਗੁਰੂ ਤਾਂ ਉਸ ਨੂੰ ਪਸ਼ੂ, ਪੰਛੀ ਤੇ ਰੀਂਗਦੇ ਕੀੜਿਆਂ ਦੀਆਂ ਜੌਨੀਆਂ ਤੋਂ ਵੀ ਬਦਤਰ ਸਮਝਦੇ ਹਨ। ਧੁਰ ਕੀ ਬਾਣੀ ਵਿਚ ਆਇਆ ਹੈ :

ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥੧॥
ਮਰਿ ਨ ਜਾਹੀ ਜਿਨ ਬਿਸਰਤ ਰਾਮ ॥ ਨਾਮ ਬਿਹੂਨ ਜੀਵਨ ਕਉਨ ਕਾਮ ॥੧॥ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥ ਕਵਨ ਅਰਥ ਮਿਰਤਕ ਸੀਗਾਰ ॥੨॥
ਜੋ ਨ ਸੁਨਹਿ ਜਸੁ ਪਰਮਾਨੰਦਾ ॥ ਪਸੁ ਪੰਛੀ ਤ੍ਰਿਗਦ ਜੋਨਿ ਤੇ ਮੰਦਾ ॥੩॥
(ਗਊੜੀ ਗਵਾਰੇਗੀ ਮ: ੫)

ਕਿਤੇ-ਕਿਤੇ ਤਾਂ ਗੁਰੂ ਅਰਜਨ ਨਾਮ ਬਿਹੀਨ ਮਨੁੱਖ ਨੂੰ ਸਾਕਤ ਕਹਿ ਕੇ ਅਤਿ ਨੀਵੇਂ ਦਰਜੇ ਦੀਆਂ ਉਪਮਾਵਾਂ ਦੇ ਕੇ ਤ੍ਰਿਸਕਾਰਦੇ ਹਨ :

ਬਿਨ ਸਿਮਰਨ ਜੈਸੇ ਸਰਪ ਆਰਜਾਰੀ ॥
ਤਿਉ ਜੀਵਹਿ ਸਾਕਤ ਨਾਮ ਬਿਸਾਰੀ ॥੧॥
ਏਕ ਨਿਮਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥੧॥
ਬਿਨੁ ਸਿਮਰਨ ਧ੍ਰਿਗ ਕਰਮ ਕਰਾਸ ॥ ਕਾਗ ਬਤਨ ਬਿਸਟਾ ਮਹਿ ਵਾਸ ॥੨॥
ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸਵਾ ਪੂਤ ਨਿਨਾਮ ॥੩॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ ਬੋਲਹਿ ਕੂੜੁ ਸਾਕਤ ਮੁਖੁ ਕਾਰਾ ॥੪।
ਬਿਨੁ ਸਿਮਰਨ ਗਰਧਬ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥੫॥
ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥੬॥
ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥
(ਗਉੜੀ ਮ: ੫)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਅਜਿਹੀ ਹੀ ਫਿਟਕਾਰ ਪਾਂਦੇ ਹਨ :

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨ ॥
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨ ॥੪੪॥
(ਸਲੋਕ ਮ: ੯)

ਗੁਰੂ ਨਾਨਕ ਤਾਂ ਇਥੋਂ ਤਕ ਆਖ ਜਾਂਦੇ ਹਨ, ਜਿਸ ਤਤੇ ਨੇ ਨਾਮ ਵਿਸਾਰ ਦਿਤਾ ਹੈ, ਉਹਨੂੰ ਤਾਂ ਭਸਮ ਕਰ ਦੇਣਾ ਚਾਹੀਦਾ ਹੈ। ਅਜੇਹੇ ਮਨੁੱਖ ਨੂੰ ਜਦੋਂ ਧੁਰ ਦਰਗਾਹੋਂ ਪੈਂਦੀਆਂ ਹਨ, ਓਦੋਂ ਕੁਝ ਵੀ ਨਹੀਂ ਹੋ ਸਕਦਾ :

ਨਾਨਕ ਇਹੁ ਤਨ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬਿੜੈ ਤਿਤੁ ਨਿਵੰਧੈ ਤਾਲਿ ।੧॥੧੧॥
(ਸਲੋਕ ਮ: ੧ ਵਾਰ ਸੂਹੀ ਮ: ੩)

ਇਸਦਾ ਇਹ ਮਕਸਦ ਨਹੀਂ ਕਿ ਇਨਸਾਨ ਕਾਰੋਬਾਰ ਤਿਆਗ ਕੇ ਨਿਰਾ ਵਿਰੱਕਤ ਹੋ ਨਿਵਿਰਤੀ ਮਾਰਗ ਅਪਨਾ ਲਵੇ ਤੇ ਜਗਤ ਵਲੋਂ ਉਕਾ ਹੀ ਮੂੰਹ ਮੋੜ ਲਵੇ। ਇਹ ਤਾਂ ਸਵਾਰਥ ਹੈ। ਸਿਖ ਨੇ ਤਾਂ ਜਗਤ ਨੂੰ ਸਚੇ ਦੀ ਕੋਠੜੀ ਜਾਣ, ਇਸਨੂੰ ਸਤ ਕਰ ਮੰਨਣਾ ਹੈ। ਆਪ ਜਪਣਾ ਤੇ ਹੋਰਾਂ ਨੂੰ ਜਪਾਣਾ ਹੈ। ਦੁਨੀਆਂ ਵਿਚ ਸੇਵਕ ਬਣ ਦਰਗਾਹ ਵਿਚ ਲਾਡ ਲਡਾਣੇ ਹਨ। ਪ੍ਰਉਪਕਾਰ ਚਿਤਵਣਾ ਹੈ ਤੇ ਜਗਤ ਨੂੰ ਹਰ ਕਾ ਰੂਪ ਜਾਣ ਉਸ ਨੂੰ ਪਿਆਰਨਾ ਹੈ। ਸੋ ਮਾਇਆ ਦਾ ਤਿਆਗ ਇਸ ਦਾ ਸ਼ੇਵਾ ਨਹੀਂ, ਸਗੋਂ ਸਭੇ ਕੁਝ ਹਾਸਲ ਕਰਕੇ

ਦੇਣ ਵਾਲੇ ਨੂੰ ਸਲਾਹੁਣਾ ਤੇ ਸਿਮਰਨ ਕਰਨਾ ਇਸ ਨੂੰ ਦਰਕਾਰ ਹੈ। ਗੁਰੂ ਅਰਜੋਨ ਅਜੇਹੇ ਸਜਨ ਨੂੰ ਜਿਸ ਨੂੰ ਕਰਤਾਰ ਨੇ ਸਭੋ ਕੁਝ ਬਖਸ਼ਿਆ ਹੈ, ਚਿਤਾਵਨੀ ਕਰਾਉਂਦੇ ਹਨ :

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥੬॥
(ਗਉੜੀ ਸੁਖਮਨੀ ਮ: ੫)

ਪਰ ਅਜਿਹੇ ਮਾਇਆ ਧਾਰੀ ਨੂੰ, ਜੋ ਵਿਸਥਾਰੇ ਤਾਂ ਕਰਦਾ ਹੈ, ਮਨ ਖਿਲਾਸ ਤੇ ਸਵਾਂਦਾਂ ਦੇ ਰਸ ਮਾਣਦਾ ਹੈ, ਪਰ ਦਾਤਾਰ ਨੂੰ ਵਿਸਾਰ ਬੈਠਾ ਹੈ, ਸਾਹਿਬ ਉਸ ਨੂੰ ਕਰੜੇ ਸ਼ਬਦਾਂ ਵਿਚ ਤਾੜਦੇ ਹਨ ਤੇ ਵਿਸ਼ਟਾ ਦਾ ਕੀੜਾ ਕਰ ਕੇ ਜਾਣਦੇ ਹਨ :

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ ॥
ਕਦਾਚੰ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥

ਅਰਥਾਤ :

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥
ਸੋ ਪ੍ਰਭੁ ਚਿਤਿ ਨ ਆਵਈ ਵਿਸ਼ਟਾ ਕੇ ਕੀਰੇ ॥

ਮਨ ਵਿਚ ਸੰਤੋਖ ਤਾਂ ਤਦੇ ਹੀ ਆਵੇਗਾ ਜੇ ਕਰ ਹਰੀ ਨਾਮ ਚੇਤੇ ਆਵੇ ਨਹੀਂ ਤਾਂ :

ਬਿਨ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨ ਧੀਰੇ ॥੬॥
(ਵਾਰ ਜੈਤਸਰੀ ਮ: ੫)

ਵਿਸ਼ੇ ਸਰੀਰ ਨੂੰ ਸ਼ਾਂਤੀ ਨਹੀਂ, ਸਗੋਂ ਅਸ਼ਾਂਤੀ ਦੀ ਅੱਗ ਵਿਚ ਦਗਦ ਕਰਦੇ ਹਨ। ਨਾ ਰੱਜ ਆਉਂਦਾ ਹੈ ਨਾ ਧੀਰਜ। ਸਗੋਂ ਦੁਖਾਂ ਕਲੇਸ਼ਾਂ ਵਿਚ ਸੜਨਾ ਪੈਂਦਾ ਹੈ। ਸਾਹਿਬ ਫੁਰਮਾਂਦੇ ਹਨ :

ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥੫॥
॥੧੨॥ ਗਉੜੀ ਸੁਖਮਨੀ ਮ: ੫

ਅੰਤ ਵਿਚ ਕੇਵਲ [illegible] ਹੀ [illegible] [illegible] ਹੈ। ਛੁਟਕਾਰਾ ਨਾਮ ਸਿਮਰਨ ਵਿਚ ਹੈ। ਸਿਮਰਨ ਹੀ ਭਗਤੀ ਹੈ, ਸਿਮਰਨ ਹੀ ਸ਼ਕਤੀ ਹੈ, ਸਿਮਰਨ ਹੀ ਸ਼੍ਰੇਸ਼ਟ ਧਰਮ ਹੈ, ਸਿਮਰਨ ਹੀ ਸ੍ਰੇਸ਼ਟ ਕਰਮ ਹੈ। ਤਤ ਦੀ ਗਲ ਇਹ ਹੈ:

ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀਂ ਛੁਟਕਾਰਾ ॥੩॥੧੬॥੨੭॥
(ਰਾਮਕਲੀ ਮ: ੫)

ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥ ਜਨਮ ਜਨਮ ਕਾ ਉਤਰੈ ਭਾਰੁ ॥
੩ ॥ ੩੦ ॥ ੪੧ ॥ (ਰਾਮਕਲੀ ਮ. ੫)

ਇਸ ਹਿਰਦੇ ਰਾਹੀਂ ਧਿਆਉਣ, ਅਰਥਾਤ ਸਿਮਰਨ ਨੂੰ ਹੀ ਨਾਮ ਦਾ ਨਿਵਾਸ ਕਿਹਾ ਜਾਂਦਾ ਹੈ।

ਨਾਮ ਪਰਗਾਸ

ਜਪ ਸਿਮਰਣ ਲਈ ਰਸਤਾ ਬਣਾਂਦਾ ਹੈ। ਸਹਿਜੇ ਸਹਿਜੇ ਜਪ ਰਾਹੀਂ ਨਾਮ ਹਿਰਦੇ ਵਿਚ ਟਿਕਣ ਲਗ ਪੈਂਦਾ ਹੈ ਤੇ ਇਹ ਟਿਕਾਉ ਵਧਦਾ ਵਧਦਾ ਧਿਆਨ ਦਾ ਰੂਪ ਧਾਰ ਲੈਂਦਾ ਹੈ। ਜੋ ਚੀਜ਼ ਸਾਡੀ ਸੁਰਤ ਵਿਚ ਸਮਾ ਜਾਵੇ, ਉਹੀ ਤੇ ਧਿਆਨ ਹੈ। ਧਿਆਨ ਸਾਡਾ ਚੇਤਾ ਹੈ, ਯਾਦ ਹੈ, ਸਿਮਰਤੀ ਹੈ ਤੇ ਇਸਦਾ ਹਿਰਦੇ ਵਿਚ ਸਥਾਈ ਰਹਿਣਾ ਹੀ ਸਿਮਰਨ ਹੈ। ਨਿਤ ਦਾ ਸਿਮਰਨ ਸਾਡੀ ਲਿਵ ਹੈ। ਲਿਵ ਲਗੀ ਰਹੇ ਤਾਂ ਲਿਵਤਾਰ ਹੋ, ਸੁਭਾਉ ਦਾ ਸਥਾਈ ਅੰਗ ਬਣ ਜਾਂਦੀ ਹੈ। ਸੁਭਾਉ ਵਿਚ ਰਚ ਮਿਚ ਜਾਂਦੀ ਹੈ। ਸੁਭਾਉ ਹੀ ਸਾਡੇ ਫੁਰਨਿਆਂ ਤੇ ਕਰਮਾਂ ਦਾ ਪਰੇਰਕ ਹੁੰਦਾ ਹੈ। ਜੋ ਸਿਮਰਨ ਸੁਭਾਉ ਬਣ ਜਾਵੇ, ਤਾਂ ਆਪ-ਮੁਹਾਰਾ ਹਿਰਦੇ ਰਾਹੀਂ ਜਾਪ ਹੋਣ ਲਗ ਪੈਂਦਾ ਹੈ। ਇਸ ਨੂੰ ਹੀ ਅਜਪਾ ਜਾਪ ਕਹਿੰਦੇ ਹਨ। ਇਸਦਾ ਨਾਮ ਹੀ ਸਵਾਸ ਸਵਾਸ ਸਿਮਰਨ ਹੈ।

ਜਦ ਹਿਰਦੇ ਵਿਚ ਵਾਸਾ ਹੀ ਨਾਮ ਦਾ ਹੈ। ਫੇਰ ਨਾਮ ਬਿਨਾ ਕੋਈ ਦੂਜਾ ਫੁਰਨਾ ਹੀ ਨਹੀਂ ਫੁਰ ਸਕਦਾ। ਜਦ ਨਾਮ ਵਸਿਆ ਤਾਂ ਹਉਮੈ ਗਈ। ਹਉਮੈ ਹੀ ਜਨਮ ਜਨਮਾਤਰਾਂ ਦੀ ਮੈਲ ਸੀ। ਮੈਲ ਮੁਕੀ, ਮਨ ਨਿਰਮਲ ਹੋ ਗਿਆ। ਨਿਰਮਲ ਮਨ ਜੋਤ ਸਰੂਪ ਸੀ, ਪਛਾਣ ਆ ਗਈ, ਮੂਲ ਸੁਝ ਪਿਆ। ਫੇਰ ਕੋਟ ਸੂਰ ਉਜਿਆਰਾ ਹੋ ਗਿਆ। ਇਹ ਹੈ ਅਵਸਥਾ ਨਾਮ ਪਰਗਾਸ ਦੀ। ਇਹੀ 'ਗੁਪਤ ਨਾਮ ਪਰਗਾਸ' ਹੈ।

ਕੀ ਨਾਮ ਬੋਲੀ ਦਾ ਵਿਸ਼ਾ ਹੈ ?

ਪਿਛੇ ਕੀਤੀ ਵਿਚਾਰ ਤੋਂ ਅਸੀਂ ਇਹ ਤਾਂ ਜਾਣ ਜਾਂਦੇ ਹਾਂ, ਜੋ ਨਾਮ

ਜਪਣਾ, ਨਾਮ ਸਿਮਰਨਾ ਤੇ ਨਾਮ ਨੂੰ ਸੁਭਾਉ ਵਿਚ ਰਚਾਣਾ ਸਾਧਨ ਹਨ, ਗੁਪਤ ਨਾਮ ਪਰਗਾਸਣ ਦੇ। ਪਰ ਨਾਮ ਕੀ ਹੈ, ਕਿਸ ਨਾਮ ਦਾ ਜਾਪ ਕਰੀਏ ? ਸਿਮਰਨ ਕਿਸ ਦਾ ਕਰੀਏ ਜਾਂ ਉਹ ਕਿਹੜਾ ਨਾਮ ਹੈ, ਜੋ ਸੁਭਾ ਵਿਚ ਰਚ ਮਿਚ ਕੇ ਆਪ-ਮੁਹਾਰਾ ਅਜਪਾ ਜਾਪ ਹੋ ਜਾਇ ?

ਅਜ ਰਟਾ ਹੀ ਇਸ ਗਲ ਦਾ ਪਿਆ ਹੈ। ਕੋਈ ਅਮਕਾ ਨਾਉਂ ਦਸਦਾ ਹੈ, ਕੋਈ ਆਪਣਾ ਹੀ ਨਿਆਰਾ ਢੋਲ ਵਜਾਂਦਾ ਹੈ। ਕੋਈ ਏਜੰਟਾਂ ਰਾਹੀਂ ਨਾਮ ਦੇਣ ਦੇ ਡੰਕੇ ਵਜਾ ਰਿਹਾ ਹੈ। ਸੋ ਨਾਮ ਕੀ ਹੈ, ਇਹ ਗੁੰਝਲ ਕਿਵੇਂ ਖੁਲ੍ਹੇ ? ਆਓ, ਏਸ ਗਲ ਤੇ ਥੋੜੀ ਵਿਚਾਰ ਕਰ ਵੇਖੀਏ।

ਨਾਮ ਕੋਈ ਸੰਗਿਆ ਨਹੀਂ ਤੇ ਨਾ ਹੀ ਇਸ ਨੂੰ ਅਸੀਂ ਬੋਲੀ ਦਾ ਵਿਸ਼ਾ ਕਹਿ ਸਕਦੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਸਾਨੂੰ ਸਮਝਾਣ ਲਈ ਸ੍ਰੀ ਜਪੁਜੀ ਸਾਹਿਬ ਵਿਚ ਦਸਦੇ ਹਨ। ਵਾਹਿਗੁਰੂ ਦੀ ਰਚਨਾ ਦਾ ਕੋਈ ਅੰਤ ਨਹੀਂ। ਇਹ ਰਚਨਾ ਕੋਈ ਤਿੰਨਾਂ ਲੋਕਾਂ ਵਿਚ ਮਹਿਦੂਦ ਨਹੀਂ, ਸਗੋਂ 'ਅਗੰਮ ਅਗੰਮ ਅਸੰਖ ਲੋਅ' ਹਨ ਤੇ ਵਾਹਿਗੁਰੂ ਜੀ ਬਖਸ਼ਸ਼ ਕਰਨ ਵਾਲੇ ਦਰ ਤੇ (ਕਰਮ ਖੰਡ ਵਿਚ) ਅਨੇਕਾਂ ਲੋਕਾਂ ਦੇ ਭਗਤ ਉਹਦੀ ਬਖਸ਼ਿਸ਼ ਦੇ ਪਾਤਰ ਬਣ ਅਨੰਦ ਮਾਣ ਰਹੇ ਹਨ:—

> ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
>
> (ਜਪੁਜੀ ਸਾਹਿਬ)

ਜਿਵੇਂ ਸਾਡੀ ਪ੍ਰਿਥਵੀ ਦੇ ਕਈ ਖੰਡ ਹਨ। ਜਿਵੇਂ ਸਾਡੇ ਸੂਰਜ ਦੇ ਕਿੰਨੇ ਸਿਆਰੇ ਹਨ, ਜਿਹਨਾਂ ਵਿਚੋਂ ਹੀ ਸਾਡੀ ਪ੍ਰਿਥਵੀ ਇਕ ਸ਼ਿਆਰਾ ਹੈ। ਅਗੋਂ ਕਈ ਸੂਰਜ ਹੋਏ। ਹਰ ਸੂਰਜ ਦਾ ਬ੍ਰਹਮੰਡ ਹੋਇਆ। ਫੇਰ ਅਣਗਿਣਤ ਸੂਰਜ ਤੇ ਅਣਗਿਣਤ ਹੀ ਉਹਨਾਂ ਦੇ ਬ੍ਰਹਿਮੰਡ। ਹਰ ਬ੍ਰਹਿਮੰਡ ਦੇ ਕਈ ਕਈ ਖੰਡ। ਕੌਣ ਗਿਣੇ ਇਸ ਸਾਰੀ ਰਚਨਾ ਨੂੰ।

ਗੁਰੂ ਨਾਨਕ ਜੀ ਤਾਂ ਸੰਖੇਪ ਵਿਚ 'ਅਗੰਮ ਅਗੰਮ' ਆਖ ਕੇ ਉਸ ਵਿਸਮਾਦੀ ਰਚਨਾ ਦਾ ਜ਼ਿਕਰ ਕਰ ਲੈਂਦੇ ਹਨ ਤੇ ਪੰਚਮ ਪਾਤਸ਼ਾਹ ਇਸ ਨੂੰ 'ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥' ਆਖ ਕੇ ਦਰਸਾਂਦੇ ਹਨ।

ਹੁਣ ਵਿਚਾਰ ਗੋਚਰੇ ਗਲ ਇਹ ਹੈ, ਜੋ ਹਰ ਲੋਅ ਦੇ ਕਈ ਭਗਤ ਹਨ ਤੇ ਲੋਅ ਅਣਗਿਣਤ। ਤਾਂਤੇ ਭਗਤ ਤਾਂ ਅਣਗਿਣਤ ਲੋਆਂ ਤੋਂ ਵੀ ਅਣਗਿਣਤ

ਹੋਏ। ਹਿੰਦੁਸਤਾਨ ਦੀਆਂ ਬੋਲੀਆਂ ਦਾ ਹੀ ਕੋਈ ਅੰਦਾਜ਼ਾ ਨਹੀਂ । ਭਾਖਾ ਹਨ ਤੇ ਅਗੋਂ ਉਨ੍ਹਾਂ ਦੀਆਂ ਉਪ ਭਾਖਾ ਹਨ। ਫੇਰ ਇਸ ਸਾਡੀ ਨਿਕੀ ਜਿਹੀ ਦੁਨੀਆਂ ਦੀਆਂ ਬੋਲੀਆਂ ਦਾ ਕੋਈ ਸ਼ੁਮਾਰ ਨਹੀਂ । 'ਅਗੰਮ ਅਰੰਮ ਅਸੰਖ ਲੋਅ' ਦੀਆਂ ਬੋਲੀਆਂ ਦਾ ਕੌਣ ਸ਼ੁਮਾਰ ਕਰੇ । ਫੇਰ ਉਹ ਭਗਤ ਕਿਹੜਾ ਨਾਮ ਸਿਮਰਦੇ ਹੋਣਗੇ ? ਅਜ ਅੰਗਰੇਜ਼ੀ ਇਕ ਸੰਸਾਰ ਪ੍ਰਸਿਧ ਬੋਲੀ ਹੈ। ਸਾਡੀ ਦੁਨੀਆਂ ਦੇ ਬਹੁਤੇ ਬੰਦੇ ਇਸ ਨੂੰ ਬੈਨੁਲਕਵਾਮੀ ਜਾਂ ਇੰਟਰਨੈਸ਼ਨਲ ਬੋਲੀ, ਮੰਨਦੇ ਹਨ। ਇਸ ਬੋਲੀ ਵਿਚ ਰਬ ਦਾ ਨਾਂ ਗਾਡ ਹੈ, ਪਰ ਕਸ਼ਮੀਰੀ ਨੂੰ ਗਾਡ ਕਹੋ ਤਾਂ ਉਹ ਮਛੀ ਸਮਝੇਗਾ। ਕਿਉਂਕਿ ਉਸਦੀ ਬੋਲੀ ਵਿਚ ਗਾਡ ਮਛੀ ਨੂੰ ਹੀ ਆਖਿਆ ਜਾਂਦਾ ਹੈ। ਫੇਰ ਬੋਲੀਆਂ ਦੀ ਵਿਖੇਪਤਾ ਵਾਹਿਗੁਰੂ ਦੇ ਇਕੋ ਨਾਮ ਦੀ ਵਿਰੋਧੀ ਹੈ। ਤਾਂ ਤੇ ਨਾਮ ਬੋਲੀ ਦਾ ਵਿਸ਼ਾ ਨਹੀਂ ਹੋ ਸਕਦਾ । ਏਹੀ ਕਾਰਨ ਹੈ ਕਿ ਸਤਿਗੁਰੂ ਨਾਨਕ ਸਚੇ ਸਾਹਿਬ ਦਾ ਨਾਂ ਤਾਂ ਸਚਾ ਹੀ ਕਹਿੰਦੇ ਹਨ, ਪਰ ਬੋਲੀਆਂ ਤੇ ਉਹਨਾਂ ਬੋਲੀਆਂ ਦੇ ਬੋਲਣ ਵਾਲੇ ਅਨੇਕਾਂ ਭਗਤਾਂ ਨੂੰ ਵੇਖ ਕੇ ਅਸਚਰਜਤਾ ਵਿਚ ਪੁਛਦੇ ਹਨ ਕਿ ਫਿਰ ਦਸੋ ਅਸੀਂ ਮੂੰਹੋਂ ਉਹਦਾ ਕਿਹੜਾ ਨਾਮ ਉਚਾਰੀਏ, ਜਿਸ ਕਰਕੇ ਸਾਡੇ ਨਾਲ ਉਹ ਪਿਆਰ ਕਰਨ ਲਗ ਜਾਵੇ :

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
... ...
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥੪॥
(ਜਪੁਜੀ ਸਾਹਿਬ)

ਆਪ ਜੀ ਇਹ ਪ੍ਰਸ਼ਨ ਕਰਕੇ ਕੋਈ ਗੁੰਝਲ ਨਹੀਂ ਪਾਂਦੇ, ਸਗੋਂ ਇਸਦਾ ਨਿਰਨਾ ਕਰਕੇ ਵੀ ਦਸਦੇ ਹਨ। ਪਰ ਅਸੀਂ ਉਸ ਨੂੰ ਅਗੇ ਜਾ ਕੇ ਦਸਣ ਦਾ ਯਤਨ ਕਰਾਂਗੇ। ਅਜੇ ਅਸੀਂ ਇਥੇ ਤਕ ਹੀ ਪੁਜਦੇ ਹਾਂ, ਜੋ ਨਾਮ ਬੋਲੀ ਦਾ ਵਿਸ਼ਾ ਨਹੀਂ ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਜੋ ਨਾਮ ਬੋਲੀ ਦਾ ਵਿਸ਼ਾ ਨਹੀਂ ਤਾਂ ਸਮਝਾਇਆ ਕਿਵੇਂ ਜਾਵੇ। ਆਖਰ ਸਮਝਾਣ ਲਈ ਵੀ ਤਾਂ ਬੋਲੀ ਦਾ ਹੀ ਆਸਰਾ ਲੈਣਾ ਪੈਂਦਾ ਹੈ। ਇਸ ਗਲ ਤੋਂ ਤਾਂ ਹੋਰ ਤਾਂ ਹੋਰ, ਗੁਰੂ ਨਾਨਕ ਦੇਵ ਜੀ ਵੀ ਇਨਕਾਰ ਨਹੀਂ ਕਰ ਸਕੇ। ਜੇ ਅਸੀਂ ਨਾਮ ਨੂੰ ਬੋਲੀ ਰਾਹੀਂ ਕਦੇ ਵੀ ਬਿਆਨ ਨਹੀਂ ਕਰ ਸਕਦੇ। ਪਰ ਫੇਰ ਵੀ ਜਿੰਨਾ ਕੁਝ ਕਹਿ ਸਕਦੇ ਹਾਂ, ਬੋਲੀ ਰਾਹੀਂ ਹੀ ਕਹਿ ਸਕਦੇ ਹਾਂ। ਭਾਵੇਂ ਬੋਲੀ ਅਨੁਭਵ ਨੂੰ ਵਿਆਖਣ ਲਈ ਅਧੂਰੀ ਹੈ, ਫੇਰ ਵੀ ਇਸ ਨੂੰ ਅਪਨਾਣ ਬਿਨਾ ਕੋਈ ਚਾਰਾ ਨਹੀਂ, ਅਖਰ ਵਰਤਣੇ ਹੀ ਪੈਂਦੇ ਹਨ :

ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥
ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥ ੧੯ ॥

(ਜਪੁਜੀ ਸਾਹਿਬ)

ਇਸ ਲਈ ਇਹ ਵਿਸ਼ਾ ਹੈ ਹੀ ਰਹੱਸਵਾਦੀ।

ਕਰਮ ਜਾਂ ਗੁਣਵਾਚਕ ਨਾਮ

ਹੁਣ ਪ੍ਰਸ਼ਨ ਇਹ ਉਠਦਾ ਹੈ, ਜੇਕਰ ਨਾਮ ਕੋਈ ਸੰਗਯਾ ਨਹੀਂ ਤਾਂ ਗੁਰੂ ਗਰੰਥ ਸਾਹਿਬ ਜੀ ਵਿਚ ਤਾਂ ਰਾਮ ਰਾਮ ਥਾਂ ਪਰ-ਥਾਂ ਨਾਮ ਕਰਕੇ ਵਰਤਿਆ ਗਿਆ ਹੈ। ਜਿਵੇਂ:

ਰਾਮ ਨਾਮ ਉਰਿ ਮੈ ਗਹਿਓ ਜਾਕੈ ਸਮ ਨਹੀ ਕੋਇ ॥
ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥ ੫੭ ॥ ੧ ॥

(ਸਲੋਕ ਮ: ੯)

ਪ੍ਰਾਨੀ ਰਾਮ ਨ ਚੇਤਈ ਮਦ ਮਾਇਆ ਕੈ ਅੰਧ ॥
ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥ ੩੧ ॥

(ਸਲੋਕ ਮ: ੯)

ਰਾਮ ਸਿਮਰ ਰਾਮ ਸਿਮਰ ਇਹੈ ਤੇਰੈ ਕਾਜਿ ਹੈ ॥
ਮਾਇਆ ਕੋ ਸੰਗ ਤਿਆਗਿ ਪ੍ਰਭ ਜੂ ਕੀ ਸਰਨਿ ਲਾਗ ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥ ੨ ॥ ੧ ॥

(ਰਾਗ ਜੈਜਾਵੰਤੀ ਮ: ੯)

ਮਨ ਕਹਾ ਬਿਸਾਰਿਓ ਰਾਮ ਨਾਮੁ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥

(ਸਾਰੰਗ ਮ: ੯)

ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ ॥
ਤਾ ਕੋ ਦੂਖ ਹਰਿਓ ਕਰੁਨਾ ਮੈ ਅਪਨੀ ਪੈਜ ਬਢਾਈ ॥੨॥੨॥੧॥

(ਮਾਰੂ ਮ: ੯)

ਰਾਮ ਨਾਮ ਨਰ ਨਿਸਿ ਬਾਸਰ ਮੈ ਨਿਮਖ ਏਕ ਉਰਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥੨॥

(ਰਾਮਕਲੀ ਮ: ੯)

ਮਨ ਰੇ ਸਾਚਾ ਗਹੋ ਬਿਚਾਰਾ ॥ ਰਾਮ ਨਾਮ ਬਿਨੁ ਮਿਥਿਆ ਮਾਨੋ
ਸਗਰੋ ਇਹੁ ਸੰਸਾਰਾ ॥ ੧ ॥

[ਜੈਤਸਰੀ ਮ: ੯]

ਉਪਰੋਕਤ ਪ੍ਰਮਾਣ ਨਾਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਬਾਣੀ ਵਿਚੋਂ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ, ਜੋ ਨੌਂ ਗੁਰੂਆਂ ਤਕ ਦੇ ਸਮੇਂ ਵਿਚ ਰਾਮ ਨਾਮ ਹੀ ਨਾਮ ਸੀ ਤੇ ਇਸੇ ਦਾ ਹੀ ਸਿਮਰਨ ਕੀਤਾ ਜਾਂਦਾ ਸੀ। ਫੇਰ ਨਾਮ ਤਾਂ ਦਸਿਆ ਗਿਆ ਹੈ, ਇਸੇ ਨੂੰ ਕਿਉਂ ਨ ਪਕਾ ਕਰੀਏ ?

ਇਸ ਵਿਚ ਕੋਈ ਸ਼ਕ ਨਹੀਂ ਕਿ ਰਾਮ ਇਕ ਨਾਮ ਹੈ। ਉਹਦੇ ਅਨੰਤ ਕਰਮ ਨਾਮਾਂ ਵਿਚੋਂ ਅਸੀਂ ਇਸ ਨੂੰ ਗੁਣਵਾਚਕ ਨਾਮ ਕਹਿ ਸਕਦੇ ਹਾਂ। ਪਰ ਜਿਸ ਨਾਮ ਦਾ ਅਸੀਂ ਵਿਚਾਰ ਕਰ ਰਹੇ ਹਾਂ, ਉਹ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਰਾਮ ਕਹਿਣ ਤੋਂ ਹੋੜਦੇ ਤਾਂ ਨਹੀਂ, ਸਗੋਂ ਪਰੇਰਦੇ ਹਨ । ਇਕ ਰਾਮ ਹੀ ਨਹੀਂ, ਸਗੋਂ ਕਈ ਇਕ ਹੋਰ ਨਾਮ ਵੀ ਤਾਂ ਗੁਰੂਆਂ ਨੇ ਵਰਨਣ ਕੀਤੇ ਹਨ। ਸ੍ਰੀ ਗੁਰੂ ਅਮਰਦਾਸ ਜੀ ਤਾਂ ਸਾਨੂੰ ਭਈਆ ਆਖ ਕੇ ਪਿਆਰ ਗੜੂੰਦ ਸਿਖਿਆ ਦੇਂਦੇ ਹਨ :

ਜਪੁ ਮਨ ਸਿਰੀ ਰਾਮੁ ॥ ਰਾਮ ਰਮਤ ਰਾਮੁ ॥
ਸਤਿ ਸਤਿ ਰਾਮੁ ॥ ਬੋਲਹੁ ਭਈਆ ਸਦ ਰਾਮੁ ਰਾਮ
ਰਾਮੁ ਰਵਿ ਰਹਿਆ ਸਰਬਗੇ ॥ ੧ ॥ ੬ ॥ ੧੩ ॥
[ਸਾਰੰਗ ਮ: ੩]

ਪਰ ਚੌਥੇ ਗੁਰੂ ਫੁਰਮਾਂਦੇ ਹਨ :

ਜਪਿ ਮਨ ਸਤਿਨਾਮੁ ਸਦਾ ਸਤਿਨਾਮੁ ॥
ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ
ਨਿਰੰਜਨਾ ॥
[ਧਨਾਸਰੀ ਮ: ੪]

ਹੁਣ ਦਸੋ ਰਾਮ ਕਹੀਏ ਕਿ ਸਤਿਨਾਮ, ਸਤਿਨਾਮ ਧਿਆਈਏ ਕਿ ਨਿਰੰਜਨ। ਅਜੇ ਸੋਚ ਹੀ ਰਹੇ ਹਾਂ ਕਿ ਆਵਾਜ਼ ਪੈਂਦੀ ਹੈ :

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ ੫ ॥
[ਵਾਰ ਆਸਾ]

ਫੇਰ ਕੀ ਨਿਰੰਕਾਰ ਆਖੀਏ ? ਨਹੀਂ ਹੋਰ ਆਵਾਜ਼ ਹੈ :

ਭਜਹੁ ਗੋਬਿੰਦੁ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥
੫ ॥ ੧ ॥ ੯ ॥
[ਭੈਰਉ ਕਬੀਰ ਜੀ]

ਫੇਰ ਗੋਬਿੰਦ ਭਜੀਏ ? ਨਹੀਂ ਖੁਦਾ। ਗੁਰੂ ਨਾਨਕ ਤਾਂ ਟੁੰਬ ਕੇ ਕਹਿੰਦੇ ਹਨ। ਚਿੜੀ ਦੀ ਖੁਰਾਕ ਤਾਂ ਅਧਾ ਦਾਣਾ ਵੀ ਨਹੀਂ, ਪਰ ਉਹ ਖਾਂਦੀ ਅਕਾਸ਼ਾਂ ਵਿਚ ਵਿਚਰਦੀ ਸ਼ੁਕਰਾਨੇ ਵਜੋਂ ਖੁਦਾ ਖੁਦਾ ਕਰਦੀ ਹੈ, ਤੇਰੇ ਤੋਂ ਤਾਂ ਉਹੀਉ

ਵੰਗੀ ਹੋਈ। ਕੀ ਤੇਰੇ ਤੋਂ ਉਹ ਅਕ-ਟਿਡਾ ਚੰਗਾ ਨਹੀਂ ਜੋ ਖਾਣ ਨੂੰ ਤਾਂ ਅਕ ਖਾਂਦਾ ਹੈ, ਪਰ ਖੁਦਾ ਖੁਦਾ ਗਾਂਦਾ ਹੈ। ਫੇਰ ਸਜਣਾਂ ਤੂੰ ਕਿਉਂ ਨਹੀਂ ਗਾਂਦਾ ?

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥
... ...
ਅਕ ਸਿਉ ਪ੍ਰੀਤਿ ਕਰੈ ਅਕ ਤਿਡਾ ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹਾ ਚੰਗਾ ਜਿ ਕਰੇ ਖੁਦਾਇ ਖੁਦਾਇ ॥ ੨ ॥ ੧੯ ॥

(ਮਲਾਰ ਕੀ ਵਾਰ)

ਹੋਰ ਸੁਣੋ :

ਅਲਾਹ ਪਾਕੰ ਪਾਕ ਹੈ ਸ਼ਕ ਕਰਉ ਜੇ ਦੂਸਰ ਹੋਇ ॥
ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧ ॥

[ਤਿਲੰਗ ਬਾਣੀ ਕਬੀਰ ਜੀ]

ਗੁਰਮਤ ਇਹਨਾਂ ਸਾਰੇ ਨਾਵਾਂ ਦਾ ਸਤਿਕਾਰ ਕਰਦੀ ਹੈ। ਗੁਰੂ ਅਰਜਨ ਦੇਵ ਜੀ ਤਾਂ ਇਕੋ ਸ਼ਬਦ ਵਿਚ ਅਕਾਲ ਪੁਰਖ ਦੇ ਕਈ ਨਾਮ ਵਰਤੀ ਜਾਂਦੇ ਹਨ, ਪਰ ਅੰਤ ਵਿਚ ਆਖਦੇ ਹਨ, ਉਹਨਾਂ ਦਾ ਭਰਮ ਉਡ ਗਿਆ ਹੈ। ਉਹ ਇਹਨਾਂ ਨਾਵਾਂ ਦੇ ਵਿਤਕਰੇ ਵਿਚ ਨਹੀਂ ਪੈਂਦੇ :

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ਖੁਦਿ ਖੁਦਾਇ ਵਡ ਬੇ ਸੁਮਾਰ ॥੧॥
ਓਨਿਮੋ ਭਗਵੰਤ ਗੁਸਾਂਈ ॥ ਖਾਲਕ ਰਵਿ ਰਹਿਆ ਸਰਬ ਠਾਈ ॥੧॥ ਰਹਾਉ ॥
ਜਗੰਨਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਆਰਾਧੋ ॥
ਰਿਖੀ ਕੇਸ ਗੋਪਾਲ ਗੋਬਿੰਦ ॥ ਪੂਰਨ ਸਰਬਤ੍ਰ ਮੁਕੰਦ ॥੨॥
ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕ਼ਾਂਬਰ ਸੇਖ ॥
ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕ । ੩॥
ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਅਧਾਰ ॥
ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥੪॥
ਮਿਹਰ ਦਇਆ ਕਰਿ ਕਰਨੈ ਹਾਰ ॥ ਭਗਤਿ ਬੰਦਗੀ ਦੇਹਿ ਸਿਰਜਣੰ ਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ । ਏਕਹੁ ਅਲਹੁ ਪਾਰਬ੍ਰਹਮ ॥੫॥੩੪॥੪੫)

(ਰਾਮਕਲੀ ਮ: ੫)

ਇਹ ਤਾਂ ਹੋਏ ਕਰਮ ਨਾਮ, ਵਾਸਤਵਿਕ ਨਾਮ ਕੀ ਹੈ ? ਕੀ ਉਹ ਇਹਨਾਂ ਨਾਵਾਂ ਤੋਂ ਅਡਰਾ ਹੈ ? ਜਾਂ ਇਹ ਸਾਰੇ ਹੀ ਉਸ ਦੇ ਨਾਮ ਹਨ। ਹੁਣ ਅਸਾਂ ਇਸ ਗੱਲ ਤੇ ਵਿਚਾਰ ਕਰਨੀ ਹੈ।

ਨਾਮ ਰੂਪ

ਨਾਮ ਤੇ ਰੂਪ ਪ੍ਰਸਪਰ ਸਬੰਧੀ ਹਨ। ਜਿਸ ਦਾ ਨਾਮ ਹੈ ਉਸ ਦਾ ਰੂਪ ਵੀ ਹੈ। ਫੇਰ ਨਾਮ ਮੰਨਣ ਨਾਲ ਰੂਪ ਵੀ ਮੰਨਣਾ ਪਵੇਗਾ। ਪਰ ਗੁਰਮਤ ਤਾਂ ਅਕਾਲ ਪੁਰਖ ਨੂੰ ਅਰੂਪ ਮੰਨਦੀ ਹੈ :

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੇ ਸੁਪ੍ਰਸੰਨ ॥੧॥੧੬॥

(ਗਉੜੀ ਸੁਖਮਨੀ ਮ: ੫)

ਉਹ ਤਾਂ :

ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸੁ ਭਾਉ ਨ ਭਰਮਾ ॥੧॥
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੇ ਸਬਦਿ ਨੀਸਾਣੁ ॥੨॥ ਰਹਾਉ ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥

(ਸੋਰਠ ਮ: ੧)

ਦਸ਼ਮ ਪਾਤਸ਼ਾਹ ਵੀ ਫੁਰਮਾਂਦੇ ਹਨ :

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥੧॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥
ਅਰੂਪ ਹੈਂ । ਅਨੂਪ ਹੈਂ ॥੨੯॥

(ਜਾਪ ਸਾਹਿਬ)

ਜਦ ਰੂਪ ਕੋਈ ਨਹੀਂ ਤਾਂ ਫਿਰ ਨਾਮ ਕਿਵੇਂ ਹੋ ਸਕਦਾ ਹੈ। ਇਸੇ ਲਈ ਉਸ ਨੂੰ ਅਨਾਮ ਕਹਿ ਕੇ ਨਮਸ਼ਕਾਰ ਕਰਦੇ ਹਨ :

ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥
ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥
ਨਮਸਤੰ ਨਿਰਨਾਮੇ ॥ ਮਮਸਤੰ ਨਿਰਕਾਮੇ ॥੧੧॥
ਅਨਾਮ ਹੈ ॥ ਅਕਾਮ ਹੈ ॥੩੦॥
ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥੪੯॥

> ਨਾਮ ਠਾਮੁ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥
> ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥
> ਦੇਸ ਅਰ ਨ ਭੇਸ ਜਾਕਰ ਰੂਪ ਰੇਖ ਨ ਰਾਗ ॥
> ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥
>
> (ਜਾਪ ਸਾਹਿਬ ਪਾ: ੧੦)

ਫ਼ੇਰ ਉਹ ਅਰੂਪ ਵੀ ਹੈ ਤੇ ਅਨਾਮ ਵੀ। ਪਰ ਅਨਾਮ ਹੁੰਦਿਆਂ ਵੀ ਸਾਰੀ ਕਾਇਨਾਤ ਉਸ ਦਾ ਸਿਮਰਨ ਕਰ ਰਹੀ ਹੈ। ਪੰਚਮ ਸਤਿਗੁਰੂ ਫੁਰਮਾਂਦੇ ਹਨ :

> ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
> ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥
> ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
> ਸਿਮਰਹਿ ਖਾਣੀ ਸਿਮਰਹਿ ਬਾਣੀ ॥ ਸਿਮਰਹਿ ਸਗਲੇ ਹਰਿ ਜਨਾ ॥੨॥
> ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
> ਸਿਮਰਹਿ ਜਖੁ ਦੈਂਤ ਸਭਿ ਸਿਮਰਹਿ ॥ ਅਗਨਤੁ ਨ ਜਾਈ ਜਸੁ ਗਨਾ ॥੩॥
> ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥
> ਲਤਾ ਬਲੀ ਸਾਖ ਸਭ ਸਿਮਰਹਿ ॥ ਰਵਿ ਰਹਿਆ ਸੁਆਮੀ ਸਭ ਮਨਾ ॥੪॥
> ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥
> ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥
> ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥
> ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾਂ ॥੬॥
> ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰਹਿ ਕਾਲ ਅਕਾਲ ਸੁਚਿ ਸੋਚਾ ॥
> ਸਿਮਰਹਿ ਸਉਣ ਸ਼ਾਸਤ੍ਰ ਸੰਜੋਗਾ ਅਲਖ ਨ ਲਖੀਐ ਇਕੁ ਖਿਨਾ ॥੭॥
> ਕਰਨ ਕਰਾਵਨ ਹਾਰ ਸੁਆਮੀ ॥ ਸਗਲ ਘਟਾ ਕੇ ਅੰਤਰ ਜਾਮੀ ॥
> ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮ ਪਦਾਰਥ ਸੋ ਜਿਣਾ ॥੮॥
>
> (ਮਾਰੂ ਸੋਲਹੇ ਮ: ੫)

ਕੀ ਸਤਨਾਮੁ ਵੀ ਨਾਮ ਨਹੀਂ ?

ਗੁਰਮਤ ਵਿਚ ਸਤਨਾਮੁ ਪਰਾ ਪੂਰਬਲਾ ਨਾਮ ਮੰਨਿਆ ਗਿਆ ਹੈ। ਸਾਹਿਬ ਫੁਰਮਾਂਦੇ ਹਨ :

> ਕਿਰਤਮ ਨਾਮੁ ਕਥੈ ਤੇਰੀ ਜਿਹਬਾ ਸਤਿਨਾਮੁ ਤੇਰਾ ਪਰਾ ਪੂਰਬਲਾ ॥

ਫੇਰ ਓਹ ਅਨਾਮ ਕਿਵੇਂ ਹੋਇਆ ? ਉਸ ਦਾ ਨਾਮ ਤਾਂ ਸਤ ਹੈ।

ਦਲੀਲ ਤਾਂ ਚੰਗੀ ਹੈ ਪਰ ਸਭ ਓਹ ਨਾਮ ਨਹੀਂ ਜਿਸ ਨੂੰ ਮਨੁੱਖ ਮਨ ਨੇ ਆਪਣੇਂ ਅੰਦਰੋਂ ਹੀ ਪਰਗਾਸਣਾ ਹੈ। ਗੁਰੂ ਜੀ ਦਾ ਭਾਵ ਇਸ ਸ਼ਬਦ ਤੋਂ ਇਹ ਨਹੀਂ ਜੋ ਸਤਿ ਉਸ ਦਾ ਗੁਣ ਵਾਚਕ ਨਾਮ ਨਹੀਂ। ਆਪ ਜੀ ਸਾਨੂੰ ਦਸਦੇ ਹਨ। ਸਤਿ ਤੋਂ ਇਲਾਵਾ ਬਾਕੀ ਕਥਨ ਕੀਤੇ ਨਾਮ ਉਹਦੇ ਕਿਰਤਮ ਨਾਮ ਹਨ ਸਥਾਈ ਗੁਣ ਨਹੀਂ। ਕਰਮ ਨਾਮ ਹਨ ਉਸ ਦੀ ਕਿਰਤ ਕਰ ਕੇ ਪਏ ਹਨ ਪਰ ਸਤਿ ਉਸ ਦਾ ਸਦੀਵ ਕਾਲ ਰਹਿਣ ਵਾਲਾ ਗੁਣ ਹੈ। ਜਾਂ ਇਵੇਂ ਕਹਿ ਲਵੋ ਜੇ ਕਰ ਤਮਾਮ ਕ੍ਰਿਤਮ ਨਾਮਾਂ ਤੋਂ ਵਖਰਿਆ ਕੇ ਉਸ ਦਾ ਕੋਈ ਨਾਮ ਕਹਿਣਾ ਚਾਹੀਏ ਤਾਂ ਓਹ ਕੇਵਲ ਸਤਿ ਹੀ ਹੋ ਸਕਦਾ ਹੈ ਤੇ ਇਹ ਗੁਣ ਕਿਸੇ ਦੂਜੇ ਵਿਚ ਨਹੀਂ ਪਾਇਆ ਜਾ ਸਕਦਾ। ਉਸ ਦਾ ਇਹ ਗੁਣ ਕਾਲ ਦੀ ਬੰਦਸ਼ਾਂ ਤੋਂ ਪਰ੍ਹੇ ਹੈ, ਏਸੇ ਲਈ ਸਾਹਿਬ ਇਸ ਨੂੰ ਆਖਦੇ ਹਨ :

"ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"

ਇਸ ਨੂੰ ਅਸੀਂ ਇਸ ਤਰ੍ਹਾਂ ਵੀ ਬਿਆਨ ਕਰ ਸਕਦੇ ਹਾਂ। ਸਚ ਦੋ ਤਰ੍ਹਾਂ ਦਾ ਹੁੰਦਾ ਹੈ :

(੧) ਨਿਰਦ੍ਵੰਦ।
(੨) ਦ੍ਵੰਦਿਤ।

ਨਿਰਦਵੰਦ ਸਤਿ ਓਹ ਹੈ ਜੋ ਆਪਣੇ ਆਪ ਤੋਂ ਸਤਿ ਹੋਵੇ ਕਿਸ ਤੇ ਅਧਾਰਿਤ ਨਹੀਂ ਪਰ ਦਵੰਦਿਤ ਸਤਿ ਕਿਸੇ ਦੇ ਆਸਰੇ ਸਤਿ ਹੈ ਆਪਣੇ ਆਪ ਤੋਂ ਨਹੀਂ। ਮਸ਼ਲਨ ਸੂਰਜ ਵੀ ਸਤ ਹੈ ਤੇ ਧੁਪ ਅਰ ਛਾਂ ਵੀ ਸਤਿ ਹਨ। ਪਰ ਧੁਪ ਤੇ ਛਾਂ ਤਦੇ ਸਤ ਹਨ ਜੇ ਸੂਰਜ ਹੈ ਨਹੀਂ ਤਾਂ ਉਨ੍ਹਾਂ ਦੀ ਹੋਂਦ ਹੀ ਕੋਈ ਨਹੀਂ। ਸੋ ਸੂਰਜ ਨਿਰਦਵੰਦ ਹੈ ਤੇ ਧੁਪ ਛਾਂ ਉਹਦੇ ਆਸਰੇ ਹੋਣ ਕਰ ਕੇ ਦਵਦੰਦਿਤ ਹਨ। ਇਸੇ ਤਰ੍ਹਾਂ ਅਕਾਲ ਪੁਰਖ ਆਪ ਨਿਰਦਵੰਦ ਸਤਿ ਹੈ ਤੇ ਬਾਕੀ ਸਭ ਉਸ ਤੇ ਅਧਾਰਿਤ ਹੋਣ ਕਰ ਕੇ ਦਵੰਦਿਤ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਇਸ ਗੱਲ ਨੂੰ ਇਸ ਤਰ੍ਹਾਂ ਸਪਸ਼ਟ ਕਰਦੇ ਹਨ :

"ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥੯॥

ਸੋ ਅਕਾਲ ਪੁਰਖ ਨਿਰਦਵੰਦ ਸਤਿ ਹੈ। ਤੇ ਸਤਿ ਹੋਣਾ ਉਹਦਾ ਵਸ਼ੇਸ਼ ਗੁਣ ਹੈ। ਨਾਮ ਨਹੀਂ। ਫਿਰ ਨਾਮ ਕੀ ਹੈ ?

ਨਾਮ ਸਰਬ ਵਿਆਪਕ ਹੈ

ਸ੍ਰੀ ਗੁਰੂ ਨਾਨਕ ਪਾਤਸ਼ਾਹ ਫਰਮਾਂਦੇ ਹਨ। ਪਹਿਲਾਂ ਵਾਹਿਗੁਰੂ ਨਿਰ-ਅਕਾਰ ਸੀ ਫਿਰ ਏਕੰਕਾਰ ਹੋਇਆ ਤੇ ਰੇਰ ਰਚਨਾ ਰਚਣ ਤੋਂ ਪਹਿਲਾਂ ਨਾਉਂ ਰਚਿਆ :

ਆਪੀ ਨੈ...........ਵਾਹਿਗੁਰੂ ਨੇ

ਆਪੁ ਸਾਜਿਓ...........ਆਪਣਾਂ ਆਪ ਸਾਜਿਆ

ਭਾਵ ਏਕੰਕਾਰ ਹੋਇਆ

ਆਪੀ ਨੇ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰ ਆਸਣੁ ਡਿਠੋ ਚਾਉ ॥੧॥

(ਆਸਾ ਦੀ ਵਾਰ)

ਭਾਵ ਰਚਨਾ ਰਚਣ ਤੋਂ ਪਹਿਲਾਂ ਨਾਮ ਦੀ ਸਾਜਨਾ ਹੋਈ ਇਸ ਨਾਮ ਬਾਰੇ ਆਪ ਲਿਖਦੇ ਹਨ :

ਇਹ ਨਾਮ ਸਰਬ ਵਿਆਪਕ ਹੈ :

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥੧੯॥

(ਜਪ ਮ: ੧)

ਪੰਚਮ ਗੁਰੂ ਦਸਦੇ ਹਨ :

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ
ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥੧੬॥

(ਗਉੜੀ ਸੁਖਮਨੀ ਮ: ੫)

ਦਸਮੇਸ਼ ਜੀ ਵੀ ਕਹਿੰਦੇ ਹਨ :

ਜਪਹੁ ਸੁ ਏਕ ਨਾਮਯੰ ॥ ਜੋ ਨਾਮ ਸਰਬ ਠਾਮਯੰ ॥

(ਬਚਿਤਰ ਨਾਟਕ)

ਸੋ ਨਾਮ ਸਰਬੁ ਵਿਆਪਕ ਹੈ ਤੇ ਇਸ ਦਾ ਇਹ ਸਰਬ ਵਿਆਪਕ ਰੂਪ ਸਾਡੀ ਇਸ ਕਾਂਇਆਂ ਵਿਚ ਵੀ ਹੈ :

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥

ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨੪॥

(ਸੂਹੀ ਮ: ੩ ਅਸਟਪਦੀਆ)

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮ ॥੧॥੨੩॥

(ਗਉੜੀ ਸੁਖਮਨੀ ਮ: ੫)

ਸਰਬ ਵਿਆਪੀ ਨਾਮ ਦਾ ਕੇਂਦਰ ਮਨ ਹੈ :

ਇਸ ਮਨ ਕਉ ਕੋਈ ਖੋਜਹੁ ਭਾਈ ॥
ਮਨ ਖੋਜਤ ਨਾਮੁ ਨਉ ਨਿਧਿ ਪਾਈ ॥੧॥

(ਭੈਰਉ ਮ: ੩)

ਮਨ ਵਿਚੋਂ ਇਸ ਸਰਬੁ ਵਿਆਪੀ ਨਾਮ ਨੂੰ ਪੂਰੇ ਗੁਰੂ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ :

ਨਾਮ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥
ਨਾਮ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥

ਉਤਰ :

ਨਾਮ ਨਿਰੰਜਨ ਵਰਤਦਾ ਰਵਿਆ ਸਭ ਠਾਈ ॥
ਗੁਰ ਪੂਰੇ ਤੇ ਪਾਈਐ ਹਿਰਦੈ ਦੇ ਦਿਖਾਈ ॥
ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥੧੩॥

(ਵਾਰ ਸਾਰੰਗ ਮ: ੪)

ਨਾਮ ਦੇ ਪ੍ਰਗਟ ਹੋਣ ਵਿਚ ਰੁਕਾਵਟਾਂ

ਅਸੀਂ ਹੁਣ ਤਕ ਦੀ ਵਿਚਾਰ ਵਿਚੋਂ ਹੇਠ ਲਿਖੇ ਸਿਟੇ ਕਢੇ ਹਨ :

(੧) ਨਾਮ ਵਾਹਿਗੁਰੂ ਨਾਲ ਅਭੇਦ ਹੋਣ ਵਾਸਤੇ ਇਕੋ-ਇਕ ਸਾਧਨ ਹੈ ।

(੨) ਜਪ ਤੇ ਸਿਮਰਨ ਨਾਮ ਪਰਗ਼ਾਸਨ ਲਈ ਜ਼ਰੂਰੀ ਹਨ ।

(੩) ਸ਼ਿਮਰਨ ਹੀਨ ਮਨੁੱਖ ਸਾਕਤ ਹੈ ਤੇ ਸਦਾ ਦੁਖੀ ਜੀਵਨ ਬਤੀਤ ਕਰਦਾ ਹੈ ।

(੪) ਨਾਮ ਬੋਲੀ ਦਾ ਵਿਸ਼ਾ ਨਹੀਂ ।

(੫) ਉਹਦੇ ਕਰਮ ਨਾਮ ਤਾਂ ਕਥੇ ਜਾਂਦੇ ਹਨ ਪਰ ਵਾਸਤਵ ਵਿਚ ਉਹ ਅਰੂਪ ਤੇ ਅਨਾਮ ਹੈ ।

(੬) "ਸਤਿ" ਵੀ ਉਸ ਦਾ ਗੁਣ-ਵਾਚਕ ਨਾਮ ਹੈ ਤੇ ਉਸ ਨੂੰ ਹੋਰ ਕਤੀਆਂ ਤੋਂ ਵਖਰਿਆ ਸਕਦਾ ਹੈ ਪਰ ਵਾਸਤਵਿਕ ਨਾਮ ਨਹੀਂ।

(੭) ਨਾਮ ਸਰਬ ਵਿਆਪਕ ਹੈ ਤੇ ਇਸ ਦਾ ਟਿਕਾਣਾ ਮਨੁੱਖ ਹਿਰਦੇ ਤਲ ਵੀ ਹੈ ਜੋ ਗੁਰੂ ਦੀ ਮਿਹਰ ਨਾਲ ਸਾਖਿਆਤ ਹੋ ਸਕਦਾ ਹੈ।

ਹੁਣ ਵਿਚਾਰ ਗੋਚਰੇ ਇਹ ਗੱਲ ਹੈ ਜੋ ਨਾਮ ਮਨ ਵਿਚ ਰਹਿੰਦਾ ਵੀ, ਉਂ ਓਹਲੇ ਵਿਚ ਰਹਿੰਦਾ ਹੈ। ਜੇ ਕਰ ਗੁਰੂ ਬਾਣੀ ਗੁਰੂ ਨੂੰ ਪੁਛੀਏ ਤਾਂ ਗੁਰੂ ਹ ਰੁਕਾਵਟਾਂ ਦਸ ਦੇਂਦੇ ਹਨ। ਗੁਰਬਾਣੀ ਵਿਚ ਸਭ ਤੋਂ ਵਡੀ ਰੁਕਾਵਟ ਉਮੈਂ ਦਸੀ ਗਈ ਹੈ। ਜਿਵੇਂ ਚਸ਼ਮੇ ਉਤੇ ਆਈ ਹੋਈ ਮਿਟੀ ਜਾਂ ਪਥਰ ਦੀ ਰੜੀ ਤਹਿ ਚਸ਼ਮੇ ਦੇ ਉਮਾਹ ਨੂੰ ਰੋਕ ਰਖਦੀ ਹੈ ਇਸੇ ਤਰ੍ਹਾਂ ਹਉਮੈ ਦੀ ਕਰੜੀ ਧ ਨਾਮ ਦੇ ਪ੍ਰਗਾਸ ਨੂੰ ਰੋਕੀ ਰਖਦੀ ਹੈ। ਇਸ ਕੰਧ ਨੂੰ ਗੁਰੂ ਤੋੜਦਾ ਹੈ :

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥ ੩ ॥
ਭਇਓ ਕਿਰਪਾਲੁ ਸਰਬ ਕੋ ਠਾਕੁਰੁ ਜਗਰੋ ਦੂਖੁ ਮਿਟਾਇਓ ॥
ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ॥
ਤਉ ਦਇਆਰ ਬੀਠਲੋ ਪਾਇਓ ॥ ੧੧ ॥ ੬੧ ॥
[ਸੋਰਠ ਮ: ੫ ਚਉਪਦੇ]

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥
[ਮਲਾਰ ਮ: ੪]

ਅੰਤਰਿ ਅਲਖੁ ਨ ਜਾਈ ਲਖਿਆ ਵਿਚ ਪੜਦਾ ਹਉਮੈ ਪਾਈ ॥
ਮਾਇਆ ਮੋਹ ਸਭੋ ਜਗੁ ਸੋਇਆ ਇਹ ਭਰਮੁ ਕਹਹੁ ਕਿਉਂ ਜਾਈ ॥੧॥
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰੁ ਠਾਈ ॥੨॥
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥ ੩ ॥
ਜਿਨਕੇ ਬੰਧਨ ਕਾਟੇ ਸਤਿਗੁਰ ਤਿਨ ਸਾਧ ਸੰਗਤਿ ਲਿਵ ਲਾਈ ॥
ਪੰਚ ਜਨਾ ਮਿਲਿ ਮੰਗਲ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥੧੨੨॥
[ਗਉੜੀ ਪੂਰਬੀ ਮ: ੪]

ਉਪਰੋਕਤ ਪਰਮਾਣ ਇਹ ਦਰਸਾਂਦੇ ਹਨ, ਜੋ ਕੇਵਲ ਗੁਰੂ ਹੀ ਹਉਮੈ ਦੀ ਕੰਧ ਤੋੜ ਸਕਦਾ ਹੈ। ਕਰਾਮਾਤ ਰਾਹੀਂ ਨਹੀਂ, ਸਗੋਂ ਜੁਗਤ ਦਸ ਕੇ।

ਸਾਧਨ ਪੱਖ

ਇਹ ਸਚ ਹੈ ਜੋ ਹਰ ਤਰ੍ਹਾਂ ਦੀ ਬਨਸਪਤ ਵਿਚ ਅੱਗ ਹੈ, ਪਰ ਪਰਗਟ ਨਹੀਂ, ਲੁਪਤ । ਉਹ ਅਗਨ ਪੁਰਚੰਡ ਉਦੋਂ ਤਕ ਨਹੀਂ ਹੁੰਦੀ, ਜਦ ਤਕ ਬਾਹਰੋਂ ਉਸਨੂੰ ਅੱਗ ਨਾਲ ਨਹੀਂ ਜੋੜਿਆ ਜਾਂਦਾ । ਲਕੜ ਨੂੰ ਜਦੋਂ ਅਗ ਨਾਲ ਜੋੜਿਆ ਜਾਂਦਾ ਹੈ, ਤਾਂ ਅੰਦਰ ਦੀ ਅੱਗ ਲਟ ਲਟ ਬਲ ਉਠਦੀ ਹੈ । ਇਸੇਤਰ੍ਹਾਂ ਨਾਮ ਜੋ ਗੁਪਤੋ ਵਰਤਦਾ ਹੈ, ਨੂੰ ਪਰਗਾਸੁਣ ਲਈ ਸਾਨੂੰ ਉਸ ਨੂੰ ਕਿਸੇ ਪਰਗਟ ਨਾਮ ਨਾਲ ਹੀ ਜੋੜਣਾ ਪਵੇਗਾ । ਉਹ ਪਰਗਟ ਨਾਮ ਉਸ ਦੇ ਕਰਮ ਨਾਮ ਹਨ ।

ਜਦੋਂ ਕਿਸੇ ਅਣਵੇਖੀ ਚੀਜ਼ ਨੂੰ ਅਸੀਂ ਕਿਸੇ ਦੂਜੇ ਸਰੋਤੇ ਨੂੰ ਬਿਆਨਦੇ ਹਾਂ, ਤਾਂ ਉਸਦੇ ਗੁਣ ਬਿਆਨ ਕਰਕੇ ਉਸਨੂੰ ਜਾਣੂ ਕਰਾਣ ਦਾ ਯਤਨ ਕਰਦੇ ਹਾਂ, ਇਸੇਤਰ੍ਹਾਂ ਸਤਿਗੁਰਾਂ ਨੇ ਗੁਰਬਾਣੀ ਵਿਚ ਵਾਹਿਗੁਰੂ ਦੀ ਹੋਂਦ ਨੂੰ ਲਖਾਣ ਲਈ ਉਹਦੇ ਅਨੰਤ ਕਰਮ ਨਾਮ ਬਿਆਨੇ ਹਨ । ਗੁਰਬਾਣੀ ਵਿਚ ਆਏ ਕਈ ਇਕ ਨਾਮ ਗੁਰੂਆਂ ਤੋਂ ਪਹਿਲਾਂ ਵੀ ਵਰਤੇ ਜਾਂਦੇ ਸਨ । ਪਰ ਗੁਰੂ ਜੀ ਨੇ ਈਸ਼ਵਰੀ ਗੁਣਾਂ ਨੂੰ ਗੁਰਬਾਣੀ ਵਿਚ ਇਸ ਲਈ ਗਾਇਨ ਕੀਤਾ ਹੈ, ਤਾਂ ਜੋ ਇਕ ਤਾਂ ਉਸ ਦੇ ਕਿਸੇ ਇਕ ਕਲਪਤ ਨਾਮ ਸਬੰਧੀ ਭੁਲੇਖਾ ਨਾ ਰਹਿ ਸਕੇ ਤੇ ਦੂਜੇ ਅੰਦਰ ਵਸਦੇ ਪ੍ਰਭੂ ਨੂੰ ਅਸੀਂ ਉਸ ਦੇ ਗੁਣ ਗਾ ਕੇ ਜਾਂ ਜਪ ਕੇ ਪ੍ਰਗਟ ਕਰ ਸਕੀਏ । ਏਸੇ ਲਈ ਗੁਰਮਤ ਵਿਚ ਜਪ, ਸਿਮਰਨ ਤੇ ਕੀਰਤਨ ਨੂੰ ਪ੍ਰਧਾਨਤਾ ਦਿਤੀ ਗਈ ਹੈ ।

ਗੁਣ ਗਾਉਣ ਦਾ ਪਹਿਲਾ ਲਾਭ ਹਉਮੈ ਨੂੰ ਮਾਰਨਾ ਹੈ । ਜੋ ਹਉਮੈ ਇਤਨੀ ਪਰਬਲ ਹੈ ਕਿ :

ਨਉਖੰਡ ਪ੍ਰਿਥਵੀ ਫਿਰੈ ਚਿਰੁ ਜੀਵੈ ।। ਮਹਾ ਉਦਾਸੁ ਤਪੀਸਰੁ ਥੀਵੈ ।।
ਅਗਨਿ ਮਾਹਿ ਹੋਮਤ ਪਰਾਨ ।। ਕਨਕ ਅਸ੍ਵ ਹੈਵਰ ਭੂਮ ਦਾਨ ।।
ਨਿਉਲੀ ਕਰਮ ਕਰੈ ਬਹੁ ਆਸਨ ।। ਜੈਨ ਮਾਰਗ ਸੰਜਮੁ ਅਤਿ ਸਾਧਨੁ ।।
ਨਿਮਖ ਨਿਮਖ ਕਰਿ ਸਰੀਰ ਕਟਾਵੈ ।। ਤਉ ਭੀ ਹਉਮੈ ਮੈਲੁ ਨ ਜਾਵੈ ।।੩।।੫।।
[ਗਉੜੀ ਸੁਖਮਨੀ ਮ: ੫]

ਉਹ ਹਉਮੈ ਸਹਿਜੇ ਗੁਣ ਗਾਉਣ ਨਾਲ ਬਿਨਸ ਜਾਂਦੀ ਹੈ :

ਗੁਨ ਗਾਵਤ ਤੇਰੀ ਉਤਰਸਿ ਮੈਲੁ ।।
ਬਿਨਸਿ ਜਾਇ ਹਉਮੈ ਬਿਖੁ ਫੈਲੁ ।।

ਤੇ ਫੇਰ ਇਸ ਮੈਲ ਦੇ ਧੁਪ ਜਾਣ ਨਾਲ ਆਪ-ਮੁਹਾਰਾ ਨਾਮ ਪ੍ਰਗਟ ਹੋ ਜਾਂਦਾ ਹੈ :

ਹੋਹਿ ਅਚਿੰਤੁ ਬਸੈ ਸੁਖ ਨਾਲਿ ॥
ਸਾਸਿ ਗ੍ਰਾਸਿ ਹਰਨਾਮੁ ਸਮਾਲਿ ॥੭॥੧੯॥
[ਗਉੜੀ ਸੁਖਮਨੀ ਮ: ੫]

ਇਸੇ ਖਿਆਲ ਨੂੰ ਇਕ ਹੋਰ ਥਾਂ ਸਤਿਗੁਰੂ ਇਸਤਰ੍ਹਾਂ ਸਪਸ਼ਟ ਕਰਦੇ ਹਨ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨ ਹਛਾ ਨ ਹੋਇ ॥
ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥ ੧ ॥
ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥
੧ ॥ ਰਹਾਉ ॥ ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥ ੨ ॥
ਇਸੁ ਮਨੁ ਕਉ ਹੋਰ ਸੰਜਮੁ ਕੋ ਨਹੀਂ ਵਿਣੁ ਸਤਿਗੁਰ ਕੀ ਸਰਣਾਇ ॥
ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥ ੩ ॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮੈਲ ਉਤਰੈ ਇਹੁ ਮਨੁ ਹਛਾ ਹੋਇ ॥ ੪ ॥ ੧ ॥
[ਵਡਹੰਸ ਮ: ੩]

ਗੁਣ ਗਾਉਣ ਵਿਚ ਦੋ ਖਾਸੀਅਤਾਂ ਹਨ :

੧. ਜਿਸ ਦੇ ਗੁਣ ਗਾਏ ਜਾਣ, ਉਹ ਕੁਦਰਤੀ ਤੌਰ ਤੇ ਸਾਨੂੰ ਆਪਣੇ ਨਾਲੋਂ ਵਡਾ ਤੇ ਚੰਗਾ ਲਗਣ ਲਗ ਜਾਂਦਾ ਹੈ।

੨. ਦੂਜਾ ਉਸਦੇ ਨਾਲ ਪਰੇਮ ਪੈ ਜਾਣਾ ਸੁਭਾਵਕ ਹੀ ਹੈ।

ਜਿਸ ਨੂੰ ਅਸੀਂ ਦਿਲੋਂ ਵਡਾ ਮੰਨ ਕੇ ਪਰੇਮ ਕਰੀਏ, ਉਸ ਨੂੰ ਖੁਸ਼ ਕਰਨ ਦੀ ਚਾਹ ਵੀ ਸੁਭਾਵਕ ਹੀ ਹੋ ਜਾਂਦੀ ਹੈ। ਇਸ ਲਈ ਉਹ ਗੁਣ ਗ੍ਰਹਿਣ ਕਰਨੇ, ਜੋ ਉਹਨੂੰ ਭਾਵਨ। ਇਹ ਵੀ ਅੰਦਰ ਦੀ ਪਰੇਰਨਾ ਬਣ ਜਾਂਦੀ ਹੈ ਤੇ ਗੁਣ ਗਾਉਣ ਵਾਲਾ ਆਪਣੇ ਅੰਤਰ ਆਤਮੇ ਝਾਤ ਪਾਣਾ ਸਿਖ ਜਾਂਦਾ ਹੈ, ਜਿਸ ਕਰਕੇ ਉਸਨੂੰ ਆਪਣੇ ਔਗੁਣ ਵੀ ਦਿਸਣ ਲਗ ਪੈਂਦੇ ਹਨ।

ਜਿਉਂ ਜਿਉਂ ਗੁਣ ਗਾਉਣ ਨਾਲ ਪਰੇਮ ਵਧਦਾ ਹੈ, ਵਾਹਿਗੁਰੂ ਵਡੇ ਦੀ ਥਾਂ ਮਹਿਬੂਬ ਬਣਦਾ ਜਾਂਦਾ ਹੈ। ਤੇ ਮਹਿਬੂਬ ਦੀ ਮੇਹਰ ਹਾਸਲ ਕਰਨ ਦੀ ਤੀਬਰ ਇਛਾ ਉਹਦੇ ਹੁਕਮ ਵਿਚ ਟੁਰਨਾ ਸਿਖਾ ਦੇਂਦੀ ਹੈ ! ਇਹ ਵੀ ਅਟਲ

ਸਚਾਈ ਹੈ ਕਿ ਹੁਕਮ ਮੰਨਣ ਨਾਲ ਹੁਕਮੀ ਦਾ ਸੁਭਾਉ ਵੀ ਗ੍ਰਹਿਣ ਕਰ ਲਈਦਾ ਹੈ। ਇਸਤਰ੍ਹਾਂ ਈਸ਼ਵਰੀ ਗੁਣ ਸੁਭਾ ਵਿਚ ਰਚਦੇ ਜਾਂਦੇ ਹਨ ਤੇ ਅੰਤ ਉਹ ਗੁਣ ਹੀ ਅਭੇਦਤਾ ਦਾ ਕਾਰਨ ਬਣ ਜਾਂਦੇ ਹਨ। ਗੁਰੂ ਜੀ ਹੁਕਮਾਂਦੇ ਹਨ :

ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ।
ਜੇ ਗੁਣ ਹੋਵਹਿ ਗੰਨੜੀਐ ਮੇਲੇਗਾ ਸੱਈ ॥ ੩ ॥ ੨ ॥ ੪ ॥
[ਸੂਹੀ ਮ: ੧ ਘਰ ੨[

ਗੁਣਵੰਤੀ ਸਹੁ ਰਾਵਿਆ ਨਿਰਗੁਣ ਕੂਕੇ ਕਾਇ ॥
ਜੇ ਗੁਣਵੰਤੀ ਥੀ ਰਹੈ ਤਾਂ ਭੀ ਸਹੁ ਰਾਂਵਣ ਜਾਇ ॥ ੧ ॥ ੨ ॥
[ਵਡਹੰਸ ਮ: ੧]

ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥
ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪੁਣਾ । ੫ । ੧ । ੩ ।
[ਸੂਹੀ ਮ: ੧ ਅਸਟਪਦੀਆਂ]

ਏਸੇ ਲਈ ਸਤਿਗੁਰੂ ਅੰਮ੍ਰਿਤ ਵੇਲੇ ਉਠ ਕੇ ਗੁਣ ਗਾਉਣ ਨੂੰ ਹੀ ਨਾਮ ਕਹਿੰਦੇ ਹਨ :

ਅੰਮਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ ੪ ॥
[ਜਪ ਮ: ੧]

ਸਾਹਿਬ ਫੁਰਮਾਂਦੇ ਹਨ–ਵਾਹਿਗੁਰੂ ਦੇ ਗੁਣ ਅਮੁਲ (ਬਿਆਨ ਕਰਨ ਤੋਂ ਬਾਹਰ ਹਨ) ਗੁਣਾਂ ਦਾ ਵਪਾਰ ਕਰਨਾ ਵੀ ਅਮੁਲ ਹੈ। ਉਹ ਵਪਾਰੀ, ਜੋ ਗੁਣਾਂ ਨੂੰ ਵਿਹਾਜਦੇ ਹਨ, ਵੀ ਅਮੁਲ ਹਨ ਤੇ ਗੁਰਬਾਣੀ ਦਾ ਭੰਡਾਰ, ਜਿਨ੍ਹਾਂ ਵਿਚ ਗੁਣਾਂ ਦਾ ਖਜ਼ਾਨਾ ਗੁਣ ਵਪਾਰਣ ਲਈ ਮਿਲਦਾ ਹੈ, ਉਹ ਵੀ ਅਮੁਲ ਹੈ।

ਅਮੁਲ ਗੁਣ ਅਮੁਲ ਵਾਪਾਰ ॥ ਅਮੁਲ ਵਾਪਾਰੀਏ ਅਮੁਲ ਭੰਡਾਰ ॥
[ਜਪ ਮ: ੧]

ਏਸ ਵਖਰ ਦੇ ਅਮੁਲ ਵਾਪਾਰੀ ਆਉਂਦੇ ਹਨ ਤੇ ਅਮੁਲ ਗੁਣ ਵਿਹਾਜ ਕੇ ਲੈ ਜਾਂਦੇ ਹਨ। ਇਹ ਗੁਣ ਉਹਨਾਂ ਦੇ ਅੰਦਰ ਅਮੁਲ ਪ੍ਰੀਤੀ ਜਗਾ ਦੇਂਦੇ ਹਨ ਤੇ ਇਹ ਅਮੁਲ ਵਾਪਾਰੀ ਗੁਣ ਗਾਂਦਾ ਗਾਂਦਾ ਆਪ ਵੀ ਅਮੁਲ ਵਾਹਿਗੁਰੂ ਵਿਚ ਲਿਵਲੀਨ ਹੋ ਸਮਾ ਜਾਂਦਾ ਹੈ :

ਅਮੁਲ ਆਵਹਿ ਅਮੁਲ ਲੈ ਜਾਹਿ ॥ ਅਮੁਲ ਭਾਇ ਅਮੁਲਾ ਸਮਾਹਿ ॥
[ਜਪੁ ਮ: ੧]

ਵੈਸੇ ਤਾਂ ਓਸ ਦੀ ਕਥਾ ਅਕੱਥ ਤੇ ਵਿਸਮਾਦੀ ਹੈ (ਅਮੁਲੋ ਅਮੁਲ ਹੈ)

ਪਰ ਕਹਿਣ ਵਾਲੇ ਦੀ ਲਿਵ ਉਸ ਵਾਹਿਗੁਰੂ ਨਾਲ ਅਟੁਟ ਜੋੜ ਦੇਂਦੀ ਹੈ।

ਅਮੁਲੋ ਅਮੁਲ ਆਖਿਆ ਨਾ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
[ਜਪ ਮ: ੧]

ਤੇ ਅੰਤ 'ਗੁਣ ਕਹਿ ਗੁਣੀ ਸਮਾਵਣਿਆ' ਦੀ ਅਵਸਥਾ ਤੇ ਆ ਨਿਬੇੜਾ ਹੁੰਦਾ ਹੈ।

ਏਸ ਲਈ ਗੁਰਮਤਿ ਕੀਰਤਨ ਨੂੰ ਹੀ 'ਸਿਰ ਕਰਮਨ ਕੇ ਕਰਮਾ' ਕਹਿੰਦਾ ਹੈ, ਪਰ ਇਹ ਅਵਸਥਾ ਮਨੁਖ ਦੇ ਆਪਣੇ ਜਤਨਾਂ ਦਾ ਫਲ ਨਹੀਂ, ਸਗੋਂ ਉਸ ਦੀ ਮੇਹਰ ਦੇ ਸਦਕੇ ਮਿਲਦੀ ਹੈ :

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪ੍ਰਾਪਤਿ ਜਿਸੁ ਪੁਰਬ ਲਿਖੇ ਕਾ ਲਹਿਣਾ ॥
ਤੇਰੋ ਸੇਵਕ ਇਹ ਰੰਗਿ ਮਾਤਾ ॥ ਭਇਓ ਕਿਰਪਾਲ ਦੀਨ ਦੁਖ ਭੰਜਨ
ਹਰਿ ਹਰਿ ਕੀਰਤਨਿ ਇਹ ਮਨੁ ਰਾਤਾ ॥ ਰਹਾਉ ਦੂਜਾ ॥ ੧ ॥ ੩ ॥
[ਸੋਰਠ ਮ: ੫ ਅਸਟਪਦੀਆਂ]

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਿਥੇ ਇਹ ਹਦਾਇਤ ਕਰਦੇ ਹਨ :

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ ੫੨ ॥
[ਸਲੋਕ ਮ: ੯]

ਉਥੇ ਇਹ ਵੀ ਫੁਰਮਾਂਦੇ ਹਨ :

ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥੩॥੩॥
[ਬਸੰਤ ਮ: ੯]

ਸਤਿਗੁਰੂ ਇਸ ਸਾਰੀ ਅਵਸਥਾ ਨੂੰ ਹੇਠ ਲਿਖੇ ਸ਼ਬਦ ਵਿਚ ਦਰਸਾਂਦੇ ਹਨ :

ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥
ਦਸ ਦਾਸੀ ਕਰਿ ਦੀਨੀ ਭਤਾਰਿ ॥
ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥ ੧ ॥
ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥
੧ ॥ ਰਹਾਉ ॥ ਸਤੁ ਸੀਗਾਰੁ ਭਉ ਅੰਜਨੁ ਪਾਇਆ ॥
ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥
ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨਿ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥
ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥

ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮ ਮੇਰਾ ॥
ਪ੍ਰਗਟਿਆ ਸੂਰ ਜੋਤਿ ਉਜਿਆਰਾ ॥ ਸੇਜ ਵਛਾਈ ਸਰਧ ਆਪਾਰਾ ॥
ਨਵਰੰਗ ਲਾਲ ਸੇਜ ਰਾਵਣ ਆਇਆ ॥
ਜਨ ਨਾਨਕ ਪਿਰ ਧਨੁ ਮਿਲਿ ਸੁਖੁ ਪਾਇਆ । ੪ । ੪ ॥

[ਸੂਹੀ ਮ: ੧]

ਸੋ ਹੁਣ ਅਸੀਂ ਇਸ ਨਤੀਜੇ ਤੇ ਪੁਜੇ ਹਾਂ, ਜੋ ਨਾਮ ਜਪ ਤੋਂ ਅਰੰਭ ਹੋ ਕੇ ਸਿਮਰਨ ਬਣਦਾ ਹੈ। ਨਿਤ ਦਾ ਸਿਮਰਨ ਜਦੋਂ ਸੁਭਾਵ ਵਿਚ ਰਚ ਮਿਚ ਜਾਂਦਾ ਹੈ ਤਾਂ ਨਾਮ ਤੋਂ ਬਿਨਾਂ ਦੂਜਾ ਖਿਆਲ ਮਨ ਵਿਚ ਉਪਜਦਾ ਹੀ ਨਹੀਂ। ਖਿਆਲ ਹੀ ਕਰਮ ਕਰਾਵਣ ਵਾਲਾ ਹੁੰਦਾ ਹੈ। ਇਸ ਲਈ ਨਾਮ ਸਾਡੇ ਕਰਮਾਂ ਰਾਹੀਂ ਵੀ ਪ੍ਰਗਟ ਹੋਣ ਲਗ ਪੈਂਦਾ ਹੈ। ਇਹ ਅਵਸਥਾ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਵਾਲੀ ਹੈ। ਕਿਉਂ ਜੋ ਵਾਹਿਗੁਰੂ ਅਨਾਮ ਹੈ, ਇਸ ਲਈ ਉਸ ਦੇ ਗੁਣ ਗਾਉਣੇ ਹੀ ਸਿਮਰਨ ਹਨ। ਗੁਨ ਗਾਉਣੇ ਹੀ ਨਾਮ ਨੂੰ ਸਾਖਿਆਤ ਕਰਨਾ ਹੈ। ਗੁਣ ਗਾਉਣ ਨਾਲ ਅਸਲ ਪ੍ਰੀਤੀ ਜਾਗ ਪੈਂਦੀ ਹੈ ਤੇ ਅਭੇਦਤਾ ਦੀ ਪਦਵੀ ਪ੍ਰਾਪਤ ਹੋ ਜਾਂਦੀ ਹੈ। ਸੋ ਨਾਮ ਦੇ ਜਾਪ ਤੋਂ ਲੈ ਕੇ ਅਭੇਦਤਾ ਤਕ ਪੁਜਣ ਦੇ ਸਾਰੇ ਪੰਧ ਨੂੰ ਗੁਰਮਤ ਸਮੁਚੇ ਤੌਰ ਤੇ ਵੀ ਨਾਮ ਹੀ ਕਹਿੰਦੀ ਹੈ। ਇਹਨਾਂ ਸਾਰੀਆਂ ਅਵਸਥਾਵਾਂ ਵਿਚ ਵਾਹਿਗੁਰੂ ਦੀ ਮਿਹਰ ਮੁਖ ਹੈ। ਇਸ ਲਈ ਅਰਦਾਸ ਕਰੀਏ ਕਿ ਵਾਹਿਗੁਰੂ ਸਾਨੂੰ ਗੁਣ ਗਾਉਣ ਦਾ ਬਲ ਬਖਸ਼ੇ ਤੇ ਆਪਣੀ ਮਿਹਰ ਦੇ ਸਦਕੇ ਆਪਣੇ ਨਾਲ ਮੇਲ ਲਵੇ।

ਹੁਣ ਇਥੇ ਇਹ ਵੀ ਦਸ ਦੇਣਾ ਜ਼ਰੂਰੀ ਹੈ ਕਿ ਅਕਾਲ ਪੁਰਖ ਦਾ ਹਰ ਗੁਣ ਵਿਸਮਾਦੀ ਹੈ ਤੇ ਜਿਉਂ ਜਿਉਂ ਗੁਣ ਗਾਈਏ, ਵਿਸਮਾਦ ਰੰਗ ਆਪ-ਮੁਹਾਰਾ ਉਘੜਨ ਲਗ ਜਾਂਦਾ ਹੈ। ਵਿਸਮਾਦੀ ਸੁਆਦ ਮਨੁਖ ਦੇ ਹਿਰਦੇ ਵਿਚੋਂ ਆਪ-ਮੁਹਾਰਾ ਵਾਹਿਗੁਰੂ ਅਖਵਾਂਦਾ ਹੈ। ਸੋ ਵਾਹਿਗੁਰੂ ਸ਼ਬਦ, ਜਿਸ ਨੂੰ ਅਸੀਂ ਗੁਰਮੰਤਰ ਮੰਨਦੇ ਹਾਂ, ਸਾਡੀ ਵਿਸਮਾਦੀ ਅਵਸਥਾ ਦਾ ਹੀ ਪ੍ਰਗਟਾ ਹੈ। ਕਿਉਂਕਿ ਨਾਮ ਤੇ ਰੂਪ ਦਾ ਸਬੰਧ ਕੁਦਰਤੀ ਹੈ, ਇਸ ਲਈ ਵਾਹਿਗੁਰੂ ਤੇ ਵਿਸਮਾਦ ਵੀ ਕੁਦਰਤੀ ਸਬੰਧ ਰਖਦੇ ਹਨ। ਜਾਂ ਇਵੇਂ ਕਹਿ ਲਵੋ, ਜਦ ਮਾਇਆ ਦਾ ਕੋਈ ਹੇਚਕੋਲਾ ਸਾਨੂੰ ਵਿਸਮਾਦੀ ਰੰਗ ਤੋਂ ਤੋੜਦਾ ਹੈ, ਵਾਹਿਗੁਰੂ ਕਹਿਣ ਨਾਲ ਮੁੜ ਕੇ ਵਿਸਮਾਦੀ ਰੰਗ ਭਾਰੀ ਹੋ ਜਾਂਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਵਾਹਿਗੁਰੂ ਦਾ ਜਾਪ ਸਾਡੇ ਅੰਦਰ ਵਿਸਮਾਦੀ ਅਵਸਥਾ ਦਾ ਖਿਆਲ ਪੈਦਾ

ਕਰਦਾ ਹੈ ਤੇ ਇਸ ਦਾ ਸਿਮਰਨ ਇਸ ਢੰਗ ਨੂੰ ਦ੍ਰਿੜ ਕਰ ਦੇਂਦਾ ਹੈ ਤੇ ਇੰਜ ਸਾਨੂੰ ਗੁਣ ਗਾਉਣ ਤੇ ਦ੍ਰਿੜ ਕਰਨ ਦੀ ਪਰੇਰਨਾ ਮਿਲਦੀ ਰਹਿੰਦੀ ਹੈ ਤੇ ਅੰਤ ਨੂੰ ਏਹੀ ਵਿਸਮਾਦ ਨਾਮ ਦੇ ਵਿਗਾਸ ਵਿਚ ਬਦਲ ਜਾਂਦਾ ਹੈ ਤੇ ਫਿਰ 'ਪਰਗਾਸ ਭਇਆ ਕੌਲ ਖਿਲਿਆ' ਤਕ ਪੁਜ ਜਾਈਦਾ ਹੈ ।

ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!

●

ਹੁਕਮ

(੧)

ਹੁਕਮ ਅਰਬੀ ਦਾ ਸ਼ਬਦ ਹੈ। ਕੁਰਾਨ ਵਿਚ ਇਸ ਦੀ ਵਰਤੋਂ ਸਿਧਾਂਤਕ ਤੌਰ ਤੇ ਵੀ ਕੀਤੀ ਗਈ ਹੈ। ਪਰ ਗੁਰਮਤ ਅਨੁਸ਼ਾਰ ਹੁਕਮ ਆਪਣੇ ਵਿਸ਼ੇਸ਼ ਭਾਵ ਰਖਦਾ ਹੈ।

ਅਸੀਂ ਪਿਛਲੇ ਲੇਖ ਵਿਚ ਇਹ ਦਸਣ ਦਾ ਯਤਨ ਕੀਤਾ ਹੈ, ਜੋ ਹਉਮੈ ਦੀ ਕੰਧ ਤੋੜਨ ਲਈ ਹੁਕਮ ਮੰਨਣਾ ਹੀ ਮੁਖ ਸਾਧਨ ਹੈ। ਹੁਣ ਅਸੀਂ ਹੁਕਮ ਕੀ ਹੈ ਤੇ ਕਿਵੇਂ ਮੰਨਿਆਂ ਜਾਵੇ, ਤੇ ਵਿਚਾਰ ਕਰਨ ਦਾ ਯਤਨ ਕਰਾਂਗੇ।

ਗੁਰਮਤ ਅਨੁਸਾਰ ਹੁਕਮ ਸਰਬ ਵਿਆਪੀ ਆਪੇ ਤੋਂ ਆਪਾ ਨਿਛਾਵਰ ਕਰਨ ਦਾ ਨਾਮ ਹੈ। ਆਪਣਾ ਤਨ, ਮਨ, ਧਨ ਸੌਂਪਣਾ, ਹੁਕਮ, ਮੰਨਣਾ ਤੇ ਖਸਮ ਤੋਂ ਵਾਰੀ ਘੋਲੀ ਜਾਣਾ ਹੀ ਸਿੱਖੀ ਮਾਰਗ ਹੈ। ਤਨ ਤੇ ਧਨ ਮਨ ਪਿਛੇ ਚਲਦੇ ਹਨ ਜੇ ਮਨ ਦਿਤਾ ਜਾ ਸਕੇ, ਤਾਂ ਧਨ ਸੌਂਪਣਾ ਕਠਨ ਨਹੀਂ, ਔਖ ਮਨ ਸੌਂਪਣ ਵਿਚ ਹੀ ਹੈ। ਮਨ ਸੰਕਲਪਾਂ ਤੇ ਵਿਕਲਪਾਂ ਦਾ ਇਕ ਪਲੰਦਾ ਹੈ। ਸਾਰੇ ਫੁਰਨੇ ਮਨ ਨੂੰ ਹੀ ਫੁਰਦੇ ਹਨ। ਜੇ ਫੁਰਨਾ ਮਾਤ੍ਰ ਵੀ ਸਾਈਂ ਅਰਪਨ ਕਰ ਦਈਏ, ਤਾਂ ਮਨ ਆਪ ਮੁਹਾਰਾ ਭੇਟ ਹੋ ਜਾਂਦਾ ਹੈ। ਇਹ ਫੁਰਨਾ ਸੌਂਪਣ ਦਾ ਹੀ ਦੂਜਾ ਨਾਮ ਭਾਣਾ ਮੰਨਣਾ ਹੈ। ਇਸੇ ਨੂੰ ਹੁਕਮ ਬੁਝਣਾ ਕਹਿੰਦੇ ਹਨ। ਹੁਕਮ ਬੁਝਣਾ ਹਉਮੈ ਨਿਵਾਰਨਾ ਵੀ ਹੈ ਤੇ ਮਾਲਕ ਨਾਲ ਅਭੇਦ ਹੋਣਾ ਵੀ।

ਹੁਕਮ ਅਕਾਲ ਪੁਰਖ ਦੀ ਅਕਾਲ ਕਲਾ ਹੈ। ਇਸ ਦਾ ਆਦਿ ਤੇ ਅੰਤ ਅਕਾਲ ਮੰਡਲ ਵਿਚ ਹੀ ਹੈ। ਇਹ ਅਗੰਮਵੀ ਸੱਤਾ ਹੈ। ਇਸ ਵਿਚ ਕਾਲ ਵਾਲੀ ਅਗੇਤਰ-ਪਛੇਤਰ ਨਹੀਂ, ਸਗੋਂ ਸਦਾ ਹੁਣ ਦੀ ਕਾਰ ਹੈ।

ਇਹ ਹੁਕਮ ਅਕਾਲ ਮੰਡਲ ਵਿਚੋਂ ਹੇਠ ਲਿਖੇ ਤਿੰਨ ਭਿੰਨ-ਭਿੰਨ ਰੂਪਾਂ ਵਿਚ ਉਤਰਦਾ ਹੈ :

੧. ਅਚੇਤ। ੨. ਸੁਚੇਤ। ੩. ਅਚਨਚੇਤ।

ਅਚੇਤ ਹੁਕਮ ਦੀ ਪਾਲਣਾ ਸੁਤੇ ਸਿਧ ਹੁੰਦੀ ਰਹਿੰਦੀ ਹੈ। **ਇਸ ਦੀ** ਪਾਲਣਾ ਵਿਚ ਮਨੁੱਖੀ ਇਛਾ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ। ਜਿਵੇਂ **ਮਸ਼ੀਨ** ਦੇ ਪੁਰਜ਼ੇ ਆਪ-ਮੁਹਾਰੇ ਚਲਦੇ ਰਹਿੰਦੇ ਹਨ, ਤਿਵੇਂ ਹੀ ਅਚੇਤ ਹੁਕਮ ਦੀ ਪਾਲਣਾ ਵੀ ਸੁਤੇ ਸਿਧ ਹੁੰਦੀ ਹੀ ਰਹਿੰਦੀ ਹੈ। ਦਿਲ ਦਾ ਧੜਕਣਾ, ਅੱਖਾਂ ਦਾ ਝਪਕਣਾ, ਸੁਆਸਾਂ ਦਾ ਚਲਣਾ ਆਦਿ ਹਰਕਤਾਂ ਅਚੇਤ ਹੁਕਮ ਦੇ ਅਧੀਨ ਹੀ ਹੋ ਰਹੀਆਂ ਹਨ।

ਸੁਚੇਤ ਹੁਕਮ ਵਿਚ ਅਕਲ ਦਾ ਰਲਾ ਹੈ। ਇਹ ਪਸ਼ੂ ਬ੍ਰਿਤੀ ਤੋਂ ਉਠ ਕੇ ਬੁਧੀ ਦੇ ਮੰਡਲ ਵਿਚ ਪ੍ਰਵੇਸ਼ ਕਰਨਾ ਹੈ। ਇਹ ਅਨਮਾਨਾਂ ਦਾ ਮੰਡਲ ਹੈ ਜਿਸ ਵਿਚ ਸਮਝ ਤੇ ਸੋਝੀ ਹੈ। ਪਿਛੋਂ ਨੂੰ ਵੇਖ ਅਗੋਂ ਦੇ ਕਿਆਫੇ ਹਨ। ਹੁਣ ਨੂੰ ਵਿਚਾਰ ਕੇ ਅਗੋਂ ਦੇ ਅਨੁਮਾਨ ਲਗ ਸਕਦੇ ਹਨ, ਪਰ ਇਸ ਦੀ ਉਡਾਰੀ ਸੀਮਤ ਹੈ। ਇਕ ਖਾਸ ਸੀਮਾ ਤੋਂ ਪਰੇ ਸੁਚੇਤਤਾ ਖਤਮ ਹੋ ਜਾਂਦੀ ਹੈ।

ਅਚਨਚੇਤ ਹੁਕਮ ਸੁਚੇਤਤਾ ਦੇ ਮੁਕਣ ਤੋਂ ਆਰੰਭ ਹੁੰਦਾ ਹੈ। ਇਹ ਅਕਾਲ ਮੰਜ਼ਲ ਤੋਂ ਉਤਰ ਕੇ ਹੇਠਾਂ ਵਲ ਆਉਂਦਾ ਹੈ। ਇਸ ਲਈ ਨੀਵੀਂ ਵਸਦੀ ਸੁਚੇਤਤਾ (ਅਕਲ) ਇਸ ਨੂੰ ਸਮਝਣ ਦੇ ਅਸਮਰਥ ਹੈ। ਹੁਕਮ ਦਾ ਆਦਿ ਅਕਾਲ ਹੈ ਤੇ ਸੁਚੇਤ-ਪੁਣਾ ਕਾਲ-ਬੱਧ ਹੈ। ਇਸ ਲਈ ਇਹ ਅਚਨਚੇਤ ਹੁਕਮ ਦੀ ਕਿਉਂ ਤਕ ਨਹੀਂ ਅਪੜ ਸਕਦਾ।

ਅਚਨਚੇਤ ਦਾ ਭਾਵ ਇਤਫ਼ਾਕ ਨਹੀਂ, ਕਿਉਂਕਿ ਸੰਸਾਰ ਦੀ ਹਰ ਕਾਰ ਨਿਯਮ-ਬੱਧ ਹੈ। ਇਤਫਾਕ ਨੂੰ ਕਰਤਾਰੀ ਕਾਨੂੰਨ ਵਿਚ ਕੋਈ ਥਾਂ ਨਹੀਂ।

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਅਚੇਤ ਹੁਕਮ ਦੀ ਅਸੀਂ ਪ੍ਰਵਾਹ ਹੀ ਨਹੀਂ ਕਰਦੇ। ਸੁਚੇਤ ਹੁਕਮ ਦੀ ਪਾਲਣਾ ਸੰਭਲ ਕੇ ਕਰਦੇ ਹਾਂ ਤੇ ਅਚਨਚੇਤ ਗੱਲ ਵਾਪਰਨ ਤੇ ਅਸੀਂ ਅਭੜਵਾਹੇ ਚੌਂਕ ਉਠਦੇ ਹਾਂ। ਪਰ ਹੁਕਮੀ ਬੰਦੇ ਅਕਾਲ ਮੰਡਲ ਵਿਚ ਵਸਦੇ ਹਨ ਤੇ ਸਭੋ ਕੁਝ ਕਰਨਹਾਰ ਦੀ ਖੇਡ ਸਮਝ ਕੇ ਭਾਣੇ ਵਿਚ ਗ਼ਲਤਾਨ ਰਹਿੰਦੇ ਹਨ। ਉਨ੍ਹਾਂ ਲਈ :

> ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
> ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥
> ਸੋਗੁ ਨਾਹੀ ਸਦਾ ਹਰਖੁ ਹੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
> ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥੨੩॥੨੨॥
> (ਕਾਨੜਾ ਮ: ੫)

ਮਨੁੱਖੀ ਆਤਮਾ ਜਾਂ ਜੀਵ ਆਤਮਾ ਹਉਮੈ ਸਹਿਤ ਚੇਤਨਤਾ ਤੇ ਸਤਾ ਦਾ ਹੀ ਨਾਂ ਹੈ। ਚੇਤਨਤਾ ਤੇ ਸਤਾ ਦੇ ਸਾਗਰ ਵਿਚ ਹੁਕਮ ਨਾਲ ਇਕ ਬੁਲਬੁਲਾ ਉਪਜਿਆ ਹੈ, ਜਿਸ ਦੇ ਇਰਦ-ਗਿਰਦ ਹਉਮੈ ਦਾ ਵਲ਼ੇਵਾਂ ਹੈ। ਇਸ ਹਉਮੈ ਦੇ ਵਲ਼ੇਵੇਂ ਨੇ ਹੀ ਸ਼ਖਸੀਅਤ ਦੀ ਸੀਮਾ ਕਾਇਮ ਕਰ ਕੇ ਮਨੁੱਖ ਨੂੰ ਪਰੀਪੂਰਨ ਜੋਤ ਤੋਂ ਨਿਖੇੜ ਦਿਤਾ ਹੈ। ਇਹ ਹਉਮੈ ਹੁਕਮ ਤੋਂ ਉਪਜੀ ਹੈ ਤੇ ਹੁਕਮ ਬੁਝਣ ਨਾਲ ਹੀ ਮਿਟ ਵੀ ਜਾਂਦੀ ਹੈ :

ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨਾ ਕੋਇ ॥

(ਜਪੁ ਮ: ੧)

ਹੁਕਮ ਦੀ ਸੋਝੀ ਪੈਣ ਤੋਂ ਹਉਮੈ ਬਿਨਸ ਜਾਂਦੀ ਹੈ ਤੇ ਮਨ ਦਾ ਆਦੀ ਵੈਰਾਗੀ ਸੁਭਾਵ ਜਾਗ ਪੈਂਦਾ ਹੈ ਤੇ ਉਹ ਅਸਲ ਨੂੰ ਪਛਾਣ ਅਭੇਦਤਾ ਪ੍ਰਾਪਤ ਕਰ ਲੈਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਸਾਰੀ ਖੇਡ ਨੂੰ ਭੈਰਉ ਰਾਗ ਵਿਚ ਇਉਂ ਚਿਤਰਦੇ ਹਨ :

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮ ਬੀਚਾਰੇ ॥
ਇਸੁ ਮਨ ਕਉ ਕੋਈ ਖੋਜਹੁ ਭਾਈ ॥
ਮਨ ਖੋਜਤ ਨਾਮੁ ਨਉਨਿਧਿ ਪਾਈ ॥੧॥ ਰਹਾਉ ॥
ਮੂਲੁ ਮੋਹ ਕਰਿ ਕਰਤੇ ਜਗਤੁ ਉਪਾਇਆ ॥
ਮਮਤਾ ਲਾਇ ਭਰਮਿ ਭੋਲਾਇਆ ॥੨॥
ਇਸੁ ਮਨ ਕੇ ਸਭ ਪਿੰਡ ਪਰਾਨਾ ॥ ਮਨ ਕੈ ਵੀਚਾਰਿ ਹੁਕਮਿ ਬੁਝਿ ਸਮਾਣਾ ॥੩॥
ਕਰਮ ਹੋਵੈ ਗੁਰ ਕਿਰਪਾ ਕਰੈ ॥ ਇਹ ਮਨੁ ਜਾਗੈ ਇਸ ਮਨ ਕੀ ਦੁਬਿਧਾ ਮਰੈ ॥੪॥
ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥
ਕਹਤੁ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖ ਨਿਰੰਜਨ ਦੇਉ ॥੬॥੫॥

(ਭੈਰਉ ਮ: ੩)

ਮਨ ਸੁਭਾਵ ਕਰ ਕੇ ਤਾਂ ਵੈਰਾਗੀ ਹੈ, ਪਰ ਹਉਮੈ ਸਹਿਤ ਮਨ ਦੁਬਿਧਾ ਵਿਚ ਪੈ ਕੇ ਆਪਣਾ ਅਸਲਾ ਗਵਾ ਲੈਂਦਾ ਹੈ :

ਮਨ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ ॥੫॥੬॥੮॥

(ਆਸਾ ਮ: ੧ ਅਸ਼ਟਪਦੀਆਂ)

ਸਤਿਗੁਰੂ ਇਸਨੂੰ ਵੈਰਾਗੀ ਕਹਿ ਕੇ ਸੰਬੋਧਨ ਕਰਦੇ ਹਨ। ਕਹਿੰਦੇ ਹਨ

ਇਹ ਵੈਰਾਗੀ ਬਿਨਸਨਹਾਰ ਨਹੀਂ ਕੇਵਲ ਹੁਕਮ ਦਾ ਬੰਧਾ ਕਾਰ ਕਮਾਂਦਾ ਹੈ :

ਓਹੁ ਬੈਰਾਗੀ ਮਰੇ ਨ ਜਾਇ ॥ ਹੁਕਮੇ ਬਾਧਾ ਕਾਰ ਕਮਾਇ ॥੪॥੩੧॥੮੨॥
(ਆਸਾ ਮ: ੧)

ਸ਼ਰੀਰ ਧਾਰਨ ਤੋਂ ਪਹਿਲਾਂ ਵੀ ਇਹ ਵੈਰਾਗੀ ਹੀ ਸੀ। ਸਿਧ ਗੁਰੂ ਨਾਨਕ ਜੀ ਤੋਂ ਪੁਛਦੇ ਹਨ :

ਜਾ ਇਹ ਹਿਰਦਾ ਦੇਹ ਨ ਹੋਤੀ ਤਉ ਮਨੁ ਕੈ ਠੈ ਰਹਤਾ ॥

ਗੁਰੂ ਜੀ ਉਤਰ ਦੇਂਦੇ ਹਨ :

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥੬॥
(ਰਾਮਕਲੀ ਮ: ੧ ਸਿਧ ਗੋਸ਼ਟ)

ਸੋ ਮਨ ਸੁਭਾਓ ਦਾ ਵੈਰਾਗੀ ਹੈ। ਜਦ ਤਕ ਇਹ ਹਉਮੈ ਗ੍ਰਸਿਆ ਹੈ, ਉਦੋਂ ਤਕ ਇਹ ਦੁਬਿਧਾ ਵਿਚ ਦੁਖ਼ਿਤ ਰਹੇਗਾ। ਅਭੇਦਤਾ ਲਈ ਪ੍ਰੇਮ ਹੀ ਇਕ ਮਾਰਗ ਹੈ, ਜੋ ਆਪਾ ਨਿਛਾਵਰ ਕਰਨ ਮਗਰੋਂ ਹੀ ਹਾਸ਼ਲ ਹੋ ਸਕਦਾ ਹੈ। ਇਸੇ ਲਈ ਗੁਰੂ ਨਾਨਕ ਵੰਗਾਰਦੇ ਹਨ :–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧੀਰਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥
(ਸਲੋਕ ਵਾਰਾਂ ਤੋਂ ਵਧੀਕ ਮ: ੧)

ਕਬੀਰ ਜੀ ਵੀ ਇਸ ਨੂੰ ਪਹਿਲਾਂ (ਆਦਿ ਤੋਂ) ਨਿਰਮਲ ਹੀ ਆਖਦੇ ਹਨ। ਕਹਿੰਦੇ ਹਨ, ਪਹਿਲਾਂ ਇਹ ਨਿਰਮਲ ਸੀ, ਪਿਛੋਂ ਇਹ ਮਾਇਆ ਦੇ ਅਸਰ ਹੇਠਾਂ ਆਇਆ ਹੈ :

ਪਹਿਲਾ ਪੂਤੁ ਪਿਛੈ ਰੀ ਮਾਈ ॥
(ਆਸਾ ਕਬੀਰ ਜੀ)

ਉਪਰੋਕਤ ਵਿਚਾਰ ਗੁਰਬਾਣੀ ਦੇ ਆਧਾਰ ਤੇ ਕੀਤੀ ਗਈ ਹੈ। ਸੂਫੀ ਸਾਹਿਤ ਵਿਚ ਵੀ ਇਹੀ ਖਿਆਲ ਸਾਨੂੰ ਪ੍ਰਤਖ ਦਿਸਦੇ ਹਨ। ਸਮਸ਼ ਤਬਰੇਜ਼, ਜੋ ਸਿਰਮੋਰ ਸੂਫ਼ੀਆਂ ਵਿਚੋਂ ਇਕ ਹਨ, ਫੁਰਮਾਂਦੇ ਹਨ :

ਆਦਮ ਨਾ ਬੂਦੋ ਮਨ ਬੁਦਮ। ਹਵਾ ਨਾ ਬੂਦੋ ਮਨ ਬੁਦਮ।
ਆਂ ਕੱਸ ਨ ਬੂਦੋ ਮਨ ਬੂਦਮ। ਮਨ ਆਸ਼ਕੇ ਦੇਰੀਨਾ ਅਮ।

ਭਾਵ :

ਜਦੋਂ ਨਾ ਸੀਗੇ ਆਦਮ ਹੋਰੀ ਹਵਾ ਨ ਸੀਗੀ ਮਾਈ।
ਜਦੋਂ ਨ ਦਿਸਦਾ ਸੀਗ ਪਸਾਰਾ ਜੀਵ ਜੰਤ ਨ ਕਾਈ।
ਮੈਂ ਉਦੋਂ ਵੀ ਹੈਸਾਂ ਤਤਪਰ ਆਦੋਂ ਹੀ ਮੈਂ ਆਸ਼ਕ।
ਮੇਰੀ ਰਬ ਦੀ ਪ੍ਰੀਤ ਉਦੋਂਕੀ ਇਸ ਵਿਚ ਝੂਠ ਨ ਰਾਈ।

ਭਾਈ ਨੰਦ ਲਾਲ ਜੀ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ :

ਨਾ ਬੂਦ ਹੇਚ ਨਿਸ਼ਾਹਾਂ ਜ਼ਿ ਅਸਮਾਨੋ ਜ਼ਿਮੀ
ਕਿ ਸ਼ੌਕਿ ਯਾਦੇ ਤੋ ਆਵੁਰਦ ਦਰ ਵਜੂਦ ਮਰਾ

ਭਾਵ :—ਜ਼ਿਮੀ ਅਤੇ ਅਸਮਾਨ ਦੇ ਉਦੋਂ ਨਹੀਂ ਸਨ ਨਾਮ ਨਿਸ਼ਾਨ ॥
ਤੇਰੇ ਇਸ਼ਕ ਦਾ ਬੱਧਾ ਆਇਆ ਦੇਹ ਧਰ ਵਿਚ ਜਹਾਨ ॥

ਆਪ ਤਾਂ ਇਥੋਂ ਤਕ ਕਹਿੰਦੇ ਹਨ :

ਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ।
ਵਗਰਨਾ ਜੌਕਿ ਚੁਨੀ ਆਮੁਦਨ ਨ ਬੂਦ ਮਰਾ।

ਭਾਵ :

ਖਿਚ ਤੁਹਾਡੀ ਭਗਤੀ ਵਾਲੀ ਸਾਨੂੰ ਇਸ ਤਨ ਵਿਚ ਲਿਆਈ।
ਵਰਨਾ ਇਸ ਜਗ ਆਵਣ ਸੰਦੀ ਸਾਨੂੰ ਲੋੜ ਨ ਸੀਗੀ ਕਾਈ।

ਇਸੇ ਤਰ੍ਹਾਂ ਸੰਤ ਖੁਸ਼ੀ ਰਾਮ ਜੀ ਪੰਜਾਬੀ ਦੇ ਨਿਕੇ ਜਿਹੇ ਟੋਟਕੇ ਵਿਚ ਫੁਰਮਾਂਦੇ ਹਨ, ਇਹ ਇੰਦਰੇ [ਖੇੜੇ] ਮੁਫਤ ਦਾ ਕੂੜਾ ਦਾਹਵਾ ਕਰਦੇ ਹਨ, ਜੋ ਆਤਮਾ (ਹੀਰ) ਉਹਨਾਂ ਨਾਲ ਪਰਣਾਈ ਹੋਈ ਹੈ। ਆਤਮਾ (ਹੀਰ) ਤੇ ਰਾਂਝੇ (ਰਬ) ਦੀ ਪ੍ਰੀਤੀ ਉਦੋਂ ਦੀ ਹੈ, ਜਦੋਂ ਸਰੀਰ ਅਜੇ ਬਣੇ ਹੀ ਨਹੀਂ ਸਨ।

ਖੇੜੇ ਕੂੜ ਕਰੇਂਦੇ ਨੀ ਦਾਹਵਾ ਮੈਂ ਕਦੋਂ ਖੇੜਿਆਂ ਦੀ ਆਹੀ।
ਮੈਂਡੀ ਤੇ ਰਾਂਝਣ ਦੀ ਪ੍ਰੀਤ ਚਰੋਕੀ ਜਦੋਂ ਚੂਚਕ ਮੂਚਕ ਨਾਹੀਂ।

ਅਜ ਦੇ ਪਰਸਿਧ ਤੇ ਆਲਮ ਕਵੀ ਮੋਹਨ ਸਿੰਘ ਜੀ ਪੁਰੀ ਵੀ ਇਹੋ ਗਲ ਕਹਿੰਦੇ ਹਨ :

ਤੇਰੀ ਸਿਕ ਕੋਈ ਸਜਰੀ ਸਿਕ ਹੀ ਨਹੀਂ,
ਇਹ ਚਿਰੋਕਣੀ ਗਲੇ ਦਾ ਹਾਰ ਹੋਈ।
ਇਹ ਅਦੋਕਣੀ ਜਦੋਂ ਦਾ ਬੁਤ ਬਣਿਆ,
ਨਾਲੇ ਦਿਲ ਦੀ ਮਿਟੀ ਤਿਆਰ ਹੋਈ।

ਪੂਰਬ ਹੀ ਨਹੀਂ, ਪਛਮੀ ਗਿਆਨ ਵੇਤਾ ਵੀ ਉਪਰੋਕਤ ਖਿਆਲ ਨਾਲ ਸਹਿਮਤ ਹਨ। ਅੰਗਰੇਜ਼ ਪ੍ਰਸਿਧ ਕਵੀ ਸ਼ੇਕਸਪੀਅਰ ਆਪਣੀ ਇਕ ਕਵਿਤਾ ਵਿਚ ਕਹਿੰਦੇ ਹਨ :

“ਸਾਨੂੰ ਦੋ ਦਿਲਾਂ ਦੀ ਸਚੀ ਪ੍ਰੀਤੀ ਵਿਚ ਕੋਈ ਰੁਕਾਵਟ ਤਸਲੀਮ ਨਹੀਂ ਕਰਨੀ ਚਾਹੀਦੀ। ਉਸਨੂੰ ਅਸੀਂ ਪ੍ਰੇਮ ਕਹਿ ਹੀ ਨਹੀਂ ਸਕਦੇ, ਜੋ ਕਿਸੇ ਦੇ ਰੋਕਣ ਨਾਲ ਰੁਕ ਜਾਵੇ। ਨਹੀਂ, ਨਹੀਂ ਪਰੇਮ ਤਾਂ ਇਕ ਚਾਨਣ ਮੁਨਾਰਾ ਹੈ, ਜੋ ਤੂਫਾਨਾਂ ਤੇ ਝਖੜਾਂ ਵਿਚ ਵੀ ਅਡੋਲ ਰਹਿੰਦਾ ਹੈ। ਪਰੇਮ ਤਾਂ ਧਰੂਹ ਤਾਰਾ ਹੈ, ਜੋ ਭੁਲੇ ਭਟਕੇ ਜਹਾਜ਼ਾਂ ਨੂੰ ਵੀ ਸਹੀ ਰਸਤੇ ਪਾਂਦਾ ਹੈ। ਜਿਸ ਦੀ ਕੀਮਤ ਨੂੰ ਬੁਧੀ ਨਹੀਂ ਪਾ ਸਕਦੀ, ਭਾਵੇਂ ਇਸਦੀ ਅਸਲ ਉਚਾਈ ਨੂੰ ਮਾਣਿਆ ਜਾ ਸਕਦਾ ਹੈ। ਅਸਲੀ ਪ੍ਰੇਮ ਸਮੇਂ ਦੀ ਵਲਗਣ ਵਿਚ ਨਹੀਂ ਆ ਸਕਦਾ। ਇਸ ਨੂੰ ਸਰੀਰਕ ਤਬਦੀਲੀਆਂ ਛੋਹ ਨਹੀਂ ਸਕਦੀਆਂ। ਇਸ ਦਾ ਸਬੰਧ ਤਾਂ ਧੁਰ ਅੰਦਰੋ ਰੂਹਾਂ ਨਾਲ ਹੈ, ਜੋ ਤਾਕਿਆਮਤ ਜ਼ਿੰਦਾ ਰਹਿੰਦੀਆਂ ਹਨ। ਜੇ ਮੇਰੇ ਇਸ ਖਿਆਲ ਨੂੰ ਕੋਈ ਗਲਤ ਸਾਬਤ ਕਰ ਦੇਵੇ, ਤਾਂ ਮੈਂ ਅਗੋਂ ਤੋਂ ਲਿਖਣਾ ਬੰਦ ਕਰ ਦਿਆਂਗਾ।”

ਇਸੇਤਰ੍ਹਾਂ ਕਵੀ ਸੌਦੇ ਦਾ ਫੁਰਮਾਨ ਹੈ :

“ਉਹ ਲੋਕ, ਜੋ ਕਹਿੰਦੇ ਹਨ ਕਿ ਪਿਆਰ ਮਰ ਜਾਂਦਾ ਹੈ, ਉਹ ਗੁਨਾਹ ਕਰਦੇ ਹਨ। ਪ੍ਰੇਮ ਦੀ ਪਵਿਤਰ ਜੋਤ ਤਾਂ ਸਦਾ ਜਗਦੀ ਰਹਿੰਦੀ ਹੈ। ਇਹ ਤਾਂ ਅਜ਼ਲਾਂ ਤੋਂ ਆਉਂਦੀ ਹੈ, ਮੁੜ ਅਜ਼ਲਾਂ ਵਿਚ ਹੀ ਸਮਾ ਜਾਂਦੀ ਹੈ।”

ਹਜ਼ਰਤ ਈਸਾ ਜੀ ਤਾਂ ਰਬ ਨੂੰ ਮੁਜੱਸਮ ਪਿਆਰ ਹੀ ਦਸਦੇ ਹਨ। ਆਪਦਾ ਫੁਰਮਾਨ ਹੈ :

God is love.

ਸ੍ਰੀ ਦਸਮੇਸ਼ ਜੀ ਤਾਂ ਡੰਕੇ ਤੇ ਚੋਟ ਲਾ ਕੇ ਕਹਿੰਦੇ ਹਨ : ਪ੍ਰਭੂ ਪਾਣ ਦਾ ਸਾਧਨ ਜੇਕਰ ਕੋਈ ਰਾਹ ਹੈ, ਤਾਂ ਉਹ ਕੇਵਲ ਪਰੇਮ ਹੀ ਹੈ :

ਸਾਚ ਕਹੋਂ ਸੁਨ ਲੈਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਹੁਣ ਇਹ ਤਾਂ ਸਿਧ ਹੋਇਆ, ਜੋ ਮਨ ਦਾ ਆਦੀ ਸੁਭਾਉ ਵੈਰਾਗੀ ਹੈ। ਜਦ ਤਕ ਹਉਮੈ ਹੈ, ਉਦੋਂ ਤਕ ਵੈਰਾਗ ਜਾਗ ਨਹੀਂ ਸਕਦਾ। ਵੈਰਾਗ ਅਥਵਾ ਪ੍ਰੇਮ ਬਿਨਾਂ ਪ੍ਰਭੂ ਦਾ ਪਾਣਾ ਅਸੰਭਵ ਹੈ। ਫੇਰ ਇਹ ਪ੍ਰੇਮ ਦੀ ਖੇਡ ਕੌਣ ਖੇਡੇ। ਇਹ ਹਾਰੀ ਸਾਰੀ ਦੇ ਵਸ ਦੀ ਗਲ ਨਹੀਂ। ਅਲਮਸਤ ਸੂਫੀ ਕਵੀ ਸਰਮਦ ਦਾ ਕਥਨ ਹੈ :

ਸਰਮਦਾ ਗ਼ਮ ਇਸ਼ਕ ਬੁਲ ਹਵੱਸ ਰਾ ਨਾ ਦਿਹੰਦ
ਸੱਜ਼ਦ ਪਰੀ ਪਰਵਾਨਾ ਮਗੱਸ ਰਾ ਨ ਦਿਹੰਦ
ਉਮਰ ਬਾਯਦ ਕਿ ਯਾਰ ਆਯਦ ਬਕਿਨਾਰ
ਸਰਮਦਾ ਈਂ ਦੌਲਤੇ ਇਸ਼ਕ ਹਮਾ ਕੱਸ ਨਾ ਦਿਹੰਦ ।

ਭਾਵ ਅਰਥ :

ਦੁਨੀਆਂਦਾਰ ਲਾਲਚੀ ਬੰਦਾ ਦਰਦ ਪ੍ਰੀਤ ਦਾ ਲਾਵੇ ਨਾਵੇ ਨਾਂ ।
ਭੰਬਟ ਵਾਂਗ ਸ਼ਮ੍ਹਾ ਤੇ ਸੜਕੇ ਮਖੀ ਆਪ ਜਲਾਵੇ ਨਾ ।
ਕਈ ਜਨਮ ਯਾਦਾਂ ਵਿਚ ਬੀਤਨ ਯਾਰ ਦਾ ਵਸਲ ਮਿਲੇ ਕਿਧਰੇ,
ਸਰਮਦ ਇਸ਼ਕ ਦੀ ਸਚੀ ਦੌਲਤ ਹਰ ਕੈਦੇ ਹਥ ਆਵੇ ਨਾ ।

ਫਿਰ ਤਾਂ ਇਹ ਅਨੋਖੀ ਖੇਡ ਕੋਈ ਆਸ਼ਕ ਸਾਦਕ ਹੀ ਖੇਡ ਸਦਕਾ ਹੈ । ਹੁਣ ਅਜਿਹਾ ਸਿਦਕ ਭਰਪੂਰ ਪ੍ਰੇਮੀ ਕਿਥੋਂ ਲਭੀਏ ?

ਸ਼ੈਕਸਪੀਅਰ ਦਾ ਖ਼ਿਆਲ ਹੈ ਕਿ ਪ੍ਰੇਮ ਕਰਨਾ ਜੇ ਸਿਖਣਾ ਹੋਵੇ, ਤਾਂ ਕਿਸੇ ਇਸਤ੍ਰੀ ਪਾਸੋਂ ਸਿਖੋ, ਕਿਉਂਕਿ ਜਿਸ ਪ੍ਰੇਮ ਦੀ ਰਮਜ਼ ਨੂੰ ਇਕ ਚਤਰ ਤੋਂ ਚਤਰ ਆਦਮੀ ਨਹੀਂ ਸਮਝ ਸਕਦਾ, ਉਸ ਰਮਜ਼ ਨੂੰ ਭੋਲੀ ਤੋਂ ਭੋਲੀ ਇਸਤ੍ਰੀ ਸਮਝ ਸਕਦੀ ਹੈ ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹਰ ਇਸਤ੍ਰੀ ਇਹ ਸਮਰਥਾ ਨਹੀਂ ਰਖਦੀ, ਕੇਵਲ ਕੋਈ ਸੁਹਾਗਣ ਹੀ ਇਸਦੀ ਸਾਰ ਜਾਣਦੀ ਹੈ । ਇਸ ਲਈ ਪ੍ਰੀਤ ਰੀਤ ਸਿਖਣ ਦਾ ਵਸੀਲਾ ਕਿਸੇ ਸੁਹਾਗਣ ਨੂੰ ਬਣਾਉ :

ਜਾਇ ਪੂਛਹੁ ਸੁਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤ ਹੁਕਮੁ ਚੁਕਾਈਐ ॥
ਜਾ ਕੇ ਪ੍ਰੇਮ ਪਦਾਰਥ ਪਾਈਐ ਤਉ ਚਰਨੀ ਚਿਤੁ ਲਾਈਐ ॥
(ਤਿਲੰਗ ਮ: ੧)

ਹਉ ਜਾਇ ਪੁਛਾ ਸੋਹਾਗ ਸੁਹਾਗ ਸੁਹਾਗਿਣ
ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ।
ਮੈ ਊਪਰਿ ਨਦਰਿ ਕਰੀ ਪਿਰੁ ਸਾਚੈ ਮੈ ਛੋਡਿਅੜਾ ਮੇਰਾ ਤੇਰਾ ।
ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤ ਮਾਰਗਿ ਭੈਣੇ ਮਿਲੀਐ ॥
ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥
(ਵਡਹੰਸ ਮ: ੪ ਘਰ ੨)

ਵਾਸਤਵ ਵਿਚ ਪੁਰਖ ਤਾਂ ਇਕੋ ਹੀ ਹੈ, ਬਾਕੀ ਤਾਂ ਸਾਰੀਆਂ ਜਗਿਆਸੂ

ਇਸਤ੍ਰੀਆਂ ਹਨ :

ਇਸੁ ਜਗ ਮਹਿ ਪੁਰਖ ਏਕੁ ਹੈ
ਹੋਰ ਸਗਲੀ ਨਾਰਿ ਸਬਾਈ ॥ ੨ ॥ ੧੫ ॥
(ਸਲੋਕ ਮ: ੩ ਵਾਰ ਵਡਹੰਸ ਮ: ੪)

ਇਸ ਲਈ ਸੁਹਾਗਣ ਉਹੀ ਹੈ, ਜਿਸ ਨੇ ਪਰਮੇਸ਼ਰ ਪਤੀ ਨੂੰ ਵਸ ਵਿਚ ਕਰ ਲਿਆ ਹੈ। ਅਸਾਂ ਉਸ ਸੁਹਾਗਣ ਨੂੰ ਭਾਲਣਾ ਹੈ ਤੇ ਉਸ ਦੀ ਸ਼ਰਨ ਪੈ, ਉਸ ਤੋਂ ਹੁਕਮ ਮੰਨਣ ਤੇ ਪਰੇਮ ਦੀ ਖੇਡ ਖੇਡਣੀ ਸਿਖਣੀ ਹੈ :

ਸਰਨਿ ਸੁਹਾਗਨਿ ਚਰਨ ਸੀਸੁ ਧਰਿ ਲਾਲਨ ਮੋਹਿ ਮਿਲਾਵਹੁ ॥
ਕਬ ਘਟਿ ਆਵੈਗੀ ॥੧॥ ਰਹਾਉ ॥
(ਬਿਲਾਵਲ ਮ: ੫)

ਹੁਕਮ ਮੰਨਣਾ ਤੇ ਪਰਵਾਨ ਹੋਣਾ ਇਹ ਪ੍ਰੇਮ ਮਾਰਗ ਦਾ ਸਿਰਮੌਰ ਅਸੂਲ ਹੈ। ਮਾਲਕ ਦੇ ਹੁਕਮ ਸਾਹਮਣੇ ਫੁਰਨੇ ਮਾਤਰ ਆਈ ਕਿੰਤੂ ਵੀ ਹਉਮੈ ਦੀ ਇਕ ਕਰੜੀ ਕੰਧ ਬਣ ਖਲੋਂਦੀ ਹੈ। ਇਹ ਫੁਰਨਾ ਮਾਤਰ ਹਉਮੈ ਹੀ ਨਿਕਟ ਵਸਦੇ ਪਤੀ ਤੋਂ ਦੂਰ ਲੈ ਜਾਂਦੀ ਹੈ ਤੇ ਦੁਖਿਤ ਕਰਦੀ ਹੈ :

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸ ਨਿਕਟਾਇਓ ॥
ਭਾਂਭੀਰੀ ਕੇ ਪਾਤ ਪਾਰਦੋ ਬਿਨੁ ਪੇਖੇ ਦੂਰਾਇਓ ॥ ੩ ॥ ੧੧ ॥ ੬੧ ॥
(ਸੋਰਠ ਮ: ੫ ਚਉਪਦੇ)

ਇਸ ਤੋਂ ਗਲ ਸਪਸ਼ਟ ਹੋ ਜਾਂਦੀ ਹੈ, ਜੋ ਹਉਮੈ ਦੀ ਸੂਖਮ ਜਿਹੀ ਲਕੀਰ ਵੀ ਮਨੁਖ ਨੂੰ ਗੁਮਰਾਹ ਕਰ ਦੇਂਦੀ ਹੈ, ਤੇ ਉਹ ਕਦਮਾਂ ਦਾ ਭੁਲਿਆ ਕੋਹਾਂ ਤੇ ਜਾ ਪੈਂਦਾ ਹੈ, ਇਸੇ ਲਈ ਸਤਿਗੁਰੂ ਸਾਨੂੰ ਸਗਵਾਂ ਹਉਮੈ ਮਿਟਾਵਣ ਦਾ ਉਪਦੇਸ਼ ਦੇਂਦੇ ਹਨ :

ਸੁਣਹੁ ਸਹੇਰੀ ਮਿਲਨ ਬਾਤ ਕਹਉ ॥
ਸਗਰੋ ਅਹੰ ਮਿਟਾਵਉ ਤਉ ਘਰ ਲਾਲਨੁ ਪਾਵਹੁ ॥
ਤਬ ਰਸ ਮੰਗਲ ਗੁਨ ਗਾਵਹੁ ॥ ਆਨੰਦ ਰੂਪ ਧਿਆਵਹੁ ॥
ਨਾਨਕ ਦੁਆਰੈ ਆਇਓ ॥ ਤਉ ਮੈ ਲਾਲਨ ਪਾਇਓ ਰੀ । ੨ ।
(ਬਿਲਾਵਲ ਮ: ੫)

ਮੈਂ ਇਕ ਵਾਰੀ ਇਕ ਅਨੋਖੀ ਗੋਸ਼ਟੀ ਸੁਣ ਰਿਹਾ ਸਾਂ। ਇਕ ਪੰਡਤ ਜੀ ਨੇ ਰਾਮਾਇਣ ਦੀ ਕਥਾ ਵਿਚ ਸੀਤਾ ਸਵੰਬਰ ਦਾ ਜ਼ਿਕਰ ਕੀਤਾ। ਉਹਨਾਂ ਰਾਮਾਇਣ

ਦੇ ਆਧਾਰ ਤੇ ਦਸਿਆ, ਜੋ ਸ਼ਿਵਾਂ ਦਾ ਉਹ ਧਨੁਸ਼, ਜਿਸ ਤੇ ਸਵੰਬਰ ਸਮੇਂ ਚਿਲਾ ਚੜ੍ਹਾਣ ਦੀ ਸ਼ਰਤ ਨੂੰ ਪੂਰਾ ਕਰਨਾ ਸੀ, ਬਾਹਰ ਖੁਲ੍ਹੀ ਥਾਂ ਤੇ ਦਿਖਾਵੇ ਲਈ ਰਖ ਦਿਤਾ ਗਿਆ । ਵਡੇ ਵਡੇ ਰਾਜੇ ਚੋਰੀ ਚੋਰੀ ਰਾਤ ਨੂੰ ਆਉਂਦੇ ਤੇ ਚਿਲਾ ਚੜ੍ਹਾਣ ਦਾ ਜਤਨ ਕਰਦੇ, ਤਾਂ ਜੋ ਉਹਨਾਂ ਨੂੰ ਸਮੇਂ ਸਿਰ ਸ਼ਰਮਿੰਦਗੀ ਨਾ ਉਠਾਣੀ ਪਵੇ । ਰਾਵਣ ਇਸ ਗੁਪਤ ਅਜ਼ਮਾਇਸ਼ ਵਿਚ ਹਿਸਾ ਲੈਣ ਲਈ ਆਇਆ, ਪਰ ਧਨੁਸ਼ ਤੇ ਚਿਲਾ ਚੜ੍ਹਾਣਾ ਤਾਂ ਕਿਤੇ ਰਿਹਾ, ਉਸ ਨੂੰ ਉਠਾ ਵੀ ਨਾ ਸਕਿਆ ।

ਕਥਾ ਸਮਾਪਤੀ ਤੋਂ ਬਾਹਰ ਚਰਚਾ ਛਿੜ ਪਈ ਕਿ ਰਾਵਨ ਇਨਾਂ ਦੁਰਬਲ ਸੀ ਕਿ ਉਸ ਧਨੁਸ਼ ਨੂੰ, ਚੁਕ ਵੀ ਨ ਸਕਿਆ, ਜਿਸ ਨੂੰ ਬੋਹਕਰ ਦੇਣ ਲਗਿਆਂ ਹਰ ਸੁਬ੍ਹਾ ਸੀਤਾ ਖਬੇ ਹਥ ਨਾਲ ਚੁਕ ਕੇ ਥਾਂ ਬੁਹਾਰਦੀ ਸੀ, ਤਾਂ ਫਿਰ ਉਹ ਨਿਰਬਲ ਰਾਵਨ ਸੀਤਾ ਨੂੰ ਉਹਦੀ ਰਜ਼ਾਮੰਦੀ ਤੋਂ ਬਿਨਾਂ ਕਿਸਤਰ੍ਹਾਂ ਹਰਨ ਕਰਕੇ ਲੈ ਗਿਆ । ਪੰਡਤ ਜੀ ਭਾਵੇਂ ਇਸ਼ ਮਸਲੇ ਨੂੰ ਆਪਣੀ ਵਲੋਂ ਤਾਂ ਹਲ ਕਰਨ ਲਈ ਕਈ ਹੇਠਲੀਆ ਉਤਲੀਆਂ ਮਾਰਦੇ ਰਹੇ, ਪਰ ਅੰਤ ਨੂੰ ਉਹਨਾਂ ਇਹ ਸਾਬਤ ਕੀਤਾ ਕਿ ਜੋ ਸੀਤਾਂ ਹਰਨ ਕੀਤੀ ਗਈ ਸੀ, ਉਹ ਤਾਂ ਵਾਸਤਵਿਕ ਸੀਤਾ ਨਹੀਂ ਸੀ, ਸਗੋਂ ਉਸ ਦੀ ਛਾਇਆ ਸੀ । ਅਸਲ ਸੀਤਾ ਤਾਂ ਅਛੋਹ ਕਿਸੇ ਗੁਪਤ ਥਾਂ ਤੇ ਸੁਰਖਯਿਤ ਕੀਤੀ ਜੀ ਚੁਕੀ ਸੀ ।

ਮੈਂ ਰਹਿ ਨਾ ਸਕਿਆ ਤੇ ਬੋਲ ਪਿਆ—ਤਾਂ ਕੀ ਇਹ ਸਾਰੀ ਰਾਮਾਇਣ ਇਕ ਛਾਇਆ ਦੀ ਕਹਾਣੀ ਹੈ, ਅਸਲੀਅਤ ਨਹੀਂ ? ਪੰਡਤ ਜੀ ਨੂੰ ਔਕੜ ਵਿਚ ਫਸਿਆ ਵੇਖ ਕੇ ਮੈਂ ਗੁਰਬਾਣੀ ਦੇ ਅਧਾਰ ਤੇ ਇਸ ਦਾ ਹਲ ਦਸਿਆ । ਜਿਸ ਤੇ ਚਰਚਾ ਕਰਨ ਵਾਲੀਆਂ ਦੋਵੇਂ ਧਿਰਾਂ ਸੰਤੁਸ਼ਟ ਹੋ ਗਈਆਂ । ਬਾਹਦ ਵਿਚ ਉਹ ਉਤਰ ਮੈਂ ਦੋ ਰੁਬਾਈਆਂ ਵਿਚ ਲਿਖ ਦਿਤਾ, ਪਾਠਕਾਂ ਦੀ ਗਿਆਤ ਲਈ ਇਥੇ ਦੇ ਰਿਹਾ ਹਾਂ :

ਪ੍ਰਸ਼ਨ :

ਉਹ ਜੋ ਧਨਸ਼ ਦਸ ਤੂੰ ਸੀਤਾ ਨਿਤ ਖਬੇ ਹਥ ਚੁਕਦੀ ।
ਰਾਵਨ ਭੈੜਾ ਚੁਕ ਨਾ ਸਕਿਆ, ਤੂੰ ਨ ਚੁਕਣੋ ਉਕਦੀ ।
ਉਹ ਫਿਰ ਰਾਵਨ ਜੋਰੋ ਜ਼ੋਰੀ, ਤੈਨੂੰ ਕਿਵੇਂ ਲੈ ਗਿਆ ?
ਸਮਝ ਅਸਾਡੀ ਚਕਰ ਖਾਵੇ, ਆਪੇ ਦਸ ਗਲ ਮੁਕਦੀ ।

ਉਤਰ :

ਇਸ ਗਲ ਵਿਚ ਨਾ ਵਲ ਹੈ ਕਾਈ, ਹਸ ਕੇ ਬੋਲੀ ਸੀਤਾ ।
ਓਦੋਂ ਸਾਂ ਮੈਂ ਨਾਮ ਰੰਗਾਂ ਵਿਚ, ਉਹ ਸੀ ਹਉਮੈ ਪੀਤਾ ।

ਜਦ ਤਕ ਸੀਤਾ ਮਨ ਸੀ ਸੀਤਾ, ਤਦ ਤਕ ਬਲ ਸੀ ਸਾਰ,
ਪਰ ਬਲ ਛਾਤੇ ਬਲ ਖਿਚ ਲੀਤੇ, ਜਦੋਂ ਹੁਕਮ ਉਲੰਘਣ ਕੀਤਾ।

ਅਸਲ ਗਲ ਤਾਂ ਨਿਕੀ ਜਿਹੀ ਹਉ ਆਉਣ ਦੀ ਸੀ, ਜਿਸ ਨੇ ਮੇਹਰ ਵਿਚ ਟੋਕ ਪਾ ਦਿਤੀ। ਸੋ ਮਿਹਰ ਤੇ ਹੁਕਮ ਦਾ ਸਗਵਾਂ ਮੇਲ ਹੈ। ਅਬਨਾਸ਼ੀ ਵਰ ਪਾਉਣ ਲਈ ਲੋੜ ਹੈ ;

(ੳ) ਸਾਈਂ ਦੇ ਨਿਰਮਲ ਭਉ ਦੀ ਤੇ ਇਸ ਡਰ ਦੇ ਅਧੀਨ ਲੋੜ ਹੈ ਪਾਪ ਤਜਣ ਦੀ :

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥

(ਅ) ਪਰੇਮ। ਜਿਸ ਕਰਕੇ ਪਾਪਾਂ ਤੇ ਦੁਨਿਆਵੀ ਡਰ ਤੋਂ ਨਿਜਾਤ ਪਾ, ਹਉਮੈ ਦੂਰ ਕਰਨੀ ਹੈ। ਇਹ ਅਵਸਥਾ ਸਤਿਗੁਰ ਪੁਰਖ ਦੇ ਮੇਲ ਲਈ ਤਿਆਰੀ ਦੀ ਅਵਸਥਾ ਹੈ। ਅਸਲੇ ਨੂੰ ਅਸਲੇ ਦੇ ਮਿਲਣ ਦੀ ਤਾਂਘ ਵੈਰਾਗ ਹੈ।

(ੲ) ਵੈਰਾਗ। ਮਨ ਦਾ ਅਸਲ ਸੁਭਾਉ, ਹਉਮੈ ਦੇ ਦੂਰ ਹੋਣ ਤੇ ਉਤੇਜਨਾ ਪ੍ਰਾਪਤ ਕਰ ਲੈਂਦਾ ਹੈ ਤੇ ਆਪਣੇ ਅਸਲੇ ਵਿਚ ਅਭੇਦਤਾ ਦੀ ਅਵਸਥਾ ਉਪਜ ਪੈਂਦੀ ਹੈ।

(ਸ) ਸਹਿਜ ਅਨੰਦ। ਇਹ ਅਵਸਥਾ, ਅਸਲੇ ਦੀ ਅਸਲੇ ਨਾਲ ਅਭੇਦਤਾ ਤੇ ਅਬਿਨਾਸ਼ੀ ਵਰ ਪਾਣ ਦੀ ਹੈ।

ਪਹਿਲੀ ਅਵਸਥਾ ਸੀ ਗੁਰ ਉਪਦੇਸ਼ ਦਵਾਰਾ ਧਰਮ ਦ੍ਰਿੜ ਕਰਨ ਦੀ। ਦੂਜੀ ਸੀ :

ਨਿਰਭਉ ਭੈ ਮਨੁ ਹੋਇ ਹਉਮੈ ਮੇਲ ਗਵਾਇਆ ਬਲਰਾਮ ਜੀਉ ॥

ਤੀਜੀ ਸੀ:

ਹਿਰਦੈ ਹਰਿ ਹਰਿ ਹਰਿ ਮੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੈ ਤੀਜੀ ਲਾਵੈ ਹਰਿ ਉਪਜੈ ਮਨਿ ਵੈਰਾਗ ਜੀਉ ।੩।

ਤੇ ਅੰਤ ਵਿਚ :

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ । ੪ । ੨
(ਸੂਹੀ ਮ. ੪)

ਤੇ ਫੇਰ—'ਪਾਇਆ ਪ੍ਰਭੁ ਅਵਿਨਾਸੀ' ਦੀ ਅਵਸਥਾ।

ਗਲ ਤਾਂ ਹੈ ਬਾਣੀ ਅਨੁਸਾਰ ਜੀਵਨ ਢਾਲਣ ਦੀ ਤੇ ਬਾਣੀ ਹੈ ਖਸਮ ਦੀ, ਧੁਰ ਤੋਂ ਆਈ, ਸਭ ਹੁਕਮਾਓ। ਫੇਰ ਸਾਰੀ ਗਲ ਤਾਂ ਹੋਈ ਹੁਕਮ ਮੰਨਣ ਦੀ।

ਹੁਕਮ ਮੰਨਿਆ, ਕੂੜ ਦੀ ਕੰਧ ਹਉਮੈ ਟੁਟੀ। ਹੁਣ ਸਵਾਲ ਪੈਦਾ ਹੁੰਦਾ ਹੈ–ਨਾਮ ਜਪਿਆਂ ਹਉਮੈ ਟੁਟਦੀ ਹੈ ਤੇ ਹੁਕਮ ਮੰਨਣ ਨਾਲ ਵੀ ਹਉਮੈ ਟੁਟਦੀ ਹੈ। ਤਾਂ ਫਿਰ ਹੁਕਮ ਮੰਨੀਏ ਕਿ ਨਾਮ ਜਪੀਏ ?

ਵਾਸਤਵ ਵਿਚ ਨਾਮ ਦਾ ਦੂਜਾ ਰੂਪ ਹੀ ਪਰੇਮ ਹੈ। ਭਰਤਰੀ ਨੇ ਕਿਹਾ ਸੀ ਕਿ ਪਰੇਮ ਦੁਨੀਆਂ ਦੀ ਸਭ ਤੋਂ ਵਡੀ ਚੀਜ਼ ਹੈ, ਪਰ ਪਰੇਮ ਹਉ ਵਿਚ ਰਤੀ ਦੁਨੀਆਂ ਤੋਂ ਉਚੇਰੇ ਉਠ ਕੇ ਹੀ ਪ੍ਰਾਪਤ ਹੁੰਦਾ ਹੈ। ਪਰੇਮ ਆਪਣੀ ਇਛਾ ਨੂੰ ਆਪਣੇ ਪਰੇਮੀ ਦੇ ਅਨੁਸਾਰੀ ਕਰਨ ਦਾ ਨਾਂ ਹੈ। ਦੂਜੇ ਸ਼ਬਦਾਂ ਵਿਚ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਆਪਣਾ ਫੁਰਨਾ ਮਾਤਰ ਵੀ ਪਰੇਮੀ ਨੂੰ ਸੌਂਪਣ ਦਾ ਨਾਮ ਹੀ ਪਰੇਮ ਹੈ। ਸੋ ਫੁਰਨਾ ਸੌਂਪਣ ਦਾ ਨਾਮ ਹੀ ਹੁਕਮੀ ਬੰਦਾ ਬਣਨਾ ਹੈ। ਫ਼ਾਰਸੀ ਦੇ ਇਕ ਉਘੇ ਸ਼ਾਇਰ ਦਾ ਕਥਨ ਹੈ :

ਇਸ਼ਕ ਚੀਸਤ ਬਗੋ ? ਬੰਦਾ ਏ ਜਾਨਾ ਬੂਦਨ !
ਦਿਲ ਬਦਸਤ ਦੀਗਰ, ਦਾਦਨ ਵਾ ਪਰੇਸ਼ਾਂ ਬੂਦਨ।

ਪਰ ਗੁਰਮਤ ਤਾਂ ਇਸ ਤੋਂ ਬਹੁਤ ਅਗੇ ਹੈ। ਸਤਿਗੁਰ ਤਾਂ ਫੁਰਮਾਂਦੇ ਹਨ, ਇਨਸਾਨ ਜਦ ਤਕ ਆਪਣੀ ਹਉ (ਆਪਣੇ ਫੁਰਨੇ) ਨੂੰ ਤਿਆਗ, ਰਬੀ ਹੁਕਮ ਨੂੰ ਨਹੀਂ ਬੁਝਦਾ, ਤਦ ਤਕ ਉਹਨੂੰ ਦੁਖ ਹੀ ਸਹਿਣੇ ਪੈਂਦੇ ਹਨ। ਅਸਲ ਸੁਖ ਤਾਂ ਹੁਕਮ ਨੂੰ ਬੁਝ ਕੇ ਹੁਕਮੀ ਬੰਦਾ ਬਣਨਾ ਹੈ। ਸਚੇ ਗੁਰੂ ਦਾ ਮੇਲ ਹੁਕਮ ਦਾ ਸਹੀ ਗਿਆਨ ਬਖਸ਼ਦਾ ਹੈ ਤੇ ਪਰੇਮੀ ਸਹਿਜ ਅਨੰਦ ਦੀ ਅਵਸਥਾ ਪ੍ਰਾਪਤ ਕਰ, 'ਸਰਬ ਮੈ ਪੇਖੈ ਪਾਰਬ੍ਰਹਮ' ਦੀ ਸਚੀ ਮਸ਼ਾਲ ਬਣ ਜਾਂਦਾ ਹੈ :

ਜਬ ਲਗ ਹੁਕਮ ਨਾ ਬੂਝਤਾ ਤਬ ਹੀ ਲਉ ਦੁਖੀਆ।
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ! ੩।
ਨਾਂ ਕੋ ਦੁਸਮਨੁ ਦੇਖੀਆ ਨਾਹੀ ਕੋ ਮੰਦਾ।
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਥੰਦਾ।੪।੧੭।੧੧੯।
(ਆਸਾ ਮ: ੫)

ਸੋ ਨਾਮ ਹੈ ਪਰੇਮ ਤੇ ਪਰੇਮ ਹੈ ਹੁਕਮ ਰਜਾਈ ਚਲਣਾਂ। ਜਾਂ ਇਵੇਂ ਕਹਿ ਲਵੋ ਕਿ ਨਾਮ, ਪਰੇਮ ਜਾਂ ਹੁਕਮ, ਜੋ ਗੁਰੂ ਉਪਦੇਸ਼(ਸ਼ਬਦ)ਰਾਹੀਂ ਪ੍ਰਾਪਤ ਹੁੰਦੇ ਹਨ, ਇਕੋ ਵਸਤ ਦੇ ਅਡਰੇ ਅਡਰੇ ਰੂਪ ਭਾਸਦੇ ਹਨ, ਪਰ ਵਾਸਤਵ ਵਿਚ ਇਕ ਦੇ ਹੀ ਦੋ ਰੂਪ ਹਨ। ਸਤਿਗੁਰੂ ਨਾਨਕ ਦੇਵ ਜੀ ਵੀ ਸਾਨੂੰ ਇਹੀ ਉਪਦੇਸ਼ ਦੇਂਦੇ ਹਨ :–

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੇਆਲੰ ॥
(ਮਲਾਰ ਮ: ੧ ਅਸ਼ਟਪਦੀਆਂ)

ਉਪਰੋਕਤ ਮਹਾਂਵਾਕ ਵਿਚ ਹੁਕਮ, ਨਾਮ ਤੇ ਸ਼ਬਦ ਦਾ ਇਕੋ ਰੂਪ ਦਰਸਾਇਆ ਗਿਆ ਹੈ। ਅਗੇ ਅਸੀਂ ਨਾਮ ਦਾ ਵਿਚਾਰ ਕਰ ਚੁਕੇ ਹਾਂ। ਹੁਕਮ ਦਾ ਵਿਚਾਰ ਕੀਤਾ ਜਾ ਰਿਹਾ ਹੈ। ਅਜੇ ਹਾਲ ਦੀ ਹੋ ਚੁਕੀ ਵਿਚਾਰ ਤੋਂ ਅਸੀਂ ਹੇਠ ਲਿਖੇ ਸਿਟੇ ਕਢੇ ਹਨ :

੧. ਮਨ ਦਾ ਅਸਲੀ ਸੁਭਾ ਵੈਰਾਗੀ ਹੈ।

੨. ਵੈਰਾਗ ਹਉਮੈ ਰਹਿਤ ਅਵਸਥਾ ਦਾ ਨਾਮ ਹੈ।

੩. ਹਉਮੈ ਰਹਿਤ ਅਵਸਥਾ ਵਿਚ ਹੀ ਨਾਮ ਦਾ ਪਰਗਾਸ ਹੁੰਦਾ ਹੈ। ਸੋ ਵੈਰਾਗ ਤੇ ਨਾਮ ਨਿਵਾਸ ਦੀ ਅਵਸਥਾ ਵਿਚ ਕਿਸੇ ਕਿਸਮ ਦਾ ਭੇਦ ਨਹੀਂ। ਸਵਾਸ ਸਵਾਸ ਸਿਮਰਨ ਜਾਂ ਸਦੀਵੀ ਯਾਦ ਪਰੇਮ ਦੀ ਤੀਬਰਤਾ ਹੋਣ ਤੇ ਹੀ ਉਪਜਦੀ ਹੈ। ਏਸ ਲਈ ਪਰੇਮ ਮਾਰਗ ਹੈ ਨਾਮ ਪ੍ਰਗਾਸਣ ਦਾ ਅਤੇ ਪ੍ਰਭੂ ਨੂੰ ਪਾਉਣ ਦਾ।

੪. ਸਹੀ ਪਰੇਮ ਆਪਾ ਨਿਵਾਰਨਾ ਤੇ ਹੁਕਮ ਵਿਚ ਚਲਣਾ ਹੈ।

੫. ਹੁਕਮ ਗੁਰੂ ਦੇ ਉਪਦੇਸ਼ ਦਵਾਰਾ ਹੀ ਬੁਝਿਆ ਜਾ ਸਕਦਾ ਹੈ।

੬. ਹੁਕਮ, ਨਾਮ ਤੇ ਸ਼ਬਦ ਇਕ ਨਾਮੀ ਦੇ ਹੀ ਵਖੋ ਵਖ ਰੂਪ ਹਨ, ਜੋ ਅਸਲ ਵਿਚ ਇਕੋ ਹੀ ਹਨ।

ਹਉਮੈ

ਨਾਮ ਦੀ ਵਿਚਾਰ ਕਰਦਿਆਂ ਅਸੀਂ ਇਸ ਸਿਟੇ ਤੇ ਪੁਜੇ ਸਾਂ, ਜੋ ਸਰਬ ਵਿਆਪੀ ਨਾਮ ਜੋ 'ਗੁਪਤ ਨਾਮ' ਕਰਕੇ ਵੀ ਕਿਹਾ ਜਾਂਦਾ ਹੈ, ਹਉਮੈ ਦੀ ਰੋਕ ਕਰਕੇ ਹੀ ਨਹੀਂ ਪ੍ਰਗਾਸਦਾ। ਹਉਮੈ ਅਸਲ ਬੀਮਾਰੀ ਹੈ, ਜਿਸ ਨੇ ਮਨ ਨੂੰ ਰੋਗੀ ਬਣਾ ਅਤਿ ਦਾ ਕੰਮਜ਼ੋਰ ਕਰ ਦਿਤਾ ਹੈ। ਹਉਮੈ ਇਕ ਚਾਰ ਦੀਵਾਰੀ ਹੈ ਜਿਸ ਨੇ ਸਰਬ-ਵਿਆਪੀ ਆਤਮਾ ਨੂੰ ਜੀਵ ਆਤਮਾ ਬਣਾ ਤਿੰਨ ਗੁਣਾਂ ਦੇ ਅਧੀਨ ਕਰ ਦਿਤਾ ਹੈ, ਜਿਸ ਦੇ ਕਾਰਨ ਅਨੇਕਾਂ ਜੀਵ-ਅਜੀਵ ਹੋਂਦਾਂ ਕਾਇਮ ਹੁੰਦੀਆਂ ਹਨ। ਹਉਮੈ ਇਕ ਬਾਂਕਾ ਗੜ੍ਹ ਹੈ ਜਿਸ ਨੇ ਸਰਬ ਵਿਆਪੀ ਆਪੇ ਨੂੰ ਵਲਗਣ ਵਿਚ ਲੈ ਆਪ ਆਪਣੀਆਂ ਅਸੁਰੀ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਆਦਿ ਫੌਜਾਂ ਦੇ ਬਲ ਅਜਿਤ ਬਣ ਬੈਠਾ ਹੈ। ਸਤਿਗੁਰ ਤਾਂ ਜਗਤ ਦਾ ਮੂਲ ਕਾਰਨ ਹੀ ਇਸ ਨੂੰ ਮੰਨਦੇ ਹਨ :

> ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥
> ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥
>
> (ਸਿਧ ਗੋਸਟਿ ਰਾਮਕਲੀ ਮ: ੧)

ਕਈ ਵਾਰ ਉਪਰੋਕਤ ਤੁਕਾਂ ਪੜ੍ਹ ਕੇ ਕੁਝ ਹੈਰਾਣੀ ਜਹੀ ਹੁੰਦੀ ਹੈ। ਕੀ ਜਗਤ ਕਰਤਾਰੀ ਰਚਨਾ ਨਹੀਂ ? ਹਉਮੈ ਨੇ ਇਹ ਸੰਸਾਰ ਕਿਵੇਂ ਰਚ ਦਿਤਾ ਹੈ ? ਕੀ ਸੰਸਾਰ ਦੋ ਹਨ ? ਇਕ ਦਾ ਰਚਨਹਾਰ ਕਰਤਾਰ ਹੈ ਤੇ ਦੂਜੇ ਸੰਸਾਰ ਦੀ ਹਉਮੈ ?

ਜਦ ਅਸੀਂ ਇਹਨਾਂ ਪ੍ਰਸ਼ਨਾਂ ਵਲ ਵਿਸ਼ੇਸ਼ ਧਿਆਨ ਦੇਈਏ ਤਾਂ ਇਸ ਦਾ ਹਲ ਆਪਣੇ ਆਪ ਸਾਹਮਣੇ ਆ ਜਾਂਦਾ ਹੈ। ਹਉਮੈ ਨਾਮ ਹੈ ਵਖਰੀ ਅਪਣਤ ਕਾਇਮ ਕਰਨ ਦਾ। ਵਖਰੀ ਸ਼ਖਸੀਅਤ (Separate individuality) ਤਸੱਵਰ ਕਰਨ ਦਾ ਜਿਸ ਚੀਜ਼ ਨਾਲ ਅਪਣਤ ਜੁੜਦੀ ਹੈ, ਉਹ ਉਸ ਦੇ ਸਖਸ਼ੀ ਸੰਸਾਰ ਵਿਚ ਜੁੜ ਜਾਂਦੀ ਹੈ ਤੇ ਇਸ ਤਰ੍ਹਾਂ ਅਪਣਤ ਦਾ ਜੋੜ ਇਕ ਨਵੇਕਲਾ ਤੇ ਨਿਕਾ ਜਿਹਾ ਸੰਸਾਰ ਰਚ ਲੈਂਦਾ ਹੈ। ਸੋ ਹਰ ਇਕ ਸਜਣ ਦਾ ਆਪਣਾ ਵਖਰਾ ਜਗਤ ਰਚਿਆ ਹੋਇਆ ਹੈ ਤੇ ਇਹ ਸੰਸਾਰ ਇਸ ਦੀ ਅਪਣਤ

ਦੇ ਜੋੜ-ਤੋੜ ਤੋਂ ਹੀ ਬਣਿਆ ਹੈ।

ਉਪਰੋਕਤ ਵਿਚਾਰ ਨੂੰ ਅਸੀਂ ਕੁਝ ਕੁ ਦ੍ਰਿਸ਼ਟਾਂਤਾਂ ਨਾਲ ਸਿਧ ਕਰਨ ਦਾ ਯਤਨ ਕਰਾਂਗੇ।

(੧) ਇਕ ਸਜਣ ਇਕ ਮਕਾਨ ਬਣਾਂਦਾ ਹੈ। ਮਕਾਨ ਦੀ ਉਸਾਰੀ ਵੇਲੇ ਬੜੇ ਗਹੁ ਨਾਲ ਕਾਰੀਗਰਾਂ ਦੀ ਕਾਰਗੁਜ਼ਾਰੀ ਵਲ ਵੇਖਦਾ ਹੈ! ਢਿਲੇ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਤਾੜਦਾ ਹੈ, ਬਾਹਰ ਪਏ ਮਸਾਲੇ ਵਿਚ ਉਹਦਾ ਪੂਰਾ ਧਿਆਨ ਹੈ। ਕੀ ਮਜਾਲ ਕਿਸੇ ਦੀ ਕਿਣਕਾ ਰੇਤ ਦਾ ਵੀ ਇਧਰ-ਉਧਰ ਕਰੇ। ਮਕਾਨ ਉਸਰ ਗਿਆ, ਛੱਤ ਹੋਈ, ਸਗਣਾਂ ਨਾਲ ਅੰਦਰ ਵਾਸ ਕੀਤਾ ਹੈ। ਕੁਝ ਹਿਸਾ ਕਰਾਏ ਤੇ ਦੇ ਦਿਤਾ। ਕਰਾਇਦਾਰ ਨੂੰ ਉਹ ਹਕ ਨਹੀਂ ਜੋ ਆਪ ਨੂੰ ਹਨ। ਕਰਾਇਦਾਰ ਨੇ ਆਪਣੀ ਬੈਠਕ ਵਿਚ ਮੂਰਤ ਲਟਕਾਣ ਲਈ ਕਿਲ ਠੋਕੀ। ਕੜਕਵੀਂ ਆਵਾਜ਼ ਨਾਲ ਟੋਕ ਦਿਤਾ, 'ਭਾਈ ਸਾਹਿਬ ਪਲਸਤਰ ਟੁਟ ਜਾਏਗਾ, ਤੁਹਾਨੂੰ ਕਿਲ ਠੋਕਣ ਦਾ ਕੋਈ ਹਕ ਨਹੀਂ।' ਜੇ ਕਰਾਇਦਾਰ ਨੇ ਕਪੜੇ ਧੋਤੇ ਜਾਂ ਦੌਰੀ ਵਿਚ ਮਸਾਲਾ ਕੁਟਿਆ ਤਦ ਵੀ ਅਗੋਂ ਟੋਕਿਆ ਗਿਆ। 'ਅਸਾਂ ਫਰਸ਼ ਤੋੜਨ ਲਈ ਮਕਾਨ ਕਰਾਏ ਤੇ ਨਹੀਂ ਦਿਤਾ, ਜੇ ਇਸ ਤਰ੍ਹਾਂ ਕਰਨਾ ਜੇ ਤਾਂ ਮਕਾਨ ਖਾਲੀ ਕਰ ਦਿਓ।' ਗੱਲ ਕੀ ਗੱਲ-ਗੱਲ ਵਿਚ ਇਹੋ ਅਪਣਤ, ਮਾਲਕ ਮੈਂ ਹਾਂ, ਇਹ ਮਕਾਨ ਮੇਰਾ ਹੈ। ਮੈਂ ਇਸ ਤੇ ਆਪਣਾ ਖ਼ੂਨ ਜਿਗਰ ਨਿਚੋੜਿਆ ਹੈ। ਖੈਰ, ਕੁਝ ਭਾਣਾ ਅਜਿਹਾ ਵਰਤਿਆ ਮਕਾਨ ਵਿਕ ਗਿਆ। ਦਸ ਹਜ਼ਾਰ ਮੁਲ ਪਿਆ ਰਜਿਸਟਰੀ ਹੋ ਗਈ, ਮਕਾਨ ਉਹੀ, ਪਰ ਮਾਲਕ ਹੋਰ ਬਣ ਗਿਆ।

ਅਜੇ ਉਹ ਦਸ ਹਜ਼ਾਰ ਡਰਾਫਟ ਦੇ ਰੂਪ ਵਿਚ ਹੀ ਸੀ। ਕੈਸ਼ ਨਹੀਂ ਸੀ ਕਰਾਇਆ ਕਿ ਮਕਾਨ ਨੂੰ ਦੇਵ ਨੇੜਿ ਨਾਲ ਅੱਗ ਲਗ ਗਈ। ਸੜ ਕੇ ਸਵਾਹ ਹੋ ਗਿਆ, ਪਰ ਦੁਖੀ ਹੋਣ ਦੀ ਥਾਂ ਵਾਛਾਂ ਖਿੜ ਗਈਆਂ। 'ਸ਼ੁਕਰ ਹੈ, ਵਾਹਿਗੁਰੂ ਸ਼ੁਕਰ ਹੈ ਤੇਰਾ ਤੂੰ ਮੈਨੂੰ ਰਖ ਲਿਆ, ਮੇਰੀ ਮੂੜੀ ਬਚਾ ਦਿਤੀ। ਜੇ ਮਕਾਨ ਕਲ ਸੜ ਜਾਂਦਾ ਤਾਂ ਮੈਂ ਬਰਬਾਦ ਹੋ ਜਾਂਦਾ।' ਇਹ ਸ਼ੁਕਰ ਕਿਉਂ? ਕਲ ਤਾਂ ਉਸ ਤੇ ਨਜ਼ਰ ਭੰਨ ਕਟਵੀਆਂ ਟੰਗੀਆਂ ਹੋਈਆਂ ਸਨ, ਤਾਂ ਜੋ ਕਿਸੇ ਦੀ ਨਜ਼ਰ ਨਾ ਲਗ ਜਾਵੇ। ਕਲ ਤਾਂ ਕਰਾਇਦਾਰਾਂ ਨਾਲ ਨਿਰੂਣੀ ਗਲੋਂ ਲੜਾਈਆਂ ਹੁੰਦੀਆਂ ਸਨ, ਅਜ ਸੜ ਜਾਣ ਤੇ ਵੀ ਸ਼ੁਕਰਾਨੇ? ਉਤਰ ਕੇਵਲ ਇਕੋ ਹੀ ਹੈ ਮਕਾਨ ਨਾਲੋਂ ਅਪਣਤ ਜੋ ਟੁਟ ਗਈ ਸੀ। ਹੁਣ ਅਪਣਤ ਮਕਾਨ ਨਾਲੋਂ ਟੁਟ ਕੇ ਡਰਾਫਟ ਨਾਲ ਜੁੜ ਗਈ ਹੈ। ਏਸੇ ਲਈ

ਤਾਂ ਮੁੜ-ਮੁੜ ਉਸ ਡਰਾਫਟ ਨੂੰ ਵੇਖਦਾ ਹੈ। ਸੰਭਾਲ-ਸੰਭਾਲ ਰਖਦਾ ਹੈ, ਸੋਚਦਾ ਹੈ, ਸਵੇਰੇ ਪਹਿਲਾ ਕੰਮ ਬੈਂਕ ਪੁਜ ਕੇ ਇਸ ਨੂੰ ਕੈਸ਼ ਕਰਵਾਣ ਦਾ ਕਰਾਂਗਾ। ਮਨ ਵਿਚ ਕਈ ਵਿਚਾਰਾਂ ਉਠਦੀਆਂ ਹਨ। ਕਦੇ-ਕਦੇ ਤਾਂ ਢਹਿੰਦੀਆਂ ਕਲਾਂ ਵਿਚ ਚਲਾ ਜਾਂਦਾ ਹੈ ਕਿ ਅਵਿਸ਼ਵਾਸ਼ ਨੀਂਦ ਵੀ ਨਹੀਂ ਆਉਣ ਦੇਂਦਾ। ਜੇ ਕਿਤੇ ਡਰਾਫਟ ਦੀ ਪੇਮੈਂਟ ਰੋਕ ਦਿਤੀ ਗਈ, ਤਾਂ ਮੇਰਾ ਕੀ ਬਣੇਗਾ? ਹੁਣ ਐਸ ਵੇਲੇ ਉਸ ਦਾ ਸਾਰਾ ਧਿਆਨ ਉਸ ਕਾਗਜ਼ ਦੇ ਪੁਰਜ਼ੇ ਵਿਚ ਹੈ। ਇਸ ਪੁਰਜ਼ੇ ਵਿਚ ਉਸ ਦੇ ਦਸ ਹਜ਼ਾਰ ਰੁਪਏ ਹਨ। ਇਸ ਪੁਰਜ਼ੇ ਨਾਲ ਇਸ ਦੀ ਅਪਣਤ ਹੈ।

ਬੈਂਕ ਖੁਲ੍ਹਦਿਆਂ ਸਾਰ ਉਹ ਮੈਨੇਜਰ ਨੂੰ ਮਿਲਿਆ। ਉਹ ਉਸ ਦਾ ਲੰਗੋਟੀਆ ਸੀ ਉਸ ਨੇ ਡਰਾਫਟ ਲੈ ਕੇ ਉਸ ਨੂੰ ਖਜ਼ਾਨਚੀ ਪਾਸੋਂ ਰੁਪਏ ਦਵਾ ਦਿਤੇ ਤੇ ਆਖਿਆ, 'ਮਿਤਰ ਜੀ ਤੁਸੀਂ ਤਾਂ ਆਪਣੇ ਰੁਪਏ ਲਵੋ, ਅਸੀਂ ਕਾਗਜ਼ੀ ਕਾਰਵਾਈ ਮਗਰੋਂ ਕਰਦੇ ਰਹਾਂਗੇ।' ਪਰ ਬਦ-ਕਿਸਮਤੀ ਨਾਲ ਡਰਾਫਟ ਦਾ ਕਾਗਜ਼ ਕਿਤੇ ਮੈਨੇਜਰ ਪਾਸੋਂ ਅਗੇ ਪਿਛੇ ਰਖਿਆ ਗਿਆ, ਉਸ ਨੇ ਅਪਣਾ ਆਦਮੀ ਭੇਜ ਕੇ ਪੁਛ ਕੀਤੀ, 'ਕੀ ਗਲਤੀ ਨਾਲ ਦਸਖਤ ਕਰਨ ਲਗਿਆਂ ਉਹ ਡਰਾਫਟ ਤੁਹਾਡੇ ਪਾਸ ਤਾਂ ਨਹੀਂ ਚਲਾ ਗਿਆ?' ਉਤਰ ਤਾਂ ਜੋ ਦੇਣਾ ਸੀ ਦਿਤਾ, ਪਰ ਮਨ ਵਿਚ ਕੋਈ ਅਸ਼ਾਂਤੀ ਨਹੀਂ ਸੀ। ਉਸ ਨੇ ਆਪਣਾ ਖੀਸਾ ਟੋਹਿਆ, ਨੋਟ ਵੇਖੇ, ਤੇ ਫੇਰ ਆਖਿਆ, 'ਹੁਣ ਡਰਾਫਟ ਗੁੰਮਦਾ ਹੈ ਤਾਂ ਗੁੰਮਣ ਦਿਓ ਮੇਰਾ ਵਾਸਤਾ ਤਾਂ ਆਪਣੇ ਰੁਪਏ ਨਾਲ ਸੀ, ਸੋ ਤਾਂ ਮੇਰੇ ਪਾਸ ਹੈ। ਵਾਹਿਗੁਰੂ ਤੇਰਾ ਹਜ਼ਾਰ-ਹਜ਼ਾਰ ਸ਼ੁਕਰ। ਜੇ ਮੇਰੇ ਪਾਸੋਂ ਗੁੰਮ ਜਾਂਦਾ ਤਾਂ...........' ਇਹ ਸ਼ੁਕਰ ਕਿਉਂ? ਉਤਰ ਸਪਸ਼ਟ ਹੈ। ਅਪਣਤ ਡਰਾਫਟ ਨਾਲੋਂ ਟੁਟ ਕੇ ਨੋਟਾਂ ਨਾਲ ਜੁੜ ਗਈ ਹੈ। ਹੁਣ ਉਸ ਦੀ ਸੋਤ ਦਾ ਮਰਕਜ਼ ਇਸ ਰੁਪਏ ਨੂੰ ਸੁਰਖਸ਼ਿਤ ਰਖਣ ਦਾ ਹੈ।

ਰੁਪਿਆ ਬੈਂਕ ਵਿਚ ਸੁਰਖਸ਼ਿਤ ਕਰ ਦਿਤਾ ਗਿਆ। ਬੇ-ਫਿਕਰੀ ਹੋ ਗਈ। ਪਰ ਇਕ ਦੋ ਬੈਂਕਾਂ ਦੇ ਟੁਟਣ ਦੀ ਹਵਾਈ ਉਡੀ। ਹੁਣ ਉਸ ਦੀਆਂ ਸੋਚਾਂ ਫੇਰ ਜਾਗ ਪਈਆਂ। ਅਰਦਾਸਾਂ ਹੋਣ ਲਗੀਆਂ, 'ਭਾਵੇਂ ਸਾਰੇ ਬੈਂਕ ਟੁਟ ਜਾਣ, ਪਰ ਹੇ ਵਾਹਿਗੁਰੂ ਮੇਰਾ ਬੈਂਕ ਨਾ ਟੁਟੇ।' ਮੇਰਾ ਬੈਂਕ ਕਿਉਂ, ਸਿਰਫ ਏਸ ਲਈ ਜੋ ਰੁਪਏ ਦੇ ਕਾਰਨ ਅਪਣਤ ਹੁਣ ਬੈਂਕ ਨਾਲ ਜੁੜ ਚੁਕੀ ਹੈ।

ਉਪਰੋਕਤ ਦ੍ਰਿਸ਼ਟਾਂਤ ਤੋਂ ਅਸਾਂ ਵੇਖਿਆ ਹੈ। ਪਹਿਲਾਂ ਅਪਣਤ ਨੇ ਮਕਾਨ ਨਾਲ ਰਿਸ਼ਤਾ ਗੰਢਿਆ, ਤਾਂ ਉਸ ਦਾ ਸੰਸਾਰ ਮਕਾਨ ਨਾਲ ਸਬੰਧਤ ਸੀ ਤੇ ਉਹੀਓ ਦੁਖ-ਸੁਖ ਦਾ ਕਾਰਨ ਸੀ। ਜਦੋਂ ਮਕਾਨ ਨਾਲੋਂ ਟੁਟ ਡਰਾਫਟ

ਨਾਲ ਜੁੜਿਆ, ਤਾਂ ਮੈਂ ਦਾ ਸਬੰਧ ਉਸ ਨਿਕੇ ਜਿਹੇ ਕਾਗਜ਼ ਨਾਲ ਸੀ ਤੇ ਉਹੀਓ ਹੀ ਸੰਸਾਰ ਸੀ। ਫੇਰ ਰੁਪਏ ਨਾਲ ਤੇ ਅੰਤ ਨੂੰ ਬੈਂਕ ਨਾਲ। ਸੋ ਇਹ ਗੱਲ ਸਪਸ਼ਟ ਹੋਈ, ਜੋ ਅਪਣਤ ਜੋੜਨ ਨਾਲ ਹੀ ਸੰਸਾਰ ਬਣਦਾ ਹੈ ਤੇ ਤੋੜਨ ਨਾਲ ਟੁਟਦਾ ਹੈ। ਅਪਣਤ ਹਉਮੈ ਦੀ ਕ੍ਰਿਤ ਹੈ। ਸੋ ਜਗਤ ਦੀ ਉਤਪਤੀ ਹਉਮੈ ਤੋਂ ਹੀ ਹੋਈ।

ਇਕ ਹੋਰ ਦ੍ਰਿਸ਼ਟਾਂਤ ਏਸ ਮਸਲੇ ਨੂੰ ਹੋਰ ਵੀ ਸਪਸ਼ਟ ਕਰ ਦੇਵੇਗਾ।

(੨) ਦੇਸ਼ ਦੀ ਵੰਡ ਤੋਂ ਪਹਿਲਾਂ ਦੋ ਮਿਤਰਾਂ ਨੇ ਅਨੋਖਾ ਪ੍ਰਣ ਕਰ ਲਿਆ। ਅਸੀਂ ਆਪਣੇ ਸਬੰਧ ਹੋਰ ਡੂੰਘੇ ਕਰਨੇ ਹਨ। ਇਕ ਨੇ ਆਪਣੀ ਨਿਕੀ ਜਿਹੀ ਕੁੜੀ ਦੂਜੇ ਦੇ ਨਿਕੇ ਜਿਹੇ ਮੁੰਡੇ ਨਾਲ ਮੰਗ ਦਿਤੀ ਤੇ ਰਿਸ਼ਤਾ ਪੱਕਾ ਹੋ ਗਿਆ। ਦੇਸ਼ ਵੰਡਿਆ ਗਿਆ। ਪਿੰਡ ਉਜੜ ਗਏ। ਸਬੰਧੀ ਬੇ-ਮਾਲੂਮੀਆਂ ਥਾਵਾਂ ਤੇ ਨਿਖੜ ਕੇ ਜਾ ਵਸੇ। ਇਹਨਾਂ ਮਿਤਰਾਂ ਵਿਚ ਵੀ ਵਿਛੋੜਾ ਪਿਆ, ਇਕ-ਦਿਲੀ ਤੇ ਦੂਜਾ ਕੋਹਲਾ ਲੰਪਰ (ਮਲਾਇਆ) ਜਾ ਵਸਿਆ। ਕਈ ਸਾਲ ਗੁਜ਼ਰ ਚੁਕੇ ਸਨ। ਹਾਲਾਤ ਵਿਚ ਕਾਫੀ ਤਬਦੀਲੀ ਆ ਚੁਕੀ ਸੀ। ਦੋਹਾਂ ਧਿਰਾਂ ਦੀਆਂ ਮੰਗੇਤਰਾਂ ਵਿਆਹੁਣ ਯੋਗ ਸਨ। ਕਿਸੇ ਹੀਲੇ ਕੁੜੀ ਵਾਲੇ ਨੂੰ ਜੋ ਕੋਹਲਾ ਲੰਪਰ ਦਾ ਵਸਨੀਕ ਬਣ ਚੁਕਿਆ ਸੀ, ਨੂੰ ਦਿਲੀ ਰਹਿੰਦੇ ਵਿਛੜੇ ਮਿਤਰ ਦਾ ਥੋਹ-ਠਿਕਾਣਾ ਮਿਲ ਗਿਆ। ਬੇਹਦ ਖੁਸ਼ੀ ਵਿਚ ਚਿਠੀ ਪੱਤਰ ਸ਼ੁਰੂ ਹੋ ਗਿਆ। ਰਿਸ਼ਤੇ ਮੁੜ ਜਾਗ ਪਏ। ਸਾਕ ਪਕੇ ਹੋ ਗਏ ਤੇ ਦੋ ਪਾਸੇ ਵਿਆਹ ਦੀਆਂ ਤਿਆਰੀਆਂ ਆਰੰਭ ਹੋ ਗਈਆਂ।

ਵਿਆਹ ਦੀ ਤਾਰੀਖ ਨੇੜੇ ਪੁਜ ਚੁਕੀ ਸੀ ਕਿ ਅਚਾਨਕ ਕੁੜੀ ਦੇ ਡਾਢਾ ਬੀਮਾਰ ਹੋਣ ਦੀ ਖਬਰ ਪੁਜੀ। ਪਰਵਾਰ ਵਿਚ ਫਿਕਰ ਹੋਣਾ ਤਾਂ ਸੁਭਾਵਕ ਸੀ। ਪਰ ਮੁੰਡਾ ਕੁਝ ਵਧੇਰੇ ਉਦਾਸ ਸੀ। ਮਿਤਰਾਂ ਨੇ ਉਦਾਸ ਵੇਖ ਉਸ ਦਾ ਜੀਅ ਪਰਚਾਣਾ ਚਾਹਿਆ। ਕਿਸੇ ਨੇ ਆਖਿਆ, ‘ਆਓ ਸੈਰ ਕਰਨ ਚਲੀਏ’ ਮੁੰਡੇ ਨੇ ਕਿਹਾ, ‘ਨਹੀਂ ਜੀਅ ਨਹੀਂ ਮੰਨਦਾ’ ਦੂਜੇ ਨੇ ਕਿਹਾ ਚਲੋ ਫੇਰ ਕਿਸੇ ਹੋਟਲ ਵਿਚ ਖਾਵਾਂ ਪੀਆਂਗੇ। ਉਤਰ ਫੇਰ ਵੀ ਨਾ ਵਿਚ ਮਿਲਿਆ। ਤੀਜੇ ਨੇ ਆਖਿਆ, ‘ਛਡੋ ਸਾਰੀਆਂ ਗੱਲਾਂ ਸਿਨੇਮਾ ਵੇਖਦੇ ਹਾਂ ਆਪੇ ਜੀਅ ਪਰਚ ਜਾਏਗਾ। ਪਰ ਅਗੋਂ ਖਿਝ ਕੇ ਉਤਰ ਮਿਲਿਆ, ‘‘ਤੁਸੀਂ ਜਾਂਦੇ ਕਿਉਂ ਨਹੀਂ ? ਸੌ ਵਾਰੀ ਕਿਹਾ ਹੈ ਮੇਰਾ ਜੀਅ ਠੀਕ ਨਹੀਂ ਐਵੇਂ ਮਗਜ਼ ਚਟਣ ਡਹੇ ਹੋ।’’ ‘‘ਪਰ ਆਖਰ ਗੱਲ ਕੀ ਹੈ, ਤੂੰ ਇੰਨਾ ਉਦਾਸ ਕਿਉਂ ਹੈਂ ? ਜਦ ਤਕ ਤੂੰ ਦਸੇਂਗਾ ਨਹੀਂ ਅਸੀਂ ਜਾਣਾ ਨਹੀਂ।’’ ਸਭ ਨੇ ਰਲ ਕੇ ਜਦ ਕਿਹਾ ਤਾਂ ਅਗੋਂ ਉਤਰ ਮਿਲਿਆ ਉਸ ਦੀ ਹੋਣ ਵਾਲੀ ਅਰਧੰਗੀ ਸਖਤ ਬੀਮਾਰ ਹੈ ਤੇ ਇਸ ਲਈ ਉਸ ਦਾ ਮਨ ਪਰੇਸ਼ਾਨ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੜਕੀ ਦੋ ਹਜ਼ਾਰ ਮੀਲ ਤੋਂ ਵਧੇਰੇ ਦੂਰੀ ਤੇ ਹੈ। ਮੁੰਡੇ ਨੇ ਉਸਦੀ ਸ਼ਕਲ ਤਕ ਨਹੀਂ ਵੇਖੀ। ਉਹ ਪਹਿਲੇ ਵੀ ਕਦੇ ਬੀਮਾਰ ਹੋਈ ਹੋਵੇਗੀ। ਫੇਰ ਉਦੋਂ ਤਾਂ ਇਹ ਕਦੇ ਉਦਾਸ ਨਹੀਂ ਸੀ ਹੋਇਆ। ਹੁਣ ਏਨੀ ਉਦਾਸੀ ਕਿਉ ? ਉਤਰ ਵਿਚ ਕੋਈ ਝਮੇਲਾ ਬਾਕੀ ਨਹੀਂ ਰਹਿ ਜਾਂਦਾ। ਪਹਿਲੇ ਉਸ ਲੜਕੀ ਨਾਲ ਕੋਈ ਅਪਣਤ ਕਾਇਮ ਨਹੀਂ ਸੀ ਹੋਈ। ਹੁਣ ਅਪਣਤ ਜੁੜ ਗਈ ਹੈ। ਮੇਰੇ ਕਹਿਣ ਨਾਲ ਹੀ ਇਹ ਉਸਦੇ ਸੰਸਾਰ ਦਾ ਇਕ ਵਿਸ਼ੇਸ਼ ਅੰਗ ਬਣ ਗਈ ਹੈ, ਏਸੇ ਲਈ ਤਾਂ ਕਲੇਸ਼ ਪੁਜਾ ਹੈ।

ਲੁਤਫ ਦੀ ਗਲ ਇਹ ਹੈ, ਜੋ ਜਿੰਨਾ ਜਿੰਨਾ ਅਪਣਤ ਦਾ ਸਬੰਧ ਢਿਲਾ ਹੁੰਦਾ ਹੈ, ਉਨਾਂ ਉਨਾਂ ਹੀ ਸੰਸਾਰ ਵੀ ਪੇਤਲਾ ਹੁੰਦਾ ਜਾਂਦਾ ਹੈ। ਮਿਸਾਲ ਲਈ ਸੁਣੋ।

ਦੋ ਭਰਾ ਸਨ। ਇਕ ਦੂਜੇ ਪਿਛੇ ਜਾਨ ਦੇਂਦੇ ਸਨ। ਪਿਤਾ ਦੇ ਸਾਏ ਥਲੇ ਸਾਂਝਾ ਕਾਰੋਬਾਰ ਸੀ। ਇਕਠਾ ਖਾਣਾ, ਇਕਠਾ ਬੈਠਣਾ। ਇਕ ਦਾ ਸੁਖ ਦੂਜੇ ਦਾ ਸੁਖ, ਇਕ ਦਾ ਦੁਖ ਦੂਜੇ ਦਾ ਦੁਖ। ਇਕ ਦੂਜੇ ਦਾ ਪਲ ਭਰ ਦਾ ਵਿਛੋੜਾ ਵੀ ਅਸਹਿ ਸੀ। ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਵਿਆਹ ਹੋ ਗਏ, ਵੰਡੀਆਂ ਪੈ ਗਈਆ। ਵਖੋ ਵਖਰੇ ਧੰਦੇ ਹੋ ਗਏ, ਪਿਆਰ ਮੁਕ ਗਏ। ਦੁਖ ਸੁਖ ਵਖਰੇ, ਕਾਰ-ਵਿਹਾਰ ਵਖਰੇ। ਕਦੇ ਕਦੇ ਦੇ ਮੇਲੇ।

ਵਡੇ ਭਰਾ ਦਾ ਕੰਮ ਢਿਲਾ ਪੈ ਗਿਆ। ਉਸ ਨੇ ਨਿਕੇ ਭਰਾ ਨੂੰ ਚਿਠੀ ਲਿਖੀ–ਨਿਕੇ ਵੀਰ! ਮੇਰਾ ਕੰਮ ਮੰਦਾ ਪੈ ਗਿਆ ਹੈ। ਮੈਨੂੰ ੫੦੦) ਰੁਪਏ ਦੀ ਮਦਦ ਦੇ। ਜੇਕਰ ਮੇਰਾ ਕੰਮ ਮੁੜ ਪਿਆ, ਤਾਂ ਸਗਵਾਂ ਵਾਪਸ ਕਰ ਦਿਆਂਗਾ, ਨਹੀਂ ਤਾਂ ਇਹੋ ਜਾਣੀ, ਜੋ ਵਡੇ ਭਰਾ ਦੀ ਮਦਦ ਕਰ ਦਿਤੀ ਹੈ।

ਚਿਠੀ ਪੜ੍ਹੀ, ਤਿਊੜੀ ਚੜ੍ਹਾਈ, ਖੀਸੇ ਪਾਈ ਤੇ ਘਰ ਵਾਲੀ ਨਾਲ ਸਲਾਹੇ ਪਿਆ। ਦੇ ਤਾਂ ਦੇਈਏ, ਪਰ ਕੋਈ ਵਾਪਸ ਮਿਲਣੇ ਨੇ। ਬਿਲਕੁਲ ਨਾਂਹ ਵੀ ਕਿਸਤਰ੍ਹਾਂ ਕਰੀਏ। ਆਖਰ ਸਲਾਹ ਪਕੀ ਕਿ ਇਕ ਸੌ ਘਲ ਦੇਂਦੇ ਹਾਂ, ਤੇ ਲਿਖਾਂਗੇ ਕਿ ਹੁਧਾਰ ਨਹੀਂ, ਸਹਾਇਤਾ ਵਜੋਂ ਲੈ ਲਵੋ। ਮੈਂ ਵੀ ਬਾਲ ਬਚੇਦਾਰ ਹਾਂ, ਮਸਾਂ ਹੀ ਗੁਜ਼ਾਰਾ ਹੈ। ਜੇ ਅਣਖ ਹੋਈ ਤਾਂ ਵਾਪਸ ਕਰ ਦਏਗਾ, ਨਹੀਂ ਤਾਂ ਉਹ ਜਾਣੇ, ਸੌ ਹੀ ਗਏ ਨਾ।

ਉਸੇ ਦਿਨ ਉਹਦੇ ਲੜਕੇ ਦੀ ਚਿਠੀ ਇੰਗਲੈਂਡ ਤੋਂ ਆਈ, ਕਿ ਮੈਨੂੰ ਪੰਜ ਹਜ਼ਾਰ ਰੁਪਿਆ ਫਲਾਣੀ ਤਾਰੀਖ ਤਕ ਪੁਜਣਾ ਚਾਹੀਦਾ ਹੈ। ਜੇਕਰ ਸਮੇਂ ਸਿਰ ਨਾ ਪੁਜਿਆ, ਤਾਂ ਮੇਰੇ ਕਿਸੇ ਕੰਮ ਨਹੀਂ ਆਉਣੇ।’ ਚਿਠੀ ਪੁਜਦਿਆਂ ਹੀ

ਦਫਤਰੋਂ ਛੁਟੀ ਲਈ, ਬੈਂਕ ਚੋਂ ਰੁਪਏ ਕਢਵਾਏ ਤੇ ਡਰਾਫਟ ਭੇਜ ਕੇ ਘਰ ਪੁਜੇ। ਘਰ ਵਾਲੀ ਨੇ ਪੁਛਿਆ, ਕਿ ਅਜ ਇਨੀ ਛੇਤੀ ਕਿਵੇਂ ਆ ਗਏ ? ਕੀ ਦਫਤਰ ਛੁਟੀ ਸੀ ?

“ਤੁਹਾਡੇ ਲਾਡਲੇ ਨੇ ਪੰਜ ਹਜ਼ਾਰ ਦਾ ਹੁਕਮ ਚਾੜ੍ਹਿਆ ਸੀ। ਮੈਂ ਕਿਹਾ, ਕਲ ਵੀ ਘਲਣੇ ਨੇ, ਅਜ ਹੀ ਕਿਉਂ ਨਾ ਘਲ ਦਿਆਂ, ਸੋ ਛੁਟੀ ਲੈ ਕੇ ਹੁਣੇ ਹੁਣੇ ਘਲ ਕੇ ਆਇਆਂ ਹਾ ।

ਹੁਣ ਸੋਚਣ ਦੀ ਗਲ ਇਹ ਹੈ। ਭਰਾ ਲਈ ਪੰਜ ਸੌ ਥਾਵੇਂ ਇਕ ਸੌ ਤੇ ਉਹ ਵੀ ਕਈ ਗਲਾਂ ਕਰਕੇ ਤੇ ਪੁਤਰ ਨੂੰ ਪੰਜ ਹਜ਼ਾਰ ਬਿਨਾ ਸੋਚੇ ਸਮਝੇ। ਇਹ ਕਿਉਂ ? ਉਤਰ ਆਪ-ਮੁਹਾਰਾ ਸਪਸ਼ਟ ਹੋ ਜਾਂਦਾ ਹੈ ਕਿ ਜਿੰਨੀ ਅਪਣਤ ਪੁਤਰ ਨਾਲ ਜੁੜੀ ਹੈ, ਉਨੀਂ ਹੁਣ ਭਰਾ ਨਾਲ ਨਹੀਂ ਰਹੀ। ਏਸ ਲਈ ਪੁਤਰ ਭਰਾ ਨਾਲੋਂ ਵਧੇਰੇ ਨੇੜੇ ਹੈ ਤੇ ਹਉਮੈ ਸਹਿਤ ਉਸਰੇ ਸੰਸਾਰ ਦਾ ਵਿਸ਼ੇਸ਼ ਅੰਗ ਹੈ।

ਜਿੰਨੀ ਅਪਣਤ ਵਧੇਰੇ ਜੁੜੇ ਉਨਾਂ ਸੰਸਾਰ ਵਧੇਰੇ ਉਸਰੇ। ਅਜ ਅਨੇਕਾਂ ਬਾਲਕ ਸਾਡੇ ਨਗਰ ਵਿਚ ਜਮੇ ਸਾਨੂੰ ਕੀ ? ਸਾਡੀ ਗ਼ਮੀ ਖ਼ੁਸ਼ੀ ਤੇ ਕੇਵਲ ਉਸੇ ਸੰਸਾਰ ਨਾਲ ਵਾਬਿਸਤਾ ਹੈ ਜਿਸ ਨਾਲ ਸਾਡੀ ਅਪਣਤ ਕਾਇਮ ਹੈ।

ਸੋ ਉਪਰੋਕਤ ਮਸਾਲਾਂ ਤੋਂ ਸਾਨੂੰ ਇਹ ਸਮਝਣ ਵਿਚ ਦੇਰ ਨਹੀਂ ਲਗਦੀ ਜੋ ਸੰਸਾਰ ਹਉਮੈ ਦੀ ਉਪਜ ਹੈ । ਕਿਉਂਕਿ ਹਉਮੈ ਸਥਾਈ ਨਹੀਂ ਆਰਜ਼ੀ ਹੈ ਏਸ ਲਈ ਹਉਮੈ ਦਾ ਰਚਿਆ ਸੰਸਾਰ ਵੀ ਆਰਜ਼ੀ ਹੈ। ਇਹ ਮਿਥਿਆ ਹੈ, ਸੁਪਨੇ ਰੇਨਾਈ ਹੈ, ਧੂੰਏਂ ਦਾ ਪਹਾੜ ਹੈ। ਹਉਮੈ ਦੇ ਨਾਸ਼ ਹੋਣ ਨਾਲ ਇਹ ਵੀ ਮਿਟ ਜਾਂਦਾ ਹੈ। ਹਉਮੈ ਗਈ ਅੰਦਰ ਵਸਦਾ ਸਰਬ ਵਿਆਪੀ ਕਰਤਾ ਪੁਰਖ ਪਰਗਟ ਹੋ ਗਿਆ। ਬਸ ਫੇਰ ਕੀ ਇਹ ਵਿਸ਼ਵ ਹਰ ਕਾ ਰੂਪ ਨਦਰੀ ਆਇਆ ਤੇ ਮੂੰਹੋਂ ਆਪ ਮੁਹਾਰਾ ਵਾਕ ਨਿਕਲਿਆ—

ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥੪॥੨॥
(ਤਿਲੰਗ ਮ: ੫)

ਕਬੀਰ ਨੇ ਐਸਾ ਐਲਾਨ ਕੀਤਾ :

ਮੈਂ ਨ ਮਰਉ ਮਰਿਬੋ ਸੰਸਾਰਾ ॥ ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥੪॥
(ਗਉੜੀ ਕਬੀਰ)

ਪਰ ਕੀ ਇਹ ਸਚ ਹੈ ? ਇਹ ਐਲਾਨ ਤਾਂ ਕਬੀਰ ਜੀ ਨੇ ਬਨਾਰਸ ਵਿਚ ਕੀਤਾ ਸੀ। ਬਨਾਰਸ ਤਾਂ ਮੌਜੂਦ ਹੈ ਸਗੋਂ ਕਬੀਰ ਜੀ ਦੇ ਸਮੇਂ ਇੰਨਾਂ ਵਡਾ ਨਹੀਂ ਸੀ ਜਿਨ੍ਹਾਂ ਅਜ ਹੈ। ਓਸ ਵੇਲੇ ਨਾ ਏਨੇ ਬਹੁ-ਮੰਜ਼ਲੇ ਮਕਾਨ ਸਨ, ਨਾ ਪਕੀਆਂ ਅਜ ਵਰਗੀਆਂ ਸੜਕਾਂ ਨਾ ਘਾਟ ਨਾ ਵਸੋਂ। ਸਚ ਤਾਂ ਇਹ ਹੈ ਕਿ ਕਬੀਰ ਮੌਜੂਦ ਨਹੀਂ। ਬਨਾਰਸ ਤਾਂ ਅਗੇ ਕੋਲੋਂ ਵੀ ਕਈ ਗੁਣਾਂ ਵਧਿਆ ਚੜ੍ਹਿਆ ਹੈ।

ਫੇਰ ਕੀ ਕਬੀਰ ਦਾ ਐਲਾਨ ਝੂਠਾ ਸੀ ? ਇਹ ਨਾਮੁਮਕਿਨ ਹੈ। ਕਬੀਰ ਝੂਠ ਨਹੀਂ ਬੋਲ ਸਕਦਾ । ਅਸਲੀਅਤ ਸਪਸ਼ਟ ਹੈ। ਕਬੀਰ ਦੀ ਹਉਮੈ ਮਿਟ ਗਈ। ਹਉਮੈ ਦੇ ਮਰਨ ਨਾਲ ਉਸਦਾ ਮੈਂ ਮੇਰੀ ਦਾ ਰਚਿਆ ਸੰਸਾਰ ਵੀ ਮਿਟ ਗਿਆ। ਹੁਣ ਜੀਆਵਨਹਾਰ ਵਾਹਿਗੁਰੂ ਮਿਲ ਗਿਆ। ਹਉਮੈ ਮੋਈ ਸੰਸਾਰਾ ਮੋਇਆ, ਸੰਸਾਰ ਮਿਟਿਆ ਅੰਦਰੋਂ ਹੀ ਵਾਹਿਗੁਰੂ ਪਰਗਾਸਿਆ । ਹੁਣ ਅਵਸਥਾ ਸੀ—

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣ ਹਾਰਾ ਪ੍ਰਭ ਬਿਨਾ ਨਹੀਂ ਜਾਣੀਐ ।੪॥੨॥
(ਬਿਲਾਵਲ ਮ: ੫ ਛੰਤ)

ਵਾਸਤਵ ਵਿਚ ਬੰਧਨ ਹੀ ਹਉਮੈ ਦੇ ਹਨ । ਮੇਰਾ ਤੇਰਾ ਹੀ ਪੁਆੜੇ ਦਾ ਘਰ ਹੈ ਸਤਿਗੁਰੂ ਜੀ ਦਾ ਫੁਰਮਾਨ ਹੈ :

ਮੇਰਾ ਤੇਰਾ ਜਾਨਤ ਤਬ ਹੀ ਤੇ ਬੰਧਾ ॥
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥੧੭॥੧੧੯॥
(ਆਸਾ ਮ: ੫)

ਹਉਮੈ ਅਗਿਆਨਤਾ ਹੈ ਤੇ ਮਨ ਨੂੰ ਇਸ ਆਗਿਆਨਤਾ ਦੀ ਮੈਲ ਲਗੀ ਹੋਈ ਹੈ। ਵਾਸਤਵਿਕ ਅਖਾਂ ਮਨ ਦੀਆਂ ਅੱਖਾਂ ਹਨ। ਜੇਕਰ ਇਹ ਮੈਲੀਆਂ ਹੋਣ ਤਾਂ ਸਭ ਕੁਝ ਮੈਲਾ ਹੈ। ਇਹ ਤਾਂ ਨਾਮ ਹੀ ਦੂਰ ਕਰ ਸਕਦਾ ਹੈ :

ਮਨਿ ਮੈਲੈ ਸਭਿ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨਾ ਹੋਇ ॥
ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥
ਜਪਿ ਮਨ ਮੇਰੇ ਤੂ ਏਕੋ ਨਾਮੁ ॥
ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥ ੧ ॥ ਰਹਾਉ ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ।੨॥੧॥ (ਸੋਰਠ ਮ: ੩)

ਪਰ ਨਾਮ ਕਿਵੇਂ ਜਪਿਆ ਜਾਵੇ ਹਉਮੈ ਤੇ ਨਾਮ ਦਾ ਸਦੀਵੀ ਵਿਰੋਧ ਮੁ ਹੋਇਆ :

ਹਉਮੈ ਨਾਵੈ ਨਾਲ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥੧॥੯॥੧੨॥

(ਵਡਹੰਸ ਮ: ੩)

ਹੁਣ ਸਵਾਲ ਇਹ ਪੈਦਾ ਹੁੰਦਾ ਹੈ । ਹਉਮੈ ਦਾ ਕੁਝ ਇਲਾਜ ਵੀ ਹੈ ਇਹ ਲਾ-ਇਲਾਜ ਹੈ ?

ਸਾਹਿਬ ਫੁਰਮਾਉਂਦੇ ਹਨ । ਇਹ ਲਾ-ਇਲਾਜ ਨਹੀਂ ਇਸਦਾ ਇਲਾਜ ਵੀ ਹੈ ਪਰ ਸਤਿਗੁਰ ਦੀ ਕ੍ਰਿਪਾ ਦਾ ਪਾਤਰ ਬਣ ਕੇ ਗੁਰ ਉਪਦੇਸ਼ ਤੇ ਚਲਣ ਦੀ ਲੋੜ ਹੈ :

ਹਉਮੈ ਦੀਰਘੁ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜਿ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਇ ॥੨॥੭॥

(ਵਾਰ ਆਸਾ ਮ: ੧)

ਇਕ ਹੋਰ ਥਾਂ ਇਸ ਪ੍ਰਸ਼ਨ ਦਾ ਉਤਰ ਦੇਂਦੇ ਹੋਏ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਂਦੇ ਹਨ :

ਮਨੁ ਮੈਲਾ ਸਚੁ ਨਿਰਮਲਾ ਕਿਉਂ ਕਰਿ ਮਿਲਿਆ ਜਾਇ ॥
ਪ੍ਰਭੂ ਮੇਲੇ ਤਾ ਮਿਲਿ ਰਹੇ ਹਉਮੈ ਸਬਦਿ ਜਲਾਇ ॥੧੨॥੧੩॥

(ਸੂਹੀ ਮ: ੩ ਅਸਟਪਦੀਆਂ)

ਇਹੀ ਪ੍ਰਸ਼ਨ ਸਿਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਕੀਤਾ ਸੀ । ਸਾਡੇ ਦੰਦ ਤਾਂ ਮੋਮ ਦੇ ਹਨ ਫੇਰ ਲੋਹਾ ਕਿਵੇਂ ਚਬਾਈਏ । ਕਿਹੜਾ ਅਹਾਰ ਕਰੀਏ ਜਿਸ ਨਾਲ ਮਨ ਦਾ ਅਹੰਕਾਰ ਹਟੇ । ਭਲਾ ਜੇ ਬਰਫ ਦੇ ਮੰਦਰ ਗਿਰਦੇ ਅੱਗ ਦਾ ਚੁਲਾ ਹੋਵੇ ਤਾਂ ਉਸ ਮੰਦਰ ਨੂੰ ਕਿਹੜੀ ਗੁਫਾ ਵਿਚ ਲਕੋਈਏ ਕਿ ਗਲਣ ਤੋਂ ਬਚੇ । ਹੇ ਸਤਿਗੁਰ ਸਾਨੂੰ ਕੋਈ ਉਹ ਪਛਾਣ ਦਸੋ ਜਿਸਨੂੰ ਜਾਣ ਕੇ ਮਨ ਹਰ ਹੀਲੇ ਉਸ ਵਿਚ ਲੀਨ ਰਹੇ ਜਾਂ ਦਸੋ ਉਹ ਕਿਹੜਾ ਬਝਵਾਂ ਖਿਆਲ ਹੈ ਜਿਸ ਕਰਕੇ ਮਨ ਆਪਣੇ ਸਰੂਪ ਵਿਚ ਟਿਕਿਆ ਰਹੇ ਤੇ ਬਾਹਰ ਨਾ ਭਟਕੇ—

ਮੈਣ ਕੇ ਦੰਤ ਕਿਉ ਖਾਈਐ ਸਾਰੁ ॥ ਜਿਤੁ ਗਰਬੁ ਜਾਇ, ਸੁ ਕਵਣੁ ਅਹਾਰੁ ॥
ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ ਕਵਨ ਗੁਫਾ ਜਿਤੁ ਰਹੈ ਅਵਾਹਨੁ ॥
ਇਤ ਉਤ ਕਿਸ ਕਉ ਜਾਣਿ ਸਮਾਵੈ ॥ ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥

ਸਤਿਗੁਰ ਜੀ ਦਾ ਉਤਰ ਸੰਖੇਪ ਤੇ ਸਪਸ਼ਟ ਹੈ—

ਖੁਦਗਰਜ਼ੀ ਤੇ ਵਿਤਕਰਾ ਮਿਟਾ ਕੇ ਜੋ ਸਭਨਾਂ ਵਿਚ ਇਕੋ ਵਾਹਿਗੁਰੂ ਦਾ ਵਰਤਾਰਾ ਵਰਤ ਰਿਹਾ ਜਾਣ ਲੈਂਦਾ ਹੈ ਉਹ ਅਨੰਦ ਮਈ ਜ਼ਿੰਦਗੀ ਬਸਰ ਕਰਦਾ ਹੈ । ਮਨ ਦੀ ਮਤ ਦੇ ਚਲਣ ਵਾਲੇ ਮੂਰਖ ਲਈ ਇਹ ਜਗਤ ਦੁਖਦਾਈ ਹੈ ।

ਹਉਮੈ ਦੀ ਅੱਗ ਸਤਿਗੁਰ ਦੀ ਰਜ਼ਾ ਵਿਚ ਰਹਿਣ ਨਾਲ ਮਿਟ ਜਾਂਦੀ ਹੈ–

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥
ਜਗੁ ਕਰੜਾ ਮਨਮੁਖੁ ਗਾਵਾਰੁ ॥ ਸਬਦੁ ਕਮਾਈਐ ਖਾਈਐ ਸਾਰੁ ॥
ਅੰਤਰਿ ਬਾਹਰਿ ਏਕੋ ਜਾਣੈ ॥ ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੪੬॥
(ਰਾਮਕਲੀ, ਸਿਧ ਗੋਸ਼ਟ ਮ: ੧)

ਸਾਹਿਬ ਗੁਰੂ ਅਮਰਦਾਸ ਜੀ ਵੀ ਹਉਮੈ ਦਾ ਇਲਾਜ ਏਹੀ ਦਸਦੇ ਹਨ–

ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥
(ਵਡਹੰਸ ਮ: ੩)

ਇਕ ਹੋਰ ਥਾਂ ਫੁਰਮਾਂਦੇ ਹਨ–

ਇਸੁ ਮਨ ਕਉ ਹੋਰ ਸੰਜਮੁ ਕੋ ਨਹੀ ਵਿਣੁ ਸਤਿਗੁਰ ਕੀ ਸਰਣਾਇ ॥
ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥
ਭਣਿਤ ਨਾਨਕੁ ਸਤਿਗੁਰ ਕਉ ਮਿਲਦੋ ਮਰੈ ॥ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥
ਮਮਤਾ ਕੀ ਮੈਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥
(ਸੋਰਠ ਮ: ੩)

ਸਾਹਿਬ ਪੰਚਮ ਪਾਤਸ਼ਾਹ ਵੀ ਇਹੋ ਫੁਰਮਾਨ ਕਰਦੇ ਹਨ–

ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ।
(ਗਉੜੀ ਮ: ੫)

ਜਿਸਦੀ ਹਉਮੈ ਚੁਕ ਗਈ ਉਹਦਾ ਸਰੀਰਕ ਪਿਆਰ ਮੁਕ ਗਿਆ। ਉਹਦਾ ਮੇਰ ਤੇਰ ਗਿਆ। ਉਹ ਬਣ ਗਿਆ ਪਰਉਪਕਾਰੀ। ਪਰਉਪਕਾਰੀ ਵਿਚ ਆਪੇ ਦਾ ਪ੍ਰਗਟਾ ਸੁਭਾਵਿਕ ਹੈ ਉਸ ਨੇ ਹਉਮੈ ਦੇ ਦੁਸ਼ਟ ਦੈਂਤ ਨੂੰ ਮਾਰ ਲਿਆ ਹੈ ਇਸ ਲਈ ਉਹ ਸੂਰਮਾ ਹੈ। ਸਤਿਗੁਰ ਫੁਰਮਾਂਦੇ ਹਨ–

ਨਾਨਕ ਸੋ ਸੂਰਾ ਵਰੀਆਮੁ ਜਿਨੀ ਵਿਚਹੁ ਦੁਸ਼ਟ ਅਹੰਕਰਣੁ ਮਾਰਿਆ ॥
(ਮਾਝ ਮ: ੫)

ਗੁਰੂ ਅਰਜਨ ਗਉੜੀ ਰਾਗ ਦੀਆਂ ਅਸ਼ਟਪਦੀਆਂ ਵਿਚ ਬੰਦੇ ਦੀ ਹਉਂ ਸਹਿਤ ਤੇ ਹਉ ਰਹਿਤ ਦੋਹਾਂ ਅਵਸਥਾਵਾਂ ਦਾ ਸੁੰਦਰ ਜ਼ਿਕਰ ਕਰਦੇ ਹਨ–

ਜਬ ਇਹੁ ਮਨ ਮਹਿ ਕਰਤ ਗੁਮਾਨਾ ॥ ਤਬ ਇਹੁ ਬਾਵਰੁ ਫਿਰਤ ਬਿਗਾਨਾ ॥
ਜਬ ਇਹੁ ਹੂਆ ਸਗਲ ਕੀ ਰੀਨਾ ॥ ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥
ਸਹਜ ਸੁਹੇਲਾ ਫਲ ਮਸਕੀਨੀ ॥ ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ॥
ਜਬ ਕਿਸ ਕਉ ਇਹੁ ਜਾਨਸਿ ਮੰਦਾ ॥ ਤਬ ਸਗਲੇ ਇਸੁ ਮੇਲਹਿ ਫੰਦਾ ॥
ਮੇਰ ਤੇਰ ਜਬ ਇਨਹਿ ਚੁਕਾਈ ॥ ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥

ਜਬ ਇਨਿ ਆਪਨੀ ਆਪਨੀ ਧਾਰੀ ।। ਤਬ ਇਸ ਕਉ ਹੈ ਮੁਸ਼ਕਲ ਭਾਰੀ ।।
ਜਬ ਇਨਿ ਕਰਣੈਹਾਰੁ ਪਛਾਤਾ ।। ਤਬ ਇਸ ਨੋ ਨਾਹੀ ਕਿਛੁ ਤਾਤਾ ।।੩।।
ਜਬ ਇਨਿ ਆਪੁਨੋ ਬਾਂਧਿਓ ਮੋਹਾ ।। ਆਵੈ ਜਾਇ ਸਦਾ ਜਮਿ ਜੋਹਾ ।।
ਜਬ ਇਸ ਤੇ ਸਭ ਬਿਨਸੈ ਭਰਮਾ ।। ਭੇਦੁ ਨਹੀਂ ਹੈ ਪਾਰਬ੍ਰਹਮਾ ।।੪।।
ਜਬ ਇਨਿ ਕਿਛੁ ਕਰਿ ਮਾਨੇ ਭੇਦਾ ।। ਤਬ ਤੇ ਦੂਖ ਡੰਡ ਅਰੁ ਖੇਦਾ ।।
ਜਬ ਇਨਿ ਏਕੋ ਏਕੀ ਬੂਝਿਆ ।। ਤਬ ਤੇ ਇਸ ਨੇ ਸਭੁ ਕਿਛੁ ਸੂਝਿਆ ।।੫।।
ਜਬ ਇਹੁ ਧਾਵੈ ਮਾਇਆ ਅਰਥੀ । ਨਹ ਤ੍ਰਿਪਤਾਵੈ ਨਹ ਤਿਸ ਲਾਥੀ ।।
ਜਬ ਇਸ ਤੇ ਇਹ ਹੋਇਓ ਜਉਲਾ ।। ਪੀਛੈ ਲਾਗਿ ਚਲੀ ਉਠਿ ਕਉਲਾ ।।੬।।
ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ।। ਮਨ ਮੰਦਰ ਮਹਿ ਦੀਪਕੁ ਜਲਿਓ ।।
ਜੀਤ ਹਾਰ ਕੀ ਸੋਝੀ ਕਰੀ ।। ਤਉ ਇਸੁ ਘਰ ਕੀ ਕੀਮਤਿ ਪਰੀ ।।੭।।
ਕਰਨ ਕਰਾਵਨ ਸਭੁ ਕਿਛੁ ਏਕੈ ।। ਆਪੇ ਬੁਧਿ ਬੀਚਾਰਿ ਬਿਬੇਕੈ ।।
ਦੂਰਿ ਨ, ਨੇਰੈ ਸਭ ਕੈ ਸੰਗਾ ।। ਸਚੁ ਸਾਲਾਹਣੁ ਨਾਨਕ ਹਰਿ ਰੰਗਾ ।੮।।੧।।
(ਗਉੜੀ ਗੁਆਰੇਰੀ ਮ: ੫)

(ਮਸਕੀਨੀ=ਹਲੀਮੀ, ਨਿਮਰਤਾ । ਤਾਤਾ=ਈਰਖਾ ਸਾੜਾ । ਜਉਲਾ=ਮਾਇਆ ਦੇ ਅਸਰ ਨੂੰ ਤਿਆਗਦਾ ਹੈ । ਕਉਲਾ=ਮਾਇਆ । ਕਮਲਾ=ਲਛਮੀ)।

ਏਹੀ ਉਪਦੇਸ਼ ਆਪ ਸ੍ਰੀ ਸੁਖਮਨੀ ਸਾਹਿਬ ਦੀ ਬਾਹਰਵੀਂ ਅਸ਼ਟਪਦੀ ਵਿਚ ਦੇਂਦੇ ਹਨ :

ਜਿਸ ਕੇ ਅੰਤਰਿ ਰਾਜ ਅਭਿਮਾਨੁ ।। ਸੋ ਨਰਕਪਾਤੀ ਹੋਵਤ ਸੁਆਨੁ ।।
ਜੋ ਜਾਨੈ ਮੈ ਜੋਬਨਵੰਤੁ ।। ਸੋ ਹੋਵਤ ਵਿਸਟਾ ਕਾ ਜੰਤੁ ।।
ਆਪਸ ਕਉ ਕਰਮਵੰਤੁ ਕਹਾਵੈ । ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ।।
ਧਨ ਭੂਮਿ ਕਾ ਜੋ ਕਰੇ ਗੁਮਾਨੁ ।। ਸੋ ਮੂਰਖੁ ਅੰਧਾ ਅਗਿਆਨੁ ।।
ਆਪਸ ਕੋ ਜੋ ਭਲਾ ਕਹਾਵੈ ।। ਤਿਸਹਿ ਭਲਾਈ ਨਿਕਟਿ ਨ ਆਵੈ ।।
ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ।।
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ।।੧।।੧੨।। (ਗਉੜੀ ਸੁਖਮਨੀ ਮ: ੫)

ਏਸੇ ਤਰ੍ਹਾਂ ਪੰਦਰਵੀਂ ਅਸ਼ਟਪਦੀ ਵਿਚ ਉਪਦੇਸ਼ ਦੇਂਦੇ ਹਨ–

ਰੂਪ ਦਾ ਮਾਣ ਨਾ ਕਰੋ ਕਿਉਂਕਿ ਸਾਰਿਆਂ ਵਿਚ ਇਕੋ ਮਹਾਨ ਜੋਤ ਪ੍ਰਕਾਸ਼ਮਾਨ ਹੈ । ਧੰਨ ਦਾ ਗੁਮਾਨ ਕਿਉਂ ਕਰੀਏ ਜਦ ਕਿ ਸਾਰੀ ਦੌਲਤ ਦਿਤੀ ਹੀ ਵਾਹਿਗੁਰੂ ਜੀ ਦੀ ਹੈ । ਜਦ ਸਾਰੀ ਸ਼ਕਤੀ ਪ੍ਰਭ ਜੀ ਦੀ ਦਾਤ ਹੈ ਤਾਂ ਫਿਰ ਵਡਾ ਸੂਰਮਾ ਕੋਈ ਆਪ ਨੂੰ ਕਿਉਂ ਆਖੇ । ਜੇਕਰ ਕੋਈ ਆਪਣੇ ਆਪ ਨੂੰ ਦਾਤਾਰ ਮੰਨ ਲਏ ਤਾਂ ਕੀ ਦੇਣ ਵਾਲਾ ਮਹਾਨ ਦਾਤਾ (ਵਾਹਿਗੁਰੂ) ਉਹਨੂੰ ਮੂਰਖ ਨਹੀਂ ਜਾਣੇਗਾ ? ਅਸਲ ਗਲ ਤਾਂ ਇਹ ਹੈ, ਲੋੜ ਹੈ ਗੁਰੂ ਦੀ ਕ੍ਰਿਪਾ ਦੀ । ਜੇ ਉਸਦੀ

ਨਦਰ ਹੋ ਜਾਵੇ ਤਾਂ ਹਉਮੈ ਟੁੱਟ ਜਾਂਦੀ ਹੈ ਤੇ ਇਹ ਜੀਵ ਸਦਾ ਲਈ ਰੋਗ ਰਹਿਤ ਹੋ ਜਾਂਦਾ ਹੈ :

> ਰੂਪਵੰਤ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥
> ਧੰਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭ ਕਿਛੁ ਤਿਸ ਕਾ ਦੀਆ ਦਰਬੈ ॥
> ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾਂ ਕਹ ਧਾਵੈ ॥
> ਜੇ ਕੋ ਹੋਇ ਬਹੈ ਦਾਤਾਰੁ ॥ ਤਿਸ ਦੇਨਹਾਰੁ ਜਾਨੈ ਗਾਵਾਰੁ ॥
> ਜਿਸ ਗੁਰਪ੍ਰਸਾਦਿ ਤੂਟੇ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗ ॥੨॥੧੫॥
> (ਗਉੜੀ ਸੁਖਮਨੀ ਮ: ੫)

ਸੋ ਉਪਰੋਕਤ ਵਿਚਾਰ ਤੋਂ ਅਸੀਂ ਹੇਠ ਲਿਖੇ ਸਿਟੇ ਕਢੇ ਹਨ :

(੧) ਹਉਮੈ ਨਾਮ ਦੇ ਰਾਹ ਵਿਚ ਵਡੀ ਰੁਕਾਵਟ ਹੈ।

(੨) ਹਉਮੈ ਵਖਰੀ ਅਪਣਤ ਕਾਇਮ ਕਰ ਦੇਂਦੀ ਹੈ ਤੇ ਇਹ ਅਪਣਤ ਆਪਣਾ ਇਕ ਨਿਕਾ ਜਿਹਾ ਸੰਸਾਰ ਰਚ ਲੈਂਦੀ ਹੈ ਜੋ ਅਸਥਿਰ, ਨਾਸਵੰਤ ਤੇ ਛਿੰਨ ਭੰਗਰ ਹੋਣ ਕਰ ਕੇ ਦੁਖਾਂ ਦਾ ਅਸਲ ਕਾਰਨ ਬਣ ਜਾਂਦਾ ਹੈ।

(੩) ਹਉਮੈ ਰਹਿਤ ਅਵਸਥਾ ਵਿਚ ਜੀਵ ਸਰਬ ਵਿਆਪੀ ਜੋਤ ਨੂੰ ਪਛਾਣ ਲੈਂਦਾ ਹੈ ਤੇ 'ਸ਼ਰਬ ਮੈ ਪੇਖੈ ਭਗਵਾਨ' ਦੀ ਅਵਸਥਾ ਤਕ ਅਪੜ ਜਾਂਦਾ ਹੈ। ਇਹ ਅਵਸਥਾ ਪਰਉਪਕਾਰ ਦੇ ਉਮਾਹ ਦੀ ਹੈ। ਹਉਮੈ ਗਈ ਤਾਂ ਅਭੇਦਤਾ ਹੋਈ।

(੪) ਹਉਮੈ ਗੁਰ ਉਪਦੇਸ਼ ਤੇ ਚਲਣ ਨਾਲ ਟੁਟਦੀ ਹੈ। ਸੋ ਗੁਰੂ ਦੀ ਕ੍ਰਿਪਾ ਮੰਗੋ ਤਾਂ ਜੋ ਹਉਮੈ ਟੁਟੇ।

ਸੰਖੇਪ ਵਿਚ ਇਹ ਸਕਦੇ ਹਾਂ ਕਿ ਮਨ ਹਉਮੈ ਅਧੀਨ ਹੋਇਆ ਸਰੀਰ ਰੂਪੀ ਜੰਗਲ ਵਿਚ ਹਾਥੀ ਬਣ ਭਟਕ ਰਿਹਾ ਹੈ। ਗੁਰੂ ਸ਼ਬਦਿ (ਉਪਦੇਸ਼) ਦਾ ਅੰਕਸ ਹੀ ਇਸ ਨੂੰ ਹਉਮੈ ਰਹਿਤ ਕਰ ਸਚ ਵਲ ਟੋਰ ਸਕਦਾ ਹੈ ਤੇ ਪ੍ਰਭੂ ਦਰਬਾਰ ਵਿਚ ਸ਼ੋਭਾ ਦਵਾ ਸਕਦਾ ਹੈ :

> ਮਨ ਕੁੰਚਰੁ ਕਾਇਆ ਉਦਿਆਨੈ ॥ ਗੁਰੂ ਅੰਕਸੁ ਸਚ ਸਬਦੁ ਨੀਸਾਨੈ ॥
> ਰਾਜ ਦੁਆਰੈ ਸੋਭ ਸੁ ਮਾਨੈ ॥੧॥੨॥ (ਗਉੜੀ ਗਵਾਰੇਰੀ ਮ: ੧)

ਗੁਰ ਉਪਦੇਸ਼ ਸਪਸ਼ਟ ਹੈ।

ਹਉਮੈ ਕੂੜ ਦੀ ਕੰਧ ਹੈ ਜੋ ਸਾਡੇ ਤੇ ਵਾਹਿਗੁਰੂ ਵਿਚ ਇਕ ਭਾਰੀ ਰੁਕਾਵਟ ਹੈ। ਲੰਮੀ ਵਿਥ ਹੈ। ਫੇਰ ਇਹ ਪਾਲ ਕਿਵੇਂ ਟੁਟੇ।

ਕਿਵ ਕੂੜੈ ਤੁਟੈ ਪਾਲਿ :

ਉੱਤਰ ਸਪਸ਼ਟ ਹੈ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ ॥

(ਤੀਰਥਾਂ ਤੇ ਇਸ਼ਨਾਨ ਕਰਨ ਨਾਲ ਵੀ ਨਹੀਂ) ।

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ ।

(ਮੋਨ ਧਾਰਨ ਤੇ ਸਮਾਧੀਆਂ ਲਗਾਣ ਨਾਲ ਵੀ ਨਹੀਂ) ।

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

(ਨਾ ਵਰਤ ਰਖਣ ਨਾਲ, ਨਾ ਚਿਲੇ ਕਟਣ ਨਾਲ ਨਾ ਸੰਸਾਰ ਭਰ ਦੀ ਦੌਲਤ ਹਾਸਲ ਕਰਨ ਨਾਲ)

ਫੇਰ ਦਸੋ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਉਤਰ :

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਜਪੁਜੀ)

●

ਕਰਮ

ਦੇਹ ਸੰਜੁਗਤ ਜੀਵ ਆਤਮਾ ਦਾ ਪੁੰਨ ਪਾਪ ਦੀ ਚੇਸ਼ਟਾ ਅਨੁਸਾਰ ਕ੍ਰਿਆ ਕਰਨ ਦਾ ਨਾਮ ਹੀ ਕਰਮ ਹੈ। ਸ੍ਰਿਸ਼ਟੀ ਕਰਮ ਖੇਤਰ ਹੈ ਤੇ ਇਸ ਖੇਤਰ ਵਿਚ ਜੰਮੇ ਹਰ ਮਨੁਖ ਨੇ ਕੁਝ ਨਾ ਕੁਝ ਕਰਨਾ ਹੀ ਹੈ। ਇਹ ਕੁਝ ਨਾ ਕੁਝ ਕਰਨਾ ਹੀ ਉਸਦੇ ਕਰਮ ਹਨ। ਜਿਸ ਤਰ੍ਹਾਂ ਜ਼ਹਿਰ ਦੀ ਤਾਸੀਰ ਮਾੜੀ ਤੇ ਅੰਮ੍ਰਿਤ ਦੀ ਖਾਸੀਅਤ ਚੰਗੀ ਹੁੰਦੀ ਹੈ। ਇਸੇ ਤਰ੍ਹਾਂ ਕਰਮ ਵੀ ਚੰਗੇ ਤੇ ਮੰਦੇ ਹੁੰਦੇ ਹਨ ਤੇ ਫਲੀਭੂਤ ਵੀ ਹੁੰਦੇ ਹਨ। ਆਵਾ-ਗਉਨ, ਸਵੱਰਗ ਨਰਕ, ਬਹਿਸ਼ਤ ਦੋਜ਼ਖ ਦੇ ਸਿਧਾਂਤ ਇਸ ਕਰਮ ਕਸ਼ੇਤਰ ਵਿਚ ਕੀਤੇ ਪੁੰਨ ਪਾਪ ਜਾਂ ਚੰਗੇ ਮੰਦੇ ਕਰਮਾਂ ਦਾ ਹੀ ਨਿਬੇੜਾ ਹੋਨ।

ਹੁਣ ਅਸੀਂ ਇਸ ਵਿਸ਼ੇ ਨੂੰ ਵਿਸਥਾਰ ਪੂਰਬਕ ਵਿਚਾਰਨ ਦਾ ਯਤਨ ਕਰਾਂਗੇ। ਪਿਛਲੇ ਪੰਨਿਆਂ ਵਿਚ ਅਸੀਂ ਇਸ ਮਸਲੇ ਉਤੇ ਸੰਖੇਪ ਜਹੀ ਵਿਚਾਰ ਕੀਤੀ ਹੈ, ਕੁਝ ਕੁ ਧਰਮਾਂ ਦੇ ਕਰਮ ਸਿਧਾਂਤ ਨੂੰ ਵਿਚਾਰਿਆ ਹੈ ਤੇ ਉਸ ਸਬੰਧੀ ਗੁਰਮਤ ਦੇ ਵਿਚਾਰ ਵੀ ਦਿਤੇ ਹਨ। ਪਰ ਇਸ ਵਿਕੋਲਿਤਰੀ ਕੀਤੀ ਵਿਚਾਰ ਤੋਂ ਪੂਰਨ ਤੌਰ ਤੇ ਸੰਤੁਸ਼ਟਤਾ ਹਾਸਲ਼ ਨਹੀਂ ਕੀਤੀ ਜਾ ਸਕਦੀ। ਏਸ ਲਈ ਹੋਰ ਵਿਚਾਰਨ ਦੀ ਲੋੜ ਹੈ।

ਮਤ ਮਤਾਂ-ਤਰ੍ਹਾਂ ਦੀ ਛਾਣ ਬੀਣ ਕਰਨ ਉਪਰੰਤ ਸਾਨੂੰ ਲਗ ਭਗ ਹਰ ਮੱਤ ਵਿਚ ਇਸ ਮਸਲੇ ਦੇ ਵਿਚਾਰਾਂ ਵਿਚ ਸਪਸ਼ਟ ਅੰਦਰ ਪ੍ਰਤੀਤ ਹੁੰਦਾ ਹੈ। ਇਉਂ ਜਾਪਦਾ ਹੈ ਜਿਵੇਂ ਹਰ ਮਤ ਦਾ ਆਪਣਾ ਵਖਰਾ ਹੀ ਦ੍ਰਿਸ਼ਟੀਕੋਨ ਹੈ।

ਗੋਤਮ ਤੇ ਕਣਾਦ ਵਿਅਕਤੀਗਤ ਆਤਮਾਵਾਂ ਦਾ ਜੀਵਨ ਅਤੇ ਹੋਣੀ ਭੋਤਕ ਨਿਯਮਾਂ ਦੇ ਅਧੀਨ ਹੀ ਨਹੀਂ ਮੰਨਦੇ, ਸਗੋਂ ਉਹਨਾਂ ਦੇ ਖਿਆਲ ਅਨੁਸਾਰ ਕਰਮਾਂ ਦਾ ਇਖਲਾਕੀ ਨਿਯਮ ਵੀ ਇਨ੍ਹਾਂ ਤੇ ਲਾਗੂ ਹੁੰਦਾ ਹੈ। ਜੀਵਾਂ ਦੇ ਅਦ੍ਰਿਸ਼ਟ ਕਰਮ ਹੀ ਸੰਸਾਰ ਦੀ ਉਤਪਤੀ ਦਾ ਕਾਰਨ ਹਨ।

ਕਪਲ ਜੀ ਪ੍ਰਕ੍ਰਿਤੀ ਦੀ ਵਿਭੂਤੀ ਦੁਆਰਾ ਜੀਵ ਆਤਮਾ ਦਾ ਸਥੂਲ ਸਰੀਰ ਸਾਜਣਾ ਤੇ ਜੂਨਾਂ ਵਿਚ ਭਰਮਣਾਂ ਕਰਮਾਂ ਅਨੁਸਾਰੀ ਦਸਦੇ ਹਨ। ਉਨ੍ਹਾਂ ਦੇ ਖਿਆਲ ਵਿਚ ਕਰਮ ਤੇ ਪੁਨਰ ਜਨਮ ਦੇ ਨਿਯਮ ਹੀ ਸ੍ਰਿਸ਼ਟੀ ਰਚਨਾ ਦੇ ਸੰਚਾਲਕ ਹਨ। ਸਾਂਖ ਸ਼ਾਸ਼ਤਰ ਅਨੁਸਾਰ ਹਰ ਜੀਵ ਆਤਮਾ ਅਸਥੂਲ ਸਰੀਰ ਦੇ ਨਾਲ ਨਾਲ ਹੀ

ਇਕ ਸੂਖਸ਼ਮ ਸਰੀਰ ਵੀ ਧਾਰਨ ਕਰ ਲੈਂਦਾ ਹੈ ਤੇ ਕਰਮ ਅਤੇ ਗਿਆਨ ਵਾਸ਼ਨਾ ਤੋਂ ਇਹਸੂ ਖਸ਼ਮ ਸਟੀਰ (ਲਿੰਗ ਸਰੀਰ) ਹੀ ਪ੍ਰੇਰਨਾ ਲੈ ਕੇ ਇਕ ਅਸਥੂਲ ਸਰੀਰ ਤੋਂ ਵਿਛੜਦਾ ਤੇ ਦੂਜੀ ਸਥੂਲ ਦੇਹੀ ਵਿਚ ਪ੍ਰਵੇਸ਼ ਕਰਦਾ ਹੈ। ਲਿੰਗ ਸਰੀਰ ਦਾ ਨਾਸ਼ ਪਰਲੈ ਤੀਕ ਨਹੀਂ ਹੁੰਦਾ। ਪਰਲੈ ਹੋਣ ਤੇ ਇਹ ਪ੍ਰਕ੍ਰਿਤੀ ਵਿਚ ਹੀ ਲੀਨ ਹੋ ਜਾਂਦਾ ਹੈ ਤੇ ਮੁੜ ਉਤਪਤੀ ਹੋਣ ਤੇ ਨਵੇਂ ਸਿਰੇ ਫੇਰ ਉਪਜਦਾ ਹੈ। ਇਸ ਮਤ ਅਨੁਸਾਰ ਮੁਕਤੀ ਕਰਮ-ਮੁਕਤ ਹੋਣ ਦਾ ਨਾਂ ਨਹੀਂ, ਸਗੋਂ ਪੁਰਖ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਤੇ ਉਸਦੇ ਕਾਰਜਾਂ ਤੋਂ ਭਿੰਨ ਭਿੰਨ ਵੇਖਣਾ ਹੈ ਤੇ ਜਦੋਂ ਇਹ ਅਵਸਥਾ ਪ੍ਰਾਪਤ ਹੋ ਜਾਵੇ, ਤਾਂ ਫੇਰ ਬੁਧੀ ਕਰਕੇ ਪ੍ਰਾਪਤ ਹੋਏ ਸੰਤਾਪਾਂ ਤੋਂ ਦੁਖ ਨਹੀਂ ਹੁੰਦਾ।

ਪਾਤੰਜਲੀ ਜੀ ਤਾਂ ਕੇਵਲ ਦੋ ਹੀ ਪਦਾਰਥ ਮੰਨਦੇ ਹਨ। ਇਕ ਦ੍ਰਿਸ਼ਟਾ ਹੈ ਤੇ ਦੂਜਾ ਦ੍ਰਿਸਯ। ਪੁਰਖ ਦ੍ਰਿਸ਼ਟਾ ਹੈ ਤੇ ਬਾਕੀ ਸਮੁਚਾ ਪ੍ਰਕਿਰਤਕ ਰੂਪ ਵਿਸ਼੍ਵ ਸਭ ਦ੍ਰਿਸ਼ਯ ਹੈ। ਯੋਗ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਜਗਤ ਦਾ ਉਪਾਦਾਨ ਕਾਰਨ (Material Cause) ਜਾਂ ਅਸਬਾਬੀ ਕਾਰਨ ਹੈ ਅਤੇ ਈਸ਼੍ਵਰ ਨਿਮਿਤ ਕਾਰਨ (Instrumental Cause) ਚਿੱਤ ਬਿਰਤੀਆਂ ਦੇ ਰੁਕ ਜਾਣ ਨਾਲ ਦ੍ਰਿਸ਼ਟਾ ਲਈ ਕੋਈ ਹੋਰ ਦ੍ਰਿਸ਼ ਨਹੀਂ ਰਹਿੰਦਾ ਤੇ ਉਹ ਆਪਣੇ ਹੀ ਸਰੂਪ ਵਿਚ ਇਸਥਿਤ ਹੋ ਜਾਂਦਾ ਹੈ। ਗਿਆਨ ਪ੍ਰਕਾਸ਼ਣ ਤੇ ਆਤਮਾ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਪ੍ਰਕ੍ਰਿਤੀ ਤੋਂ ਭਿੰਨ ਜਾਣਦਾ ਹੋਇਆ ਮੁਕਤੀ ਨੂੰ ਪ੍ਰਾਪਤ ਹੁੰਦਾ ਹੈ।

ਯੋਗ ਨੇ ਵੀ ਇਸ ਸਬੰਧ ਵਿਚ ਸਾਂਖ ਦੇ ਵਿਚਾਰ ਹੀ ਅਪਨਾਏ ਹਨ। ਯੋਗੀ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਮੁਕਤ ਹੋ ਕੇ ਵੀ ਕਰਮਾਂ ਦਾ ਲੇਖਾ ਮੁਕਾਣ ਲਈ ਕਾਯਾ-ਵਿਊਹ ਪੈਦਾ ਕਰ ਲੈਂਦਾ ਹੈ। ਕਾਯਾ-ਵਿਊਹ ਦਾ ਭਾਵ ਆਪਣੀ ਸ਼ਕਤੀ ਰਾਹੀਂ ਬਹੁਤ ਸਾਰੇ ਸਰੀਰ ਬਣਾਕੇ ਉਨ੍ਹਾਂ ਵਿਚ ਆਪਣੇ ਮਨ ਨੂੰ ਸਾਜਣਾ ਤੇ ਆਪਣੇ ਸਮੁਚੇ ਕਰਮਾਂ ਦਾ ਭੁਗਤਾਨ ਕਰਨਾ ਹੈ। ਅਜਿਹਾ ਕਰਨ ਦਾ ਮਤਲਬ ਪੁਨਰ ਜਨਮ ਤੋਂ ਛੁਟਕਾਰਾ ਪਾਣਾ ਹੀ ਹੈ। ਯੋਗੀ ਨੇ ਕਰਮਾਂ ਦੀ ਮੁਕੰਮਲ ਭੁਗਤਾਨ ਕਰਨ ਲਈ ਜਿਤਨੇ ਜਨਮ ਲੈਣੇ ਸਨ, ਉਹ ਵਰਤਮਾਨ ਜਨਮ ਵਿਚ ਹੀ ਕਾਯਾ-ਵਿਊਹ ਪੈਦਾ ਕਰਕੇ ਭੁਗਤਾ ਦੇਂਦਾ ਹੈ। ਕਾਯਾ-ਵਿਊਹ ਦਾ ਜ਼ਿਕਰ ਪਾਤੰਜਲੀ ਜੀ ਨੇ ਯੋਗ ਦਰਸ਼ਨ ਦੇ ਚੌਥੇ ਅਧਿਯਾਇ ਦੇ ਚੌਥੇ ਤੇ ਪੰਜਵੇਂ ਸਲੋਕ ਵਿਚ ਕੀਤਾ ਹੈ।

ਉਪਰੰਤ ਸਾਰੇ ਮਤ ਕਰਮਾਂ ਨੂੰ ਅਮਿਟ ਮੰਨਦੇ ਹਨ। ਕਰਮ ਇਨ੍ਹਾਂ ਅਨੁਸਾਰ ਇਤਨੇ ਸ਼ਕਤੀ ਸ਼ਾਲੀ ਹਨ ਕਿ ਇਨ੍ਹਾਂ ਦਾ ਪੂਰਨ ਭੁਗਤਾਨ ਕੀਤੇ

ਬਿਨਾਂ ਗਰਬਗੇੜ ਤੋਂ ਛੁਟਕਾਰਾ ਹੋ ਹੀ ਨਹੀਂ ਸਕਦਾ। ਸੀਮਾਨਸਕ ਵੀ ਲਗ ਭਗ ਈਹੋ ਵਿਚਾਰ ਰਖਦਾ ਹੈ। ਜੈਮਨੀ ਅਨੁਸ਼ਾਰ ਕਰਮ ਸਰਵ ਸ਼ਕਤੀਮਾਨ ਹਨ। ਹਰ ਕਰਮ ਨੇ ਅਵੱਸ਼ਯ ਹੀ ਫਲੀਭੂਤ ਹੋਣਾ ਹੈ। ਜੈਮਨੀ ਆਵਾ-ਗਉਣ ਤੋਂ ਛੁਟਕਾਰਾ ਪਾਣ ਨੂੰ ਹੀ ਮੁਕਤੀ ਮੰਨਦਾ ਹੈ। ਜਦ ਤਕ ਸਾਰੇ ਦੇ ਸਾਰੇ ਕਰਮ ਫਲੀਭੂਤ ਨਹੀਂ ਹੋ ਜਾਂਦੇ, ਜਾਂ ਉਨ੍ਹਾਂ ਦਾ ਪੂਰੇ ਤੌਰ ਤੇ ਭੁਗਤਾਨ ਨਹੀਂ ਕੀਤਾ ਜਾਂਦਾ, ਉਦੋਂ ਤਕ ਪੁਨਰ ਜਨਮ ਦਾ ਗੇੜ ਬਣਿਆ ਹੀ ਰਹਿਣਾ ਹੈ, ਇਸ ਲਈ ਮੁਕਤੀ ਸੰਭਵ ਨਹੀਂ। ਧਰਮ ਦਾ ਪੂਰਨ ਗਿਆਨ ਹੀ ਮੁਕਤੀ ਦਾ ਸਾਧਨ ਹੈ। ਯੱਗ ਆਦਿਕ ਵੇਦਾਂ ਦੇ ਦਸੇ ਹੋਏ ਕਰਮ ਕਰਨੇ ਹੀ ਧਰਮ ਹੈ। ਕਰਮਾਂ ਦੇ ਪ੍ਰਭਾਵ ਕਰਕੇ ਹੀ ਜੀਵ ਦੇਵਤਾ, ਅਵਤਾਰ ਆਦਿਕ ਪਦਵੀਆਂ ਦੀ ਪ੍ਰਾਪਤੀ ਕਰਦੇ ਹਨ ਅਤੇ ਸਵੱਰਗ ਆਦਿਕ ਲੋਕਾਂ ਦੇ ਅਨੰਦ ਭੋਗਦੇ ਹਨ।

ਵੇਦਾਂਤ ਦਰਸ਼ਨ ਦੇ ਰਚਨਹਾਰ ਸ੍ਰੀ ਬਿਆਸ ਕਰਮਾਂ ਸਬੰਧੀ ਆਪਣੇ ਵਿਚਾਰ ਕੁਝ ਇਸਤਰ੍ਹਾਂ ਸੁਝਾਂਵਦੇ ਹਨ:

ਕਰਮ ਤਿੰਨ ਪ੍ਰਕਾਰ ਦੇ ਹਨ—

੧. ਸਿੰਚਤ ੨. ਪ੍ਰਾਰਬਧ ੩. ਕ੍ਰਿਆਮਾਨ।

ਸਿੰਚਤ ਕਰਮ

ਅਦ੍ਰਿਸ਼ਟ ਤੇ ਪੂਰਬ ਕਾਲ ਵਿਚ ਲਏ ਗਏ ਜਨਮਾਂ ਵਿਚ ਕੀਤੇ ਗਏ ਕਰਮਾਂ ਨੂੰ ਸਿੰਚਤ ਕਰਮ ਕਿਹਾ ਜਾਂਦਾ ਹੈ। ਇਨ੍ਹਾਂ ਅਨੁਸਾਰ ਘੜਿਆ ਗਿਆ ਸੁਭਾਵ ਵਰਤਮਾਨ ਜੀਵਨ ਨੂੰ ਵਿਰਸੇ ਵਿਚ ਮਿਲਦਾ ਹੈ।

ਪ੍ਰਾਰਬਧ

ਸਿੰਚਤ ਕਰਮਾਂ ਵਿਚੋਂ ਜਿਨ੍ਹਾਂ ਕਰਮ ਨੂੰ ਜੀਵ ਨੇ ਪਹਿਲੇ ਭੋਗਣਾ ਹੈ ਉਹ ਉਸਦੇ ਪ੍ਰਾਰਬਧ ਕਰਮ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ, ਜੋ ਧੁਰ ਪੂਰਬ ਤੋਂ ਲੈ ਕੇ ਹੁਣ ਤੋਂ ਛੁਟ ਪਿਛੇ ਲਏ ਗਏ ਸਾਰੇ ਜਨਮਾਂ ਦੇ ਸਿੰਚਤ ਕਰਮ ਹੀ ਵਰਤਮਾਨ ਜੀਵਨ ਵਿਚ ਪ੍ਰਾਰਬਧ ਕਰਮ ਅਖਵਾਂਦੇ ਹਨ।

ਕ੍ਰਿਆਮਾਨ

ਗਿਆਨ ਪ੍ਰਾਪਤੀ ਤੋਂ ਪਹਿਲਾਂ ਜਾਂ ਪਿਛੋਂ ਇਸ ਵਰਤਮਾਨ ਜੀਵਨ ਵਿਚ ਕੀਤੇ ਕਰਮ ਕ੍ਰਿਆਮਾਨ ਕਰਮ ਹਨ।

ਗਿਆਨ ਹਾਸਲ ਹੋ ਜਾਣ ਤੇ ਸਿੰਚਤ ਕਰਮ ਮਿਟ ਜਾਂਦੇ ਹਨ। ਕ੍ਰਿਆਮਾਨ ਕਰਮ ਵੀ ਜੇਕਰ ਹਉਂ ਰਹਿਤ ਜਾਂ ਨਿਸਕਾਮ ਹੋਣ ਤਾਂ ਫਲੀਭੂਤ ਨਹੀਂ

ਹੁੰਦੇ, ਪਰ ਪ੍ਰਾਰਬਧ ਕਰਮ ਤਾਂ ਅਵਸ਼ਯ ਭੋਗਣੇ ਹੀ ਪੈਂਦੇ ਹਨ। ਵੇਖਣ ਵਿਚ ਆਉਂਦਾ ਹੈ, ਜੋ ਗਿਆਨ ਪੁਰਸ਼ਾਂ ਦੇ ਭਾਗਾਂ ਵਿਚ ਅੰਤਰ ਹੈ। ਕੋਈ ਰਾਜਾ ਹੈ ਤੇ ਕੋਈ ਭਿਖਾਰੀ, ਇਸਦੀ ਤਹਿ ਵਿਚ ਗਿਆਨੀ ਦੇ ਪ੍ਰਾਰਬਧ ਕਰਮ ਹੀ ਫਲੀਭੂਤ ਹੋ ਰਹੇ ਹੁੰਦੇ ਹਨ। ਗਿਆਨੀ ਪੁਰਸ਼ ਜਿਸਦੇ ਪ੍ਰਾਰਬਧ ਕਰਮ ਰਾਜ ਦੇ ਹੇਤੂ ਹਨ, ਰਾਜ ਭੋਗਦਾ ਹੈ, ਇਸਦੇ ਉਲਟ ਜੇਕਰ ਪ੍ਰਾਰਬਧ ਕਰਮ ਭਿਖਿਆ ਭੋਜਨ ਵਿਚ ਪ੍ਰਵਿਰਤ ਹੋਣ ਦੇ ਹਨ, ਤਾਂ ਉਸਨੂੰ ਅਵੱਸ਼ ਭਿਖਾਰੀ ਜੀਵਨ ਹੀ ਬਤੀਤ ਕਰਨਾ ਪੈਂਦਾ ਹੈ। ਜਿਸਤਰ੍ਹਾਂ ਕਪੜੇ ਦਾ ਥਾਨ ਸੜ ਜਾਣ ਦੇ ਮਗਰੋਂ ਵੀ ਉਹੋ ਜਿਹਾ ਹੀ ਪ੍ਰਤੀਤ ਹੁੰਦਾ ਹੈ, ਜਿਹੋ ਜਿਹਾ ਉਹ ਸੜਨ ਤੋਂ ਪਹਿਲਾਂ ਸੀ, ਪਰ ਉਸਦੇ ਵਿਚ ਸ਼ਰਦੀ ਜਾਂ ਗਰਮੀ ਰੋਕਣ ਦੀ ਸ਼ਕਤੀ ਨਹੀਂ ਰਹਿੰਦੀ। ਹਵਾ ਦਾ ਝੋਕਾ ਲਗਣ ਤੇ ਉਹ ਸੁਆਹ ਦੇ ਢੇਰ ਵਾਂਗ ਹੀ ਉਡ ਜਾਂਦਾ ਹੈ ਤੇ ਪਿਛੇ ਕੁਝ ਵੀ ਨਹੀਂ ਰਹਿੰਦਾ। ਇਸੇ ਤਰ੍ਹਾਂ ਗਿਆਨੀ ਪੁਰਸ਼ ਨੂੰ ਗਿਆਨ ਪ੍ਰਾਪਤੀ ਦੇ ਮਗਰੋਂ ਕੁਝ ਕਾਲ ਤਾਂ ਪ੍ਰਾਰਬਧ ਕਰਮਾਂ ਦੀ ਚੇਸ਼ਟਾ ਕਰਨੀ ਹੀ ਪੈਂਦੀ ਹੈ, ਪਰ ਬਾਵਜੂਦ ਗਿਆਨ ਅਗਨੀ ਨਾਲ ਭਸਮ ਹੋ ਜਾਣ ਦੇ ਵੀ ਉਹ ਉਦੋਂ ਤਕ ਕ੍ਰਿਆ ਕਰਦਾ ਪਰਤੀਤ ਹੁੰਦਾ ਹੈ ਜਦ ਤਕ ਕਿ ਪ੍ਰਾਰਬਧ ਕਰਮਾਂ ਦਾ ਮੁਕੰਮਲ ਭੁਗਤਾਨ ਨਹੀਂ ਹੋ ਜਾਂਦਾ। ਪ੍ਰਾਰਬਧ ਕਰਮਾਂ ਦੀ ਸਮਾਪਤੀ ਹੋ ਜਾਣ ਤੇ ਉਸਦਾ ਸੂਖਸ਼ਮ ਤੇ ਅਸਥੂਲ ਦੋਵੇਂ ਸਰੀਰ ਤੇ ਸਮੁਚਾ ਬ੍ਰਹਮੰਡ ਬ੍ਰਹਮ ਚੇਤੰਨ ਵਿਚ ਹੀ ਲੀਨ ਹੋ ਜਾਂਦੇ ਹਨ। ਬਿਆਸ ਜੀ ਨੇ ਇਸਨੂੰ ਬਦੇਹੀ ਮੁਕਤੀ ਆਖਿਆ ਹੈ।

ਉਪ੍ਰੋਕਤ ਵਿਚਾਰ ਤੋਂ ਅਸੀ ਸਹਿਜੇ ਹੀ ਕਹਿ ਸਕਦੇ ਹਾਂ ਜੋ ਲਗ ਭਗ ਆਸਤਕ ਤੇ ਨਾਸਤਕ ਸਾਰੇ ਸ਼ਾਸਤਰਕਾਰ ਕਿਸੇ ਨਾ ਕਿਸੇ ਹਾਲਤ ਵਿਚ ਕਰਮਾਂ ਦਾ ਭੁਗਤਾਨ ਕਰਨਾ ਤੇ ਉਹਨਾਂ ਦਾ ਅਮਿਟ ਹੋਣਾ ਮੰਨਦੇ ਹਨ।

ਹੁਣ ਅਸੀ ਉਹਨਾਂ ਮਤਾਂ ਜਿਨ੍ਹਾਂ ਨੇ ਵੇਦਾਂ ਦੀ ਪ੍ਰਧਾਨਤਾ ਨੂੰ ਤਸਲੀਮ ਨਹੀਂ ਕੀਤਾ, ਦੇ ਕਰਮ ਸਿਧਾਂਤ ਵਿਚਾਰਨ ਦਾ ਯਤਨ ਕਰਾਂਗੇ।

ਕਰਮਾਂ ਸਬੰਧੀ ਜੈਨ ਧਰਮ ਦਾ ਖਿਆਲ ਉਪ੍ਰੋਕਤ ਸਾਰੇ ਧਰਮਾਂ ਤੋਂ ਨਿਆਰਾ ਹੈ। ਇਸ ਮਤ ਅਨੁਸਾਰ ਕਰਮਾਂ ਦੀ ਨੀਂਹ ਪਰਮਾਣੂ ਹਨ ਜੋ ਜੜ੍ਹ ਹਨ। ਬੋਰੀ ਵਿਚ ਭਰੀ ਰੇਤ ਵਾਂਗ ਇਹ ਕਰਮ-ਪ੍ਰਮਾਣੂ ਆਤਮਾ ਵਿਚ ਭਰੇ ਪਏ ਹਨ। ਆਤਮਾ ਦਾ ਸੁਭਾਵ ਤਾਂ ਉਪਰ ਅਕਾਸ਼ਾਂ ਵਲ ਉਡਣ ਦਾ ਹੈ ਪਰ ਜੜ੍ਹ ਕਰਮ-ਪਰਮਾਣੂਆਂ ਦੀ ਖਿਚ ਇਸਨੂੰ ਧਰਤੀ ਤੋਂ ਉਠਣ ਨਹੀਂ ਦੇਂਦੀ। ਮੁਕਤੀ ਪ੍ਰਾਪਤ ਕਰਨ ਲਈ ਇਨ੍ਹਾਂ ਕਰਮ-ਪ੍ਰਮਾਣੂਆਂ ਤੋਂ ਛੁਟਕਾਰਾ ਪਾਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਮੁਕਤੀ ਸੰਭਵ ਨਹੀਂ। ਏਸ ਲਈ ਪੁਰਾਣੇ ਕਰਮਾਂ ਨੂੰ ਧਰਮ-

ਕਰਮਾਂ ਰਾਹੀਂ ਆਤਮਾ ਵਿਚੋਂ ਕਢਣਾ ਤੇ ਨਵੇਂ ਕਰਮਾਂ ਨੂੰ ਅੰਦਰ ਨਾ ਦਾਖਲ ਹੋਣ ਦੇਣਾ ਹੀ ਕਰਮ-ਪਰਮਾਣੂਆਂ ਤੋਂ ਮੁਕਤ ਕਰਵਾ ਸਕਦਾ ਹੈ । ਕਰਮ-ਪਰਮਾਣੂਆਂ ਤੋਂ ਮੁਕਤ ਹੋਣ ਤੇ ਆਤਮਾ ਉਚੇਰੀ ਉਠੇਗੀ ਤੇ ਉਥੇ ਅਪੜ ਜਾਏਗੀ ਜਿਥੇ ਸਾਰੀਆਂ ਮੁਕਤ ਰਾਹਾਂ ਦਾ ਟਿਕਾਣਾ ਹੈ। ਇਸ ਮੁਕਤ-ਪਦ ਨੂੰ ਹਾਸਲ ਕਰਨ ਲਈ ਕਠਨ ਤਪਸਿਆ ਕਰਕੇ ਨਿਸ਼ਕ੍ਰਿਆ ਹੋਣ ਦੀ ਲੋੜ ਹੈ । ਜੈਨ ਧਰਮ ਵੇਦਾਂਤ ਵਾਂਗ ਸੰਨਿਆਸ ਤੇ ਕਰਮਾਂ ਤੇ ਤਿਆਗ ਵਿਚ ਮੁਕਤੀ ਦੀ ਬੁਨਿਆਦ ਨਹੀਂ ਮੰਨਦਾ ਸਗੋਂ ਸਾਰੇ ਕਰਮਾਂ ਨੂੰ ਮੁਕਾਣ ਵਿਚ ਮੁਕਤੀ ਮੰਨਦਾ ਹੈ।

ਬੁਧ ਧਰਮ ਵੀ ਵੇਦਕ ਮੱਤਾਂ ਅਰਥਾਤ ਸ਼ਾਸਤਰਕਾਰਾਂ ਵਾਂਗ ਪ੍ਰਾਰਬਧ ਕਰਮਾਂ ਦਾ ਫਲੀਭੂਤ ਹੋਣਾ ਅਵਸ਼ਯ ਮੰਨਦਾ ਹੈ ਪਰ ਆਤਮਾ ਤੋਂ ਆਵਾਗਵਨ ਸਬੰਧੀ ਉਸਦੇ ਵਿਚਾਰ ਵਖਰੇ ਹਨ। ਬੁਧ ਜੀ ਫੁਰਮਾਂਦੇ ਹਨ 'ਸਰਵਮ, ਦੁਖਮ, ਦੁਖਮ' 'ਸਰਵਮ ਕਸ਼ਣਿਕਮ, ਕਸ਼ਕਿਮ' ਭਾਵ ਸਾਟੇ ਸੰਸਾਰਕ ਅਮਲ ਅਨਾਤਮਤਾ, ਅਨਿਤਯਤਾ ਤੇ ਦੁਖਿਤਾ ਦੇ ਲਖਾਇਕ ਹਨ । ਬਾਹਦ ਵਿਚ ਇਸਦੀ ਮਹਾਨ ਯਾਨ ਸੰਪ੍ਰਦਾਯ ਨੇ ਇਸਦਾ ਰੂਪ 'ਸਰਵਮ ਕਸਣਿਕਮ ਕਸਣਿਕਮ' ਤੋਂ 'ਸਰਵਮ ਸੂੰਨਯਮ, ਸ਼ੂੰਨਯਮ' ਅਰਥਾਤ ਸਭ ਸ਼ੂੰਨ ਕਰ ਹੀ ਸ਼ੂੰਨ ਦਿਤਾ ਹੈ।

ਜਿਹਾ ਕਿ ਪਿਛੇ ਬੁਧ ਧਰਮ ਤੇ ਗੁਰਮਤ ਦੇ ਸਿਰਲੇਖ ਹੇਠਾਂ ਦਸਿਆ ਜਾ ਚੁਕਾ ਹ, ਬੁਧ ਧਰਮ ਆਤਮਾ ਨੂੰ ਸਦੀਵੀ ਨਹੀਂ ਮੰਨਦਾ । ਇਸ ਮੱਤ ਦਾ ਸਿਧਾਂਤ ਹੈ ਕਿ ਆਤਮਾ ਹਰ ਖਿਣ ਵਿਚ ਬਦਲਦੀ ਰਹਿੰਦੀ ਹੈ ਇਸ ਲਈ ਨਾ ਇਹ ਭੋਗਤਾ ਹੈ ਤੇ ਨਾ ਇਹ ਸ਼ੁਭ ਕਰਮਾਂ ਯਾ ਯਗਾਂ ਆਦਿ ਦੇ ਫਲ-ਸਰੂਪ ਸਵਰਗ ਆਦਿ ਪ੍ਰਾਪਤ ਕਰਦਾ ਹੈ। ਜੋ ਮਨੁਖ ਅਜ ਅਜਿਹੇ ਕਰਮ ਕਰ ਰਿਹਾ ਹੈ, ਉਸਦੀ ਆਤਮਾ ਕਲ ਉਹੋ ਨਹੀਂ ਹੋਵੇਗੀ, ਸਗੋਂ ਬਦਲ ਚੁਕੀ ਹੋਵੇਗੀ। ਫੇਰ ਅਜ ਵਾਲੀ ਆਤਮਾ ਦੇ ਕਰਮਫਲ ਉਸ ਵਿਅਕਤੀ ਨੂੰ ਜੋ ਕੋਈ ਹੋਰ ਹੋ ਚੁਕਾ ਹੈ, ਕਿਵੇਂ ਪ੍ਰਾਪਤ ਹੋ ਸਕਦਾ ਹੈ ?

ਬੁਧ ਜੀ ਨੇ ਆਤਮਾ ਨੂੰ ਕਸਿਣਕ ਹੋਂਦ ਆਖ ਕੇ ਇਕ ਨਵਾਂ ਖਿਆਲ ਦਿਤਾ ਹੈ । ਭੌਤਿਕ ਸਰੀਰ ਪ੍ਰਿਥਵੀ, ਜਲ, ਅਗਨੀ ਤੇ ਪਵਨ, ਚਾਰ ਤਤਾਂ ਦੀ ਉਪਜ ਹੈ। ਇਸਦੇ ਨਾਰਤਨ ਜਾਂ ਮਾਨਸਕ ਭਾਗ ਦੀਆਂ, ਵੇਦਨ, ਸੰਗਿਆ, ਸੰਸਕਾਰ ਤੇ ਵਿਗਯਾਨ–ਚਾਰ ਸ਼ਕਲਾਂ ਹਨ ਤੇ ਇਹ ਸਰੇ ਮਾਨਸਕ ਅੰਗ ਨਦੀ ਦੇ ਪਰਵਾਹ ਵਾਂਗ, ਜਿਸਦਾ ਜਲ ਹਰ ਛਿਨ ਬਦਲਦਾ ਰਹਿੰਦਾ ਹੈ । ਤੁਰੇ ਰਹਿੰਦੇ ਹਨ, ਤੇ ਸਾਰੇ ਹੀ ਕਸ਼ਿਣਕ ਹੁੰਦੇ ਹਨ। ਜਿਸਤਰ੍ਹਾਂ ਇਕ ਰਥ ਦੇ ਵਖਰੇ ਵਖਰੇ ਕਈ ਅੰਗ ਹੁੰਦੇ ਹਨ ਤੇ ਉਹ ਰਲ ਕੇ ਹੀ ਰਥ ਅਖਵਾਂਦੇ ਹਨ । ਜੇ ਇਹ ਭਾਗ ਨਾ ਹੁੰਦੇ ਤਾਂ ਰਥ ਨਾਂ ਦੀ ਕੋਈ ਵਖਰੀ ਹਸਤੀ ਨਾ ਹੁੰਦੀ।

ਬੁਧ ਜੀ ਦੇ ਵਿਚਾਰਾਂ ਅਨੁਸਾਰ ਆਤਮਾ ਇਨ੍ਹਾਂ ਭੌਤਕ ਪਰਮਾਣੂਆਂ, ਵੇਦਨਾਵਾਂ, ਸੰਗਿਆਵਾਂ, ਸੰਸਕਾਰਾਂ ਤੇ ਵਿਗਿਆਨਾਂ ਨਾਲ ਇਕ ਰੂਪ ਨਹੀਂ ਹੋ ਸਕਦੀ, ਤੇ ਨਾ ਹੀ ਇਨ੍ਹਾਂ ਸਾਰਿਆਂ ਦੀ ਸਮਾਈ ਜਾਂ ਨਿਵਾਸ ਇਸਦੇ ਵਿਚ ਹੈ। ਪੁਰਾਣੇ ਹਰਦਮ ਬਦਲਦੇ ਰਹਿਣ ਵਾਲੇ ਜੀਵਨ ਵਿਚੋਂ ਹੀ ਇਕ ਨਵਾਂ ਜੀਵਨ ਉਸਰ ਪੈਂਦਾ ਹੈ। ਮਿਸ਼ਾਲ ਵਜੋਂ ਇਕ ਬਤੀ ਨੂੰ ਵੇਖੋ, ਜਿਸਤਰ੍ਹਾਂ ਉਸ ਜਗਦੀ ਬਤੀ ਤੋਂ ਇਕ ਨਵੀਂ ਬਤੀ ਜਗਾਈ ਤਾਂ ਜਾਂਦੀ ਹੈ, ਪਰ ਉਸ ਪੁਰਾਣੀ ਜਗਦੀ ਬਤੀ ਵਿਚੋਂ ਨਵੀਂ ਜਗੀ ਬਤੀ ਵਿਚ ਕੋਈ ਚੀਜ਼ ਨਹੀਂ ਜਾਂਦੀ। ਜਿਸਤਰ੍ਹਾਂ ਬੁਝੀ ਹੋਈ ਬਤੀ ਤੋਂ ਕੋਈ ਨਵੀਂ ਬਤੀ ਜਗ ਨਹੀਂ ਸਕਦੀ, ਇਸੇਤਰ੍ਹਾਂ ਜਨਮ ਵਿਚ ਲਿਆਉਣ ਵਾਲੇ ਸਕੰਧਾਂ ਦੇ ਨਾਸ ਹੋਣ ਨਾਲ ਫਿਰ ਕੋਈ ਨਵਾਂ ਵਿਅਕਤੀ ਜਨਮ ਨਹੀਂ ਲੈ ਸਕਦਾ। ਚੇਤਨ ਪਰਵਾਹ ਦੇ ਲਗਾਤਾਰ ਚਲਦੇ ਰਹਿਣ ਤੋਂ ਹੀ ਵਿਅਕਤੀ-ਤੱਵ ਦਾ ਖਿਆਲ ਪੈਦਾ ਹੁੰਦਾ ਹੈ। ਰਾਤ ਨੂੰ ਅਸੀਂ ਦੀਵਾ ਜਗਾਂਦੇ ਹਾਂ, ਉਸਦੀ ਵਟੀ ਤੇ ਤੇਲ ਹਰ ਖਿਨ ਵਿਚ ਬਦਲਦਾ ਰਹਿੰਦਾ ਹੈ, ਪਰ ਕਿਉਂਕਿ ਉਹ ਦੀਵਾ ਲਗਾਤਾਰ ਚਾਨਣ ਦੇਂਦਾ ਰਹਿੰਦਾ ਹੈ ਤੇ ਇਹ ਚਾਨਣ ਸ਼ੁਰੂ ਤੋਂ ਅਖੀਰ ਤਕ ਇਕੋ ਜਿਹਾ ਰਹਿੰਦਾ ਹੈ। ਅਸੀਂ ਸਮਝ ਲੈਂਦੇ ਹਾਂ, ਜੋ ਦੀਵਾ ਜਗ ਰਿਹਾ ਹੈ। ਪਰ ਵਾਸਤਵ ਵਿਚ ਸਾਡਾ ਇਹ ਕਿਆਫਾ ਠੀਕ ਨਹੀਂ। ਕੋਈ ਵਸਤੂ ਕਿਸੇ ਹੋਰ ਵਸਤੂ ਨਾਲ ਇਕੋ ਜਿਹੀ ਨਹੀਂ। ਉਹ ਆਪਣੇ ਕ੍ਸ਼ਿਣਕ ਰੂਪ ਕਰਕੇ ਇਕੋ ਜਿਹੀ ਪ੍ਰਤੀਤ ਹੁੰਦੀ ਹੈ। ਸਰਵਮ "ਸਰਵਮ ਸ੍ਵਲਕਸ਼ਣੰ" ਤੋਂ ਭਾਵ ਹਰ ਵਸਤੂ ਜਾਂ ਹਾਲਤ ਦਾ ਆਪਣੇ ਆਪ ਨਾਲ ਹੀ ਇਕੋ ਜਿਹਾ ਹੋਣਾ ਹੈ।

ਬੁਧ ਜੀ ਅਨੁਸਾਰ ਵਿਅਕਤੀਤਵ (ਸ਼ਖਸੀਅਤ) ਦਾ ਖਿਆਲ ਹੀ ਖੁਦਗਰਜ਼ੀ ਦਾ ਕਾਰਨ ਹੈ ਤੇ ਇਹੀ ਵਿਅਕਤੀਤੱਵ ਇਸ ਤੇ ਅਗਲੀ ਦੁਨੀਆਂ ਵਿਚ ਸੁਖ ਮਾਣਨ ਦੀ ਲਾਲਸਾ ਕਰਦਾ ਹੈ। ਮਨੁਖ ਦਾ ਵਿਅਕਤੀਤਵ ਭਾਵੇਂ ਸਦੀਵ-ਨਹੀਂ, ਪਰ ਫਿਰ ਵੀ ਕਿਸੇ ਇਕ ਸਿਕੰਧ ਦੇ ਕੀਤੇ ਕਰਮ ਉਸ ਤੋਂ ਉਪਜੇ ਨਵੇਂ ਸਿਕੰਧ ਲਈ ਦੁਖ ਸੁਖ ਪੈਦਾ ਕਰ ਸਕਦੇ ਹਨ। ਇਸ ਲਈ ਵਿਅਕਤੀਗਤ ਜ਼ਿਮੇਂਵਾਰੀ ਵਧ ਜਾਂਦੀ ਹੈ ਕਿ ਆਪਣੇ ਕਰਮਾਂ ਦੁਆਰਾ ਉਹ ਅਗੋਂ ਉਪਜੇ ਸਿਕੰਧ ਲਈ ਦੁਖ ਦਾ ਕਾਰਨ ਨਾ ਬਣੇ। ਬੁਧ ਜੀ ਕਰਮਾਂ ਦੇ ਫਲੀਭੂਤ ਹੋਣ ਲਈ ਕਿਸੇ ਧਰਮ ਰਾਜ ਆਦਿ ਦਾ ਵਿਚੋਲਾ-ਪਣ ਆਦਿ ਨਹੀਂ ਮੰਨਦੇ ਤੇ ਨਾ ਹੀ ਕਿਸੇ ਆਤਮਾ ਦੇ ਮੁੜ ਮੁੜ ਜਨਮ ਲੈਣ, ਜਾਂ ਸਰੀਰ ਧਾਰਨ ਵਿਚ ਵਿਸ਼ਵਾਸ਼ ਰਖਦੇ ਹਨ। ਉਨ੍ਹਾਂ ਦੇ ਸਿਧਾਂਤ ਅਨੁਸਾਰ ਸਦਾਚਾਰਕ ਨਿਯਮ ਆਪਣੇ ਆਪ ਹੀ ਕੰਮ ਕਰਦੇ ਰਹਿੰਦੇ ਹਨ ਅਤੇ ਉਨ੍ਹਾਂ (ਸਦਾਚਾਰਕ ਨਿਯਮਾਂ) ਦਾ ਅਮਲ ਉਦੋਂ ਰੁਕ

ਜਾਂਦਾ ਹੈ, ਜਦੋਂ ਇਕ ਉਚੇਰਾ ਕਾਨੂੰਨ ਲਾਗੂ ਹੋ ਜਾਏ, ਭਾਵ ਗਿਆਨ ਦੀ ਪ੍ਰਾਪਤੀ ਹੋ ਜਾਏ।

ਗਿਆਨ ਹੋ ਜਾਣ ਤੇ ਸਿੰਚਤ ਤੇ ਆਗਮਨਿ [ਕ੍ਰਿਆਮਾਨ] ਕਰਮ ਤਾਂ ਨਾਸ਼ ਹੋ ਜਾਂਦੇ ਹਨ, ਪਰ ਪਰਾਲਬਧ ਕਰਮ, ਜੋ ਜੀਵਨ ਵਿਚ ਪਹਿਲੇ ਹੀ ਫਲੀਭੂਤ ਹੋ ਰਹੇ ਹਨ, ਨਾਸ਼ ਨਹੀਂ ਹੁੰਦੇ। ਅਜਿਹੀ ਅਵਸਥਾ ਵਿਚ ਇਕ ਬੁਧ ਜਾਂ ਜਾਂ ਅਰਹਤ ਨੂੰ ਉਪਾਧੀ ਸ਼ੇਸ਼ ਨਿਰਵਾਨ ਤਾਂ ਪ੍ਰਾਪਤ ਹੋ ਜਾਂਦਾ ਹੈ, ਤੇ ਉਹ ਸ਼ੀਰਕ ਕਿਰਿਆ ਵੀ ਕਰਦਾ ਰਹਿੰਦਾ ਹੈ, ਐਪਰ ਉਸ ਦੀਆਂ ਸਾਰੀਆਂ ਕਾਮਨਾਵਾਂ ਦੇ ਨਾਸ਼ ਹੋ ਜਾਣ ਦੇ ਕਾਰਨ, ਹੁਣ ਉਸਦਾ ਮਾਨਸਕ ਸਿਕੰਧ ਪੁਨਰ-ਜਨਮ ਲਈ ਉਤਸ਼ਾਹ ਪੈਦਾ ਨਹੀਂ ਕਰਦਾ। ਸ਼ਰੀਰ ਦੇ ਨਾਸ਼ ਹੋ ਜਾਣ ਮਗਰੋਂ ਉਹ ਅਨ-ਉਪਾਧੀ ਸ਼ੇਸ਼ ਨਿਰਵਾਨ ਪ੍ਰਾਪਤ ਕਰ ਲੈਂਦਾ ਹੈ।

ਕਰਮਾਂ ਦੇ ਨਾਲ ਕਰਮ ਜਾਂ ਗਿਆਨ ਦੀ ਪ੍ਰਾਪਤੀ ਲਈ ਬੁਧ ਜੀ ਤਪ ਆਦਿ ਸਾਧਨਾਂ ਵਿਚ ਵਿਸ਼ਵਾਸ਼ ਨਹੀਂ ਰਖਦੇ, ਸਗੋਂ ਉਨ੍ਹਾਂ ਦੇ ਮਤ ਅਨੁਸਾਰ ਮਨੁਖ ਨੇ ਝੂਠੇ ਵਿਅਕਤੀਤੱਵ ਨੂੰ ਜੜ੍ਹੋਂ ਉਖੇੜਨਾ ਹੈ ਤੇ ਇਸ ਮੰਤਵ ਦੀ ਪੂਰਨਤਾ ਲਈ ਗਿਆਨ, ਸਦਾਚਾਰਕ ਕਰਮ, ਤੇ ਮਾਨਸਕ ਭਾਵਾਂ ਦੀ ਪਵਿਤਰਤਾ ਆਦਿ ਜ਼ਰੂਰੀ ਅੰਗ ਹਨ। ਨਿਆ ਸਿਕੰਧ ਉਦੋਂ ਤਕ ਰੁਕ ਨਹੀਂ ਸਕਦਾ, ਜਦ ਤਕ ਕਿ ਆਸ਼ਾਵਾਂ, ਕਾਮਨਾਵਾਂ ਹੋਂਦ ਦੀ ਇਛਾ ਅਤੇ ਅਵਿਦਿਆ ਦਾ ਨਾਸ਼ ਨਾ ਹੋ ਜਾਵੇ। ਅਮਰ ਆਤਮਾ ਵਿਚ ਨਿਸਚਾ, ਸੰਸਾ, ਨਿਰਾਚਾਰ ਅਤੇ ਧਾਰਮਕ ਕਰਮ ਕਾਂਡ ਤਿੰਨ ਬੇੜੀਆਂ ਹਨ, ਜਿਨ੍ਹਾਂ ਨੂੰ ਕਟਣ ਬਿਨਾਂ ਮਨੁਖ ਮੁਕਤੀ ਦੀ ਰਾਹੇ ਪੈ ਹੀ ਨਹੀਂ ਸਕਦਾ।

ਸੋ ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ, ਜੋ ਬੁਧ ਧਰਮ ਵਿਚ ਵੀ ਕਰਮ ਅਮਿਟ ਹੀ ਕਹੇ ਗਏ ਹਨ ਤੇ ਇਨ੍ਹਾਂ ਦਾ ਲੇਖਾ ਚੋਖਾ ਕਿਸੇ ਨਾ ਕਿਸੇ ਹਾਲਤ ਵਿਚ ਚੁਕਾਣਾ ਜ਼ਰੂਰੀ ਮੰਨਿਆ ਗਿਆ ਹੈ।

ਹੁਣ ਰਹੇ ਇਬ੍ਰਾਨੀ ਮਤਾਂ ਦੇ ਵਿਚਾਰ। ਇਨ੍ਹਾਂ ਵਿਚੋਂ ਬਹੁਤੇ ਤਾਂ ਨੇਕ ਅਮਲਾਂ ਤੇ ਜ਼ੋਰ ਦੇਂਦੇ ਹਨ ਤੇ ਚੰਗੇ ਮੰਦੇ ਕਰਮਾਂ ਤੇ ਉਨ੍ਹਾਂ ਅਹਿਮਾਲਾਂ ਅਨੁਸਾਰ ਹੀ ਉਨ੍ਹਾਂ ਦਾ ਫਲ-ਸਰੂਪ ਦੋਜ਼ਖ ਤੇ ਬਹਿਸ਼ਤ ਵੀ ਮੰਨਦੇ ਹਨ। ਲਗ ਭਗ ਸਾਰੇ ਇਬਰਾਨੀ ਮੱਤ ਰੂਹ (ਆਤਮਾ) ਦੇ ਪੁਨਰ ਜਨਮ ਅਰਥਾਤ ਆਵਾਗਵਨ ਦੇ ਸਿਧਾਂਤ ਨੂੰ ਨਹੀ ਮੰਨਦੇ। ਬਹੁਤ ਕਰਕੇ ਨਸਲੀ ਫਿਤਰਤ ਦੇ ਹਾਮੀ ਹਨ, ਭਾਵ— ਇਨ੍ਹਾਂ ਦਾ ਖਿਆਲ ਹੈ, ਜੋ ਚੰਗਾ ਮੰਦਾ ਸੁਭਾ ਮਾਂ ਬਾਪ ਆਪਣੀ ਸੰਤਾਨ ਨੂੰ ਵਿਰਸ਼ੇ ਵਿਚ ਦੇਂਦੇ ਹਨ, ਧਾਰਮਕ ਅਸੂਲਾਂ ਦੇ ਪਾਲਨ ਕਰਨ ਨਾਲ ਇਸ ਵਿਚ ਸੁਧਾਰ ਵੀ ਹੋ ਸਕਦਾ ਹੈ। ਤੋਬਾ ਕਰਨ ਤੇ ਪਿਛਲੇ ਭੈੜੇ ਕਰਮ ਬਦਲੇ ਵੀ

ਜਾ ਸਕਦੇ ਹਨ।

ਈਸਾਈਆਂ ਦੇ ਖਿਆਲ ਵਿਚ ਗੁਨਾਹ ਸਭ ਤੋਂ ਪਹਿਲਾਂ ਸ਼ੈਤਾਨ ਦੀ ਉਕਸਾਹਟ ਕਰਕੇ ਬਾਬਾ ਆਦਮ ਤੇ ਮਾਈ ਹਵਾ ਦੀ ਫਿਤਰਤ ਵਿਚ ਪੰਘਰਿਆ ਸੀ, ਜਿਸ ਕਰਕੇ, ਉਸਨੂੰ ਖੁਦਾ ਨੇ ਬਹਿਸ਼ਤ ਵਿਚੋਂ ਕਢਕੇ ਸਾਡੀ ਦੁਨੀਆਂ ਵਿਚ ਘਲ ਦਿਤਾ ਸੀ। ਕਿਉਂਕਿ ਹੁਣ ਦੀ ਆਦਮ ਜ਼ਾਤ ਬਾਬਾ ਆਦਮ ਦੀ ਹੀ ਔਲਾਦ ਹੈ, ਇਸ ਲਈ ਫਿਤਰਤਨ ਗੁਨਾਹਗਾਰ ਹੈ। ਇਨ੍ਹਾਂ ਵਿਚ ਦਿਨ-ਬ-ਦਿਨ ਵਧਦੇ ਵਿਗਾੜ ਨੂੰ ਵੇਖ ਕੇ ਖੁਦਾ ਨੇ ਰਹਿਮ ਖਾ ਕੇ ਆਪਣੇ ਬੇਟੇ ਯਸੂ ਮਸੀਹ ਨੂੰ ਸੰਸਾਰ ਉਤੇ ਘਲਿਆ ਤੇ ਉਸਨੇ ਆਪਣੀ ਕੁਰਬਾਨੀ ਦੇ ਕੇ ਆਦਮ ਦੀ ਅੰਸ਼ ਲਈ ਕੁਫਾਰਾ (ਪ੍ਰਾਸ਼ਚਿਤ) ਕੀਤਾ। ਜੋ ਜੋ ਵੀ ਹਜ਼ਰਤ ਈਸਾ ਜੀ ਤੇ ਈਮਾਨ ਲਿਆਇਆ, ਤੇ ਉਸਦੀ ਦਿਤੀ ਗਈ ਹਦਾਇਤ ਤੇ ਚਲਿਆ, ਉਹ ਬਖਸ਼ਿਆ ਗਿਆ, ਤੇ ਬੇਟੇ ਦੀ ਸਿਫਾਰਸ਼ ਮੰਨ ਕੇ ਖੁਦਾ ਨੇ ਉਸ ਨੂੰ ਬਹਿਸ਼ਤ ਵਿਚ ਦਾਖਲ ਕਰ ਲਿਆ। ਪਰ ਹਜ਼ਰਤ ਈਸਾ ਦੀ ਪੈਗੰਬਰੀ ਤੋਂ ਇਨਕਾਰ ਕਰਨ ਵਾਲੇ ਹੁਣ ਵੀ ਗੁਨਾਹਗਾਰ ਹਨ ਤੇ ਖੁਦਾ ਦੀ ਬਾਦਸ਼ਾਹਤ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹਨ।

ਇਸਲਾਮੀ ਵਿਚਾਰ, ਜਿਥੋਂ ਤਕ ਬਾਬੇ ਆਦਮ ਦੇ ਪੁਰਾਨ ਦਾ ਸਬੰਧ ਹੈ, ਬਾਕੀ ਇਬਰਾਨੀ ਮਤਾਂ ਨਾਲ,ਜਿਨ੍ਹਾਂ ਵਿਚ ਈਸਾਈ ਵੀ ਸ਼ਾਮਲ,ਮਿਲਦੇ ਜੁਲਦੇ ਹਨ ਪਰ ਹਜ਼ਰਤ ਈਸਾ ਦਾ ਰੱਬ ਦਾ ਬੇਟਾ ਹੋਣਾ, ਤੇ ਕੁਫਾਰਾ ਕਰਨਾ ਆਦਿ ਵਿਚਾਰਾਂ ਨਾਲ ਸੰਮਤੀ ਨਹੀਂ ਰਖਦੇ। ਵੈਸੇ ਨਸਲੀ ਸੁਭਾਵ ਦੇ ਖਿਆਲ ਨੂੰ ਇਸਲਾਮ ਵੀ ਅਪਨਾਂਦਾ ਹੈ। ਇਸਲਾਮੀ ਸ਼ਰ੍ਹਾ ਤੇ ਚਲਣ ਵਾਲਾ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਾਰਸ਼ ਤੇ ਬਖਸ਼ਿਆ ਜਾਂਦਾ ਹੈ ਤੇ ਬਹਿਸ਼ਤ ਦਾ ਹਕਦਾਰ ਹੋ ਜਾਂਦਾ ਹੈ। ਕਰਮ ਅਮਿਟ ਨਹੀਂ, ਤੋਬਾ ਕਰਨ ਤੇ ਬਖਸ਼ੇ ਜਾਂਦੇ ਹਨ। ਇਹ ਵੀ ਖਿਆਲ ਹੈ ਕਿ ਜੇਕਰ ਕੋਈ ਸੌ ਵਾਰੀ ਵੀ ਕੁਕਰਮ ਕਰੇ ਤੇ ਸੌ ਵਾਰ ਹੀ ਤੋਬਾ ਕਰੇ, ਤਾਂ ਬਖਸ਼ਿੰਦ ਖੁਦਾ ਉਸਦੇ ਗੁਨਾਹ ਫੇਰ ਵੀ ਬਖਸ਼ ਦੇਂਦਾ ਹੈ। ਰਵਾਇਤ ਹੈ ਕਿ ਜਿਸਤਰ੍ਹਾਂ ਮੋਹਰ ਤੇ ਲਿਖੇ ਉਲਟੇ ਅਖਰ ਕਾਗਜ਼ ਤੇ ਸਜਦਾ ਕਰਨ ਨਾਲ ਸਿਧੇ ਹੋ ਜਾਂਦੇ ਹਨ, ਇਸੇ ਤਰ੍ਹਾਂ ਖੁਦਾ ਤੇ ਰੁਸਲ ਦੇ ਸਾਹਮਣੇ ਤੋਬਾ ਤੇ ਸਜਦਾ ਕਰਨ ਨਾਲ ਕਰਮ ਵੀ ਬਦਲ ਜਾਂਦੇ ਹਨ। ਇਸ ਵਿਚ ਸ਼ਕ ਨਹੀਂ ਕਿ ਅੰਤ ਤੇ ਨਿਬੇੜਾ ਅਮਲਾਂ ਤੇ ਹੀ ਹੋਣਾ ਹੈ, ਪਰ ਖੁਦਾ ਤੇ ਰਸੂਲ ਦੀ ਸ਼ਫਕਤ ਨਾਲ ਕਰਮ ਮੇਟੇ ਵੀ ਜਾ ਸਕਦੇ ਹਨ, ਇਹ ਅਮਿਟ ਨਹੀਂ।

ਇਸਲਾਮ ਵਿਚ ਅਸਲੀ ਨਿਬੇੜਾ ਤਾਂ ਕਿਆਮਤ ਵਾਲੇ ਦਿਨ ਹੀ ਹੋਣਾ ਹੈ, ਜਦੋਂ ਖੁਦਾ ਨਾਲ ਹਜ਼ਰਤ ਮੁਹੰਮਦ ਸਾਹਿਬ ਨੇ ਵੀ ਹੋਣਾ ਹੈ ਤੇ ਉਹਨਾਂ ਹਰ ਬੰਦੇ ਦੇ ਅਹਿਮਾਲ-ਨਾਮੇ ਵਿਚਾਰਨੇ ਹਨ, ਤੇ ਉਸਦੇ ਅਨੁਸਾਰ ਹੀ ਦੋਜ਼ਖ ਤੇ ਬਹਿਸ਼ਤ ਨਸੀਬ ਹੋਣੀ ਹੈ, ਪਰ ਜੋ ਹਜ਼ਰਤ ਮੁਹੰਮਦ ਸਾਹਿਬ ਦੀ ਰਸਾਤਲ ਤੋਂ

ਮੁਨਕਰ ਹੋਣਗੇ, ਉਨ੍ਹਾਂ ਨੂੰ ਕਬਰ ਵਿਚ ਕਿਆਮਤ ਤੋਂ ਪਹਿਲਾਂ ਵੀ ਆਜ਼ਾਬ (ਤਸੀਹੇ) ਮਿਲਦੇ ਰਹਿਣਗੇ। ਖੈਰ, ਇਸ ਥਾਂ ਤੇ ਇਨ੍ਹਾਂ ਕਹਿਣਾ ਹੀ ਕਾਫੀ ਹੈ ਕਿ ਇਸਲਾਮ ਕਰਮਾਂ ਨੂੰ ਇਤਨਾ ਸ਼ਕਤੀਵਾਨ ਨਹੀਂ ਮੰਨਦਾ, ਜਿੰਨਾਂ ਕਿ ਭਾਰਤੀ ਮਤਾਂ ਨੇ ਮੰਨਿਆ ਹੈ। ਇਸਲਾਮ ਬਾਕੀ ਇਬਰਾਨੀ ਮਤਾਂ ਵਾਂਗ ਰੂਹਾਂ ਦੇ ਬਾਰ ਬਾਰ ਜੰਮਣ ਮਰਨ, ਗਰਭ ਗੇੜ ਵਿਚ ਪੈਣ ਜਾਂ ਆਵਾਗਾਉਣ ਦੇ ਸਿਧਾਂਤ ਦਾ ਹਾਮੀ ਨਹੀਂ ਤੇ ਕਰਮਾਂ ਨੂੰ ਅਮਿਟ ਵੀ ਨਹੀਂ ਮੰਨਦਾ।

ਸੋ ਉਪਰੋਕਤ ਵਿਚਾਰ ਤੋਂ ਅਸੀਂ ਇਸ ਨਤੀਜੇ ਤੇ ਪੁਜੇ ਹਾਂ:

(੧) ਦਾਰਸ਼ਨਿਕ ਮਤਾਂ ਅਨੁਸਾਰ ਤਾਂ ਕਰਮ ਅਮਿਟ ਹਨ ਤੇ ਫਲੀਭੂਤ ਅਵਸ਼ਯ ਹੀ ਹੋਣਗੇ। ਜਿਹਾ ਕੋਈ ਕਰੇਗਾ, ਤਿਹਾ ਕੋਈ ਭਰੇਗਾ। ਕਰਮਾਂ ਦਾ ਅਟਲ ਕਾਨੂੰਨ ਆਪ-ਮੁਹਾਰਾ ਸਹੀ ਸਹੀ ਨਿਬੇੜੇ ਕਰਦਾ ਰਹੇਗਾ। ਦਾਰਸ਼ਨਿਕ ਮੱਤਾਂ ਦੇ ਵਿਚਾਰ ਮਨੁਖੀ ਭਾਵਨਾ ਵਿਚ ਸੁਤੇ ਹੀ ਹਉਮੈ ਤੇ ਨਾਸਤਕਤਾ ਪੈਦਾ ਕਰ ਦੇਂਦੇ ਹਨ। ਇਬਰਾਨੀ ਮੱਤ ਦੀ ਨਿਤ ਦੀ ਤੋਬਾ ਤੇ ਵਾਹਿਗੁਰੂ ਦੀ ਅਮਿਟ ਬਖਸ਼ਸ਼ ਦਾ ਸਿਧਾਂਤ ਸੁਤੇ ਹੀ ਮਨੁਖੀ ਸੁਭਾਵ ਨੂੰ ਹੂੜ ਮਤ, ਜਬਰ, ਅਨਿਆਇ ਤੇ ਪਾਪ ਵਲ ਪਰੇਰ ਲੈਂਦਾ ਹੈ। ਗੁਰਮਤ ਇਨ੍ਹਾਂ ਦੋਹਾਂ ਮਤਾਂ ਤੋਂ ਨਿਆਰੀ ਹੈ। ਇਸ ਅਨੁਸਾਰ ਕਰਮ ਨਾ ਤਾਂ ਇਤਨੇ ਸ਼ਕਤੀ-ਸ਼ਾਲੀ ਹਨ ਤੇ ਨਾ ਅਮਿਟ ਹਨ, ਜੋ ਬਿਨਾ ਕਿਸੇ ਨਿਆਇਧੀਸ਼ ਦੇ ਆਪਣੇ ਆਪ ਅਵਸ਼ਯ ਹੀ ਫਲੀਭੂਤ ਹੋਣੇ ਹਨ। ਇਹ ਹਰ ਤੋਬਾ ਦੇ ਬਾਹਦ ਮੁਆਫ ਹੋ ਜਾਣ ਵਾਲੇ ਵੀ ਨਹੀਂ, ਤਾਂ ਜੋ ਹਰ ਤੋਬਾ ਦੇ ਬਾਹਦ ਮੁਆਫੀ ਤੇ ਹਰ ਮੁਆਫੀ ਦੇ ਮਗਰੋਂ ਮੁੜ ਗੁਨਾਹ ਕਰਨ ਤੇ ਮੁਆਫੀ ਮੰਗਣ ਦਾ ਸਿਲਸਿਲਾ ਸਦਾ ਲਈ ਜਾਰੀ ਰਹੇ।

ਹੁਣ ਅਸੀਂ ਗੁਰਮਤ ਅਨੁਸਾਰ ਕਰਮ-ਸਿਧਾਂਤ ਨੂੰ ਵਿਚਾਰਾਂਗੇ।

ਗੁਰਮਤ ਦਾ ਕਰਮ-ਸਿਧਾਂਤ

ਆਤਮਾ ਦਾ ਅਸਲੀ ਸੁਭਾਵ (ਵਾਸਤਵਿਕ ਸੁਭਾਵ) 'ਪ੍ਰੇਮ' ਕਰਨਾ ਹੈ। ਦੇਹ ਵਿਚ ਆਵਣ ਤੋਂ ਪਹਿਲਾਂ ਜਦ ਇਸਦਾ ਵਾਸਾ ਅਫੁਰ ਨਿਰੰਕਾਰ ਵਿਚ ਸੀ, ਇਹ ਉਸ ਵੇਲੇ ਵੀ ਵੈਰਾਗੀ ਹੀ ਸ਼ੀ। ਸਿਧਗੋਸ਼ਟ ਵਿਚ ਆਈ ਹੇਠ ਲਿਖੀ ਪ੍ਰਸ਼ਨੋਤਰੀ ਇਸ ਦੇ ਵੈਰਾਗੀ ਹੋਣ ਦਾ ਸਹੀ ਪਰਮਾਣ ਹੈ:

ਪ੍ਰਸ਼ਨ:

ਜਾ ਇਹ ਹਿਰਦਾ ਦੇਹ ਨ ਹੋਤੀ ਤਉ ਮਨੁ ਕੈ ਠੈ ਰਹਿਤਾ। ੬੬।

ਉਤਰ:

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ। ੬੭।
(ਰਾਮਕਲੀ ਮਃ ੧ ਸਿਧ ਗੋਸਟਿ)

ਸ੍ਰੀ ਗੁਰੂ ਅਮਰਦਾਸ ਜੀ ਵੀ ਇਸਦਾ ਅਸਲੀ ਸੁਭਾਵ ਬੈਰਾਗੀ ਹੀ ਦਸਦੇ ਹਨ ਤੇ ਉਪਦੇਸ਼ਦੇ ਹਨ ਕਿ ਜਿਸਨੇ ਇਸਦੇ ਅਸਲ ਸੁਭਾਵ ਨੂੰ ਲਖ ਕੇ ਸਾਰੀ ਥਾਂ ਇਸ ਅਨੁਰਾਗੀ (ਪ੍ਰੇਮੀ) ਨੂੰ ਭਰਪੂਰ ਵੇਖਿਆ ਹੈ, ਉਸਦਾ ਆਪਾ ਭਾਵ ਮਿਟ ਗਿਆ ਹੈ। ਸਚ ਜਾਣੋ ਕਿ ਉਹ ਅਭੇਦਤਾ ਦੀ ਪਦਵੀ ਪ੍ਰਾਪਤ ਕਰ ਚੁਕਾ ਹੈ :

ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤ ਅਨਰਾਗੀ ॥
ਕਹਤੁ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖ ਨਿਰੰਜਨ ਦੇਉ । ੬ । ੫ ।
(ਭੈਰਉ ਮ: ੩)

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ-ਦੇਹ ਵਾਸ ਲੈਣ ਮਗਰੋਂ ਇਹ ਵੈਰਾਗੀ ਮਨ ਹਉਮੈ ਅਧੀਨ ਦਵੈਤ ਵਿਚ ਆ ਜਾਂਦਾ ਹੈ। ਇਹ ਦਵੈਤੁ ਭਾਵ ਇਸ ਵਿਚ ਈਰਖਾ ਤੇ ਸਾੜਾ ਉਪਜਾ ਦੇਂਦੇ ਹਨ ਤੇ ਇਹ ਦੁਬਿਧਾ ਵਿਚ ਪੈ ਜਾਂਦਾ ਹੈ :

ਮਨ ਬੈਰਾਗੀ ਹਉਮੈ ਤਿਆਗੀ ॥
ਘਟਿ ਘਟਿ ਮਨਸਾ ਦੂਬਿਧਾ ਲਾਗੀ ॥ ੫ ॥ ੮ ॥
(ਆਸਾ ਮ: ੧ ਅਸ਼ਟਪਦੀਆਂ)

ਇਹ ਹਉਮੈ ਕਿਥੋਂ ਉਪਜੀ ? ਇਹ ਮਮਤਾ ਕਿਸ ਨੇ ਲਾਈ ? ਸਤਿਗੁਰੂ ਫੁਰਮਾਂਦੇ ਹਨ ਇਹ ਤਾਂ ਕਰਤਾਰੀ ਉਪਜ ਹੈ :

ਮੂਲੁ ਮੋਹ ਕਰਿ ਕਰਤੇ ਜਗਤੁ ਉਪਾਇਆ ॥
ਮਮਤਾ ਲਾਇ ਭਰਮ ਭੁਲਾਇਆ ॥ ੨ ॥ ੫॥
(ਭੈਰਉ ਮ: ੩)

ਇਹ ਮੂਲ ਮੋਹ ਹੀ ਮਾਇਆ ਹੈ। ਇਹ ਮਾਇਆ ਹੀ ਹਉਮੈ ਹੈ। ਇਹ ਹਉਮੈ ਹੀ ਕਰਮ ਕਰਤਾ ਹੈ। ਇਹ ਹਉ ਦੇ ਬੰਧਨ ਹੀ ਦੁਖ ਸੁਖ ਉਪਜਾਂਦੇ ਹਨ। ਦੂਜੇ ਸ਼ਬਦਾਂ ਵਿਚ ਮਾਇਆ ਦਾ ਵਾਸਤਵਿਕ ਸਰੂਪ ਹੀ ਇਹੋ ਹੈ ਕਿ ਮਨੁਖਾ ਸਰੀਰ ਦੁਖਾਂ ਸੁਖਾਂ ਦੇ ਬੰਧਨਾਂ ਵਿਚ ਪੈ ਕੇ ਹਉਮੈ ਵਿਚ ਕਰਮ ਕਮਾਂਦਾ ਹੈ :

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥
ਦੁਖਿ ਸੁਖਿ ਏਹ ਜੀਉ ਬਧੁ ਹੈ ਹਉਮੈ ਕਰਮ ਕਮਾਇ ॥
ਬਿਨੁ ਸਬਦੈ ਭਰਮ ਨ ਚੂਕਈ ਨ ਵਿਚਹੁ ਹਉਮੈ ਜਾਇ ॥ ੬ ॥ ੪ ॥ ੨੧ ॥
(ਸ੍ਰੀ ਰਾਗ ਮ: ੩)

ਅਸੀਂ ਪਿਛਲੇ ਲੇਖਾਂ ਵਿਚ ਇਹ ਗੱਲ ਵਿਸਥਾਰ ਪੂਰਬਕ ਬਿਆਨ ਕਰ

ਦੂਕੇ ਹਾਂ, ਜੋ ਆਤਮਾ ਮਨੁਖੀ ਸਰੀਰ ਦਾ ਚੇਤੰਨ ਭਾਗ ਹੈ। ਇਹ ਚੇਤੰਨਤਾ ਨਿਰੰਕਾਰ, ਜਿਸ ਨੇ ਇਸ ਨੂੰ ਸਾਜਿਆ ਹੈ, ਦੀ ਜੋਤਿ ਹੈ, ਜੋ ਉਸ ਨੇ ਆਪ ਇਹ ਜੋਤਿ ਇਸ ਦੇ ਅੰਦਰ ਰਖੀ ਹੈ ਤੇ ਇਹ ਚੇਤੰਨਤਾ ਇਸ ਦੇ ਅੰਦਰ ਉਸ ਜੋਤਿ ਦੇ ਹੀ ਸਦਕੇ ਹੈ।

ਜਿਸ ਤਰ੍ਹਾਂ ਹਵਾ ਦੇ ਮੇਲ ਨਾਲ ਸਮੁੰਦਰ ਵਿਚ ਇਕ ਬੁਲਬਲਾ ਉਠ ਪੈਂਦਾ ਹੈ, ਜੋ ਥੋੜ੍ਹੇ ਸਮੇਂ ਲਈ ਆਪਣੀ ਵਖਰੀ ਹੋਂਦ ਕਾਇਮ ਕਰ ਲੈਂਦਾ ਹੈ, ਇਸੇ ਤਰ੍ਹਾਂ ਚੇਤੰਨਤਾ ਤੇ ਸੱਤਾ ਦੇ ਇਸ ਸਮੁੰਦਰ ਵਿਚ ਨਿਰੰਕਾਰੀ ਹੁਕਮ ਦੇ ਅਧੀਨ ਇਕ ਬੁਦਬੁਦਾ ਉਪਜਿਆ ਹੈ, ਜਿਸ ਦੇ ਚੌ-ਗਿਰਦੇ ਹਉਮੈ ਦੀ ਇਕ ਕਰੜੀ ਕੰਧ ਹੈ। ਬਸ ਇਸ ਹਉਮੈ ਦੀ ਕੰਧ ਨੇ ਹੀ ਸ਼ਖਸੀਅਤ (Individuality) ਦੀ ਇਕ ਹਦ ਕਾਇਮ ਕਰ ਦਿਤੀ ਹੈ। ਇਸ ਹਉਮੈ ਸਹਿਤ ਚੇਤੰਨਤਾ ਤੇ ਸਤਾ ਨੂੰ ਸ਼ਾਸਤਰੀ ਬੋਲੀ ਵਿਚ ਮਾਨੁੱਖੀ ਜੀਵ-ਆਤਮਾ ਕਿਹਾ ਜਾਂਦਾ ਹੈ। ਇਹ ਹਉਮੈ ਕੇਵਲ ਹੁਕਮ ਤੋਂ ਹੀ ਨਹੀਂ ਉਪਜੀ, ਸਗੋਂ ਇਸ ਨੇ ਮਨੁੱਖ ਨੂੰ ਪਰੀਪੂਰਨ ਜੋਤਿ ਤੋਂ ਨਿਖੇੜ ਵੀ ਦਿਤਾ ਹੈ :

> ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥੩॥ ੧ ॥
> (ਗਉੜੀ ਪੂਰਬੀ ਮ: ੫)

> ਅੰਤਰਿ ਅਲਖੁ ਨ ਜਾਈ ਲਖਿਆ ਵਿਚ ਪੜਦਾ ਹਉਮੈ ਪਾਈ ॥
> ਮਾਇਆ ਮੋਹ ਸਭੋ ਜਗੁ ਸੋਇਆ ਇਹ ਭਰਮੁ ਕਹਹੁ ਕਿਉਂ ਜਾਈ ॥ ੧ ॥
> ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥
> ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰੁ ਠਾਈ ॥ ੨ ॥੪॥ ੧੨੨ ॥
> (ਗਉੜੀ ਪੂਰਬੀ ਮ: ੫)

ਜਿਉਂ-ਜਿਉਂ ਜੀਵ ਹਉਮੈ ਆਸਰਿਤ ਕਰਮ ਕਰਦਾ ਹੈ ਤਿਉਂ-ਤਿਉਂ ਹੀ ਸ਼ਖਸੀਅਤ ਦਾ ਖਿਆਲ ਹੋਰ ਪਕੇਰਾ ਹੁੰਦਾ ਜਾਂਦਾ ਹੈ। ਇਹ ਸ਼ਖਸੀਅਤ ਦਾ ਖਿਆਲ ਆਪਣਾ ਪ੍ਰਗਟਾ ਮਮਤਾ ਦੇ ਰੂਪ ਵਿਚ ਕਰਨ ਲਗ ਪੈਂਦਾ ਹੈ। ਮਮਤਾ ਦੇ ਸੰਖੇਪ ਜਿਹੇ ਅਰਥ ਹਨ, ਮੈਨੂੰ ਮੇਰੀ ਦਾ ਰੂਪ ਦੇਣਾ ਭਾਵ ਹਰ ਆਪਣੇ ਤੋਂ ਛੁਟ ਹੋਰ ਚੀਜ਼ ਨੂੰ ਅਪਨਾਉਣ ਦਾ ਯਤਨ ਕਰਨਾ ਤੇ ਮੇਰੀ ਹੈ ਵਿਚ ਤਬਦੀਲ ਕਰਨਾ। ਇਹੋ ਕਬਜ਼ੇ ਦਾ ਖਿਆਲ ਜਾਂ ਮਮਤਾ ਜੀਵ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਪਰਵਿਰਤ ਕਰ ਦੇਂਦਾ ਹੈ ਤੇ ਆਹਿਸਤਾ-ਆਹਿਸਤਾ ਇਹ ਔਗਣ ਅਜਿਹੇ ਬੰਧਨ ਹੋ ਨਿਬੜਦੇ ਹਨ ਕਿ ਇਨ੍ਹਾਂ ਤੋਂ ਛੁਟਕਾਰਾ ਪਾਣਾ ਅਸੰਭਵ ਹੋ ਜਾਂਦਾ ਹੈ ਤੇ ਜੀਵ ਇਨ੍ਹਾਂ ਦੇ ਪੂਰਨ ਅਧੀਨ ਹੋ ਕਠਪੁਤਲੀ ਬਣ ਕਰਮ ਕਰਦਾ ਹੈ। ਇਹੀ ਕਰਮ ਇਸ ਦੇ ਦੁਖ ਦਾ ਕਾਰਨ ਹਨ। ਸਤਿਗੁਰੂ

ਉਪਰੋਕਤ ਖਿਆਲਾਂ ਨੂੰ ਇਸ ਪ੍ਰਕਾਰ ਦ੍ਰਿੜਾਉਂਦੇ ਹਨ :

ਮਤਿ ਪੰਖੇਰੂ ਕਿਰਤੁ ਸਾਥਿ ਕਬੁ ਉਤਮ ਕਬੁ ਨੀਚ ॥
ਕਬਿ ਚੰਦਨੁ ਕਬਿ ਅਕਿ ਡਾਲਿ ਕਬ ਊਚੀ ਪਰੀਤਿ ॥
ਨਾਨਕ ਹੁਕਮ ਚਲਾਈਐ ਸਾਹਿਬ ਲਗੀ ਰੀਤਿ ॥ ੨ ॥ ੨੧ ॥

(ਸਲੋਕ ਮ: ੧ ਵਾਰ ਮਾਝ)

ਜੇਹੇ ਕਰਮ ਕਮਾਇ ਤੇਹਾ ਹੋਇਸੀ ॥ ੧ ॥ ੪ ॥ ੬ ॥

(ਸੂਹੀ ਮ: ੧ ਘਰ ੩)

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਰਾਏ ॥
ਜਮਣੁ ਮਰਣੁ ਸਿਰ ਉਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥
ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ । ੩॥
ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪।

(ਸੋਰਠ ਮ: ੩)

ਉਪਰੋਕਤ ਵਿਚਾਰ ਤੋਂ ਅਸੀਂ ਹੇਠ ਲਿਖੇ ਸਿਟੇ ਕਢੇ ਹਨ ।

(ੳ) ਮਾਇਆ ਤ੍ਰੈ ਗੁਣੀ ਹੈ ਤੇ ਹੰਕਾਰੀ ਉਪਜ ਹੈ ।

(ਅ) ਮਾਇਆ ਦੇ ਪ੍ਰਭਾਵ ਹੇਠਾਂ ਜੀਵ ਹਉਮੈ ਆਸ੍ਰਿਤ ਕਰਮ ਕਰਦਾ ਹੈ, ਜੋ ਸ਼ਖਸੀਅਤ ਦਾ ਖਿਆਲ ਪਕੇਰਾ ਕਰਦੇ ਹਨ ਤੇ ਮਮਤਾ ਦੇ ਰੂਪ ਵਿਚ ਪ੍ਰਗਟ ਹੋ ਕੇ ਜੀਵ ਲਈ ਕਰੜੇ ਬੰਧਨ ਬਣ ਜਾਂਦੇ ਹਨ ਤੇ ਦੁਖ ਦਾ ਮੂਲ ਹਨ ।

(ੲ) ਮਾਇਆ ਤ੍ਰੈ-ਗੁਣੀ ਹੈ ਇਸ ਲਈ ਇਸ ਦੇ ਅਸਰ ਹੇਠਾਂ ਕੀਤੇ ਗਏ ਕਰਮ ਵੀ ਤਿੰਨ ਪ੍ਰਕਾਰ ਦੇ ਹਨ ।

(੧) ਸਾਤਵਿਕ ।
(੨) ਰੱਜਸ ਜਾਂ ਰਜੋ ਗੁਣੀ।
(੩) ਤਾਮਸ ਅਰਥਾਤ ਤਮੋਗੁਣੀ।

ਸਾਤਵਿਕ ਕਰਮ

ਸਾਤਵਿਕ ਕਰਮ ਓਹ ਹਨ ਜੋ ਕਿਸੇ ਮਰਯਾਦਾ ਦੇ ਅਨੁਕੂਲ ਹੋਣ ।

ਰਜੋ ਗੁਣੀ

ਰਜੋ ਗੁਣੀ ਕਰਮ ਮਰਯਾਦਾ ਤੇ ਬੇ-ਮਰਯਾਦਾ ਦੋਹਾਂ ਦਾ ਮਿਸਰਤ

ਪ੍ਰਣਾਮ ਹਨ ।

ਤਮੋ ਗੁਣੀ

ਤਮੋ ਗੁਣੀ ਕਰਮ ਉਹ ਕਰਮ ਹਨ। ਜੋ ਉਕੇ ਹੀ ਮਰਯਾਦਾ ਦੇ ਪ੍ਰਤੀਕੂਲ ਹੋਣ, ਜੀਵ ਇਸ ਤ੍ਰੈ-ਗੁਣੀ ਮਾਇਆ ਦੇ ਸ਼ਕੰਜੇ ਵਿਚ ਇਸ ਕਦਰ ਜਕੜਿਆ ਹੋਇਆ ਹੈ ਕਿ ਬਿਨਾਂ ਸਤਿਗੁਰੂ ਦੀ ਕ੍ਰਿਪਾ-ਦ੍ਰਿਸ਼ਟੀ ਦੇ ਇਸ ਦਾ ਛੁਟਕਾਰਾ ਅਸੰਭਵ ਹੈ। ਇਸ ਲਈ ਇਕ ਕਠਪੁਤਲੀ ਵਾਂਗ ਇਸ ਦਾ ਨਚਾਇਆ ਨਚਦਾ ਤ੍ਰੈ-ਗੁਣੀ ਕਰਮਾਂ ਦੇ ਬੰਧਨ ਵਿਚ ਦਿਨੋ-ਦਿਨ ਜਕੜਿਆ ਜਾ ਰਿਹਾ ਹੈ।

(ਸ) ਇਹ ਤ੍ਰੈ-ਗੁਣੀ ਕਰਮ ਕਰਾਣ ਲਈ ਮਾਇਆ ਨਮਿਤ ਕਾਰਣ (Instrumental cause) ਹੈ। ਤੇ ਉਪਾਦਾਨ ਕਾਰਨ ਜਾਂ ਅਸਬਾਬੀ ਕਾਰਣ (Material cause) ਜੀਵ ਦੇ ਓਹ ਸੰਚਿਤ ਕਰਮ ਹਨ ਜੋ ਉਸ ਨੇ ਪੂਰਬਲੇ ਜਨਮਾਂ ਵਿਚ ਤ੍ਰੈ-ਗੁਣੀ ਮਾਇਆ ਦੇ ਅਸਰ ਹੇਠਾਂ ਕਮਾਏ ਸਨ । ਮੂਲ ਕਾਰਨ (Efficient cause) ਨਿਰੰਕਾਰ ਦਾ ਆਪਣਾ ਭਾਣਾ ਜਾਂ ਹੁਕਮ ਹੈ, ਜਿਸ ਨੇ ਇਸ ਤ੍ਰੈ-ਗੁਣੀ ਮਾਇਆ ਨੂੰ ਉਪਜਾਇਆ ਤੇ ਇਸ ਅਨੁਸਾਰ ਜਗਤ ਨੂੰ ਧੰਧੇ ਲਾਇਆ ਹੈ।

ਸਤਿਗੁਰਾਂ ਨੇ ਉਪਰੋਕਤ ਖਿਆਲ ਨੂੰ ਇਸ ਤਰ੍ਹਾਂ ਵੀ ਦਰਸਾਇਆ ਹੈ। ਕਾਇਆ ਕਾਗ਼ਦ ਉਤੇ ਲਿਖੇ ਕਰਮ ਮਨ-ਰੂਪੀ ਪ੍ਰਵਾਨਾ ਤਿਆਰ ਕਰਦੇ ਹਨ। ਰੱਬੀ ਹੁਕਮ ਨਾਲ ਪ੍ਰਵਾਨੇ ਦੇ ਲੇਖ ਕਰਮਾਂ ਅਨੁਸਾਰ ਲਿਖੇ ਜਾਂਦੇ ਹਨ :

> ਕਾਇਆ ਕਾਮਦ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੇ ਇਆਣਾ ॥
> ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨਾ ਆਵੈ ਵੇਖ ॥੧॥
> ਨਾਨਕ ਜੇ ਵਿਚ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੫॥੭॥
> (ਧਨਾਸਰੀ ਮ: ੧)

ਉਪਰ ਲਿਖੀ ਵਿਚਾਰ ਨੂੰ ਵਿਗਿਆਨਕ ਬੋਲੀ ਵਿਚ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ।

(ੳ) ਨਿਰੰਕਾਰੀ ਹੁਕਮ ਅਨੁਸਾਰ ਸ਼ਖਸੀਅਤ ਦਾ ਇਕ ਕੇਂਦਰ ਉਪਜਦਾ ਹੈ ਤੇ ਇਹ ਸ਼ਖਸੀਅਤ ਦਾ ਖਿਆਲ ਹੀ ਜੀਵ ਪਾਸੋਂ ਉਸ ਦੇ ਆਪਣੇ ਹਾਲਾਤ ਮੂਜਬ ਹੀ ਕਿਰਿਆ (Acturty) ਅਰੰਭ ਕਰਵਾਂਦਾ ਹੈ।

(ਅ) ਉਹ ਕਿਰਿਆ ਉਸ ਦਾ ਤਜਰਬਾ ਬਣਾਂਦੀ ਹੈ, ਜਿਸ ਦੁਆਰਾ ਉਸ ਦਾ

ਸੁਭਾਵ ਉਸਰਦਾ ਜਾਂਦਾ ਹੈ ਤੇ ਫਿਰ ਇਸ ਦੇ ਮਗਰੋਂ ਉਹ ਜੋ ਵੀ ਕਰਮ ਕਰਦਾ ਹੈ, ਪਿਛਲੇ ਕਰਮਾਂ ਅਨੁਸਾਰ ਉਸਰੇ ਸੰਚਿਤ ਸੁਭਾਓ, ਜਿਸ ਨੂੰ ਗੁਰਬਾਣੀ ਦੀ ਬੋਲੀ ਵਿਚ ਕਿਰਤ ਕਰ ਕੇ ਆਖਿਆ ਜਾਂਦਾ ਹੈ, ਦੇ ਆਸਰੇ ਹੀ ਕਰਦਾ ਹੈ।

(ੲ) ਸ਼ਖਸੀਅਤ ਦੇ ਖਿਆਲ ਦੀ ਦ੍ਰਿੜ੍ਹਤਾ ਦਵੈਤ ਭਾਵ ਉਪਜਾਂਦੀ ਹੈ ਤੇ ਇਹ ਦਵੈਤ ਭਾਵ ਆਪਣੀ ਹੋਂਦ ਦੀ ਥਿਰਤਾ ਲਈ ਪ੍ਰਯਤਨ (Struggle for existance) ਅਰੰਭ ਦੇਂਦੀ ਹੈ।

(ਸ) ਦਵੈਤ ਭਾਵ ਦੇ ਆਸਰੇ ਆਪਣੀ ਹੋਂਦ ਦੀ ਥਿਰਤਾ ਲਈ ਕੀਤੇ ਗਏ ਪ੍ਰਯਤਨ ਮਮਤਾ ਨੂੰ ਜਨਮ ਦੇਂਦੇ ਹਨ। ਜਿਸ ਕਰ ਕੇ ਆਪਣੇ ਪਰਾਏ ਦਾ ਖਿਆਲ ਜੀਵ ਦਾ ਸੁਤੰਤਰ ਜੀਵਨ ਖਤਮ ਕਰ ਕੇ ਜੰਜਾਲਾਂ ਵਿਚ ਫਸ ਜਾਂਦਾ ਹੈ ਤੇ ਇਹੋ ਜੰਜਾਲ ਇਸ ਦੇ ਦੁਖ ਦਾ ਕਾਰਨ ਬਣ ਜਾਂਦੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਜਿਸ ਦੁਖ ਦੀ ਜੜ੍ਹ ਇਹ ਕਿਸੇ ਹੋਰ ਨੂੰ ਸਮਝੀ ਬੈਠਾ ਹੈ, ਵਾਸਤਵ ਵਿਚ ਇਸ ਦੇ ਆਪਣੇ ਕੀਤੇ ਦਾ ਹੀ ਫਲ ਹੈ।

ਦਦੈ ਦੋਸ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ ੨॥
(ਆਸਾ ਮ: ੧ ਪਟੀ)

ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨ ਸੋਈ ਭੋਗ ॥
ਆਪਨ ਕਰਮ ਆਪੇ ਹੀ ਬੰਧ ॥ ਆਵਨੁ ਜਾਵਨੁ ਮਾਇਆ ਧੰਧ ॥ ੧ ॥ ੮ ॥ ੧੯ ॥
(ਰਾਮਕਲੀ ਮ: ੫)

ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥
ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੁਹਾਰੀ ॥ ੩ ॥ ੧ ॥ ੧੭ ॥
(ਮਾਰੂ ਮ: ੧)

ਬੀਜ ਬਵੰਸ ਭੋਗ ਭੋਗਹਿ ਕੀਆ ਅਪਣਾ ਪਾਵਏ ॥ ੩ ॥
(ਜੈਤਸਰੀ ਮ: ੫ ਛੰਤ)

ਲਬੁ ਅੰਧੇਰਾ ਬੰਦੀ ਖਾਨਾ ਅਉਗੁਣ ਪੈਰਿ ਲੋਹਾਰੀ ॥ ੩ ॥ ੧ ॥ ੮ ॥
(ਬਸੰਤ ਮ: ੧ ਅਸ਼ਟਪਦੀਆਂ)

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥ ੧ ॥ ੧ ॥
(ਜੈਤਸਰੀ ਮ: ੯)

ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ ॥ ੪ ॥ ੧ ॥
(ਸੋਰਠ ਮ: ੧)

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥
(ਸ੍ਰੀ ਰਾਗ ਮ: ੫ [ਪਹਰੇ])

ਮਨੋ-ਵਿਗਿਯਾਨ ਤੇ ਕਰਮ

ਨਵੀਨ ਮਾਨਸਕ ਖੋਜ ਦੇ ਅਧਾਰ ਤੇ ਮਨੋ-ਵਿਗਿਆਨੀਆਂ ਨੇ ਹੇਠ ਲਿਖੇ ਨਿਰਣਯ ਕੀਤੇ ਹਨ :

(੧) ਅੰਤਹਕਰਨ ਦੇ ਦੋ ਵਡੇ ਭਾਗ ਹਨ :
(ੳ) ਸੁਚੇਤ (Concious)
(ਅ) ਅਚੇਤ (Unconcious)

(੨) ਜਾਗ੍ਰਤ ਅਵਸਥਾ ਵਿਚ ਚੇਤਨਤਾ ਦੀ ਰੌਂ ਚਲਦੀ ਰਹਿੰਦੀ ਹੈ ਤੇ ਮਨ ਵਿਚ ਗਿਆਨ ਇੰਦ੍ਰੀਆਂ ਰਾਹੀਂ ਬਾਹਰਲੇ ਵਿਸ਼ਿਆਂ ਦੇ ਸੰਸਕਾਰ ਪੈਂਦੇ ਰਹਿੰਦੇ ਹਨ, ਤੇ ਇਸਤਰ੍ਹਾਂ ਚਲਦੀਆਂ ਫਿਰਦੀਆਂ ਤਸਵੀਰਾਂ ਦਾ ਤਮਾਸ਼ਾ ਲਗਾ ਰਹਿੰਦਾ ਹੈ । ਜਿਸ ਗਿਆਨ ਇੰਦਰੇ ਨਾਲ ਮਨ ਜੁੜਕੇ ਕੋਈ ਚੀਜ਼ ਧਿਆਨਦਾ ਹੈ, ਉਹ ਉਸ ਬੀਤ ਚੁਕੀ ਕਿਰਿਆ ਦਾ ਚੇਤਾ ਸਾਡੀ ਸਿਮਰਤੀ ਵਿਚ ਦਾਖਲ ਹੋ ਜਾਂਦਾ ਹੈ । ਭਾਵੇਂ ਇਹ ਚੇਤਾ ਹਰ ਸਮੇਂ ਚੇਤੰਨਤਾ ਦੀ ਲਹਿਰ ਵਿਚ ਹਾਜ਼ਰ ਨਹੀਂ ਰਹਿੰਦਾ, ਫੇਰ ਵੀ ਯਤਨ ਕਰਨ ਤੇ ਇਸ ਵਿਚ ਆ ਮੌਜੁਦ ਹੁੰਦਾ ਹੈ ।

(੩) ਅਚੇਤ ਭਾਗ ਸੁਚੇਤ ਭਾਗ ਤੋਂ ਹੇਠਾਂ ਹੈ । ਸੁਚੇਤ ਭਾਗ ਵਿਚ ਕੁਝ ਕੁ ਅਜਿਹੇ ਸੰਕਲਪ ਪੈਦਾ ਹੁੰਦੇ ਰਹਿੰਦੇ ਹਨ, ਜਿਨ੍ਹਾਂ ਨੂੰ ਧਰਮ, ਸ਼ਮਾਜ ਜਾਂ ਭਾਈਚਾਰੇ ਵਿਰੁਧ ਸਮਝ ਕੇ ਅਸ਼ੀਂ ਦਬਾ ਦੇਂਦੇ ਹਾਂ, ਪਰ ਫੇਰ ਵੀ ਉਹ ਸਾਡੇ ਅੰਤਹਕਰਨ ਵਿਚੋਂ ਨਿਕਲਦੇ ਨਹੀਂ, ਮਗੋਂ ਅਚੇਤ ਭਾਗ ਵਿਚ ਉਤਰ ਜਾਂਦੇ ਹਨ ਤੇ ਉਥੇ ਹੀ ਜਮ੍ਹਾਂ ਹੋ ਜਾਂਦੇ ਹਨ ਤੇ ਕਦੇ ਕਦੇ ਸਮਾਂ ਪਾ ਕੇ ਨਵੇਂ ਨਵੇਂ ਰੂਪ ਧਾਰ ਸੁਪਨਿਆਂ ਵਿਚ ਆ ਟਪਕਦੇ ਹਨ । ਇਹੋ ਕਾਰਨ ਹੈ ਕਿ ਕਈ ਵਾਰ ਸੁਪਨਿਆਂ ਵਿਚ ਅਸੀਂ ਦਿਲ-ਕੰਬਾਊ ਕਰਮ ਵੀ ਕਰ ਲੈਂਦੇ ਹਾਂ ।

(੪) ਅਚੇਤ ਭਾਗ ਦੀ ਸਭ ਤੋਂ ਹੇਠਲੀ ਡੂੰਘ ਵਿਚ ਮਨੁਖੀ ਸੁਭਾਵ ਦਾ ਵਾਸਾ ਹੈ । ਇਹ ਸੁਭਾਵ ਮਨੁਖ ਨੂੰ ਜੰਮਣ ਸਮੇਂ ਵਿਰਸੇ ਵਿਚ ਹੀ ਮਿਲਦਾ ਹੈ ।

(੫) ਗਿਆਨ ਇੰਦਰਿਆਂ ਰਾਹੀਂ ਬਾਹਰਲੇ ਵਿਸ਼ੇ ਸਾਡੇ ਅੰਤਹਕਰਣ ਦੇ ਸੁਚੇਤ ਭਾਗ ਵਿਚ ਪ੍ਰਵੇਸ਼ ਕਰਦੇ ਹਨ, ਤਾਂ ਉਨ੍ਹਾਂ ਦੇ ਗ੍ਰਹਿਨ ਜਾਂ ਤਿਆਗ ਕਰਨ

ਦਾ ਹੁਕਮ ਇਸ ਸੁਭਾਵ ਵਾਲੇ ਭਾਗ ਵਿਚੋਂ ਹੀ ਮਿਲਦਾ ਹੈ ਤੇ ਉਸ ਦੇ ਗ੍ਰਹਿਣ ਤਿਆਗ ਲਈ ਲੋੜੀਂਦਾ ਤ੍ਰਾਣ ਵੀ ਇਹੋ ਭਾਗ ਮੁਹੱਈਆ ਕਰਦਾ ਹੈ।

ਤਜਰਬਾ ਦਸਦਾ ਹੈ ਜੋ ਮਨੁਖ ਆਮ ਤੌਰ ਤੇ ਬੁਧੀ ਅਨੁਸਾਰ ਕਰਮ ਨਹੀਂ ਕਰਦਾ। ਉਸ ਪਾਸੋਂ ਸੁਭਾਵ ਸੁਤੇ ਹੀ ਕਰਮ ਕਰਵਾ ਲੈਂਦਾ ਹੈ। ਇਹੋ ਕਾਰਨ ਹੈ ਕਿ ਚੰਗੇ ਚੰਗੇ ਵਿਦਵਾਨ, ਬੁਧੀਮਾਨ ਤੇ ਗਿਆਨੀ ਪੁਰਸ਼ ਵੀ ਹਾਸੋਹੀਣੇ ਕਰਮ ਕਰ ਗੁਜ਼ਰਦੇ ਹਨ। ਹਰ ਸਜਣ ਜਾਣਦਾ ਹੈ ਕਿ ਝੂਠ ਬੋਲਣਾ ਚੰਗਾ ਨਹੀਂ, ਪਰ ਨਿਗੁਣੀਆਂ ਗਲਾਂ ਤੇ ਝੂਠ ਬੋਲਿਆ ਜਾਂਦਾ ਹੈ, ਜਿਸ ਤੋਂ ਕਿਸੇ ਕਿਸਮ ਦਾ ਲਾਭ ਵੀ ਨਹੀਂ ਹੁੰਦਾ। ਹੇਠ ਲਿਖੀਆਂ ਕੁਝ ਕੁ ਮਿਸਾਲਾਂ ਇਸ ਗਲ ਨੂੰ ਸਿਧ ਕਰਨ ਵਿਚ ਸਹਾਇਕ ਹੋ ਸਕਣਗੀਆਂ :

(ੳ) ਇਕ ਸਜਣ ਮੰਜੇ ਤੇ ਪਿਆ ਕਹਾਣੀ ਸੁਣਾ ਰਿਹਾ ਹੈ ਤੇ ਦੂਜਾ ਮੰਜੇ ਤੇ ਲੇਟਿਆ ਹੀ ਸੁਣ ਰਿਹਾ ਹੈ। ਸਰੋਤੇ ਨੂੰ ਨੀਂਦ ਦਬਾ ਲੈਂਦੀ ਹੈ। ਹੁੰਗਾਰਾ ਬੰਦ ਹੋ ਜਾਂਦਾ ਹੈ। ਕਹਾਣੀ ਕਰਤਾ ਪੁਛਦਾ ਹੈ, "ਮਿਤ੍ਰ ਜੀ! ਸੌਂ ਗਏ ਹੋ?" ਅਧ-ਸੁਤਾ ਸਰੋਤਾ ਅਬੜਵਾਹੇ ਜਾਗ ਪੈਂਦਾ ਹੈ ਤੇ ਉਤਰ ਦੇਂਦਾ ਹੈ, "ਨਹੀਂ ਜੀ, ਮੈਂ ਤਾਂ ਜਾਗਦਾ ਹਾਂ, ਕਹਾਣੀ ਸੁਣ ਰਿਹਾ ਹਾਂ, ਤੁਸੀਂ ਕਹਾਣੀ ਕਰੀ ਚਲੋ।" ਥੋੜੀ ਦੇਰ ਮਗਰੋਂ ਸਰੋਤੇ ਦੇ ਘੁਰਾੜਿਆਂ ਦੀ ਅਵਾਜ਼ ਆਉਣ ਲਗ ਪੈਂਦੀ ਹੈ, ਪਰ ਦੋਬਾਰਾ ਪੁਛਣ ਤੇ ਵੀ ਉਤਰ ਉਹੋ ਪਹਿਲੇ ਵਾਲਾ ਹੀ ਹੈ? ਹੁਣ ਤੀਜੀ ਵਾਰ ਤਾਂ ਉਹ ਘੂਕ ਸੁਤਾ ਪਿਆ ਹੈ। ਮਸਾਂ ਝੂਣ ਕੇ ਜਗਾਇਆ ਹੈ, ਪਰ ਫੇਰ ਵੀ ਪੁਛਣ ਤੇ ਪਹਿਲਾਂ ਤਾਂ ਸੁਭਾਵਕ ਹੀ ਕਹਿ ਦੇਂਦਾ ਹੈ, "ਜੀ ਜਾਗਦਾ ਹਾਂ।" ਪਰ ਫੇਰ ਸੋਚ ਆ ਜਾਂਦੀ ਹੈ ਕਿ ਹੁਣ ਤਾਂ ਫੜਿਆ ਹੀ ਗਿਆ ਹਾਂ, ਹੁਣ ਕਾਹਦਾ ਲੁਕਾ। ਆਖਰ ਹੌਲੀ ਜਿਹੀ ਆਖਦਾ ਹੈ, "ਜੀ, ਖਿਮਾਂ ਕਰਨੀ, ਐਵੇਂ ਥੋੜੀ ਜਹੀ ਨੀਂਦ ਆ ਹੀ ਗਈ ਸੀ।"

ਹੁਣ ਸੋਚਣ ਦੀ ਗਲ ਇਹ ਹੈ। ਸੌਂ ਤਾਂ ਉਹ ਗਿਆ ਹੀ ਸੀ ਤੇ ਝੂਠ ਬੋਲਣ ਵਿਚ ਹੁਣ ਉਸਨੂੰ ਲਾਭ ਵੀ ਕੁਝ ਨਹੀਂ ਸੀ, ਫੇਰ ਇਹ ਝੂਠ ਕੌਣ ਬੁਲਵਾਂਦਾ ਰਿਹਾ? ਬੁਧੀ ਜਾਂ ਸੁਭਾਵ? ਉਤਰ ਸਪਸ਼ਟ ਹੈ ਜੋ ਇਹ ਉਸਦਾ ਸੁਭਾਵ ਹੀ ਸੀ, ਜੋ ਉਸ ਪਾਸੋਂ ਝੂਠ ਬੁਲਾ ਰਿਹਾ ਸੀ। ਬੁਧੀ ਤਾਂ ਉਹ ਇਸ ਸੁਭਾਵਕ ਝੂਠ ਨੂੰ ਲੁਕਾਣ ਲਈ ਵਰਤ ਰਿਹਾ ਸੀ।

(ਅ) ਜੰਵੇਂ ਜਾਣ ਵਾਲੇ ਜੁਆਨ ਨੇ ਘਰ ਵਾਲੀ ਨੂੰ ਆਖਿਆ, "ਮੈਂ ਬਰਾਤੇ ਜਾਣਾ ਹੈ, ਮੇਰਾ ਜ਼ਰੂਰੀ ਜ਼ਰੂਰੀ ਸਾਮਾਨ ਰਖ ਕੇ ਸੂਟਕੇਸ ਤਿਆਰ ਕਰ ਦੇਣਾ।" ਘਰ ਵਾਲੀ ਨੇ ਸੂਟਕੇਸ ਤਿਆਰ ਕਰ ਦਿਤਾ। ਜਦ ਜਵਾਨ ਦਾ ਤੁਰਨ ਦਾ ਸਮਾਂ ਹੋਇਆ, ਤਾਂ ਉਸਦਾ ਘਰ ਵਾਲੀ ਨਾਲ ਕੁਝ ਇਸਤਰ੍ਹਾਂ ਦਾ ਵਾਰਤਾਲਾਪ ਹੋਇਆ :

ਜਵਾਨ:—"ਕਿਉਂ ਜੀ, ਮੇਰਾ ਸੂਟਕੇਸ ਤਿਆਰ ਕਰ ਦਿਤਾ ਜੇ ?"

ਘਰ ਵਾਲੀ :—"ਜੀ ਹਾਂ।'

ਜਵਾਨ :—"ਸਾਰੀਆਂ ਲੋੜੀਂਦੀਆਂ ਚੀਜ਼ਾਂ ਰਖ ਦਿਤੀਆਂ ਜੇ, ਮੈਨੂੰ ਕੋਈ ਥੁੜ ਤਾਂ ਮਹਿਸੂਸ ਨਹੀਂ ਹੋਣੀ ?"

ਘਰ ਵਾਲੀ :—"ਜੀ ਆਪਣੇ ਵਲੋਂ ਤਾਂ ਪੂਰੀਆਂ ਚੀਜ਼ਾਂ ਰਖ ਦਿਤੀਆਂ ਹਨ, ਫੇਰ ਵੀ ਇਕ ਨਜ਼ਰ ਮਾਰ ਲਵੋ। ਸ਼ਾਇਦ ਕੋਈ ਚੀਜ਼ ਬੇਖਿਆਲੀ ਨਾ ਗਈ ਹੋਵੇ।"

ਜਵਾਨ :—"ਹਛਾ ਇਹ ਦਸੋ, ਕੋਈ ਚੂਰਨ ਚਾਰਨ ਵੀ ਰਖਿਆ ਹੈ ਕਿ ਨਹੀਂ ?"

ਘਰ ਵਾਲੀ:—ਨਹੀਂ ਜੀ, ਉਹ ਤੇ ਨਹੀਂ ਰਖਿਆ। ਭਲਾ ਚੂਰਨ ਦੀ ਕੀ ਲੋੜ ਪੈਣੀ ਜੇ ?"

ਜਵਾਨ :—"ਵਾਹ ਵਾਹ! ਭਲੀਏ ਲੋਕੇ, ਬਰਾਤੇ ਜਾਣਾ ਏ, ਸੌ ਸੌ ਖਾਤਰਾਂ ਹੋਣਗੀਆਂ, ਕਈ ਨਿਆਮਤਾਂ ਖਾਣ ਨੂੰ ਮਿਲਣਗੀਆਂ। ਬਹੁਤੀਆਂ ਖਾ ਬੈਠਾਂਗੇ। ਚੂਰਨ ਨੇ ਤਾਂ ਹਜ਼ਮ ਕਰਨੀਆਂ ਹਨ, ਨਹੀਂ ਤਾਂ ਬੀਮਾਰ ਹੋ ਜਾਣ ਦਾ ਡਰ ਏ ਨਾ।"

ਘਰ ਵਾਲੀ–(ਹਸ ਕੇ) "ਜੇ ਬੀਮਾਰ ਹੋ ਜਾਣ ਦਾ ਡਰ ਹੈ, ਤਾਂ ਕੋਈ ਮਗਰ ਪਿਆ ਏ। ਨਾ ਖਾਣੀਆਂ। ਉਨੀਆਂ ਖਾਣੀਆਂ ਜਿਹੜੀਆਂ ਸੌਖੀ ਤਰ੍ਹਾਂ ਹਜ਼ਮ ਹੋ ਸਕਣ।"

ਜਵਾਨ :—ਕਰੀਦਾ ਤਾਂ ਇਸੇਤਰ੍ਹਾਂ ਹੈ, ਪਰ ਸਾਹਮਣੇ ਪਈਆਂ ਨਿਆਮਤਾਂ ਕੌਣ ਛਡੇ ? ਸਵਾਦ ਵਿਚ ਖਾਧੀਆਂ ਹੀ ਜਾਂਦੀਆਂ ਹਨ।"

ਕੋਈ ਸੋਚੇ ਕਿ ਇਹ ਵੀ ਪਤਾ ਹੈ, ਬਹੁਤਾ ਖਾਈਏ ਤਾਂ ਬੀਮਾਰ ਹੋ ਜਾਈਦਾ ਹੈ। ਫੇਰ ਬਹੁਤਾ ਖਾਈਏ ਹੀ ਕਿਉਂ ? ਖਾਧੀਆਂ ਕਿਉਂ ਜਾਣਗੀਆਂ ? ਕੌਣ ਖੁਵਾਏਗਾ ? ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦਾ ਇਕੋ ਉਤਰ ਹੈ, ਸੁਆਦਾਂ ਪਟਿਆ ਸੁਭਾਵ।

(ੲ) ਇਕ ਵਾਰ ਕਿਸੇ ਸਜਣ ਦਾ ਬਾਈਸਿਕਲ ਵਿਗੜ ਗਿਆ। ਉਸਨੂੰ ਕਾਹਲੀ ਵਿਚ ਕਿਸੇ ਦੋਸਤ ਪਾਸੋਂ ਸਾਈਕਲ ਉਧਾਰਾ ਮੰਗਣਾ ਪਿਆ। ਦੌਸਤ ਨੇ ਦੇਣ ਵਿਚ ਤਾਂ ਉਜਰ ਨਾ ਕੀਤਾ, ਪਰ ਦੇਣ ਲਗਿਆਂ ਹਿਦਾਇਤ ਕਰ ਦਿਤੀ ਕਿ ਉਸਦਾ ਬਾਈਸਿਕਲ ਸਟੈਂਡ ਤੋਂ ਬਿਨਾ ਹੈ, ਇਸ ਲਈ ਉਹ ਖੜਾ ਕਰਨ ਲਗਿਆਂ ਜ਼ਰਾ ਇਹਤਿਆਤ ਕਰੇ। ਉਸ ਸਜਣ ਦਾ ਆਪਣਾ ਸ਼ਾਈਕਲ ਸਟੈਂਡ ਵਾਲਾ ਸੀ ਤੇ ਉਸਨੂੰ ਖੜਾ ਕਰਨ ਵੇਲੇ ਪੈਰ ਦੇ ਝਟਕੇ ਨਾਲ ਸਟੈਂਡ ਦਬਾਣ ਦੀ ਵਾਦੀ ਪਈ ਹੋਈ ਸੀ। ਜਦ ਸਾਈਕਲ ਖੜਾ ਕਰਨ ਦਾ ਸਮਾਂ ਆਇਆ, ਤਾਂ ਸੁਭਾਵਕ ਹੀ ਉਸਦਾ ਪੈਰ ਸਟੈਂਡ ਵਾਲੀ ਥਾਂ ਤੇ ਜਾ ਪਿਆ। ਸਟੈਂਡ ਹੁੰਦਾ ਤਾਂ ਲਭਦਾ ਵੀ। ਦੋ ਤਿੰਨ ਵਾਰੀ ਪੈਰ ਥਿੜਕਣ ਤੋਂ ਬਾਹਦ ਉਹਨੂੰ ਧਿਆਨ ਆਇਆ ਕਿ ਉਹ ਤਾਂ ਫਜ਼ੂਲ ਹੀ ਪੈਰ ਮਾਰ ਰਿਹਾ ਹੈ, ਸਾਈਕਲ ਦਾ ਸਟੈਂਡ ਤਾਂ ਹੈ ਹੀ ਨਹੀਂ। ਹੁਣ ਦਸੋ, ਉਹ ਜਾਣਦਾ ਸੀ, ਕਿ ਸਾਈਕਲ ਬਿਨਾਂ ਸਟੈਂਡ ਹੈ। ਦੌਸਤ ਨੇ ਦੇਣ ਲਗਿਆਂ ਵੀ ਉਸ ਨੂੰ ਹਦਾਇਤ ਕਰ ਦਿਤੀ ਸੀ। ਫੇਰ ਸਟੈਂਡ ਵਰਤਣ ਲਈ ਲਤਾਂ ਕਿਸ ਨੇ ਮਰਵਾਈਆਂ ? ਸਪਸ਼ਟ ਹੈ ਕਿ ਸੁਭਾਵ ਨੇ।

(ਸ) ਕਹਿੰਦੇ ਨੇ, ਇਕ ਮਰਾਸੀ ਮੁੰਡਾ ਆਪਣੀ ਭੈਣ ਦੇ ਘਰ ਗਿਆ। ਉਸ ਦੀ ਭੈਣ ਕਿਸੇ ਚੰਗੇ ਅਮੀਰ ਦੀ ਸਵਾਣੀ ਸੀ, ਭਰਾ ਨੂੰ ਵੇਖ ਕੇ ਖੁਸ਼ ਤਾਂ ਹੋਈ, ਪਰ ਨਾਲ ਹੀ ਡਰ ਵੀ ਗਈ ਕਿ ਇਸਨੂੰ ਗਿਧਾ ਪਾਉਣ ਦੀ ਵਾਦੀ ਹੈ ਤੇ ਉਸ ਦੇ ਪਿੰਡ ਵਿਚ ਰੋਜ਼ ਰਾਤ ਨੂੰ ਗਿਧਾ ਪੈਂਦਾ ਹੈ। ਇਸ ਪਾਸੋਂ ਰਿਹਾ ਨਹੀਂ ਜਾਣਾ ਤੇ ਜੇਕਰ ਇਹ ਨਚ ਪਿਆ, ਤਾਂ ਸਾਡੀ ਜ਼ਾਤ ਪਛਾਣੀ ਜਾਣੀ ਹੈ ਤੇ ਇਸ ਦਾ ਫਲ ਮੇਰੇ ਲਈ ਚੰਗਾ ਨਹੀਂ ਹੋਣਾ। ਪਰ ਘਰ ਆਏ ਭਰਾ ਨੂੰ ਉਹ ਘਰੋਂ ਜਾਣ ਲਈ ਕਿਵੇਂ ਕਹੇ ? ਆਖਰ ਉਸਨੇ ਪਜ ਪਾ ਕੇ ਕਿਹਾ, "ਵੀਰ, ਤੇਰੇ ਆਉਣ ਦੀ ਮੈਨੂੰ ਬੜੀ ਖੁਸ਼ੀ ਹੋਈ ਏ, ਪਰ ਚੰਗੇ ਵੀਰ, ਇਥੇ ਮੇਰੀ ਜਾਤ ਨੂੰ ਕੋਈ ਨਹੀਂ ਜਾਣਦਾ। ਮੇਰੀ ਇਜ਼ਤ ਬਣੀ ਹੋਈ ਏ। ਇਥੇ ਰਾਤ ਨੂੰ ਗਿੱਧਾ ਪੈਂਦਾ ਹੈ। ਤੈਨੂੰ ਨਚਣ ਦਾ ਸੁਭਾ ਪਿਆ ਹੈ ਵੇਖੀਂ ਕਿਧਰੇ ਨੱਚ ਨ ਪਈਂ, ਨਹੀਂ ਤਾਂ ਮੇਰੀ ਬਣੀ ਬਣਾਈ ਇਜ਼ਤ ਮਿਟੀ ਵਿਚ ਮਿਲ ਜਾਵੇਗੀ। ਮੈਂ ਤੈਨੂੰ ਪਹਿਲੇ ਦਸ ਦਿਤਾ ਹੈ ਕਿਉਂਕਿ ਮੈਨੂੰ ਪਤਾ ਹੈ ਤੇਰੀ ਆਦਤ ਦਾ, ਢੋਲ ਤੇ ਡੱਗਾ ਲਗਾ ਨਹੀਂ ਤੇ ਤੂੰ ਨਚਿਆ ਨਹੀਂ। ਭਰਾ ਨੇ ਉਤਰ ਦਿਤਾ ਭੈਣ ਤੂੰ ਰਤਾ ਤੌਖਲਾ ਨਾ ਕਰ ਓਹ ਸ਼ਿਆਣਾ ਹੈ ਸਭ

ਕੁਝ ਸਮਝਦਾ ਹੈ। ਚਿਰ ਨਹੀਂ ਸੌ ਢੋਲ ਖੜਕਨ ਉਸਨੇ ਕਦਮ ਨਹੀਂ ਚੁਕਣਾ।

ਭੈਣ ਸਿਆਣੀ ਸੀ, ਜਦ ਗਿਧੇ ਦਾ ਸਮਾਂ ਨੇੜੇ ਢੁਕਿਆ ਉਸਨੇ ਭੋਜਨ ਪਰੋਸ ਕੇ ਭਰਾ ਦੇ ਅਗੇ ਰਖ ਦਿਤਾ, ਤਾਂ ਜੋ ਧਿਆਨ ਖਾਣ ਵਲ ਲਗਣ ਕਰਕੇ ਉਸਨੂੰ ਸੋਚਣ ਦਾ ਮੌਕਾ ਮਿਲ ਜਾਵੇਗਾ ਤੇ ਓਹ ਆਦਤ ਤੇ ਕਾਬੂ ਪਾ ਲਵੇਗਾ। ਅਜੇ ਮਸਾਂ ਭਰਾ ਨੇ ਪਹਿਲੀ ਬੁਰਕੀ ਹੀ ਤੋੜੀ ਹੋਣੀ ਏ ਕਿ ਢੋਲ ਤੇ ਸੁਭਾ ਨੇ ਸਾਰੀਆਂ ਅਕਲਾਂ ਤੇ ਪੜਦਾ ਪਾ ਦਿਤਾ। ਓਹ ਬੈਠਾ ਬੈਠਾ ਹੀ ਨੱਚ ਪਿਆ। ਇਹ ਨਚਾਉਣ ਵਾਲਾ ਕੌਣ ਸੀ? ਨਿਰਸੰਦੇਹ ਸੁਭਾਵ।

ਸੁਭਾਵ ਕਰਮ ਕਰਵਾਣ ਵਿਚ ਕਈ ਵਾਰ ਇਤਨਾ ਬਲਵਾਨ ਹੁੰਦਾ ਹੈ ਕਿ ਮੌਤ ਸਾਹਮਣੇ ਪ੍ਰਤੱਖ ਦਿਸਦੀ ਹੋਵੇ ਤਦ ਵੀ ਅਰੋਕ ਸੁਭਾਵ ਕਰਮ ਕਰਵਾਣੋਂ ਨਹੀਂ ਟਲਦਾ।

(ਹ) ਡਾਕਟਰ ਨੇ ਰੋਗੀ ਨੂੰ ਆਖਿਆ ਬੀਬਾ ਤੈਨੂੰ ਪਕੌੜੇ ਖਾਣ ਦਾ ਝੱਸ਼ ਹੈ। ਤੇਰੀ ਪੁਰਾਣੀ ਪੇਚਸ਼ ਵਿਗੜ ਕੇ ਅੰਤੜੀਆਂ ਦਾ ਦਿਕ ਬਣ ਗਈ ਸੀ। ਤੇਰਾ ਇਲਾਜ ਠੀਕ ਤਰਾਂ ਨਾਲ ਕੀਤਾ ਹੈ ਹੁਣ ਬਹੁਤ ਹਦ ਤਕ ਰੋਗ ਤੈਨੂੰ ਛਡ ਰਿਹਾ ਹੈ, ਪਰ ਪਕੌੜੇ ਖਾਣ ਤੇ ਫੇਰ ਹਾਲਤ ਵਿਗੜ ਸਕਦੀ ਹੈ। ਸੋ ਦਵਾਈ ਖਾਈ ਚਲ ਜਦ ਤਕ ਪੂਰਾ ਅਰੋਗ ਨਹੀਂ ਹੋ ਜਾਂਦਾ। ਚੇਤੇ ਰਖੀਂ ਜਦ ਵੀ ਤੂੰ ਪਕੌੜੇ ਖਾਧੇ ਤੇਰੀ ਉਸੇ ਦਿਨ ਮੌਤ ਹੋ ਜਾਵੇਗੀ। ਬੀਮਾਰ ਨੇ ਸੁਣਿਆ ਤੇ ਵਚਨ ਵੀ ਦੇ ਦਿਤਾ ਕਿ ਓਹ ਭੁਲਕੇ ਵੀ ਪਕੌੜਿਆਂ ਦੇ ਨੇੜੇ ਨਹੀਂ ਜਾਏਗਾ।

ਇਕ ਦਿਨ ਘਰ ਵਿਚ ਪੰਜਾਂ ਸਤਾਂ ਸਾਲਾਂ ਦੀ ਇਕ ਬਾਲੜੀ ਤੋਂ ਛੁਟ ਹੋਰ ਕੋਈ ਨਹੀਂ ਸੀ। ਘਰ ਦੇ ਲਾਗਲੇ ਹਲਵਾਈ ਨੇ ਪਕੌੜਿਆਂ ਦੀ ਕੜ੍ਹਾਈ ਭੱਠੀ ਤੇ ਧਰੀ। ਪੁਸਰ ਰਹੀ ਤੇਲ ਸੜਨ ਦੀ ਬੋ ਨੇ ਰੋਗੀ ਦੇ ਸੁਭਾ ਨੂੰ ਟੁੰਬਿਆ। ਸੁਭਾ ਕੁਦ ਪਿਆ। ਬੁਧੀ ਨੇ ਥੋੜਾ ਜਿਹਾ ਰੋੜਾ ਅਟਕਾਇਆ, ਪਰ ਸੁਭਾਵ ਨੇ ਆਖਿਆ ਕੀ ਹੋ ਚਲਿਆ ਹੈ, ਡਾਕਟਰ ਤਾਂ ਏਦਾ ਕਹਿੰਦੇ ਹੀ ਹੁੰਦੇ ਹਨ। ਇਕ ਦਿਨ ਦੇ ਪਕੌੜੇ ਖਾ ਲੈਣ ਨਾਲ ਕੁਝ ਨਹੀਂ ਵਿਗੜਨਾ। ਅਜ ਤਾਂ ਮੌਕਾ ਵੀ ਸਬਬੀ ਚੰਗਾ ਏ। ਘਰ ਵਿਚ ਰੋਕ ਰੁਕਾਵਟ ਕਰਨ ਵਾਲਾ ਵੀ ਕੋਈ ਨਹੀਂ। ਫੇਰ ਪਤਾ ਵੀ ਕਿਸਨੂੰ ਲਗਣਾ ਏ।

ਉਸ ਨੇ ਬਾਲਕੀ ਨੂੰ ਫਿਰ ਚੁਆਨੀ ਦਿਤੀ ਤੇ ਪਕੌੜੇ ਮੰਗਵਾ ਕੇ ਖਾ ਲਏ। ਉਸੇ ਰਾਤ ਉਸ ਨੂੰ ਅਸਹਿ ਢਿਡ ਪੀੜ ਹੋਈ ਜੋ ਉਸਦਾ ਪ੍ਰਾਣ ਅੰਤ ਕਰ ਗਈ। ਅਸ਼ਕੇ ਸੁਭਾ ਦੇ ਜਿਸਨੇ ਮੌਤ ਦਾ ਖੌਫ਼ ਵੀ ਚੁਕਾ ਕੇ ਮਨ ਮਰਜ਼ੀ ਦਾ ਕਰਮ ਕਰਵਾ ਲਿਆ।

ਹੁਣ ਅਸੀਂ ਭਾਈ ਗੁਰਦਾਸ ਜੀ ਦੀ ਮੋਹਰ ਲਾਕੇ ਪਰਮਾਣਾਂ ਦੇ ਸਿਲਸਲੇ ਨੂੰ ਬੰਦ ਕਰਦੇ ਹਾਂ। ਭਾਈ ਜੀ ਦਸਦੇ ਹਨ ਇਕ ਗਿਦੜ ਨੀਲਾਰੀ ਦੇ ਮਟ ਵਿਚ ਡਿਗਕੇ ਰੰਗਿਆ ਗਿਆ। ਉਸਨੂੰ ਪਾਖੰਡ ਸੁਝਿਆ ਤੇ ਉਸਨੇ ਆਪਣੇ ਆਪ ਨੂੰ ਰੱਬ ਵਲੋਂ ਜੰਗਲ ਦਾ ਬਾਦਸ਼ਾਹ ਬਣਾ ਕੇ ਘਲੇ ਜਾਣ ਦਾ ਦਾਹਵਾ ਕੀਤਾ। ਹਾਥੀ ਸ਼ੇਰ ਚੀਤੇ ਆਦਿ ਸਾਰੇ ਉਸਦੇ ਇਸ ਝਾਂਸੇ ਵਿਚ ਆ ਗਏ ਤੇ ਸੇਵਾ ਵਿਚ ਜੁਟ ਗਏ। ਇਹ ਵੀ ਤਖਤ ਉਤੇ ਬੈਠ ਆਕੜ ਆਕੜ ਹੁਕਮ ਚਲਾਣ ਲਗ ਪਿਆ। ਇਕ ਦਿਨ ਅਚਾਨਕ ਥੋੜੀ ਜਹੀ ਦੂਰੀ ਤੇ ਗਿਦੜ ਚੀਕਿਆ ਜਿਸਨੇ ਪਾਖੰਡੀ ਗਿਦੜ ਦਾ ਸੁਭਾ ਜਗਾ ਦਿਤਾ। ਗਿਦੜ ਨੂੰ ਪਤਾ ਸੀ ਕਿ ਜੇਕਰ ਉਸਦਾ ਗਿਦੜਪੁਣਾ ਪ੍ਰਗਟ ਹੋ ਗਿਆ, ਤਾਂ ਅਵਸ਼ ਹੀ ਓਹ ਮਾਰਿਆ ਜਾਵੇਗਾ। ਹਾਥੀ ਨੇ ਉਸਨੂੰ ਪੈਰਾਂ ਹੇਠ ਮਿਧ ਦੇਣਾ ਹੈ ਤੇ ਸ਼ੇਰ ਨੇ ਪੰਜਿਆਂ ਨਾਲ ਉਸਦਾ ਮਲੀਦਾ ਕਰ ਦੇਣਾ ਹੈ। ਪਰ ਸੁਭਾਵ ਕੀ ਜਾਣੇ ਇਨਾਂ ਸਿਆਣਪਾਂ ਨੂੰ, ਉਸਨੇ ਸੁਭਾਵਕ ਹੀ ਆਪਣੇ ਚੀਕਦੇ ਸਾਥੀ ਨੂੰ ਚੀਕ ਮਾਰਕੇ ਆਪਣੀ ਹੋਂਦ ਦੀ ਖਬਰ ਦੇ ਦਿਤੀ। ਪਾਜ ਉਘੜ ਗਿਆ ਤੇ ਬਾਦਸ਼ਾਹ ਬਣੇ ਗਿਦੜ ਦੀ ਬੁਰੀ ਤਰ੍ਹਾਂ ਸ਼ੇਰ ਤੇ ਹਾਥੀ ਹਥੋਂ ਮੌਤ ਹੋਈ। ਭਾਈ ਸਾਹਿਬ ਲਿਖਦੇ ਹਨ :

ਨੀਲਾਰੀ ਦੇ ਮਟ ਵਿਚ ਪੈ ਗਿਦੜ ਰੱਤਾ ॥
ਜੰਗਲ ਅੰਦਰ ਜਾਇਕੈ ਪਾਖੰਡ ਕਮੱਤਾ ॥
ਦਰ ਸੇਵੈ ਮਿਰਗਾਵਲੀ ਹੋਇ ਬਹੈ ਅਵੱਤਾ ॥
ਕਰੈ ਹਕੂਮਤ ਅਮਲੀ ਕੂੜੈ ਮਦ ਮੱਤਾ ॥
ਬੋਲਣ ਕਾਜ ਵਿਗਾੜਿਆ ਜਿਉਂ ਮੂਲੀ ਪਤਾ ॥ ੨ ॥ ੩੬ ।

ਉਤੇ ਕੀਤੀ ਗਈ ਵਿਚਾਰ ਤੋਂ ਇਹ ਗਲ ਸਮਝਣ ਵਿਚ ਕੋਈ ਔਖ ਨਹੀਂ ਰਹਿੰਦਾ ਕਿ ਅਸਲ ਕਰਮ ਕਰਨ ਦੀ ਪ੍ਰੇਰਨਾ ਜੀਵ ਨੂੰ ਉਸਦੇ ਨਿਜੀ ਸੁਭਾਵ ਤੋਂ ਹੀ ਮਿਲਦੀ ਹੈ ਤੇ ਇਹ ਸੁਭਾਵ ਮਨੁਖ ਨੂੰ ਵਿਰਸੇ ਵਿਚ ਮਿਲਿਆ ਹੈ। ਵਿਰਸਾ ਜਦੀ ਜਾਂ ਨਸਲੀ ਨਹੀਂ, ਸਗੋਂ ਪੂਰਬਲੇ ਜਨਮਾਂ ਦੇ ਸਿੰਚਤ ਕਰਮਾਂ ਅਨੁਸਾਰ ਮਿਲਿਆ ਹੈ।

ਸਾਮੀ ਮਤ ਇਹ ਵਿਰਸਾ ਜਦੀ ਜਾਂ ਨਸਲੀ ਤਸਲੀਮ ਕਰਦੇ ਹਨ।

ਉਹਨਾਂ ਦਾ ਅਕੀਦਾ ਆਵਾਗਉਣ ਦੇ ਸਿਧਾਂਤ ਤੋਂ ਮੁਨਕਰ ਹੈ।

ਗੁਰਮਤ ਇਸ ਵਿਰਸੇ ਵਿਚ ਆਏ ਸੁਭਾਵ ਨੂੰ ਕਿਰਤ ਦਾ ਨਾਂ ਦੇਂਦੀ ਹੈ। ਜੋ ਹੇਠ ਲਿਖੇ ਪਰਮਾਣਾਂ ਤੋਂ ਪ੍ਰਤੱਖ ਹੁੰਦਾ ਹੈ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥ ੧ ॥
(ਮਾਰੂ ਮ: ੧)

ਕੁੰਟ ਚਾਰਿ ਦਹਿ ਦਿਸਿ ਭ੍ਰਮੇ ਕਰਮ ਕਿਰਤੁ ਕੀ ਰੇਖ ॥
ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥੧॥੧੭॥
(ਗਉੜੀ ਬਾਵਨ ਅਖਰੀ ਮ: ੫)

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾ ਖਾਣੇ ਨਾਨਕਾ ਸਚੁ ਹੇ ॥੨॥੨੮॥
(ਸਲੋਕ ਮ: ੨ ਵਾਰ ਸੋਰਠ ਮ: ੪)

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥੧॥੩॥
(ਸੂਹੀ ਮ: ੩ ਅਸ਼ਟਪਦੀਆਂ)

ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥੨॥੫॥
(ਆਸਾ ਦੀ ਵਾਰ ਮ: ੧)

ਗੁਰਮਤ ਵੀ ਸੁਭਾਵ ਨੂੰ ਉਸਦੀ ਆਤਮਾ ਦੇ ਪਿਛਲੇ ਸਹੇੜੇ ਜਨਮਾਂ ਦੇ ਸੰਸਕਾਰਾਂ ਦਾ ਹੀ ਫਲ ਮੰਨਦੀ ਹੈ। ਰੇਤ ਵਿਚ ਤੁਰਨ ਨਾਲ ਜਿਵੇਂ ਖੁਰਾ ਲਗ ਜਾਂਦਾ ਹੈ। ਸਮੁੰਦਰ ਕੰਢੇ ਪਾਣੀ ਦੀ ਲਹਿਰ ਨਾਲ ਹਮਵਾਰ ਹੋਈ ਪਧਰ ਤੇ ਜਿਵੇਂ ਕੀੜੇ ਲੀਹਾਂ ਛਡ ਜਾਂਦੇ ਹਨ। ਇਸੇ ਤਰ੍ਹਾਂ ਮਨ ਵਿਚੋਂ ਲੰਘਦੇ ਫੁਰਨੇ ਆਪਣਾ ਖੁਰਾ ਛਡ ਜਾਂਦੇ ਹਨ ਤੇ ਯਤਨ ਕਰਨ ਤੇ ਮੁੜ ਸਾਡੇ ਚੇਤੇ ਵਿਚ ਆ ਜਾਂਦੇ ਹਨ। ਜੇ ਕਰ ਇਹ ਸੰਕਲਪ ਜਾਂ ਵਿਕਲਪ ਮਨ ਵਿਚ ਖੁਰਾ ਨਾ ਛਡਦੇ ਤਾਂ ਓਹ ਫੇਰ ਕਦੇ ਸਾਡੇ ਚੇਤੇ ਵਿਚ ਨਾ ਪਰਤ ਸਕਦੇ। ਇਕੋ ਫੁਰਨਾ ਜਦੋਂ ਮੁੜ ਮੁੜ ਫੁਰੇ ਤਾਂ ਉਸਦਾ ਖੁਰਾ ਮੰਨ ਵਿਚ ਡੂੰਘ ਪਕੜ ਲੈਂਦਾ ਹੈ। ਹਰ ਸਰੀਰਕ ਕਰਮ ਦਾ ਮੁਢ ਪਹਿਲਾਂ ਸੰਕਲਪ ਤੋਂ ਹੀ ਬਝਦਾ ਹੈ। ਇਸ ਲਈ ਕਿਸੇ ਕਰਮ ਦਾ ਮੁੜ ਮੁੜ ਕਰਨਾ ਇਕੋ ਸੰਕਲਪ ਦੇ ਬਾਰ ਬਾਰ ਫੁਰਨ ਦਾ ਸੂਚਕ ਹੈ। ਕਿਸੇ ਇਕ ਕਰਮ ਦਾ ਕਈ ਵਾਰ ਦੋਹਰਾਣ ਆਦਤ ਘੜਦਾ ਹੈ ਤੇ ਈਹੋ ਆਦਤ ਹੌਲੀ ਹੌਲੀ ਪਕ ਕੇ ਸਾਡਾ ਸੁਭਾਵ ਬਣ ਜਾਂਦੀ ਹੈ। ਸਾਡੇ ਪੂਰਬਲੇ ਕਰਮਾਂ (ਸਿੰਚਤ ਕਰਮਾਂ) ਨੇ ਹੀ ਸਾਡੀ ਕਿਰਤ ਬਣਾਈ ਹੈ। ਇਹ ਕਿਰਤ ਹੀ ਸਾਡਾ ਵਿਰਸੇ ਵਿਚ ਮਿਲਿਆ ਸੁਭਾਵ ਹੈ। ਇਸ ਵਿਰਸੇ ਵਿਚ ਮਿਲੇ ਸੁਭਾਵ ਦੇ ਅਧੀਨ ਹੀ ਅਸੀਂ ਵਰਤਮਾਨ ਜਨਮ ਦੇ

ਨਵੇਂ ਕਰਮਾਂ ਵਿਚ ਪਰਿਵਰਤਿਤ ਹੁੰਦੇ ਹਾਂ । ਇਸ ਤਰ੍ਹਾਂ ਸਾਡੀ ਕਿਰਤ ਹੀ ਸਾਡੀ ਅਮਲੀ ਜ਼ਿੰਦਗੀ ਲਈ ਕਿਰਤ ਘੜਦੀ ਹੈ । ਜਿਵੇਂ ਇਕ ਬਰਫ ਦਾ ਤੋਦਾ ਪਹਾੜ ਤੋਂ ਹੇਠਾਂ ਵਲ ਰਿੜ੍ਹਦਾ ਹੈ, ਤਾਂ ਕਈ ਕੁਝ ਹੋਰ ਵੀ ਆਪਣੇ ਨਾਲ ਲਪੇਟ ਲੈਂਦਾ ਹੈ । ਜਿਉਂ ਜਿਉਂ ਉਸਦੀ ਰੋੜ੍ਹ ਤੇਜ਼ ਹੁੰਦੀ ਹੈ ਤਿਉਂ ਤਿਉਂ ਉਸਦਾ ਆਕਾਰ ਵੀ ਵਧਦਾ ਜਾਂਦਾ ਹੈ । ਇਸੇ ਤਰ੍ਹਾਂ ਪਿਛਲੀ ਕਿਰਤ ਨਵੇਂ ਕਰਮਾਂ ਨੂੰ ਨਾਲ ਮੇਲ ਅਗੇ ਕੋਲੋਂ ਵੀ ਸ਼ਕਤੀ ਸ਼ਾਲੀ ਹੋ, ਇਕ ਅਜਿਹਾ ਕਰਮ ਜਾਲ ਬਣਾ ਲੈਂਦੀ ਹੈ ਕਿ ਜਿਸਤੋਂ ਛੁਟਕਾਰਾ ਪਾਣਾ ਮੁਸ਼ਕਲ ਹੋ ਜਾਂਦਾ ਹੈ। ਸਤਿਗੁਰੂ ਫੁਰਮਾਂਦੇ ਹਨ :

> ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥
> ਇਆਹੂ ਜੁਗਤਿ ਬਿਹਾਨੇ ਕਈ ਜਨਮ ॥੭॥੪॥ (ਗਉੜੀ ਸੁਖਮਨੀ ਮ: ੫)

ਤੇ ਫੇਰ ਇਹ ਜਨਮ ਜਮਾਤਰਾਂ ਦੀ ਪਕੀ ਹੋਈ ਕਿਰਤ ਅਜਿਹੀ ਖਹਿੜੇ ਪੈ ਗਈ ਕਿ :

> ਪਇਆ ਕਿਰਤੁ ਨ ਮੇਟੈ ਕੋਇ ॥ (ਗਉੜੀ ਸੁਖਮਨੀ ਮ: ੫)

ਅਸਲ ਗਲ ਤਾਂ ਇਹ ਹੈ ਕਿ ਪਹਿਲਾਂ ਨਿਰੰਕਾਰੀ ਹੁਕਮ ਨਾਲ ਹਉਮੈ ਹੀ ਸ਼ਖਸੀਅਤ ਦਾ ਕੇਂਦਰ ਬਣੀ। ਇਸ ਕੇਂਦਰ ਅਧੀਨ ਕੀਤੇ ਕਰਮ ਫੇਰ ਉਸ ਸਖਸੀਅਤ ਦੇ ਖਾਸ ਸੁਭਾਵ ਦੇ ਰੂਪ ਵਿਚ ਪ੍ਰਗਟੇ । ਹੁਣ ਇਸ ਸੁਭਾਵ ਵਿਚ ਰਚ ਗਏ ਔਗਣ ਹੀ ਸਾਡੇ ਦੁਖ ਦਾ ਕਾਰਨ ਹਨ। ਏਹੀ ਔਗਣ ਸਾਡੇ ਲਈ ਬੰਧਨ ਹਨ ਕਿਉਂਕਿ ਕੀਤੇ ਕਰਮਾਂ ਦਾ ਫਲ, ਤਾਂ ਅਸਾਂ ਜ਼ਰੂਰ ਭੁਗਤਣਾ ਹੀ ਹੈ। ਉਪ੍ਰੋਕਤ ਵਿਚਾਰ ਨੂੰ ਹੇਠ ਲਿਖੇ ਗੁਰਬਾਣੀ ਦੇ ਪਰਮਾਣ ਸਪਸ਼ਟ ਕਰ ਦੇਂਦੇ ਹਨ :

> ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ।।੪।।੧।। (ਸੋਰਠਿ ਮ: ੧)
>
> ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥ (ਸਿਰੀ ਰਾਗ ਮ: ੫ ਪਹਿਰੇ)
>
> ਬੀਜੁ ਬੋਵਸਿ ਭੋਗ ਭੋਗਹਿ, ਕੀਆ ਅਪਨਾ ਪਾਵਏ ॥
> ਨਿੰਦਾ ਕਰਿ ਕਰਿ ਬਹੁਤੁ ਵਿਗੂਤਾ ਗਰਭ ਜੋਨਿ ਮਹਿ ਕਿਰਤਿ ਪਇਆ ॥
> ਪੂਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ ।।੨।।੪੪।।੫੫।।
> (ਰਾਮ ਕਲੀ ਮ: ੫)
>
> ਦਿਨੁ ਰਾਤਿ ਕਮਾਇੜੋ ਸੋ ਆਇਓ ਮਾਥੈ ॥
> ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ।।੧।।੪।।੧੩।।
> (ਆਸਾ ਮ: ੫ ਛੰਤ ਘਰ ੭)

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥੧੪॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥੧੯ ॥

(ਆਸਾ ਦੀ ਵਾਰ ਮ: ੧)

ਮਨਮੂਰਖ ਕਾਹੇ ਬਿਲ ਲਾਈਐ ॥ ਪੂਰਬ ਲਿਖੇ ਕਾ ਲਿਖਿਆ ਪਾਈਐ ।.੪॥੧੫॥

(ਗਉੜੀ ਸੁਖਮਨੀ ਮ: ੫)

ਅਸਲ ਵਿਚ ਇਹ ਧਰਤੀ ਇਕ ਧਰਮਸਾਲ ਹੈ। ਇਸ ਧਰਮਸਾਲ ਵਿਚ ਜੋ ਕੁਝ ਕੋਈ ਬੀਜੇਗਾ ਓਹੀਓ ਕੁਝ ਓਹ ਵਢੇਗਾ। ਮਕੀ ਬੀਜ ਕੇ ਬਾਜਰਾ, ਜੌਂ ਬੀਜ ਕੇ ਕਣਕ, ਅੱਕ ਬੀਜ ਕੇ ਅੰਬ, ਬਿਖ ਬੀਜ ਕੇ ਅੰਮ੍ਰਿਤ ਜਾ ਕੰਡੇ ਬੀਜ ਕੇ ਅੰਗੂਰ ਦੀ ਆਸ ਰਖਣੀ ਬੇ-ਅਰਥ ਹੈ । ਅਸੀਂ ਆਪਣਾ ਕਤਿਆ ਹੀ ਹੰਢਾਣਾ ਹੈ। ਸ਼ਹਿਦ ਦੀ ਮਖੀ ਵਾਂਗ ਸਾਡਾ ਜੀਵ ਆਤਮਾ ਆਪਣਾ ਕਰ ਛੱਤਾ ਆਪ ਹੀ ਵਧਾ ਲੈਂਦਾ ਹੈ। ਇਹ ਕਿਰਤ ਕਰਮ ਵੀ ਭੋਗਦਾ ਹੈ ਤੇ ਨਾਲੋਂ ਨਾਲ ਨਵੇਂ ਕਰਮ ਚਿਤਰ ਵੀ ਚਿਤਰਦਾ ਜਾਂਦਾ ਹੈ। ਜਿਵੇਂ ਬਰਫ ਦਾ ਗੋਲਾ ਰਿੜਦਾ ਰਿੜਦਾ ਆਪਣੇ ਨਾਲ ਹੋਰ ਬਰਫ ਵੀ ਲਪੇਟ ਲੈਂਦਾ ਹੈ । ਇਸਤਰ੍ਹਾਂ ਇਹ ਇਕ ਤਕੜਾ ਕਰਮ-ਜਾਲ ਬਣ ਜਾਂਦਾ ਹੈ, ਜਿਸ ਵਿਚੋਂ ਸਹਿਜੇ ਕੀਤੇ ਜੀਵ ਆਤਮਾ ਦਾ ਨਿਕਲਣਾ ਸੰਭਵ ਨਹੀਂ ਹੁੰਦਾ ।

ਕਾਰਨ ਤੇ ਕਾਰਜ ਦਾ ਸਿਧਾਂਤ

ਕਾਰਨ ਤੇ ਕਾਰਜ (action and reaction) ਦਾ ਸਿਧਾਂਤ ਬੜਾ ਪ੍ਰਸਿਧ ਤੇ ਪੁਰਾਣਾ ਹੈ। ਇਸ ਸਿਧਾਂਤ ਨੂੰ ਮੰਨਣ ਵਾਲੇ ਕਰਮ-ਸਿਧਾਂਤ ਨੂੰ ਵੀ ਇਸ ਮੁਖ-ਸਿਧਾਂਤ ਦਾ ਇਕ ਰੂਪ ਹੀ ਮੰਨਦੇ ਹਨ ਅਤੇ ਉਨ੍ਹਾਂ ਦਾ ਵਿਚਾਰ ਹੈ, ਜੋ ਕਰਮ ਇਸ ਸਿਧਾਂਤ ਅਨੁਸਾਰ ਬਿਨਾਂ ਕਿਸੇ ਵਿਚੋਲੇ ਜਾਂ ਵਿਚਕਾਰਲੇ ਹਥ ਦੇ ਸੁਤੇ ਹੀ ਫਲੀਭੂਤ ਹੁੰਦੇ ਹਨ ਪਰ ਗੁਰਮਤ ਇਸ ਗਲ ਨਾਲ ਸਹਿਮਤ ਨਹੀਂ, ਗੁਰਮਤ ਦਾ ਖਿਆਲ ਹੈ ਕਿ ਕਾਰਨ ਤੇ ਕਾਰਜ ਦੇ ਸਬੰਧ ਨੂੰ ਵੇਖਣਾ ਤਾਂ ਚੇਤੰਨ ਮਨ ਦਾ ਕਰਤਵ ਹੈ। ਅਚੇਤ ਵਸਤੂ ਨੂੰ ਕਾਰਨ ਕਾਰਜ ਦੀ ਲਈ ਸੰਗਲੀ ਲਈ ਚਿੰਤਨ ਕਿਸਤਰਾਂ ਉਪਜ ਸਕਦਾ ਹੈ। ਚੇਤੰਨਤਾ ਹੀ ਕਿਸੇ ਕਾਰਜ ਲਈ ਕਾਰਨ ਮੁਹੱਈਆ ਕਰਨ ਦੀ ਸਮਰਥਾ ਰਖਦਾ ਹੈ । ਅਚੇਤ ਵਸਤੂ ਵਿਚ ਇਹ ਸ਼ਕਤੀ ਨਹੀਂ । ਕੁਮਿਆਰ, ਸੁਨਿਆਰ, ਲੁਹਾਰ ਆਦਿ ਕਿਰਤੀਆਂ ਪਾਸ ਭਾਵੇਂ ਢੇਰਾਂ ਦੇ ਢੇਰ ਮਿਟੀ, ਸੋਨਾ ਜਾਂ ਲੋਹਾ ਪਿਆ ਰਵੇ, ਆਪਣੇ ਆਪ ਤਾਂ ਘੜਾ, ਕੜਾ, ਜਾਂ ਕੜਾਹੀ ਨਹੀਂ ਬਣ ਸਕਦੀ। ਭਾਵੇਂ ਕੁਮਿਆਰ ਤੇ ਮਿਟੀ, ਸੁਨਿਆਰ ਤੇ ਸੋਨਾ, ਲੁਹਾਰ ਤੇ ਲੋਹਾ ਦੋਵੇਂ ਮੌਜੂਦ ਹਨ। ਇਨਾਂ ਨੂੰ ਕਾਰੀਗਰ ਪਹਿਲਾਂ ਆਪਣੇ

ਚਿੰਤਨ ਵਿਚ ਲਿਆਵੇਗਾ, ਭਾਵੇਂ ਜੋ ਚੀਜ਼ ਉਸਨੇ ਬਣਾਣੀ ਹੈ, ਉਸਦਾ ਰੂਪ ਚਿਤਵੇਗਾ, ਫੇਰ ਯੋਗ ਸੰਦਾਂ ਦੀ ਵਰਤੋਂ ਕਰਕੇ ਤੇ ਸਰੀਰਕ ਬਲ ਵਸਤੂ ਤੋਂ ਆਪਣੀ ਚਿਤਵਣਾ ਨੂੰ ਰੂਪਕਾਰ ਕਰੇਗਾ। ਨਿਰੋਲ ਕਾਰਨ ਤੇ ਕਾਰਜ ਦੇ ਸਿਧਾਂਤ ਨੂੰ ਕਰਮ-ਫਲ ਦੇਣ ਦੇ ਸਮਰਥ ਸਮਝਣਾ ਇਕ ਭੁਲੇਖਾ ਹੈ, ਕਿਉਂਕਿ ਇਸ ਸਿਧਾਂਤ ਦਾ ਸਬੰਧ ਚੇਤੰਨ ਸਤਾ ਦੀ ਰਾਹੀਂ ਹੀ ਹੈ। ਗੁਰਮਤ ਇਸ ਸਬੰਧ ਨੂੰ ਇਸ ਪਰਕਾਰ ਦਰਸਾਂਦੀ ਹੈ :

ਕਰਣ ਕਾਰਣ ਸਮਰਥ ਹੈ ਕਹੁ ਨਾਨਕ ਬੀਚਾਰਿ ॥
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥

(ਸਲੋਕ ਸਹਸਕ੍ਰਿਤੀ ਮ: ੧)

ਸੋ ਕਰਣ ਕਾਰਣ ਸ਼ਮਰਥ ਕਰਤਾ ਆਪਣੇ ਨਿਰੰਕਾਰੀ ਹੁਕਮ ਦੁਆਰਾ ਪੂਰਬਲੇ ਕਰਮਾਂ ਅਨੁਸਾਰ ਭਾਗ ਨਿਰਣੈ ਕਰਦਾ ਹੈ। ਇਸੇ ਭਾਗ ਨੂੰ ਹੀ ਪੂਰਬਲੇ ਜਾਂ ਧੁਰ ਦੇ ਲੇਖ ਕਿਹਾ ਜਾਂਦਾ ਹੈ। ਇਹ ਲੇਖ ਮਨੁਖ ਨੂੰ ਅਵੱਸ਼ ਭੋਗਣੇ ਹੀ ਪੈਂਦੇ ਹਨ। ਗੁਰਮਤ ਵਿਚ ਇਸ ਗਲ ਦੀ ਵਿਆਖਿਆ ਇਸ ਪਰਕਾਰ ਮਿਲਦੀ ਹੈ :

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥
ਕਬ ਚੰਦਨਿ ਕਬ ਅਕਿ ਛਾਲਿ ਕਬ ਊਚੀ ਪਰੀਤਿ ॥
ਨਾਨਕਿ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥੨॥੨੧॥

(ਸਲੋਕ ਮ: ੧ ਵਾਰ ਮਾਝ)

ਬਾਬਾ ਆਇਆ ਹੈ ਉਠਿ ਚਲਣਾ ਅਧਪੰਧੈ ਹੈ ਸੰਸਾਰੋ ਵਾ ॥
ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖ ਪੁਰਬਿ ਵੀਚਾਰੋ ਵਾ ॥
ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਆ ਨਾਲੇ ॥
ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ ॥
ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣ ਹਾਰੋ ॥
ਅਜੁ ਕਲਿ ਕਰਦਿਆਂ ਕਾਲੁ ਬਿਆਪੈ ਦੂਜੈ ਭਾਇ ਬਿਕਾਰੋ ॥੪॥

(ਵਡਹੰਸ ਮ: ੧ ਅਲਾਹਣੀਆਂ)

ਬਾਬਾ ਨਾਗੜਾ ਆਇਆ ਜਗ ਮਹਿ ਦੁਖ ਸੁਖ ਲੇਖ ਲਿਖਾਇਆ ॥
ਲਿਖਿਅੜਾ ਸਾਹਾ ਨ ਟਲੈ ਜੇਹੜਾ ਪੁਰਬਿ ਕਮਾਇਆ ॥੩॥੫॥

(ਵਡਹੰਸ ਮ: ੧ ਅਲਾਹਣੀਆ)

ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥੧॥੩॥

(ਧਨਾਸਰੀ ਮ: ੧ ਛੰਤ)

ਕਰਮ ਦਾ ਅੰਦਰੂਨੀ ਸਿਟਾ ਔਗਣ ਹਨ । ਕੁਝ ਕੁ ਅਜਿਹੇ ਕਾਰਨ ਵੀ ਪੈਦਾ ਹੋ ਜਾਂਦੇ ਹਨ ਜਿਨ੍ਹਾਂ ਕਰਕੇ ਇਹ ਔਗਣ ਪਰਫੁਲਤ ਹੋਕੇ ਸਾਡੇ ਲਈ ਦੁਖ ਪੈਦਾ ਕਰ ਦੇਂਦੇ ਹਨ ਤੇ ਅਜਿਹੇ ਹਾਲਾਤ ਦੇ ਵਾਪਰਨ ਤੇ ਸਾਡਾ ਸੁਭਾ ਕੁਦ ਪੈਂਦਾ ਹੈ ਜੋ ਸਾਨੂੰ ਆਪਣਾ ਅਨਸਾਰੀ ਕਰ ਲੈਂਦਾ ਹੈ ਤੇ ਇਸਤਰਾਂ ਅਸੀਂ ਪੂਰਬਲੇ ਲੇਖਾਂ ਅਨੁਸਾਰ ਬਝੀਆਂ ਲੀਹਾਂ ਵਿਚ ਤੁਰਨ ਲਗ ਪੈਂਦੇ ਹਾਂ ਤੇ ਓਦੋਂ ਤਕ ਕਿਸੇ ਨਵੀਂ ਲੀਹ ਵਿਚ ਜਾ ਹੀ ਨਹੀਂ ਸਕਦੇ ਜਦੋਂ ਤਕ ਕਿ ਅਸੀਂ ਆਪਣੀ ਮਤ ਦੇ ਕਹੇ ਚਲੀਏ । ਇਹੀ ਕਾਰਨ ਹੈ ਕਿ ਇਹ ਮਨੌਤ ਚਲੀ ਆਉਂਦੀ ਹੈ ਕਿ ਮਨੁਖ ਅਜਿਹੇ ਕੰਮ ਕਰਦਾ ਹੈ ਜਿਹੜੇ ਉਸਦੇ ਭਾਗ ਵਿਚ ਧੁਰੋਂ ਉਲੀਕੇ ਗਏ ਹਨ :

ਜੇਤੇ ਜੀਅ ਲਿਖੀ ਸਿਰਿ ਕਾਰਿ ਕਰਣੀ ਉਪਰਿ ਹੋਵਗਿ ਸਾਰ ॥੪॥੩॥
(ਬਸੰਤ ਮ: ੧)

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥
(ਰਾਗ ਰਾਮਕਲੀ ਮ: ੧ ਦ: ਓਅੰਕਾਰ)

ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥ (ਵਾਰ ਗਉੜੀ ਮ: ੫)

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ੩ ॥ ੧ ॥
[ਵਡਹੰਸ ਮ: ੧ ਛੰਤ]

ਸਤਿ ਸੰਗਤਿ ਮਹਿ ਤਿਨ ਹੀ ਵਾਸਾ ॥
ਜਿਨ ਕਉ ਧੁਰਿ ਲਿਖਿ ਪਾਈ ਹੇ ॥ ੧੫ ॥ ੧ ॥
[ਮਾਰੂ ਸੋਲਹੇ ਮ: ੩]

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ । ੨ । ੧੭ ।
[ਸਲੋਕ ਮ: ੧ ਵਾਰ ਸੂਹੀ]

ਜੋ ਧੁਰਿ ਲਿਖਿਆ ਲੇਖੁ ਸੋ ਕਰਮ ਕਮਾਇਸੀ । ੫ ।
[ਵਾਰ ਗੁਜਰੀ ਮ: ੪]

ਗੁਰਮਤ ਅਨੁਸਾਰ ਇਸ਼ਟ, ਮੀਤ, ਭੈਣ, ਭਾਈ, ਸਾਕ ਸਬੰਧੀ ਆਦਿ ਸਾਰੇ ਕੀਤੇ ਕਰਮਾਂ ਅਨੁਸਾਰ ਹੀ ਮਿਲਦੇ ਤੇ ਵਿਛੜਦੇ ਹਨ । ਹਰ ਤਰ੍ਹਾਂ ਦਾ ਸੰਜੋਗ ਤੇ ਵਿਯੋਗ ਧੁਰਿ ਦੇ ਲਿਖੇ ਲੇਖਾਂ ਅਨੁਸਾਰ ਹੀ ਹੁੰਦਾ ਹੈ :

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰ ਭਾਈ ॥
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹ ਕੋ ਨ ਸਹਾਈ ॥ ੧ ॥ ੧ ॥
[ਜੈਤਸਰੀ ਮ: ੫ ਘਰ ੩]

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ ੯ ॥
[ਬਾਰਹਮਾਹ ਮਾਝ ਮ: ੫]

ਇਥੋਂ ਤਕ ਕਿ ਗੁਰੂ ਤੇ ਸਤਸੰਗ ਵੀ ਪੂਰਬਲੇ ਲੇਖਾਂ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ।

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿਂ ॥
ਨਾਨਕ ਅੰਮ੍ਰਿਤ ਏਕ ਹੈ ਦੂਜਾ ਅਮ੍ਰਿਤ ਨਾਹਿ ॥
ਨਾਨਕ ਅੰਮ੍ਰਿਤ ਮਨੈ ਮਾਹਿ ਪਾਈਐ ਗੁਰ ਪ੍ਰਸਾਦਿ ॥
ਤਿਨ੍ਹੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ ॥
[ਸਲੋਕ ਮ: ੨ ਵਾਰ ਸਾਰੰਗ ਮ: ੪]

ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰ ਮਿਲੈ ਪ੍ਰਭੁ ਆਇ ॥
[ਵਾਰ ਗਉੜੀ ਮ: ੪]

ਜਨ ਨਾਨਕੁ ਗੁਰ ਤਿਨ੍ਹੀ ਪਾਇਆ ॥
ਜਿਨਿ ਧੁਰਿ ਲਿਖਤੁ ਲਿਲਾਟਿ ਲਿਖਾਸੇ । ੧ । ੩ । ੨੦ ।
[ਆਸਾ ਛੰਤ ਮ: ੪]

ਨਾਨਕ ਤਿਨ ਕੋ ਸਤਿਗੁਰੁ ਮਿਲਿਆ ਜਿਨ ਧੁਰੇ ਪੈਯਾ ਪਰਵਾਣਾ । ੧ । ੨੧ ।
[ਸਲੋਕ ਮ: ੧ ਵਾਰ ਰਾਮਕਲੀ ਮ: ੩]

ਇਸ ਵਿਚ ਕੋਈ ਸ਼ੰਕਾ ਨਹੀਂ ਕਿ ਰਾਹੇ ਤੇ ਕੁਰਾਹੇ, ਸਿਧੇ ਤੇ ਉਝੜੇ, ਸਵਾਰਨਾ ਤੇ ਖਆਰ ਕਰਨਾ ਨਿਰੰਕਾਰੀ ਹੁਕਮ ਦੀ ਹੀ ਖੇਡ ਹੈ, ਪਰ ਇਹ ਖੇਡ ਕਰਮਾਂ ਅਨੁਸਾਰ ਹੀ ਖੇਡੀ ਜਾਂਦੀ ਹੈ। ਹੁਕਮ ਤਾਂ "ਕਰਮੀ ਵਹੈ ਕਲਾਮ" ਹੈ। ਨਿਰਸੰਦੇਹ ਨਿਰਣਾ ਹੁਕਮ ਨੇ ਹੀ ਕਰਨਾ ਹੈ, ਪਰ ਇਹ ਫੈਸਲਾ ਅਮਲਾਂ ਅਨੁਸਾਰ ਹੋਣਾ ਹੈ:

ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖ ਨ ਮੇਟਤ ਕੋਊ ॥
ਨਹੀ ਹੋਤ ਕਛੁ ਦੋਊ ਬਾਰਾ ॥ ਕਰਨੇ ਹਾਰ ਨ ਭੂਲਨਹਾਰਾ ॥
ਕਾਹੂ ਪੰਥ ਦਿਖਾਰੇ ਆਪੈ ॥ ਕਾਹੂ ਉਦਿਆਨ ਭ੍ਰਮਤ ਪਛਤਾਪੇ ॥
ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੋ ਨਾਨਕ ਲੀਨੋ । ੧੭ ।
[ਗਉੜੀ ਬਾਵਨ ਅਖਰੀ ਮ: ੫]

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮ ਧਿਆਇਆ ॥
ਏਨਾ ਜੰਤਾਂ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥
ਗੁਰ ਕਿਰਪਾ ਤੇ ਜਾਣਿਆ ਜਿਥੇ ਤੁਧੁ ਆਪੁ ਬੁਝਾਇਆ ॥
ਸਹਿਜੇ ਹੀ ਸਚਿ ਸਮਾਇਆ । ੧੧ ।
[ਵਾਰ ਆਸਾ ਮ: ੧]

ਪਰ ਸਾਨੂੰ ਇਹ ਗਲ ਕਦੇ ਵੀ ਨਹੀਂ ਭੁਲਣੀ ਚਾਹੀਦੀ ਕਿ ਜਿਨ੍ਹਾਂ

ਕਰਮਾਂ ਨੂੰ ਅਸਾਂ ਅਵੱਸ਼ਯ ਭੁਗਤਨਾ ਹੈ ਤੇ ਜਿਨ੍ਹਾਂ ਸਾਹਵੇਂ ਕਿਸੇ ਦਾ ਜ਼ੋਰ ਨਹੀਂ ਚਲਣਾ, ਉਹਨਾਂ ਦਾ ਸਿਟਾ ਤਾਂ ਸਾਡਾ ਸੁਭਾਵ ਹੈ, ਤੇ ਸਾਡੀ ਸਾਰੀ ਕਿਰਿਆ ਇਸ ਸੁਭਾਵ ਦੇ ਆਸਰੇ ਹੈ। ਬੁਧੀ ਅਨੁਸਾਰ ਵਿਚਾਰਾਂ ਤਾਂ ਉਤੇ ਉਤੇ ਦੀ ਸਿਆਣਪ ਹੀ ਹੈ। ਹਰ ਕਿਰਿਆ ਵਿਚ ਤਾਂ ਸੁਭਾਵ ਦਾ ਹੀ ਹਥ ਹੁੰਦਾ ਹੈ। ਅਸੀਂ ਉਤੇ ਦਸ ਚੁਕੇ ਹਾਂ ਕਿ ਸੁਭਾਵ ਸੌ ਸਿਆਣਪਾਂ ਦੇ ਹੁੰਦਿਆਂ ਵੀ ਸੁਤੇ ਹੀ ਕਰਮ ਕਰਾ ਲੈਂਦਾ ਹੈ। ਸਤਿਗੁਰੂ ਫੁਰਮਾਂਦੇ ਹਨ :

ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥
ਪਸੁ ਆਪਨ ਹਉ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ।੧।
ਏਕਹਿ ਆਪਿ ਕਰਾਵਨਹਾਰਾ । ਆਪਹਿ ਪਾਪ ਪੁੰਨ ਬਿਸਥਾਰਾ ॥
ਇਆ ਜਗ ਜਿਤੁ ਜਿਤੁ ਆਪਹਿ ਲਾਇਓ ॥
ਸੋ ਸੋ ਪਾਇਓ ਜੁ ਆਪਿ ਦਿਵਾਇਓ ।੮।

[ਗਉੜੀ ਬਾਵਨ ਅਖਰੀ ਮ: ੫]

ਲਲਾ ਲਪਟਿ ਬਿਖੈ ਰਸ ਮਾਤੇ ॥ ਅਹੰਬੁਧ ਮਾਇਆ ਮਦ ਮਾਤੇ ॥
ਇਆ ਮਾਇਆ ਮਹਿ ਜਨਮਹਿ ਮਰਨਾ ॥ ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥
ਕੋਊ ਊਨ ਨ ਕੋਊ ਪੂਰਾ ॥ ਕੋਊ ਸੁਘਰੁ ਨ ਕੋਊ ਮੂਰਾ ॥
ਜਿਤੁ ਜਿਤੁ ਲਾਵਉ ਤਿਤੁ ਤਿਤੁ ਲਗਨਾ ॥
ਨਾਨਕ ਠਾਕੁਰ ਸਦਾ ਅਲਿਪਨਾ ।੧੧।

[ਗਉੜੀ ਬਾਵਨ ਅਖਰੀ ਮ: ੫]

ਉਪਰੋਕਤ ਵਿਚਾਰ ਦੀ ਪੁਸ਼ਟੀ ਵਿਚ ਇਥੇ ਪ੍ਰਸਿਧ ਵਿਗਿਆਨਕ ਖੋਜੀ ਸ੍ਰੀ ਟੈਨਸਲੇ ਦੇ ਵਿਚਾਰ ਦਸਣੇ ਕੋਈ ਅਯੋਗ ਨਹੀਂ ਹੋਣਗੇ।

"By far the most inportant feautures in the structure of the mind alike in the man and in the higher animals are the inherited instincts. By instincts we "certain innate spesific tendencies of the mind that are common to all members of any one species." The instinctive unpulses determine the ends of all activities and supply the driving power by which all mental activities and supply the driving power by which all mental activities are sustained.
(Tansley page 34)

ਅਨੁਵਾਦ :

"ਮਨੁਖ ਤੇ ਉਵੇਰੀ ਸਟੇਣੀ ਦੇ ਜਨੌਰਾਂ ਵੋਹਾਂ ਦੇ ਅੰਤਹਕਰਨ ਦੀ ਬਣਤਰ ਵਿਚ ਸਭ ਤੋਂ ਵਧੀਕ ਹਿਸਾ ਸੁਭਾਵਾਂ ਦਾ ਹੈ, ਜੋ ਵਿਰਸੇ ਵਿਚ ਮਿਲਦੇ ਹਨ। ਸੁਭਾਵਾਂ ਤੋਂ ਸ਼ਾਡਾ ਭਾਵ "ਉਨ੍ਹਾਂ ਕੁਝ ਇਕ ਅੰਤਹਕਰਨ ਦੇ ਅੰਤ੍ਰੀਵ ਮਖਸੂਸ ਝੁਕਾਵਾਂ ਤੋਂ ਹੈ, ਜੋ ਕਿਸੇ ਇਕ ਜਾਤੀ ਦੇ ਸਾਰੇ ਜੰਤੂਆਂ ਵਿਚ ਵੇਖੇ ਜਾਂਦੇ ਹਨ।" ਸੁਭਾਵੀ ਧਕੇ ਸਾਰੀ ਕਿਰਿਆ ਦੇ ਮਨੋਰਥ ਥਾਪਦੇ ਹਨ ਤੇ ਉਹ ਹਿਕਣ ਵਾਲੀ ਸ਼ਕਤੀ ਮਹੱਈਆ ਕਰਦੇ ਹਨ, ਜੋ ਮਾਨਸਕ ਕਿਰਿਆ ਦਾ ਅਧਾਰ ਹੈ।"

ਟੈਨਸਲੇ ਇਸ ਗਲ ਦੀ ਵੀ ਪੁਸ਼ਟੀ ਕਰਦਾ ਹੈ ਕਿ ਮਨੁਖੀ ਕਿਰਿਆ ਸੁਭਾਵ ਦੇ ਆਸ਼ਰੇ ਤੁਰਦੀ ਹੈ, ਵਿਚਾਰ ਦੇ ਆਸਰੇ ਨਹੀਂ ਤੁਰਦੀ। ਸਗੋਂ ਵਿਚਾਰ ਤਾਂ ਮਨੁਖ ਆਮ ਤੌਰ ਤੇ ਆਪਣੀ ਸੁਭਾਵਕ ਕਿਰਿਆ ਨੂੰ ਦਰੁਸਤ ਸਾਬਤ ਕਰਨ ਲਈ ਹੀ ਵਰਤਦਾ ਹੈ। ਅਸਲ ਵਿਚ ਤਾਂ ਸੁਭਾਵਕ ਕਿਰਿਆ ਹਉਮੈ ਅਥਵਾ ਉਸ ਤੋਂ ਉਪਜੇ ਕਾਮ, ਕ੍ਰੋਧ, ਲੋਭ, ਮੋਹ ਆਦਿ ਔਗੁਣਾਂ ਦੇ ਆਸਰੇ ਹੁੰਦੀ ਹੈ, ਪਰ ਆਪਣੇ ਕਰਮਾਂ ਨੂੰ ਠੀਕ ਦਸਣ ਤੇ ਉਨ੍ਹਾਂ ਤੇ ਪਰਦਾ ਪਾਣ ਲਈ ਉਹ ਵਿਚਾਰ ਅਨੁਸਾਰ ਦਲੀਲਾਂ ਘੜ ਲੈਂਦਾ ਹੈ। ਟੈਨਸਲੇ ਦਾ ਕਥਨ ਹੈ :

"Its (mind's) most fundamental activities are non-rational and largely unconcious activities. The power of conscious reasoning is a later development, playing but a minor part, even in the most highly developed human being, on the surface, so to speak, of the formly built edifice of instincts, emotions and desires, which form the main structure of the mental organism. In many cases the apparent importance of rational activity is seen to be illusory forming as it were a mere cloak for the actions of deep-seated instincts and desires."

(Tansley page 24)

ਅਨੁਵਾਦ :

"ਅੰਤਹਕਰਨ ਦੀਆਂ ਮੂਲ ਕਿਰਿਆ ਵਿਚਾਰਹੀਨ ਤੇ ਬਹੁਤ ਕਰਕੇ ਅਚੇਤ ਕਿਰਿਆ ਹਨ। ਸੁਚੇਤ ਵਿਚਾਰ ਦੀ ਸ਼ਕਤੀ ਮਗਰੋਂ ਉਪਜਦੀ ਹੈ ਤੇ ਉਚੀ ਤੋਂ ਉਚੀ ਪਦਵੀ ਤੇ ਅਪੜੇ ਹੋਏ ਮਨੁਖ ਵਿਚ ਇਹਦਾ ਹਿਸਾ ਬਹੁਤ ਥੋੜਾ ਹੈ। ਇਹ ਸੁਭਾਵਾਂ,

ਭਾਵਾਂ ਤੇ ਕਾਮਨਾਵਾਂ (ਜਿਨ੍ਹਾਂ ਤੋਂ ਮਾਨਸਿਕ ਹਸਤੀ ਦਾ ਵਡਾ ਭਾਗ ਬਣਿਆ ਹੋਇਆ ਹੈ) ਦੇ ਪਕੇ ਮੰਦਰ ਦੀ ਮਾਨੋਂ ਉਪਰਲੀ ਸਤਹ ਪੁਰ ਹੀ ਖੇਡਦੀ ਹੈ। ਬਹੁਤੀਆਂ ਹਾਲਤਾਂ ਵਿਚ ਵਿਚਾਰ ਦੀ ਕਿਸੇ ਕਿਰਿਆ ਦੀ ਜ਼ਾਹਰਾ ਵਡਿਆਈ ਨਿਰਾ ਧੋਖਾ ਹੀ ਹੁੰਦਾ ਹੈ। ਪਕਾ ਬਲਾ ਮਾਰੇ ਹੋਏ ਸੁਭਾਵਾਂ ਤੇ ਕਾਮਨਾਵਾਂ ਦੀ ਕਾਰ ਲਈ ਇਹ ਕਿਰਿਆ ਇਕ ਨਿਰਾ ਪਰਦਾ ਹੁੰਦੀ ਹੈ।"

[ਧੰਨਵਾਦਿ ਸਹਿਤ ਗੁਰਮਤ ਨਿਰਣਯ ਵਿਚੋਂ ਫੁਟ ਨੋਟ ਪੰਨਾ ੨੧੦-੨੧੧]

ਸੋ ਹੁਣ ਤਕ ਅਸੀਂ ਇਹ ਸਿਟੇ ਕਢੇ ਹਨ:

(ੳ) ਕਾਰਨ ਤੇ ਕਾਰਜ ਦੇ ਸਿਧਾਂਤ ਦਾ ਸਬੰਧ ਚੇਤੰਨ ਸਤਾ ਦੇ ਰਾਹੀਂ ਹੀ ਹੈ। ਚੇਤੰਨ ਸਤਾ ਦੇ ਨਿਰਣਾ ਕਰਨ ਬਿਨਾ ਕਰਮ ਸੁਤੇ ਹੀ ਫਲੀ ਭੂਤ ਨਹੀਂ ਹੋ ਸਕਦੇ।

(ਅ) ਨਿਟੰਕਾਰੀ ਹੁਕਮ ਦੁਆਰਾ ਹੀ ਪੂਰਬਲੇ ਕਰਮਾਂ ਅਨੁਸਾਰ ਭਾਗ ਦਾ ਨਿਰਣਾ ਕੀਤਾ ਜਾਂਦਾ ਹੈ। ਇਹੀ ਭਾਗ ਹੀ ਧੁਰ ਦੇ ਲੇਖ ਹਨ ਜੋ ਕਿਸੇ ਪਾਸੋਂ ਮੇਟੇ ਨਹੀਂ ਜਾ ਸਕਦੇ।

(ੲ) ਕਰਮ ਸੁਭਾਵ ਅਨੁਸਾਰ ਕੀਤੇ ਜਾਂਦੇ ਹਨ। ਕਰਮਾਂ ਦਾ ਅੰਦਰੂਨੀ ਸਿਟਾ ਔਗੁਣ ਹਨ ਜੋ ਸਬੰਧਤ ਕਾਰਨਾਂ ਵਿਚ ਪਰਫੁਲਤ ਹੋ ਕੇ ਦੁਖ ਪੈਦਾ ਕਰਦੇ ਹਨ। ਅਜਿਹੀ ਅਵਸਥਾ ਵਿਚ ਸਾਡਾ ਸੁਭਾ ਆ ਟਪਕਦਾ ਹੈ ਤੇ ਆਪਣੇ ਅਨੁਸਾਰੀ ਕਰ ਲੈਂਦਾ ਹੈ ਤੇ ਜਦ ਤਕ ਅਸੀਂ ਆਪਣੀ ਮੱਤ ਦੇ ਕਹੇ ਚਲੀਏ ਪੂਰਬਲੇ ਕਰਮਾਂ ਅਨੁਸਾਰ ਬਝੀਆਂ ਲੀਹਾਂ ਵਿਚੋਂ ਨਿਕਲ ਹੀ ਨਹੀਂ ਸਕਦੇ।

(ਸ) ਕਿਉਂਕਿ ਕਾਰਨ ਕਾਰਜ ਦਾ ਸਬੰਧ ਚੇਤੰਨ ਸਤਾ ਦੇ ਰਾਹੀਂ ਹੀ ਹੈ **ਇਸ** ਲਈ ਰਾਹੇ-ਕੁਰਾਹੇ, ਸਿਧੇ ਓਝੜੇ, ਦੁਖ-ਸੁਖ ਆਦਿ ਵਿਚ ਪਾਣ ਵਾਲਾ ਨਿਟੰਕਾਰੀ ਹੁਕਮ ਹੀ ਹੈ। ਪਰ ਵੈਸਲਾ ਅਮਲਾਂ ਉਤੇ ਹੀ ਹੁੰਦਾ ਹੈ।

(ਹ) ਜਿਨ੍ਹਾਂ ਕਰਮਾਂ ਨੂੰ ਅਸਾਂ ਅਵਸ਼ਯ ਭੁਗਤਣਾਂ ਹੈ, ਸਾਡਾ ਮੌਜੂਦਾ ਸੁਭਾਵ ਉਨ੍ਹਾਂ ਅਮਿਟ ਕਰਮਾਂ ਦਾ ਹੀ ਪ੍ਰਤੀ-ਕਰਮ ਹੈ। ਤੇ ਅਸਾਂ ਹੁਣ ਦੇ ਸਾਰੇ ਕਰਮ ਇਸ ਵਿਰਸੇ ਵਿਚ ਮਿਲੇ ਸੁਭਾਵ ਦੇ ਆਸਰੇ ਹੀ ਕਰਨੇ ਹਨ।

ਲੇਖ ਦੇ ਅਰੰਭ ਵਿਚ ਇਹ ਵੀ ਦਸਿਆ ਜਾ ਚੁਕਾ ਹੈ। ਜੋ ਮਾਇਆ ਮੋਹ ਕਰਤਾਰ ਨੇ ਆਪ ਹੀ ਪੈਦਾ ਕੀਤਾ ਹੈ। ਓਹੀਓ ਸਰਬ ਵਿਆਪਕ ਜੋਤਿ ਜਿਸ ਆਸਰੇ ਸਾਰੀ ਰਚਨਾ ਦਾ ਵਿਹਾਰ ਕਾਰ ਚਲਦਾ ਹੈ, ਓਹੋ ਵੀ ਨਿਟੰਕਾਰ ਦੀ ਆਪਣੀ ਹੀ ਜੋਤਿ ਹੈ। ਓਹੀਓ ਜੋਤਿ ਨਿਟੰਕਾਰ ਨੇ ਇਸ ਮਨੁੱਖੀ ਦੇਹ ਵਿਚ ਵੀ ਧਰੀ ਹੈ। ਓਹ ਹੁਕਮ ਜਿਸ ਨੇ ਸਾਡੇ ਕੀਤੇ ਕਰਮਾਂ ਅਨੁਸਾਰ

ਨਿਰਣਾ ਕਰਨਾ ਹੈ, ਓਹ ਵੀ ਨਿਰੰਕਾਰੀ ਤਾਕਤ ਹੀ ਹੈ । ਫੇਰ ਵੀ ਜਦ ਅਸੀਂ ਇਹ ਤਿੰਨੇ ਮਨੌਤਾਂ ਗੁਰਬਾਣੀ ਵਿਚ ਇਕੋ ਸ਼ਬਦਿ ਵਿਚ ਬਿਆਨੀਆਂ ਗਈਆਂ ਵੇਖਦੇ ਹਾਂ ਤਾਂ ਐਵੇਂ ਤੌਖਲੇ ਜਿਹੇ ਵਿਚ ਪੈ ਜਾਂਦੇ ਹਾਂ ਜੇ ਸਭ ਕੁਝ ਨਿਰੰਕਾਰੀ ਸ਼ਕਤੀ ਅਨੁਸਾਰ ਹੀ ਹੋ ਰਿਹਾ ਹੈ ਤਾਂ ਫਿਰ ਮਨੁੱਖ ਦੇ ਵਸ ਵਿਚ ਕੀ ਹੋਇਆ ? ਜੇ ਉਸ ਦੇ ਵਸ ਵਿਚ ਹੀ ਕੁਝ ਨਹੀਂ ਤਾਂ ਫਿਰ ਓਹ ਕਰਮਾਂ ਦਾ ਜ਼ਿੰਮਾਵਾਰ ਕਿਵੇਂ ਹੋਇਆ ? ਜ਼ਿੰਮਾਵਾਰੀ ਜਦ ਓਹਦੇ ਸਿਰ ਆਉਂਦੀ ਹੀ ਨਹੀਂ ਸਭ ਕੁਝ ਕਰਤਾਰੀ ਸ਼ਕਤੀ ਨਾਲ ਹੋ ਰਿਹਾ ਹੈ, ਸਭ ਕੁਝ ਉਸ ਦੇ ਹੁਕਮ ਵਿਚ ਹੈ ਤਾਂ ਫਿਰ ਭੁਗਤਾਨ ਕਿਸ ਗੱਲ ਦਾ ?

ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸ ਭਾਵੈ ਸੋਈ ਹੋਗ ॥
ਖਿਨ ਮਹਿ ਥਾਪਿ ਉਥਾਪਨਹਾਰਾ ॥ ਅੰਤ ਨਹੀਂ ਕਿਛੁ ਪਾਰਾਵਾਰਾ ॥
ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੈ ਉਪਜੈ ਹੁਕਮਿ ਸਮਾਵੈ ॥
ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥
ਕਰਿ ਕਰਿ ਦੇਖੈ ਅਪਨੀ ਵਡਿਆਈ ॥
ਨਾਨਕ ਸਭ ਮਹਿ ਰਹਿਆ ਸਮਾਈ ॥੧॥੧੧॥
ਇਸਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥
ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥
ਕਬਹੂ ਊਚ ਨੀਚ ਮਹਿ ਬਸੈ ॥ ਕਬਹੂ ਸੋਗ ਹਰਖ ਰੰਗਿ ਹਸੈ ॥
ਕਬਹੂ ਨਿੰਦ ਚਿੰਦ ਬਿਉਹਾਰ ॥ ਕਬਹੂ ਊਭ ਅਕਾਸ ਪਇਆਲ ॥
ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪ ਮਿਲਾਵਣਹਾਰ ॥੫॥੧੧॥
(ਗਉੜੀ ਸੁਖਮਨੀ ਮ: ੫)

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥
ਅਸਾ ਜੋਰ ਨਾਹੀ ਜੇ ਕਿਛੁ ਕਰਿ ਹਮ ਸਾਕਹਿ
ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧ ਆਪੇ ਕਾਰੈ ਲਾਇਆ ॥
ਜੇਹਾ ਤੂ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ
ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥
ਪੰਜ ਤਤੁ ਕਰਿ ਤੁਧੁ ਸ੍ਰਿਸ਼ਟਿ ਸਭ ਸਾਜੀ
ਕੋਈ ਛੇਵਾ ਕਰਉ ਜੇ ਕਿਛੁ ਕੀਤਾ ਹੋਵੈ ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ
ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥੪॥੧੫॥੨੪॥

(ਸੂਹੀ ਮ: ੪)

ਉਪਰੋਕਤ ਪ੍ਰਮਾਣਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਜੋ ਕੁਝ ਕਰਤਾਰੀ ਹੁਕਮ ਹੈ ਹੋਣਾ ਓਹੀ ਕੁਝ ਹੈ। ਜੀਵ ਆਤਮਾ ਦੇ ਵਸ ਵਿਚ ਕੁਝ ਵੀ ਨਹੀਂ। ਇਥੋਂ ਤਕ ਕਿ ਇਸ਼ ਦਾ ਆਪਣਾ ਬਲ ਵੀ ਇਸ ਦੇ ਆਪਣੇ ਅਧਿਕਾਰ ਵਿਚ ਨਹੀਂ। ਜੇ ਕਰ ਇਹ ਗੱਲ ਠੀਕ ਹੈ ਤਾਂ ਫਿਰ ਜੀਵ ਕਰਮ ਕਰਨ ਵਿਚ ਪੂਰੀ ਤਰ੍ਹਾਂ ਨਿਰੰਕਾਰੀ ਹੁਕਮ ਦੇ ਪ੍ਰਤੰਤਰ ਹੈ। ਫੇਰ 'ਲੇਖਾ ਰੱਬ ਮੰਗੇਸੀਆ' ਜਾਂ 'ਸਹੁ ਵੇ ਜੀਆ ਅਪਣਾ ਕੀਆ' ਦਾ ਕੀ ਮਤਲਬ?

ਇਸ ਗੱਲ ਵਿਚ ਸ਼ੱਕ ਵਾਲੀ ਗੱਲ ਕੋਈ ਨਹੀਂ। ਹਰ ਪ੍ਰਤੰਤਰਤਾ ਵਿਚ ਸੁਤੰਤਰਤਾ ਵੀ ਹੁੰਦੀ ਹੈ। ਜਿਸ ਤਰ੍ਹਾਂ ਨਦੀ ਵਿਚ ਮਛੀਆਂ ਤਾਰੀ ਲਾਣ ਵਿਚ ਤਾਂ ਸੁਤੰਤਰ ਹਨ, ਪਰ ਨਦੀ ਦੀ ਹਦ ਵਿਚ ਰਹਿ ਕੇ ਹੀ ਉਸ ਤੋਂ ਬਾਹਰ ਜਾ ਕੇ ਨਹੀਂ। ਜਾਂ ਹਰ ਮੈਜਿਸਟ੍ਰੇਟ ਨੂੰ ਕਾਨੂੰਨ ਵਿਚ ਰਹਿ ਕੇ ਆਪਣੇ ਮਿਲੇ ਹੋਏ ਅਧਿਕਾਰਾਂ ਦੇ ਵਰਤਣ ਦੀ ਪੂਰੀ-ਪੂਰੀ ਖੁਲ੍ਹ ਹੈ। ਇਹ ਵੀ ਕਹਿ ਸਕਦੇ ਹਾਂ ਦੇਸ਼ ਦੇ ਬਣੇ ਹੋਏ ਕਾਨੂੰਨ ਵਿਚ ਵਿਚਰਦੇ ਹੋਏ ਆਜ਼ਾਦੀ ਨਾਲ ਜੀਵਨ ਬਤੀਤ ਕਰਨ ਦਾ ਨਾਂ ਹੀ ਆਜ਼ਾਦੀ ਹੈ। ਇਸੇ ਤਰ੍ਹਾਂ ਨਿਰੰਕਾਰੀ ਹੁਕਮ ਅਨੁਸਾਰ ਮਿਲੀ ਹੋਈ ਕਿਰਤ, ਬੁਧੀ ਤੇ ਬਲ ਨੂੰ ਅਸੀਂ ਪੂਰਨ ਸੁਤੰਤਰਤਾ ਨਾਲ ਵਰਤ ਸਕਦੇ ਹਾਂ। ਦਿਤੇ ਹੋਏ ਅਧਿਕਾਰਾਂ ਦੇ ਅੰਦਰ-ਅੰਦਰ ਸਾਨੂੰ ਕਰਮ ਕਰਨ ਦੀ ਪੂਰੀ-ਪੂਰੀ ਖੁਲ੍ਹ ਹੈ। ਇਸ ਲਈ ਇਨ੍ਹਾਂ ਕਰਮਾਂ ਦੀ ਜ਼ਿਮਾਮਾਰੀ ਵੀ ਸਾਡੇ ਉਤੇ ਹੀ ਪੈਂਦੀ ਹੈ ਤੇ ਅਧਿਕਾਰਾਂ ਦੀ ਗ਼ਲਤ ਵਰਤੋਂ ਦਾ ਲੇਖਾ ਵੀ ਚੁਕਾਣਾ ਪੈਂਦਾ ਹੈ। ਫੇਰ ਹੋਇਆ ਤਾਂ ਸਭ ਕੁਝ ਹੁਕਮ ਦੇ ਅੰਦਰ ਹੀ ਹੈ। ਪਰ ਹੁਕਮ ਵਿਚ ਮਿਲੀ ਸੁਤੰਤਰਤਾ ਦੀ ਗ਼ਲਤ ਵਰਤੋਂ ਨੇ ਹੀ ਸਾਨੂੰ ਦੋਸ਼ੀ ਠਹਿਰਾਇਆ ਹੈ। ਏਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਇਹ ਉਪਦੇਸ਼ ਦੇ ਕੇ ਸੁਚੇਤ ਕੀਤਾ ਹੈ ਕਿ ਜੋ ਅਧਿਕਾਰ ਨਿਰੰਕਾਰੀ ਹੁਕਮ ਨੇ ਤੈਨੂੰ ਨਾਲ ਲਿਖ ਕੇ ਦਿਤੇ ਹਨ, ਓਹਨਾਂ ਨੂੰ ਮਿਠਾ ਕਰ ਕੇ ਮੰਨਣ ਨਾਲ ਹੀ ਤੇਰੀ ਨਿਰੰਕਾਰ ਨਾਲ ਪਈ ਵਿਥ ਮਿਟ ਸਕਦੀ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

(ਜਪੁਜੀ ਮ: ੧)

ਕਿਉਂਕਿ ਪ੍ਰਤੰਤਰਤਾ ਵਿਚ ਸੁਤੰਤਰਤਾ ਹੈ ਇਸ ਲਈ ਹੁਕਮ ਵਿਚ ਰਹਿੰਦਿਆਂ-ਬਹਿੰਦਿਆਂ ਮਿਲੀ ਹੋਈ ਸੁਤੰਤਰਤਾ ਦੀ ਅਯੋਗ ਕੀਤੀ ਗਈ ਵਰਤੋਂ ਸਾਨੂੰ ਕਰਮਾਂ ਦੀ ਜ਼ਿੰਮਾਵਾਰ ਠਹਿਰਾਂਦੀ ਹੈ। ਇਸ ਲਈ ਇਸ ਦਾ ਭੁਗਤਾਨ ਵੀ ਸਾਨੂੰ ਹੀ ਕਰਨਾ ਪੈਂਦਾ ਹੈ ਤੇ ਜਿਸ ਤਰ੍ਹਾਂ ਪਹਿਲੇ ਦਸਿਆ ਜਾ ਚੁਕਿਆ ਹੈ, ਹਉ ਆਸਰੇ ਕੀਤੇ ਗਏ ਕਰਮ ਅਨੁਸਾਰ ਹੀ ਸਾਡਾ ਸੁਭਾਵ ਸਾਨੂੰ ਵਿਰਸੇ

ਵਿਚ ਮਿਲਿਆ ਹੈ ਤੇ ਅਸੀਂ ਇਸ ਮਿਲੇ ਸੁਭਾਵ ਅਨੁਸਾਰ ਹੀ ਬਣੀਆਂ ਲੀਹਾਂ ਵਿਚ ਕਰਮ ਕਰਦੇ ਇਸ ਕਰਮ-ਜਾਲ ਨੂੰ ਦਿਨੋਂ-ਦਿਨ ਤਕੜਾ ਤੇ ਅਮਿਟ ਬਣਾ ਰਹੇ ਹਾਂ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਕਰਮ-ਜਾਲ ਟੁਟ ਵੀ ਸਕਦਾ ਹੈ ? ਜੇ ਟੁਟ ਸਕਦਾ ਹੈ ਤਾਂ ਓਹ ਕਿਸ ਤਰ੍ਹਾਂ ?

ਇਸ ਲੇਖ ਦੇ ਅਰੰਭ ਵਿਚ ਭਿੰਨ-ਭਿੰਨ ਸ਼ਾਸਤਰ-ਕਾਰਾਂ ਤੇ ਧਰਮਾਂ ਦੇ ਕਰਮ ਸਿਧਾਂਤਾਂ ਦਾ ਜ਼ਿਕਰ ਵਿਸਥਾਰ ਨਾਲ ਕੀਤਾ ਜਾ ਚੁਕਾ ਹੈ। ਅਮੂਮਨ ਇਸ ਸਬੰਧ ਵਿਚ ਇਕ ਗੱਲ ਤੇ ਸਾਰੇ ਹੀ ਮੁਤਫਿਕ ਹਨ ਕਿ ਕਰਮ ਅਮਿਟ ਹਨ ਤੇ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਦਾ ਭੁਗਤਾਨ ਕਰਨਾ ਹੀ ਪੈਣਾ ਹੈ। ਜਦ ਕਰਮ ਹਨ ਚੰਗੇ ਜਾਂ ਮੰਦੇ, ਪੁੰਨ ਜਾਂ ਪਾਪ, ਗੁਨਾਹ ਜਾਂ ਸਵਾਬ ਆਦਿ ਦਾ ਵਿਚਾਰ ਬਣਿਆ ਹੀ ਰਹਿਣਾ ਹੈ ਤੇ ਮਨੁੱਖ ਨੇ ਇਨ੍ਹਾਂ ਜਕੌੜਾਂ ਵਿਚ ਜਕੜਿਆ ਹੀ ਰਹਿਣਾ ਹੈ। ਹਥਕੜੀ ਭਾਵੇਂ ਸੋਨੇ ਦੀ ਹੋਵੇ ਜਾਂ ਲੋਹੇ ਦੀ, ਹੈ ਤਾਂ ਹਥਕੜੀ ਹੀ। ਸੋ ਕਰਮ ਭਾਵੇਂ ਪਾਪੀ ਹੋਵਨ ਜਾਂ ਪੁੰਨੀ ਹਨ ਓਹ ਵੀ ਬੰਧਨ ਹੀ ਹਨ। ਮੁਕਤੀ ਤੋਂ ਭਾਵ ਤਾਂ ਫੇਰ ਕਰਮ-ਮੁਕਤ ਹੋਣਾ ਹੀ ਹੈ। ਪਰ ਕਰਮ ਮੁਕਤ ਹੋਈਏ ਕਿਵੇਂ ?

ਗੁਰਮੱਤ ਕਰਮ ਦਾ ਅਵਸ਼ ਹੀ ਫਲੀਭੂਤ ਹੋਣਾ ਮੰਨਦੀ ਤਾਂ ਹੈ, ਪਰ ਕਰਮਾਂ ਨੂੰ ਇਨ੍ਹਾਂ ਸ਼ਕਤੀ-ਸ਼ਾਲੀ ਤੇ ਅਮਿਟ ਨਹੀਂ ਮੰਨਦੀ ਜਿੰਨਾਂ ਕੁਝ ਕਿ ਸ਼ਾਸ਼ਤਰਕਾਰਾਂ ਨੇ ਮੰਨਿਆ ਹੈ।

ਉਪਰ ਹੋਈ ਵਿਚਾਰ ਵਿਚ ਅਸੀਂ ਚੰਗੀ ਤਰ੍ਹਾਂ ਵਿਚਾਰ ਚੁਕੇ ਹਾਂ ਜੋ ਕਰਮਾਂ ਦਾ ਅੰਤ੍ਰੀਵ ਅਸਰ ਤਾ ਖਾਸ ਸੁਭਾਵ ਪੈਦਾ ਕਰਨਾ ਹੈ। ਇਹ ਸੁਭਾਵ ਹੀ ਸਾਡੇ ਲੇਖ ਬਣ ਜਾਂਦਾ ਹੈ ਤੇ ਜਦ ਤਕ ਅਸੀਂ ਇਸ ਖਾਸ ਸੁਭਾਵ ਦੇ ਮਗਰ ਟੁਰਦੇ ਹਾਂ ਪਿਛਲੇ ਕਰਮਾਂ ਤੋਂ ਬਚਣਾ ਸਾਡੇ ਲਈ ਅਸੰਭਵ ਹੈ। ਪਰ ਜੇਕਰ ਅਸੀ ਗੁਰੂ ਦੀ ਮਤ ਨੂੰ ਅਪਨਾ ਕੇ ਮਨ-ਮਤ ਤਿਆਗਣਾ ਦ੍ਰਿੜ ਕਰ ਲਈਏ ਤਾਂ ਸਾਡਾ ਪੁਰਾਣਾ ਸੁਭਾਵ ਖੁਦ ਬਖੁਦ ਹੀ ਖਤਮ ਹੋ ਜਾਵੇਗਾ ਤੇ ਅਸੀਂ ਗੁਰੂ ਹੁਕਮ ਵਿਚ ਚਲਕੇ ਉਸ ਦੇ ਉਚੇ ਸੁਭਾ ਨੂੰ ਅਪਨਾ ਲਵਾਂਗੇ। ਸੋ ਲੋੜ ਹੈ ਮਨ ਨੂੰ ਗੁਰੂ ਅਨਸਾਰੀ ਤੋਰਨ ਦੀ। ਗੁਰ ਉਪਦੇਸ਼ ਦੇ ਸਾਂਚੇ ਵਿਚ ਮਨ ਨੂੰ ਢਾਲ ਲੈਣਾ ਸੁਭਾਵ ਨੂੰ ਗੁਰੂ ਦੇ ਉਚ ਸੁਭਾਵ ਵਿਚ ਬਦਲ ਲੈਣਾ ਹੈ। ਸੁਭਾਵ ਬਦਲ ਜਾਣ ਨਾਲ ਕਰਮ ਦਾ ਅੰਤ੍ਰੀਵ ਅਸਰ ਵੀ ਬਦਲ ਜਾਵੇਗਾ ਤੇ ਉਹ ਕਰਮ ਜਾਲ ਫੰਦੇ ਤੋਂ ਖਲਾਸੀ ਪਾ ਲਵੇਗਾ—

ਚੂਕਾ ਭਾਰਾ ਕਰਮਾ ਕ ਹੋਏ ਨਿਹਕਰਮਾ ॥

ਸਾਗਰ ਤੇ ਕਢੇ ਚੜੇ ਗੁਰਿ ਕੀਨੇ ਧਰਮਾ ॥ ੩ ॥ ॥ ੫ ॥ ੧੪ ॥

(ਮਾਰੂ ਮ: ੫)

ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ ੫ ॥ ੧ ॥

(ਭੈਰਉ ਮ: ੩)

ਸਤਿਗੁਰ ਮਿਲਿਐ ਫਲੁ ਪਾਇਆ
ਜਿਨਿ ਵਿਚਹੁ ਅਹਕਰਣੁ ਚੁਕਾਇਆ
ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥ ੧੧ ॥ ੧ ॥

(ਸ੍ਰੀ ਰਾਗ ਮ: ੫ ਅਸਟਪਦੀਆਂ)

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥ ੧ ॥ ੨੨ ॥

(ਸਲੋਕ ਮ: ੩ ਵਾਰ ਸੋਰਠਿ)

ਬਾਘੁ ਮਰੈ ਨ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥
ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥

(ਸਲੋਕ ਵਾਰਾਂ ਤੋਂ ਵਧੀਕ ਮ: ੧)

ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤਿ ਪਾਈ ਫਿਰਨ ਮਿਟੇ ਨਿਤ ਨੀਤ ॥ ੧ ॥ ੩੯ ॥

(ਗਉੜੀ ਬਾਵਨ ਆਖਰੀ ਮ: ੫)

ਜਦ ਗੁਰਸਿਖ ਆਪਣੀ ਹਉ ਗੁਰੂ ਨੂੰ ਸੌਂਪ ਦੇਂਦਾ ਹੈ, ਜਾਂ ਦੂਜੇ ਸ਼ਬਦਾਂ ਵਿਚ ਆਪਣੀ ਮਰਜ਼ੀ ਨਿਰੰਕਾਰੀ ਹੁਕਮ ਦੇ ਤਾਬੇ ਕਰ ਦੇਂਦਾ ਹੈ, ਉਹ ਨਾਮ ਵਿਚ ਲੀਨ ਹੋ ਜਾਂਦਾ ਹੈ। ਉਹਦੇ ਅੰਦਰ ਨਾਮ ਦਾ ਪਰਗਾਸ ਹਿਰਦੇ ਕੰਵਲ ਨੂੰ ਖਿੜਾ ਦੇਂਦਾ ਹੈ ਤੇ ਉਸਦਾ ਕਰਮ ਜਾਲ ਟੁਟ ਜਾਂਦਾ ਹੈ। ਇਸ ਅਵਸਥਾ ਵਿਚ ਉਹ ਕਰਮ ਕਰਦਿਆਂ ਵੀ ਨਿਹਕਰਮਾ ਹੈ। ਉਸਦੇ ਕਰਮ ਮੁਕ ਗਏ ਹਨ। ਸਾਹਿਬ ਫੁਰਮਾਂਦੇ ਹਨ:

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ।
ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ ॥ ੯ ॥ ੧ ॥

[ਮਲਾਰ ਮ: ੩ ਅਸਟਪਦੀਆਂ]

ਕੇਤੇ ਪੰਡਤਿ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨਾ ਛੁਟਸੀ ਕਹਿ ਸੁਣਿ ਆਖਿ ਵਖਾਣੁ ॥ ੭ ॥ ੫ ॥

[ਸ੍ਰੀ ਰਾਗ ਮ: ੧ ਅਮਟਪਦੀਆਂ]

ਜਿਨ੍ਹਾਂ ਅੰਦਰ 'ਹੁਕਮ ਰਜਾਈ ਚਲਣਾ' ਦੀ ਬਾਣ ਦ੍ਰਿੜ ਹੋਈ, ਉਹਨਾਂ ਉਤੇ ਉਸਦੀ ਮੇਹਰ ਹੋਈ ਤੇ ਉਨ੍ਹਾਂ ਅੰਦਰ ਨਾਮ ਦਾ ਅਖੁਟ ਖਜ਼ਾਨਾ ਪ੍ਰਗਟ ਹੋ ਪਿਆ। ਜਿਨ੍ਹਾਂ ਦੇ ਮਨ ਵਿਚ ਨਾਮ ਨਿਧਾਨ ਵਸਿਆ, ਉਹ ਨਾਮੀ ਨਾਲ ਤਦਰੂਪ ਹੋ ਗਏ। ਉਹਨਾਂ ਦਾ ਆਵਣ ਜਾਣ ਮੁਕ ਗਿਆ ਤੇ ਉਹਨਾਂ ਦੇ ਕਰਮ ਵੀ ਮਿਟ ਗਏ :

ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ ॥
ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥
ਨਾਮੁ ਅਖੁਟੁ ਨਿਧਾਨ ਹੈ ਗੁਰਮੁਖਿ ਮਨਿ ਵਸਿਆ ॥
ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥
ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥ ੬ ॥
[ਵਾਰ ਸੂਹੀ ਮ: ੫]

ਗੁਰਮਤ ਤੇ ਤੁਰਨਾ ਗੁਰਮੁਖ ਹੋਣਾ ਹੈ। ਗੁਰਮੁਖ ਹੋਣਾ ਕਰਮ ਮੁਕਤ ਹੋਣਾ ਹੈ ਤੇ ਕਰਮ ਮੁਕਤ ਹੋਣਾ ਨਿਰੰਕਾਰੀ ਜੋਤ ਨਾਲ ਅਭੇਦ ਹੋਣਾ ਹੈ :

ਗੁਰਮੁਖਿ ਚੂਕੇ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥
ਗੁਰਮੁਖਿ ਖੋਟੈ ਖਰੇ ਪਛਾਣਿ ॥ ਗੁਰਮੁਖਿ ਲਾਗੈ ਸਹਿਜ ਧਿਆਨੁ ॥
ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥ ੪ ॥
[ਰਾਮਕਲੀ ਸਿਧ ਗੋਸਟਿ ਮ: ੧]

ਕਿਰਤੁ ਨ ਕੋਈ ਮੇਟਣਹਾਰਾ ॥ ਗੁਰ ਕੈ ਸਬਦੇ ਮੋਖ ਦੁਵਾਰਾ ॥
ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰ ਪਛਾਤਾ ਹੇ ॥੭॥੯॥
[ਮਾਰੂ ਮ: ੩ ਸੋਲਹੇ]

ਗੁਰਮਤ ਅਨੁਸਾਰ ਜੀਵ ਆਤਮਾ ਦੇ ਸਿਰਲੇਖ ਹੇਠਾਂ ਅਸੀਂ ਇਹ ਗਲ ਭਲੀ ਭਾਂਤ ਵਿਚਾਰ ਚੁਕੇ ਹਾਂ, ਜੋ ਇਹ ਜੀਵ ਆਤਮਾ ਨਿਰੰਕਾਰ ਦੀ ਆਪਣੀ ਕਿਰਤ ਹੈ ਤੇ ਹਰ ਸਾਜਨਹਾਰ ਆਪਣੀ ਸਾਜਨਾ ਲਈ ਕੋਈ ਆਦਰਸ਼ ਰਖਦਾ ਹੈ ਤੇ ਉਹ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਇਸ ਪ੍ਰਕਾਰ ਵਰਨਨ ਕੀਤਾ ਹੈ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ੧ ॥
[ਜਪੁ ਮ: ੧]

ਇਹੋ ਗਲ ਆਪ ਆਸਾ ਜੀ ਦੀ ਵਾਰ ਦੀ ਅੰਤਲੀ ਪਉੜੀ ਵਿਚ ਵੀ ਫੁਰਮਾਂਦੇ ਹਨ :

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿਨੈ ਪਾਇ ॥ ੨੪ ॥
[ਵਾਰ ਆਸਾ ਮ: ੧]

ਇਸੇਤਰ੍ਹਾਂ ਫਿਰ ਹੋਰ ਥਾਂ ਕਿਹਾ ਹੈ :

ਕਰਣੀ ਕਾਰ ਧੁਰਹੁ ਫਰਮਾਈ ਆਪਿ ਮੂਆ ਮਨੁ ਮਾਰੀ ॥
ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ। ੫। ੨।
[ਧਨਾਸਰੀ ਮ: ੧ ਛੰਤ]

ਚਿਤਰ ਗੁਪਤ

ਗੁਰਬਾਣੀ ਵਿਚ ਕਈ ਥਾਈਂ ਚਿਤ੍ਰ ਗੁਪਤ ਸ਼ਬਦਿ ਵਰਤਿਆ ਗਿਆ ਹੈ। ਪਿਛੇ ਦਿਤੀ ਗਈ ਵਿਚਾਰ ਤੋਂ ਤਾਂ ਇਹ ਸਿਧ ਹੁੰਦਾ ਹੈ ਕਿ ਕਰਮਾਂ ਦਾ ਅੰਤ੍ਰੀਵ ਅਸਰ ਇਕ ਖਾਸ ਸੁਭਾਵ ਦਾ ਉਸਰਨਾ ਹੈ, ਜਿਸ ਅਨੁਸਾਰ ਜੀਵ ਨੇ ਅਗੋਂ ਦੇ ਕਰਮ ਚਿਤ੍ਰ ਚਿਤਰਨੇ ਹਨ। ਇਹੀ ਸੁਭਾਵ ਇਸ਼ਦੇ ਲੇਖ ਹਨ। ਸੁਭਾਵ ਬਦਲਣਾ ਭਾਵੇਂ ਕਠਨ ਤਾਂ ਹੈ, ਪਰ ਅਸੰਭਵ ਨਹੀਂ। ਗੁਰ-ਉਪਦੇਸ਼ ਨੂੰ ਧਾਰਨ ਕਰਨ ਨਾਲ ਬਦਲ ਜਾਂਦਾ ਹੈ। ਰਬੀ ਹੁਕਮ ਦੀ ਪਛਾਣ ਹੋਣ ਤੇ ਵਾਹਿਗੁਰੂ ਦੀ ਮਿਹਰ ਦੇ ਸਦਕੇ ਫਿਰ ਇਹ ਆਪਣੀ ਹਉਂ ਨੂੰ ਤਿਆਗ ਉਸਦੇ ਅਨੁਸਾਰੀ ਹੋ ਜਾਂਦਾ ਹੈ ਤੇ ਅੰਤ ਨੂੰ ਨਿਰੰਕਾਰੀ ਸੁਭਾਵ ਵਾਲਾ ਬਣ ਜਾਂਦਾ ਹੈ। ਇਸ ਅਭੇਦਤਾ ਦੀ ਅਵਸਥਾ ਵਿਚ ਇਹ ਕਰਮ ਕਰਦਿਆਂ ਵੀ ਨਿਹਕਰਮ ਹੈ। ਹੁਣ ਇਸਦੇ ਪਿਛਲੇ ਕਰਮ ਲੇਖ ਮਿਟ ਗਏ ਹਨ ਤੇ ਨਵੇਂ ਉਕਰੇ ਨਹੀਂ ਜਾ ਰਹੇ, ਕਿਉਂਕਿ ਇਹ ਕਰਮ ਹੁਣ ਉਹ ਆਪ ਨਹੀਂ ਕਰ ਰਿਹਾ। ਉਹ ਹੁਣ ਨਿਰੰਕਾਰ ਨਾਲ ਅਭੇਦ ਹੋ ਕੇ ਨਿਰੰਕਾਰ ਬਣ ਗਿਆ ਹੈ। ਇਸ ਲਈ ਉਹਦੇ ਸਮੂਹ ਕਰਮ ਨਿਰੰਕਾਰੀ ਹਨ।

ਜੇਕਰ ਉਪਰੋਕਤ ਵਿਚਾਰ ਗੁਰਮਤ ਦੀ ਮੰਨ ਲਈਏ, ਤਾਂ ਫਿਰ ਚਿਤਰ ਗੁਪਤ ਕੌਣ ਹੋਏ ? ਗੁਰਬਾਣੀ ਵਿਚ ਆਇਆ ਹੈ :

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ। ੨੭।
(ਜਪੁ ਮ: ੧)

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥ ੯੧ ॥
(ਆਸਾ ਮ: ੫)

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨਾ ਚਲੀ ॥
ਨਾਨਕ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥ ੧ ॥
[ਸ੍ਰੀ ਰਾਗ ਮ: ੫ ਛੰਤ]

ਪੁਰਾਣਾਂ ਅਨੁਸਾਰ ਚਿਤਰ ਗੁਪਤ ਧਰਮ ਰਾਜ ਦਾ ਇਕ ਲਿਖਾਰੀ ਕਿਹਾ ਜਾਂਦਾ ਹੈ, ਜੋ ਗੁਪਤ ਢੰਗ ਨਾਲ ਸਾਰੇ ਜੀਵਾਂ ਦੇ ਕਰਮਾਂ ਦਾ ਵੇਰਵਾ ਪੂਰਨ ਤੌਰ ਤੇ ਲਿਖਦਾ ਹੈ।

ਸਿਕੰਦ ਪੁਰਾਨ ਅਨੁਸਾਰ ਇਹ ਹਿਸਾਬ ਦਾ ਇਕ ਬਹੁਤ ਹੀ ਨਿਪੁੰਨ ਰਾਜਾ ਹੈ। ਇਕ ਦਿਨ ਜਦ ਸੌਚ ਇਸ਼ਨਾਨ ਕਰਨ ਗਿਆ, ਤਾਂ ਧਰਮ ਰਾਜ ਨੇ ਉਸ ਨੂੰ ਉਥੋਂ ਚੁਕਵਾ ਕੇ ਆਪਣੇ ਦਫਤਰ ਵਿਚ ਲੈ ਆਂਦਾ ਤੇ ਆਪਣੇ ਦਫਤਰ ਦਾ ਕੰਮ ਉਸਦੇ ਸਪੁਰਦ ਕਰ ਦਿਤਾ। ਉਦੋਂ ਤੋਂ ਹੀ ਉਹ ਧਰਮਰਾਜ ਦੇ ਦਫਤਰ ਵਿਚ ਜੀਵਾਂ ਦੇ ਕਰਮਾਂ ਦੀ ਮੁਨੀਮੀ ਕਰ ਰਿਹਾ ਹੈ।

ਭਵਿਸ਼ਯਤ ਪੁਰਾਨ ਵਿਚ ਲਿਖਿਆ ਹੈ ਕਿ ਸ੍ਰਿਸ਼ਟੀ ਰਚਨਾ ਕਰਨ ਉਪਰੰਤ ਜਦ ਬ੍ਰਹਮਾ ਸਮਾਧੀ ਅਸਥਿਤ ਹੋਇਆ, ਤਾਂ ਇਕ ਰੰਗ ਬਰੰਗਾ ਪੁਰਸ਼ ਉਸਦੇ ਸਰੀਰ ਵਿਚੋਂ ਉਤਪੰਨ ਹੋਇਆ। ਉਸ ਵੇਲੇ ਉਸ ਦੇ ਹਥ ਵਿਚ ਕਲਮ ਦਵਾਤ ਵੀ ਸੀ! ਜਦ ਬ੍ਰਹਮਾ ਦੀ ਸਮਾਧੀ ਖੁਲ੍ਹੀ, ਤਾਂ ਇਸ ਚਿਤਰੇ ਪੁਰਸ਼ ਨੇ ਬ੍ਰਹਮਾ ਜੀ ਪਾਸੋਂ ਪੁਛਿਆ, ਕਿ ਉਹ ਕਿਸ ਕੰਮ ਲਈ ਪ੍ਰਗਟਾਇਆ ਗਿਆ ਹੈ। ਇਸ ਤੇ ਬ੍ਰਹਮਾ ਨੇ ਇਸ ਨੂੰ ਆਪਣੇ ਸਰੀਰ ਵਿਚੋਂ ਪੈਦਾ ਹੋਇਆ ਜਾਣਕੇ ਕਾਯਸਥ ਨਾਮ ਰਖਿਆ ਤੇ ਉਸ ਨੂੰ ਜੀਵਾਂ ਦੇ ਕਰਮਾਂ ਦਾ ਹਿਸਾਬ ਕਿਤਾਬ ਰਖਣ ਦਾ ਕੰਮ ਸੌਂਪ ਦਿਤਾ। ਉਸ ਦਿਨ ਤੋਂ ਇਹ ਆਪਣੀ ਸੇਵਾ ਨੇਕ-ਨੀਯਤੀ ਨਾਲ ਨਿਭਾ ਰਿਹਾ ਹੈ।

ਗਰੜ ਪੁਰਾਣ ਅਨੁਸਾਰ ਇਹ ਇਕ ਨਵੇਕਲੀ ਪੁਰੀ ਦਾ ਮਾਲਕ ਹੈ ਤੇ ਇਸਦੀ ਪੁਰੀ ਧਰਮਰਾਜ ਦੀ ਪੁਰੀ ਦੇ ਨੇੜੇ ਹੀ ਹੈ।

ਕਈਆਂ ਦਾ ਖਿਆਲ ਹੈ ਕਿ ਇਹ ਦੋ ਫਰਿਸ਼ਤੇ ਹਨ, ਜਿਨ੍ਹਾਂ ਦਾ ਨਾ ਕਿਰਾਮਨ ਕਾਤਬੀਨ ਹੈ। ਸ਼ੁਭ ਕਰਮਾਂ ਦੀ ਵਹੀ ਰਖਣ ਵਾਲਾ ਮਨੁਖ ਦੇ ਸਜੇ ਪਾਸੇ ਤੇ ਕੁਕਰਮ ਲਿਖਣ ਵਾਲਾ ਖਬੇ ਪਾਸੇ ਹਾਜ਼ਰ ਰਹਿੰਦਾ ਹੈ। ਪਰਲੋ ਸਮੇਂ ਇਹ ਆਪਣੀਆਂ ਵਹੀਆਂ ਪੇਸ਼ ਕਰਦੇ ਹਨ ਤੇ ਉਸਦੇ ਅਧਾਰ ਤੇ ਦੋਜ਼ਖ ਜਾਂ ਬਹਿਸ਼ਤ ਦਾ ਹੁਕਮ ਜਾਰੀ ਹੁੰਦਾ ਹੈ।

ਕਬੀਰ ਜੀ ਨੇ ਇਸਦਾ ਨਾਂ ਕਾਇਥਚੇਤੁ ਦਸਿਆ ਹੈ---

ਘਰੀ ਘਰੀ ਕਾ ਲੇਖਾ ਮਾਂਗੈ ਕਾਇਥੁਚੇਤੂ ਨਾਉ ॥

[ਮਾਰੂ ਕਬੀਰ ਜੀ]

ਕਾਇਥ ਚੇਤੂ ਦੇ ਅਰਥ ਹਨ, ਸਰੀਰ ਦੇ ਅੰਦਰ ਵਸਦੀ ਉਹ ਚੇਤੰਨ ਸਤਾ, ਜਿਸਨੂੰ ਜ਼ਮੀਰ, ਵਿਵੇਕ ਸ਼ਕਤੀ ਅਥਵਾ [Consccence] ਕਿਹਾ ਜਾਂਦਾ ਹੈ। ਇਸਦਾ ਦੂਜਾ ਨਾਂ ਚਿਤਰ ਗੁਪਤ ਵੀ ਹੈ।

ਮਾਨਸਕ ਖੋਜੀਆਂ ਨੇ ਅੰਤਹਕਰਨ ਦੇ ਦੋ ਮੁਖ ਭਾਗ ਮੰਨੇ ਹਨ। ਸੁਚੇਤ

ਤੇ ਅਚੇਤ। ਜਾਗ੍ਰਤ ਅਵਸਥਾ ਵਿਚ ਚੇਤਨਤਾ ਦੀ ਰੌ ਚਲਦੀ ਰਹਿੰਦੀ ਹੈ ਤੇ ਮਨੁਖੀ ਅੰਤ੍ਹਕਰਣ ਗਿਆਨ ਇੰਦਰੀਆਂ ਦੁਆਰਾ ਬਾਹਰਲੇ ਵਿਸ਼ਿਆਂ ਦੇ ਸੰਸਕਾਰ ਪੈਂਦੇ ਤੇ ਚਲਦੀਆਂ ਫਿਰਦੀਆਂ ਤਸਵੀਰਾਂ ਦਾ ਏਕ ਤਮਾਸ਼ਾ ਜਿਹਾ ਲਗਾਈ ਰਖਦੇ ਹਨ। ਜਿਸ ਬਾਹਰਲੇ ਵਿਸ਼ੇ ਨਾਲ ਗਿਆਨ ਇੰਦ੍ਰਿਆਂ ਰਾਹੀਂ ਮਨ ਕੁਝ ਵਧੇਰੇ ਜੁੜਦਾ ਹੈ ਯਾ ਜਿਸਨੂੰ ਮਨ ਵਧੇਰੇ ਧਿਆਨਦਾ ਹੈ, ਉਹ ਅਚੇਤ ਭਾਗ ਵਿਚ ਚੇਤਾ ਬਣਕੇ ਬਹਿ ਜਾਂਦਾ ਹੈ ਤੇ ਉਹ ਫੁਰਨਾ ਸੰਸ਼ਕਾਰ ਬਣ ਕੇ ਅੰਤਹਕਰਣ ਦਾ ਇਕ ਲੇਖ ਬਣ ਜਾਂਦਾ ਹੈ ਤੇ ਕਦੇ ਕਿਧਰੇ ਮੌਕਾ ਤਾੜ ਸੁਪਨ ਅਵਸਥਾ 'ਚ ਰੂਪ ਬਦਲਕੇ ਸਾਕਾਰ ਹੋ ਜਾਂਦਾ ਹੈ, ਏਹੋ ਕਾਰਨ ਹੈ ਕਿ ਅਸੀਂ ਕਈ ਵਾਰ ਸੁਪਨੇਂ ਵਿਚ ਅਜਿਹੇ ਕਰਮ ਵੀ ਕਰ ਬਹਿੰਦੇ ਹਾਂ ਜਿਨ੍ਹਾਂ ਦਾ ਜ਼ਿਕਰ ਕਰਨਾਂ ਤਾਂ ਕਿਤੇ ਰਿਹਾ ਸਾਨੂੰ ਆਪ ਵੀ ਕਾਬਾਂ ਛਿੜ ਜਾਂਦਾ ਹੈ। ਅੰਤਹ ਕਰਣ ਦੇ ਸਭ ਤੋਂ ਹੇਠਲੇ ਡੂੰਘ ਵਿਚ ਸਾਡਾ ਵਿਰਸੇ ਵਿਚ ਮਿਲਿਆ ਸੁਭਾਵ ਰਹਿੰਦਾ ਹੈ। ਸੁਚੇਤ ਭਾਗ ਵਿਚ ਵਾਪਰਨ ਵਾਲੇ ਬਾਹਰਲੇ ਵਿਸ਼ਿਆਂ ਦੇ ਗ੍ਰਹਿਣ ਜਾਂ ਤਿਆਗ ਦੀ ਹੱਦ ਵੀ ਸੁਭਾਵ ਵਾਲੇ ਭਾਗ ਵਿਚੋਂ ਹੀ ਮਿਲਦੀ ਹੈ ਤੇ ਇਸ ਨੂੰ ਕ੍ਰਿਆ ਵਿਚ ਬਦਲਣ ਦੀ ਸ਼ਕਤੀ ਵੀ ਇਸੇ ਭਾਗ ਵਿਚੋਂ ਮਿਲਦੀ ਹੈ। ਹਰ ਫੁਰਨਾ ਜਾਂ ਕ੍ਰਿਆ ਮਾਨੋ ਇਕ ਸੰਸਕਾਰ ਹੈ।

ਜਿਸ ਤਰ੍ਹਾਂ ਰੇਤ ਵਿਚ ਤੁਰੀਏ ਤਾਂ ਖੁਰਾ ਲਗ ਜਾਂਦਾ ਹੈ ਇਸੇ ਤਰ੍ਹਾਂ ਮੰਨ ਵਿਚ ਆਂਦੇ ਜਾਂਦੇ ਸੰਕਲਪ ਆਪਣਾ ਖੁਰਾ ਛਡ ਜਾਂਦੇ ਹਨ, ਜੋ ਸਾਡਾ ਚੇਤਾ ਜਗਾਣ ਦਾ ਮੂਲ ਕਾਰਨ ਬਣਦੇ ਹਨ। ਇਹੀ ਸੰਸ਼ਕਾਰ ਮੁੜ ਮੁੜ ਜਦ ਸਾਡੀ ਕ੍ਰਿਆ ਰਾਹੀਂ ਪ੍ਰਗਟ ਹੋਣ ਤਾਂ ਇਹ ਆਦਤ ਬਣ ਜਾਂਦੀ ਹੈ। ਜੋ ਬਾਹਦ ਵਿਚ ਪਕੀ ਹੋ ਕੇ ਸੁਭਾਵ ਦਾ ਰੂਪ ਧਾਰ ਲੈਂਦੀ ਹੈ। ਜਿਤਨੀ ਕ੍ਰਿਆ ਵਿਚ ਅਸੀਂ ਹੁਣ ਪਰਵਿਰਤ ਹਾਂ ਉਹ ਬਾਹਲੀ ਸੁਭਾਵ ਅੰਮ੍ਰਿਤ ਹੀ ਹੁੰਦੀ ਹੈ ਤੇ ਸੁਭਾਵ ਪਿਛਲੇ ਕਰਮਾਂ ਦੀ ਅੰਤ੍ਰੀਵ ਘਾੜਤ ਹੈ। ਇਸ ਤਰ੍ਹਾਂ ਸੁਭਾਵ ਰਾਹੀਂ ਸਾਡੇ ਪਿਛਲੇ ਕਰਮ ਸੁਤੇ ਪ੍ਰਗਟ ਹੁੰਦੇ ਰਹਿੰਦੇ ਹਨ ਤੇ ਅਗੋਂ ਲਈ ਸੁਭਾਵ ਘੜਦੇ ਰਹਿੰਦੇ ਹਨ ਜਿਸ ਕਰਕੇ ਇਹ ਇਕ ਪਕਾ ਕਰਮ ਜਾਲ ਬਣ ਜਾਂਦਾ, ਜਿਸ ਤੋਂ ਛੁਟਕਾਰਾ ਪਾਣਾ ਮੁਸ਼ਕਲ ਹੋ ਜਾਂਦਾ ਹੈ।

ਸੋ ਸੰਖੇਪ ਵਿਚ ਅਸੀਂ ਇਉਂ ਕਹਿ ਸਕਦੇ ਹਾਂ। ਕਰਮ ਦਾ ਮੁਢ ਫੁਰਨੇ ਤੋਂ ਬਝਦਾ ਹੈ। ਫੁਰਨਾ ਚੰਗਾ ਵੀ ਹੁੰਦਾ ਹੈ, ਮੰਦਾ ਵੀ। ਇਹ ਜਿਹੋ ਜਿਹਾ ਹੋਵੇ ਉਹੋ ਜਿਹਾ ਅਸਲ ਵੀ ਪਾਂਦਾ ਹੈ ਤੇ ਆਪਣੇ ਸੂਖਸ਼ਮ ਖੁਰੇ ਮਨ ਉਤੇ ਛਡ ਜਾਂਦਾ ਹੈ। ਇਨ੍ਹਾਂ ਸੰਸਕਾਰਾਂ ਨੂੰ ਮੁੜ ਮੁੜ ਕ੍ਰਿਆ ਵਿਚ ਲਿਆਉਣ ਆਦਤ ਘੜਨੀ ਹੈ ਤੇ ਦ੍ਰਿੜ ਕਰਨਾ ਸੁਭਾਵ ਬਣਾਨਾ ਹੈ, ਜੋ ਬਾਹਲੀ ਕ੍ਰਿਆ ਦਾ ਮੂਲ ਤ੍ਰਾਣ ਬਣ

ਅਗੋਂ ਆਪਣੇ ਅਨੁਸਾਰੀ ਕਰ ਕੇ ਨਵੀਂ ਕ੍ਰਿਆ ਵਿਚ ਪਰਵਿਰਤ ਕਰਦਾ ਹੈ।

ਉਪਰਲੀ ਵਿਚਾਰ ਤੋਂ ਅਸੀਂ ਇਸ ਸਿਟੇ ਤੇ ਪੁਜੇ ਹਾਂ—

੧. ਹਰ ਫੁਰਨਾ ਇਕ ਸੰਸਾਰ ਹੈ, ਜੋ ਆਪਣਾ ਖੁਰਾ ਅਚੇਤ ਭਾਗ ਵਿਚ ਛਡ ਜਾਂਦਾ ਹੈ।

੨. ਜਿਸ ਫੁਰਨੇ ਨੂੰ ਸਮਾਜ, ਧਰਮ ਜਾਂ ਰਵਾਜ ਅਨਕੂਲ ਨਾ ਹੋਣ ਦੇ ਕਾਰਨ ਅਸੀਂ ਦਬਾ ਦੇਂਦੇ ਹਾਂ ਉਹ ਵੀ ਨਸ਼ਟ ਨਹੀਂ ਹੁੰਦਾ। ਉਹ ਸਾਡੇ ਮਨ ਦੇ ਅਚੇਤ ਭਾਗ ਵਿਚ ਲਹਿ ਜਾਂਦਾ ਹੈ ਤੇ ਕਈ ਵਾਰ ਰੂਪ ਵਟਾ ਕੇ ਸੁਪਨੇ ਵਿਚ ਆ ਸਾਕਾਰ ਹੁੰਦਾ ਹੈ।

੩. ਕਿਸੇ ਫੁਰਨੇ ਨੂੰ ਸਾਕਾਰ ਕਰ ਲੈਣਾ ਜਾਂ ਕ੍ਰਿਆਮਾਨ ਕਰਨਾ ਕਰਮ ਹੈ। ਕਰਮ ਦਾ ਮੁੜ ਦੁਹਰਾਣਾ ਆਦਤ ਤੇ ਇਸ ਨੂੰ ਦ੍ਰਿੜ ਕਰ ਲੈਣਾ ਸੁਭਾਵ।

੪. ਸੁਭਾਵ ਸਾਨੂੰ ਵਿਰਸੇ ਵਿਚ ਮਿਲਿਆ ਹੈ, ਜੋ ਪੂਰਬਲੇ ਕਰਮਾਂ ਦਾ ਅੰਤ੍ਰੀਵ ਸਿਟਾ ਹੈ ਤੇ ਅਗੋਂ ਸਾਨੂੰ ਵਰਤਮਾਨ ਕ੍ਰਿਆ ਕਰਨ ਲਈ ਪ੍ਰੇਰਨਾ ਤੇ ਤ੍ਰਾਣ ਦੇਂਦਾ ਹੈ।

ਇਹ ਕਢੇ ਗਏ ਸਿਟੇ ਇਹ ਗਲ ਸਪਸ਼ਟ ਕਰ ਦੇਂਦੇ ਹਨ, ਜੋ ਮਨ ਉਤੇ ਕਹੇ ਗਏ ਸੰਕਲਪ ਵਿਕਲਪ (ਸੰਸਕਾਰ) ਹੀ ਚਿਤਰ ਗੁਪਤ ਹਨ।

ਗੁਰਮੱਤ ਅਨੁਸਾਰ ਸਾਡੀ ਆਤਮਾ ਜੋ ਗੁਪਤ ਰੀਤ ਨਾਲ ਸ਼ੁਭ ਅਸ਼ੁਭ ਕਰਮਾਂ ਨੂੰ ਸੁਚੇਤ, ਅਚੇਤ ਚਿਤਰਾਂ ਵਿਚ ਚਿਤਰਦਾ ਹੈ ਉਹ ਹੀ ਚਿਤਰ ਗੁਪਤ ਹੈ।

ਗੁਰ ਉਪਦੇਸ਼ ਤੇ ਚਲਕੇ ਸੁਭਾਵ ਨੂੰ ਗੁਰੂ ਅਨਸਾਰੀ ਕਰ ਦੇਣ ਵਾਲਾ ਗੁਰਸਿਖ ਸੁਤੇ ਹੀ ਗੁਰੂ ਦੇ ਸੁਭਾਵ ਨੂੰ ਗ੍ਰਹਿਣ ਕਰ ਲੈਂਦਾ ਹੈ। ਗੁਰੂ ਦਾ ਸੁਭਾ ਨਿਰੰਕਾਰੀ ਸੁਭਾ ਹੈ ਇਸ ਲਈ ਗੁਰਸਿਖ ਦਾ ਸੁਭਾ ਵੀ ਨਿਰੰਕਾਰੀ ਹੋਣ ਕਰਕੇ—

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥
ਸਾਗਰ ਤੇ ਕੰਢੇ ਚੜੇ ਗੁਰਿ ਕੀਨੇ ਧਰਮਾ ॥ ੩ ॥ ੫ ॥ ੧੪ ॥

(ਮਾਰੂ ਮ: ੫)

ਤੇ ਇਸ ਤਰ੍ਹਾਂ—

ਚਿਤ੍ਰ ਗੁਪਤ ਕਾ ਕਾਗਤ ਫਾਰਿਆ ਜਮਦੂਤਾਂ ਕਛੂ ਨ ਚਲੀ ॥ ੧ ॥

(ਸ੍ਰੀ ਰਾਗ ਮ: ੫ ਛੰਤ)

ਧਰਮ ਰਾਜ

ਸੰਸਕ੍ਰਿਤ ਗ੍ਰੰਥਾਂ ਵਿਚ ਧਰਮਰਾਜ (ਧਰਮ ਰਾਇ) ਯਾ ਯੱਮ ਰਾਜ ਇਕੋ ਹੀ ਵਿਅਕਤੀ ਦੇ ਦੋ ਨਾਂ ਹਨ। ਇਸ ਦਾ ਪਿਤਾ ਸੂਰਜ ਤੇ ਮਾਤਾ ਸੰਗਯਾ ਦਸੀ ਜਾਂਦੀ ਹੈ। ਇਸ ਦੇ ਨਾਲ ਹੀ ਇਕੋ ਸਮੇਂ ਇਸ ਦੀ ਇਕ ਭੈਣ ਯਮੀ ਵੀ ਜੰਮੀ ਸੀ। ਭਾਵ ਯਮ ਤੇ ਯਮੀ ਇਹ ਦੋਵੇਂ ਜੋੜਾ ਭੈਣ ਭਰਾ ਹਨ। ਧਰਮ ਰਾਜ ਦੀ ਪੁਰੀ ਦਾ ਨਾਮ ਸੰਯਮਨੀ ਤੇ ਮਹਿਲ ਦਾ ਨਾਮ ਕਾਲੀਚੀ ਹੈ। ਉਸ ਦੇ ਸਿੰਘਾਸਨ ਨੂੰ ਵਿਚਾਰਭੂ ਦਾ ਨਾਮ ਦਿਤਾ ਜਾਂਦਾ ਹੈ। ਇਸ ਪਾਸ ਇਕ ਵਡਾ ਸਾਰਾ ਖਾਤਾ (ਵਹੀ) ਹੈ, ਜੋ ਇਸ ਨੇ ਆਪਣੇ ਮੁਨੀਮ ਚਿਤ੍ਰ ਗੁਪਤ ਦੇ ਸਪੁਰਦ ਕੀਤਾ ਹੋਇਆ ਹੈ! ਇਸ ਖਾਤੇ ਦਾ ਨਾਮ ਅਗੁਸੰਧਾਨੀ ਹੈ। ਤਾਪ ਤੇ ਜ੍ਵਰ ਇਸਦੇ ਪੁਤਰ ਹਨ ਤੇ ਨੀਂਦ ਇਸਦੀ ਪੁਤਰੀ।

ਗੁਰਮਤ ਉਪਰ ਦਸੇ ਗਏ ਧਰਮ ਰਾਜ ਨੂੰ ਕੋਈ ਵਸ਼ੇਸਤਾ ਨਹੀਂ ਦੇਂਦੀ। ਗੁਰਮਤ ਦਾ ਧਰਮ ਰਾਜ ਨਿਰੰਕਾਰ ਹੁਕਮ ਹੈ, ਜੋ 'ਨਾਨਕ ਲਿਖਿਆ ਨਾਲਿ' ਹੈ। ਅੰਤਰ ਕਰਣ ਦਾ ਵਹੀਖਾਤਾ ਮਨ ਦੇ ਸੁਚੇਤ ਤੇ ਅਚੇਤ ਭਾਗ ਹਨ ਤੇ ਸੁਭਾਵ ਲੇਖ। ਇਹ ਲੇਖ ਗੁਰ ਉਪਦੇਸ਼ ਤੇ ਚਲਣ ਨਾਲ ਮਿਟ ਜਾਂਦੇ ਹਨ। ਹੁਣ ਉਸਦੇ ਸਮੂਹ ਕਰਮ ਨਿਰੰਕਾਰੀ ਹੁੰਦੇ ਹਨ। ਇਸ ਲਈ ਉਸਦਾ ਵਾਹ ਸਿਧਾ ਨਿਰੰਕਾਰ ਨਾਲ ਪੈਂਦਾ ਹੈ। ਜਿਸ ਨਿਰੰਕਾਰ ਦੀ ਹਰ ਸ਼ੈ ਅੰਮ੍ਰਿਤ, ਅਨੰਤ, ਬੇਅੰਤ ਤੇ ਅਮੁਲ ਹੈ–

ਅਮੁਲੁ ਧਰਮੁ ਅਮੁਲੁ ਦੀਬਾਣੁ ॥
ਅਮੁਲੁ ਤੁਲੁ ਅਮੁਲੁ ਦੀਬਾਣੁ ॥
ਅਮੁਲੁ ਬਖਸੀਸ ਅਮੁਲੁ ਨੀਸਾਣੁ ॥
ਅਮੁਲੁ ਕਰਮੁ ਅਮੁਲੁ ਫੁਰਮਾਣੁ ॥

(ਜਪੁ ਮ: ੧)

ਫੇਰ ਇਸ, 'ਅਮੁਲ ਭਾਇ ਅਮੁਲਾ ਸਮਾਹਿ' ਦੇ ਪਦ ਤਕ ਪੁਜ ਚੁਕੇ ਗੁਰਮੁਖ ਨੂੰ ਕਿਸੇ ਐਰੇ ਗੈਰੇ ਧਰਮ ਰਾਜ ਨਾਲ ਕੀ ਵਾਸਤਾ ? ਉਹ ਤਾਂ ਅਮੁਲ ਨਿਰੰਕਾਰ ਵਿਚ ਲੀਨ ਹੋ ਕੇ ਆਪ ਵੀ ਅਮੁਲ ਹੋ ਚੁਕਾ ਹੈ। ਹੁਣ ਤਾਂ ਧਰਮ ਰਾਇ ਉਲਟਾ ਉਸਦਾ ਸੇਵਕ ਹੋ ਜਾਂਦਾ ਹੈ। ਇਸੇ ਲਈ ਤਾਂ ਕਿਹਾ ਹੈ—

ਧਰਮਰਾਇ ਨੋ ਹੁਕਮੁ ਹੈ, ਬਹਿ ਸਚਾ ਧਰਮੁ ਬੀਚਾਰਿ ॥
ਦੂਜੇ ਭਾਇ ਦੁਸਟੁ ਆਤਮਾ, ਉਹ ਤੇਰੀ ਸਰਕਾਰਿ ॥
ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥
ਤਿਨ ਕੀ ਸੇਵਾ ਧਰਮ ਰਾਇ ਕਰੈ, ਧੰਨ ਸਵਾਰਣ ਹਾਰੁ ॥ ੬੩ ॥

(ਸ੍ਰੀ ਰਾਗ ਮ: ੩)

ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥ ੧੯ ॥
(ਸੋਰਠ ਮ: ੫)

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿਧਾਰਿਓ ਮਨ ਮਾਝਾ ॥
ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ੫ ॥
(ਜੈਤਸਰੀ ਮ: ੪)

ਨਰਕ ਸਵੱਰਗ—

ਪੌਰਾਣਿਕ ਵੇਤਾ ਸ਼ੁਭ ਕਰਮ ਲਈ ਸਵਰਗ ਤੇ ਕੁਕਰਮ ਦਾ ਸਿਟਾ ਨਰਕ ਦਸਦੇ ਹਨ। ਵਖੋ ਵਖ ਪੁਰਾਣਾਂ ਨੇ ਨਰਕਾਂ ਦੀ ਗਿਣਤੀ ਭਿੰਨ ਭਿੰਨ ਦਸੀ ਹੈ। ਮਿਸਾਲ ਦੇ ਤੌਰ ਤੇ ਮਨੂ ਤਾਂ ਆਪਣੀ ਸਿਮ੍ਰਤੀ ਵਿਚ ਹੇਠ ਲਿਖੇ ਇਕੀ ਨਰਕਾਂ ਦਾ ਜ਼ਿਕਰ ਕੀਤਾ ਹੈ :–

ਤਾਮਿਸ੍ਰ, ਅੰਧਤਾਮਿਸ੍ਰ, ਰੌਰਵ, ਮਹਾਰੌਰਵ, ਨਰਕ, ਮਹਾ ਨਰਕ, ਕਾਲ-ਸੂਤ੍ਰ ਸੰਜੀਵਨ, ਮਹਾਵੀਚਿ, ਤਪਨ, ਸੰਪ੍ਰਤਾਪਨ, ਸੰਹਾਤ, ਸੰਕਾਕੋਲ, ਕੁਡਮਲ, ਪ੍ਰਤਿਮੂਰਤਿਕ, ਲੋਹਸ਼ੰਕ, ਰਿਜੀਸ਼, ਸ਼ਾਲਮਲੀ, ਵੈਤਰਣੀ, ਅਸਿਪਤ੍ਰਵਨ ਅਤੇ ਲੋਹਦਾਰਕ।

[ਮਨੂ ਅ:੪ ਸ਼:੮੮,੮੯,੯੦]

ਪਰ ਬ੍ਰਹਮਵੈਵਰਤ ਦੇ ਪ੍ਰਕ੍ਰਿਤੀ ਖੰਡ ਅ: ੨੭ ਵਿਚ ਨਰਕ ੮੬ ਲਿਖੇ ਹਨ। ਵਿਸ਼ਨੁ ਪੁਰਾਣ ਦੇ ਪਹਿਲੇ ਅੰਸ਼ ਦੇ ਛੇਵੇਂ ਅਧਿਆਇ ਵਿਚ ਸ਼ੁਕਰਮ ਸਵਰਗ ਤੇ ਕੁਕਰਮ ਨਰਕ ਕਰ ਕੇ ਲਿਖਿਆ ਹੈ। ਪਰ ਆਮ ਮਨੌਤ ਹੈ ਜੋ ਨਰਕ ਉਹ ਦੇਸ਼ ਹੈ, ਜਿਥੇ ਪਾਪੀ ਜੀਵ ਕੁਕਰਮਾਂ ਦਾ ਫਲ ਭੁਗਤਣ ਲਈ ਜਾਂਦੇ ਹਨ।

ਸਵਰਗ ਲੋਕ ਨੂੰ ਦੇਵ ਲੋਕ ਵੀ ਆਖਦੇ ਹਨ। ਇਸ ਦੀਆਂ ਵੀ ਕਈ ਪੁਰੀਆਂ ਹਨ, ਪਰ ਇੰਦਰ ਪੁਰੀ, ਬ੍ਰਹਮਪੁਰੀ ਤੇ ਸ਼ਿਵਪੁਰੀ ਦਾ ਜ਼ਿਕਰ ਆਮ ਤੌਰ ਤੇ ਆਂਵਦਾ ਹੈ। ਬਾਣੀ ਵਿਚ ਇਨ੍ਹਾਂ ਪੁਰੀਆਂ ਨੂੰ ਵੀ ਨਾਸਵੰਤ ਹੀ ਮੰਨਿਆ ਗਿਆ ਹੈ—

ਇੰਦਰ ਪੁਰੀ ਜਹਿ ਸਰਪਰ ਮਰਣਾ। ਬ੍ਰਹਮਪੁਰੀ ਨਿਹਚਲ ਨਹੀਂ ਰਹਿਣਾ ॥
ਸਿਵਪੁਰੀ ਕਾ ਹੋਇਗਾ ਕਾਲਾ। ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥੬॥
(ਗਉੜੀ ਮ: ੫)

ਸ਼ਾਮੀ ਮਤਾਂ ਨੇ ਨਰਕ ਤੇ ਸਵੱਰਗ ਦੇ ਮੁਕਾਬਲੇ ਤੇ ਦੋਜ਼ਖ ਤੇ ਬਹਿਸ਼ਤ ਮੰਨੇ ਹਨ। ਇਸਲਾਮ ਮਤ ਤੇ ਵਿਚਾਰ ਕਰਦਿਆਂ 'ਬਹਿਸ਼ਤ ਦਾ ਤਸਵਰ' ਦੇ ਸਿਰ ਲੇਖ ਹੇਠਾਂ ਇਸ ਮਸਲੇ ਤੇ ਕਾਫੀ ਪ੍ਰਕਾਸ਼ ਪਾਇਆ ਗਿਆ ਹੈ ਤੇ ਦੋਜ਼ਖ ਦੇ ਅਜ਼ਾਬਾਂ ਦਾ ਵੀ ਜ਼ਿਕਰ ਇਸ ਲੇਖ ਵਿਚ ਵਿਸਥਾਰ ਨਾਲ ਕੀਤਾ ਗਿਆ ਹੈ। ਇਸਲਾਮ ਮਤ ਅਨੁਸਾਰ ਮੋਮਿਨਾਂ ਨੂੰ ਕਯਾਮਤ ਤੋਂ ਪਿਛੋਂ ਖ਼ੁਦਾ ਦੇ ਹੁਕਮ ਨਾਲ ਖਲਦ (ਜਲਤ) ਨਸੀਬ ਹੋਣੀ ਹੈ। ਜਿਸ ਦੀ ਸਰਜ਼ਮੀਨ ਹਰਿਆਵਲ ਨਾਲ ਢੱਕੀ ਹੋਵੇਗੀ। ਉਥੇ ਸ਼ਹਿਦ ਦੀਆਂ ਨਦੀਆਂ ਵਗ ਰਹੀਆਂ ਹੋਣਗੀਆਂ। ਖਜ਼ੂਰ ਆਦਿ ਰਸਦਾਇਕ ਮੇਵੇ ਜੀਅ ਭਰਵੇ ਮਿਲਣਗੇ। ਤਹੂਰਾ ਨਾਂ ਦੀ ਸ਼ਰਾਬ ਪਿਆਲੇ ਭਰ ਭਰ ਮਿਲੇਗੀ ਤੇ ਗਿਆਨ ਤੇ ਹੂਰਾਂ ਸੇਵਾ ਵਿਚ ਤੱਤਪਰ ਰਹਿਣਗੀਆਂ।

ਗੁਰਮਤ ਅਨੁਸਾਰ ਨਰਕ ਤੇ ਸਵੱਰਗ ਦੋਵੇਂ ਹੀ ਬੰਧਨ ਹਨ। ਗੁਰਮਤ ਦਾ ਅਸ਼ਲ ਨਿਸ਼ਾਨਾ ਵਾਹਿਗੁਰੂ ਜੀ ਨਾਲ ਅਭੇਦਤਾ ਹਾਸਲ ਕਰਨੀ ਹੈ। ਉਸ ਵਿਚ ਇਸ ਤਰ੍ਹਾਂ ਲੀਨ ਹੋਣਾ ਹੈ, ਜਿਸ ਤਰ੍ਹਾਂ ਪਾਣੀ ਵਿਚ ਪਾਣੀ। ਨਰਕ ਸਵੱਰਗ ਦੀ ਵਾਸ਼ਨਾ ਤਾਂ ਹਉ ਆਸ਼੍ਰਿਤ ਹੀ ਹੁੰਦੀ ਹੈ ਤੇ ਹਉਮੈ ਅਨੁਸਾਰ ਕੀਤੇ ਗਏ ਸੁਕਰਮ ਵੀ ਵਿਕਾਰ ਹੀ ਗਿਣੇ ਜਾਂਦੇ ਹਨ। ਸਾਹਿਬ ਫੁਰਮਾਂਦੇ ਹਨ—

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੈ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥
ਸਿਵਪੁਰੀ ਬ੍ਰਹਮ ਇੰਦਰ ਪੁਰੀ ਨਿਹਚਲੁ ਕੋ ਥਾਉ ਨਾਇ ॥
ਬਿਨੁ ਹਰਿ ਸੇਵਾ ਸੁਖੁ ਨਹੀਂ ਹੋ ਸਾਕਤ ਆਵਹਿ ਜਾਹਿ ॥
ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕ ਕਹੈ ਸਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰਿ ॥ ੧੫੯ ॥
(ਗਉੜੀ ਮ: ੫)

ਇਸ ਲਈ ਗੁਰਸਿਖ ਨਰਕ ਸਵੱਰਗ ਦੇ ਖਿਆਲਾਂ ਨੂੰ ਆਪਣੇ ਤਸਵਰ ਵਿਚ ਕੋਈ ਥਾਂ ਨਹੀਂ ਦੇਂਦਾ। ਉਹ ਹਉਂ ਦਾ ਤਿਆਗ ਕਰਕੇ ਪ੍ਰਉਪਕਾਰ ਹਿਤ ਜੀਵਨ ਅਰਪਦਾ ਹੈ ਤੇ ਆਪਣੇ ਨਿਸ਼ਾਨੇ ਵਲ ਵਧਦਾ ਹੈ। ਉਸਦਾ ਨਿਸ਼ਾਨਾ ਕੇਵਲ ਵਾਹਿਗੁਰੂ ਨਾਲ 'ਇਕੀਸ' ਹੋਣਾ ਹੈ—

ਧਨੁ ਨਹੀ ਬਾਛਹਿ, ਸੁਰਗ ਨ ਆਛਹਿ ॥
ਅਤਿ ਪ੍ਰਿਅ ਪ੍ਰੀਤਿ ਸਾਧ ਰਜ ਗਚਹਿ ॥ ੪ ॥
(ਗਉੜੀ ਬਾਵਨ ਅਖਰੀ ਮ: ੫)

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥
ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥ ੧੫ ॥
(ਸਾਰੰਗ ਮ: ੫)

ਭਗਤ ਕਬੀਰ ਜੀ ਵੀ ਇਹੋ ਗਲ ਕਹਿੰਦੇ ਹਨ—

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰਪਰਸਾਦੇ ॥ ੩ ॥
(ਰਾਮਕਲੀ ਕਬੀਰ)

ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੈ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ ੧੨੦ ॥
(ਸਲੋਕ ਕਬੀਰ)

ਆਵਾਗਵਨ

ਆਵਾਗਵਨ ਵਾਸਤਵ ਵਿਚ ਕਰਮ ਸਿਧਾਂਤ ਦਾ ਹੀ ਇਕ ਅੰਗ ਹੈ। ਪਿਛੇ ਚੰਗੀ ਤਰ੍ਹਾਂ ਵਿਚਾਰਿਆ ਜਾ ਚੁਕਾ ਹੈ, ਜੋ ਹਉਮੈ ਸਹਿਤ ਕੀਤੇ ਕਰਮ ਜੀਵ ਆਤਮਾ ਲਈ ਕਰੜੇ ਬੰਧਨ ਹਨ। ਇਨ੍ਹਾਂ ਕਰਮਾਂ ਦਾ ਅੰਤਰੀਵ ਅਸਰ ਸੁਭਾਵ ਹੈ, ਜੋ ਪੂਰਬਲੇ ਕਰਮਾਂ ਦੇ ਅਧਾਰ ਤੇ ਸਾਨੂੰ ਵਿਰਸੇ ਵਿਚ ਮਿਲਿਆ ਹੈ। ਇਸ ਵਿਰਸੇ ਵਿਚ ਮਿਲੇ ਸੁਭਾਵ ਤੋਂ ਪ੍ਰੇਰਨਾ ਤੇ ਤ੍ਰਾਣ ਲੈ ਕੇ ਅਸਾਂ ਵਰਤਮਾਨ ਕ੍ਰਿਆ ਵਿਚ ਪਰਵਿਰਤ ਹੋਣਾ ਹੈ ਇਸ ਤਰਾਂ ਕਰਮ ਬੰਧਨ ਹੋਰ ਕਰੜੇ ਹੋ ਕੇ ਇਕ ਕਰਮ ਜਾਲ ਜਿਹਾ ਬਣ ਜਾਂਦੇ ਹਨ ਤੇ ਇਹ ਜੀਵ ਜੰਮਣ-ਮਰਣ ਦੇ ਗੇੜ ਵਿਚ ਹੀ ਪਿਆ ਰਹਿੰਦਾ ਹੈ। ਇਸ ਜੰਮਣ-ਮਰਣ ਦੇ ਗੇੜ ਦਾ ਹੀ ਦੂਜਾ ਨਾਮ ਆਵਾਗਵਨ ਹੈ।

ਭਾਰਤ ਵਾਸੀ ਪਰੰਪਰਾ ਤੋਂ ਆਵਾਗਵਨ (metempsychosis or Transmigration of souls) ਦੇ ਸਿਧਾਂਤ ਨੂੰ ਮੰਨਦੇ ਚਲੇ ਆ ਰਹੇ ਹਨ। ਹੀਰੋਡੋਟਸ (Herodotus) ਜੋ ਯੂਨਾਨ ਦਾ ਇਕ ਪ੍ਰਸਿਧ ਇਤਿਹਾਸਕਾਰ ਹੋ ਗੁਜ਼ਰਿਆ ਹੈ, ਲਿਖਦਾ ਹੈ ਕਿ ਯੂਨਾਨੀ ਸਨਾਤਨ ਧਰਮੀ ਵੀ ਪਹਿਲਾਂ ਇਸ ਸਿਧਾਂਤ ਨੂੰ ਮੰਨਦੇ ਸਨ, ਪਰ ਅਜ ਕਲ ਵਿਰਲੇ ਯੂਨਾਨੀ ਜੋ ਆਪਣੇ ਬਿਰਧਾਂ ਦਾ ਸਤਕਾਰ ਜਾਂ ਜਿਨ੍ਹਾਂ ਦੇ ਬਜ਼ੁਰਗ, ਜੋ ਪਰਾਚੀਨ ਭਾਰਤਵਾਸੀਆਂ ਨਾਲ ਸਬੰਧ ਰਖਦੇ ਹਨ ਓਹੀਓ ਹੀ ਮੰਨਦੇ ਹਨ। ਬੋਧੀ, ਜੈਨੀ, ਹਿੰਦੂ ਅਤੇ ਨਵੀਨ ਬ੍ਰਹਮਵੇਤਾ (Theosophists) ਸਾਰੇ ਹੀ ਇਸ ਸਿਧਾਂਤ ਦੇ ਪੱਖੀ ਹਨ।

ਵਰਤਮਾਨ ਦਾਨੇ ਆਵਾਗਵਨ ਦੇ ਤਿੰਨ ਭੇਦ ਵਰਨਣ ਕਰਦੇ ਹਨ :

(ੳ) ਬਚੇ ਲਈ ਕੋਈ ਜੰਮਣ ਵੇਲੇ ਨਵੀਂ ਆਤਮਾ ਨਹੀਂ ਸਿਰਜੀ ਜਾਂਦੀ, ਸਗੋਂ ਓਹ ਤਾਂ ਪਹਿਲਾਂ ਹੀ ਮੌਜੂਦ ਹੁੰਦੀ ਹੈ। ਵਿਦੇਹ ਦਿਸ਼ਾ ਵਿਚੋਂ ਮਨੁਖਾਂ ਦੇਹ ਵਿਚ ਪ੍ਰਵੇਸ਼ ਕਰਨ ਨਾਲ ਇਸਨੂੰ ਦੇਹ ਧਾਰਨ ਦਾ ਪਹਿਲਾ

ਅਉਸਰ ਪ੍ਰਾਪਤ ਹੁੰਦਾ ਹੈ । ਮਰਨ ਮਗਰੋਂ ਇਸ ਨੇ ਮੁੜ ਫੇਰ ਕੋਈ ਦੇਹ ਧਾਰਨ ਨਹੀਂ ਕਰਨੀ । ਇਸ ਸਿਧਾਂਤ ਨੂੰ 'ਪੂਰਵਅਸਤੀਤ੍ਵ' (The doctrine of pre-exsictance) ਕਹਿੰਦੇ ਹਨ ।

(ਅ) ਆਤਮਾ ਮਨੁਖਾ ਦੇਹੀ ਧਾਰਨ ਤੋਂ ਪਹਿਲਾਂ, ਪਸ਼ੂ, ਪੰਛੀ, ਬਿਰਖ ਆਦਿ ਅਨਗਿਣਤ ਵਿਚ ਭਰਮਣ ਤੋਂ ਬਾਹਦ ਮਨੁਖ ਦੇਹੀ ਧਾਰਨ ਕਰਦਾ ਹੈ ਤੇ ਇਸ ਦੇਹੀ ਨੂੰ ਤਿਆਗਣ ਦੇ ਮਗਰੋਂ ਭੀ ਮੁੜ ਜੂਨੀ ਵਿਚ ਆਉਣ ਤੋਂ ਪਹਿਲਾਂ ਕਈ ਪਸ਼ੂ, ਪੰਛੀ, ਬਿਰਧ ਆਦਿ ਜੂਨੀਆਂ ਵਿਚ ਜਨਮ ਲਵੇਗਾ । ਇਸਨੂੰ ਮੁਸਲਾਇ ਤਨਾਸਖ ਅਰਥਾਤ ਯਥਾਰਥ ਆਵਾਗਵਨ (Transmigration or metempsychosis) ਕਹਿੰਦੇ ਹਨ ।

(ੲ) ਮਨੁਖੀ ਜੀਵ ਆਤਮਾ ਹੁਣ ਦਾ ਮਨੁਖੀ ਜਾਮਾ ਧਾਰਨ ਕਰਨ ਤੋਂ ਪਹਿਲਾਂ ਵੀ ਮਨੁਖੀ ਦੇਹੀ ਵਿਚ ਇਸਤ੍ਰੀ ਜਾਂ ਪੁਰਖ ਦੇ ਰੂਪ ਵਿਚ ਸੀ ਤੇ ਮਰਨ ਦੇ ਮਗਰੋਂ ਵੀ ਮੁੜ ਮਨੁਖ ਦੇਹੀ ਹੀ ਧਾਰਨ ਕਰੇਗਾ ਤੇ ਉਦੋਂ ਤਕ ਮੁੜ ਮੁੜ ਮਨੁਖੀ ਜਾਮਾ ਹੀ ਧਾਰਨ ਕਰਦਾ ਰਹੇਗਾ । ਜਦ ਤਕ ਮੁਕਤ ਨਹੀਂ ਹੋ ਜਾਂਦਾ । ਇਸ ਸਿਧਾਂਤ ਦਾ ਨਾਮ ਪੁਨਰਭਵ (Reincarnation) ਹੈ ।

ਵਰਤਮਾਨ ਸਮੇਂ ਦੇ ਸਾਇੰਸਵੇਤਾ ਵਿਕਾਸ (Evolution) ਦੇ ਸਿਧਾਂਤ ਦੇ ਪੱਖੀ ਹਨ । ਓਹਨਾਂ ਦਾ ਖਿਆਲ ਹੈ ਕਿ ਨਿਰਜੀਵ ਪ੍ਰਕਿਰਤੀ ਵਿਚੋਂ ਜੀਵ ਪਹਿਲਾਂ ਬਨਸਪਤੀ ਦੇ ਰੂਪ ਵਿਚ ਉਗਮਿਆ । ਫੇਰ ਹੌਲੀ ਹੌਲੀ ਵਿਕਾਸ਼ ਕਰਦਾ ਪੰਛੀ, ਪਸ਼ੂ, ਚੋਪਾਇ ਆਦਿ ਦਾ ਰੂਪ ਧਾਰਨ ਕਰਨ ਮਗਰੋਂ ਬਾਂਦਰ ਬਣਿਆ ਤੇ ਇਸਤਰਾਂ ਮਨੁਖੀ ਸਰੀਰ ਦੀ ਹੋਂਦ ਤੋਂ ਪਹਿਲਾਂ ਜਿੰਦ ਕਈਆਂ ਨੀਵਿਆਂ ਸਰੀਰਾਂ ਵਿਚੋਂ ਲੰਘੀ । ਬਾਂਦਰ ਦਾ ਸਰੀਰ ਧਾਰਨ ਤੋਂ ਬਾਦ ਉਸਨੇ ਮਨੁਖੀ ਜਾਮਾ ਧਾਰਨ ਕੀਤਾ ।

ਵਿਕਾਸ਼ਵਾਦੀਆਂ ਦਾ ਇਹ ਖਿਆਲ ਹੈ ਕਿ ਵਿਕਾਸ਼ ਕੇਵਲ ਸਰੀਰਕ ਹੈ । ਜਿਉਂ ਜਿਉਂ ਸਰੀਰਕ ਵਿਕਾਸ ਹੁੰਦਾ ਹੈ, ਸੂਝ ਵੀ ਉੱਨਤੀ ਕਰਦੀ ਜਾਂਦੀ ਹੈ ਤੇ ਅੰਤ ਮਨੁਖੀ ਦੇਹ ਵਿਚ ਵਿਚਾਰ ਤੇ ਨਿਰਨਾ ਸ਼ਕਤੀ ਵੀ ਆ ਜਾਂਦੀ ਹੈ, ਪਰ ਅਜੇ ਤਕ ਸਾਇੰਸਵੇਤਾ ਇਨ੍ਹਾਂ ਦੋ ਵਰ੍ਹੇ ਖਪਿਆਂ ਨੂੰ ਨਹੀਂ ਭਰ ਸਕੇ :

(ੳ) ਕੀ ਨਿਰਜੀਵ ਮਾਦੇ ਵਿਚੋਂ ਜੀਵ ਪੈਦਾ ਹੋ ਸਕਦਾ ਹੈ ? ਜੇ ਹੋ ਸ਼ਕਦਾ ਹੈ ਤਾਂ ਕਿਵੇਂ ?

(ਅ) ਚੇਤੰਨ ਸਤਾ ਜੋ ਮਨੁਖੀ ਸਰੀਰ ਵਿਚ ਆਕੇ ਸਪਸ਼ਟ ਪਰਗਟ ਹੁੰਦੀ ਹੈ ਕੀ ਇਹ ਨਿਰੀ ਜਿੰਦ ਹੈ । ਜੇਕਰ ਇਹ ਨਿਰੀ ਜਿੰਦ ਨਹੀਂ ਇਹ ਇਸ ਨਾਲੋਂ ਬਹੁਤ ਅਡਰੀ ਚੀਜ਼ ਹੈ, ਤਾਂ ਫਿਰ ਇਸਦਾ ਜਿੰਦ ਵਿਚੋਂ ਹੌਲੀ ਹੌਲੀ ਨਿਕਲ ਖਲੋਣਾ, ਕਿਥੋਂ ਤਕ ਸੰਭਵ ਹੈ ?

ਸ੍ਰੀ ਮਾਨ ਪਦਮ ਭੂਸ਼ਨ ਡਾਕਟਰ ਭਾਈ ਜੋਧ ਸਿੰਘ ਜੀ ਇਸ ਸਬੰਧ ਵਿਚ ਐਡਿੰਗਟਨ ਦੇ ੩੪੪ਵੇਂ ਪੰਨੇ ਤੋਂ ਇਕ ਪਹਿਰੇ ਦਾ ਖੁਲ੍ਹਾ ਅਨਵਾਦ ਇਸ ਪਰਕਾਰ ਕਰਦੇ ਹਨ :

"ਈਥਰ (ਅਕਾਸ਼) ਬਿਜਲਾਣੂਆਂ (ਇਲੈਕਟ੍ਰਾਨਾਂ) ਤੇ ਹੋਰ ਪਦਾਰਥਕ ਆਰੰਭ ਕਰਕੇ ਅਸੀਂ ਚੇਤੰਨ ਮਨੁਖ ਤਕ ਨਹੀਂ ਅਪੜ ਸਕਦੇ ਤੇ ਨਾ ਹੀ ਜੋ ਕੁਝ ਓਹਦੀ ਚੇਤੰਨਤਾ ਵਿਚ ਵਰਤ ਰਿਹਾ ਹੈ, ਉਹਦਾ ਪੂਰਾ ਲੇਖ ਦੇ ਸਕਦੇ ਹਾਂ। ਹੋ ਸਕਦਾ ਹੈ ਕਿ ਅਸੀਂ ਇਕ ਮਨੁਖੀ ਮਸ਼ੀਨ ਤਕ ਅਪੜ ਪਈਏ ਜੋ ਆਪਣੇ ਇਰਦੇ-ਗਿਰਦੇ ਪਈਆਂ ਲਹਿਰਾਂ ਦੇ ਉਤਰ ਵਿਚ ਪਈ ਹਿਲਦੀ ਜੁਲਦੀ ਹੈ, ਪਰ ਅਸੀਂ ਵਿਚਾਰ ਯੁਕਤ ਮਨੁਖ ਤੀਕ, ਜੋ ਇਖ਼ਲਾਕੀ ਤੋਰ ਪੁਰ ਈਥਰ ਜਾਂ ਬਿਜਲਾਣੂਆਂ ਜਾਂ ਧਰਮ ਬਾਬਤ ਸਚਾਈ ਲਭਣ ਲਈ ਜ਼ਿਮੇਵਾਰ ਹੈ, ਨਹੀਂ ਅਪੜ ਸਕਦੇ।"

ਗੁਰਮਤ ਅਨੁਸਾਰ ਆਵਾਗਵਨ

ਚੇਤੱਨ ਸਤਾ ਪਿਛੇ ਕਈ ਵਾਰ ਦਸਿਆ ਜਾ ਚੁਕਿਆ ਹੈ, ਸਰਬ ਵਿਆਪੀ ਹੈ। ਇਹ ਵੀ ਦਸ ਚੁਕੇ ਹਾਂ ਕਿ ਹਉਮੈ ਦੀ ਵਲਗਣ ਜੀਵ ਨੂੰ ਇਕ ਅਡਰੀ ਸ਼ਖਸੀਅਤ ਦਾ ਰੂਪ ਦੇ ਦੇਂਦੀ ਹੈ ਤੇ ਇਸ ਸ਼ਖਸੀਅਤ ਦੇ ਅਧਾਰ ਤੇ ਜੀਵ ਆਤਮਾ ਹਉਮੈ ਸੰਯੁਕਤ ਕਰਮ ਅਰੰਭ ਦੀ ਹੈ ਤੇ ਉਨ੍ਹਾਂ ਕਰਮਾਂ ਦੇ ਅੰਤ੍ਰੀਵ ਅਸਰ ਤੋਂ ਬਣੇ ਸੁਭਾਵ ਅਨੁਸਾਰ ਜਨਮ ਧਾਰਦੀ ਰਹਿੰਦੀ ਹੈ।

ਜਿਥੇ ਤਕ ਮਨੁਖੀ ਸਰੀਰ ਧਾਰਨ ਦਾ ਖਿਆਲ ਹੈ ਵਿਕਾਸਵਾਦੀ ਸਾਇੰਸ਼ਵੇਤਾ ਤੇ ਆਵਾਗਵਨ ਦਾ ਸਿਧਾਂਤ ਦੋਵੇਂ ਹੀ ਇਸ ਗਲ ਨਾਲ ਸਹਿਮਤ ਹਨ ਕਿ ਇਹ ਸਰੀਰ ਬਹੁਤ ਚਿਰ ਪਿਛੋਂ ਨਸੀਬ ਹੁੰਦਾ ਹੈ । ਫਰਕ ਕੇਵਲ ਇਤਨਾ ਹੈ ਕਿ ਵਿਕਾਸ਼ਵਾਦੀ, ਤਾਂ ਸਰੀਰ ਤੋਂ ਉਤੇ ਵੇਖਣ ਦਾ ਯਤਨ ਹੀ ਨਹੀਂ ਕਰਦਾ। ਉਸਦਾ ਖਿਆਲ ਹੈ ਸਰੀਰਕ ਵਿਕਾਸ਼ ਦੇ ਨਾਲ ਹੀ ਖੁਦ ਬਖੁਦ ਅੰਦਰਲੀ ਸੂਝ ਵਧਦੀ ਜਾਂਦੀ ਹੈ, ਪਰ ਆਵਾਗਵਨ ਦਾ ਸਿਧਾਂਤ ਆਤਮਕ ਉੱਨਤੀ ਦੇ ਅਨੁਸਾਰ ਸਰੀਰਾਂ ਦਾ ਮਿਲਣਾ ਮੰਨਦਾ ਹੈ। ਗੁਰਮਤ ਦਾ ਵਿਚਾਰ ਵੀ ਇਸ

ਸਿਧਾਂਤ ਦਾ ਹੀ ਅਨੁਸਾਰੀ ਹੈ। ਗੁਰਮਤ ਆਤਮਕ ਉੱਨਤੀ ਦੀ ਸਿਖਰ ਨੂੰ ਛੂਹ ਹੀ ਆਵਾਗਉਣ ਤੋਂ ਛੁਟਨ ਦਾ ਮੂਲ ਸਾਧਨ ਤਸਵਰ ਕਰਦੀ ਹੈ। ਉੱਨ ਸਿਖਰ ਨੂੰ ਭਾਣਾ ਗੁਰਮਤ ਅਨੁਸਾਰ ਜਗਦੀਸ ਨੂੰ ਮਿਲਣਾ ਵਾਹਿਗੁਰੂ ਨਾਲ ਅਭੇਦ ਹੋਣਾ ਹੈ। ਸਤਿਗੁਰੂ ਦਸਦੇ ਹਨ ਵਾਹਿਗੁਰੂ ਨਾਲ ਅਭੇਦਤਾ ਕੇਵਲ ਮਨੁਖ ਦੇਹ ਧਾਰਨ ਤੇ ਹੀ ਹੋ ਸਕਦੀ ਹੈ, ਪਰ ਮਨੁਖੀ ਜਾਮਾ ਧਾਰਨ ਤੋਂ ਪਹਿਲਾਂ ਇਸਨੂੰ ਕਈ ਜੂਨੀਆਂ ਵਿਚੋਂ ਲੰਘਣਾ ਪੈਦਾ ਹੈ :

ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭਹਿ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀ ਜੋਨਿ ਭ੍ਰਮਾਇਆ ॥ ੨ ॥ ੩ ॥ ੭੨ ॥ (ਗਉੜੀ ਗੁਵਾਰੇਰੀ ਮ: ੫)
ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ਜੀਵਿ ਜੀਵਿ ਮੁਏ ਮੁਏ ਜੀਵੇ ॥
ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥
ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥
ਸਭ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ॥
ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥ ੨ ॥ ੩ ॥
(ਸਲੋਕ ਮ: ੧ ਵਾਰ ਸਾਰੰਗ ਮ: ੪)

ਮਨੁਖ ਦੇਹੀ ਸਰਬ ਜੋਨੀਆਂ ਵਿਚੋਂ ਸ੍ਰੇਸ਼ਟ ਮੰਨੀ ਗਈ ਹੈ। ਇਸ ਜੋਨੀ ਵਿਚ ਨਾ ਕੇਵਲ ਚੇਤੰਨਤਾ ਹੀ ਬਹੁਤ ਉਚੇ ਦਰਜੇ ਤਕ ਅਪੜੀ ਹੈ, ਸਗੋਂ ਇਸ ਦੇ ਨਾਲ ਵਿਚਾਰ ਵੀ ਪਰਗਟ ਹੋ ਆਈ ਹੈ, ਇਸ ਪਰਮ ਪਦ ਤਕ ਪੁਜਣ ਲਈ ਏਸੇ ਜੋਨ ਵਿਚ ਯਤਨ ਕੀਤਾ ਜਾ ਸਕਦਾ ਹੈ :

ਲਖ ਚਉਰਾਸਹਿ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥ ੨ ॥ ੧ ॥ ੫ ॥
(ਮਾਰੂ ਮ: ੫ ਸੋਲਹੇ)

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ ੨ ॥ ੨ ॥
(ਸੋਰਠ ਮ: ੯)

ਬਹਤ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀਂ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩ ॥ ੩ ॥

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਕ ਵਾਰੀ ਜਿਸ ਜੀਵ ਆਤਮਾ ਨੇ ਮਾਨੁੱਖ ਦੇਹੀ ਪ੍ਰਾਪਤ ਕਰ ਲਈ ਹੈ, ਕੀ ਓਹ ਮੁੜ ਮਾਨੁੱਖ ਜੋਨੀ ਤੋਂ ਨੀਵੀਂ ਜੋਨੀ ਵਿਚ ਜਾ ਸਕਦਾ ਹੈ ? ਵਰਤਮਾਨ ਵਿਚਾਰਵਾਨ ਦੇ ਖਿਆਲ ਵਿਚ ਵਿਕਾਸ ਕਰ ਕੇ ਪ੍ਰਾਪਤ ਕੀਤੀ ਗਈ ਮਾਨੁੱਖ ਦੇਹੀ ਮੁੜ ਕੇ ਕਿਸੇ ਹੇਠਾਂ ਨਹੀਂ ਜਾ ਸਕਦੀ । ਪਰ ਗੁਰਮੱਤ ਅਨੁਸਾਰ ਓਹ ਕੀਤੇ ਕਰਮ ਅਨੁਸਾਰ ਨੀਵੀਂ ਜੋਨੀ ਪ੍ਰਾਪਤ ਕਰ ਸਕਦੀ ਹੈ :

ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨਿ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥
(ਬਿਲਾਵਲ ਮ: ੧ ਅਸ਼ਟਪਦੀਆਂ)

ਸੰਤ ਕੈ ਦੂਖਨਿ ਸਰਪ ਜੋਨਿ ਪਾਇ ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਆਇ ॥੨॥੧੩॥
(ਗਉੜੀ ਸੁਖਮਨੀ ਮ: ੫)

ਸਾਕਤ ਪੂਰਵ ਵਿਚ ਵੀ ਸਾਕਤ ਸਨ, ਇਸ ਲਈ ਓਹਨਾਂ ਪੁਨਰ ਜਨਮ ਤੋਂ ਪਹਿਲਾਂ ਵੀ ਦੁਖੀ ਜੀਵਨ ਹੀ ਕਟਿਆ ਸੀ :

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ ਨਰਤਿ ਪਚਹਿ ਅਗਿਆਨ ਅੰਧੇਰੇ ॥
ਧਰਮ ਰਾਇ ਕੀ ਬਾਕੀ ਬੀਜੈ ਜਿਨਿ ਹਰਿ ਕਾ ਨਾਮ ਵਿਸਾਰਾ ਹੇ ॥੬॥੩॥੯॥
(ਮਾਰੂ ਮ. ੧ ਸੋਲਹੇ)

ਵਾਸਤਵ ਵਿਚ ਆਵਾਗਉਣ ਹੈ ਹੀ ਸਾਕਤਾ ਲਈ ਹੈ :

ਜਿਉ ਆਰਿਣ ਲੋਹਾ ਪਾਇ ਭੰਨਿ ਘੜਾਈਐ ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥੨॥੪॥
(ਸੂਹੀ ਛੰਤ ਮ: ੧ ਅਸ਼ਟਪਦੀਆਂ)

ਜੋ ਗੁਰੂ ਦੀ ਸ਼ਰਨ ਵਿਚ ਆਂਦੇ ਹਨ ਤੇ ਗੁਰਮੱਤ ਧਾਰਨ ਕਰਦੇ ਹਨ, ਓਹਨਾਂ ਦਾ ਆਵਗਉਣ ਮੁਕ ਜਾਂਦਾ ਹੈ :

ਫ਼ਾਹੇ ਕਾਟੇ ਮਿਟੇ ਗਵਨ ਫਤਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤਿ ਪਾਈ ਫਿਰਨ ਮਿਟੇ ਨਿਤ ਨੀਤ ॥੩੯॥
(ਗਉੜੀ ਬਾਵਨ ਅਖਰੀ ਮ: ੫)

ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥
ਖਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸ ਸ੍ਰਵਨ ॥੧੯॥
(ਗਉੜੀ ਸੁਖਮਨੀ ਮ: ੫)

ਸੁਪ੍ਰਸੰਨ ਗੋਪਾਲ ਰਾਇ ਕਾਟੇ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥
ਸਫਲ ਸਫ਼ਲ ਭਈ ਸਫਲ ਜਾਤ੍ਰਾ ਆਵਣ ਜਾਣ ਰਹੇ ਮਿਲੇ ਸਾਧਾ ॥੧॥
(ਧਨਾਸਰੀ ਮ: ੫ ਅਸ਼ਟਪਦੀਆਂ)

ਸੋ ਅੰਤ ਵਿਚ ਅਸੀਂ ਕੇਵਲ ਇੰਨਾ ਕੁਝ ਕਹਿਣਾ ਹੀ ਉਚਿਤ ਸਮਝਾਂਗੇ ਕਿ ਆਵਾਗਉਣ ਤੋਂ ਛੁਟਕਾਰਾ ਪਾਣ ਲਈ ਜੇ ਹੇਠ ਲਿਖੇ ਉਪਾ ਕੀਤੇ ਜਾਣ ਤਾਂ ਗਰਭ ਗੇੜ ਤੋਂ ਸਦਾ ਲਈ ਮੁਕਤ ਹੋ ਜਾਣਾ ਨਿਸ਼ਚਤ ਹੈ :

(ੳ) ਗੁਰਮੱਤ ਨੂੰ ਮਨ ਵਸਾ, ਗੁਰ ਉਪਦੇਸ਼ ਨੂੰ ਧਾਰਨ ਕਰੇ ਤੇ ਆਪਣਾ ਹਰ ਕਰਮ ਗੁਰ ਸ਼ਬਦ ਆਸਰੇ ਕਰੇ।

(ਅ) ਗੁਰਸ਼ਬਦਿ ਅਨੁਸਾਰੀ ਕੀਤੇ ਗਏ ਅਮਲ ਮਨ ਵਿਚ ਸਹੀ ਗਿਆਨ ਦਾ ਪ੍ਰਕਾਸ਼ ਕਰਦੇ ਹਨ, ਜੋ ਹਉਮੈ ਦਾ ਕਤਈ ਅਭਾਵ ਕਰ ਦੇਂਦਾ ਹੈ। ਇਸ ਲਈ ਗੁਰਸ਼ਬਦ ਅਨੁਸਾਰ ਤੁਰਨਾ ਹੀ ਮੁਖ ਧਰਮ ਹੈ।

ਉਪਰੋਕਤ ਉਪਾਵਾਂ ਨੂੰ ਅਮਲ ਵਿਚ ਲਿਆਣਾ ਆਵਾਗਉਨ ਨੂੰ ਮੁਕਾਣਾ ਹੈ। ਆਵਾਗਉਣ ਮੁਕਣਾ ਹੀ ਕਰਮ ਮੁਕਤ ਹੋਣਾ ਹੈ। ਕਰਮ ਮੁਕਤ ਓਹ ਹੈ, ਜੋ ਨਿਰੰਕਾਰੀ ਤਾਬਿਆ ਅਨੁਸਾਰ ਕਰਮ ਕਰਦਾ ਨਿਰੰਕਾਰੀ ਸੁਭਾਵ ਧਾਰਨ ਕਰ ਲੈਂਦਾ ਹੈ, ਓਹ ਫਿਰ ਅਭੇਦ ਹੈ। ਉਸ ਨੇ ਪਰਮ ਪਦ ਪ੍ਰਾਪਤ ਕਰ ਲਿਆ ਹੈ। ਪੰਚਮ ਪਾਤਸ਼ਾਹ ਆਤਮ ਜਿਗਯਾਸਾ, ਸਾਧਨਾ ਦੀ ਸਿਧੀ, ਤਤਵ ਗਿਆਨ ਦੀ ਪ੍ਰਾਪਤੀ ਅਤੇ ਆਵਾਗਉਨ ਦੀ ਨਿਵਿਰਤੀ ਦਾ ਸਰੂਪ ਹੇਠ ਲਿਖੇ ਮਹਾਂਵਾਕ ਵਿਚ ਬਹੁਤ ਉਤਮ ਢੰਗ ਨਾਲ ਚਿਤਰਦੇ ਹਨ :

ਪੈ ਪਾਇ ਮਨਾਈ ਸੋਇ ਜੀਉ ॥
ਸਤਿਗੁਰੁ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥
ਗੋਸਾਈ ਮਿਹੰਡਾ ਇਠੜਾ ॥ ਅੰਮ ਅਬੇ ਥਾਵਹੁ ਮਿਠੜਾ ॥
ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥
ਤੇਰੈ ਹੁਕਮੇ ਸਾਵਣੁ ਆਇਆ। ਮੈ ਸਤ ਕਾ ਹਲੁ ਜੋ ਆਇਆ ॥
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥
ਹਉ ਗੁਰੁ ਮਿਲਿ ਇਕੁ ਪਛਾਣਦਾ ॥ ਦੂਯਾ ਕਾਗਲੁ ਚਿਤਿ ਨ ਜਾਣਦਾ ॥
ਹਰਿ ਇਕਤੈ ਕਾਰੈ ਲਾਇਉਨ ਜਿਉ ਭਾਵੈ ਤਿਵੈ ਨਿਬਾਹਿ ਜੀਉ ॥
ਤੁਸੀ ਭੋਗਿਹੁ ਭੁੰਚਹੁ ਭਾਈ ਹੋ ਗੁਰਿ ਦੀਬਾਣਿ ਕਵਾਇ ਪੈਨਾਈਓ ॥
ਹਉ ਹੋਆ ਮਾਹਰੁ ਪਿੰਡ ਦਾ ॥ ਬਨਿ ਆਦੇ ਪੰਜਿ ਸਰੀਕ ਜੀਉ ॥

ਹਉ ਆਇਆ ਸਾਮੈ ਤਿਹੰਡੀਆ ॥ ਪੰਜ ਕਿਰਸਾਣ ਮੁਜੇਰੇਮਿ ਹਡਿਆ ॥
ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਓ ॥
ਹਉ ਵਾਰੀ ਘੁੰਮਾ ਜਾਵਦਾ ॥ ਇਕ ਸਾਹਾ ਤੁਧੁ ਧਿਆਇਦਾ ॥
ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥
ਹਰਿ ਇਤੈ ਨਿਤ ਧਿਆਇਦਾ ॥ ਮਨਿ ਚਿੰਦੀ ਸੋ ਫਲੁ ਪਾਇਦਾ ॥
ਸਭੇ ਕਾਜ ਸਵਾਰਿਅਨੁ ਲਾਹੀਅਨ ਮਨ ਕੀ ਭੁਖ ਜੀਉ ॥
ਮੈ ਛਡਿਆ ਸਭੋ ਧੰਧੜਾ ॥ ਗੋਸਾਈ ਸੇਵੀ ਸਚੜਾ ॥
ਨਉਨਿਧਿ ਨਾਮੁ ਨਿਧਾਨੁ ਹਰਿ ਮੈ ਪਲੇ ਬਧਾ ਛਿਕਿ ਜੀਉ ॥
ਮੈ ਸੁਖੀ ਹੂੰ ਸੁਖੁ ਪਾਇਆ ॥ ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰ ਕੈ ਹਥ ਜੀਉ ॥
ਸੁਣਿ ਗਲਾ ਗੁਰੁ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ।
ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥
ਸਭੁ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥ ਦੇ ਕੰਨੁ ਸੁਣਹੁ ਅਰਦਾਸਿ ਜੀਉ ।
ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥
ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣ ਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥
ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧੁ ਊਪਰੇ ਤੂੰ ਆਪੇ ਪਾਇਹਿ ਥਾਇ ਜੀਉ ॥
ਤੇਰਿਆ ਭਗਤਾ ਭੁਖ ਸਦ ਤੇਰੀਆ ॥ ਹਰਿ ਲੋਚਾ ਪੂਰਨ ਮੇਰੀਆ ॥
ਦੇਹੁ ਦਰਸੁ ਸੁਖ ਦਾਤਿਆ ਮੈ ਗਲਿ ਵਿਚਿ ਲੈਹੂ ਮਿਲਾਇ ਜੀਉ ॥
ਤੁਧੁ ਜੇਵਡੁ ਅਵਰੁ ਨ ਭਾਲਿਆ । ਤੂੰ ਦੀਪ ਲੋਅ ਪਇਆਲਿਆ ॥
ਤੂੰ ਥਾਨ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥
ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰੁ ਮਿਲਿ ਉਚ ਦਮਾਲੜਾ ॥
ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥
ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥
ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥
ਤੂ ਵਰਨਾ ਚਿਹਨਾ ਬਾਹਰਾ ॥ ਹਰਿ ਦਿਸਹਿ ਹਾਜਰੁ ਜਾਹਰਾ ॥
ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਮ ਜੀਉ ॥
ਮੈ ਜੁਗਿ ਜੁਗਿ ਦਯੈ ਸੇਵੜੀ ॥ ਗੁਰਿ ਕਟੀ ਮਿਹਤੀ ਜੇਵੜੀ ॥
ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰ ਲਧਾ ਭਾਲਿ ਜੀਉ ॥

(ਸਿਰੀ ਰਾਮ ਮਃ ੫)

ਮੁਕਦੀ ਗਲ ਜੋ ਗੁਰਮਤ ਤੇ ਚਲ ਕੇ ਗੁਰ ਸ਼ਬਦ ਅਨੁਸਾਰ ਆਪਣਾ ਜੀਵਨ ਢਾਲ ਲੈਂਦੇ ਹਨ, ਉਹਨਾਂ ਦੇ ਮਨ ਵਿਚ ਨਾਮ ਦਾ ਪ੍ਰਗਾਸ ਹੋ ਜਾਂਦਾ ਹੈ, ਜੋ ਓੜਕ ਨਾਮੀ ਨਾਲ ਅਭੇਦ ਕਰ ਦੇਂਦਾ ਹੈ। ਅਜਿਹੇ ਗੁਰਸਿਖ ਦੀਆਂ ਕਰਮ ਦੀਆਂ ਬੇੜੀਆਂ ਕਟੀਆਂ ਜਾਂਦੀਆਂ ਹਨ ਤੇ ਉਨ੍ਹਾਂ ਦਾ ਆਵਾਗਉਣ ਮੁਕ ਜਾਂਦਾ ਹੈ:

> ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ ॥
> ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦ ਖਲਾਸੁ ॥
> ਆਵਣ ਜਾਣੁ ਰਹਿਓ ॥
> ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥੫॥੧੪॥
> (ਮਾਰੂ ਮ: ੫)

7779

Forwarded with compliments from
the Department of Education.
Govt. of India.

GURUKUL KANGRI LIBRARY
Accession 17.683
Class on
Cat on
Tag etc.
Checked
Any Other

ਗੁਰਮਤਿ ਵਿਚਾਰਧਾਰਾ

ਭਗਤ ਸਿੰਘ ਹੀਰਾ